

ਇਤਿਹਾਸਕ
ਸਿੱਖ
ਨਾਰੀਆਂ
ਡਾ. ਗਿਆਨੀ ਭਜਨ ਸਿੰਘ
ਗਿਆਨੀ ਪ੍ਰੀਤਮ ਕੌਰ

ਤਤਕਰਾ

ਡਾ. ਗਿਆਨੀ ਭਜਨ ਸਿੰਘ ਦੀਆਂ ਰਚਨਾਵਾਂ

ਇਤਿਹਾਸਕ ਨਾਵਲ : ਯਾਰੜੇ ਦਾ ਸਥਰ, ਗਗਨ ਦਮਾਮਾ ਬਾਜਿਓ, ਮਰਜੀਵੜਾ, ਬਲੀਦਾਨ, ਸੂਰਾ ਸੋ, ਕਰਕ ਕਲੇਜੇ ਮਾਹਿ, ਅਸੀਂ ਦੂਣ ਸਵਾਏ ਹੋਏ, ਸੂਹੀਆ, ਚੜ੍ਹਦੀ ਕਲਾ, ਸੂਰਮੇ ਦੀ ਲਲਕਾਰ, ਅਨੋਖਾ ਸੰਤ ਸਿਪਾਹੀ, ਕੰਬਲੀ ਵਾਲਾ, ਗੁਸਾਈਂ ਦਾ ਪਹਿਲਵਾਨੜਾ, ਸਾਂਝਾ ਰਾਜ, ਪਗੜੀ ਵਾਲਾ, ਭੱਠ ਖੇੜਿਆਂ ਦਾ ਰਹਿਣਾ, ਖੰਜਰ ਪਿਆਲਾ, ਟੁਟੀ ਗੰਢਣਹਾਰ, ਤਲਵਾਰ ਦੀ ਛਾਵੇਂ, ਖੰਡੇ ਦੀ ਧਾਰ, ਦਲ ਭੰਜਨ, ਬੱਬਰ ਸ਼ੇਰ।

ਸਮਾਜਿਕ ਨਾਵਲ : ਕੰਧ ਓਹਲੇ, ਪੀਢੀ ਗੰਢ, ਪਹਿਲਾ ਪਿਆਰ (ਅਨੁਵਾਦ), ਜਨਮ ਦਿਨ, ਵਤ ਕੁਆਰੀ ਨਾ ਥੀਏ।

ਨਾਵਲਿਟ : ਰਿਸ਼ਤਾ, ਇਕ ਸਾਲ, ਰਿਕਸ਼ੇਵਾਲਾ, ਪਗਡੰਡੀ।

ਸਫ਼ਰਨਾਮੇ : ਮੇਰੀ ਵਿਦੇਸ਼ੀ ਯਾਤਰਾ, ਮੇਰੀ ਦੱਖਣ ਯਾਤਰਾ।

ਇਤਿਹਾਸ : ਭਾਰਤ ਪਾਕਿਸਤਾਨ ਜੰਗ, ਹਰਿਮੰਦਰ ਸਾਹਿਬ, ਅਨੋਖਾ ਇਤਿਹਾਸ, ਸੁਤੰਤਰਤਾ ਸੰਗਰਾਮ ਤੇ ਪੰਜਾਬ ਦੇ ਸ਼ਹੀਦ, ਦਿੱਲੀ ਦਾ ਸਿਖ ਇਤਿਹਾਸ, ਸਾਡੇ ਗੁਰੂ ਸਾਹਿਬਾਨ, ਬੰਦਾ ਸਿੰਘ ਬਹਾਦਰ, ਇਤਿਹਾਸਕ ਸਿੱਖ ਨਾਰੀਆਂ

ਜੀਵਨੀਆਂ : ਜਗਤ ਗੁਰ ਬਾਬਾ, ਗੁਰੂ ਅਮਰਦਾਸ, ਗੁਰੂ ਤੇਗ ਬਹਾਦਰ, ਸਾਡੇ ਸ਼ਹੀਦ, ਸਾਡੇ ਜਰਨੈਲ, ਅਮਰ ਕਹਾਣੀ ਮਹਾਰਾਜਾ ਰਣਜੀਤ ਸਿੰਘ, ਬਾਬਾ ਵਡਭਾਗ ਸਿੰਘ।

ਸਾਹਿਤਕ ਅਧਿਐਨ : ਬਾਵਨ ਅੱਖਰੀ, ਅਧਿਆਤਮਕ ਵਾਰਾਂ।

ਪੱਤਰਕਾਰੀ : ਪੰਜਾਬੀ ਪੱਤਰਕਾਰੀ ਦਾ ਵਿਕਾਸ, ਪੰਜਾਬੀ ਪੱਤਰਕਾਰੀ : ਇਕ ਸਰਵੇਖਣ, ਪੰਜਾਬੀ ਪੱਤਰਕਾਰੀ ਵਿਚਾਰ ਪ੍ਰਵਾਹ (ਸੰਪਾਦਿਤ)

ਬਾਲ ਸਾਹਿਤ : ਨਵੀਂ ਪਨੀਰੀ (ਤਿੰਨ ਭਾਗ), ਗੁਰੂ ਨਾਨਕ ਦੇਵ ਜੀ ਜੀਵਨੀ ਨਵੀਂ ਪਨੀਰੀ ਦੋ ਭਾਗ, ਗੁਰੂ ਗੋਬਿੰਦ ਸਿੰਘ ਜੀ, ਹੇਮਕੁੰਟ ਪ੍ਰਬਤ ਹੈ ਜਹਾਂ, ਪਾਉਂਟਾ ਸਾਹਿਬ, ਗੁ: ਸੀਸ ਗੰਜ, ਅਨੋਖਾ ਇਤਿਹਾਸ, ਬਾਲਾ ਪ੍ਰੀਤਮ, ਗੁ: ਅਰਜਨ ਦੇਵ ਜੀ,

ਖੋਜ-ਪੱਤਰ ਤੇ ਭਾਸ਼ਣ : ਜੀਭਾ ਬੋਲਦੀ ਰਹੀ, ਮਾਤਾ ਸੁੰਦਰੀ, ਮਾਤਾ ਸੁਲਖਣੀ, ਮਾਤਾ ਮਨਸਾ ਦੇਵੀ, ਸ਼ਹੀਦ ਅਨੂਪ ਕੌਰ, ਮਾਸਟਰ ਤਾਰਾ ਸਿੰਘ ਦਾ ਯੋਗਦਾਨ ਤੇ ਦੀਪ ਕੌਰ।

ਫ਼ਿਲਮਾਂ ਤੇ ਡਾਕੂਮੈਂਟਰੀਆਂ : ਸਵਾ ਲਾਖ ਸੇ ਏਕ ਲੜਾਊਂ, ਗੁਰੂ ਨਾਨਕ ਪ੍ਰਕਾਸ਼, ਹਿੰਦ ਦੀ ਚਾਦਰ, ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ, ਦਿੱਲੀ ਦੇ ਇਤਿਹਾਸਕ ਗੁਰਦੁਆਰੇ, ਕਲਿਤਾਰਨ ਗੁਰੂ ਨਾਨਕ ਆਇਆ।

ਇਤਿਹਾਸਕ ਗੁਰਦੁਆਰੇ : ਮਾਝੇ ਦੇ ਇਤਿਹਾਸਕ ਗੁਰਦੁਆਰੇ, ਦੁਆਬੇ ਤੇ ਹਿਮਾਚਲ ਦੇ ਇਤਿਹਾਸਕ ਗੁਰਦੁਆਰੇ, ਮਾਲਵੇ ਦੇ ਇਤਿਹਾਸਕ ਗੁਰਦੁਆਰੇ।

ਕੁਲ ਪੁਸਤਕਾਂ 65, ਪੈਂਫਲਿਟ 100 ਅਤੇ 2000 ਤੋਂ ਵੱਧ ਪੇਪਰ ਤੇ ਲੇਖ ਆਦਿ।

ਇਤਿਹਾਸਕ ਸਿੱਖ ਨਾਰੀਆਂ

ਲੇਖਕ

ਡਾ. ਗਿਆਨੀ ਭਜਨ ਸਿੰਘ

ਗਿਆਨੀ ਪ੍ਰੀਤਮ ਕੌਰ

ਨੈ.ਬੁ.ਸ

ਨੈਸ਼ਨਲ ਬੁਕ ਸ਼ਾਪ

ਪਲੱਈਅਰ ਗਾਰਡਨ ਮਾਰਕਿਟ,

ਚਾਂਦਨੀ ਚੌਕ, ਦਿੱਲੀ - 110006

ਮੁੱਲ 250.00 ਰੁਪਏ

ਇਤਿਹਾਸਕ ਸਿੱਖ ਨਾਰੀਆਂ

ITHASAK SIKH NARIAN
by :
Dr. Giani Bhajan Singh
Giani Pritam Kaur
1/8, Varun Vihar Appartments,
Plot-12, Sector-9 Rohini,
Delhi-110085
Phone: 27564098

Published by
NATIONAL BOOK SHOP
Pleasure Garden Market,
Chandni Chowk, Delhi-110006
Phone : 23278392

2010

ISBN 81-7116-353-X

ਪ੍ਰਕਾਸ਼ਕ
ਨੈਸ਼ਨਲ ਬੁਕ ਸ਼ਾਪ
ਪਲੱਈਅਰ ਗਾਰਡਨ ਮਾਰਕਿਟ,
ਚਾਂਦਨੀ ਚੌਕ, ਦਿੱਲੀ-110006
ਫੋਨ: 23278392

ਪ੍ਰਿੰਟਰ
ਬੀ. ਕੇ. ਆਫ਼ਸੈੱਟ
ਦਿੱਲੀ-110032

ਸਮਰਪਣ

ਆਪਣੇ ਅਤਿ ਪਿਆਰੇ

ਅਜ਼ੀਜ਼ ਕੁਲਦੀਪਕ

ਰਾਜਵੀਰ ਸਿੰਘ ਘਈ

ਨੂੰ

ਆਦਿਕਾ

ਨਰ ਤੇ ਨਾਰੀ ਅਥਵਾ ਮਰਦ ਤੇ ਔਰਤ ਗ੍ਰਹਿਸਥ ਜੀਵਨ ਦੀ ਗੱਡੀ ਦੇ ਦੋ ਪਹੀਏ ਹਨ। ਜਿਨ੍ਹਾਂ ਤੇ ਆਧਾਰਤ ਜੀਵਨ ਮਾਰਗ ਤੇ ਚਲਦਿਆਂ ਜ਼ਿੰਦਗੀ ਸੁਖਦਾਈ ਬਣ ਸਕਦੀ ਏ। ਜੇਕਰ ਇਹਨਾਂ ਦੋ ਪਹੀਆਂ ਵਿੱਚ ਇਕਸੁਰਤਾ ਨਾ ਹੋਵੇ, ਇਕ ਦੀਆਂ ਚੂਲਾਂ ਢਿੱਲੀਆਂ ਹੋ ਜਾਣ ਤੇ ਪਹੀਆ ਗੱਡੀ ਦੀ ਲਾਈਨ ਤੋਂ ਉਤਰ ਜਾਵੇ ਤਾਂ ਨਿਸਚੇ ਹੀ ਦੁਖਦਾਈ, ਔਕੜਾਂ ਭਰਿਆ ਤੇ ਸੰਕਟ ਵਿੱਚ ਘਿਰਿਆ ਜੀਵਨ ਬਣ ਜਾਂਦਾ ਹੈ। ਇਹ ਮੰਨਿਆਂ ਜਾਂਦਾ ਹੈ ਤੇ ਜੀਵਨ ਦੀ ਸੱਚਾਈ ਵੀ ਹੈ ਕਿ ਇਸਤਰੀ ਪ੍ਰਮਾਤਮਾ ਦੀ ਅਜਿਹੀ ਅੱਛੀ, ਪਿਆਰੀ ਤੇ ਅਨੋਖੀ ਰਚਨਾ ਹੈ, ਜਿਸ ਦੇ ਕਰਤੱਵ ਵੇਖ ਕੇ ਜਾਪਦਾ ਹੈ ਕਿ ਪ੍ਰਮਾਤਮਾ ਨੇ ਦੁਨੀਆਂ ਸਾਜ ਕੇ ਇਸ ਦੀ ਸਾਰੀ ਜ਼ਿੰਮੇਵਾਰੀ ਇਸਤਰੀ ਨੂੰ ਸੌਂਪ ਦਿੱਤੀ ਹੋਵੇ। ਇਸਤ੍ਰੀ ਹੀ ਇਨਸਾਨ ਦੀ ਸਿਰਜਣਹਾਰ, ਸੰਭਾਲਣਹਾਰ, ਸੰਵਾਰਣਹਾਰ, ਪਾਲਣਹਾਰ ਤੇ ਸਿਖਿਆ ਦਾਤੀ ਹੈ। ਇਕ ਸਿਰਫ਼ ਇਨਸਾਨ ਦੀ ਜਨਮਦਾਤੀ ਹੀ ਨਹੀਂ ਸਗੋਂ ਸ਼ਿਸ਼ਟਾਚਾਰ ਸਿਖਾਣ ਤੇ ਸਭਿਅ ਬਣਾਉਣ ਵਾਲੀ ਵੀ ਹੈ। ਇਸ ਤਰ੍ਹਾਂ ਇਨਸਾਨ ਦੀ ਸਾਰੀ ਇਨਸਾਨੀਅਤ ਇਸੇ ਦੇ ਆਸਰੇ ਕਾਇਮ ਹੈ। ਸਾਡੇ ਦੇਸ਼ ਵਿੱਚ ਹੀ ਨਹੀਂ ਸੰਸਾਰ ਭਰ ਵਿੱਚ ਤੇ ਵਿਸ਼ੇਸ਼ ਕਰਕੇ ਮਰਦ ਪ੍ਰਧਾਨ ਸਮਾਜ ਵਿੱਚ ਨਾਰੀ ਬਾਰੇ ਸੋਚ ਤੇ ਵਿਚਾਰ ਬਦਲਦਾ ਰਿਹਾ ਹੈ। ਜਗਤ ਦੀ ਇਸ ਜਨਨੀ, ਪਿਆਰ, ਮਮਤਾ, ਕੁਰਬਾਨੀ ਤੇ ਤਿਆਗ ਦੀ ਮੂਰਤ ਨੂੰ ਬਾਘਣ, ਵਿਸ ਭਰੀ ਗੰਦਲ, ਨੀਚ, ਝੂਠ ਦੀ ਮੂਰਤ, ਪਾਪ ਦਾ ਸੋਮਾ, ਪੈਰ ਦੀ ਜੁੱਤੀ, ਛੁਰੇ ਦੀ ਧਾਰ ਤੇ ਤਾੜਨ ਦੀ ਅਧਿਕਾਰੀ ਕਹਿ ਕੇ ਭੰਡਿਆ ਤੇ ਤ੍ਰਿਸਕਾਰਿਆ ਜਾਂਦਾ ਰਿਹਾ ਹੈ। ਵਿਦਵਾਨਾਂ ਦੀ ਰਾਇ ਹੈ ਕਿ ਜਿਸ ਦੇਸ਼, ਭਾਵ ਸਮਾਜ ਵਿੱਚ ਧਰਮ ਨੂੰ ਮੁਕਤੀ ਦਾ ਸਾਧਨ ਸਮਝਿਆ ਜਾਂਦਾ ਰਿਹਾ ਹੈ ਮੁਕਤੀ ਦਾ ਭਾਵ ਬੰਧਨ, ਔਰਤ ਤੋਂ ਗ੍ਰਹਿਸਤ ਤੋਂ ਛੁਟਕਾਰਾ ਪਾਉਣਾ। ਜਿੱਥੇ ਮੋਖ ਤੇ ਸੰਨਿਆਸ ਨੂੰ ਜੀਵਨ ਦਾ ਸਰਵ-ਉੱਚ ਉਦੇਸ਼ ਮੰਨਿਆ ਜਾਵੇ, ਉਥੇ ਇਸਤਰੀ ਦਾ ਮਾਣ ਘਟਣਾ ਸੁਭਾਵਿਕ ਹੈ।

ਪੁਰਾਤਨ ਭਾਰਤੀ ਇਤਿਹਾਸ ਵਿੱਚ ਰਿਸ਼ੀਆਂ ਮੁਨੀਆਂ ਤੇ ਤਪੱਸਵੀਆਂ ਦਾ ਅਪਸਰਾਵਾਂ ਰਾਹੀਂ ਤਪ ਭੰਗ ਹੁੰਦਾ ਵਿਖਾ ਕੇ ਉਸ ਦੇ ਕਾਮਿਨੀ ਰੂਪ ਨੂੰ ਅਨਾਦਰ ਨਾਲ ਦੇਖਣ ਕਾਰਨ ਉਸ ਨੂੰ ਨਰਕ-ਦੁਆਰੀ ਆਖਿਆ ਜਾਂਦਾ ਰਿਹਾ ਹੈ। ਵੈਦਿਕ ਕਾਲ ਵਿੱਚ ਭਾਵੇਂ ਉਦੋਂ ਇਸਤਰੀ ਨੂੰ ਸਨਮਾਨਯੋਗ ਤੇ ਸਤਿਕਾਰਯੋਗ ਸਥਾਨ ਪ੍ਰਾਪਤ ਹੋਇਆ ਜਦੋਂ ਨਾਰੀ ਦੀ ਸ਼ਮੂਲੀਅਤ ਬਿਨਾਂ ਕੋਈ ਯੱਗ ਸੰਪੂਰਨ ਨਹੀਂ ਸੀ ਹੁੰਦਾ। ਵੈਦਿਕ ਕਾਲ ਦੀ ਇਹ ਦ੍ਰਿਸ਼ਟੀ ਬਹੁਤ ਸਮਾਂ ਇਤਿਹਾਸ ਵਿੱਚ ਨਹੀਂ ਰਹੀ। ਮਰਦ ਪ੍ਰਧਾਨ ਸਮਾਜ ਨੇ ਫਿਰ ਨਾਰੀ ਨੂੰ ਨੀਵਾਂ, ਆਚਰਨ ਡੇਗਣ ਵਾਲੀ, ਅਬਲਾ ਆਦਿ ਦੱਸ ਕੇ ਉਹਨੂੰ ਅਹਿਸਾਸ ਕਰਾਉਣਾ

ਸ਼ੁਰੂ ਕਰ ਦਿੱਤਾ ਕਿ ਉਹਦੀ ਇੱਜ਼ਤ ਧਰਮ ਤੇ ਜਤ-ਸਤ ਦੀ ਰਾਖੀ ਮਰਦ ਅਧੀਨ ਰਹਿ ਕੇ ਹੀ ਹੋ ਸਕਦੀ ਹੈ। ਪਹਿਲਾਂ ਮਿਲੇ ਸਤਿਕਾਰ ਨੂੰ ਕਰੜੀ ਸੱਟ ਵੱਜੀ। ਵਿਰਕਤ ਦ੍ਰਿਸ਼ਟੀ ਨੇ ਪਲਾਇਨਵਾਦੀ ਬਿਰਤੀ ਨੂੰ ਜਨਮ ਦਿੱਤਾ। ਸੰਨਿਆਸੀ, ਨਾਥ, ਜੋਗੀ, ਬੋਧੀ ਤੇ ਸਿੱਧ ਆਦਿ ਸਾਰੇ ਹੀ ਨਾਰੀ ਦੀ ਨਿਖੇਧੀ ਵਿੱਚ ਹੀ ਜੁੱਟੇ ਰਹੇ। ਮਧਕਾਲ ਤੱਕ ਇਹ ਹੀ ਅਵਸਥਾ ਚਲਦੀ ਰਹੀ, ਕਿਸੇ ਨੇ ਨਹੀਂ ਵਿਚਾਰਿਆ ਕਿ ਇਹ ਸਾਡੀ ਪ੍ਰਤਿਪਾਲਕ ਹੈ ਸਗੋਂ ਮਾਇਆ ਕਹਿ ਕੇ ਇਸ ਨੂੰ ਭੰਡਦੇ ਰਹੇ। ਕੁਝ ਜੈਨ ਮਤ ਦੇ ਪ੍ਰਚਾਰਕਾਂ ਨੇ ਇਹ ਵੀ ਆਖਿਆ ਕਿ ਸੰਸਾਰ ਦਾ ਬੀਜ, ਨਰਕ ਦੇ ਰਸਤੇ ਦਾ ਦੀਵਾ, ਗਮਾਂ ਦੀ ਸਿਖਰ, ਕਲਿਯੁਗ ਦਾ ਮੂਲ ਤੇ ਦੁਖਾਂ ਦੀ ਖਾਣ ਹੈ। ਭਾਰਤ ਦੇ ਪ੍ਰਸਿੱਧ ਵਿਦਵਾਨ ਤੁਲਸੀ ਨੇ ਰਾਮ ਚਰਿਤ੍ਰ ਮਾਨਸ ਵਿੱਚ ਨਾਰੀ ਦੀ ਤੁਲਨਾ ਪਸ਼ੂਆਂ ਤੇ ਗਵਾਰਾਂ ਨਾਲ ਕੀਤੀ ਹੈ। ਇਸਲਾਮੀ ਮਤ ਅਨੁਸਾਰ ਨਾਰੀ ਨੂੰ ਸ੍ਰਿਸ਼ਟੀ ਰਚਨਾ ਦਾ ਭਾਗ ਨਾ ਮੰਨ ਦੇ ਮਹਿਜ਼ ਖਿਲੌਣਾ ਮਾਤਰ ਸਮਝਾਇਆ ਹੈ।

ਪੂਰਬ ਤੇ ਪੱਛਮ ਦੋਵੇਂ ਪਾਸੇ ਨਾਰੀ ਬਾਰੇ ਅਸੰਤੁਲਿਤ ਰਵੱਈਆ ਅਪਣਾਇਆ ਗਿਆ ਹੈ। ਭਾਰਤੀ ਸਭਿਆਚਾਰ ਵਿੱਚ ਸਿਮਰਤੀ ਵਿੱਚ ਆਇਆ ਹੈ, ਨਾਰੀ ਇਸ ਯੋਗ ਹੀ ਨਹੀਂ ਕਿ ਉਸ ਨੂੰ ਆਜ਼ਾਦੀ ਦਿੱਤੀ ਜਾਏ। ਮਹਾਂਭਾਰਤ ਵਿੱਚ ਪਾਡਵਾਂ ਦਾ ਦਰੋਪਤੀ ਨੂੰ ਜੂਏ ਵਿੱਚ ਹਾਰਨਾ ਇਸ ਗੱਲ ਦਾ ਪ੍ਰਗਟਾਵਾ ਹੈ ਕਿ ਔਰਤ ਮਰਦ ਦੀ ਮਲਕੀਅਤ ਹੈ ਜਿਵੇਂ ਧਨ, ਸੰਪਤੀ ਤੇ ਜ਼ਮੀਨ ਆਦਿ। ਵਿਦੇਸ਼ੀ ਹਮਲਾਵਰ ਸਾਡੇ ਦੇਸ਼ ਦੀਆਂ ਨਾਰੀਆਂ ਨੂੰ ਲੁੱਟ ਦਾ ਮਾਲ ਸਮਝ ਕੇ ਪਸ਼ੂਆਂ ਵਾਂਗ ਦੂਜੇ ਦੇਸ਼ਾਂ ਵਿੱਚ ਲਿਜਾ ਕੇ ਵੇਚਦੇ ਰਹੇ। ਇਸ ਦਾ ਭਾਵ ਇਹ ਹੈ ਕਿ ਔਰਤ ਨੂੰ ਉਸ ਸਮੇਂ ਮਨੁੱਖੀ ਅਧਿਕਾਰਾਂ ਦੇ ਯੋਗ ਹੀ ਨਹੀਂ ਸਮਝਿਆ ਗਿਆ। ਬਾਲ ਵਿਆਹ, ਵੱਡੀ ਉਮਰ ਦੇ ਮਰਦਾਂ ਦਾ ਛੋਟੀਆਂ ਬੱਚੀਆਂ ਨਾਲ ਵਿਆਹ, ਪਤੀ ਮਰਨ ਪਿੱਛੋਂ ਸਤੀ ਹੋਣ ਲਈ ਮਜਬੂਰ ਕਰਨਾ ਤੇ ਮੰਦਰਾਂ-ਮਸੀਤਾਂ ਵਿੱਚ ਮਰਦ ਦੇ ਬਰਾਬਰ ਜਾਣ ਦੀ ਮਨਾਹੀ। ਨਾਰੀ ਪ੍ਰਤੀ ਨਫ਼ਰਤ ਦੇ ਫਲਸਰੂਪ ਹੀ ਸੀ।

ਮਧਕਾਲ ਵਿੱਚ ਭਗਤੀ ਲਹਿਰ ਦੇਂ ਕੁਝ ਮਹਾਂਪੁਰਖਾਂ ਨੇ ਪੁਰਾਣੀ ਪਰੰਪਰਾ ਦੀ ਵਿਚਾਰਧਾਰਾ ਤੋਂ ਹੱਟ ਕੇ ਨਾਰੀ ਜਾਤੀ ਬਾਰੇ ਕੁਝ ਨਰੋਆ ਯਥਾਰਥਕ ਤੇ ਠੀਕ ਵਤੀਰਾ ਧਾਰਨ ਕਰਨਾ ਸ਼ੁਰੂ ਕੀਤਾ। ਪਰ ਸਿੱਖ ਧਰਮ ਦੇ ਮੋਢੀ ਤੇ ਗੁਰਮਤਿ ਵਿਚਾਰਧਾਰਾ ਸੰਸਾਰ ਨੂੰ ਦੇਣ ਵਾਲੇ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਦੇ ਇਤਿਹਾਸ ਵਿੱਚ ਪਹਿਲੀ ਵਾਰ ਧਾਰਮਿਕ ਰਾਜਸੀ ਤੇ ਸਮਾਜਿਕ ਕੋਹਝ ਵਿਰੁੱਧ ਇਸਤਰੀ ਦੇ ਹੱਕ ਵਿੱਚ ਜ਼ੋਰਦਾਰ ਤੇ ਬੁਲੰਦ ਆਵਾਜ਼ ਉਠਾਈ। ਗੁਰੂ ਨਾਨਕ ਦੇਵ ਜੀ ਨੇ ਨਾਰੀ ਜਾਤ ਨੂੰ ਭੰਡਣ ਤੇ ਬਦਨਾਮ ਕਰਨ ਵਾਲਿਆਂ ਨੂੰ ਆਪਣੇ ਢੰਗ ਨਾਲ ਇਹ ਸਮਝਾਣ ਦਾ ਯਤਨ ਕੀਤਾ ਕਿ ਇਸਤਰੀ ਦੇ ਸਮਾਜਿਕ ਮਹੱਤਵ ਨੂੰ ਕਿਵੇਂ ਨਜ਼ਰ-ਅੰਦਾਜ਼ ਕਰ ਸਕਦੇ ਹੋ, ਜਦੋਂ ਹਰ ਮਨੁੱਖ ਦਾ ਜਨਮ, ਪਾਲਣ-ਪੋਸਣ, ਵਿਆਹ, ਰਿਸ਼ਤੇ-ਨਾਤੇ ਤੇ ਹੋਰ ਦੁਨਿਆਵੀ ਸਬੰਧ ਸਭ ਕੁਝ ਇਸਤਰੀ ਤੇ ਹੀ ਆਧਾਰਤ ਹਨ। ਸਾਰੀ ਮਾਨਵਤਾ ਉਸੇ ਦੀ ਕੁੱਖ ਦਾ ਕਰਿਸ਼ਮਾ ਹੈ। ਉਹ ਜਗਤ ਜਨਨੀ ਹੈ, ਪਤਨੀ, ਪੁੱਤਰੀ, ਭੈਣ, ਮਾਤਾ ਤੇ ਸਾਥਣ ਦੇ ਰੂਪ ਵਿੱਚ ਹਰ ਕਦਮ ਤੇ ਮਰਦ ਨੂੰ ਸਹਾਰਾ ਦਿੰਦੀ ਹੈ। ਆਸਾ ਦੀ ਵਾਰ ਵਿੱਚ ਗੁਰੂ ਨਾਨਕ ਦੇਵ ਜੀ ਨੇ ਨਾਰੀ ਦੇ ਹੱਕ ਵਿੱਚ ਆਵਾਜ਼ ਉਠਾਉਂਦਿਆਂ ਨਾਰੀ ਨੂੰ ਬਦਨਾਮ ਕਰਨ ਵਾਲਿਆਂ ਨੂੰ ਸਮਝਾਂਦੇ ਹਨ :-

ਭੰਡਿ ਜੰਮੀਐ ਭੰਡਿ ਨਿੰਮੀਐ, ਭੰਡਿ ਮੰਗਣੁ ਵਿਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥

ਭੰਡੁ ਮੂਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ॥

ਗੁਰਬਾਣੀ ਵਿੱਚ ਇਹ ਇਲਾਹੀ ਸੰਦੇਸ਼ ਹੈ ਕਿ ਇਸਤਰੀ ਤੇ ਮਰਦ ਮਨੁਖਤਾ ਦੇ ਦੋ ਅੰਗ ਹਨ। ਨਾ ਮਰਦ ਇਸਤਰੀ ਤੋਂ ਬਿਨਾਂ ਤੇ ਨਾਰੀ-ਇਸਤਰੀ ਮਰਦ ਤੋਂ ਬਿਨਾਂ ਸੰਪੂਰਨਤਾ ਨੂੰ ਪਾ ਸਕਦੇ ਹਨ। ਹਰ ਪੁਰਸ਼ ਦੇ ਅੰਦਰ ਇਸਤਰੀ ਤੇ ਹਰ ਇਸਤਰੀ ਅੰਦਰ ਪੁਰਸ਼ ਹੈ। ਬਾਣੀ ਵਿੱਚ ਬ੍ਰਹਮ-ਗਿਆਨੀਆਂ ਨੂੰ ਇਹ ਸਮਝ ਆਉਂਦੀ ਦੱਸੀ ਹੈ ਕਿ : "ਪੁਰਖ ਮਹਿ ਨਾਰਿ, ਨਾਰਿ ਮਹਿ ਪੁਰਖਾ ਬੁਝਹੁ ਬ੍ਰਹਮ ਗਿਆਨੀ॥" ਪੰਦਰਵੀਂ ਸੋਲ੍ਹਵੀਂ ਸਦੀ ਤੱਕ ਹਾਲਤ ਇਸ ਤਰ੍ਹਾਂ ਦੀ ਦੱਸੀ ਹੈ ਕਿ ਨਾਰੀ ਅਹਿੰਸਕ ਤੇ ਮਰਦ ਸਈਆਦ ਰੂਪ ਜਾਪਦੇ ਸਨ।

ਗੁਰੂ ਨਾਨਕ ਦੇਵ ਜੀ ਨੇ ਨਾਰੀ ਜਾਤੀ ਬਾਰੇ ਪਹਿਲੇ ਪ੍ਰਚਲਤ ਭਰਮ ਭੁਲੇਖਿਆਂ ਨੂੰ ਜਿੱਥੇ ਦੂਰ ਕੀਤਾ, ਉਥੇ ਨਰੋਈ ਤੇ ਉਸਾਰੂ ਸੋਚ ਦਾ ਪ੍ਰਚਾਰ ਵੀ ਕੀਤਾ। ਉਹਨਾਂ ਆਖਿਆ ਕਿ ਸਾਡੀ ਸੰਗਤ ਵਿੱਚ ਨਾਰੀ ਮਰਦ ਦੇ ਬਰਾਬਰ ਬੈਠੇ ਤੇ ਹਰ ਕਾਰਜ ਵਿੱਚ ਮਰਦ ਜਾਤੀ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਜੀਵਨ ਵਿਕਾਸ ਵਿੱਚ ਇਹ ਅੱਗੇ ਵਧਣ ਦੀ ਅਧਿਕਾਰੀ ਹੈ। ਇਸੇ ਲਈ ਸਿੱਖ ਧਰਮ ਵਿੱਚ ਗ੍ਰਹਿਸਥ ਨੂੰ ਮਹਾਨਤਾ ਪ੍ਰਦਾਨ ਕੀਤੀ ਗਈ ਹੈ। ਜੋਗੀਆਂ, ਬ੍ਰਹਮਚਾਰੀਆਂ ਤੇ ਗ੍ਰਹਿਸਥੀ ਜੀਵਨ ਤੋਂ ਦੂਰ ਭੱਜਣ ਵਾਲੇ ਮਨੁੱਖਾਂ ਨੂੰ ਗੁਰਮਤਿ ਵਿੱਚ ਨਕਾਰਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀ ਉਹ ਘਟਨਾ ਗ੍ਰਹਿਸਥੀ ਜੀਵਨ ਦੀ ਵਿਸ਼ੇਸ਼ਤਾ ਪ੍ਰਗਟਾਉਂਦੀ ਹੈ। ਜਦੋਂ ਆਪਣੀਆਂ ਲੰਮੀਆਂ ਉਦਾਸੀਆਂ ਪਿਛੋਂ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਰਾਵੀ ਵਿੱਚ ਰਹਿੰਦਿਆਂ ਅਚੱਲ ਬਟਾਲੇ ਗਏ। ਉਥੇ ਸਿੱਧਾਂ ਨਾਲ ਗੋਸ਼ਟ ਵਿੱਚ ਸਮਝਾਇਆ ਕਿ ਗ੍ਰਹਿਸਥੀ ਜੀਵਨ ਦੀਆਂ ਜ਼ਿੰਮੇਵਾਰੀਆਂ ਤੋਂ ਭੱਜ ਕੇ ਜੀਵਨ ਵਿਕਾਸ ਨਹੀਂ ਹੁੰਦਾ, ਉਹਨਾਂ ਗ੍ਰਹਿਸਥੀਆਂ ਦੇ ਦਰਾਂ ਤੇ ਜਾ ਕੇ ਹੀ ਮੁੜ ਉਹਨਾਂ ਤੋਂ ਮਦਦ ਮੰਗਦੇ ਹੋ। ਫਿਰ ਉਹੋ ਹੀ ਤੁਹਾਡੇ ਪਾਲਕ ਬਣਦੇ ਹਨ। ਭਾਈ ਗੁਰਦਾਸ ਜੀ ਨੇ ਵੀ ਇਸੇ ਵਿਚਾਰ ਨੂੰ ਹੋਰ ਸਪੱਸ਼ਟ ਕੀਤਾ ਹੈ ਜਦ ਆਖਿਆ ਹੈ ਕਿ ਇਸਤਰੀ ਮਨੁੱਖ ਦੀ ਅਰਧ ਸਰੀਰੀ ਤੇ ਮੋਖ ਦੁਆਰੀ ਹੈ। ਇਹ ਮਰਦ ਨਾਲੋਂ ਘਟੀਆ, ਕਮਜ਼ੋਰ ਤੇ ਅਪੂਰਨ ਨਹੀਂ।

ਸਿੱਖੀ ਅਨੁਸਾਰ ਸਾਰੇ ਗੁਰੂ ਸਾਹਿਬਾਨ ਨੇ ਗੁਰਮਤਿ ਵਿਚਾਰਧਾਰਾ ਵਿੱਚ ਇਹੀ ਸਮਝਾਇਆ ਹੈ ਕਿ ਇਸਤਰੀ ਜਾਂ ਪੁਰਸ਼ ਹੋਣ ਕਰਕੇ ਮਨੁੱਖ ਵਿੱਚ ਕੋਈ ਵੰਡ ਨਹੀਂ। ਸਾਰੇ ਜੀਵ ਜਨਮ ਤੋਂ ਬਰਾਬਰ ਹਨ। ਗੁਰਮਤਿ ਅਨੁਸਾਰ ਮਨੁੱਖ (ਭਾਵੇਂ ਉਹ ਇਸਤਰੀ ਹੈ ਜਾਂ ਪੁਰਸ਼) ਦੋ ਹੀ ਸ਼੍ਰੇਣੀਆਂ ਹਨ—ਗੁਰਮੁਖ, ਜੋ ਗੁਰੂ ਅਨੁਸਾਰੀ ਹੋ ਕੇ ਵਾਹਿਗੁਰੂ ਦੇ ਹੁਕਮ ਅਨੁਸਾਰ ਚਲਦੇ ਹਨ, ਉਹ ਗੁਰਸਿਖ ਹਨ—ਜੋ ਆਪਣੇ ਮਨ ਦੀਆਂ ਇੱਛਾ ਅਨੁਸਾਰ ਚਲਦੇ ਹਨ ਤੇ ਗੁਰੂ ਵੱਲ ਪਿੱਠ ਕਰਦੇ ਹਨ, ਹਉਮੈ ਅਨੁਸਾਰ ਚਲਦੇ ਹਨ ਉਹ ਮਨਮੁਖ ਹਨ। ਗੁਰਬਾਣੀ ਨੇ ਮਨੁੱਖ ਨੂੰ ਗਾਡੀ ਰਾਹ ਦਿੱਤਾ ਹੈ। ਗੁਰਮੁਖ (ਭਾਵੇਂ ਇਸਤਰੀ ਹੋਵੇ ਜਾਂ ਪੁਰਸ਼) ਮਨੁੱਖ ਦੀ ਪ੍ਰਵਾਣਿਤ ਸ਼੍ਰੇਣੀ ਹੈ। ਮਨੁੱਖ ਆਵਾਗਵਣ ਦੇ ਚੱਕਰ ਵਿੱਚ ਪੈ ਗਿਆ ਹੈ। ਜੋ ਜੀਵ ਬਾਣੀ ਤੇ ਵਿਸ਼ਵਾਸ ਲਿਆਉਣ, ਉਥੇ ਇਸਤਰੀ ਪੁਰਸ਼ ਵਿੱਚ ਕੋਈ ਫ਼ਰਕ ਨਹੀਂ। ਸਾਰੀ ਬਾਣੀ ਵਿੱਚ ਇਸਤਰੀ ਜਗਿਆਸੂ, ਖੋਜੀ, ਭਗਤ ਤੇ ਸਿੱਖ ਦਾ ਚਿੰਨ੍ਹ ਹੈ।

ਗੁਰੂ ਸਾਹਿਬਾਨ ਦੇ ਜੀਵਨ ਕਾਲ ਵਿੱਚ ਗੁਰੂ ਮਹਿਲ ਨਾਮ ਸਿਮਰਨ ਵਿੱਚ ਪੁਰਸ਼ਾਂ

ਦੇ ਬਰਾਬਰ ਸਨ। ਉਥੇ ਸੇਵਾ ਦੇ ਹਰ ਪਿੜ ਵਿੱਚ ਵੀ ਸਹਿਯੋਗੀ ਸਨ। ਜੇ ਕੁਰਬਾਨੀ ਦਾ ਸਮਾਂ ਆਇਆ ਤਾਂ ਉਹਨਾਂ ਪੂਰਾ ਸਬਰ, ਸੰਤੋਖ ਵਿਖਾਇਆ। ਕਰਤਾਰਪੁਰ ਰਾਵੀ ਵਿੱਚ ਰਹਿੰਦਿਆਂ ਮਾਤਾ ਸੁਲੱਖਣੀ, ਆਈ ਸੰਗਤ ਦੀ ਸੇਵਾ ਸੰਭਾਲ ਵਿੱਚ ਜੁਟੀ ਰਹਿੰਦੀ। ਗੁਰੂ ਅੰਗਦ ਸਾਹਿਬ ਦੇ ਸਮੇਂ ਮਾਤਾ ਖੀਵੀ ਜੀ ਨੇ ਲੰਗਰ ਨੂੰ, ਜੋ ਸਵੱਛਤਾ, ਸਵਾਦਿਸ਼ਟਤਾ ਤੇ ਖੀਰ ਬਨਾਉਣ ਵਿੱਚ ਉੱਦਮ ਕੀਤਾ, ਉਹ ਇਤਿਹਾਸ ਵਿੱਚ ਅਨੇਕਾਂ ਵਿਦਵਾਨਾਂ ਨੇ ਸਲਾਹਿਆ। ਜਦੋਂ ਗੁਰਗੱਦੀ ਗੁਰੂ ਅਮਰਦਾਸ ਜੀ ਨੂੰ ਪ੍ਰਾਪਤ ਹੋਈ ਤਾਂ ਮਾਤਾ ਖੀਵੀ ਜੀ ਨੇ ਕੁਰਾਹੇ ਪੈ ਰਹੇ ਆਪਣੇ ਪੁੱਤਰਾਂ ਨੂੰ ਰਾਹੇ ਪਾਉਣ ਵਿੱਚ ਜੋ ਉੱਦਮ ਕੀਤਾ, ਉਹ ਨਾਰੀ ਮਾਂ ਦੀ ਮਹਾਨਤਾ ਦਰਸਾਉਣ ਵਾਲਾ ਹੈ। ਗੁਰੂ ਅਮਰਦਾਸ ਜੀ ਦੇ ਸਮੇਂ ਜਿੱਥੇ ਨਾਰੀ ਦੀ ਵਿਸ਼ੇਸ਼ਤਾ ਪ੍ਰਗਟਾਉਣ ਲਈ ਪ੍ਰਚਾਰਕ ਸ਼੍ਰੇਣੀ ਵਿੱਚ ਮੰਜੀਆਂ ਦੇ ਨਾਲ ਹੀ ਪੀਹੜੇ ਬਖ਼ਸ਼ਣ ਦਾ ਵੀ ਤਰੀਕਾ ਪ੍ਰਚਲਤ ਕੀਤਾ ਤੇ ਨਾਰੀ ਵਿਰੋਧੀਆਂ ਦੇ ਤੌਰ ਤਰੀਕਿਆਂ ਦਾ ਖੰਡਨ ਕੀਤਾ ਗਿਆ। ਇਹ ਆਦੇਸ਼ ਦਿੱਤਾ ਗਿਆ ਕਿ ਕੋਈ ਨਾਰੀ ਘੁੰਡ ਕੱਢ ਕੇ ਗੁਰੂ ਦਰਬਾਰ ਵਿੱਚ ਹਾਜ਼ਰੀ ਭਰਨ ਨਾ ਆਏ। ਤੀਜੀ ਨਾਨਕ ਜੋਤ ਨੇ ਹੀ ਆਪਣੀ ਬਾਣੀ ਵਿੱਚ ਸਤੀ ਦੀ ਕੋਝੀ ਰਸਮ ਦਾ ਖੰਡਨ ਕੀਤਾ। ਵਿਧਵਾ ਵਿਆਹ ਦੀ ਪ੍ਰਥਾ ਨੂੰ ਉਜਾਗਰ ਕਰਕੇ, ਨਾਰੀ ਦੇ ਮੁਰਝਾਏ ਜੀਵਨ ਵਿੱਚ ਮੁੜ ਖੁਸ਼ੀਆਂ ਦੇ ਫੁੱਲ ਖਿੜਾਉਣ ਦਾ ਯਤਨ ਕੀਤਾ। ਗੁਰੂ ਹਰਿਗੋਬਿੰਦ ਸਾਹਿਬ ਨੂੰ ਜਦੋਂ ਸੰਤਾਂ ਮਹਾਤਮਾ ਨੇ ਪੁੱਛਿਆ ਕਿ, "ਤੁਸੀਂ ਗ੍ਰਹਿਸਥੀ ਹੋ ਕੇ ਆਪਣੇ ਆਪ ਨੂੰ ਫ਼ਕੀਰ ਕਿਵੇਂ ਕਹਿੰਦੇ ਹੋ ?" ਤਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਸਪੱਸ਼ਟ ਕੀਤਾ ਕਿ ਔਰਤ ਤਾਂ ਮਰਦ ਦਾ ਈਮਾਨ ਹੈ। ਇਹ ਜੀਵਨ ਫ਼ਿਲਾਸਫ਼ੀ ਸਮਝਾਈ ਕਿ ਔਰਤ ਈਮਾਨ, ਪੁੱਤਰ ਨਿਸ਼ਾਨ ਤੇ ਦੌਲਤ ਗੁਜ਼ਰਾਨ।

ਸੰਨ 1699 ਵਿੱਚ ਗੁਰੂ ਗੋਬਿੰਦ ਸਿੰਘ ਜੀ ਖ਼ਾਲਸਾ ਸਾਜਣ ਸਮੇਂ ਜਦ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਨ ਲੱਗੇ, ਤਾਂ ਮਾਤਾ ਜੀਤੋ ਜੀ ਨੇ ਤਿਆਰ ਹੋ ਰਹੇ ਅੰਮ੍ਰਿਤ ਵਿੱਚ ਪਤਾਸੇ ਪਾ ਕੇ, ਮਹੱਤਵ ਪੂਰਨ ਯੋਗਦਾਨ ਪਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਨਰ, ਨਾਰੀ ਦੋਹਾਂ ਨੂੰ ਅੰਮ੍ਰਿਤ ਪ੍ਰਾਪਤ ਕਰਨ ਦਾ ਅਧਿਕਾਰੀ ਆਖਿਆ। ਗੁਰਮਤਿ ਅਨੁਸਾਰ ਜਿਹੜੀ ਨਾਰੀ ਚੇਤਨਾ ਪ੍ਰਗਟਾਈ ਗਈ, ਉਸ ਸਦਕਾ ਗੁਰੂ ਕਾਲ ਵਿੱਚ ਹੀ ਨਾਰੀ ਦੀ ਮਹਾਨਤਾ ਪ੍ਰਗਟ ਹੋਣੀ ਸ਼ੁਰੂ ਹੋ ਗਈ। ਗੁਰੂ ਨਾਨਕ ਦੇਵ ਜੀ ਦੀ ਵੱਡੀ ਭੈਣ ਬੇਬੇ ਨਾਨਕੀ ਪਹਿਲੀ ਨਾਰੀ ਸੀ, ਜਿਸ ਨੇ ਸਭ ਤੋਂ ਪਹਿਲਾਂ ਇਹ ਅਨੁਭਵ ਕਰ ਲਿਆ ਕਿ ਉਸ ਦਾ ਵੀਰ ਨਾਨਕ ਸਾਧਾਰਨ ਮਨੁੱਖ ਨਹੀਂ—ਵਿਸ਼ੇਸ਼ ਰੱਬੀ ਨੂਰ ਹੈ। ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਨਾਮ ਸਿਮਰਨ ਵਾਲੀ ਸ਼ਕਤੀਸ਼ਾਲੀ ਔਰਤ ਹੈ, ਜਿਸ ਨੇ ਬਾਬਾ ਅਮਰਦਾਸ ਜੀ ਨੂੰ ਗੁਰੂ ਅੰਗਦ ਸਾਹਿਬ ਦੇ ਦਰਬਾਰ ਤੱਕ ਲਿਜਾ ਕੇ ਗੁਰੂ ਘਰ ਨਾਲ ਜੋੜਿਆ। ਬੀਬੀ ਭਾਨੀ ਉਹ ਇਤਿਹਾਸਕ ਨਾਰੀ ਹੈ ਜਿਸ ਦੀ ਸੰਤਾਨ 'ਚੋਂ ਉਹਦੇ ਪਤੀ ਸਮੇਤ ਸਤ ਗੁਰੂ ਸਾਹਿਬਾਨ ਹੋਏ ਹਨ। ਮਾਤਾ ਗੰਗਾ ਗੁਰਮਤਿ ਅਨੁਸਾਰ ਜੀਵਨਜੀਊਣ ਵਾਲੀ ਔਰਤ ਸੀ, ਜਿਸ ਨੇ ਗੁਰਦੇਵ ਪਤੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਬਰ ਸੰਤੋਖ ਨਾਲ ਸਹਿਨ ਕਰਦਿਆਂ ਸਿੱਖ ਲੋਕ-ਲਹਿਰ ਨੂੰ ਮੀਰੀ-ਪੀਰੀ ਦੇ ਰਾਹ ਪਾਉਣ ਲਈ ਉਤਸਾਹਿਤ ਕੀਤਾ। ਮਾਤਾ ਗੁਜਰੀ ਜੀ ਨੇ ਜਿਸ ਸਬਰ ਸੰਤੋਖ ਨਾਲ ਆਪਣੇ ਗੁਰਦੇਵ ਪਤੀ ਦੀ ਸ਼ਹੀਦੀ ਪਿੱਛੋਂ ਅਨੰਦਪੁਰ ਪਹੁੰਚਿਆ ਉਹਨਾਂ ਦਾ ਸੀਸ ਝੋਲੀ ਪੁਆਇਆ ਤੇ ਉਸ ਪਿੱਛੋਂ ਆਪਣੇ ਦੋ ਮਾਸੂਮ ਪੋਤਰਿਆਂ ਨੂੰ ਸਰਹੰਦ ਦੇ ਕੈਦਖ਼ਾਨੇ ਵਿੱਚ ਗੋਦੀ ਵਿੱਚ ਲੈ ਕੇ ਲੋਰੀਆਂ ਦਿੱਤੀਆਂ ਤੇ ਸ਼ਹੀਦੀ

ਪਾਉਣ ਨੂੰ ਪਹਿਲ ਦੇਣ ਲਈ ਪ੍ਰੇਰਿਆ। ਉਹ ਵੀ ਇਤਿਹਾਸ ਦੀ ਮਹਾਨ ਘਟਨਾ ਹੈ।

ਇਸੇ ਤਰ੍ਹਾਂ ਬੀਰਤਾ ਦੇ ਖੇਤਰ ਵਿੱਚ ਸਿੱਖ ਨਾਰੀਆਂ ਨੇ ਜੋ ਪਹਿਲ-ਕਦਮੀ ਦਿਖਾਈ ਉਹ ਸਾਡੇ ਇਤਿਹਾਸ ਦਾ ਸੁਨਹਿਰੀ ਭਾਗ ਹੈ। ਮਾਈ ਭਾਗੋ ਨੇ ਯੁੱਧ ਖੇਤਰ ਵਿੱਚ ਪੁਰਸ਼ਾਂ ਦੀ ਅਗਵਾਈ ਕਰਕੇ ਇਤਿਹਾਸ ਵਿੱਚ ਨਾਰੀ ਜਾਤੀ ਦੀ ਮਹਾਨ ਦੇਣ ਨੂੰ ਉਜਾਗਰ ਕੀਤਾ। 18ਵੀਂ ਸਦੀ ਵਿੱਚ ਸਿੱਖ ਨਾਰੀਆਂ ਨੇ ਜਿਵੇਂ ਸਵਾ-ਸਵਾ ਮਣ ਜੇਲ੍ਹਾਂ ਵਿੱਚ ਪੀਸਣੇ ਪੀਸੇ, ਅੱਖਾਂ ਸਾਹਮਣੇ ਬੱਚਿਆਂ ਦੇ ਟੋਟੇ-ਟੋਟੇ ਕਰਵਾ ਕੇ ਗਲਿਆਂ ਵਿੱਚ ਹਾਰ ਪੁਆਏ। ਜੀਊਂਦੇ ਬੱਚਿਆਂ ਨੂੰ ਜ਼ਾਲਮਾਂ ਦੇ ਨੇਜ਼ਿਆਂ ਤੇ ਤੜਫਦਿਆਂ ਵੇਖ ਕੇ ਬਰਦਾਸ਼ਤ ਕੀਤਾ ਤੇ ਸਿੱਖੀ ਸਿਦਕ ਕੇਸਾ ਸਵਾਸਾਂ ਸੰਗ ਨਿਭਾਇਆ, ਉਹ ਸੰਸਾਰ ਦੇ ਇਤਿਹਾਸ ਵਿੱਚ ਨਵੇਕਲੀ ਥਾਂ ਰੱਖਣ ਵਾਲਾ ਕਾਂਡ ਹੈ।

ਇਤਿਹਾਸ ਵਿੱਚ ਅਜਿਹੀਆਂ ਨਾਰੀਆਂ ਦਾ ਜ਼ਿਕਰ ਆਉਂਦਾ ਹੈ, ਜਿਨ੍ਹਾਂ ਨੇ ਜੀਵਨ ਦੇ ਹਰ ਪਿੜ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਇਹ ਭਾਵੇਂ ਨਾਮ ਸਿਮਰਨ ਤੇ ਗੁਰਮਤਿ ਤੇ ਵਿਸ਼ਵਾਸ ਦਾ ਖੇਤਰ ਸੀ ਜਾਂ ਸਮਾਜਿਕ, ਰਾਜਨੀਤਿਕ ਤੇ ਮਾਨਵ ਜਾਤੀ ਦੇ ਵਿਕਾਸ ਨਾਲ ਸਬੰਧਤ ਪਿੜ ਸੀ। ਸਿੱਖ ਨਾਰੀ ਜਗਤ ਨੇ ਅਗਾਂਹ ਵਧੂ, ਉਸਾਰੂ ਤੇ ਮਰਦ ਦੇ ਬਰਾਬਰ ਜੀਵਨ ਸੰਘਰਸ਼ ਵਿੱਚ ਯੋਗਦਾਨ ਪਾਇਆ ਹੈ। ਮਾਨਵ ਇਤਿਹਾਸ ਵਿੱਚ ਸਿੱਖ ਨਾਰੀ ਦਾ ਯੋਗਦਾਨ ਸੁਨਹਿਰੀ ਅੱਖਰਾਂ ਨਾਲ ਲਿਖਣ ਯੋਗ ਹੈ। ਮਰਦ ਸਮਾਜ ਨੇ ਨਾਰੀ ਦੀ ਯੋਗਤਾ ਨੂੰ ਅੱਖੋਂ ਓਹਲੇ ਕਰਕੇ ਉਹਨੂੰ ਅਧੀਨਤਾ ਤੇ ਗ਼ੁਲਾਮੀ ਦੇ ਦੌਰ ਵਿੱਚ ਧਕੇਲਿਆ ਹੋਇਆ ਸੀ। ਸਿੱਖ ਗੁਰੂ ਸਾਹਿਬਾਨ ਨੇ ਨਾਰੀ ਬਾਰੇ ਦ੍ਰਿਸ਼ਟੀਕੋਣ ਵਿੱਚ ਜੋ ਨਵੀਂ ਚੇਤਨਤਾ ਲਿਆਂਦੀ, ਉਸ ਦੇ ਫਲਸਰੂਪ ਪੰਜ ਸੌ ਸਾਲ ਦੇ ਸਿੱਖ ਇਤਿਹਾਸ ਵਿੱਚ ਸਿੱਖ ਲੋਕ-ਲਹਿਰ ਵਿੱਚ ਸ਼ਾਮਲ ਔਰਤਾਂ ਨੇ ਕਮਾਲ ਦੇ ਸਾਹਸ, ਦਲੇਰੀ ਤੇ ਗੁਰੂ ਮਹਾਰਾਜ ਦੀ ਬਖ਼ਸ਼ੀ ਚੜ੍ਹਦੀ ਕਲਾ ਸਦਕਾ ਅਨਹੋਣੀ ਨੂੰ ਵੀ ਹੋਣੀ ਕਰ ਵਿਖਾਇਆ ਹੈ। ਪਰ ਅਫ਼ਸੋਸ ਕਿ ਅਸੀਂ ਉਹਨਾਂ ਦੀ ਕਿਰਤ ਕਮਾਈ ਨੂੰ ਦੁਨੀਆਂ ਸਾਹਮਣੇ ਰੱਖਣ ਵਿੱਚ ਬਹੁਤ ਅਣਗਹਿਲੀ ਵਰਤੀ ਏ।

ਅਸੀਂ ਇਤਿਹਾਸਕਾਰ ਹੋਣ ਦਾ ਦਾਅਵਾ ਨਹੀਂ ਕਰ ਸਕਦੇ। ਅਸੀਂ ਇਤਿਹਾਸ ਦੇ ਵਿਦਿਆਰਥੀ ਹਾਂ। ਬਚਪਨ ਤੋਂ ਅਕਾਲ ਪੁਰਖ ਨੇ ਇਤਿਹਾਸ ਪੜ੍ਹਨ ਸੁਣਨ ਦੀ ਜੋ ਲਗਨ ਬਖ਼ਸ਼ੀ, ਉਸ ਦੇ ਫਲਸਰੂਪ ਆਪਣੇ ਇਤਿਹਾਸ ਬਾਰੇ ਜਿੰਨੀਆਂ ਕੁ ਪੁਰਾਤਨ ਤੇ ਨਵੀਨ ਲਿਖਤਾਂ ਮਿਲੀਆਂ, ਉਹਨਾਂ ਨੂੰ ਪੜ੍ਹਿਆ ਤੇ ਵਿਚਾਰਿਆ ਹੈ। ਸਾਨੂੰ ਦੁਖ ਹੁੰਦਾ ਹੈ ਜਦਕਿ ਅਸੀਂ ਇਤਿਹਾਸਕ ਘਟਨਾਵਾਂ ਬਾਰੇ ਸਮੁੱਚੀ ਕੌਮ ਇਕ ਰਾਇ ਨਹੀਂ ਬਣਾ ਸਕੇ। ਅਜੇ ਤੱਕ ਗੁਰੂ ਨਾਨਕ ਦੇਵ ਜੀ ਦੇ ਜਨਮ ਬਾਰੇ ਇਕ ਮਤ ਨਹੀਂ ਹੋ ਸਕੇ ਕਿ ਗੁਰੂ ਜੀ ਦਾ ਜਨਮ ਵਿਸਾਖ ਦਾ ਹੈ ਜਾਂ ਕੱਤਕ ਦਾ। ਇਸੇ ਤਰ੍ਹਾਂ ਖ਼ਾਲਸੇ ਦੀ ਸਾਜਨਾ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਬੱਕਰੇ ਝਟਕਾਏ ਜਾਂ ਮਨੁੱਖਾਂ ਦੇ ਸਿਰ ਲਾਹੇ। ਇਵੇਂ ਹੀ ਸੈਂਕੜੇ ਹੋਰ ਭਰਮ-ਭੁਲੇਖੇ ਵੇਖਣ ਵਿੱਚ ਆਉਂਦੇ ਹਨ। ਇਤਿਹਾਸਕ ਸਿੱਖ ਨਾਰੀਆਂ ਬਾਰੇ ਵੀ ਵਧੇਰੇ ਅੱਡੋ-ਅੱਡਰੇ ਤੱਤ ਮਿਲਦੇ ਹਨ।

ਅਸੀਂ ਇਸ ਸੰਗ੍ਰਹਿ ਵਿੱਚ ਉਹਨਾਂ ਕੁਝ ਕੁ ਸਿੱਖ ਨਾਰੀਆਂ ਦੇ ਜੀਵਨ ਪ੍ਰਾਪਤੀਆਂ ਤੇ ਪੰਥਕ ਸੰਘਰਸ਼ ਵਿੱਚ ਯੋਗਦਾਨ ਤੇ ਚਾਨਣਾ ਪਾਉਣ ਦਾ ਯਤਨ ਕੀਤਾ ਹੈ। ਇਸ ਸਾਰੇ ਖੇਤਰ ਵਿੱਚ ਇਤਿਹਾਸਕ ਨਾਰੀਆਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਹੈ। ਪਹਿਲੇ ਭਾਗ ਵਿੱਚ ਗੁਰੂ ਕੇ ਮਹਿਲਾਂ (ਧਰਮ ਪਤਨੀਆਂ) ਦਾ ਵਰਨਣ ਹੈ। ਸਾਡੀ ਗਿਆਤ ਅਨੁਸਾਰ ਦਸ ਗੁਰੂ

ਸਾਹਿਬਾਨ ਵਿਚੋਂ ਸਤ ਗੁਰੂ ਸਾਹਿਬਾਨ ਦੇ ਇਕ ਇਕ ਮਹਿਲ (ਧਰਮ ਪਤਨੀ) ਸਨ। ਦੋ ਗੁਰੂ ਸਾਹਿਬਾਨ ਗੁਰੂ ਹਰਿਗੋਬਿੰਦ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਤਿੰਨ-ਤਿੰਨ ਮਹਿਲਾਂ ਦਾ ਇਤਿਹਾਸ ਵਿੱਚ ਜ਼ਿਕਰ ਹੈ। ਅਠਵੀਂ ਨਾਨਕ ਜੋਤ ਗੁਰੂ ਹਰਿਕ੍ਰਿਸ਼ਨ ਸਾਹਿਬ ਬਾਲਾ ਪ੍ਰੀਤਮ ਬਾਲ ਅਵਸਥਾ ਵਿੱਚ ਹੀ ਜੋਤੀ ਜੋਤਿ ਸਮਾ ਗਏ। ਇਸ ਤਰ੍ਹਾਂ ਸਾਡੀ ਸਮਝ ਅਨੁਸਾਰ ਤੇਰ੍ਹਾਂ ਗੁਰੂ ਮਹਿਲ ਹੋਏ ਹਨ। ਜਿਨ੍ਹਾਂ ਦੇ ਵੇਰਵੇ ਸਹਿਤ ਇਤਿਹਾਸਕ ਹਵਾਲਿਆਂ ਨਾਲ ਅਸੀਂ ਜ਼ਿਕਰ ਕੀਤਾ ਹੈ। ਯਤਨ ਕੀਤਾ ਹੈ ਕਿ ਉਹਨਾਂ ਬਾਰੇ ਕੋਈ ਭਰਮ-ਭੁਲੇਖਾ ਸਾਧਾਰਨ ਜਨ-ਸਮੂਹ ਦੇ ਮਨ ਵਿੱਚ ਨਾ ਰਹੇ।

ਇਸੇ ਭਾਗ ਵਿੱਚ ਗੁਰੂ ਸਾਹਿਬਾਨ ਦੀਆਂ ਮਾਤਾਵਾਂ, ਭੈਣਾਂ ਤੇ ਸਪੁੱਤਰੀਆਂ ਦਾ ਇਤਿਹਾਸਕ ਵਰਨਣ ਕੀਤਾ ਹੈ। ਪਹਿਲੇ ਚਾਰ ਗੁਰੂ ਸਾਹਿਬਾਨ ਦੀਆਂ ਮਾਤਾਵਾਂ ਦਾ ਵੇਰਵੇ ਸਹਿਤ ਇਤਿਹਾਸ ਸੰਭਾਲਣ ਦਾ ਯਤਨ ਕੀਤਾ ਹੈ। ਬਾਕੀ ਦੇ ਗੁਰੂ ਸਾਹਿਬਾਨ ਦੀਆਂ ਮਾਤਾਵਾਂ ਬਾਰੇ ਚਰਚਾ ਗੁਰੂ ਮਹਿਲਾਂ ਵਿੱਚ ਆ ਗਿਆ ਹੈ।

ਦੂਜੇ ਭਾਗ ਵਿੱਚ ਉਹਨਾਂ ਬਹਾਦਰ ਤੇ ਕੌਮ ਦੀ ਸ਼ਾਨ ਉੱਚੀ ਕਰਨ ਵਾਲੀਆਂ ਸਿੱਖ ਬੀਬੀਆਂ ਦਾ ਜ਼ਿਕਰ ਹੈ, ਜਿਨ੍ਹਾਂ ਨੇ ਪਿਛਲੇ ਤਿੰਨ ਸੌ ਸਾਲਾਂ ਵਿੱਚ ਕਥਨੀ ਤੇ ਕਰਨੀ ਦੇ ਸੂਰੇ ਹੋਣ ਦਾ ਅਥਵਾ ਦੇਸ਼, ਕੌਮ ਦੀ ਚੜ੍ਹਦੀ ਕਲਾ ਵਿੱਚ ਯੋਗਦਾਨ ਪਾਇਆ ਹੈ।

ਤੀਜੇ ਭਾਗ ਵਿੱਚ ਆਜ਼ਾਦੀ ਤੋਂ ਪਹਿਲਾਂ ਦੀਆਂ ਸਿਖ ਨਾਰੀਆਂ ਅਕਾਲੀ ਲਹਿਰ ਸਮੇਂ ਸਿਖ ਨਾਰੀਆਂ ਤੇ 1947 ਦਾ ਘਲੂਘਾਰਾ ਤੇ ਸਿਖ ਨਾਰੀਆਂ ਦਾ ਲੇਖ ਹੈ ਭਾਗ ਚੌਥੇ ਵਿਚ ਆਜ਼ਾਦੀ ਤੋਂ ਮਗਰੋਂ ਦੀਆਂ ਸਿਖ ਨਾਰੀਆਂ ਹਨ।

ਸਾਡਾ ਇਹ ਉੱਦਮ ਪਾਠਕਾਂ ਨੂੰ ਪਸੰਦ ਆਏ ਅਤੇ ਵਰਤਮਾਨ ਸਮੇਂ ਦੀਆਂ ਸਿੱਖ ਨਾਰੀਆਂ ਨੂੰ ਇਸ ਤੋਂ ਆਪਣੀ ਜੀਵਨ ਸੇਧ ਬਨਾਉਣ ਲਈ ਕੁਝ ਹਾਸਲ ਹੋਵੇ ਤਾਂ ਅਸੀਂ ਆਪਣੇ ਧੰਨ ਭਾਗ ਸਮਝਾਂਗੇ। ਜੇ ਕੋਈ ਸੱਜਣ ਚੰਗਾ ਸੁਝਾਅ ਦੇ ਸਕੇ ਤਾਂ ਅਸੀਂ ਅਵੱਸ਼ ਅਗਲੇ ਐਡੀਸ਼ਨ ਵਿੱਚ ਉਸ ਨੂੰ ਸ਼ਾਮਲ ਕਰਕੇ ਖ਼ੁਸ਼ ਹੋਵਾਂਗੇ।

—ਡਾ. ਗਿਆਨੀ ਭਜਨ ਸਿੰਘ

ਭਾਗ ਪਹਿਲਾ

ਗੁਰੂ ਮਹਿਲ, ਗੁਰੂ ਮਾਤਾਵਾਂ, ਗੁਰੂ ਭੈਣਾਂ ਤੇ ਸਪੁੱਤਰੀਆਂ

1. ਮਾਤਾ ਸੁਲਖਣੀ ਜੀ
2. ਮਾਤਾ ਖੀਵੀ ਜੀ
3. ਮਾਤਾ ਮਨਸਾ ਦੇਵੀ ਜੀ
4. ਮਾਤਾ ਭਾਨੀ ਜੀ
5. ਮਾਤਾ ਗੰਗਾ ਜੀ
6. ਮਾਤਾ ਦਮੋਦਰੀ ਜੀ
7. ਮਾਤਾ ਨਾਨਕੀ ਜੀ
8. ਮਾਤਾ ਮਹਾਂਦੇਵੀ ਜੀ
9. ਮਾਤਾ ਕਿਸ਼ਨ ਕੌਰ ਜੀ
10. ਮਾਤਾ ਗੁਜਰੀ ਜੀ
11. ਮਾਤਾ ਅਜੀਤ ਕੌਰ ਜੀ
12. ਮਾਤਾ ਸੁੰਦਰੀ ਕੌਰ ਜੀ
13. ਮਾਤਾ ਸਾਹਿਬ ਕੌਰ ਜੀ
14. ਮਾਤਾ ਤ੍ਰਿਪਤਾ ਜੀ
15. ਮਾਤਾ ਰਾਮੋ ਜੀ
16. ਮਾਤਾ ਸੁਲਖਣੀ (ਲਖਮੀ) ਜੀ
17. ਮਾਤਾ ਦਯਾ ਕੌਰ ਜੀ
18. ਮਾਤਾ ਅਨੰਤੀ ਜੀ
19. ਬੇਬੇ ਨਾਨਕੀ ਜੀ
20. ਬੀਬੀ ਅਮਰੋ ਤੇ ਬੀਬੀ ਅਣੋਖੀ
21. ਬੀਬੀ ਦਾਨੀ ਤੇ ਬੀਬੀ ਭਾਨੀ
22. ਬੀਬੀ ਵੀਰੋ ਜੀ

ਮਾਤਾ ਸੁਲੱਖਣੀ ਜੀ

ਸਿੱਖ ਕੌਮ ਨੇ ਇਤਿਹਾਸ ਬਣਾਇਆ ਤਾਂ ਬਹੁਤ ਹੈ ਪਰ ਉਸ ਨੂੰ ਸੰਭਾਲਿਆ ਨਹੀਂ। ਇਸੇ ਲਈ ਸਿੱਖ ਵਿਰੋਧੀ ਤਾਕਤਾਂ ਨੇ ਇਸ ਦੇ ਸੁਨਹਿਰੀ ਇਤਿਹਾਸ ਵਿੱਚ ਇਕ ਪਾਸੇ ਮਿਲਾਵਟ ਕਰ ਦਿੱਤੀ ਹੈ ਤੇ ਇਤਿਹਾਸ ਨੂੰ ਨਾ ਮੰਨਣ ਯੋਗ ਬਨਾਣ ਲਈ ਵਾਹ ਪੂਰੀ ਲਾਈ ਹੈ। ਦੂਜੇ ਪਾਸੇ ਅਨੇਕਾਂ ਇਤਿਹਾਸਕ ਜੀਵਨੀਆਂ ਦਾ ਚਰਚਾ ਹੀ ਨਹੀਂ ਕੀਤਾ। ਪ੍ਰੇਮ ਸਿੰਘ ਹੋਤੀ ਦੀ ਇਤਿਹਾਸਕ ਪੁਸਤਕ 'ਸ੍ਰ. ਹਰੀ ਸਿੰਘ ਨਲੂਆ' ਦਾ ਮੁਖ ਬੰਦ ਲਿਖਦਿਆਂ ਭਾਈ ਸਾਹਿਬ ਭਾਈ ਵੀਰ ਸਿਘ ਜੀ ਨੇ ਲਿਖਿਆ ਹੈ :

"ਜਿਤਨੀ ਘਾਲ ਇਸ ਪ੍ਰਿਥਵੀ ਦੇ ਤਖ਼ਤੇ ਉਤੇ ਖ਼ਾਲਸਾ ਜੀ ਨੇ ਘਾਲੀ ਹੈ, ਉਤਨੀ ਸ਼ਾਇਦ ਹੀ ਕਿਸੇ ਹੋਰ ਕੌਮ ਨੇ ਏਨੇ ਥੋੜ੍ਹੇ ਚਿਰ ਵਿੱਚ ਘਾਲ ਕੇ ਵਿਖਾਈ ਹੋਵੇ, ਪਰ ਜਿੰਨੀ ਬੇਪ੍ਰਵਾਹੀ ਇਸ ਨੇ ਆਪਣੇ ਕਾਰਨਾਮਿਆਂ ਦੇ ਇਤਿਹਾਸ ਲਿਖਣ ਵਿੱਚ ਕੀਤੀ ਹੈ, ਉਤਨੀ ਬੇਪ੍ਰਵਾਹੀ ਭੀ ਸ਼ਾਇਦ ਹੀ ਕਿਸੇ ਹੋਰ ਕੌਮ ਨੇ ਕੀਤੀ ਹੋਵੇ। ਇਸ ਬਜ਼ੁਰਗ ਪਿੱਛੇ ਵਾਲੀ ਕੌਮ ਦਾ ਰਾਜ ਭਾਗ ਬੜੀ ਹੀ ਛੇਤੀ ਉਡਿਆ ਹੈ, ਉਸ ਦੇ ਕਈ ਕਾਰਨਾਂ ਵਿਚੋਂ ਇਕ ਕਾਰਨ ਇਹਦੀ ਇਹ ਬੇਪ੍ਰਵਾਹੀ ਭੀ ਸਹੀ ਹੁੰਦੀ ਹੈ। ਫਿਰ ਇਸ਼ ਕੌਮ ਵਿੱਚ ਜੋ ਕਮਜ਼ੋਰੀਆਂ ਹੁਣ ਮਲਕੜੇ ਜਿਹੇ ਵੜਦੀਆਂ ਜਾਂਦੀਆਂ ਹਨ ਤੇ ਇਸ ਦੀ ਜੱਥੇਬੰਦੀ ਨੂੰ ਅਡੋਲ ਹੀ ਢਿੱਲਿਆਂ ਕਰੀ ਜਾਂਦੀਆਂ ਹਨ, ਉਹ ਭੀ ਇਸੇ ਕਾਰਨ ਕਰਕੇ ਹਨ ਕਿ ਇਨ੍ਹਾਂ ਵਿੱਚ ਆਪਣਾ ਇਤਿਹਾਸ ਸਵਿਸਥਾਰ ਤੇ ਵੇਰਵੇ ਵਾਰ ਨਹੀਂ ਹੈ। ਜੇ ਕਦੇ ਇਤਿਹਾਸ ਦੀ ਥੁੜ ਪੂਰੀ ਹੋ ਜਾਵੇ ਤਾਂ ਅਸਚਰਜ ਨਹੀਂ ਕਿ ਕੌਮ ਵਿੱਚ ਇਕ ਨਵੀਂ ਰੂਹ ਫੂਕ ਜਾਵੇ। ਜੋ ਕੁਝ ਜਾਗਰਤ ਕੌਮ ਵਿੱਚ ਪਿਛਲੇ ਚਾਲ੍ਹੀ ਪੰਜਾਹ ਬਰਸਾਂ ਵਿੱਚ ਨਵੇਂ ਸਿਰੇ ਆਈ ਹੈ, ਉਸ ਵਿੱਚ ਵਿਸ਼ੇਸ਼ ਹਿੱਸਾ ਉਸ ਯਤਨ ਦਾ ਹੈ, ਜਿਸ ਨੇ ਕੌਮ ਦੇ ਇਤਿਹਾਸਕ ਪ੍ਰਸੰਗ ਤੇ ਵਾਕਯਾਤ ਕੌਮ ਦੀ ਨਜ਼ਰ ਅੱਗੇ ਲਿਆ ਕੇ ਰੱਖੇ ਹਨ।"

ਭਾਈ ਵੀਰ ਸਿੰਘ ਜੀ ਦਾ ਉਕਤ ਦਿੱਤਾ ਵਿਚਾਰ ਸੌ ਫੀਸਦੀ ਠੀਕ ਹੈ। ਸਿੱਖ ਕੌਮ ਵਰਗਾ ਕੁਰਬਾਨੀਆਂ ਦਾ ਹੋਰ ਕਿਸੇ ਕੌਮ ਦਾ ਇਤਿਹਾਸ ਨਹੀਂ। ਜਿਊਂਦੇ ਆਰਿਆਂ ਨਾਲ ਚੀਰੇ ਜਾਣ, ਬੰਦ ਬੰਦ ਕਟਵਾ ਕੇ ਸ਼ਹੀਦ ਹੋਣਾ ਜਾਂ ਕੇਸ ਕਟਾਣ ਨਾਲੋਂ ਰੰਬੀ ਨਾਲ ਖੋਪਰੀ ਉਤਰਵਾਣ ਦੇ ਸਾਕੇ ਹੋਰ ਕਿਸੇ ਕੌਮ ਜਾਂ ਵਰਗ ਵਿਸ਼ੇਸ਼ ਦੇ ਹਿੱਸੇ ਨਹੀਂ ਆਏ। ਇਸੇ ਕੌਮ ਦੇ ਇਤਿਹਾਸ ਵਿੱਚ ਵਾਪਰਿਆ ਕਿ ਮਾਵਾਂ ਨੇ ਆਪਣੇ ਬੱਚਿਆਂ ਦੇ ਟੁਕੜੇ-ਟੁਕੜੇ ਕਰਵਾ ਕੇ ਗਲਾਂ ਵਿੱਚ ਹਾਰ ਪੁਆ ਲਏ ਪਰ ਧਰਮ ਨਹੀਂ ਹਾਰਿਆ, ਈਨ ਨਹੀਂ ਮੰਨੀ ਤੇ ਇਕ ਵੀ ਮਿਸਾਲ ਨਹੀਂ ਮਿਲਦੀ ਜਦ ਅਜੇਹੇ ਸੰਕਟ ਵਿੱਚ ਕਿਸੇ ਮਾਫ਼ੀ ਮੰਗੀ ਹੋਵੇ ਜਾਂ ਰਹਿਮ ਦੀ ਅਪੀਲ ਕੀਤੀ ਹੋਵੇ। ਪਰ ਇਤਿਹਾਸ ਸੰਭਾਲਣ ਵਲੋਂ ਅਣਗਹਿਲੀ ਇਸ ਹੱਦ ਤਕ

ਹੋਈ ਹੈ ਕਿ ਪੰਜ ਸੌ ਸਾਲ ਦੇ ਇਤਿਹਾਸ ਬਾਰੇ ਵੀ ਇਕੋ ਜਿਹੇ ਅੰਕੜੇ ਤੇ ਸਮਾਚਾਰ ਨਹੀਂ ਲਿਖੇ ਜਾ ਸਕੇ। ਗੁਰੂ ਨਾਨਕ ਦੇਵ ਜੀ ਦੀ ਜੀਵਨੀ ਬਾਰੇ ਵੀ ਭਿੰਨ-ਭਿੰਨ ਸੂਚਨਾਵਾਂ ਹਨ। ਕਦੇ ਜਨਮ ਕੱਤਕ ਜਾਂ ਵਿਸਾਖ ਦਾ ਚਰਚਾ ਚਲਿਆ। ਕਦੇ 15 ਸਾਲ ਦੀ ਉਮਰ ਵਿੱਚ ਸੁਲਤਾਨਪੁਰ ਲੋਧੀ ਆਉਣਾ ਲਿਖ ਦਿੱਤਾ ਗਿਆ ਤੇ ਕਦੇ ਕਿਸੇ ਨੇ 32 ਸਾਲ ਦੀ ਆਯੂ ਵਿੱਚ ਨਨਕਾਣਾ ਸਾਹਿਬ (ਰਾਏ ਭੋਇੰ ਦੀ ਤਲਵੰਡੀ) ਤੋਂ ਸੁਲਤਾਨਪੁਰ ਆਉਣਾ ਪ੍ਰਚਲਤ ਕਰ ਦਿੱਤਾ। ਕਿਸੇ ਇਤਿਹਾਸ ਦੀ ਰਚਨਾ ਵਿੱਚ ਗੁਰੂ ਨਾਨਕ ਦੇ ਦੋਹਾਂ ਲੜਕਿਆਂ ਦਾ ਜਨਮ ਤਲਵੰਡੀ ਹੋਇਆ ਲਿਖਿਆ ਗਿਆ ਹੈ ਤੇ ਕਿਸੇ ਵਿੱਚ ਸੁਲਤਾਨਪੁਰ ਲੋਧੀ। ਅਜਿਹੀਆਂ ਦਰਜਨਾਂ ਮਿਸਾਲਾਂ ਸਿੱਖ ਇਤਿਹਾਸ ਦੀ ਲਿਖਾਈ ਵਿੱਚ ਮਿਲਦੀਆਂ ਹਨ।

ਜੇ ਗੁਰੂ ਸਾਹਿਬਾਨ ਦੀ ਸੰਸਾਰ ਯਾਤਰਾ, ਜੋ ਅਨੇਕਾਂ ਲਿਖਾਰੀਆਂ ਨੇ ਲਿਖੀ, ਉਸ ਵਿੱਚ ਸਹਿਮਤੀ ਨਹੀਂ ਤਾਂ ਗੁਰੂ ਪਰਿਵਾਰਾਂ ਬਾਰੇ ਤਾਂ ਲਿਖਿਆ ਹੀ ਬਹੁਤ ਘੱਟ ਗਿਆ ਹੈ। ਪਿਛਲੇ ਸਮੇਂ ਦੀ ਸੋਚ ਹੀ ਅਜਿਹੀ ਜਾਪਦੀ ਹੈ ਕਿ ਗੁਰੂ, ਅਵਤਾਰਾਂ, ਪੀਰਾਂ, ਪੈਗੰਬਰਾਂ ਤੇ ਮਹਾਨ ਆਤਮਾਵਾਂ ਬਾਰੇ ਥੋੜ੍ਹੀ ਬਹੁਤ ਜਾਣਕਾਰੀ ਤਾਂ ਲੇਖਕ ਲੋਕ ਇਕੱਤਰ ਕਰਦੇ ਹੀ ਸਨ ਪਰ ਉਨ੍ਹਾਂ ਦੇ ਪਰਿਵਾਰਾਂ ਤੇ ਮਹਿਲਾਂ ਬਾਰੇ ਬਹੁਤ ਘੱਟ ਲਿਖਿਆ ਮਿਲਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਧਰਮ ਸੁਪਤਨੀ, ਮਾਤਾ (ਮਾਤਾ ਸੁੰਦਰੀ) ਸੁੰਦਰ ਕੌਰ ਜਿਸ ਨੇ ਗੁਰੂ ਸਾਹਿਬ ਪਿਛੋਂ 35 ਸਾਲ ਸਿੱਖ ਕੌਮ ਦੀ ਸੁਚੱਜੀ ਅਗਵਾਈ ਕੀਤੀ, ਉਸ ਬਾਰੇ ਵੀ ਬਹੁਤ ਘੱਟ ਲਿਖਿਆ ਮਿਲਦਾ ਹੈ। ਪਿਛਲੇ ਕੁਝ ਕੁ ਸਾਲਾਂ ਵਿਚ ਹੀ ਕੁਝ ਖੋਜ ਹੋਈ ਹੈ, ਪਰ ਅਜੇ ਤਕ ਬੇਬੇ ਨਾਨਕੀ, ਮਾਤਾ ਸੁਲੱਖਣੀ, ਮਾਤਾ ਖੀਵੀ, ਮਾਤਾ ਭਾਨੀ, ਮਾਤਾ ਗੰਗਾ ਜੀ, ਮਾਤਾ ਨਾਨਕੀ, ਮਾਤਾ ਗੁਜਰੀ ਤੇ ਮਾਤਾ ਸਾਹਿਬ ਕੌਰ ਆਦਿ ਬਾਰੇ ਤਾਂ ਬਹੁਤ ਘੱਟ ਜਾਣਕਾਰੀ ਮਿਲਦੀ ਹੈ, ਹਾਲਾਂ ਕਿ ਇਨ੍ਹਾਂ ਸਭ ਦਾ ਸਿੱਖ ਇਤਿਹਾਸ ਬਣਾਉਣ ਤੇ ਸਿੱਖ ਪਰੰਪਰਾਵਾਂ ਸਥਾਪਤ ਕਰਨ ਵਿੱਚ ਬਹੁਤ ਵੱਡਾ ਯੋਗਦਾਨ ਹੈ। ਗੁਰੂ ਪਰਿਵਾਰ ਦੀ ਇਕ ਇਕ ਔਰਤ ਤੇ ਪੂਰੀ ਪੂਰੀ ਪੁਸਤਕ ਤੇ ਖੋਜ-ਪ੍ਰਬੰਧ ਲਿਖਿਆ ਜਾ ਸਕਦਾ ਹੈ। ਇਨ੍ਹਾਂ ਗੁਰੂ ਪਰਿਵਾਰਾਂ ਵਿਚੋਂ ਅੱਜ ਇੱਥੇ ਗੁਰੂ ਨਾਨਕ ਦੇਵ ਜੀ ਦੀ ਧਰਮ ਸੁਪਤਨੀ, ਸੁਲੱਖਣੀ ਜੀ ਦੇ ਜੀਵਨ ਤੇ ਯੋਗਦਾਨ ਬਾਰੇ ਕੁਝ ਚਰਚਾ ਕਰਨ ਦਾ ਯਤਨ ਕਰ ਰਹੇ ਹਾਂ।

ਸੁਲੱਖਣੀ ਜੀ ਦਾ ਜਨਮ ਪਿੰਡ ਪਖੋਕੇ, ਜ਼ਿਲ੍ਹਾ ਗੁਰਦਾਸਪੁਰ ਵਿੱਚ ਮੂਲ ਚੰਦ ਚੋਣਾ ਖਤਰੀ ਦੇ ਘਰ ਮਾਤਾ ਚੰਦੋ ਦੀ ਕੁੱਖੋਂ ਹੋਇਆ। ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨਕੋਸ਼ ਵਿੱਚ ਇਸ ਨਾਮ ਦੀ ਵਿਆਖਿਆ ਕਰਦਿਆਂ ਲਿਖਿਆ ਹੈ ਕਿ, "ਜੇ ਚੰਗੇ ਲੱਛਣਾਂ ਵਾਲੀ ਲੜਕੀ ਦਾ ਜਨਮ ਹੋਵੇ, ਉਹਦਾ ਨਾਮ ਹੀ ਸੁਲੱਖਣੀ ਰੱਖਿਆ ਜਾਂਦਾ ਸੀ।" ਸੋ ਇਸ ਤੋਂ ਸਪੱਸ਼ਟ ਹੈ ਕਿ ਇਸ ਬੱਚੀ ਦੇ ਜਨਮ ਸਮੇਂ ਘਰ ਦਿਆਂ ਨੇ ਕੁਝ ਅਜਿਹੀਆਂ ਨਿਸ਼ਾਨੀਆਂ ਜਾਂ ਚਿੰਨ੍ਹ ਵੇਖੇ, ਜਿਨ੍ਹਾਂ ਕਰਕੇ ਉਨ੍ਹਾਂ ਨੂੰ ਬੱਚੀ ਚੰਗੇ ਲੱਛਣਾਂ ਵਾਲੀ ਪ੍ਰਤੀਤ ਹੋਈ। ਸੁਲੱਖਣੀ ਜੀ ਦਾ ਜਨਮ ਕਿਸ ਸਾਲ ਹੋਇਆ ? ਉਨ੍ਹਾਂ ਦੇ ਵਿਆਹ ਸਮੇਂ ਕਿਤਨੀ ਆਯੂ ਸੀ, ਇਸ ਦਾ ਕਿਧਰੇ ਕੋਈ ਜ਼ਿਕਰ ਨਹੀਂ। ਅਸੀਂ ਇਤਿਹਾਸ ਦੀਆਂ ਲੱਭਦੀਆਂ ਸਭ ਪੁਸਤਕਾਂ ਇਸ ਦ੍ਰਿਸ਼ਟੀ ਨਾਲ ਮੁੜ ਕੇ ਦੇਖੀਆਂ ਹਨ, ਇਸ ਬਾਰੇ ਕਿਧਰੇ ਕੋਈ ਚਰਚਾ ਨਹੀਂ। ਇਉਂ ਜਾਪਦਾ ਹੈ ਕਿ ਇਤਿਹਾਸ ਦੇ ਲਿਖਾਰੀਆਂ ਲਈ ਜਨਮ ਸਾਲ ਨੋਟ ਕਰਨਾ ਕੋਈ ਜ਼ਰੂਰੀ ਨਹੀਂ ਸੀ। ਗੁਰੂ ਨਾਨਕ ਦੇਵ ਜੀ ਨਾਲ ਸੁਲੱਖਣੀ ਜੀ ਦਾ ਵਿਆਹ 1487 ਈ. ਵਿੱਚ ਹੋਇਆ। ਉਸ ਸਮੇਂ ਗੁਰੂ ਨਾਨਕ ਦੇਵ ਜੀ ਦੀ ਆਯੂ 18 ਸਾਲ ਦੀ ਸੀ। ਉਸ ਜ਼ਮਾਨੇ ਵਿੱਚ ਲੜਕੀਆਂ

ਦੀ ਸ਼ਾਦੀ ਆਮ ਤੌਰ ਤੇ 13 ਤੋਂ 15 ਸਾਲ ਦੇ ਵਿਚਕਾਰ ਕਰ ਦਿੱਤੀ ਜਾਂਦੀ ਸੀ। ਇਹ ਵੀ ਰਿਵਾਜ਼ ਸੀ ਕਿ ਲੜਕੀ ਦੀ ਉਮਰ ਲੜਕੇ ਨਾਲੋਂ ਚਾਰ-ਪੰਜ ਸਾਲ ਛੋਟੀ ਹੋਣੀ ਚਾਹੀਦੀ ਹੈ। ਇਸ ਲਈ ਅਨੁਮਾਨ ਹੈ ਕਿ ਵਿਆਹ ਸਮੇਂ ਸੁਲੱਖਣੀ ਜੀ ਦੀ ਉਮਰ 14 ਸਾਲ ਜਚਦੀ ਹੈ। ਇਹ ਅਨੁਮਾਨ ਹੀ ਹੈ ਇਸ ਦਾ ਕੋਈ ਇਤਿਹਾਸਕ ਸਬੂਤ ਜਾਂ ਹਵਾਲਾ ਨਹੀਂ। ਇਸ ਅਨੁਮਾਨ ਅਨੁਸਾਰ ਜਨਮ 1473 ਈ: ਜਾਂ ਇਸ ਦੇ ਬਹੁਤ ਨੇੜੇ ਦਾ ਹੋ ਸਕਦਾ ਹੈ। ਸੁਲੱਖਣੀ ਜੀ ਦੇ ਬਾਲਪਨ ਤੇ ਵਿਦਿਆ ਪ੍ਰਾਪਤੀ ਬਾਰੇ ਕਿਸੇ ਪੁਸਤਕ ਵਿੱਚ ਕੋਈ ਜਾਣਕਾਰੀ ਨਹੀਂ। ਗੁਰੂ ਨਾਨਕ ਦੇਵ ਜੀ ਦੀ ਸੰਸਾਰ ਯਾਤਰਾ ਦੇ ਤੁਰੰਤ ਪਿੱਛੋਂ ਉਨ੍ਹਾਂ ਦੀ ਜੀਵਨੀ ਜਨਮ ਸਾਖੀਆਂ ਦੇ ਰੂਪ ਵਿੱਚ ਲਿਖੀ ਜਾਣ ਲੱਗ ਪਈ ਸੀ ਤੇ ਉਪਰੋ-ਥੱਲੀ ਅੱਧੀ ਦਰਜਨ ਜਨਮ ਸਾਖੀਆਂ ਲਿਖੀਆਂ ਵੀ ਗਈਆਂ, ਪਰ ਮਾਤਾ ਸੁਲੱਖਣੀ ਦੇ ਵਿਆਹ ਤੋਂ ਪਹਿਲਾਂ ਦੇ ਜੀਵਨ ਤੇ ਕਿਸੇ ਨੇ ਝਾਤ ਨਹੀਂ ਪਾਈ।

ਸੁਲੱਖਣੀ ਜੀ ਦੇ ਪਿਤਾ ਬਾਰੇ ਇਤਨੀ ਜਾਣਕਾਰੀ ਮਿਲਦੀ ਹੈ ਕਿ ਪਿੰਡ ਪਖੋਕੇ ਵਿੱਚ ਸ੍ਰੀ ਮੂਲ ਚੰਦ ਜੀ ਪਟਵਾਰੀ ਸਨ ਤੇ ਉਂਝ ਵੀ ਚੰਗੇ ਅਸਰ ਰਸੂਖ਼ ਵਾਲੇ ਸਨ। ਰਿਹਾਇਸ਼ ਉਨ੍ਹਾਂ ਦੀ ਬਟਾਲੇ ਵਿੱਚ ਸੀ, ਇਸ ਲਈ ਵਿਆਹ-ਬਟਾਲੇ ਵਿੱਚ ਹੀ ਹੋਇਆ। ਇਹ ਰਿਸ਼ਤਾ ਕਰਾਉਣ ਵਿੱਚ ਵਧੇਰੇ ਉੱਦਮ ਬੇਬੇ ਨਾਨਕੀ ਦੇ ਪਤੀ ਜੈ ਰਾਮ ਜੀ ਦਾ ਸੀ। ਉਹੀ ਮੂਲ ਚੰਦ ਦੇ ਜਾਣੂੰ ਸਨ ਤੇ ਉਨ੍ਹਾਂ ਨੇ ਹੀ ਰਿਸ਼ਤੇ ਦੀ ਦਸ ਪਾਈ ਸੀ। ਪ੍ਰੋ. ਸਾਹਿਬ ਸਿੰਘ ਨੇ 'ਆਲੋਚਨਾ' ਦੇ ਵਿਸ਼ੇਸ਼ ਗੁਰੂ ਨਾਨਕ ਅੰਕ 1969 ਵਿੱਚ ਆਪਣੇ ਇਕ ਲੇਖ ਵਿੱਚ ਲਿਖਿਆ ਹੈ : "ਖ਼ਾਨਪੁਰ ਨਿਵਾਸੀ ਭਾਈ ਜੈ ਰਾਮ ਜੀ ਨਵਾਬ ਦੌਲਤ ਖ਼ਾਂ ਦੇ ਕੋਲ ਮਾਲ ਦੇ ਮਹਿਕਮੇ ਵਿੱਚ ਆਮਿਲ ਸਨ। ਸਰਕਾਰੀ ਕੰਮ ਵਿੱਚ ਉਨ੍ਹਾਂ ਨੂੰ ਪਖੋਕੇ ਤੱਕ ਜਾਣਾ ਪੈਂਦਾ ਸੀ। ਉਥੇ ਉਨ੍ਹਾਂ ਪਟਵਾਰੀ ਮੂਲ ਚੰਦ ਜੀ ਨੂੰ ਦਸ ਪਾ ਦਿੱਤੀ ਤੇ ਬਾਬਾ ਮੂਲ ਚੰਦ ਜੀ ਨੇ ਆਪਣੀ ਲੜਕੀ ਸੁਲੱਖਣੀ ਜੀ ਦਾ ਸਾਕ ਗੁਰੂ ਨਾਨਕ ਦੇਵ ਜੀ ਨਾਲ ਕਰ ਦਿੱਤਾ। ਕੁੜਮਾਈ ਹੋਈ ਵੈਸਾਖ ਵਦੀ 9 ਸੰਮਤ, 1542 ਨੂੰ (ਵੈਸਾਖ ਦੀ 5) ਵਿਆਹ ਹੋਇਆ 24 ਜੇਠ ਸੰਮਤ 1544। ਉਸ ਸਮੇਂ ਗੁਰੂ ਨਾਨਕ ਦੇਵ ਜੀ ਦੀ ਉਮਰ 18 ਸਾਲ ਸੀ। ਜੰਞ ਗਈ ਸੀ ਬਟਾਲੇ। ਬਾਬਾ ਮੂਲ ਚੰਦ ਜੀ ਬਟਾਲੇ ਦੇ ਵਸਨੀਕ ਸਨ।" ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿਚ ਵੀ ਵਿਆਹ ਦਾ ਸਾਲ ਇਹੋ ਲਿਖਿਆ ਹੈ ਕਿ ਵਿਆਹ 24 ਜੇਠ, ਸੰਮਤ 1544 ਨੂੰ ਹੋਇਆ। ਪ੍ਰਿੰਸੀਪਲ ਤੇਜਾ ਸਿੰਘ ਤੇ ਡਾ. ਗੰਡਾ ਸਿੰਘ ਵੀ 'ਏ ਸ਼ਾਰਟ ਹਿਸਟਰੀ ਆਫ਼ ਦੀ ਸਿਖਜ਼' ਵਿੱਚ ਵਰਨਣ ਕਰਦੇ ਹਨ ਕਿ ਵਿਆਹ ਸਮੇਂ ਗੁਰੂ ਨਾਨਕ 18 ਸਾਲਾਂ ਦੇ ਸਨ। ਇਉਂ ਜੇ ਜਨਮ 1469 ਈ: ਦਾ ਹੈ ਤਾਂ ਵਿਆਹ ਫਿਰ 1487 ਈ: ਦਾ ਹੀ ਬਣਦਾ ਹੈ। ਕੇਵਲ ਪ੍ਰਿੰਸੀਪਲ ਸਤਿਬੀਰ ਸਿੰਘ ਨੇ ਵੱਖਰੀ ਸੂਚਨਾ ਦਿੱਤੀ ਹੈ। ਉਹ 'ਸਾਡਾ ਇਤਿਹਾਸ' ਪੁਸਤਕ ਵਿੱਚ ਲਿਖਦੇ ਹਨ : "16 ਸਾਲ ਦੀ ਉਮਰ ਵਿੱਚ (1495) ਬਟਾਲੇ ਤੋਂ ਬਾਬਾ ਮੂਲਾ ਚੌਣਾ ਨੇ ਕੁੜਮਾਈ ਭੇਜੀ। ਵਿਆਹ ਵੀ ਉਸ ਸਾਲ ਕਰ ਦਿਤਾ ਗਿਆ।" ਸਤਿਬੀਰ ਸਿੰਘ ਜੀ ਨੇ ਇਹ ਨਹੀਂ ਦੱਸਿਆ ਕਿ ਉਨ੍ਹਾਂ ਇਹ ਜਾਣਕਾਰੀ ਕਿੱਥੋਂ ਲਈ ਹੈ।

ਸੁਲੱਖਣੀ ਜੀ ਦਾ ਸੁਭਾਅ ਕਿਸ ਤਰ੍ਹਾਂ ਦਾ ਸੀ ? ਉਹਨਾਂ ਦੇ ਘਰ ਰੁਝੇਵੇਂ ਕਿਸ ਤਰ੍ਹਾਂ ਦੇ ਸਨ ? ਉਨ੍ਹਾਂ ਦੇ ਮਨਪਸੰਦ ਦੇ ਕੰਮ ਕਿਹੜੇ ਸਨ ? ਇਸ ਬਾਰੇ ਕਿਸੇ ਸਾਖੀ ਲੇਖਕ ਨੇ ਕੁਝ ਨਹੀਂ ਦੱਸਿਆ। ਵਿਆਹ ਸਮੇਂ ਦੀ ਉਨ੍ਹਾਂ ਦੇ ਮਾਤਾ ਪਿਤਾ ਦੇ ਵਤੀਰੇ ਦਾ ਚਰਚਾ ਤਾਂ ਮਿਲਦਾ ਹੈ ਪਰ ਸੁਲੱਖਣੀ ਜੀ ਦੀ ਸੋਚ ਦਾ ਕਿਧਰੇ ਚਰਚਾ ਨਹੀਂ। ਪਰ ਸਾਡਾ ਅਨੁਮਾਨ ਹੈ ਕਿ ਉਨ੍ਹਾਂ

ਨੇ ਉਸ ਸਮੇਂ ਜ਼ਰੂਰ ਆਪਣੇ ਵਿਚਾਰ ਆਪਣੀਆਂ ਸਹੇਲੀਆਂ ਰਾਹੀਂ ਪ੍ਰਗਟਾਏ ਹੋਣਗੇ।

ਸੁਲੱਖਣੀ ਜੀ ਦੇ ਵਿਆਹ ਸਮੇਂ ਜੰਞ ਰਾਇ ਭੋਇੰ ਦੀ ਤਲਵੰਡੀ (ਨਨਕਾਣਾ ਸਾਹਿਬ) ਤੋਂ ਚਲੀ ਤੇ ਉਥੇ ਹੀ ਵਿਆਹ ਪਿੱਛੋਂ ਡੋਲੀ ਆਈ ਜਾਂ ਸੁਲਤਾਨਪੁਰ ਲੋਧੀ ਵਿੱਚ ਵਿਆਹ ਹੋਇਆ। ਇਸ ਬਾਰੇ ਇਤਿਹਾਸ ਵਿੱਚ ਤਿੰਨ-ਚਾਰ ਤਰ੍ਹਾਂ ਦਾ ਵਰਨਣ ਹੈ, ਕਿਉਂਕਿ ਇਹ ਨਿਰਣਾਜਨਕ ਨਹੀਂ ਕਿ ਗੁਰੂ ਨਾਨਕ ਦੇਵ ਕਦੋਂ ਤਲਵੰਡੀ ਤੋਂ ਸੁਲਤਾਨਪੁਰ ਆਏ। ਇਕ ਇਤਿਹਾਸਕ ਪੁਸਤਕ ਵਿੱਚ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਪੰਦਰਾਂ ਸਾਲ ਦੀ ਆਯੂ ਵਿੱਚ ਸੁਲਤਾਨਪੁਰ ਲੋਧੀ ਭੈਣ ਪਾਸ ਆਏ ਤੇ ਇਥੇ ਹੀ ਉਨ੍ਹਾਂ ਦਾ 18 ਸਾਲ ਦੀ ਆਯੂ ਵਿੱਚ ਵਿਆਹ ਹੋਇਆ। ਦੂਜਾ ਵਰਗ ਲਿਖਾਰੀਆਂ ਦਾ ਹੈ ਜੋ 32 ਸਾਲ ਦੀ ਆਯੂ ਵਿੱਚ ਗੁਰੂ ਨਾਨਕ ਸਾਹਿਬ ਦਾ ਸੁਲਤਾਨਪੁਰ ਆਉਣਾ ਮੰਨਦੇ ਹਨ। ਉਨ੍ਹਾਂ ਅਨੁਸਾਰ ਗੁਰੂ ਨਾਨਕ ਦੇਵ ਦਾ ਸੁਲੱਖਣੀ ਜੀ ਨਾਲ ਵਿਆਹ ਤਲਵੰਡੀ ਹੀ ਹੋਇਆ ਸੀ ਤੇ ਉਥੇ ਹੀ 14 ਸਾਲ ਮਾਤਾ ਸੁਲੱਖਣੀ ਰਹੇ। ਤਲਵੰਡੀ ਵਿੱਚ ਹੀ ਉਨ੍ਹਾਂ ਦੇ ਘਰ ਦੋ ਲੜਕਿਆਂ ਸ੍ਰੀ ਚੰਦ ਤੇ ਲਖਮੀ ਦਾਸ ਦਾ ਜਨਮ ਹੋਇਆ।

ਗੁਰੂ ਨਾਨਕ ਦੇਵ ਦੇ ਜੀਵਨ ਬਾਰੇ ਸਭ ਤੋਂ ਪਹਿਲੀਆਂ ਦੋ ਜਨਮ ਸਾਖੀਆਂ ਹਨ—ਪੁਰਾਤਨ ਜਨਮ ਸਾਖੀ ਤੇ ਭਾਈ ਬਾਲੇ ਵਾਲੀ ਜਨਮ ਸਾਖੀ। ਉਨ੍ਹਾਂ ਵਿੱਚ ਵੀ ਦੋ ਵੱਖਰੇ ਅੰਕੜੇ ਤੇ ਜਾਣਕਾਰੀ ਹੈ। ਪੁਰਾਤਨ ਜਨਮ ਸਾਖੀ ਤੇ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਤੇ 'ਗੁਰੂ ਨਾਨਕ ਚਮਤਕਾਰ' ਵਿੱਚ ਵੀ ਗੁਰੂ ਨਾਨਕ ਦੇਵ ਜੀ ਦੀ ਜੰਞ ਤਲਵੰਡੀ ਤੋਂ ਚਲੀ ਤੇ ਤਲਵੰਡੀ ਵਿੱਚ ਹੀ ਡੋਲੀ ਆਈ ਲਿਖਿਆ ਤੇ ਮੰਨਿਆ ਗਿਆ ਹੈ। ਭਾਈ ਵੀਰ ਸਿੰਘ ਜੀ ਨੇ ਪੁਰਾਤਨ ਜਨਮ ਸਾਖੀ ਦੇ ਹਵਾਲੇ ਨਾਲ ਲਿਖਿਆ ਹੈ ਕਿ—ਜਦੋਂ ਗੁਰੂ ਨਾਨਕ ਤਲਵੰਡੀ ਤੋਂ ਚਲ ਕੇ ਸੁਲਤਾਨਪੁਰ ਆਉਣ ਲੱਗੇ ਤਾਂ ਉਸ ਸਮੇਂ ਮਾਤਾ ਸੁਲੱਖਣੀ ਨੇ ਬਹੁਤ ਹੀ ਵੈਰਾਗ ਪ੍ਰਗਟ ਕੀਤਾ। ਭਾਈ ਵੀਰ ਸਿੰਘ ਜੀ ਦੀ ਲਿਖਤ ਹੈ : "ਘਰ ਵਾਲੀ ਨੇ ਤਾਂ ਬਹੁਤ ਵੈਰਾਗ ਕੀਤਾ। ਆਪ ਨੇ ਸਮਝਾਇਆ ਕਿ ਅਸੀਂ ਏਥੇ ਵੀ ਉਦਾਸ ਰਹਿੰਦੇ ਸਾਂ, ਘਰ ਦਾ ਕੀ ਸੁਆਰਦੇ ਸਾਂ, ਤੇਰੇ ਲਈ ਜੇਹੇ ਘਰ ਰਹੇ ਤੇਹੇ ਪਰਦੇਸ ਗਏ।" ਪਰ ਉਸ ਸਤਿਵੰਤੀ ਨੇ ਆਖਿਆ, "ਜੇ ਤੁਸੀਂ ਘਰ ਬੈਠੇ ਹੁੰਦੇ ਆਹੇ ਤਾਂ ਮੇਰੇ ਭਾਣੇ ਸਾਰੇ ਜਹਾਨ ਦੀ ਪਾਤਸ਼ਾਹੀ ਹੁੰਦੀ ਆਹੀ। ਜੀ, ਇਹ ਸੰਸਾਰ ਮੇਰੇ ਕਿਤੇ ਕੰਮ ਨਹੀਂ।" ਤਦ ਮਿਹਰਬਾਨ ਹੋ ਕੇ ਆਪ ਨੇ ਅਸੀਸ ਦਿੱਤੀ, "ਚਿੰਤਾ ਕਿਛ ਨ ਕਰ, ਦਿਨ ਦਿਨ ਤੇਰੀ ਪਾਤਸ਼ਾਹੀ ਹੋਵੇਗੀ।" ਇਸ ਪਰ ਬੀ ਉਨ੍ਹਾਂ ਦੇ ਨਾਲ ਹੀ ਚਲਣ ਵਾਸਤੇ ਬੇਨਤੀ ਕੀਤੀ ਤਾਂ ਆਪ ਨੇ ਕਿਹਾ, "ਪਰਮੇਸਰ ਕੀਏ। ਹੁਣ ਤਾਂ ਮੈਂ ਜਾਂਦਾ ਹਾਂ, ਜੇ ਮੇਰੇ ਰੁਜ਼ਗਾਰ ਦੀ ਕਾਈ ਬਣਸੀ ਤਾਂ ਸਦਾਇ ਲੈਸਾਂ।" ਫਿਰ ਉਹ ਚੁੱਪ ਕਰ ਰਹੀ।"

ਪ੍ਰਿੰਸੀਪਲ ਸਤਿਬੀਰ ਸਿੰਘ 'ਸਾਡਾ ਇਤਿਹਾਸ' ਪੁਸਤਕ ਦੇ ਪੰਨਾ 46 ਤੇ ਲਿਖਦੇ ਹਨ : "ਭਾਈ ਜੈ ਰਾਮ ਨੇ ਚਿੱਠੀ ਭੇਜੀ ਕਿ ਗੁਰੂ ਨਾਨਕ ਨੂੰ ਸੁਲਤਾਨਪੁਰ ਭੇਜ ਦਿੱਤਾ ਜਾਏ। ਅਕਤੂਬਰ ਸੰਨ 1504 ਵਿਚ ਜੈ ਰਾਮ ਪਾਸ ਚਲੇ ਗਏ। ਟੱਬਰ ਵੀ ਨਾਲ ਲੈ ਗਏ।" ਪ੍ਰੋ. ਸਾਹਿਬ ਸਿੰਘ ਜੀ 'ਆਲੋਚਨਾ' ਦੇ ਗੁਰੂ ਨਾਨਕ ਅੰਕ ਵਿੱਚ ਵਿਆਹ ਤਾਂ ਤਲਵੰਡੀ ਰਹਿੰਦੇ ਹੀ ਹੋਇਆ ਮੰਨਦੇ ਹਨ ਪਰ ਸਾਲ ਤੇ ਸਮਾਂ ਹੋਰ ਹੀ ਦਸਦੇ ਹਨ। ਉਹ ਲਿਖਦੇ ਹਨ : "ਜ਼ਿਕਰ ਹੈ ਤਕਰੀਬਨ 4 ਮੱਘਰ 1561 ਦਾ। ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਨੂੰ ਜਾਣ ਲਈ ਤਿਆਰ ਹੋ ਗਏ। ਉਨ੍ਹਾਂ ਦੀ ਉਮਰ ਤਦੋਂ 35 ਸਾਲ ਸਾਢੇ ਛੇ

ਮਹੀਨੇ ਸੀ। ਉਨ੍ਹਾਂ ਦੇ ਸਾਹਿਬਜ਼ਾਦੇ ਬਾਬਾ ਸ੍ਰੀ ਚੰਦ ਤੇ ਲਖਮੀ ਦਾਸ ਜੀ ਪੈਦਾ ਹੋ ਚੁੱਕੇ ਹੋਏ ਸਨ। ਭਾਂਈ ਮਰਦਾਨੇ ਨੂੰ ਨਾਲ ਲਿਉ ਨੇ। ਭਾਈ ਮਰਦਾਨਾ ਵੀ ਉਹਨਾਂ ਤੋਂ ਬਿਨਾਂ ਰਹਿ ਨਹੀਂ ਸੀ ਸਕਦਾ। ਆਪਣੇ ਪਰਿਵਾਰ ਨੂੰ ਹਾਲਾਂ ਆਪਣੇ ਮਾਤਾ ਪਿਤਾ ਪਾਸ ਹੀ ਛੱਡ ਆਏ।" ਅਗੇ ਚੱਲ ਕੇ ਪ੍ਰੋ. ਸਾਹਿਬ ਸਿੰਘ ਨੇ ਫਿਰ ਲਿਖਿਆ ਹੈ ਕਿ, "ਸੁਲਤਾਨਪੁਰ ਵਿੱਚ ਸਤਿਸੰਗ ਦੇ ਵਧਣ ਨਾਲ ਕਈ ਸਤਿਸੰਗੀਆਂ ਨੂੰ ਅਤੇ ਦੂਰੋਂ ਨੇੜਿਓਂ ਆਏ ਲੋੜਵੰਦਾਂ ਨੂੰ ਪ੍ਰਸ਼ਾਦ ਛਕਾਣਾ ਸਤਿਗੁਰੂ ਜੀ ਦੀ ਕਾਰ ਸੀ। ਇਤਨੇ ਕੰਮ ਦਾ ਭਾਰ ਬਹੁਤਾ ਚਿਰ ਭੈਣ ਉਤੇ ਨਹੀਂ ਸੀ ਪਾਇਆ ਜਾ ਸਕਦਾ। ਆਪਣੇ ਪਰਿਵਾਰ ਨੂੰ ਤਲਵੰਡੀ ਤੋਂ ਮੰਗਵਾ ਲਿਓ ਨੇ।"

ਭਾਈ ਬਾਲੇ ਵਾਲੀ ਜਨਮ ਸਾਖੀ ਤੇ ਭਾਈ ਸੰਤੋਖ ਸਿੰਘ ਜੀ ਨੇ "ਸ੍ਰੀ ਗੁਰੂ ਨਾਨਕ ਪ੍ਰਕਾਸ਼' ਵਿੱਚ ਗੁਰੂ ਨਾਨਕ ਦੇਵ ਜੀ ਦਾ ਵਿਆਹ ਸੁਲਤਾਨਪੁਰ ਰਹਿੰਦਿਆਂ ਹੋਇਆਂ ਪ੍ਰਗਟ ਕੀਤਾ ਹੈ। ਬਰਾਤ ਦਾ ਸੁਲਤਾਨਪੁਰ ਤੋਂ ਚੜ੍ਹਾਈ ਦਾ ਵੇਰਵਾ ਬਿਆਨ ਕੀਤਾ ਹੈ। ਡਾ. ਗੰਡਾ ਸਿੰਘ ਤੇ ਪ੍ਰਿੰਸੀਪਲ ਤੇਜਾ ਸਿੰਘ ਦੀ ਸਾਂਝੀ ਲਿਖੀ ਪੁਸਤਕ 'ਏ ਸ਼ਾਰਟ ਹਿਸਟਰੀ ਆਫ ਦੀ ਸਿਖਜ਼' ਵਿੱਚ ਮੰਨਦੇ ਹਨ ਕਿ ਗੁਰੂ ਨਾਨਕ ਦੇਵ ਜੀ ਦਾ ਵਿਆਹ ਸੁਲਤਾਨਪੁਰ ਆ ਕੇ ਨਵਾਬ ਦੇ ਮੋਦੀਖ਼ਾਨੇ ਦਾ ਮੋਦੀ ਬਣਨ ਪਿਛੋਂ ਹੋਇਆ ਤੇ ਇੱਥੇ ਹੀ ਉਨ੍ਹਾਂ ਦੇ ਦੋਹਾਂ ਸਪੁੱਤਰਾਂ ਦਾ ਜਨਮ ਹੋਇਆ।

'ਪੰਜਾਬ ਦਾ ਇਤਿਹਾਸ' ਵਿੱਚ ਪ੍ਰਿਥੀਪਾਲ ਸਿੰਘ ਕਪੂਰ ਤੇ ਸ੍ਰ. ਜੋਗਿੰਦਰ ਸਿੰਘ ਲਿਖਦੇ ਹਨ : "ਜੈ ਰਾਮ ਨੇ ਆਪਣੇ ਰਸੂਖ਼ ਨਾਲ ਨਾਨਕ ਜੀ ਨੂੰ ਮੋਦੀਖ਼ਾਨੇ (ਸਰਕਾਰੀ ਅਨਾਜ ਦੇ ਗੋਦਾਮ) ਦਾ ਮੁੱਖੀ ਨੀਯਤ ਕਰਵਾ ਦਿੱਤਾ। ਇੱਥੇ ਗੁਰੂ ਨਾਨਕ ਜੀ ਲੋਕਾਂ ਪਾਸੋਂ ਸਰਕਾਰੀ ਮਾਲੀਏ ਦੀ ਜਿਨਸ ਲੈ ਕੇ ਉਸ ਨੂੰ ਵੇਚਣ ਦਾ ਕੰਮ ਕਰਨ ਲੱਗੇ। ਗੁਰੂ ਨਾਨਕ ਜੀ ਨੇ ਆਪਣੀ ਜ਼ਿੰਮੇਵਾਰੀ ਪੂਰਨ ਯੋਗਤਾ ਸਹਿਤ ਨਿਭਾਈ। ਇਸ ਤੋਂ ਮਾਪਿਆਂ ਤੇ ਭੈਣ ਭਣਵਈਏ ਨੂੰ ਪ੍ਰਤੀਤ ਹੋਣ ਲੱਗਾ ਕਿ ਹੁਣ ਨਾਨਕ ਇਕ ਸਫ਼ਲ ਜਗਿਆਸੂ ਬਣ ਸਕੇਗਾ। ਨਾਲ ਹੀ ਨਾਨਕ ਜੀ ਦੀ ਉਮਰ 18 ਸਾਲ ਦੀ ਹੋ ਗਈ ਸੀ। ਇਸ ਲਈ ਉਹ ਉਸ ਦੇ ਵਿਆਹ ਦੀਆਂ ਵਿਉਂਤਾਂ ਬਨਾਉਣ ਲਗੇ। ਸੋ ਨਾਨਕ ਦਾ ਵਿਆਹ ਬਟਾਲਾ (ਵਰਤਮਾਨ ਜ਼ਿਲ੍ਹਾ ਗੁਰਦਾਸਪੁਰ) ਦੇ ਭਾਈ ਮੂਲੇ ਦੀ ਧੀ ਸੁਲੱਖਣੀ ਨਾਲ ਕਰ ਦਿੱਤਾ ਗਿਆ। ਗੁਰੂ ਨਾਨਕ ਨੇ ਇਸ ਪ੍ਰਕਾਰ ਸੁਲਤਾਨਪੁਰ ਵਿੱਚ ਲਗਭਗ ਦਸ ਸਾਲ ਇਕ ਆਦਰਸ਼ਕ ਗ੍ਰਿਹਸਥ ਜੀਵਨ ਬਤੀਤ ਕੀਤਾ।"

ਇਸੇ ਵਿਚਾਰ ਦੀ ਪ੍ਰੋੜ੍ਹਤਾ ਪ੍ਰੋ. ਪਿਆਰਾ ਸਿੰਘ ਪਦਮ 'ਸੰਖੇਪ ਸਿੱਖ ਇਤਿਹਾਸ' ਵਿੱਚ ਕਰਦੇ ਹਨ। ਉਹ ਲਿਖਦੇ ਹਨ : "ਅਨੋਖਾ ਜਿਹਾ ਬਾਲਪਨ ਬਿਤਾ ਕੇ ਆਪ ਆਪਣੀ ਭੈਣ ਨਾਨਕੀ ਪਾਸ ਸੁਲਤਾਨਪੁਰ ਚਲੇ ਗਏ ਤੇ ਉਥੇ ਨਵਾਬ ਦੌਲਤ ਖ਼ਾਨ ਲੋਧੀ ਦੇ ਮੋਦੀਖ਼ਾਨੇ ਦੀ ਨੌਕਰੀ ਕਰ ਲਈ। ਸ੍ਰੀ ਜੈ ਰਾਮ ਦੇ ਯਤਨ ਨਾਲ ਪਿੰਡ ਪਖੋਕੇ ਵਿੱਚ ਮੂਲ ਚੰਦ ਦੀ ਸੁਪਤਰੀ ਸੁਲੱਖਣੀ ਨਾਲ ਆਪ ਦੀ ਸ਼ਾਦੀ ਹੋਈ, ਜਿਸ ਤੋਂ ਸ੍ਰੀ ਚੰਦ (1494 ਈ:) ਤੇ ਲਖਮੀ ਦਾਸ (1496 ਈ:) ਦੋ ਪੁੱਤਰ ਪੈਦਾ ਹੋਏ।"

ਪ੍ਰਿੰਸੀਪਲ ਮਹਿੰਦਰ ਕੌਰ ਗਿੱਲ ਨੇ 'ਗੁਰੂ ਮਹਿਲ ਗਾਥਾ' ਵਿੱਚ ਬੇਬੇ ਨਾਨਕੀ ਬਾਰੇ ਲਿਖਦਿਆਂ ਗੁਰੂ ਨਾਨਕ ਦੇ ਵਿਆਹ ਦੇ ਪ੍ਰਸੰਗ ਵਿੱਚ ਲਿਖਿਆ ਹੈ : "ਇਕ ਦਿਨ ਜੈ ਰਾਮ ਨੇ ਬੇਬੇ ਨਾਨਕੀ ਨੂੰ ਦੱਸਿਆ, ਗੁਰਦਾਸਪੁਰ ਦੇ ਇਕ ਪਿੰਡ ਪਖੋਕੇ ਦਾ ਪਟਵਾਰੀ ਹੈ, ਜਿਸ ਦਾ ਨਾਮ ਹੈ ਮੂਲ ਚੰਦ, ਜੋ ਜ਼ਾਤ ਦਾ ਖਤਰੀ ਹੈ। ਉਹ ਲੜਕੀ ਦਾ ਨਾਤਾ ਆਪਣੇ ਨਾਨਕ

ਨਾਲ ਕਰਨ ਲਈ ਤਿਆਰ ਹੈ। ਬੇਬੇ ਨਾਨਕੀ ਦੇ ਵੀਰ ਦੀ ਕੁੜਮਾਈ ਹੋ ਗਈ। ਮਾਂ ਪਿਉ ਤਲਵੰਡੀ ਤੋਂ ਸੁਲਤਾਨਪੁਰ ਆ ਗਏ। ਨਾਨਕ ਜੀ ਦੇ ਵਿਆਹ ਦੀਆਂ ਖ਼ੁਸ਼ੀਆਂ ਮਨਾਈਆਂ ਗਈਆਂ। ਸ਼ਗਨ ਕੀਤੇ ਗਏ, ਖ਼ੈਰਾਤ ਵੰਡੀ ਗਈ। ਬਰਾਤ ਬੜੇ ਉਤਸ਼ਾਹ ਨਾਲ ਬਟਾਲੇ ਗਈ। ਇਸ ਬਰਾਤ ਵਿੱਚ ਰਾਏ ਬੁਲਾਰ ਵੀ ਸੀ, ਨਵਾਬ ਦੌਲਤ ਖ਼ਾਨ ਵੀ ਸੀ। ਸਜੇ ਘੋੜਿਆਂ ਨਾਲ ਸਜੀ ਜੰਞ ਦੀ ਸ਼ਾਨ ਅਨੋਖੀ ਹੀ ਸੀ।"

ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਸਮੇਂ 1969 ਈ: ਨੂੰ ਪੰਜਾਬ ਸਰਕਾਰ ਦੇ ਸੂਚਨਾ ਤੇ ਪ੍ਰਚਾਰ ਵਿਭਾਗ ਵਲੋਂ ਸੁਲਤਾਨਪੁਰ ਲੋਧੀ ਦੇ ਇਤਿਹਾਸ ਬਾਰੇ ਇਕ ਕਿਤਾਬਚਾ ਪ੍ਰਕਾਸ਼ਤ ਕੀਤਾ ਗਿਆ। ਉਸ ਵਿੱਚ ਸੁਲਤਾਨਪੁਰ ਲੋਧੀ ਦੇ ਨਗਰ ਆਬਾਦ ਹੋਣ ਤੋਂ ਲੈ ਕੇ ਹੁਣ ਤੱਕ ਦਾ ਸੰਖੇਪ ਇਤਿਹਾਸ ਵਰਨਣ ਕੀਤਾ ਹੈ। ਪੰਜਾਬ ਸਰਕਾਰ ਨੇ ਭਰੋਸੇ ਯੋਗ ਖੋਜ ਦੇ ਆਧਾਰ 'ਤੇ ਹੀ ਲਿਖਿਆ ਹੈ ਕਿ : ਗੁਰੂ ਨਾਨਕ ਦੇਵ 1484 ਈ: ਨੂੰ ਤਲਵੰਡੀ ਤੋਂ ਸੁਲਤਾਨਪੁਰ ਲੋਧੀ ਆ ਗਏ ਤੇ ਇੱਥੇ ਹੀ 1487 ਈ: ਨੂੰ ਉਨ੍ਹਾਂ ਦਾ ਵਿਆਹ ਬਟਾਲੇ ਦੇ ਮੂਲ ਚੰਦ ਦੀ ਸਪੁੱਤਰੀ ਸੁਲੱਖਣੀ ਜੀ ਨਾਲ ਹੋਇਆ ਤੇ ਸੁਲੱਖਣੀ ਜੀ ਆਪਣੇ ਪਤੀ ਦੇ ਘਰ ਆ ਗਏ। ਇੱਥੇ ਹੀ (ਸੁਲਤਾਨਪੁਰ ਵਿੱਚ) ਉਨ੍ਹਾਂ ਦੇ ਘਰ ਦੋ ਲੜਕਿਆਂ ਦਾ ਜਨਮ ਹੋਇਆ। ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ 14 ਸਾਲ ਸੁਲਤਾਨਪੁਰ ਲੋਧੀ ਵਿੱਚ ਹੀ ਬਿਤਾਏ ਤੇ ਇੱਥੋਂ ਹੀ ਜਗਤ ਨੂੰ ਕਲਿਆਣ ਦਾ ਸੰਦੇਸ਼ ਦੇਣ ਲਈ ਲੰਮੀਆਂ ਯਾਤਰਾਵਾਂ ਸ਼ੁਰੂ ਕੀਤੀਆਂ।

ਕਿਤਨਾ ਫ਼ਰਕ ਹੈ, ਇਤਿਹਾਸਕ ਜਾਣਕਾਰੀ ਵਿੱਚ। ਕੁਝ ਤਾਂ ਲਿਖਦੇ ਹਨ ਕਿ 32 ਜਾਂ 35 ਸਾਲ ਦੀ ਆਯੂ ਵਿੱਚ ਸੁਲਤਾਨਪੁਰ ਆਏ ਤੇ ਇੱਥੇ ਕੇਵਲ ਦੋ ਢਾਈ ਸਾਲ ਹੀ ਰਹੇ। ਦੂਜੇ ਪਾਸੇ 15 ਸਾਲ ਦੀ ਆਯੂ ਵਿੱਚ ਸੁਲਤਾਨਪੁਰ ਆਏ, 18 ਸਾਲ ਦੀ ਆਯੂ ਵਿੱਚ ਵਿਆਹ ਹੋ ਗਿਆ ਤੇ 14 ਸਾਲ ਸੁਲਤਾਨਪੁਰ ਲੋਧੀ ਰਹੇ। ਇਸ ਹਿਸਾਬ ਨਾਲ 11 ਸਾਲ ਮਾਤਾ ਸੁਲੱਖਣੀ ਜੀ ਵੀ ਗੁਰੂ ਨਾਨਕ ਦੇਵ ਜੀ ਦੇ ਨਾਲ ਸੁਲਤਾਨਪੁਰ ਲੋਧੀ ਵਿੱਚ ਰਹੇ।

ਡਾ. ਤ੍ਰਿਲੋਚਨ ਸਿੰਘ ਨੇ ਆਪਣੀ ਪੁਸਤਕ 'ਗੁਰੂ ਨਾਨਕ ਦੇਵ' ਵਿੱਚ ਲਿਖਿਆ ਹੈ ਕਿ ਰਿਸ਼ਤਾ ਤਾਂ ਜੈ ਰਾਮ ਜੀ ਦੀ ਵਾਕਫ਼ੀਅਤ ਨਾਲ ਹੋਇਆ। ਬਰਾਤ ਰਾਏ ਭੋਇੰ ਦੀ ਤਲਵੰਡੀ ਤੋਂ ਚੜ੍ਹੀ ਤੇ ਉਸ ਦੇ ਨਾਲ ਹੀ ਮਹਿਤਾ ਕਲਿਆਨ ਦਾਸ ਤੇ ਰਾਏ ਬੁਲਾਰ ਵੀ ਸੀ। ਪਹਿਲਾਂ ਇਹ ਸੁਲਤਾਨਪੁਰ ਆਏ ਤੇ ਇੱਥੋਂ ਬੇਬੇ ਨਾਨਕੀ ਦੇ ਘਰੋਂ ਸਾਰੀਆਂ ਸਮਾਜਕ ਰਸਮਾਂ ਤੇ ਖ਼ੁਸ਼ੀਆਂ ਕਰ ਕੇ ਬਰਾਤ ਬਟਾਲੇ ਗਈ। ਉਥੋਂ ਡੋਲੀ ਵਿਆਹ ਪਿੱਛੋਂ ਤਲਵੰਡੀ ਗਈ ਤੇ ਮਾਪਿਆਂ ਨੇ ਸਾਰੀਆਂ ਖ਼ੁਸ਼ੀਆਂ ਕੀਤੀਆਂ। ਪੇਕੇ ਫੇਰਾ ਪਾਉਣ ਲਈ ਉਥੋਂ ਬਟਾਲੇ ਚਲੇ ਗਏ ਤੇ ਮੁੜ ਸੁਲੱਖਣੀ ਜੀ ਆਪਣੇ ਪਤੀ ਪਾਸ ਸੁਲਤਾਨਪੁਰ ਹੀ ਆ ਗਏ। ਇਉਂ ਬਾਕੀ ਦੇ ਸਮੇਂ ਲਈ ਉਹ ਪਤੀ ਦੇ ਨਾਲ ਹੀ ਰਹੇ, ਜਦ ਤਕ ਕਿ ਗੁਰੂ ਨਾਨਕ ਉਦਾਸੀਆਂ ਲਈ ਨਹੀਂ ਚਲੇ ਗਏ।

ਜਨਮ ਸਾਖੀਆਂ ਤੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਮੁੱਢਲੇ ਲੇਖਕਾਂ ਨੇ ਜੰਞ ਦਾ ਵੇਰਵਾ ਤੇ ਬਟਾਲੇ ਵਿੱਚ ਵਾਪਰੇ ਹਾਲਾਤ ਬਾਰੇ ਕਾਫ਼ੀ ਕੁਝ ਦੱਸਿਆ ਹੈ। ਆਮ ਲਿਖਿਆ ਮਿਲਦਾ ਹੈ ਕਿ ਜੰਞ ਨਾਲ ਅਨੇਕਾਂ ਸਾਧੂ ਸੰਤ ਤੇ ਗੁਰੂ ਨਾਨਕ ਦੇ ਪ੍ਰੇਮੀ ਜਨ-ਸਾਧਾਰਨ ਵੀ ਸਨ, ਪਰ ਕਈ ਥਾਂ ਲਿਖਿਆ ਹੈ ਕਿ ਪੰਜਾਬ ਦੇ ਕਈ ਰਈਸ, ਨਵਾਬ ਤੇ ਹਾਕਮ ਵੀ ਜੰਞ ਨਾਲ ਸਨ। ਰਾਏ ਬੁਲਾਰ ਨੇ ਜਦੋਂ ਇਹ ਗੱਲ ਮੰਨਵਾਈ ਕਿ ਜੰਞ ਤਲਵੰਡੀ ਤੋਂ ਹੀ

ਪਹਿਲਾਂ ਅਰੰਭ ਹੋਵੇ ਤੇ ਨਾਲ ਉਹ ਆਪ ਵੀ ਚਲ ਪਿਆ। ਉਹਦੇ ਕਾਰਨ ਅਨੇਕਾਂ ਘੋੜੇ ਤੇ ਬੈਲਗੱਡੀਆਂ ਵੀ ਨਾਲ ਹੋਣਗੀਆਂ। ਫਿਰ ਸੁਲਤਾਨਪੁਰ ਦਾ ਨਵਾਬ ਦੌਲਤ ਖ਼ਾਂ ਲੋਧੀ ਵੀ ਜੰਞ ਵਿੱਚ ਸ਼ਾਮਲ ਸੀ, ਤਾਂ ਨਿਸਚੇ ਹੀ ਉਸ ਜੰਞ ਦੀ ਛੱਬ ਅਨੋਖੀ ਹੋਵੇਗੀ। ਇਕ ਪਾਸੇ ਰਾਜੇ ਤੇ ਨਵਾਬ ਜੰਞ ਵਿੱਚ ਸਨ ਤੇ ਦੂਜੇ ਪਾਸੇ ਸਾਧੂ ਸੰਤ ਤੇ ਆਤਮਕ ਤੌਰ ਤੇ ਵਰੋਸਾਏ ਸਾਧਾਰਨ ਦਿਸ ਆਉਂਦੇ ਲੋਕ ਸਨ।

ਜੰਞ ਦੇ ਬਟਾਲੇ ਪਹੁੰਚਣ ਤੇ ਗੁਰੂ ਨਾਨਕ ਨੂੰ ਇਕ ਕੱਚੀ ਕੰਧ ਹੇਠ ਕਿਉਂ ਬਿਠਾਇਆ ਗਿਆ। ਇਸ ਬਾਰੇ ਵੀ ਕਈ ਵਿਚਾਰ ਪਹਿਲਾਂ ਪ੍ਰਚਲਤ ਸਨ ਪਰ ਹੁਣ ਵਰਤਮਾਨ ਕਾਲ ਦੇ ਲੇਖਕਾਂ ਨੇ ਕੁਝ ਪੁਰਾਣੇ ਹਵਾਲਿਆਂ ਨਾਲ ਇਹ ਸਾਬਤ ਕਰ ਦਿੱਤਾ ਹੈ ਕਿ ਅਸਲ ਝਗੜਾ ਵਿਆਹ ਦੇ ਖ਼ਾਸ ਕਰਕੇ ਲਾਵਾਂ ਦੇ ਤਰੀਕੇ ਬਾਰੇ ਹੋ ਗਿਆ। ਪੰਡਤਾਂ ਨੇ ਵਿਆਹ ਦੀ ਜਦ ਵਿਧੀ ਬਾਰੇ ਗੱਲ ਕੀਤੀ ਤਾਂ ਗੁਰੂ ਨਾਨਕ ਨੇ ਸਾਫ਼ ਕਿਹਾ ਕਿ ਉਹ ਥਿਤਵਾਰ ਜਾਂ ਸਮੇਂ ਬਾਰੇ ਵਹਿਮ ਨਹੀਂ ਕਰਦੇ। ਉਨ੍ਹਾਂ ਅਨੁਸਾਰ ਸਭ ਸਮਾਂ ਪਵਿੱਤਰ ਹੈ। ਦੂਜਾ ਉਹ ਪੁਰਾਣੀ ਪ੍ਰਚਲਤ ਰੀਤ ਨੂੰ ਤੋੜਨਾ ਚਾਹੁੰਦੇ ਸਨ ਤੇ ਨਵੀਂ ਉਸਾਰੂ ਸੋਚ ਪ੍ਰਚਲਤ ਕਰਨਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਬ੍ਰਾਹਮਣਾਂ ਦੇ ਚੱਕਰ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਮੂਲ ਚੰਦ ਜੀ ਪੂਰੀ ਤਰ੍ਹਾਂ ਬ੍ਰਾਹਮਣਾਂ ਦੇ ਪ੍ਰਭਾਵ ਹੇਠ ਸਨ। ਉਨ੍ਹਾਂ ਨੇ ਆਪਣੀ ਧੀ ਸੁਲੱਖਣੀ ਦਾ ਵਿਆਹ ਨਾਨਕ ਜੀ ਨਾਲ ਕਰਨ ਤੋਂ ਝਿਜਕਦਿਆਂ ਜੰਞ ਨੂੰ ਵਾਪਸ ਕਰਨ ਦੀ ਧਮਕੀ ਦੇ ਦਿੱਤੀ। ਮਾਮਲਾ ਵਿਗੜਦਾ ਗਿਆ। ਇਹ ਗੱਲ ਨਗਰ ਬਟਾਲੇ ਵਿੱਚ ਵੀ ਧੁੰਮ ਗਈ। ਇਸ ਸਮੇਂ ਬਟਾਲੇ ਦੇ ਇਕ ਹੋਰ ਮੁੱਖੀ ਸੱਜਣ ਭੰਡਾਰੀ ਨੇ ਆਪਣੀ ਲੜਕੀ ਦੇ ਰਿਸ਼ਤੇ ਦੀ ਗੁਰੂ ਨਾਨਕ ਨੂੰ ਪੇਸ਼ਕਸ਼ ਕਰ ਦਿੱਤੀ। ਉਨ੍ਹਾਂ ਕਿਹਾ ਕਿ ਅਸੀਂ ਬਰਾਤ ਨੂੰ ਬਿਨਾਂ ਵਿਆਹ ਵਾਪਸ ਨਹੀਂ ਜਾਣ ਦਿਆਂਗੇ।

ਉਧਰੋਂ ਬ੍ਰਾਹਮਣਾਂ ਨੇ ਆਖਿਆ ਕਿ ਅਸੀਂ ਨਾਨਕ ਨਾਲ ਬਹਿਸ ਕਰਨਾ ਚਾਹੁੰਦੇ ਹਾਂ, ਜੇਕਰ ਇਹ ਜਿੱਤ ਲੈਣ ਤਾਂ ਇਨ੍ਹਾਂ ਦੇ ਢੰਗ ਤਰੀਕੇ ਨਾਲ ਵਿਆਹ ਹੋ ਜਾਏਗਾ ਤੇ ਜੇਕਰ ਇਹ ਹਾਰ ਜਾਣ ਤਾਂ ਸਾਡੀ ਗੱਲ ਮੰਨ ਲੈਣ। ਅਸਲ ਵਿੱਚ ਸਾਜ਼ਿਸ਼ ਇਹ ਹੋਈ ਕਿ ਨਾਨਕ ਜੀ ਦਾ ਵਿਆਹ ਜੇ ਸਾਡੇ ਘਰ ਨਹੀਂ ਹੁੰਦਾ ਤਾਂ ਭੰਡਾਰੀ ਦੇ ਘਰ ਵੀ ਨਾ ਹੋਵੇ ਤੇ ਇਸ ਨਾਲੋਂ ਚੰਗਾ ਹੈ ਕਿ ਨਾਨਕ ਜੀ ਦੀ ਹੱਤਿਆ ਹੋ ਜਾਏ। ਉਨ੍ਹਾਂ ਇਸ ਸਾਜ਼ਿਸ਼ ਅਧੀਨ ਇਕ ਕੱਚੀ, ਉਲਰੀ ਹੋਈ ਕੰਧ ਪਾਸ ਨਾਨਕ ਜੀ ਨੂੰ ਬਿਠਾ ਦਿੱਤਾ ਜੋ ਡਿੱਗਣ ਵਾਲੀ ਸੀ। ਉਸ ਸਮੇਂ ਮੀਂਹ ਦੀ ਕਿਣਮਿਣ ਦੇ ਨਾਲ ਤੇਜ਼ ਹਵਾ ਵੀ ਚਲ ਰਹੀ ਸੀ। ਸਾਖੀਆਂ ਵਿੱਚ ਆਉਂਦਾ ਹੈ ਕਿ ਇਕ ਮਾਈ ਨੇ ਗੁਰੂ ਨਾਨਕ ਦੇਵ ਜੀ ਨੂੰ ਕੰਧ ਨੇੜੇ ਬੈਠਿਆਂ ਦੇਖ ਕੇ ਕੰਨ ਵਿੱਚ ਆਖਿਆ ਕਿ, "ਇੱਥੋਂ ਉੱਠ ਜਾਓ। ਇਹ ਤੁਹਾਨੂੰ ਮਾਰਨ ਦੀ ਸਾਜ਼ਿਸ਼ ਹੈ। ਕੰਧ ਹੁਣੇ ਡਿੱਗ ਪਵੇਗੀ ਜਾਂ ਡੇਗ ਦਿੱਤੀ ਜਾਵੇਗੀ।" ਪਰ ਗੁਰੂ ਨਾਨਕ ਦੇਵ ਜੀ ਦੇ ਮੂੰਹੋਂ ਸਹਿਜ ਸੁਭਾਇ ਨਿਕਲਿਆ, "ਇਹ ਕੰਧ ਤਾਂ ਜੁਗਾਂ ਜੁਗਾਂਤਰਾਂ ਤੱਕ ਇਸੇ ਤਰ੍ਹਾਂ ਖੜੀ ਰਹੇਗੀ।" ਉਸੇ ਤਰ੍ਹਾਂ ਹੋਇਆ, ਉਹ ਕੰਧ ਅੱਜ ਵੀ ਬਟਾਲੇ ਵਿੱਚ ਉਸੇ ਇਤਿਹਾਸਕ ਥਾਂ ਤੇ ਖੜੀ ਹੈ ਤੇ ਉਸ ਥਾਂ ਇਕ ਸ਼ਾਨਦਾਰ ਗੁਰਦੁਆਰਾ ਉਸਰਿਆ ਹੋਇਆ ਹੈ।

ਇਥੇ ਹੋਈ ਬਹਿਸ ਪਿੱਛੋਂ ਗੁਰੂ ਨਾਨਕ ਦੇਵ ਜੀ ਦਾ ਵਿਆਹ ਉਸੇ ਢੰਗ ਤਰੀਕੇ ਨਾਲ ਹੋਇਆ ਜਿਸਤਰ੍ਹਾਂ ਗੁਰੂ ਨਾਨਕ ਦੇਵ ਚਾਹੁੰਦੇ ਸਨ। ਉਨ੍ਹਾਂ ਚਾਰ ਲਾਵਾਂ ਲਈਆਂ ਤੇ ਉਸ ਸਮੇਂ ਜੋ ਸ਼ਬਦ ਉਚਾਰੇ ਉਹ ਜਨਮ ਸਾਖੀਆਂ ਵਿੱਚ ਦਰਜ ਹਨ। ਗੁਰੂ ਗ੍ਰੰਥ ਸਾਹਿਬ

ਦੀਆਂ ਉਚਾਰੀਆਂ ਲਾਵਾਂ ਨਾਲੋਂ ਭਿੰਨ ਵੀ ਹਨ ਤੇ ਮਿਲਦੀਆਂ ਵੀ ਹਨ। ਇੱਥੇ ਵਿਚਾਰ ਯੋਗ ਗੱਲ ਇਹ ਹੈ ਕਿ ਕਿਸੇ ਵੀ ਪੁਰਾਣੇ ਲੇਖਕ ਨੇ ਝਗੜੇ ਸਮੇਂ ਸੁਲੱਖਣੀ ਜੀ ਦੇ ਵਿਚਾਰਾਂ ਤੇ ਜਜ਼ਬਾਤ ਦਾ ਜ਼ਿਕਰ ਨਹੀਂ ਕੀਤਾ, ਹਾਲਾਂ ਕਿ ਇਸ ਤਣਾਅ ਤੇ ਰਿਸ਼ਤਾ ਟੁੱਟਣ ਤੱਕ ਦੀ ਧਮਕੀ ਨਾਲ ਸਭ ਤੋਂ ਵਧ ਅਸਰ ਤੇ ਮਾਨਸਿਕ ਕਸ਼ਟ ਸੁਲੱਖਣੀ ਜੀ ਨੂੰ ਹੀ ਹੋਇਆ ਹੋਵੇਗਾ। ਉਨ੍ਹਾਂ ਨੇ ਇਸ ਸੰਕਟ ਸਮੇਂ ਕੀ ਕੁਝ ਸੋਚਿਆ ਜਾਂ ਕੀਤਾ ਹੋਵੇਗਾ, ਉਸ ਬਾਰੇ ਅਸੀਂ ਹੁਣ ਅਨੁਮਾਨ ਹੀ ਲਾ ਸਕਦੇ ਹਾਂ। ਲਿਖਿਆ ਹੋਇਆ ਤਾਂ ਕਿਧਰੇ ਮਿਲਦਾ ਨਹੀਂ। ਸਾਡਾ ਅਨੁਮਾਨ ਹੈ ਕਿ ਉਸ ਸਮੇਂ ਸੁਲੱਖਣੀ ਜੀ ਬਿਲਕੁਲ ਰਿਸ਼ਤਾ ਤੋੜਨ ਜਾਂ ਜੰਞ ਵਾਪਸ ਕਰਨ ਦੇ ਹੱਕ ਵਿੱਚ ਨਹੀਂ ਹੋਣਗੇ। ਉਨ੍ਹਾਂ ਨੇ ਜੇਕਰ ਆਪ ਪਿਤਾ ਨਾਲ ਸਿੱਧੀ ਗੱਲਬਾਤ ਨਾ ਵੀ ਕੀਤੀ ਹੋਵੇ ਤਾਂ ਵੀ ਉਨ੍ਹਾਂ ਜ਼ਰੂਰ ਸਹੇਲੀਆਂ ਜਾਂ ਮਾਂ ਰਾਹੀਂ ਆਪਣੇ ਪਿਤਾ ਤਕ ਇਹ ਗੱਲ ਪਹੁੰਚਾਈ ਹੋਵੇਗੀ ਕਿ ਉਹ ਗੁਰੂ ਨਾਨਕ ਦੀ ਮੰਗੇਤਰ ਹੈ ਤੇ ਇਥੇ ਹੀ ਵਿਆਹ ਕਰਵਾਏਗੀ। ਉਹ ਹੁਣ ਹੋਰ ਕਿਸੇ ਨਾਲ ਵਿਆਹ ਦੀ ਗੱਲ ਸੋਚ ਵੀ ਨਹੀਂ ਸਕਦੀ। ਹੋ ਸਕਦਾ ਹੈ ਕਿ ਉਹਦੀ ਰਾਏ ਦੇ ਪਹੁੰਚਣ ਪਿੱਛੋਂ ਪਿਤਾ ਮੂਲ ਚੰਦ ਨੇ ਆਪਣੀ ਜ਼ਿੱਦ ਛੱਡ ਦਿੱਤੀ ਹੋਵੇ ਤੇ ਵਿਆਹ ਗੁਰੂ ਨਾਨਕ ਨਾਲ ਹੀ ਕਰਨ ਲਈ ਰਾਜ਼ੀ ਹੋਇਆ ਹੋਵੇ। ਇਹ ਵੀ ਸੰਭਵ ਹੈ ਕਿ ਗੁਰੂ ਨਾਨਕ ਨੂੰ ਕੰਧ ਹੇਠ ਦਬਾਅ ਕੇ ਮਾਰਨ ਦੀ ਸਾਜ਼ਿਸ਼ ਦਾ ਸੁਲੱਖਣੀ ਜੀ ਨੂੰ ਪਤਾ ਲੱਗ ਗਿਆ ਹੋਵੇ ਤੇ ਉਹਨੇ ਹੀ ਮਾਈ ਗੁਰੂ ਨਾਨਕ ਨੂੰ ਸਾਵਧਾਨ ਕਰਨ ਲਈ ਭੇਜੀ ਹੋਵੇ।

ਗੁਰੂ ਨਾਨਕ ਦੀ ਮਹਿਮਾ ਉਸ ਸਮੇਂ ਤੱਕ ਬਹੁਤ ਦੂਰ ਦੂਰ ਤੱਕ ਫੈਲ ਚੁੱਕੀ ਸੀ। ਰਾਏ ਬੁਲਾਰ ਤਾਂ ਥਾਂ ਥਾਂ ਹਰ ਕਿਸੇ ਨੂੰ ਕਹਿੰਦਾ ਫਿਰਦਾ ਸੀ ਕਿ ਇਹ ਕੋਈ ਸਾਧਾਰਨ ਮਨੁੱਖ ਨਹੀਂ, ਰੱਬ ਦਾ ਕੋਈ ਵਿਸ਼ੇਸ਼ ਨੂਰ ਹੈ। ਬੇਬੇ ਨਾਨਕੀ ਵੀ ਹਰ ਕਿਸੇ ਨੂੰ ਦਸ ਰਹੀ ਸੀ ਕਿ ਉਹਦਾ ਵੀਰ ਬਹੁਤ ਉੱਚੀ ਤੇ ਪਵਿੱਤਰ ਆਤਮਾ ਹੈ। ਇਹ ਪ੍ਰਮਾਤਮਾ ਦਾ ਰੂਪ ਹੈ। ਇਸੇ ਤਰ੍ਹਾਂ ਕੀਰਤਨ ਵਿੱਚ ਆਉਣ ਵਾਲੇ ਤੇ ਨਿੱਤ ਗੁਰੂ ਨਾਨਕ ਦੀ ਸੰਗਤ ਕਰਨ ਵਾਲੇ ਵੀ ਇਹੀ ਪ੍ਰਭਾਵ ਲੈ ਕੇ ਜਾਂਦੇ ਸਨ। ਨਿਸਚੇ ਹੀ ਜਦੋਂ ਮੂਲ ਚੰਦ ਜੀ ਧੀ ਦਾ ਰਿਸ਼ਤਾ ਕਰਨ ਲਈ ਆਏ ਹੋਣਗੇ ਤਾਂ ਉਨ੍ਹਾਂ ਨੇ ਵੀ ਇਹੀ ਪ੍ਰਭਾਵ ਲਿਆ ਤੇ ਸੁਣਿਆ ਹੋਵੇਗਾ। ਇਸ ਤਰ੍ਹਾਂ ਦੀ ਰੱਬੀ ਜੋਤ ਨਾਨਕ ਜੀ ਦੇ ਬਾਰੇ ਗੱਲਾਂ ਸੁਲੱਖਣੀ ਜੀ ਤੱਕ ਵੀ ਪਹੁੰਚੀਆਂ ਹੋਣਗੀਆ ਤੇ ਉਹ ਮੰਗਣੀ ਪਿੱਛੋਂ ਦੋ ਸਾਲ ਜਿਸ ਮਹਾਨ ਆਤਮਾ ਨੂੰ ਆਪਣਾ ਪਤੀ ਮੰਨ ਵਿੱਚ ਸਵੀਕਾਰ ਕਰ ਬੈਠੀ ਸੀ, ਉਸ ਨਾਲੋਂ ਰਿਸ਼ਤਾ ਟੁੱਟਣ ਦੀ ਗੱਲ ਦਾ ਕਿਤਨਾ ਅਸਰ ਹੋਇਆ ਹੋਵੇਗਾ, ਪਰ ਅਫ਼ਸੋਸ ਕਿਸੇ ਇਤਿਹਾਸ ਲੇਖਕ ਨੇ ਇਸ ਪੱਖ ਤੇ ਚਾਨਣਾ ਨਹੀਂ ਪਾਇਆ।

ਮਾਤਾ ਸੁਲੱਖਣੀ ਵਿਆਹੀ ਹੋਈ ਸੁਲਤਾਨਪੁਰ ਲੋਧੀ ਆ ਗਈ। ਬੇਬੇ ਨਾਨਕੀ ਨੇ ਪਹਿਲਾਂ ਹੀ ਗੁਰੂ ਨਾਨਕ ਦੇਵ ਦੇ ਪਰਿਵਾਰ ਲਈ ਇਕ ਵੱਖਰਾ ਤੇ ਖੁੱਲ੍ਹਾ ਮਕਾਨ ਤਿਆਰ ਕਰਵਾ ਦਿੱਤਾ। ਉਹ ਜਾਣਦੀ ਸੀ ਕਿ ਉਹਦੇ ਵੀਰ ਨੇ ਜਿਸ ਘਰ ਵਿੱਚ ਰਹਿਣਾ ਹੈ, ਉਥੇ ਸਵੇਰੇ-ਸ਼ਾਮ ਸਤਿਸੰਗ ਹੀ ਹੋਵੇਗਾ। ਦੀਵਾਨ ਸਜਣਗੇ, ਕੀਰਤਨ ਹੋਣਗੇ ਤੇ ਰੌਣਕਾਂ ਰਹਿਣਗੀਆਂ। ਇਸ ਲਈ ਖੁੱਲ੍ਹੀ ਥਾਂ ਚਾਹੀਦੀ ਏ। ਡਾ. ਮਹਿੰਦਰ ਕੌਰ ਗਿੱਲ ਨੇ ਇਸ ਦਾ ਵਰਨਣ ਕਰਦਿਆਂ ਲਿਖਿਆ ਹੈ : "ਕੁਝ ਦਿਨਾਂ ਬਾਅਦ ਸੁਲੱਖਣੀ ਜੀ ਵੀ ਸੁਲਤਾਨਪੁਰ ਆ ਗਈ। ਬੇਬੇ ਨਾਨਕੀ ਨੇ ਭਰਾ ਭਰਜਾਈ ਨੂੰ ਵੱਖਰਾ ਘਰ ਦਿੱਤਾ। ਮਸਤ ਮਲੰਗ ਵੀਰ ਨਾਨਕ ਨੂੰ ਘਰ ਦਾ ਸਾਮਾਨ ਬਣਾਂਦਿਆਂ ਵੇਖ ਭੈਣ ਨਾਨਕੀ ਮਨ ਹੀ ਮਨ ਬਲਿਹਾਰੇ ਜਾਂਦੀ।

ਹੁਣ ਉਸ ਦਾ ਵੀਰ ਗ੍ਰਹਿਸਤੀ ਬਣ ਗਿਆ ਸੀ। ਵੀਰ ਦਾ ਘਰ ਆਬਾਦ ਵੇਖ ਕੇ ਹਰ ਵੇਲੇ ਸ਼ੁਕਰ ਸ਼ੁਕਰ ਕਰਦੀ ਭੈਣ ਨਾਨਕੀ।"

ਇੱਥੇ ਆ ਕੇ ਸਾਡੇ ਸਾਖੀਕਾਰ ਤੇ ਇਤਿਹਾਸ ਲੇਖਕ ਮਾਤਾ ਸੁਲੱਖਣੀ ਬਾਰੇ ਕੁਝ ਚਰਚਾ ਨਹੀਂ ਕਰਦੇ ਹਾਲਾਂਕਿ ਇਹ ਕੁਦਰਤੀ ਹੈ ਕਿ ਨਵੀਂ ਵਿਆਹੀ ਆਈ ਸੁਲੱਖਣੀ ਨੇ ਕਈ ਕੁਝ ਸੁਣਿਆ ਤੇ ਦੇਖਿਆ ਹੋਵੇਗਾ। ਹਰ ਔਰਤ ਦਾ ਸਹੁਰੇ ਘਰ ਆ ਕੇ ਪਹਿਲਾਂ ਦੇਖਣਾ ਤੇ ਸੁਣਨਾ ਹੁੰਦਾ ਹੈ। ਸੁਲੱਖਣੀ ਜੀ ਨੇ ਇਕ ਮਹੀਨਾ ਪਹਿਲਾਂ ਤਲਵੰਡੀ ਰਹਿ ਕੇ ਤੇ ਫਿਰ ਸੁਲਤਾਨਪੁਰ ਲੋਧੀ ਆ ਕੇ ਹਰ ਕਿਸੇ ਤੋਂ ਸੁਣ ਲਿਆ ਹੋਵੇਗਾ ਕਿ ਨਾਨਕ ਜੀ ਰੱਬ ਦਾ ਰੂਪ ਹਨ। ਬਹੁਤ ਹੀ ਉੱਚੀ ਆਤਮਾ ਹਨ। ਉਨ੍ਹਾਂ ਦਾ ਦੁਨੀਆਂਦਾਰੀ ਨਾਲ ਮੋਹ ਘੱਟ ਹੈ। ਮਾਇਆ—ਆਪਣੇ ਮਾਇਆ ਜਾਲ ਵਿੱਚ ਉਨ੍ਹਾਂ ਨੂੰ ਫਸਾ ਨਹੀਂ ਸਕੀ। ਉਨ੍ਹਾਂ ਦੀ ਲਿਵ ਹਰ ਸਮੇਂ ਪ੍ਰਭੂ ਨਾਲ ਜੁੜੀ ਰਹਿੰਦੀ ਹੈ। ਉਨ੍ਹਾਂ ਦੀ ਖ਼ੁਸ਼ੀ ਕੀਰਤਨ ਕਰਨ ਤੇ ਸਾਧ ਸੰਗਤ ਵਿੱਚ ਪ੍ਰਭੂ ਜਸ ਗਾਇਨ ਵਿੱਚ ਹੁੰਦੀ ਹੈ। ਇਸ ਲਈ ਨਿਸਚੇ ਹੀ ਗੱਲਾਂ ਸੁਣ ਸੁਣ ਕੇ ਤੇ ਫਿਰ ਗੁਰੂ ਨਾਨਕ ਨਾਲ ਉਹਦੇ ਘਰ ਵਿੱਚ ਰਹਿ ਕੇ ਮਾਤਾ ਸੁਲੱਖਣੀ ਜੀ ਆਮ ਦੁਨੀਆਂਦਾਰ ਔਰਤ ਨਹੀਂ ਸਨ ਰਹਿ ਸਕਦੇ। ਉਹਨਾਂ ਅੰਦਰਲਾ ਤ੍ਰੀਮਤਪਨ ਪਤੀ ਪਿਆਰ ਨਾਲ ਹੋਰ ਭਰਪੂਰ ਹੋ ਗਿਆ ਹੋਵੇਗਾ। ਪਤੀ ਦਾ ਸਤਿਕਾਰ ਅਵੱਸ਼ ਵਧ ਗਿਆ ਹੋਵੇਗਾ ਤੇ ਉਹ ਪਤੀ ਦੀ ਰਜ਼ਾ ਵਿੱਚ ਰਹਿਣਾ ਤੇ ਉਹਨਾਂ ਦੀ ਖ਼ੁਸ਼ੀ ਨੂੰ ਆਪਣੀ ਖ਼ੁਸ਼ੀ ਸਮਝਣ ਲਗ ਪਈ ਹੋਵੇਗੀ।

ਜਿਵੇਂ ਕਿ ਡਾ. ਮਹਿੰਦਰ ਕੌਰ ਗਿੱਲ ਦੀ ਉਪਰ ਦਿੱਤੀ ਟੂਕ ਤੋਂ ਸਪੱਸ਼ਟ ਹੈ ਕਿ ਗੁਰੂ ਨਾਨਕ ਨੇ ਆਪਣੇ ਵੱਖਰੇ ਘਰ ਵਿੱਚ ਜਾ ਕੇ ਘਰ ਦਾ ਸਾਮਾਨ ਬਣਾਇਆ, ਖਰੀਦਿਆ ਤੇ ਇਕ ਗ੍ਰਹਿਸਤੀ ਵਾਂਗ ਆਪਣੀ ਪਤਨੀ ਤੇ ਪਰਿਵਾਰ ਦੀਆਂ ਸਭ ਲੋੜਾਂ ਦਾ ਖ਼ਿਆਲ ਕੀਤਾ। ਉਹਨਾਂ ਨੂੰ ਪੂਰਿਆਂ ਕੀਤਾ। ਇਉਂ ਗੁਰੂ ਨਾਨਕ ਦੇਵ ਦੁਨੀਆਂ ਸਾਹਮਣੇ ਇਕ ਸਫ਼ਲ ਪਰਵਾਰਕ ਜੀਵਨ ਜੀਊਣ ਦੀ ਮਿਸਾਲ ਪੈਦਾ ਕਰ ਰਹੇ ਸਨ, ਇਸ ਲਈ ਉਸ ਜੀਵਨ ਵਿੱਚ ਕਿਸ ਤਰ੍ਹਾਂ ਤਰੁੱਟੀਆਂ ਰਹਿ ਸਕਦੀਆਂ ਸਨ। ਸੁਲੱਖਣੀ ਅਵੱਸ਼ ਗੁਰੂ ਨਾਨਕ ਦੇ ਘਰ ਆ ਕੇ ਇਕ ਸੰਤੁਸ਼ਟ ਜੀਵਨ ਜੀਅ ਰਹੀ ਸੀ। ਔਰਤ ਦਾ ਦੈਵੀ ਗੁਣ ਮਾਂ ਬਣਨ ਵਿੱਚ ਹੈ ਤੇ ਸੁਲੱਖਣੀ ਜੀ ਨੂੰ ਗੁਰੂ ਨਾਨਕ ਦੀ ਪਤਨੀ ਬਣ ਕੇ ਇਹ ਦਾਤ ਵੀ ਪ੍ਰਾਪਤ ਹੋ ਗਈ। ਦੋ ਸਾਲਾਂ ਦੇ ਫ਼ਰਕ ਨਾਲ ਉਨ੍ਹਾਂ ਦੇ ਘਰ ਦੋ ਸਪੁੱਤਰਾਂ ਦਾ ਜਨਮ ਹੋਇਆ। ਉਹਨਾਂ ਬੱਚਿਆਂ ਨੂੰ ਕਈ ਸਾਲਾਂ ਤੱਕ ਪਿਤਾ ਦਾ ਰਜਵਾਂ ਪਿਆਰ ਮਿਲਿਆ। ਭੂਆ ਬੇਬੇ ਨਾਨਕੀ ਉਹਨਾਂ ਨੂੰ ਹੋਰ ਵਧੇਰੇ ਪਿਆਰ ਕਰਨ ਵਾਲੀ ਸੀ। ਕਿਸੇ ਇਤਿਹਾਸ ਲੇਖਕ ਨੇ ਨਹੀਂ ਲਿਖਿਆ ਕਿ ਕਿਸੇ ਪਾਸਿਓਂ ਵੀ ਮਾਤਾ ਸੁਲੱਖਣੀ ਜੀ ਨੂੰ ਕੋਈ ਸ਼ਿਕਾਇਤ ਸੀ।

ਜਦੋਂ ਸੁਲੱਖਣੀ ਜੀ ਵਿਆਹੇ ਸੁਲਤਾਨਪੁਰ ਆਏ ਤਾਂ ਪਹਿਲਾਂ ਕੁਝ ਜ਼ਰੂਰ ਬੇਬੇ ਨਾਨਕੀ ਨੇ ਆਪਣੇ ਘਰ ਰੱਖਿਆ ਹੋਵੇਗਾ, ਇਕ ਮਹੀਨਾ ਪਹਿਲਾਂ ਉਹ ਤਲਵੰਡੀ ਆਪਣੀ ਸੱਸ ਮਾਤਾ ਤ੍ਰਿਪਤਾ ਜੀ ਪਾਸ ਵੀ ਰਹਿ ਆਈ ਸੀ। ਦੋਵੇਂ ਥਾਂ ਉਹਨੇ ਦੇਖਿਆ ਕਿ ਨਾਨਕ ਜੀ ਦੇ ਘਰ ਸਤਿਸੰਗੀਆਂ ਦੀ ਹਮੇਸ਼ਾ ਭੀੜ ਲੱਗੀ ਰਹਿੰਦੀ। ਖ਼ਾਸ ਕਰ ਕੇ ਸੁਲਤਾਨਪੁਰ ਵਿੱਚ ਉਹਨੇ ਬੇਬੇ ਨਾਨਕੀ ਦੇ ਘਰ ਦੇਖ ਲਿਆ ਸੀ ਕਿ ਕਿਸ ਤਰ੍ਹਾਂ ਸਵੇਰੇ ਸ਼ਾਮ ਲੰਗਰ ਲੱਗਾ ਰਹਿੰਦਾ ਹੈ। ਜਿਹੜਾ ਵੀ ਮਿਲਣ ਆਉਂਦਾ ਹੈ, ਕੋਈ ਪਰਦੇਸੀ ਜਾਂ ਸਾਧੂ ਸੰਤ ਆ ਜਾਏ, ਉਹਨੂੰ ਲੰਗਰ ਛੱਕੇ ਬਿਨਾਂ ਘਰੋਂ ਜਾਣ ਨਹੀਂ ਦਿੱਤਾ ਜਾਂਦਾ। ਸੋ ਜਦੋਂ ਉਨ੍ਹਾਂ ਨੂੰ ਵੱਖਰੇ

ਘਰ ਵਿੱਚ ਜਾ ਕੇ ਰਹਿਣਾ ਪਿਆ ਤਾਂ ਉਹਨਾਂ ਇਸੇ ਤਰ੍ਹਾਂ ਕੀਤਾ ਹੋਵੇਗਾ। ਪਤੀ ਦੀਆਂ ਖ਼ੁਸ਼ੀਆਂ ਵਿੱਚ ਆਪਣਾ ਯੋਗਦਾਨ ਪਾਇਆ ਹੋਵੇਗਾ। ਉਸੇ ਤਰ੍ਹਾਂ ਆਪਣੇ ਘਰ ਵਿੱਚ ਉਹ ਸਵੇਰੇ ਸ਼ਾਮ ਅਨੇਕਾਂ ਵਿਅਕਤੀਆਂ ਲਈ ਲੰਗਰ ਤਿਆਰ ਕਰਦੀ ਤੇ ਸਵੇਰੇ ਸ਼ਾਮ ਦੇ ਕੀਰਤਨ ਪ੍ਰੋਗਰਾਮ ਵਿੱਚ ਸ਼ਾਮਲ ਹੁੰਦੀ ਹੋਵੇਗੀ। ਜੇਕਰ ਲੋਕਾਂ ਤੇ ਇਸ ਰੂਹਾਨੀ ਸਤਿਸੰਗ ਦਾ ਅਸਰ ਹੋ ਰਿਹਾ ਸੀ ਤੇ ਕਿਸ ਤਰ੍ਹਾਂ ਸੁਲੱਖਣੀ ਜੀ ਇਸ ਤੋਂ ਵਾਂਝੇ ਰਹਿ ਸਕਦੇ ਸਨ। ਜੇ ਕਦੇ ਉਹਨਾਂ ਨੇ ਇਸ ਤਰ੍ਹਾਂ ਦੇ ਸਤਿਸੰਗ ਜਾਂ ਲੰਗਰ ਚਲਾਉਣ ਤੇ ਇਤਰਾਜ਼ ਕੀਤਾ ਹੁੰਦਾ ਜਾਂ ਨਾਂਹ-ਨੁਕਰ ਕੀਤੀ ਹੁੰਦੀ ਤਾਂ ਅਵੱਸ਼ ਸਿੱਖਾਂ ਦੇ ਵਿਰੋਧੀ ਇਤਿਹਾਸਕਾਰਾਂ ਨੇ ਇਸ ਦਾ ਵਰਨਣ ਕੀਤਾ ਹੁੰਦਾ, ਕਿਉਂਕਿ ਵਿਰੋਧੀ ਸਦਾ ਨਿਕਾਰੂ ਰੁਚੀਆਂ ਦੀ ਭੰਡੀ ਕਰਦੇ ਹਨ। ਉਸਾਰੂ ਤੇ ਨਰੋਈਆਂ ਕਦਰਾਂ-ਕੀਮਤਾਂ ਦਾ ਨੋਟਿਸ ਨਹੀਂ ਲੈਂਦੇ। ਮਾਤਾ ਸੁਲੱਖਣੀ ਨੇ ਲੰਗਰ ਦੀ ਪਰੰਪਰਾ ਸਥਾਪਤ ਕਰਨ ਵਿੱਚ ਜੋ ਮੁੱਢਲਾ ਯੋਗਦਾਨ ਪਾਇਆ, ਉਸ ਦਾ ਇਤਿਹਾਸ ਲੇਖਕਾਂ ਨੇ ਚਰਚਾ ਹੀ ਨਹੀਂ ਕੀਤਾ।

ਇਹ ਸਿਲਸਿਲਾ 12 ਸਾਲ ਤਕ ਚਲਦਾ ਰਿਹਾ। ਗੁਰੂ ਨਾਨਕ ਦੇ ਸੰਗ 12 ਸਾਲ ਲਗਾਤਾਰ ਇਕ ਛੱਤ ਹੇਠ ਗੁਜ਼ਾਰਨ ਵਾਲੀ ਸੁਲੱਖਣੀ ਜੀ ਇਕ ਆਦਰਸ਼ਕ ਨਾਰੀ ਬਣ ਗਈ ਹੋਵੇਗੀ। ਉਸ ਸਮੇਂ ਹੀ ਨਹੀਂ, ਅੱਜ ਵੀ, ਲੋਕ ਵੱਡੇ ਤੇ ਸਤਿਕਾਰਯੋਗ ਵਿਅਕਤੀ ਦੀ ਪਤਨੀ ਦਾ ਵੀ ਉਸੇ ਤਰ੍ਹਾਂ ਸਤਿਕਾਰ ਮਾਣ ਕਰਦੇ ਹਨ। ਗੁਰੂ ਨਾਨਕ ਦੀ ਧਰਮ ਸੁਪਤਨੀ ਹੋਣ ਕਾਰਨ ਮਾਤਾ ਸੁਲੱਖਣੀ ਦਾ ਵੀ ਜਿਉਂ ਜਿਉਂ ਸਮਾਜ ਵਿੱਚ ਸਤਿਕਾਰ ਹੁੰਦਾ ਹੋਵੇਗਾ, ਉਸ ਦੇ ਮਨ ਵਿੱਚ ਅਵੱਸ਼ ਗੁਰੂ ਨਾਨਕ ਪ੍ਰਤੀ ਪਿਆਰ ਤੇ ਸਤਿਕਾਰ ਵਧਦਾ ਹੋਵੇਗਾ। ਉਹ ਪਤਨੀ ਹੀ ਨਹੀਂ, ਸ਼ਰਧਾਲੂ ਤੇ ਭਗਤਣੀ ਵੀ ਬਣ ਗਈ ਹੋਵੇਗੀ। ਸੇਵਾ ਦਾ ਜਜ਼ਬਾ ਗੁਰੂ ਨਾਨਕ ਦੀ ਸੰਗਤ ਤੋਂ ਹੀ ਪ੍ਰਾਪਤ ਹੋ ਗਿਆ। ਨਿਮਰਤਾ, ਸਬਰ-ਸੰਤੋਖ, ਵਾਹਿਗੁਰੂ ਦੀ ਰਜ਼ਾ ਵਿੱਚ ਰਾਜ਼ੀ ਰਹਿਣ ਦੇ ਗੁਣ ਮਾਤਾ ਸੁਲੱਖਣੀ ਵਿੱਚ ਆ ਗਏ। ਉਹ ਇਕ ਸੁਘੜ ਸਿਆਣੀ ਔਰਤ ਵਾਂਗ ਪਤੀ ਦੇ ਖਾਣ-ਪੀਣ, ਕੱਪੜਿਆਂ ਤੇ ਸਿਹਤ ਦਾ ਖ਼ਿਆਲ ਰੱਖਣ ਲੱਗੀ। ਜਦ ਵੀ ਬੇਬੇ ਨਾਨਕੀ ਨੂੰ ਮਿਲਦੀ ਉਹ ਆਪਣੇ ਵੀਰ ਦੀ ਮਹਾਨ ਆਤਮਾ ਦੇ ਜਿੱਥੇ ਗੁਣ ਦਸਦੀ ਉਥੇ ਸੁਲੱਖਣੀ ਜੀ ਦੀ ਵੀ ਪ੍ਰਸ਼ੰਸਾ ਕਰਦੀ ਕਿ ਉਹ ਆਪਣੇ ਮਹਾਂਪੁਰਖ ਪਤੀ ਦੀ ਦਿਲ ਲਾ ਕੇ ਸੇਵਾ ਕਰ ਰਹੀ ਹੈ।

ਇਤਿਹਾਸ ਲੇਖਕ ਕੇਵਲ ਇਕ ਘਟਨਾ ਦਾ ਚਰਚਾ ਕਰਦੇ ਹਨ ਜਦੋਂ ਮਾਤਾ ਸੁਲੱਖਣੀ ਤੇ ਉਹਦੀ ਮਾਂ ਚੰਦੋ ਰਾਣੀ ਜਦੋਂ ਦੋਵੇਂ ਇਕੱਠੀਆਂ ਬੇਬੇ ਨਾਨਕੀ ਨੂੰ ਮਿਲੀਆਂ ਤੇ ਉਸ ਪਾਸ ਸ਼ਿਕਾਇਤ ਕੀਤੀ ਕਿ ਤੁਹਾਡਾ ਵੀਰ ਸਾਡੇ ਵੱਲ ਧਿਆਨ ਨਹੀਂ ਦਿੰਦਾ। ਭਾਈ ਵੀਰ ਸਿੰਘ ਜੀ ਨੇ 'ਖ਼ਾਲਸਾ ਸਮਾਚਾਰ' ਵਿੱਚ ਇਕ ਲੇਖ ਵਿੱਚ ਲਿਖਿਆ ਸੀ : "ਇਕ ਵਾਰ ਉਨ੍ਹਾਂ (ਮਾਤਾ ਸੁਲੱਖਣੀ) ਦੀ ਮਾਂ ਚੰਦੋ ਰਾਣੀ ਨੇ ਆ ਬੇਬੇ ਨਾਨਕੀ ਨੂੰ ਉਲਾਂਭੇ ਦਿੱਤੇ। ਬੇਬੇ ਜੀ ਨੇ ਦੱਸਿਆ ਕਿ ਭਰਜਾਈ ਜੀ ਨੂੰ ਕਿਸੇ ਗੱਲ ਦੀ ਥੁੜ ਨਹੀਂ, ਮੇਰੇ ਵੀਰ ਨੇ ਸਾਰੇ ਸੁੱਖਾਂ ਦੇ ਸਾਮਾਨ ਕਰ ਦਿੱਤੇ ਹੋਏ ਨੇ। ਉਨ੍ਹਾਂ ਦਾ ਸੁਭਾਅ ਸੰਤ ਹੈ ਤੇ ਸੰਤ ਮਤੇ ਰਹਿੰਦੇ ਹਨ। ਭਾਬੀ ਜੀ ਨੂੰ ਸਮਝਾਓ ਕਿ ਸੰਤ ਜਾਣ ਕੇ ਤੇ ਸ਼ਰਧਾ ਧਾਰ ਕੇ ਸੇਵਾ ਕਰੋ, ਹੋਰ ਸੁਖੀ ਹੋ ਜਾਸੀ।"

ਡਾ. ਮਹਿੰਦਰ ਕੌਰ ਗਿੱਲ, ਪ੍ਰਿੰਸੀਪਲ ਮਾਤਾ ਸੁੰਦਰੀ ਕਾਲਜ ਨੇ 'ਗੁਰ ਮਹਿਲ ਗਾਥਾ' ਵਿੱਚ ਇਸ ਘਟਨਾ ਨੂੰ ਬੇਬੇ ਨਾਨਕੀ ਦੇ ਪ੍ਰਸੰਗ ਵਿੱਚ ਇਸ ਤਰ੍ਹਾਂ ਵਰਨਣ ਕੀਤਾ ਹੈ : "ਇਕ ਦਿਨ ਬੇਬੇ ਨਾਨਕੀ ਬੈਠੀ ਹੋਈ ਸੀ ਕਿ ਉਸ ਦੀ ਭਰਜਾਈ ਸੁਲੱਖਣੀ ਆ ਗਈ। ਨਾਲ

ਉਸ ਦੀ ਮਾਂ ਚੰਦੋ ਰਾਣੀ ਵੀ ਸੀ। ਮਾਵਾਂ ਧੀਆਂ ਆ ਕੇ ਲੜਨ ਲਗ ਪਈਆਂ। ਸੁਲੱਖਣੀ ਜੀ ਨੇ ਕਿਹਾ ਕਿ ਮੇਰਾ ਪਤੀ ਤਾਂ ਕਈ ਕਈ ਦਿਨ ਘਰ ਹੀ ਨਹੀਂ ਵੜਦਾ। ਜੇ ਕਦੇ ਆ ਵੀ ਜਾਵੇ ਤਾਂ ਮੂੰਹੋਂ ਬੋਲਦਾ ਹੀ ਨਹੀਂ। ਚੁੱਪ ਕਰ ਕੇ ਬੈਠਾ ਰਹਿੰਦਾ ਏ। ਬੇਬੇ ਨਾਨਕੀ ਨੇ ਸਾਰੀ ਗੱਲ ਸੁਣ ਕੇ ਸਹਿਜ ਨਾਲ ਆਖਿਆ, ਮਾਸੀ ਜੀ, ਤੁਹਾਡੀ ਧੀ ਨੂੰ ਖਾਣ ਪੀਣ ਦੀ, ਕੱਪੜੇ ਦੀ ਜਾਂ ਕਿਸੇ ਹੋਰ ਚੀਜ਼ ਦੀ ਕੋਈ ਕਮੀ ਨਹੀਂ। ਜੇ ਉਹ ਘਰ ਆ ਕੇ ਚੁੱਪ ਕਰ ਜਾਂਦਾ ਹੈ ਤਾਂ ਇਹ ਉਸ ਦੀ ਆਦਤ ਏ। ਉਹ ਮੰਦਾ ਤਾਂ ਨਹੀਂ ਬੋਲਦਾ, ਦੁੱਖੀ ਤਾਂ ਨਹੀਂ ਕਰਦਾ। ਲੋੜ ਦੀ ਥੁੜ੍ਹ ਤਾਂ ਨਹੀਂ ਨਾ ਦੇਂਦਾ। ਬੇਬੇ ਨਾਨਕੀ ਦੀ ਗੱਲ ਸੁਣ ਕੇ ਮਾਵਾਂ ਧੀਆਂ ਚੁੱਪ ਹੋ ਰਹੀਆਂ ਤੇ ਆਪਣੇ ਘਰ ਪਰਤ ਗਈਆਂ।"

ਹੋਰ ਵੀ ਕਈ ਲੇਖਕਾਂ ਨੇ ਇਸ ਘਟਨਾ ਦਾ ਵਰਨਣ ਕੀਤਾ ਹੈ, ਪਰ ਕਿਸੇ ਨੇ ਵੀ ਇਹ ਨਹੀਂ ਦੱਸਿਆ ਕਿ ਇਹ ਘਟਨਾ ਕਦੋਂ ਦੀ ਹੈ ? ਗੁਰੂ ਨਾਨਕ ਦੇਵ ਦਾ ਆਪਣੇ ਪਰਿਵਾਰ ਵੱਲ ਇਹ ਵਤੀਰਾ ਕਦੋਂ ਬਦਲਿਆ ? ਕਦੋਂ ਉਹ ਘਰੋਂ ਬਾਹਰ ਰਹਿਣ ਲਗ ਪਏ ? ਮੇਰਾ ਅੰਦਾਜ਼ਾ ਹੈ ਕਿ ਇਹ ਘਟਨਾ ਗੁਰੂ ਨਾਨਕ ਦੇਵ ਦੇ ਵੇਈਂ ਵਿੱਚ ਇਸ਼ਨਾਨ ਕਰਨ ਜਾਣ ਸਮੇਂ ਤਿੰਨ ਦਿਨ ਲਈ ਅਲੋਪ ਹੋਣ ਪਿੱਛੋਂ ਦੀ ਹੋ ਸਕਦੀ ਹੈ, ਕਿਉਂਕਿ ਵੇਈਂ ਵਿਚੋਂ ਬਾਹਰ ਆਉਣ ਤੋਂ ਪਿੱਛੋਂ ਕਈ ਦਿਨ ਤੱਕ ਉਹ ਬਹੁਤ ਘੱਟ ਬੋਲਦੇ ਸਨ ਤੇ ਘਰ ਰਹਿਣ ਦੀ ਥਾਂ ਬਾਹਰ ਜੰਗਲ ਵਿੱਚ ਜਾਂ ਹੋਰ ਇਕਾਂਤ ਥਾਂ ਤੇ ਰਹਿਣਾ ਵਧੇਰੇ ਪਸੰਦ ਕਰਦੇ ਸਨ। ਗੁਰੂ ਨਾਨਕ ਅੰਦਰ ਉਸ ਪਿਛੋਂ ਜੋ ਤਬਦੀਲੀ ਆਈ, ਉਸ ਤੋਂ ਘਰਦਿਆਂ ਦਾ, ਖ਼ਾਸ ਕਰਕੇ ਪਤਨੀ ਦਾ ਘਬਰਾ ਜਾਣਾ ਸਹਿਵਨ ਸੀ। ਉਹਨਾਂ ਦਾ ਮਾਂ ਨੂੰ ਦਸਣਾ ਤੇ ਮਾਂ ਦਾ ਆ ਕੇ ਗਿਲਾ ਕਰਨਾ ਕੋਈ ਅਸਾਧਾਰਨ ਨਹੀਂ। ਇਸ ਤੋਂ ਇਹ ਅੰਦਾਜ਼ਾ ਨਹੀਂ ਲਾਇਆ ਜਾਣਾ ਚਾਹੀਦਾ ਕਿ ਉਹ ਗੁਰੂ ਨਾਨਕ ਤੋਂ ਦੁਖੀ ਸਨ। ਹਰ ਔਰਤ ਅਜਿਹੀ ਅਵਸਥਾ ਵੇਖ ਕੇ ਘਬਰਾ ਜਾਂਦੀ ਹੈ, ਬੇਚੈਨ ਹੋ ਜਾਂਦੀ ਹੈ।

ਜਦੋਂ ਗੁਰੂ ਨਾਨਕ ਵੇਈਂ ਵਿੱਚ ਇਸ਼ਨਾਨ ਕਰਨ ਵੜੇ ਤੇ ਬਾਹਰ ਨਾ ਨਿਕਲੇ ਤਾਂ ਸਾਰੇ ਲੋਕ ਘਬਰਾ ਗਏ। ਗੁਰੂ ਨਾਨਕ ਦੇ ਅਲੋਪ ਹੋ ਜਾਣ ਦੀ ਖ਼ਬਰ ਉਨ੍ਹਾਂ ਦੇ ਸਹੁਰਿਆਂ ਤੱਕ ਅਵੱਸ਼ ਪਹੁੰਚਾਈ ਜਾਣੀ ਸੀ ਤੇ ਜੈ ਰਾਮ ਜੀ ਨੇ ਇਹ ਕੁਝ ਤੁਰੰਤ ਕੀਤਾ। ਪ੍ਰੋ. ਸਾਹਿਬ ਸਿੰਘ ਇਸ ਬਾਰੇ 'ਸੰਖੇਪ ਜੀਵਨ ਗੁਰੂ ਨਾਨਕ ਦੇਵ' ਵਿੱਚ ਲਿਖਦੇ ਹਨ : "ਸੁਲਤਾਨਪੁਰ ਤੋਂ ਪਖੋਕੇ ਰੰਧਾਵੇ ਪੰਜਾਹ ਕੁ ਮੀਲ ਹੈ। ਭਾਈ ਜੈ ਰਾਮ ਜੀ ਨੇ ਉਸੇ ਵੇਲੇ ਇਕ ਉਚੇਚਾ ਬੰਦਾ ਬਾਬਾ ਮੂਲ ਚੰਦ ਜੀ ਵੱਲ ਭੇਜ ਦਿੱਤਾ। ਅਗਲੇ ਦਿਨ ਉਹ ਆ ਪਹੁੰਚੇ।" ਇਤਿਹਾਸ ਲੇਖਕਾਂ ਨੇ ਇੱਥੇ ਇਹ ਜ਼ਿਕਰ ਨਹੀਂ ਕੀਤਾ ਕਿ ਮੂਲ ਚੰਦ ਜੀ ਦੀ ਪਤਨੀ ਚੰਦੋ ਰਾਣੀ ਵੀ ਨਾਲ ਆਈ ਸੀ ਜਾਂ ਨਹੀਂ ਪਰ ਸਾਡੀ ਰਾਏ ਹੈ ਕਿ ਕੋਈ ਵੀ ਮਾਂ ਆਪਣੀ ਧੀ ਦੇ ਸੁਹਾਗ ਦੇ ਇਸ ਤਰ੍ਹਾਂ ਗੁੰਮ ਹੋ ਜਾਣ ਦੀ ਖ਼ਬਰ ਸੁਣ ਕੇ ਘਰ ਨਹੀਂ ਬੈਠੀ ਰਹਿ ਸਕਦੀ। ਉਹ ਅਵੱਸ਼ ਪਤੀ ਦੇ ਨਾਲ ਸੁਲਤਾਨਪੁਰ ਆ ਗਈ ਹੋਵੇਗੀ ਤੇ ਜਦੋਂ ਗੁਰੂ ਨਾਨਕ ਤੀਜੇ ਦਿਨ ਪ੍ਰਗਟ ਹੋ ਗਏ ਤਾਂ ਖ਼ੁਸ਼ ਹੋਏ ਹੋਣਗੇ, ਜਿਸ ਤਰ੍ਹਾਂ ਹੋਰ ਸਾਰਾ ਸੰਸਾਰ ਖ਼ੁਸ਼ ਹੋ ਗਿਆ ਸੀ ਪਰ ਸੁਲੱਖਣੀ ਜੀ ਤੇ ਉਨ੍ਹਾਂ ਦੀ ਮਾਂ ਨੂੰ ਉਦੋਂ ਵਧੇਰੇ ਠੇਸ ਪਹੁੰਚੀ ਹੋਵੇਗੀ ਜਦੋਂ ਗੁਰੂ ਨਾਨਕ ਕਈ ਕਈ ਦਿਨ ਰਾਤਾਂ ਨੂੰ ਵੀ ਘਰ ਨਾ ਆਉਂਦੇ। ਜਦੋਂ ਉਹਨਾਂ ਕਬਰਿਸਤਾਨ ਵਿੱਚ ਜਾ ਡੇਰਾ ਲਾਇਆ ਹੋਵੇਗਾ। ਉਸ ਸਮੇਂ ਹੀ ਉਹ ਆਪਣਾ ਦੁਖ ਦਸਣ ਲਈ ਬੇਬੇ ਨਾਨਕੀ ਪਾਸ ਆਈਆਂ ਹੋਣਗੀਆਂ।

ਅਜੇ ਮੂਲ ਚੰਦ ਜੀ ਦੇ ਚੰਦੋ ਰਾਣੀ ਸੁਲਤਾਨਪੁਰ ਵਿੱਚ ਹੀ ਸਨ ਜਦ ਗੁਰੂ ਨਾਨਕ ਦੇਵ ਜੀ ਨੇ ਮੋਦੀਖ਼ਾਨੇ ਦੀ ਨੌਕਰੀ ਛੱਡ ਦਿੱਤੀ ਤੇ ਜਗਤ ਜਲੰਦੇ ਦੇ ਸੁੱਖ ਤੇ ਕਲਿਆਨ ਲਈ ਉਦਾਸੀਆਂ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ। ਗੁਰੂ ਨਾਨਕ ਦੇਵ ਨੇ ਇਸ ਸਮੇਂ ਪਰਿਵਾਰ ਨੂੰ ਅਣਗੌਲਿਆ ਨਹੀਂ, ਉਹਨਾਂ ਦੀ ਪੂਰੀ ਸੰਭਾਲਣਾ ਤੇ ਪ੍ਰਬੰਧ ਕਰਕੇ ਹੀ ਉਹ ਆਪਣੇ ਮਿਸ਼ਨ ਤੇ ਰਵਾਨਾ ਹੋਏ। ਇਤਿਹਾਸ ਲੇਖਕਾਂ ਨੇ ਇਸ ਸਮੇਂ ਦੀ ਰਿਪੋਰਟ ਇਕੋ ਜਿਹੀ ਨਹੀਂ ਬਿਆਨ ਕੀਤੀ। ਪ੍ਰੋ. ਸਾਹਿਬ ਸਿੰਘ ਨੇ ਤਾਂ ਲਿਖਿਆ ਹੈ : "ਬਾਬਾ ਮੂਲ ਚੰਦ ਜੀ ਆ ਹੀ ਪਹੁੰਚੇ ਹੋਏ ਸਨ। ਸਤਿਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਪਰਿਵਾਰ ਦੀ ਸੌਂਪਣੀ ਕਰ ਦਿੱਤੀ ਤੇ ਮੋਦੀਖ਼ਾਨਾ ਛੱਡਣ ਦਾ ਕਾਰਨ ਸਮਝਾ ਦਿੱਤਾ। ਇਹ ਕੁਦਰਤੀ ਗੱਲ ਸੀ ਕਿ ਸਾਰਾ ਪਰਿਵਾਰ ਇਸ ਲੰਮੇ ਵਿਛੋੜੇ ਤੇ ਵਿਆਕੁਲ ਹੋਏ ਪਰ ਇਹ ਕੁਰਬਾਨੀ ਕਰਨੀ ਹੀ ਪੈਣੀ ਸੀ।"

ਭਾਈ ਵੀਰ ਸਿੰਘ ਜੀ ਇਸ ਸਮੇਂ ਦਾ ਵਰਨਣ ਕਰਦਿਆਂ ਲਿਖਦੇ ਹਨ : "ਹੁਣ ਗੁਰੂ ਜੀ ਤਾਂ ਆਪਣੇ ਅਰਸ਼ੀ ਬਾਬਲ ਦੇ ਕੰਮ ਸ੍ਰਿਸ਼ਟੀ ਉਧਾਰ ਲਈ ਟੁਰ ਪਏ। ਬੀਬੀ ਜੀ ਨੂੰ ਵੀਰ ਵਿਛੋੜਾ ਇਸ ਪ੍ਰਕਾਰ ਉਚੇ ਵੈਰਾਗ ਵਿੱਚ ਰੱਖਦਾ ਪਰ ਨਾਲ ਗ੍ਰਿਹਸਤ ਆਸ਼ਰਮ ਦੇ ਸਭ ਕੰਮ ਸਨ। ਸਭ ਤੋਂ ਪਹਿਲਾਂ ਕੰਮ ਸੀ ਉਨ੍ਹਾਂ ਦੇ ਪਰਿਵਾਰ ਦੀ ਸੰਭਾਲ। ਜੋ ਆਪ ਜੀ ਨੇ ਸ੍ਰੀ ਚੰਦ ਨੂੰ ਆਪਣੇ ਪਾਸ ਰੱਖ ਲਿਆ ਤੇ ਵੀਰ ਦੀ ਨਿਸ਼ਾਨੀ ਨੂੰ ਪਾਲਣ ਪੋਸਣ ਦਾ ਪਿਆਰ ਭਰਿਆ ਜ਼ਿੰਮਾ ਤੇ ਉਸ ਨੂੰ ਗੋਦੀ ਪਾ ਕੇ ਪੁੱਤਰ ਸਮਾਨ ਕਰ ਲਿਆ। ਬੀਬੀ (ਨਾਨਕੀ ਜੀ) ਸੁਲੱਖਣੀ ਜੀ ਤੇ ਲਖਮੀ ਦਾਸ ਨੂੰ ਵੀ ਪਾਸ ਰੱਖਣਾ ਚਾਹੁੰਦੇ ਸਨ ਪਰ ਉਹ ਨਾ ਰਹੇ ਤੇ ਪੇਕੇ ਚਲੇ ਗਏ।"

ਡਾ. ਮਹਿੰਦਰ ਕੌਰ ਗਿੱਲ ਨੇ ਲਿਖਿਆ ਹੈ ਕਿ ਬੇਬੇ ਨਾਨਕੀ ਨੇ ਵੀਰ ਦੇ ਤੁਰਨ ਸਮੇਂ ਆਖਿਆ : "ਜੇ ਬਾਹਰ ਜਾਣਾ ਚਾਹੁੰਦੇ ਹੋ ਤਾਂ ਜਾਓ। ਮੈਂ ਭਰਜਾਈ ਤੇ ਭਤੀਜਿਆਂ ਦੀ ਪੂਰੀ ਤਰ੍ਹਾਂ ਰਾਖੀ ਕਰਾਂਗੀ। ਤੁਸੀਂ ਪਰਦੇਸ ਵਿੱਚ ਜਾ ਕੇ ਪਰਿਵਾਰ ਦੀ ਚਿੰਤਾ ਨਾ ਕਰਨਾਂ।" ਗੁਰੂ ਨਾਨਕ ਨੇ ਉਸ ਸਮੇਂ ਭੈਣ ਨੂੰ ਆਖਿਆ, "ਸਭ ਦਾ ਰਾਖਾ ਕਰਤਾ ਹੈ। ਤੁਸੀਂ ਸਾਰੇ ਪਰਿਵਾਰ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਏ। ਰੱਬ ਦੀ ਤੁਹਾਡੇ ਉਮਰ ਖ਼ੁਸ਼ੀ ਹੈ।" ਅਗੇ ਚਲ ਕੇ ਪ੍ਰਿੰਸੀਪਲ ਗਿੱਲ ਲਿਖਦੀ ਹੈ ਕਿ : "ਬੇਬੇ ਨਾਨਕੀ ਜਿਤਨੀ ਦੇਰ ਜੀਵੀ ਵੀਰ ਦੇ ਪਰਿਵਾਰ ਦੀ ਸਾਰ ਸੰਭਾਲ ਕਰਦੀ ਰਹੀ।"

ਅਸੀਂ ਛੋਟੇ ਹੁੰਦਿਆਂ ਸੁਣਦੇ ਸਾਂ ਤੇ ਖ਼ਾਸ ਕਰਕੇ ਕਵੀ ਤੇ ਕਵੀਸ਼ਰ ਸੁਣਾਂਦੇ ਹੁੰਦੇ ਸਨ ਕਿ ਜਦੋਂ ਗੁਰੂ ਨਾਨਕ ਪਹਿਲੀ ਉਦਾਸੀ ਲਈ ਸੁਲਤਾਨਪੁਰ ਤੋਂ ਚਲਣ ਲੱਗੇ ਤਾਂ ਮਾਤਾ ਸੁਲੱਖਣੀ ਦੋਹਾਂ ਪੁੱਤਰਾਂ ਨੂੰ ਲੈ ਕੇ ਰਾਹ ਵਿੱਚ ਖੜੀ ਹੋ ਗਈ ਤੇ ਪੁੱਛਣ ਲੱਗੀ ਕਿ ਸਾਡਾ ਕੀ ਕਰ ਚਲੇ ਹੋ ? ਪਰ ਹੁਣ ਜਦੋਂ ਇਤਿਹਾਸ ਚੋਂ ਮਿਲਦੀ ਸਮਿੱਗਰੀ ਨੂੰ ਦੇਖਦੇ ਹਾਂ ਤਾਂ ਕਿਧਰੇ ਵੀ ਅਜਿਹਾ ਨਹੀਂ ਲਿਖਿਆ ਮਿਲਦਾ। ਕਿਧਰੇ ਵੀ ਪਤੀ ਦੇ ਪਰਦੇਸ ਤੁਰਨ ਸਮੇਂ ਮਾਤਾ ਸੁਲੱਖਣੀ ਦਾ ਵਰਲਾਪ ਨਹੀਂ ਲਿਖਿਆ। ਉਹ ਤਾਂ ਸ਼ਾਂਤ ਸੀ, ਉਹਨੂੰ ਸਮਝ ਆ ਚੁੱਕੀ ਸੀ ਕਿ ਉਹਦਾ ਪਤੀ ਗੁਰੂ ਨਾਨਕ ਉਹਦਾ ਹੀ ਨਹੀਂ, ਸਾਰੇ ਸੰਸਾਰ ਦੀ ਫਿਕਰ ਕਰਨ ਵਾਲਾ ਹੈ। ਨਾਲੇ ਉਹ ਪਰਿਵਾਰ ਦੀ ਸੇਵਾ-ਸੰਭਾਲ ਦਾ ਪ੍ਰਬੰਧ ਕਰਕੇ ਜਾ ਰਿਹਾ ਹੈ।

ਬੇਬੇ ਨਾਨਕੀ ਤੇ ਭਾਈ ਜੈ ਰਾਮ ਜੀ ਅੱਗੜ ਪਿੱਛਣ ਤਿੰਨ ਦਿਨਾਂ ਦੇ ਫ਼ਰਕ ਨਾਲ ਅਕਾਲ ਚਲਾਣਾ ਕਰ ਗਏ ਤਾਂ ਮਾਤਾ ਸੁਲੱਖਣੀ ਜੀ ਆਪਣੇ ਵੱਡੇ ਸਪੁਤਰ ਸ੍ਰੀ ਚੰਦ ਨੂੰ

ਵੀ ਆਪਣੇ ਨਾਲ ਬਟਾਲੇ ਲੈ ਗਈ। ਜਦੋਂ ਗੁਰੂ ਨਾਨਕ ਦੇਵ ਜੀ ਪਹਿਲੀ ਉਦਾਸੀ ਤੋਂ ਵਾਪਸ ਆਏ ਤਾਂ ਪਹਿਲਾਂ ਸੁਲਤਾਨਪੁਰ ਲੋਧੀ ਪਹੁੰਚੇ। ਫਿਰ ਤਲਵੰਡੀ ਮਾਂ ਪਿਉ ਪਾਸ ਗਏ। ਉਸ ਪਿੱਛੋਂ ਪਖੋਕੇ ਆਪਣੇ ਸਹੁਰੇ ਪਿੰਡ ਗਏ। ਉਥੇ ਬਾਹਰ ਚੌਧਰੀ ਅਜਿਤੇ ਰੰਧਾਵੇ ਦੇ ਬਾਗ ਵਿੱਚ ਡੇਰੇ ਲਾਏ। ਉਥੇ ਹੀ ਆ ਕੇ ਪਹਿਲਾਂ ਸੱਸ-ਸਹੁਰੇ ਨੂੰ ਮਿਲੇ ਤੇ ਫਿਰ ਦੋਹਾਂ ਸਪੁੱਤਰਾਂ ਸਮੇਤ ਮਾਤਾ ਸੁਲੱਖਣੀ ਜੀ ਵੀ ਆ ਕੇ ਮਿਲੇ। ਗੁਰੂ ਨਾਨਕ ਦੇਵ ਜੀ ਨੇ ਉਹਨਾਂ ਨੂੰ ਦੱਸਿਆ ਕਿ ਉਹ ਰਾਵੀ ਦਰਿਆ ਦੇ ਕੰਢੇ ਨਵਾਂ ਨਗਰ ਕਰਤਾਰਪੁਰ ਵਸਾਉਣਾ ਚਾਹੁੰਦੇ ਹਨ ਤੇ ਜਦੋਂ ਨਗਰ ਉਸਰ ਗਿਆ ਤਾਂ ਪਰਿਵਾਰ ਨੂੰ ਉਥੇ ਲੈ ਜਾਣਗੇ। ਇਸੇ ਤਰ੍ਹਾਂ ਕੀਤਾ ਗਿਆ। ਜਦੋਂ ਕਰਤਾਪੁਰ ਵਸਾ ਲਿਆ ਗਿਆ ਤਾਂ ਗੁਰੂ ਨਾਨਕ ਦੇਵ ਜੀ ਨੇ ਮਾਤਾ ਸੁਲੱਖਣੀ ਤੇ ਦੋਹਾਂ ਪੁੱਤਰਾਂ ਨੂੰ ਉਥੇ ਬੁਲਾ ਲਿਆ। ਤਲਵੰਡੀ ਤੋਂ ਆਪਣੇ ਬਿਰਧਾ ਮਾਤਾ ਪਿਤਾ ਨੂੰ ਵੀ ਕਰਤਾਰਪੁਰ ਹੀ ਮੰਗਵਾ ਲਿਆ।

ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਆ ਜਾਣ ਦੇ ਸਮਾਚਾਰ ਸੁਣ ਕੇ ਸੰਗਤਾਂ ਕਰਤਾਰਪੁਰ ਆਉਣ ਲੱਗ ਪਈਆਂ। ਗੁਰੂ ਨਾਨਕ ਤਾਂ ਦੂਜੀ ਉਦਾਸੀ ਤੇ ਚਲੇ ਗਏ। ਫਿਰ ਤੀਜੀ ਤੇ ਚੌਥੀ ਉਦਾਸੀ ਤੇ ਰਹੇ, ਪਰ ਜੋ ਵੀ ਪਿੱਛੇ ਕਰਤਾਰਪੁਰ ਆਉਂਦਾ, ਮਾਤਾ ਸੁਲੱਖਣੀ ਉਨ੍ਹਾਂ ਦੀ ਸੇਵਾ ਸੰਭਾਲ ਕਰਦੀ। ਭਾਵੇਂ ਬਾਬਾ ਬੁੱਢਾ ਵਰਗੇ ਕਈ ਸਿੱਖ ਵੀ ਕਰਤਾਰਪੁਰ ਆ ਕੇ ਰਹਿਣ ਲੱਗ ਪਏ ਸਨ, ਪਰ ਲੰਗਰ ਦੀ ਸੇਵਾ ਦਾ ਸਾਰਾ ਕਾਰਜ ਮਾਤਾ ਸੁਲੱਖਣੀ ਜੀ ਦੇ ਸਪੁਰਦ ਹੀ ਸੀ। ਜਦੋਂ ਗੁਰੂ ਨਾਨਕ ਦੇਵ ਜੀ ਉਦਾਸੀਆਂ ਤੋਂ ਪਿਛੋਂ ਪੱਕੇ ਤੌਰ 'ਤੇ ਕਰਤਾਰਪੁਰ ਆ ਟਿਕੇ ਤਾਂ ਹੱਥੀਂ ਕ੍ਰਿਤ ਕਰਨ ਦੀ ਪਰੰਪਰਾ ਨੂੰ ਜਾਰੀ ਰੱਖਦਿਆਂ ਖੇਤੀ ਵੀ ਆਪ ਕਰਨ ਲੱਗੇ। ਉਦੋਂ ਵੀ ਮਾਤਾ ਸੁਲੱਖਣੀ ਹੀ ਘਰ ਦੀ ਰਸੋਈ, ਲੰਗਰ ਤੋਂ ਛੁੱਟ ਡੰਗਰਾਂ ਦੀ ਸੇਵਾ-ਸੰਭਾਲ ਵੀ ਆਪ ਕਰਦੀ। ਇਸੇ ਲਈ ਜਦੋਂ ਲਹਿਣਾ ਜੀ ਖਡੂਰ ਤੋਂ ਹ ਕੇ ਦੂਜੀ ਵਾਰ ਕਰਤਾਰਪੁਰ ਆਏ ਤਾਂ ਉਨ੍ਹਾਂ ਬੜੀ ਸੁੰਦਰ ਤੇ ਕੀਮਤੀ ਪੁਸ਼ਾਕ ਪਾਈ ਹੋਈ ਸੀ। ਉਸੇ ਪੁਸ਼ਾਕ ਨਾਲ ਖੇਤਾਂ ਵਿਚੋਂ ਉਹਨਾਂ ਨੂੰ ਚਿੱਕੜ ਚੋਂਦੀ ਘਾਹ ਦੀ ਪੰਡ ਚੁਕਾ ਦਿੱਤੀ ਗਈ ਜਿਸ ਨਾਲ ਉਹਨਾਂ ਦੇ ਕੱਪੜੇ ਸਾਰੇ ਲਿਬੜ ਗਏ। ਘਰ ਪਹੁੰਚੇ ਤਾਂ ਮਾਤਾ ਸੁਲੱਖਣੀ ਨੂੰ ਇਹ ਹਾਲਤ ਦੇਖ ਕੇ ਦੁੱਖ ਲੱਗਾ। ਉਨ੍ਹਾਂ ਗੁਰੂ ਨਾਨਕ ਦੇਵ ਨੂੰ ਘਰ ਆਉਂਦਿਆਂ ਗਿਲਾ ਕੀਤਾ ਕਿ ਤੁਸੀਂ ਲਹਿਣਾ ਜੀ ਦੀ ਨਵੀਂ ਪੁਸ਼ਾਕ ਦਾ ਖ਼ਿਆਲ ਕਿਉਂ ਨਹੀਂ ਕੀਤਾ। ਇਸ ਘਟਨਾ ਤੋਂ ਮਾਤਾ ਸੁਲੱਖਣੀ ਜੀ ਦੇ ਕੋਮਲ ਅਹਿਸਾਸ ਦਾ ਅਨੁਭਵ ਹੋ ਸਕਦਾ ਹੈ।

ਗੁਰੂ ਨਾਨਕ ਦੇਵ ਜੀ 1539 ਈ: ਨੂੰ ਗੁਰਗੱਦੀ ਭਾਈ ਲਹਿਣਾ ਜੀ ਨੂੰ ਦੇ ਕੇ ਆਪ ਜੋਤੀ ਜੋਤ ਸਮਾ ਗਏ। ਇਹ ਬਿਲਕੁਲ ਗਲਤ ਪ੍ਰਚਾਰ ਹੈ ਕਿ ਉਸ ਸਮੇਂ ਮਾਤਾ ਸੁਲੱਖਣੀ ਜਾਂ ਕਿਸੇ ਹੋਰ ਨੇ ਪ੍ਰੋਟੈਸਟ ਕੀਤਾ ਹੈ। ਉਹ ਤਾਂ ਸਮਝ ਗਏ ਸਨ ਕਿ ਗੁਰਗੱਦੀ ਦਿੰਦਿਆਂ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਆਦੇਸ਼ ਦੇ ਦਿੱਤਾ ਸੀ ਕਿ ਉਹ ਖਡੂਰ ਪਿੰਡ ਚਲੇ ਜਾਣ ਤੇ ਉਥੇ ਰਹਿ ਕੇ ਹੀ ਗੁਰਤਾ ਦੀ ਜ਼ਿੰਮੇਵਾਰੀ ਤੇ ਕਾਰਜ ਨਿਭਾਣ। ਇਸ ਤੋਂ ਸਪੱਸ਼ਟ ਸੀ ਕਿ ਕਰਤਾਰਪੁਰ ਦਾ ਡੇਰਾ ਤੇ ਜ਼ਮੀਨ ਦਾ ਪ੍ਰਬੰਧ ਲਖਮੀ ਦਾਸ ਪਾਸ ਹੀ ਰਹਿਣਾ ਸੀ ਤੇ ਮਾਤਾ ਸੁਲੱਖਣੀ ਜੀ ਨੇ ਵੀ ਆਪਣੇ ਸਪੁੱਤਰ ਪਾਸ ਹੀ ਰਹਿ ਕੇ ਉਸ ਮਰਯਾਦਾ ਨੂੰ ਪ੍ਰਚਲਤ ਰੱਖਣਾ ਹੈ ਜੋ ਗੁਰੂ ਨਾਨਕ ਦੇਵ ਜੀ ਆਪ ਸ਼ੁਰੂ ਕਰ ਗਏ ਸਨ।

ਇਹ ਸੱਚ ਹੈ ਕਿ ਗੁਰੂ ਨਾਨਕ ਦੇਵ ਦੇ ਜੋਤੀ ਜੋਤਿ ਸਮਾਉਣ ਪਿੱਛੋਂ ਕਰਤਾਰਪੁਰ ਵਿੱਚ ਕੀਰਤਨ ਤੇ ਸਤਿਸੰਗ ਦਾ ਪ੍ਰਵਾਹ ਮਾਤਾ ਸੁਲੱਖਣੀ ਜੀ ਹੀ ਚਲਾਂਦੇ ਰਹੇ। ਵੱਡਾ

ਸਪੁੱਤਰ ਸ੍ਰੀ ਚੰਦ ਤਾਂ ਤਿਆਗੀ ਹੋ ਚੁਕਿਆ ਸੀ ਤੇ ਉਹਨੇ ਉਦਾਸੀ ਸੰਪ੍ਰਦਾਏ ਸ਼ੁਰੂ ਕਰ ਲਈ ਪਰ ਪ੍ਰਚਾਰ ਉਹ ਗੁਰਮਤ ਦਾ ਹੀ ਕਰਦਾ ਰਿਹਾ। ਦੂਜਾ ਸਪੁੱਤਰ ਲਖਮੀ ਦਾਸ ਸੰਸਾਰੀ ਸੀ ਤੇ ਉਸ ਨੇ ਅਗੋਂ ਬੇਦੀ ਬੰਸ ਚਲਾਈ ਰੱਖੀ।

ਕੁਝ ਸਾਲਾਂ ਪਿੱਛੋਂ ਮਾਤਾ ਸੁਲੱਖਣੀ ਜੀ ਵੀ ਅਕਾਲ ਚਲਾਣਾ ਕਰ ਗਈ ਤੇ ਕਰਤਾਰਪੁਰ ਵਿੱਚ ਹੀ ਉਨ੍ਹਾਂ ਦਾ ਅੰਤਿਮ ਸਸਕਾਰ ਕੀਤਾ ਗਿਆ ਪਰ ਕਿਸੇ ਇਤਿਹਾਸ ਦੇ ਲਿਖਾਰੀ ਨੇ ਮਾਤਾ ਸੁਲੱਖਣੀ ਦੇ ਅਕਾਲ ਚਲਾਣੇ ਦਾ ਸੰਨ ਨਹੀਂ ਦਿੱਤਾ, ਜਿਸ ਤਰ੍ਹਾਂ ਉਨ੍ਹਾਂ ਦੇ ਜਨਮ ਦਾ ਸੰਨ ਕਿਧਰੇ ਨਹੀਂ ਮਿਲਦਾ।

ਇਤਿਹਾਸਕ ਲਿਖਤਾਂ 'ਚੋਂ ਮਾਤਾ ਸੁਲੱਖਣੀ ਬਾਰੇ ਬਹੁਤ ਘੱਟ ਲਿਖਿਆ ਮਿਲਦਾ ਹੈ। ਫਿਰ ਉਨ੍ਹਾਂ ਦੀ ਸ਼ਖ਼ਸੀਅਤ, ਸੁਭਾਅ ਤੇ ਯੋਗਦਾਨ ਦਾ ਕਿਸੇ ਨੇ ਵੀ ਚਰਚਾ ਨਹੀਂ ਕੀਤਾ। ਉਨ੍ਹਾਂ ਦੀ ਮਹਾਨਤਾ ਤੇ ਵਿਸ਼ੇਸ਼ਤਾ ਦਾ ਵਰਣਨ ਤਾਂ ਦੂਰ ਦੀ ਗੱਲ ਹੈ। ਸਾਨੂੰ ਸਾਰੀਆਂ ਦੋ ਦਰਜਨ ਪੁਸਤਕਾਂ ਦੇ ਅਧਿਅਨ ਵਿਚੋਂ ਕੇਵਲ ਇਕ ਥਾਂ ਮਾਤਾ ਸੁਲੱਖਣੀ ਬਾਰੇ ਲਿਖਿਆ ਦੇਖਣ ਵਿੱਚ ਆਇਆ ਹੈ। ਡਾ. ਰਤਨ ਸਿੰਘ ਜੱਗੀ ਨੇ 'ਗੁਰੂ ਨਾਨਕ ਬਾਣੀ' ਸੰਪਾਦਤ ਕਰਦਿਆਂ ਭੂਮਿਕਾ ਵਿੱਚ ਲਿਖਿਆ ਹੈ : "ਇਸ ਯੁੱਗ ਪੁਰਸ਼ ਦੀ ਸੁਪਤਨੀ ਸੁਲੱਖਣੀ ਵੀ ਸ਼ੁਰੂ ਵਿੱਚ ਗੁਰੂ ਨਾਨਕ ਦਾ ਰਾਹ ਰੋਕਣ ਲਈ ਪਰਿਵਾਰਿਕ ਜ਼ਿੰਮੇਵਾਰੀਆਂ ਦੇ ਵਾਸਤੇ ਪਾਂਦੀ ਪਰ ਆਖ਼ਿਰ ਉਸ ਨੇ ਵੀ ਸਥਿਤੀਆਂ ਨਾਲ ਸਮਝੌਤਾ ਕਰ ਲਿਆ ਅਤੇ ਗੁਰੂ ਜੀ ਦੇ ਮਹਾਨ ਅੰਦੋਲਨ ਦੀ ਪੂਰਕ ਬਣ ਗਈ। ਮਾਤਾ ਸੁਲੱਖਣੀ ਸਿੱਖ ਇਤਿਹਾਸ ਦਾ ਇਕ ਉਪੇਖਿਅਤ ਚਰਿੱਤਰ ਹੈ, ਜਿਸ ਨੇ ਆਪਣੀਆਂ ਖ਼ੁਸ਼ੀਆਂ, ਆਪਣਾ ਸੁੱਖ, ਆਪਣਾ ਸਰਵਸਵ ਹੋਮ ਕਰ ਦਿੱਤਾ ਪਰ ਇਕ ਪਤੀਬ੍ਰਤਾ ਵਾਂਗ ਗੁਰੂ ਜੀ ਦੀ ਕਾਰਜ ਸਿੱਧੀ ਵਿੱਚ ਰੋੜਾ ਨਾ ਬਣੀ।"

ਸਾਡੀ ਸਾਰੀ ਖੋਜ, ਇਤਿਹਾਸ ਬਾਰੇ ਮਿਲਦੀ ਸਮੱਗਰੀ ਦੀ ਪੁਣ-ਛਾਣ ਤੇ ਨਿੱਜੀ ਅਨੁਮਾਨ ਮਿਲਾ ਕੇ ਮਾਤਾ ਸੁਲੱਖਣੀ ਜੀ ਦੀ ਜੀਵਨ ਕਰਣੀ ਬਾਰੇ ਇਸ ਸਿੱਟੇ ਤੇ ਪੁੱਜੇ ਹਾਂ ਕਿ ਉਹਨਾਂ ਦਾ ਜਨਮ 1473 ਈ: ਦੇ ਲਗਪਗ ਹੋਇਆ 14 ਕੁ ਸਾਲ ਦੀ ਆਯੂ ਵਿੱਚ ਗੁਰੂ ਨਾਨਕ ਦੇਵ ਨਾਲ ਵਿਆਹ ਹੋਇਆ। ਦੋ ਸਪੁੱਤਰਾਂ ਸ੍ਰੀ ਚੰਦ ਤੇ ਲਖਮੀ ਦਾਸ ਨੂੰ ਉਹਨਾਂ ਜਨਮ ਦਿੱਤਾ। ਉਦਾਸੀਆਂ ਤੇ ਗੁਰੂ ਨਾਨਕ ਦੇਵ ਦੇ ਜਾਣ ਤੋਂ ਪਹਿਲਾਂ 12 ਕੁ ਸਾਲ ਮਾਤਾ ਸੁਲੱਖਣੀ ਸੁਲਤਾਨਪੁਰ ਰਹੀ। ਇੱਥੇ ਉਹਨੇ ਗੁਰੂ ਨਾਨਕ ਨੂੰ ਸਮਝਿਆ ਤੇ ਉਹਨਾਂ ਦੀ ਪਤਨੀ ਹੀ ਨਹੀਂ, ਸ਼ਰਧਾਲੂ ਵੀ ਬਣ ਗਈ। ਗੁਰੂ ਨਾਨਕ ਦੇ ਘਰ ਵਿੱਚ ਚਲਾਏ ਲੰਗਰ ਵਿੱਚ ਉਹਨੇ ਸਾਰੀ ਉਮਰ ਸੇਵਾ ਕੀਤੀ। ਸਹਿਨਸ਼ੀਲਤਾ, ਸਬਰ-ਸੰਤੋਖ ਤੇ ਆਗਿਆ ਪਾਲਣ ਦੇ ਗੁਣਾਂ ਦੀ ਖ਼ੁਸ਼ਬੂ ਉਨ੍ਹਾਂ ਦੇ ਜੀਵਨ ਕਾਲ ਵਿੱਚ ਹੀ ਵਧ ਗਈ ਸੀ। ਗੁਰੂ ਨਾਨਕ ਦੀ ਪਹਿਲੀ ਉਦਾਸੀ ਸਮੇਂ ਕੁਝ ਸਮਾਂ ਸੁਲਤਾਨਪੁਰ ਤੇ ਫਿਰ ਬਟਾਲੇ ਆਪਣੇ ਪੇਕੇ ਘਰ ਰਹੀ। ਕਰਤਾਰਪੁਰ ਵਸਦਿਆਂ ਉਹ ਕਰਤਾਰਪੁਰ ਆ ਗਈ ਤੇ ਆਪਣੇ ਅੰਤਮ ਸਵਾਸਾਂ ਤੱਕ ਕਰਤਾਰਪੁਰ ਰਹਿ ਕੇ ਉਹਨੇ ਗੁਰੂ ਨਾਨਕ ਦੇ ਮਿਸ਼ਨ ਦੇ ਪ੍ਰਚਾਰ ਵਿੱਚ ਆਪਣਾ ਪੂਰਾ ਯੋਗਦਾਨ ਪਾਇਆ। ਡਾ. ਰਤਨ ਸਿੰਘ ਜੱਗੀ ਦਾ ਨਿਰਣਾ ਤਾਂ ਇਹ ਹੈ ਕਿ ਮਾਤਾ ਸੁਲੱਖਣੀ ਗੁਰੂ ਨਾਨਕ ਦੀ ਕਾਰਜ-ਸਿੱਧੀ ਵਿੱਚ ਰੋੜਾ ਨਾ ਬਣੀ, ਪਰ ਅਸੀਂ ਅਨੁਭਵ ਕਰਦੇ ਹਾਂ ਕਿ ਉਹ ਗੁਰੂ ਨਾਨਕ ਦੀ ਕਾਰਜ-ਸਿੱਧੀ ਵਿੱਚ ਬਹੁਤ ਵੱਡੀ ਸਹਾਇਕ ਸੀ ਤੇ ਉਹਦਾ ਯੋਗਦਾਨ ਮਹੱਤਵ ਪੂਰਨ ਹੈ।

ਮਾਤਾ ਖੀਵੀ ਜੀ

ਸਿੱਖ ਗੁਰੂ ਮਹਿਲਾਂ ਅਥਵਾ ਗੁਰੂ ਸਾਹਿਬ ਦੀਆਂ ਪਤਨੀਆਂ ਦਾ ਸਿੱਖੀ ਮਹੱਲ ਦੀ ਉਸਾਰੀ ਅਥਵਾ ਗੁਰਮਤਿ ਮਰਿਆਦਾ ਨੂੰ ਆਮ ਜੀਵਨ ਵਿੱਚ ਪ੍ਰਚਲਤ ਕਰਨ ਵਿੱਚ ਵਿਸ਼ੇਸ਼ ਯੋਗਦਾਨ ਹੈ। ਵਿਰੋਧੀ ਇਤਿਹਾਸਕਾਰਾਂ ਨੇ ਇਹਨਾਂ ਗੁਰੂ ਮਹਿਲਾਂ ਦੀ ਸਿੱਖੀ ਦੇ ਮਹੱਲ ਦੀ ਉਸਾਰੀ ਵਿੱਚ ਪਏ ਮਹੱਤਵ ਪੂਰਨ ਹਿੱਸੇ ਦਾ ਬਹੁਤ ਘੱਟ ਜ਼ਿਕਰ ਕੀਤਾ ਹੈ। ਜਿੱਥੋਂ ਤੱਕ ਹੋ ਸਕਿਆ ਹੈ ਬਹੁਤੇ ਇਤਿਹਾਸਕਾਰਾਂ ਨੇ ਆਪਣੀ ਰੰਗਦਾਰ ਐਨਕ ਵਿਚੋਂ ਵੇਖਦਿਆਂ, ਆਪਣੇ ਵਿਸ਼ੇਸ਼ ਦ੍ਰਿਸ਼ਟੀਕੋਣ ਨੂੰ ਹੀ ਮੁੱਖ ਰਖਿਆ ਜਾਪਦਾ ਹੈ। ਸਿੱਖ ਇਤਿਹਾਸਕਾਰਾਂ ਨੇ ਜਿੱਥੇ ਆਪਣੇ ਵਿਰਸੇ ਨੂੰ ਸੰਭਾਲਣ ਵਿੱਚ ਅਣਗਹਿਲੀ ਕੀਤੀ ਹੈ, ਉਥੇ ਇਹਨਾਂ ਗੁਰੂ ਮਹਿਲਾਂ ਦੀ ਦੇਣ ਨੂੰ ਉਜਾਗਰ ਕਰਨ ਵਿੱਚ ਵੀ ਚੋਖੀ ਢਿੱਲ ਦਿਖਾਈ ਹੈ। ਡਾ. ਜਸਪਾਲ ਸਿੰਘ ਨੇ ਆਪਣੇ ਇਕ ਲੇਖ ਵਿੱਚ ਲਿਖਿਆ ਹੈ : "ਸਿੱਖ ਪੰਥ ਦੀ ਨੁਹਾਰ ਨਿਸਚਿਤ ਕਰਨ ਵਿੱਚ ਗੁਰੂ ਪਰੰਪਰਾ ਦੇ ਮਹਿਲਾਂ ਦਾ ਉਚੇਚਾ ਯੋਗਦਾਨ ਹੈ। ਭਾਵੇਂ ਗੁਰੂ ਮਹਿਲਾਂ ਦੀ ਵੱਡਮੁਲੀ ਦੇਣ ਬਾਰੇ ਸਿੱਖ ਪ੍ਰਾਥਮਿਕ ਸਰੋਤਾਂ ਵਿੱਚ ਇਤਿਹਾਸਕ ਸਮਗਰੀ ਦੀ ਬਹੁਤ ਘਾਟ ਹੈ, ਪਰ ਫਿਰ ਵੀ ਜਿਹੜੇ ਠੋਸ ਹਵਾਲੇ ਮਿਲਦੇ ਹਨ, ਉਹਨਾਂ ਦੇ ਆਧਾਰ 'ਤੇ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਗੁਰੂ ਮਹਿਲਾਂ ਨੇ ਸਿੱਖੀ ਦਾ ਮਹੱਲ ਉਸਾਰਨ ਵਿੱਚ ਬੁਨਿਆਦ ਦਾ ਕੰਮ ਕੀਤਾ ਹੈ। ਇਤਿਹਾਸ ਸਾਖੀ ਹੈ ਕਿ ਜਿੱਥੇ ਗੁਰੂ ਸਾਹਿਬਾਨ ਆਪਣੇ ਸਾਰੇ ਸਮੇਂ, ਸ਼ਕਤੀ ਤੇ ਸਾਧਨਾ ਰਾਹੀਂ ਲੋਕਾਂ ਨੂੰ ਰੂਹਾਨੀ ਅਗਵਾਈ ਦੇਣ ਵਿੱਚ ਰੁਝੇ ਰਹਿੰਦੇ ਸਨ, ਉਥੇ ਗੁਰੂ ਮਹਿਲ ਗੁਰੂ ਸਾਹਿਬਾਨ ਦੇ ਧੁਰੋਂ ਨਿਰਦੇਸ਼ਿਤ ਉਦੇਸ਼ ਦੀ ਪ੍ਰਾਪਤੀ ਲਈ ਸੁਖਾਵਾਂ ਮਾਹੌਲ ਰਚਣ ਵੱਲ ਪੂਰੀ ਜੀ-ਜਾਨ ਤੇ ਸਮੱਰਥਾ ਲਾ ਦਿੰਦੇ ਸਨ। ਗੁਰੂ ਦਰਬਾਰ ਦੇ ਰਖ ਰਖਾਅ ਤੇ ਨਿੱਤ ਦੇ ਕਾਰਜਾਂ ਦਾ ਨਿਰਬਾਹ ਗੁਰੂ ਮਹਿਲਾਂ ਦੇ ਜ਼ਿੰਮੇ ਸੀ ਅਤੇ ਅਸਲ ਵਿੱਚ ਉਹਨਾਂ ਦੇ ਪ੍ਰਬੰਧ ਹੇਠ ਹੀ ਗੁਰੂ ਘਰ ਦੀਆਂ ਪਰੰਪਰਾਵਾਂ ਦੀ ਪਰਪੱਕਤਾ ਨਿਸਚਿਤ ਹੋ ਰਹੀ ਸੀ। ਇਸ ਤਰ੍ਹਾਂ ਜਾਪਦਾ ਹੈ ਕਿ ਪੂਰੀ ਗੁਰੂ ਪਰੰਪਰਾ ਦੇ ਦੌਰ ਵਿੱਚ ਗੁਰੂ ਮਹਿਲਾਂ ਦਾ ਕਾਰਜ ਖੇਤਰ ਪੂਰੀ ਤਰ੍ਹਾਂ ਨਿਰਧਾਰਿਤ ਤੇ ਪਰਿਭਾਸ਼ਿਤ ਰਿਹਾ ਹੈ ਅਤੇ ਇਸ ਤਰ੍ਹਾਂ ਗੁਰੂ ਪਰੰਪਰਾ ਦੇ ਨਾਲ ਨਾਲ ਗੁਰੂ ਮਹਿਲ ਪਰੰਪਰਾ ਵੀ ਆਪਣੇ ਆਪ ਵਿੱਚ ਇਕ ਸੰਸਥਾ ਦੇ ਰੂਪ ਵਿੱਚ ਕਾਰਜਸ਼ੀਲ ਰਹੀ ਹੈ।"

ਸਵਰਨ ਸਿੰਘ ਭੌਰਾ ਅਨੁਸਾਰ : "ਖੀਵੀ ਜੀ ਦਾ ਜਨਮ ਸੰਨ 1503 ਈ, ਨੂੰ ਪਿੰਡ ਸੰਘਰ ਵਿੱਚ ਦੇਵੀ ਚੰਦ ਖੱਤਰੀ ਦੇ ਘਰ ਮਾਤਾ ਕਰਨ ਦੇਵੀ ਦੀ ਕੁੱਖੋਂ ਹੋਇਆ। ਮਾਤਾ ਖੀਵੀ ਜੀ ਦਾ ਪਰਿਵਾਰ ਧਾਰਮਿਕ ਰੁਚੀ ਵਾਲਾ ਤੇ ਲੋਕ ਸੇਵਾ ਵਿੱਚ ਦਿਲਚਸਪੀ ਲੈਣ ਵਾਲਾ ਸੀ, ਇਸ ਲਈ ਖੀਵੀ ਜੀ ਦੇ ਜੀਵਨ ਕਾਲ ਦੇ ਆਰੰਭ ਵਿੱਚ ਹੀ ਇਹਨਾਂ ਗੁਣਾਂ

ਦਾ ਪ੍ਰਵੇਸ਼ ਹੋਣਾ ਸ਼ੁਰੂ ਹੋ ਗਿਆ। ਹਰ ਮਨੁੱਖੀ ਜੀਵ ਤੇ ਬਾਲਪਨ ਵਿੱਚ ਮਾਤਾ-ਪਿਤਾ ਦੀ ਰਹਿਣੀ ਬਹਿਣੀ ਦਾ ਚੋਖਾ ਪ੍ਰਭਾਵ ਹੁੰਦਾ ਹੈ। ਪਰਿਵਾਰ ਦੀਆਂ ਇਹਨਾਂ ਧਾਰਮਿਕ ਰੁਚੀਆਂ ਦੇ ਫਲਸਰੂਪ ਹੀ ਖੀਵੀ ਜੀ ਦੇ ਜੁਆਨ ਹੁੰਦਿਆਂ ਹੀ ਉਹਦਾ ਰਿਸ਼ਤਾ ਮੱਤੇ ਦੀ ਸਰਾਂ ਵਿੱਚ ਭਾਈ ਫੇਰੂ ਮੱਲ ਦੇ ਸਪੁੱਤਰ ਭਾਈ ਲਹਿਣਾ ਜੀ ਨਾਲ ਹੋ ਗਿਆ।"

ਪ੍ਰੋ. ਕਰਤਾਰ ਸਿੰਘ ਆਪਣੀ ਰਚਨਾ 'ਸਿੱਖ ਇਤਿਹਾਸ' ਵਿੱਚ ਲਿਖਦੇ ਹਨ ਕਿ : "ਸੰਮਤ 1576 ਵਿੱਚ ਬੀਬੀ ਖੀਵੀ ਦਾ ਵਿਆਹ ਲਹਿਣਾ ਜੀ (ਗੁਰੂ ਅੰਗਦ ਦੇਵ ਜੀ) ਨਾਲ ਪਿੰਡ ਸੰਘਰ ਵਿੱਚ ਹੀ ਹੋਇਆ। ਲਹਿਣਾ ਜੀ ਦੇ ਵਿਆਹ ਤੋਂ ਪਿੱਛੋਂ ਛੇਤੀ ਹੀ ਪਿੰਡ ਦਾ ਚੌਧਰੀ ਬਾਬਾ ਫੇਰੂ ਮੱਲ ਨਾਲ ਖ਼ਾਹ-ਮਖ਼ਾਹ ਵਿਗਾੜ ਬੈਠਾ ਤੇ ਉਹਨਾਂ ਨੂੰ ਤੰਗ ਕਰਨ ਲੱਗ ਪਿਆ। ਇਲਾਕੇ ਦੇ ਮੁਸਲਮਾਨ ਹਾਕਮ ਦਾ ਵਤੀਰਾ ਵੀ ਚੰਗਾ ਨਾ ਰਿਹਾ। ਇਸ ਭੈੜੇ ਸਲੂਕ ਤੇ ਸਖ਼ਤੀ ਦੇ ਕਾਰਨ ਬਾਬਾ ਫੇਰੂ ਮੱਲ ਨੇ ਮੱਤੇ ਕੀ ਸਰਾਂ ਛੱਡ ਕੇ ਹੋਰਥੇ ਜਾ ਵਸਣ ਦੀ ਸਲਾਹ ਕੀਤੀ। ਪਹਿਲਾਂ ਉਹ ਸਤਲੁਜ-ਬਿਆਸ ਦੇ ਸੰਗਮ ਪਾਸਲੇ ਪਿੰਡ ਹਰੀਕੇ ਜਾ ਵਸੇ, ਛੇਤੀ ਮਗਰੋਂ ਸ੍ਰੀ ਲਹਿਣਾ ਜੀ ਦੇ ਸਹੁਰਿਆਂ ਦੀ ਪ੍ਰੇਰਨਾ ਕਰਕੇ ਸੰਘਰ ਚਲੇ ਗਏ ਅਤੇ ਉਥੇ ਕਾਰ-ਵਿਹਾਰ ਤੇ ਦੁਕਾਨਦਾਰੀ ਕਰਨ ਲੱਗ ਪਏ।"

ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿੱਚ ਖੀਵੀ ਜੀ ਬਾਰੇ ਜਾਣਕਾਰੀ ਦੇਂਦਿਆਂ ਲਿਖਿਆ ਹੈ ਕਿ : "ਮਾਤਾ ਖੀਵੀ ਲਹਿਣਾ (ਗੁਰੂ ਅੰਗਦ ਦੇਵ) ਜੀ ਦੀ ਮਹਿਲ, ਜੋ ਖਡੂਰ ਨਿਵਾਸੀ ਦੇਵੀ ਚੰਦ ਖੱਤਰੀ ਦੀ ਸਪੁੱਤਰੀ ਸੀ। ਇਸ ਦਾ ਵਿਆਹ ਲਹਿਣਾ ਜੀ ਨਾਲ ਸੰਮਤ 1576 ਵਿੱਚ ਹੋਇਆ ਸੀ। ਮਾਤਾ ਖੀਵੀ ਜੀ ਦਾ ਦੇਹਾਂਤ ਸੰਮਤ 1639 ਵਿੱਚ ਹੋਇਆ ਸੀ। ਦੇਹਰਾ ਖਡੂਰ ਵਿੱਚ ਹੈ।"

ਗਿਆਨੀ ਠਾਕੁਰ ਸਿੰਘ ਨੇ 'ਸ੍ਰੀ ਗੁਰਦੁਆਰੇ ਦਰਸ਼ਨ' ਵਿੱਚ ਗੁਰੂ ਮਹਿਲਾਂ ਬਾਰੇ ਜਾਣਕਾਰੀ ਦੇਂਦਿਆਂ ਮਾਤਾ ਖੀਵੀ ਜੀ ਬਾਰੇ ਲਿਖਿਆ ਹੈ : "ਖੀਵੀ ਜੀ ਦਾ ਜਨਮ ਲਾਲਾ ਭਗਵਾਨ ਦਾਸ ਦੇ ਘਰ ਮਾਤਾ ਕਰਮ ਦੇਵੀ ਦੀ ਕੁੱਖੋਂ ਹੋਇਆ। ਜਨਮ ਸੰਮਤ ਮਾਘ ਦਿਨ 11 ਵੀਰਵਾਰ ਨੂੰ ਹੋਇਆ। 1576 ਮਾਘ ਦਿਨ 16 ਸ਼ਨਿਚਵਾਰ ਨੂੰ ਸ੍ਰੀ ਗੁਰੂ ਅੰਗਦ ਸਾਹਿਬ ਜੀ ਨਾਲ ਵਿਆਹ ਹੋਇਆ ਅਤੇ ਸੰਮਤ 1639 ਮਹੀਨੇ ਵਿਸਾਖ ਦਿਨ 4 ਬੁਧਵਾਰ ਜੋਤੀ ਜੋਤਿ ਖਡੂਰ ਸਾਹਿਬ ਵਿੱਚ ਸਮਾਏ।" ਸੱਚ ਤਾਂ ਇਹ ਹੈ ਕਿ ਖੀਵੀ ਜੀ ਦੇ ਜਨਮ ਦੀਆਂ ਤਾਰੀਖ਼ਾਂ ਬਾਰੇ ਲੇਖਕਾਂ ਤੇ ਖੋਜੀਆਂ ਦੀਆਂ ਲਿਖਤਾਂ ਵਿੱਚ ਅੰਤਰ ਹੈ। ਇਸੇ ਤਰ੍ਹਾਂ ਕੋਈ ਇਤਿਹਾਸਕਾਰ ਇਹਨਾਂ ਦਾ ਜਨਮ ਸੰਘਰ ਵਿੱਚ ਲਿਖਦਾ ਹੈ ਤੇ ਕੋਈ ਉਹਨਾਂ ਦਾ ਜਨਮ ਹਰੀਕੇ ਪੱਤਣ ਤੇ ਕੋਈ ਲੇਖਕ ਉਹਨਾਂ ਦਾ ਜਨਮ ਖਡੂਰ ਵਿੱਚ ਹੋਇਆ ਲਿਖਦਾ ਹੈ। ਇਸ ਬਾਰੇ ਸਿਰਫ਼ ਕਿਆਸਰਾਈਆਂ ਹੀ ਲਾਈਆਂ ਜਾ ਸਕਦੀਆਂ ਹਨ।

ਗੁਰੂ ਅੰਗਦ ਦੇਵ ਜੀ ਦਾ ਜਨਮ 1504 ਵਿੱਚ ਹੋਇਆ—ਸਰਬ ਪ੍ਰਵਾਨ ਹੈ। ਉਹਨਾਂ ਦਾ ਵਿਆਹ ਖੀਵੀ ਜੀ ਨਾਲ 15 (?) ਸਾਲਾਂ ਦੀ ਆਯੂ ਵਿੱਚ ਹੋਇਆ ਮੰਨਿਆ ਜਾਂਦਾ ਹੈ। ਆਮ ਪਰੰਪਰਾ ਅਨੁਸਾਰ ਪਤਨੀ ਦੀ ਉਮਰ ਪਤੀ ਤੋਂ 2-4 ਸਾਲ ਘੱਟ ਹੁੰਦੀ ਹੈ। ਇਸ ਤਰ੍ਹਾਂ ਉਹਨਾਂ ਦਾ ਜਨਮ 1506 ਜਾਂ 1507 ਹੀ ਬਣਦਾ ਹੈ।

ਮੱਤੇ ਕੀ ਸਰਾਂ ਦੇ ਵਸਨੀਕ ਤਖ਼ਤ ਮੱਲ ਦੀ ਸਪੁਤਰੀ, ਮਾਤਾ ਵਿਰਾਈ ਜੀ ਖਡੂਰ ਰਹਿੰਦੇ ਸਨ। ਉਹ ਲਹਿਣਾ ਦੇ ਰਿਸ਼ਤੇ ਵਿੱਚੋਂ ਭੂਆ ਸੀ। ਇੱਥੇ ਖਡੂਰ ਵਿੱਚ ਆ ਕੇ ਉਹ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਤੇ ਸਿਦਕੀ ਗੁਰਮੁਖ ਨਾਰੀ ਬਣ ਗਈ। ਜਦੋਂ ਉਹਨੂੰ

ਪਤਾ ਲੱਗਾ ਕਿ ਫੇਰੂ ਮੱਲ ਜੀ ਚਲਾਣਾ ਕਰ ਗਏ ਹਨ ਤਾਂ ਉਹਦੀ ਪ੍ਰੇਰਨਾ ਨਾਲ ਲਹਿਣਾ ਜੀ ਦਾ ਪਰਿਵਾਰ ਖਡੂਰ ਆ ਕੇ ਵਸਣ ਲੱਗਾ। ਕਈ ਇਤਿਹਾਸਕਾਰ ਲਿਖਦੇ ਹਨ ਕਿ ਲਹਿਣਾ ਜੀ ਨਾਲ ਖੀਵੀ ਜੀ ਦਾ ਰਿਸ਼ਤਾ ਕਰਵਾਉਣ ਦਾ ਮੁੱਖ ਉੱਦਮ ਵੀ ਵਿਰਾਈ ਜੀ ਦਾ ਹੀ ਸੀ।

ਲਹਿਣਾ ਜੀ ਪਿਤਾ ਵਾਂਗ ਹੀ ਜੱਥਿਆਂ ਨਾਲ ਹਰ ਸਾਲ ਦੇਵੀ ਦਰਸ਼ਨਾਂ ਨੂੰ ਜਾਇਆ ਕਰਦੇ ਸਨ। ਬਾਕੀ ਸਾਰਾ ਸਮਾਂ ਉਹ ਦਸਾਂ ਨੌਂਹਾਂ ਦੀ ਸੁੱਚੀ ਕਿਰਤ ਕਮਾਈ ਕਰਦੇ ਤੇ ਨਾਲ-ਨਾਲ ਪਿਤਾ ਪੁਰਖੀ ਅਨੁਸਾਰ ਪ੍ਰਭੂ ਸਿਮਰਨ ਲਈ ਵੀ ਸਮਾਂ ਕੱਢਦੇ। ਖੀਵੀ ਜੀ ਬਾਲ-ਬੱਚਿਆਂ ਦੀ ਪਾਲਣਾ-ਪੋਸਣਾ ਵੱਲ ਧਿਆਨ ਦਿੰਦੇ। ਧਾਰਮਿਕ ਵਿਚਾਰਾਂ ਦੇ ਹੋਣ ਕਾਰਨ ਬੱਚਿਆਂ ਨੂੰ ਧਰਮ ਕਰਮ ਦੇ ਰਾਹੇ ਪਾਉਣ ਦਾ ਯਤਨ ਕਰਦੇ ਰਹਿੰਦੇ। ਉਹਨਾਂ ਦੀਆਂ ਧਾਰਮਿਕ ਰੁਚੀਆਂ ਕਾਰਨ ਹੀ ਉਹ ਖੁੱਲ੍ਹੇ ਦਿਲ ਨਾਲ ਦਾਨ-ਪੁੰਨ ਕਰਦੇ। ਜਿੱਥੇ ਉਹ ਨਗਰ ਵਿੱਚ ਆਏ ਸਾਧੂ ਸੰਤਾਂ ਨੂੰ ਭੋਜਨ ਛਕਾਂਦੇ ਤੇ ਪਤੀ ਦੀ ਨੇਕ ਕਮਾਈ ਵਿਚੋਂ ਬਸਤਰ ਆਦਿ ਵੀ ਲੈ ਕੇ ਦਿੰਦੇ ਰਹਿੰਦੇ। ਉਹਨਾਂ ਦੇ ਖੁੱਲ੍ਹੇ ਡੁੱਲ੍ਹੇ ਸੁਭਾਅ ਦਾ ਕਾਰਨ ਇਹ ਸੀ ਕਿ ਲਹਿਣਾ ਜੀ ਨੇ ਕਦੇ ਉਹਨਾਂ ਨੂੰ ਦਾਨ-ਪੁੰਨ ਕਰਨ ਤੋਂ ਨਹੀਂ ਸੀ ਰੋਕਿਆ, ਨਾ ਹੀ ਖੀਵੀ ਜੀ ਨੇ ਕਦੀ ਉਹਨਾਂ ਦੇ ਧਰਮ ਯਾਤਰਾ ਕਰਨ ਤੋਂ ਆਪਣਾ ਮੂੰਹ ਮੈਲਾ ਕੀਤਾ ਸੀ। ਜਦ ਪੁੱਤਰ ਜੁਆਨ ਹੋ ਗਏ ਤੇ ਕਾਰੋਬਾਰ ਵਿੱਚ ਹੱਥ ਵਟਾਉਣ ਲੱਗ ਪਏ, ਫਿਰ ਲਹਿਣਾ ਜੀ ਹੋਰ ਵਧੇਰੇ ਸਮਾਂ ਧਰਮ ਕਰਮ ਲਈ ਕੱਢਣ ਲੱਗ ਪਏ। ਉਹਨਾਂ ਕਈ ਹੋਰ ਧਰਮ ਅਸਥਾਨਾਂ ਦੀ ਯਾਤਰਾ ਵੀ ਕੀਤੀ ਤੇ ਖੀਵੀ ਜੀ, ਮਾਤਾ ਵਿਰਾਈ ਜੀ ਦੇ ਨੇੜੇ ਹੁੰਦੇ ਗਏ। ਉਹਨਾਂ ਵਿਰਾਈ ਜੀ ਤੋਂ ਗੁਰੂ ਨਾਨਕ ਜੀ ਦੀ ਉਪਮਾ ਤੇ ਰੱਬੀ ਜੋਤ ਦੀਆਂ ਗੱਲਾਂ ਸੁਣੀਆਂ ਤੇ ਉਹਨਾਂ ਦੇ ਮਨ ਤੇ ਉਹਦਾ ਡੂੰਘਾ ਪ੍ਰਭਾਵ ਪਿਆ।

ਇਕ ਦਿਨ ਲਹਿਣਾ ਜੀ ਤੇ ਖੀਵੀ ਜੀ ਘਰ ਵਿੱਚ ਬੈਠੇ ਜਦ ਵਿਚਾਰ-ਵਟਾਂਦਰਾ ਕਰ ਰਹੇ ਸਨ ਤਾਂ ਲਹਿਣਾ ਜੀ ਨੇ ਕਿਹਾ, "ਪਤਾ ਨਹੀਂ ਕੀ ਗੱਲ ਮੈਂ ਕਈ ਥਾਵਾਂ ਤੋਂ ਹੋ ਆਇਆ ਹਾਂ, ਪਰ ਮੇਰੇ ਮਨ ਦੀ ਤ੍ਰਿਪਤੀ ਨਹੀਂ ਹੋਈ, ਇਉਂ ਜਾਪਦਾ ਏ ਅਜੇ ਕੋਈ ਘਾਟ ਹੈ ਤੇ ਮੈਂ ਠੀਕ ਟਿਕਾਣੇ ਨਹੀਂ ਪਹੁੰਚਿਆ।" ਤਾਂ ਖੀਵੀ ਜੀ ਨੇ ਵਿਰਾਈ ਜੀ ਨਾਲ ਹੋਈ ਗੱਲਬਾਤ ਤੋਂ ਜਾਣੂ ਕਰਾਇਆ ਤੇ ਦੱਸਿਆ ਕਿ ਉਹ ਤਾਂ ਗੁਰੂ ਨਾਨਕ ਦੇ ਉਪਾਸ਼ਕ ਹਨ ਤੇ ਮੰਨਦੇ ਹਨ ਤੇ ਉਹਨਾਂ ਦੇ ਦਰਸ਼ਨ ਕੀਤਿਆਂ ਠੰਡ ਪੈਂਦੀ ਏ। ਉਹਨਾਂ ਦੇ ਵਿਚਾਰ ਸੁਣ ਕੇ ਭਟਕਦੇ ਮਨ ਤ੍ਰਿਪਤ ਹੋ ਜਾਂਦੇ ਹਨ। ਤੁਸੀਂ ਵੀ ਉਹਨਾਂ ਦੇ ਦਰਸ਼ਨ ਕਰੋ ਤਾਂ ਹੋ ਸਕਦਾ ਏ ਕਿ ਤੁਹਾਡੀ ਸੰਤੁਸ਼ਟਤਾ ਹੋ ਜਾਏ। ਤੁਹਾਨੂੰ ਜੀਵਨ ਦਾ ਸੱਚਾ ਰਹਿਬਰ ਮਿਲ ਜਾਏ।" ਲਹਿਣਾ ਜੀ ਉਸੇ ਵੇਲੇ ਮਾਤਾ ਵਿਰਾਈ ਦੇ ਘਰ ਗਏ ਤੇ ਗੁਰੂ ਨਾਨਕ ਦੇਵ ਜੀ ਬਾਰੇ ਉਹਨਾਂ ਤੋਂ ਬਹੁਤ ਕੁਝ ਸੁਣਿਆ। ਵਿਰਾਈ ਜੀ ਨੇ ਦਸਿਆ ਕਿ ਉਹ ਜਦੋਂ ਜਗਤ ਜਲੰਦੇ ਨੂੰ ਠਾਰਨ ਲਈ ਸੁਲਤਾਨਪੁਰ ਲੋਧੀ ਤੋਂ 20-25 ਸਾਲ ਪਹਿਲਾਂ ਚਲੇ ਸਨ ਤਾਂ ਖਡੂਰ ਵੀ ਆਏ ਸਨ। ਮੈਂ ਉਹਨਾਂ ਦੇ ਦਰਸ਼ਨ ਕੀਤੇ ਸਨ, ਯਥਾ-ਸ਼ਕਤ ਸੇਵਾ ਵੀ ਕੀਤੀ ਸੀ, ਉਹ ਮੈਨੂੰ ਨਾਮ ਸਿਮਰਨ ਦੇ ਰਾਹ ਪਾ ਗਏ। ਹੁਣ ਮੈਂ ਉਹਨਾਂ ਦੀ ਬਾਣੀ ਦੁਆਰਾ ਹੀ ਪ੍ਰਭੂ ਸਿਮਰਨ ਵਿੱਚ ਲੱਗੀ ਹੋਈ ਹਾਂ। ਅੱਜ ਹਜ਼ਾਰਾਂ ਲੱਖਾਂ ਲੋਕ ਤੇ ਕਈ ਦੇਸ਼ਾਂ-ਦਿਸ਼ਾਤਰਾਂ ਦੀ ਲੋਕਾਈ ਉਹਨਾਂ ਨੂੰ ਆਪਣਾ ਗੁਰੂ, ਪੀਰ ਮੰਨਦੀ ਏ। ਬੜੇ ਬੜੇ ਸੰਤ ਮਹਾਤਮਾ, ਜੋਗੀ ਜਤੀ ਤੇ ਹਿੰਦੂ, ਮੁਸਲਮਾਨ ਉਹਨਾਂ ਦੇ ਪ੍ਰਮਾਤਮਾ ਰੂਪ ਦਾ ਸਿੱਕਾ ਮੰਨਦੇ ਹਨ।" ਜਦ ਵਿਰਾਈ

ਜੀ ਲਹਿਣਾ ਜੀ ਨੂੰ ਗੁਰੂ ਨਾਨਕ ਦੇਵ ਜੀ ਬਾਰੇ ਦੱਸ ਰਹੇ ਸਨ ਤਾਂ ਖੀਵੀ ਜੀ ਵੀ ਕੋਲ ਬੈਠੇ ਇਹ ਸੁਣ ਰਹੇ ਸਨ ਤੇ ਦਿਲੋਂ ਗੱਦ-ਗੱਦ ਹੋ ਰਹੇ ਸਨ।

ਲਹਿਣਾ ਜੀ ਨੇ ਪੁੱਛਿਆ ਕਿ ਅੱਜ ਕੱਲ੍ਹ ਉਹ ਕਿੱਥੇ ਰਹਿੰਦੇ ਹਨ ਤਾਂ ਵਿਰਾਈ ਜੀ ਨੇ ਸਮਝਾਇਆ ਕਿ ਅੱਜ ਕਲ੍ਹ ਉਹ ਰਾਵੀ ਦੇ ਪਾਰ ਆਪਣੇ ਵਸਾਏ ਨਗਰ ਕਰਤਾਰਪੁਰ ਵਿੱਚ ਰਹਿੰਦੇ ਹਨ। ਬੜੀ ਦੂਰੋਂ ਦੂਰੋਂ ਉਹਨਾਂ ਦੇ ਵਿਚਾਰ ਸੁਣਨ ਲਈ ਦੁਨੀਆਂ ਕਰਤਾਰਪੁਰ ਆਉਂਦੀ ਏ। ਥੋੜਾ ਚਿਰ ਹੀ ਹੋਇਆ ਏ ਪਹਿਲਾਂ ਤਾਂ ਉਹ ਦੁਨੀਆਂ ਨੂੰ ਅਸਲ ਜੀਵਨ ਦਾ ਮਾਰਗ ਸਮਝਾਉਣ ਲਈ ਕਈ ਦੇਸ਼ਾਂ ਵਿੱਚ ਜਾ ਚੁੱਕੇ ਹਨ। ਉਹ ਸਾਰੇ ਲੋਕਾਂ ਨੂੰ ਇਹੋ ਉਪਦੇਸ਼ ਦਿੰਦੇ ਆਏ ਹਨ ਕਿ ਇਕ ਪ੍ਰਭੂ ਦਾ ਸਿਮਰਨ ਕਰੋ, ਨਾਲ ਨਾਲ ਆਪਣਾ ਗ੍ਰਿਹਸਥੀ ਜੀਵਨ ਬਿਤਾਂਦਿਆਂ ਨੇਕ ਕਮਾਈ ਵਿੱਚ ਜੁਟੋ ਤੇ ਆਪਣੇ ਆਲੇ-ਦੁਆਲੇ ਦੇ ਲੋਕਾਂ ਨਾਲ ਖ਼ਾਸ ਕਰਕੇ ਲੋੜਵੰਦਾਂ ਨਾਲ ਆਪਣੀ ਕਿਰਤ ਕਮਾਈ ਵੰਡ ਕੇ ਛਕੋ। ਲਹਿਣਾ ਜੀ ਤੇ ਬੜਾ ਡੂੰਘਾ ਅਸਰ ਹੋਇਆ। ਉਹਨਾਂ ਆਪਣੇ ਮਨ ਵਿੱਚ ਫ਼ੈਸਲਾ ਕਰ ਲਿਆ ਕਿ ਉਹ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਜ਼ਰੂਰ ਜਾਣਗੇ। ਇਸ ਲਈ ਉਹਨਾਂ ਕਰਤਾਰਪੁਰ ਰਾਵੀ ਦਾ ਪਤਾ ਚੰਗੀ ਤਰ੍ਹਾਂ ਸਮਝ ਲਿਆ ਤੇ ਜਦੋਂ ਕੁਝ ਦਿਨਾਂ ਪਿੱਛੋਂ ਉਹਨਾਂ ਦੇ ਸੰਗੀ ਸਾਥੀਆਂ ਦਾ ਜੱਥਾ ਘੋੜੀਆਂ ਤੇ ਸਵਾਰ ਹੋ ਕੇ ਦੇਵੀ ਦਰਸ਼ਨ ਨੂੰ ਚਲਿਆ ਤਾਂ ਉਹਨਾਂ ਖੀਵੀ ਜੀ ਨੂੰ ਦੱਸਿਆ ਕਿ ਇਸ ਯਾਤਰਾ ਵਿੱਚ ਜਾਂਦੇ ਹੋਏ ਉਹ ਕਰਤਾਰਪੁਰ ਗੁਰੂ ਨਾਨਕ ਜੀ ਦੇ ਦਰਸ਼ਨ ਜ਼ਰੂਰ ਕਰਕੇ ਆਉਣਗੇ। ਮੈਨੂੰ ਬੇਬੇ ਵਿਰਾਈ ਦੇ ਪ੍ਰਭਾਵ ਤੋਂ ਜਾਪਦੈ ਕਿ ਮੈਨੂੰ ਵੀ ਉਥੋਂ ਮਨ ਤੇ ਆਤਮਾ ਦੀ ਸ਼ਾਂਤੀ ਤੇ ਸੰਤੁਸ਼ਟਤਾ ਮਿਲ ਜਾਏਗੀ। ਜੇ ਮੈਨੂੰ ਉਥੇ ਕੁਝ ਸਮਾਂ ਲੱਗ ਜਾਏ ਤਾਂ ਚਿੰਤਾ ਨਾ ਕਰਨੀ। ਬੱਚਿਆਂ ਨੂੰ ਕੰਮ ਕਾਰ ਲਈ ਉਤਸ਼ਾਹ ਦੇਈ ਰੱਖਣਾ।

ਸ੍ਰ. ਸਵਰਨ ਸਿੰਘ ਭੌਰ ਸਰਲੀ ਕਲਾਂ, ਅੰਮ੍ਰਿਤਸਰ ਨੇ ਮਾਤਾ ਖੀਵੀ ਜੀ ਬਾਰੇ 'ਸੰਤ ਸਿਪਾਹੀ' ਵਿੱਚ ਜੋ ਲੇਖ ਪ੍ਰਕਾਸ਼ਤ ਕੀਤਾ ਹੈ, ਉਸ ਵਿੱਚ ਉਹਨਾਂ ਲਹਿਣਾ ਜੀ ਦੇ ਗੁਰੂ ਨਾਨਕ ਦੇਵ ਬਾਰੇ ਜਾਣਕਾਰੀ ਦਾ ਮੁੱਢਲਾ ਆਧਾਰ ਇਉਂ ਬਿਆਨ ਕੀਤਾ ਹੈ : "ਲਹਿਣਾ ਜੀ ਨੂੰ ਇਕ ਦਿਨ ਅੰਮ੍ਰਿਤ ਵੇਲੇ ਕਿਸੇ ਪਾਸੇ ਤੋਂ ਅੰਮ੍ਰਿਤ-ਬਾਣੀ ਦੀ ਆਵਾਜ਼ ਕੰਨਾਂ ਵਿੱਚ ਪਈ। ਇਹ ਭਾਈ ਜੋਧ ਸੀ ਜੋ ਬਾਣੀ ਪੜ੍ਹ ਰਿਹਾ ਸੀ। ਜਿਵੇਂ ਮਿਕਨਾਤੀਸ ਵੱਲ ਲੋਹਾ ਖਿੱਚਿਆ ਜਾਂਦਾ ਹੈ, ਇਸੇ ਤਰ੍ਹਾਂ ਲਹਿਣਾ ਜੀ ਬਾਣੀ ਵੱਲ ਖਿੱਚੇ ਗਏ। ਭਾਈ ਜੋਧ ਜੀ ਕੋਲ ਪਹੁੰਚ ਕੇ ਬੇਨਤੀ ਕੀਤੀ ਤੇ ਬਾਣੀ ਦੀ ਬਾਬਤ ਪੁੱਛਿਆ ਕਿ ਆਪ ਜੀ ਕੀ ਪੜ੍ਹ ਰਹੇ ਸੀ। ਉਹ ਕਿਹੜਾ ਕਲਾਮ ਸੀ ਜੋ ਮੇਰੇ ਸੀਨੇ ਵਿੱਚ ਐਸਾ ਘਰ ਕਰ ਗਿਆ ਹੈ ? ਪਿਆਰੇ ! ਮੈਨੂੰ ਵੀ ਉਹ ਸ਼ਬਦ ਦਾ ਗਿਆਨ ਬਖ਼ਸ਼ੋ। ਭਾਈ ਜੋਧ ਜੀ ਨੇ ਬੜੇ ਪਿਆਰ ਤੇ ਸਤਿਕਾਰ ਨਾਲ ਕਿਹਾ, "ਪਿਆਰੇ ਭਗਤ ਜੀ ਇਹ ਸ਼ਬਦ ਦਾ ਪ੍ਰਸ਼ਾਦਿ ਆਪ ਜੀ ਨੂੰ ਕਰਤਾਰਪੁਰ ਤੋਂ ਪ੍ਰਾਪਤ ਹੋਵੇਗਾ। ਖੰਡਾਂ-ਬ੍ਰਹਿਮੰਡਾਂ ਦੇ ਮਾਲਕ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਦੇ ਦਰਸ਼ਨ ਕਰੋ। ਮੈਂ ਤਾਂ ਗੁਰੂ ਜੀ ਦਾ ਨਿਮਾਣਾ ਸਿੱਖ ਹਾਂ।" ਜੇ ਸਵਰਨ ਸਿੰਘ ਭੌਰ ਦੀ ਜਾਣਕਾਰੀ ਨੂੰ ਠੀਕ ਵੀ ਮੰਨ ਲਈਏ ਤਾਂ ਵੀ ਇਹੀ ਸਿੱਟਾ ਨਿਕਲਦਾ ਹੈ ਕਿ ਭਾਈ ਲਹਿਣਾ ਜੀ ਨੂੰ ਖਡੂਰ ਵਿੱਚ ਰਹਿੰਦਿਆਂ ਗੁਰੂ ਨਾਨਕ ਦੇਵ ਜੀ ਬਾਰੇ ਜਦ ਪਤਾ ਲੱਗਾ ਤਾਂ ਤੁਰੰਤ ਉਹਨਾਂ ਦੇ ਮਨ ਵਿੱਚ ਦਰਸ਼ਨਾਂ ਦੀ ਅਭਿਲਾਸ਼ਾ ਪੈਦਾ ਹੋ ਗਈ। ਉਹਨਾਂ ਅਵੱਸ਼ ਆਪਣੀ ਪਤਨੀ ਖੀਵੀ ਜੀ ਨਾਲ ਗੱਲ ਕੀਤੀ ਹੋਵੇਗੀ ਤੇ ਉਹਨਾਂ ਅਵੱਸ਼ ਚੜ੍ਹਦੀ ਕਲਾ ਵਾਲਾ ਹੁੰਗਾਰਾ

ਭਰਿਆ। ਲਹਿਣਾ ਜੀ ਦੇਵੀ ਦਰਸ਼ਨਾਂ ਨੂੰ ਸੰਗਤ ਨਾਲ ਜਾਂਦੇ ਰਾਹ ਵਿੱਚ ਕਰਤਾਰਪੁਰ ਰਾਵੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਦੀ ਸਿੱਕ ਲੈ ਕੇ ਪਹੁੰਚ ਗਏ, ਜਿਵੇਂ ਗੁਰੂ ਨਾਨਕ ਦੇਵ ਜੀ ਉਹਨਾਂ ਨੂੰ ਕਰਤਾਰਪਰ ਵਿੱਚ ਅਚਾਨਕ ਮਿਲ ਪਏ, ਉਸ ਨੇ ਉਹਨਾਂ ਦੇ ਦਿਲ ਦਿਮਾਗ ਤੇ ਡੂੰਘਾ ਅਸਰ [illegible] ਕਈ ਸਾਖੀਕਾਰ ਲਿਖਦੇ ਹਨ ਕਿ ਉਹਨਾਂ ਨੂੰ ਰਾਤ ਵੇਲੇ ਗੁਰੂ ਨਾਨਕ ਦੇ ਦਰ ਤ[illegible]ਵਾ ਕਰਦਿਆਂ ਦੇਵੀ ਦੇ ਦਰਸ਼ਨ ਹੋਏ, ਉਹਨਾਂ ਦਾ ਮਨ ਬਦਲ ਗਿਆ ਤੇ ਉਹ ਸਦਾ ਲਈ ਗੁਰੂ ਨਾਨਕ ਦੇ ਘਰ ਨਾਲ ਜੁੜ ਗਏ।

ਕੁਝ ਦਿਨ ਕਰਤਾਰਪੁਰ ਰਹਿ ਕੇ ਗੁਰੂ ਨਾਨਕ ਸਾਹਿਬ ਦੀ ਆਗਿਆ ਅਨੁਸਾਰ ਖਡੂਰ ਸਾਹਿਬ ਆ ਗਏ ਅਤੇ ਨਾਮ ਸਿਮਰਨ ਤੇ ਕਿਰਤ ਕਰਨ ਵਿੱਚ ਲਗ ਪਏ। ਖੀਵੀ ਜੀ ਨੂੰ ਦੱਸਿਆ, ਜੋ ਕਰਤਾਰਪੁਰ ਦੇਖਿਆ ਤੇ ਸੁਣਿਆ ਸੀ। ਮਾਤਾ ਵਿਰਾਈ ਜਾਂ ਭਾਈ ਜੋਧ ਦੇ ਪ੍ਰਗਟਾਏ ਪ੍ਰਭਾਵ ਨਾਲੋਂ ਵੀ ਵੱਧ ਇਹਨਾਂ ਦੇ ਅਸਰ ਵੇਖ ਕੇ ਖੀਵੀ ਜੀ ਨੇ ਇੱਛਾ ਪ੍ਰਗਟ ਕੀਤੀ ਕਿ ਹੁਣ ਜਦੋਂ ਜਾਓ ਤਾਂ ਮੈਂ ਵੀ ਉਹਨਾਂ ਦੇ ਦਰਸ਼ਨ ਕਰਨ ਤੇ ਉਹਨਾਂ ਤੋਂ ਸਿੱਖਿਆ ਲੈਣ ਦੀ ਚਾਹਵਾਨ ਹਾਂ। ਲਹਿਣਾ ਜੀ ਨੇ ਉੱਤਰ ਦਿੱਤਾ ਕਿ ਮੇਰਾ ਦਿਲ ਤਾਂ ਉਥੋਂ ਆਉਣ ਨੂੰ ਹੀ ਨਹੀਂ ਸੀ ਕਰਦਾ। ਗੁਰੂ ਜੀ ਨੇ ਮੈਨੂੰ ਗਿਆਨ ਬਖ਼ਸ਼ਿਆ ਤੇ ਗ੍ਰਿਹਸਥੀ ਮਨੁੱਖਾਂ ਵਾਲੇ ਕਾਰ-ਵਿਹਾਰ ਤਿਆਗਣੇ ਨਹੀਂ, ਪਰਿਵਾਰ ਵੱਲ ਆਪਣੀਆਂ ਜ਼ਿੰਮੇਵਾਰੀਆਂ ਵੀ ਨਿਭਾਉਣੀਆਂ ਹਨ। ਗੁਜ਼ਰਾਨ ਲਈ ਕਿਰਤ ਕਰਨੀ ਵੀ ਜ਼ਰੂਰੀ ਹੈ। ਇਸ ਲਈ ਮੈਨੂੰ ਉਹਨਾਂ ਖਡੂਰ ਆਉਣ ਦੀ ਆਗਿਆ ਕੀਤੀ। ਪਰ ਹੁਣ ਮੇਰਾ ਇੱਥੇ ਦਿਲ ਨਹੀਂ ਲੱਗਦਾ। ਭਾਵੇਂ ਪ੍ਰਮਾਤਮਾ ਦੇ ਨਾਮ ਸਿਮਰਨ ਵਿੱਚ ਖ਼ੁਸ਼ੀ ਤੇ ਸ਼ਾਂਤੀ ਮਿਲ ਰਹੀ ਏ ਪਰ ਮਨ ਤੇ ਆਤਮਾ ਗੁਰੂ ਚਰਨਾਂ ਨਾਲ ਜੁੜੀ ਹੋਈ ਏ ਤੇ ਜੀਅ ਕਰਦਾ ਏ ਝਟ ਪਟ ਕੰਮ-ਕਾਜ ਲੜਕਿਆਂ ਨੂੰ ਸੌਂਪ ਕੇ ਫਿਰ ਕਰਤਾਰਪੁਰ ਪਹੁੰਚ ਜਾਵਾਂ। ਇਕ ਸਾਲ ਮੈਂ ਪੂਰਾ ਤਾਂ ਉਡੀਕ ਨਹੀਂ ਕਰ ਸਕਦਾ। ਮੈਂ ਛੇਤੀ ਹੀ ਕੁਝ ਦਿਨਾਂ ਪਿੱਛੋਂ ਕਰਤਾਰਪੁਰ ਜਾਣ ਦਾ ਵਿਚਾਰ ਰੱਖਦਾ ਹਾਂ। ਗੁਰੂ ਦਰਸ਼ਨਾਂ ਦੀ ਭੁੱਖ ਪਲ-ਪਲ ਮੇਰੇ ਅੰਦਰ ਵਧ ਰਹੀ ਏ। ਖੀਵੀ ਜੀ ਨੇ ਉੱਤਰ ਦਿੱਤਾ, "ਤੁਸੀਂ ਤਾਂ ਦਰਸ਼ਨ ਕਰਕੇ ਤੇ ਉਪਦੇਸ਼ ਸੁਣ ਕੇ ਕੁਝ ਸਮਾਂ ਸੇਵਾ ਵਿੱਚ ਬਿਤਾ ਕੇ ਆਏ ਹੋ, ਮੈਂ ਤੁਹਾਡੇ ਤੋਂ ਸੁਣ ਸੁਣ ਕੇ ਹੀ ਵਿਆਕੁਲ ਹੋ ਰਹੀ ਹਾਂ ਤੇ ਜੀਅ ਚਾਹੁੰਦਾ ਏ ਕਿ ਛੇਤੀ ਤੁਹਾਡੇ ਸੰਗ ਜਾਵਾਂ।"

ਲਹਿਣਾ ਜੀ ਖੀਵੀ ਜੀ ਦੇ ਵਿਚਾਰ ਸੁਣ ਕੇ ਪ੍ਰਸੰਨ ਹੋਏ ਤੇ ਜਦੋਂ ਉਹ ਦੂਜੀ ਵਾਰ ਕਰਤਾਰਪੁਰ ਗਏ ਤਾਂ ਖੀਵੀ ਜੀ ਵੀ ਉਹਨਾਂ ਦੇ ਨਾਲ ਗੁਰ ਦਰਸ਼ਨਾਂ ਲਈ ਪੁਜ ਗਏ। ਕਰਤਾਰਪੁਰ ਪੁੱਜ ਗਏ। ਕਰਤਾਰਪੁਰ ਜਾ ਕੇ ਉਹਨਾਂ ਵੇਖਿਆ ਕਿ ਗੁਰੂ ਨਾਨਕ ਦੇਵ ਜੀ ਜੋ ਜੀਵਨ ਸੇਧ ਸਮਝਾ ਰਹੇ ਨੇ ਉਸ ਤੇ ਉਹ ਆਪ ਅਮਲ ਕਰ ਰਹੇ ਹਨ। ਫਿਰ ਵੀ ਉਹ ਪ੍ਰਭੂ ਪ੍ਰਮਾਤਮਾ ਦੇ ਨਾਮ ਸਿਮਰਨ ਵਿੱਚ ਵੱਧ ਤੋਂ ਵੱਧ ਸਮਾਂ ਲਾ ਰਹੇ ਹਨ। ਜੇ ਉਹ ਦੂਜਿਆਂ ਨੂੰ ਕਿਰਤ ਕਰਨ ਦੀ ਪ੍ਰੇਰਨਾ ਦੇ ਰਹੇ ਹਨ ਤਾਂ ਪਹਿਲਾਂ ਆਪ ਖੇਤੀਬਾੜੀ ਨੂੰ ਲੱਗੇ ਹੋਏ, ਹਨ। ਫਿਰ ਉਹਨਾਂ ਖੁੱਲ੍ਹਾ ਲੰਗਰ ਲਾਇਆ ਹੋਇਆ ਹੈ। ਉਸ ਵਿਚੋਂ ਹਰ ਕੋਈ ਲੰਗਰ ਛਕ ਸਕਦਾ ਹੈ। ਖੀਵੀ ਜੀ ਦੀ ਅੰਤਰ ਆਤਮਕਤਾ ਤੇ ਮਾਨਸਕਤਾ 'ਤੇ ਬਹੁਤ ਹੀ ਡੂੰਘਾ ਅਸਰ ਹੋਇਆ। ਉਹਨਾਂ ਦੇਖਿਆ ਕਿ ਦੂਰੋਂ ਨੇੜਿਓਂ ਗੁਰੂ ਦਰਸ਼ਨਾਂ ਨੂੰ ਸੰਗਤਾਂ ਆ ਰਹੀਆਂ ਨੇ ਤੇ ਜੋ ਅੰਨਦਾਣਾ ਜਾਂ ਵਸਤਾਂ ਭੇਟਾ ਲਿਆ ਰਹੇ ਨੇ ਉਹ ਸਭ ਲੰਗਰ ਵਿੱਚ ਵਰਤਾਈਆਂ ਜਾ ਰਹੀਆਂ ਨੇ। ਕਰਤਾਰਪੁਰ ਆ ਕੇ ਜਦ ਇਹ ਵੇਖਿਆ ਕਿ ਗੁਰੂ ਨਾਨਕ

ਦੇਵ ਜੀ ਦੀ ਪਤਨੀ ਮਾਤਾ ਸੁਲੱਖਣੀ ਜੀ ਲੰਗਰ ਵਿੱਚ ਲੰਗਰ ਤਿਆਰ ਕਰਨ ਦੀ ਸੇਵਾ ਹੱਥੀਂ ਕਰ ਰਹੇ ਨੇ ਤੇ ਸੰਗਤਾਂ ਦੇ ਬੇਨਤੀ ਕਰਨ ਦੇ ਬਾਵਜੂਦ ਕਦੇ ਰੋਟੀਆਂ ਪਕਾਉਂਦੇ ਹਨ ਤੇ ਦਾਲ ਸਬਜ਼ੀ ਚਾੜ੍ਹਦੇ। ਇਧਰੋਂ ਵਿਹਲੇ ਹੁੰਦੇ ਤਾਂ ਭਾਂਡੇ ਮਾਂਜਣ ਦੀ ਸੇਵਾ ਵਿੱਚ ਜੁੱਟ ਪੈਂਦੇ। ਖੀਵੀ ਜੀ ਨੇ ਇਥੋਂ ਮਨ ਵਿੱਚ ਧਾਰ ਲਿਆ ਕਿ ਉਹ ਵੀ ਇਸੇ ਤਰ੍ਹਾਂ ਨਾਮ ਸਿਮਰਨ ਵਿੱਚ ਲੱਗ ਕੇ ਸੇਵਾ ਦੇ ਖੇਤਰ ਵਿੱਚ ਆਪਣਾ ਜੀਵਨ ਸਫਲਾ ਕਰਨਗੇ।

ਮਾਤਾ ਖੀਵੀ ਦੀ ਕੁਖ ਤੋਂ ਲਹਿਣਾ ਜੀ ਦੇ ਘਰ ਦੋ ਸਪੁੱਤਰਾਂ ਅਤੇ ਦੋ ਸਪੁੱਤਰੀਆਂ ਦਾ ਜਨਮ ਹੋਇਆ। ਦਾਸੂ ਜੀ ਦਾ ਜਨਮ 1524 ਈ: ਨੂੰ ਹੋਇਆ, ਦਾਤੂ ਜੀ ਦਾ ਜਨਮ 1537 ਈ: ਨੂੰ ਹੋਇਆ। ਆਪ ਜੀ ਦੀ ਵੱਡੀ ਸਪੁੱਤਰੀ ਦਾ ਨਾਂ ਬੀਬੀ ਅਮਰੋ ਸੀ ਅਤੇ ਛੋਟੀ ਦਾ ਨਾਂ ਬੀਬੀ ਅਣੋਖੀ ਸੀ। ਖੀਵੀ ਜੀ ਨੇ ਬੱਚਿਆਂ ਦੀ ਪਾਲਣਾ ਵੱਲ ਆਪਣਾ ਪੂਰਾ ਧਿਆਨ ਦਿੱਤਾ। ਉਹਨਾਂ ਕਦੀ ਵੀ ਸ਼ਿਕਾਇਤ ਨਹੀਂ ਕੀਤੀ ਕਿ ਲਹਿਣਾ ਜੀ ਆਪਣਾ ਬਹੁਤਾ ਸਮਾਂ ਘਰ ਵਿੱਚ ਨਹੀਂ ਬਿਤਾਉਂਦੇ। ਸਗੋਂ ਉਹਨਾਂ ਨੂੰ ਖ਼ੁਸ਼ੀ ਹੁੰਦੀ ਕਿ ਉਹ ਗੁਰੂ ਨਾਨਕ ਦੇਵ ਜੀ ਪਾਸ ਰਹਿ ਕੇ ਆਪਣਾ ਆਤਮਕ ਗਿਆਨ ਵਧਾ ਰਹੇ ਨੇ।

ਕਰਤਾਰਪੁਰ ਵਿੱਚ ਰਹਿੰਦਿਆਂ ਹਰ ਵੇਲੇ ਗੁਰੂ ਨਾਨਕ ਦੇਵ ਜੀ ਦੀ ਸੇਵਾ ਵਿੱਚ ਹਾਜ਼ਰ ਰਹਿੰਦੇ। ਹਰ ਹੁਕਮ ਮੰਨਦੇ ਕਦੇ ਮੱਥੇ ਵੱਟ ਨਹੀਂ ਪਾਇਆ ਤੇ ਕਦੇ ਥਕਾਵਟ ਮਹਿਸੂਸ ਨਹੀਂ ਕੀਤੀ। ਖ਼ੁਸ਼ੀ ਖ਼ੁਸ਼ੀ ਹਰ ਹੁਕਮ ਦੀ ਪਾਲਣਾ ਕਰਦੇ। ਜੇ ਗੁਰੂ ਨਾਨਕ ਦੇਵ ਜੀ ਨੇ ਧਾਨ ਦੀ ਫ਼ਸਲ ਵਿੱਚੋਂ ਚੁਣੇ ਹੋਏ ਚਿੱਕੜ ਭਰੇ ਘਾਹ ਨੂੰ ਚੁੱਕਣ ਦਾ ਆਦੇਸ਼ ਦਿੱਤਾ ਤਾਂ ਖ਼ੁਸ਼ੀ ਖ਼ੁਸ਼ੀ ਪੰਡ ਸਿਰ 'ਤੇ ਚੁੱਕ ਕੇ ਘਰ ਲੈ ਆਏ। ਮਾਤਾ ਸੁਲੱਖਣੀ ਜੀ ਨੇ ਮਹਿਸੂਸ ਕੀਤਾ ਕਿ ਇਹਨਾਂ ਦੇ ਕੱਪੜੇ ਖ਼ਰਾਬ ਹੋ ਗਏ ਹਨ, ਜਦੋਂ ਮਾਤਾ ਜੀ ਨੇ ਮਿੱਠਾ ਜਿਹਾ ਸ਼ਿਕਵਾ ਕੀਤਾ ਤਾਂ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ, "ਇਸ ਦੇ ਸਿਰ ਉਪਰ ਘਾਹ ਦੀ ਪੰਡ ਨਹੀਂ ਸੀ, ਦੀਨ ਦੁਨੀਆ ਦਾ ਛੱਤਰ ਸੀ, ਇਸ ਗਭਰੂ ਨੇ ਬੜਾ ਭਾਰ ਚੁੱਕਣਾ ਏ ਆਪਣੇ ਸਿਰ 'ਤੇ, ਮੋਢਿਆਂ ਉਤੇ ਇਹ ਛਿੱਟਾਂ ਚਿੱਕੜ ਦੀਆਂ ਨਹੀਂ, ਇਹ ਤਾਂ ਕੇਸਰ ਦੇ ਛਿੱਟੇ ਕੇਸਰ ਤਰੌਂਕੇ ਹਨ। ਵੇਖਿਓ ਤਾਂ ਸਹੀ ਕਰਤਾਰ ਦੇ ਰੰਗ।"

ਲਹਿਣਾ ਜੀ ਸੇਵਾ ਕਰਦੇ ਕਰਦੇ ਹਰ ਵੇਲੇ ਨਾਲ ਰਹਿਣ ਵਾਲੇ ਨਿੱਜੀ ਸੇਵਕ ਬਣ ਗਏ। ਗੁਰੂ ਨਾਨਕ ਦੇਵ ਜੀ ਨਾਲ ਇਸ ਨੇੜਤਾ ਤੋਂ ਕਈਆਂ ਨੂੰ ਈਰਖਾ ਹੋਣ ਲੱਗੀ। ਇਹ ਦੇਖ ਕੇ ਗੁਰੂ ਨਾਨਕ ਦੇਵ ਜੀ ਨੇ ਆਗਿਆ ਕੀਤੀ ਕਿ ਤੁਸੀਂ ਖਡੂਰ ਜਾ ਕੇ ਰਹੋ। ਅਸੀਂ ਤੁਹਾਨੂੰ ਮਿਲਣ ਉਥੇ ਆਇਆ ਕਰਾਂਗੇ। ਜਦੋਂ ਕਰਤਾਰਪੁਰ ਲਿਆਉਣਾ ਹੋਇਆ ਤਾਂ ਆਪ ਤੁਹਾਨੂੰ ਬੁਲਾ ਲਵਾਂਗੇ। ਲਹਿਣਾ ਜੀ ਖਡੂਰ ਆ ਗਏ ਦੋ ਵਾਰ ਗੁਰੂ ਨਾਨਕ ਦੇਵ ਜੀ ਉਹਨਾਂ ਨੂੰ ਮਿਲਣ ਆਏ ਤੇ ਦੂਜੀ ਵਾਰ ਉਹ ਖਡੂਰ ਤੋਂ ਲਹਿਣਾ ਜੀ ਨੂੰ ਆਪਣੇ ਨਾਲ ਲੈ ਗਏ। ਕਰਤਾਰਪੁਰ ਵਿੱਚ ਲਹਿਣਾ ਜੀ ਦੀ ਪ੍ਰੀਖਿਆ ਦਾ ਦੌਰ ਸ਼ੁਰੂ ਹੋਇਆ। ਇਸ ਦੌਰ ਵਿੱਚ ਗੁਰੂ ਜੀ ਦੇ ਸਪੁੱਤਰ ਤੇ ਕੁਝ ਹੋਰ ਮੁਖੀ ਸਿੱਖ ਪ੍ਰੀਖਿਆ ਵਿੱਚ ਅਸਫਲ ਰਹੇ। ਗੁਰੂ ਜੀ ਜਿਹੜਾ ਕੰਮ ਆਖਣ ਉਹ ਕਿੰਤੂ ਕਰਦੇ ਪਰ ਲਹਿਣਾ ਜੀ ਇਨ੍ਹਾਂ ਇਮਤਿਹਾਨਾਂ ਵਿੱਚ ਪੂਰੀ ਤਰ੍ਹਾਂ ਸਫਲ ਹੋਏ। ਉਹਨਾਂ ਹਰ ਇਮਤਿਹਾਨ ਦਾ ਪਰਚਾ ਖਿੜੇ ਮੱਥੇ ਹੱਲ ਕੀਤਾ। ਜਿਸ ਦੇ ਫਲਸਰੂਪ ਜਦ ਗੁਰੂ ਨਾਨਕ ਦੇਵ ਜੀ ਦੇ ਜੋਤਿ ਜੋਤ ਦਾ ਸਮਾਂ ਆਇਆ ਤਾਂ ਉਹਨਾਂ ਲਹਿਣਾ ਜੀ ਨੂੰ ਆਪਣੀ ਥਾਂ ਆਸਣ 'ਤੇ ਬਿਠਾਇਆ, ਪੰਜ ਪੈਸੇ ਤੇ ਨਾਰੀਅਲ ਅਗੇ ਰੱਖ ਕੇ ਆਪਣੀ ਨਾਨਕ-ਜੋਤ ਦਾ ਪ੍ਰਕਾਸ਼ ਲਹਿਣਾ ਜੀ ਵਿੱਚ ਕਰਕੇ ਉਹਨਾਂ ਨੂੰ ਗੁਰੂ ਅੰਗਦ

ਦੇਵ ਬਣਾ ਦਿੱਤਾ। ਆਪਣੀ ਬਾਣੀ ਦੀ ਪੋਥੀ ਤੇ ਭਗਤਾਂ ਦੀ ਇਕੱਤਰ ਕੀਤੀ ਬਾਣੀ ਵੀ ਉਹਨਾਂ ਨੂੰ ਸੌਂਪ ਦਿੱਤੀ। ਬਾਬਾ ਬੁੱਢਾ ਜੀ ਤੋਂ ਗੁਰਿਆਈ ਦਾ ਤਿਲਕ ਲੁਆਇਆ ਤੇ ਫਿਰ ਫੁਰਮਾਇਆ, ਤੁਸੀਂ ਖਡੂਰ ਚਲੇ ਜਾਓ ਤੇ ਉਥੇ ਰਹਿੰਦਿਆਂ ਸਿੱਖੀ ਦੀ ਲੋਕ ਲਹਿਰ ਦੀ ਅਗਵਾਈ ਕਰੋ। ਗੁਰੂ ਅੰਗਦ ਦੇਵ ਜੀ ਆਗਿਆ ਮੰਨ ਕੇ ਖਡੂਰ ਆ ਗਏ। ਮਾਤਾ ਖੀਵੀ ਜੀ ਨੂੰ ਅਪਾਰ ਖ਼ੁਸ਼ੀ ਹੋਈ, ਕਿਉਂਕਿ ਗੁਰੂ ਜੀ ਉਹਨਾਂ ਦੇ ਪਤੀ ਹੋਣ ਦੇ ਨਾਲ ਨਾਲ ਗੁਰਦੇਵ ਦੇ ਰੂਪ ਵਿੱਚ ਵੀ ਖਡੂਰ ਪਧਾਰੇ ਸਨ।

ਗੁਰੂ ਅੰਗਦ ਦੇਵ ਜੀ ਮਾਤਾ ਵਿਰਾਈ ਦੇ ਘਰ ਕੋਠੇ ਵਿੱਚ ਆਪਣੇ ਆਪ ਨੂੰ ਬੰਦ ਕਰਕੇ ਰਹਿਣ ਲੱਗੇ ਤੇ ਗੁਰੂ ਨਾਨਕ ਦੇਵ ਜੀ ਦੇ ਵਿਛੋੜੇ ਨੂੰ ਇਕਾਂਤ ਵਿੱਚ ਬੈਠ ਕੇ ਨਾਮ ਜਪਣ ਰਾਹੀਂ ਬਰਦਾਸ਼ਤ ਕਰਨ ਦਾ ਯਤਨ ਕਰਨ ਲੱਗੇ। ਸਾਰੇ ਦੂਰ-ਦੁਰਾਡੇ ਸਿੱਖ ਸੰਗਤਾਂ ਵਿੱਚ ਇਹ ਧੁੰਮ ਗਿਆ ਕਿ ਗੁਰੂ ਅੰਗਦ ਦੇਵ ਜੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬੈਠੇ ਖਡੂਰ ਸਾਹਿਬ ਵਿੱਚ ਚਲੇ ਗਏ ਹਨ। ਇਸ ਲਈ ਗੁਰੂ ਦਰਸ਼ਨਾਂ ਦੇ ਚਾਹਵਾਨ ਖਡੂਰ ਆਉਣ ਲੱਗ ਪਏ। ਪਰ ਇੱਥੇ ਉਹਨਾਂ ਨੂੰ ਗੁਰੂ ਸਾਹਿਬ ਦੇ ਦਰਸ਼ਨ ਨਾ ਹੋਣ ਤੇ ਨਾ ਕੋਈ ਦਸ ਸਕੇ ਕਿ ਗੁਰੂ ਸਾਹਿਬ ਇਸ ਵਕਤ ਕਿੱਥੇ ਹਨ। ਮਾਤਾ ਖੀਵੀ ਜੀ ਵੀ ਗੁਰੂ ਜੀ ਦੀ ਆਗਿਆ ਅਨੁਸਾਰ ਇਸ ਮਸਲੇ ਤੇ ਚੁੱਪ ਸਨ। ਪਰ ਉਹ ਦਰਸ਼ਨਾਂ ਲਈ ਆਉਣ ਵਾਲੀਆਂ ਸਿੱਖ ਸੰਗਤਾਂ ਦੀ ਸੇਵਾ ਕਰਨ ਵਿੱਚ ਤਤਪਰ ਰਹਿੰਦੇ। ਹਰ ਆਏ ਦਰਸ਼ਨ ਅਭਿਲਾਸ਼ੀ ਦੀ ਉਸੇ ਤਰ੍ਹਾਂ ਸੇਵਾ ਕਰਦੇ ਜਿਵੇਂ ਉਹਨਾਂ ਕਰਤਾਰਪੁਰ ਵੇਖਿਆ ਸੀ।

ਸਿੱਖ ਸੰਗਤਾਂ ਦੀ ਵਿਆਕੁਲਤਾ ਨੂੰ ਵੇਖ ਕੇ ਜਦੋਂ ਬਾਬਾ ਬੁੱਢਾ ਜੀ ਖਡੂਰ ਸਾਹਿਬ ਆਏ ਤਾਂ ਉਹਨਾਂ ਗੁਰੂ ਅੰਗਦ ਦੇਵ ਜੀ ਨੂੰ ਲੱਭ ਕੇ ਸਿੱਖ ਸੰਗਤਾਂ ਨੂੰ ਦਰਸ਼ਨ ਦੇਣ ਤੇ ਆਤਮਿਕ ਕਲਿਆਣ ਲਈ ਸਿੱਖੀ ਦਾ ਮਾਰਗ ਦਰਸ਼ਨ ਕਰਨ ਲਈ ਬਾਹਰ ਲੈ ਆਂਦਾ। ਇਸ ਤਰ੍ਹਾਂ ਖਡੂਰ ਸਾਹਿਬ ਵਿੱਚ ਉਸੇ ਤਰ੍ਹਾਂ ਗੁਰੂ ਦਰਸ਼ਨਾਂ ਲਈ ਸ਼ਰਧਾਲੂ ਆਉਣ ਲੱਗ ਪਏ। ਗੁਰੂ ਅੰਗਦ ਦੇਵ ਜੀ ਨੇ ਹਰ ਵੇਲੇ ਆਈਆਂ ਸੰਗਤਾਂ ਲਈ ਲੰਗਰ ਤਿਆਰ ਕਰਨ ਦੀ ਆਗਿਆ ਕੀਤੀ ਤੇ ਮਾਤਾ ਖੀਵੀ ਜੀ ਇਸ ਲੰਗਰ ਦੇ ਮੁਖ ਪ੍ਰਬੰਧਕ ਬਣੇ। ਉਹ ਆਪਣਾ ਬਹੁਤਾ ਸਮਾਂ ਲੰਗਰ ਵਿੱਚ ਬਿਤਾਂਦੇ ਤੇ ਲੰਗਰ ਦੀ ਸੇਵਾ ਵਿੱਚ ਹੱਥ ਵਟਾਉਣ ਵਾਲੇ ਮਰਦਾਂ ਤੇ ਔਰਤਾਂ ਨਾਲ ਮਿਲ ਕੇ ਵਧੀਆ ਤੋਂ ਵਧੀਆ ਲੰਗਰ ਬਣਾਉਂਦੇ। ਉਹਨਾਂ ਨੂੰ ਇਸ ਗੱਲ ਦੀ ਖ਼ੁਸ਼ੀ ਹੁੰਦੀ ਜਦ ਉਹਨਾਂ ਦਾ ਤਿਆਰ ਕੀਤਾ ਤੇ ਕਰਵਾਇਆ ਲੰਗਰ ਛੱਕਣ ਲਈ ਸੰਗਤ ਪੰਗਤਾਂ ਵਿੱਚ ਜੁੜਦੀ ਤਾਂ ਗੁਰੂ ਅੰਗਦ ਦੇਵ ਜੀ ਆਪ ਪੰਗਤ ਵਿੱਚ ਆ ਬੈਠਦੇ ਤੇ ਸੰਗਤਾਂ ਨਾਲ ਮਿਲ ਕੇ ਲੰਗਰ ਛੱਕਦੇ। ਜਿੱਥੇ ਗੁਰੂ ਘਰ ਦੇ ਪਿਆਰ ਨਾਲ ਤਿਆਰ ਕੀਤੇ ਲੰਗਰ ਦੀ ਹਰ ਪਾਸੇ ਸ਼ੋਭਾ ਹੋਣ ਲੱਗੀ। ਉਥੇ ਮਾਤਾ ਖੀਵੀ ਦੇ ਇਸ ਯੋਗਦਾਨ ਦਾ ਚਰਚਾ ਵੀ ਹਰ ਪਾਸੇ ਹੋਣ ਲੱਗਾ। ਮਾਤਾ ਖੀਵੀ ਜੀ ਦੇ ਇਸ ਤਿਆਰ ਲੰਗਰ ਵਿੱਚ ਘਿਆਲੀ ਖੀਰ ਦੀ ਵਿਸ਼ੇਸ਼ ਸਿਫ਼ਤ ਹੁੰਦੀ, ਕਿਉਂਕਿ ਇਹ ਖੀਰ ਦੇਸੀ ਘਿਉ ਪਾ ਕੇ ਤਿਆਰ ਹੁੰਦੀ ਸੀ। ਬਾਣੀ ਦੇ ਉਚਾਰਣ ਨਾਲ ਤਿਆਰ ਕੀਤਾ ਲੰਗਰ ਵਧੇਰੇ ਸੁਆਦਲਾ ਅਨੁਭਵ ਹੁੰਦਾ। ਇਤਿਹਾਸ ਵਿੱਚ ਲਿਖਿਆ ਮਿਲਦਾ ਹੈ ਕਿ ਜਿੱਥੇ ਗੁਰੂ ਅੰਗਦ ਦੇਵ ਜੀ ਸੰਗਤਾਂ ਨੂੰ ਸ਼ਬਦ ਦਾ ਪ੍ਰਸਾਦਿ ਵੰਡਦੇ ਸਨ ਉਥੇ ਮਾਤਾ ਖੀਵੀ ਜੀ ਲੰਗਰ ਦਾ ਪ੍ਰਬੰਧ ਬੜੀ ਲਗਨ ਨਾਲ ਸੰਭਾਲਿਆ ਕਰਦੇ ਸਨ। ਜਿਸ ਦੀ ਪ੍ਰੋੜ੍ਹਤਾ ਸੱਤੇ ਬਲਵੰਡ ਦੀ ਰਾਮਕਲੀ ਦੀ ਵਾਰ ਤੋਂ ਹੁੰਦੀ ਹੈ ਵਾਰ ਦੀ ਇਸ ਪਉੜੀ ਵਿੱਚ ਉਹ ਲਿਖਦੇ ਹਨ : "ਬਲਵੰਡ ਖੀਵੀ ਨੇਕ ਜਨ,

ਜਿਸ ਬਹੁਤੀ ਛਾਉ ਪਤ੍ਰਾਲੀ॥ ਲੰਗਰ ਦਉਲਤਿ ਵੰਡੀਐ ਰਸੁ ਅੰਮ੍ਰਿਤ ਖੀਰਿ ਘਿਆਲੀ॥" ਕਈ ਵਿਦਵਾਨਾਂ ਨੇ ਇਸ ਵਿਚਾਰ ਦੀ ਪੁਸ਼ਟੀ ਕੀਤੀ ਹੈ ਕਿ ਮਾਤਾ ਖੀਵੀ ਜੀ ਲੰਗਰ ਵਿੱਚ ਖੀਰ ਬਣਾ ਕੇ ਦੇਸੀ ਘਿਉ ਪਾ ਕੇ ਸੰਗਤਾਂ ਵਿੱਚ ਵਰਤਾਇਆ ਕਰਦੇ ਸਨ।

ਗੁਰੂ ਅੰਗਦ ਦੇਵ ਜੀ ਦੇ ਜੋਤੀ ਜੋਤ ਸਮਾਉਣ ਦਾ ਸਮਾਂ ਆਇਆ ਤਾਂ ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਤੀਜੀ ਨਾਨਕ-ਜੋਤ ਬਣਾ ਕੇ ਗੁਰਗੱਦੀ ਸੌਂਪੀ ਅਤੇ ਆਗਿਆ ਕੀਤੀ ਕਿ ਤੁਸੀਂ ਆਪਣੇ ਵਸਾਏ ਨਗਰ ਗੋਇੰਦਵਾਲ ਵਿੱਚ ਜਾ ਕੇ ਗੁਰਮਤ ਦਾ ਪ੍ਰਚਾਰ ਤੇ ਪ੍ਰਸਾਰ ਕਰੋ। ਗੁਰੂ ਅੰਗਦ ਦੇਵ ਜੀ ਦੇ ਦੋਵੇਂ ਸਪੁੱਤਰ ਦਾਸੂ ਤੇ ਦਾਤੂ ਜੀ ਇਸ ਫ਼ੈਸਲੇ ਤੇ ਜਦ ਨਰਾਜ਼ ਹੋਏ ਤੇ ਗੁਰਗੱਦੀ ਤੇ ਆਪਣਾ ਹੱਕ ਜਤਾਇਆ ਤਾਂ ਮਾਤਾ ਖੀਵੀ ਜੀ ਨੇ ਉਹਨਾਂ ਨੂੰ ਭਾਣਾ ਮੰਨਣ ਤੇ ਗੁਰੂ ਜੀ ਦੇ ਫ਼ੈਸਲੇ ਤੇ ਸੰਤੁਸ਼ਟ ਹੋਣ ਲਈ ਪ੍ਰੇਰਨਾ ਕਰਦਿਆਂ ਕਿਹਾ, "ਇਹ ਪੰਡ ਬਹੁਤ ਭਾਰੀ ਏ, ਜਿਸ ਨੂੰ ਤੁਸੀਂ ਸੰਭਾਲਣ ਦੇ ਯੋਗ ਨਹੀਂ, ਸੋ ਇਹ ਕੋਈ ਜੱਦੀ ਜਾਇਦਾਦ ਨਹੀਂ, ਜਿਸ ਦੇ ਵਾਸਤੇ ਤੁਸੀਂ ਨਰਾਜ਼ ਹੁੰਦੇ ਹੋ। ਤੁਸੀਂ ਗੁਰੂ ਪੁੱਤਰ ਹੋਣ ਦੇ ਨਾਤੇ ਕਦੇ ਸੇਵਾ ਨਹੀਂ ਸੀ ਕੀਤੀ, ਸਗੋਂ ਹੁਕਮ ਕਰਦੇ ਸਉ। ਜੇ ਗੁਰਤਾ ਗੱਦੀ ਵਿਰਸੇ ਵਿੱਚ ਹੁੰਦੀ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਪੁੱਤਰ ਸ੍ਰੀ ਚੰਦ ਜੀ ਕਰਣੀ ਵਾਲੇ ਮਹਾਂਪੁਰਸ਼ ਅਤੇ ਰਾਜਯੋਗੀ ਸਨ। ਲਖਮੀ ਦਾਸ ਜੀ ਵੀ ਸਰਬਕਲਾ ਸੰਪੂਰਨ ਸਨ। ਪਰ ਉਹਨਾਂ ਵਲੋਂ ਆਪਣੇ ਪਿਤਾ ਦਾ ਹੁਕਮ ਨਾ ਮੰਨਣ ਤੇ ਗੁਰਤਾ ਤੁਹਾਡੇ ਪਿਤਾ ਨੂੰ ਪ੍ਰਾਪਤ ਹੋਈ ਸੀ। ਆਪ ਜੀ ਗੁਰੂ ਅਮਰਦਾਸ ਜੀ ਦੀ ਸੇਵਾ ਕਰੋ, ਕਿਸੇ ਕਿਸਮ ਦੀ ਤੋਟ ਨਹੀਂ ਆਵੇਗੀ। ਰਿਧੀਆਂ ਸਿਧੀਆਂ ਆਪ ਦੇ ਪਿੱਛੇ ਫਿਰਨਗੀਆਂ।" ਦਾਸੂ ਨੇ ਤਾਂ ਇਹ ਪਿਆਰ ਤੇ ਸਿਆਣਪ ਭਰਿਆ ਸੁਝਾਅ ਮੰਨ ਲਿਆ ਪਰ ਦਾਤੂ ਨੇ ਹੁਕਮ ਨਾ ਮੰਨਿਆ ਤੇ ਗੋਇੰਦਵਾਲ ਵਿੱਚ ਜਾ ਕੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਬੋਲ-ਕੁਬੋਲ ਕੀਤੇ ਤੇ ਜਦੋਂ ਮਾਤਾ ਖੀਵੀ ਜੀ ਨੂੰ ਪਤਾ ਲੱਗਾ ਕਿ ਮੇਰੇ ਪੁੱਤਰ ਨੇ ਗੁਰੂ ਜੀ ਨੂੰ ਬੋਲ-ਕੁਬੋਲ ਬੋਲੇ ਹਨ ਤਾਂ ਉਹ ਖੁਦ ਚੱਲ ਕੇ ਗੋਇੰਦਵਾਲ ਗਏ ਉਥੇ ਪੁੱਜ ਕੇ ਆਪਣੇ ਪੁੱਤਰ ਦੀ ਗਲਤੀ ਦੀ ਮੁਆਫ਼ੀ ਮੰਗੀ।

ਮਾਤਾ ਜੀ ਖਡੂਰ ਸਾਹਿਬ ਤੋਂ ਗੋਇੰਦਵਾਲ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਜਾਂਦੇ ਰਹਿੰਦੇ ਤੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੇ। ਇਤਿਹਾਸਕਾਰ ਲਿਖਦੇ ਹਨ ਕਿ ਜਿਸ ਅਣਥੱਕ ਸੇਵਾ ਦੁਆਰਾ ਅੰਗਦ ਦੇਵ ਜੀ ਗੁਰਿਆਈ ਦੇ ਪਦ ਤੱਕ ਪਹੁੰਚੇ ਉਸ ਵਿੱਚ ਖੀਵੀ ਜੀ ਦੀ ਸੇਵਾ ਦਾ ਵੀ ਉਚੇਚਾ ਹਿੱਸਾ ਸੀ। ਜਿਸ ਕਠਿਨ ਘਾਲ ਨੇ ਗੁਰੂ ਅੰਗਦ ਦੇਵ ਜੀ ਨੂੰ ਸਫਲਤਾ ਦੀ ਸਿਖਰ 'ਤੇ ਪਹੁੰਚਾਇਆ ਸੀ। ਉਸ ਵਿੱਚ ਖੀਵੀ ਜੀ ਦਾ ਸਬਰ, ਸੰਤੋਖ, ਪ੍ਰੇਮ, ਤਿਆਗ ਤੇ ਰਜ਼ਾ ਵਿੱਚ ਰਾਜ਼ੀ ਰਹਿਣਾ ਸ਼ਾਮਲ ਸੀ। ਮਾਤਾ ਖੀਵੀ ਜੀ ਦੀ ਸਮੁੱਚੀ ਜੀਵਨ ਵਿਧੀ ਨਿਰਸਵਾਰਥ ਤੇ ਨਿਸ਼ਕਾਮ ਸੀ ਤੇ ਉਹਨਾਂ ਦੀ ਸੇਵਾ ਕਿਸੇ ਪਹਿਲਾਂ ਤੋਂ ਮਿਥੇ ਉਦੇਸ਼ ਤੋਂ ਪ੍ਰੇਰਿਤ ਨਹੀਂ ਸੀ। ਜਦੋਂ ਗੁਰੂ ਨਾਨਕ ਜੀ ਦੀ ਰਹਿਮਤ ਦਾ ਸਦਕਾ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਪਦ ਪ੍ਰਾਪਤ ਹੋ ਗਿਆ ਤਾਂ ਉਹਨਾਂ ਦੀ ਗੁਰਿਆਈ ਸਮੇਂ ਮਾਤਾ ਖੀਵੀ ਜੀ ਨੇ ਉਚੇਚੇ ਯੋਗਦਾਨ ਦਿੱਤਾ।

ਮਾਤਾ ਖੀਵੀ ਜੀ ਨੇ ਸੇਵਾ ਦਾ ਇਹ ਜਜ਼ਬਾ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਕੇ ਪ੍ਰਾਪਤ ਕੀਤਾ ਸੀ। ਕੁਝ ਵਿਦਵਾਨਾਂ ਨੇ ਇਸਦਾ ਆਪਣੀਆਂ ਲਿਖਤਾਂ ਵਿੱਚ ਚਰਚਾ ਵੀ ਕੀਤਾ ਹੈ। ਉਹ ਲਿਖਦੇ ਹਨ ਕਿ ਜਦੋਂ ਗੁਰੂ ਨਾਨਕ ਦੇਵ ਜੀ ਖਡੂਰ ਸਾਹਿਬ ਆਏ

ਤਾਂ ਆਪਣੇ ਪਤੀ ਲਹਿਣਾ ਜੀ ਨਾਲ ਮਿਲ ਕੇ ਖੀਵੀ ਜੀ ਨੇ ਨਗਰ ਤੋਂ ਬਾਹਰ ਆ ਕੇ ਗੁਰੂ ਜੀ ਨੂੰ ਜੀ ਆਇਆਂ ਆਖਿਆ ਤੇ ਨਿਮਸਕਾਰ ਕੀਤੀ। ਗੁਰੂ ਨਾਨਕ ਦੇਵ ਜੀ 15 ਕੁ ਦਿਨ ਖਡੂਰ ਵਿੱਚ ਰਹੇ ਤੇ ਇਹ ਸਾਰਾ ਸਮਾਂ ਮਾਤਾ ਖੀਵੀ ਜੀ ਨੇ ਆਪਣੇ ਪਤੀ ਨਾਲ ਮਿਲ ਕੇ ਅਥਾਹ ਸੇਵਾ ਕੀਤੀ ਤੇ ਆਪਣੀਆਂ ਸਧਰਾਂ ਪੂਰੀਆਂ ਕੀਤੀਆਂ। ਮਹਿਮਾ ਪ੍ਰਕਾਸ਼ ਵਿੱਚ ਲਿਖਿਆ ਹੈ : "ਤਬ ਮਾਤਾ ਖੀਵੀ ਜੀ, ਗੁਰੂ ਅੰਗਦ ਜੀ ਦੇ ਕਬੀਲੇ ਨੇ ਸੁਨਾ ਜੋ ਬਾਬਾ ਜੀ ਆਏ ਤਬ ਮਾਤਾ ਜੀ ਗਏ। ਪੂਜਾ ਕੀਆ, ਬਾਬਾ ਜੀ ਕੇ, ਘਰ ਦਰਸ਼ਨ।'। ਇਸੇ ਤਰ੍ਹਾਂ 'ਜਨਮ ਸਾਖੀ ਗੁਰੂ ਅੰਗਦ ਸਾਹਿਬ ਜੀ ਵਿੱਚ ਲਿਖਿਆ ਹੈ : 'ਇਕ ਦਿਨ ਤਿਸ ਦਾ ਪ੍ਰੇਮ ਦੇਖ ਕੇ ਗੁਰੂ ਨਾਨਕ ਜੀ ਖਡੂਰ ਵਿਖੇ ਆ ਦਰਸ਼ਨ ਦਿੱਤਾ, ਲਹਿਣਾ ਜੀ ਇਸਤ੍ਰੀ ਸਣੇ ਚਰਨੀਂ ਲੱਗੇ, ਤਨ ਮਨ ਧਨ ਸਰਬੰਸ ਭੇਟਾ ਕਰ ਦਿੱਤਾ।'

ਡਾ. ਜਸਪਾਲ ਸਿੰਘ ਨੇ ਆਪਣੇ ਖੋਜ-ਪੱਤਰ ਵਿੱਚ ਮਾਤਾ ਖੀਵੀ ਜੀ ਦੇ ਯੋਗਦਾਨ ਬਾਰੇ ਲਿਖਿਆ ਹੈ : "ਮਾਤਾ ਖੀਵੀ ਜੀ ਦੀ ਨਿੱਗਰ ਰਚਨਾਤਮਿਕ ਸਹਿਭਾਗਤਾ ਤੇ ਸਹਿਯੋਗ ਅਤਿ ਆਵਸ਼ਕ ਸੀ। ਇਤਿਹਾਸ ਸਾਖੀ ਹੈ ਕਿ ਮਾਤਾ ਖੀਵੀ ਜੀ ਨੇ ਗੁਰੂ ਅੰਗਦ ਦੇਵ ਜੀ ਦੇ ਗੁਰੂ ਕਾਰਜਾਂ ਨੂੰ ਸਫਲਤਾ ਸਹਿਤ ਨੇਪਰੇ ਚਾੜ੍ਹਨ ਵਿੱਚ ਪੂਰਾ ਹਿੱਸਾ ਪਾਇਆ। ਮਾਤਾ ਖੀਵੀ ਜੀ ਨੂੰ ਇਸ ਤੱਥ ਦਾ ਪੂਰਨ ਅਹਿਸਾਸ ਸੀ ਕਿ ਪਹਿਲੀ ਵਾਰ ਕਿਸੇ ਨੂੰ ਗੁਰੂ ਨਾਨਕ ਦੇਵ ਜੀ ਦਾ ਉਤਰਅਧਿਕਾਰੀ ਬਣਨ ਦਾ ਸੁਭਾਗ ਪ੍ਰਾਪਤ ਹੋਇਆ ਹੈ, ਗੁਰੂ ਪਰੰਪਰਾ ਵਿੱਚ ਸੱਤਾ ਪ੍ਰੀਵਰਤਨ ਦਾ ਇਹ ਪਹਿਲਾ ਅਵਸਰ ਹੈ। ਪਹਿਲੀ ਵਾਰ ਜਗਤ ਗੁਰੂ ਬਾਬਾ ਨਾਨਕ ਦੀ ਜੋਤਿ ਕਿਸੇ ਹੋਰ ਸਰੀਰ ਵਿੱਚ ਪ੍ਰਵੇਸ਼ (ਹੋਈ) ਕੀਤੀ। ਉਹੋ ਅਕਾਲੀ ਜੋਤਿ ਪਹਿਲ ਵਾਰ ਕਾਇਆ ਪਲਟ ਕੇ ਕਿਸੇ ਹੋਰ ਵਿੱਚ ਵਿਦਮਾਨ ਹੋਈ। ਪਹਿਲੀ ਵਾਰ ਕੋਈ ਸਿੱਖ ਗੁਰੂ-ਦੁਆਰਾ ਪਾਈ ਹਰ ਪ੍ਰੀਖਿਆ ਵਿੱਚ ਪੂਰੀ ਤਰ੍ਹਾਂ ਖਰਾ ਉਤਰਿਆ ਹੈ। ਗੁਰੂ ਤੇ ਸਿੱਖ ਦੇ ਅਭੇਦ ਹੋ ਜਾਣ ਦੀ ਇਹ ਪਹਿਲੀ ਘਟਨਾ ਹੈ।"

ਗੁਰੂ ਅੰਗਦ ਦੇਵ ਜੀ ਦੇ ਗੁਰਿਆਈ ਸਮੇਂ ਵਿੱਚ ਮਾਤਾ ਖੀਵੀ ਦਾ ਸਭ ਤੋਂ ਵੱਡਾ ਯੋਗਦਾਨ ਲੰਗਰ ਦੀ ਸੰਸਥਾ ਦਾ ਵਿਕਾਸ ਤੇ ਪ੍ਰਸਾਰ ਹੈ। ਇਸ ਵਿਕਾਸ ਤੇ ਪ੍ਰਸਾਰ ਵਿੱਚ ਬਹੁਤਾ ਹਿੱਸਾ ਮਾਤਾ ਖੀਵੀ ਦਾ ਹੈ। ਮਾਤਾ ਖੀਵੀ ਜੀ ਦੇ ਸਹਿਯੋਗ ਨਾਲ ਗੁਰੂ ਅੰਗਦ ਦੇਵ ਜੀ ਦੇ ਗੁਰੂ ਕਾਲ ਵਿੱਚ ਲੰਗਰ ਪ੍ਰਥਾ ਨੂੰ ਸੰਸਥਾਤਮਕ ਰੂਪ ਪ੍ਰਾਪਤ ਹੋ ਗਿਆ। ਲੰਗਰ ਦਾ ਸਮੁੱਚਾ ਪ੍ਰਬੰਧ ਮਾਤਾ ਖੀਵੀ ਜੀ ਦੇ ਹੱਥ ਵਿੱਚ ਸੀ। ਮਾਤਾ ਖੀਵੀ ਜੀ ਇਸ ਗੱਲ ਦਾ ਖ਼ਾਸ ਖ਼ਿਆਲ ਰੱਖਦੇ ਕਿ ਗੁਰੂ ਦਰਸ਼ਨਾਂ ਲਈ ਜਾਂ ਹੋਰ ਕੋਈ ਵਿਅਕਤੀ ਜੋ ਖਡੂਰ ਆਵੇ, ਇੱਥੋਂ ਲੰਗਰ ਛਕੇ ਬਿਨਾਂ ਭੁੱਖਾ ਨਾ ਜਾਏ। ਇਹ ਲੰਗਰ ਸਭ ਵਰਣਾਂ ਤੇ ਸਭ ਧਰਮਾਂ ਲਈ ਖੁਲ੍ਹਾ ਸੀ।

ਭਾਈ ਵੀਰ ਸਿੰਘ ਜੀ ਖੀਵੀ ਜੀ ਦੀ ਇਹ ਸੇਵਾ ਬਾਰੇ ਲਿਖਦੇ ਹਨ : "ਗੁਰਿਆਈ ਪ੍ਰਾਪਤ ਕਰਨ ਪਿੱਛੋਂ ਸੰਗਤਾਂ ਨੂੰ ਸੰਬੋਧਤ ਕਰਦਿਆਂ ਦਸਿਆ ਕਿ ਗੁਰੂ ਨਾਨਕ ਦੇਵ ਜੀ ਨੇ ਜਦੋਂ ਉਹਨਾਂ ਨੂੰ ਗੁਰਿਆਈ ਬਖ਼ਸ਼ੀ ਸੀ, ਉਦੋਂ ਲੰਗਰ ਦੀ ਸੇਵਾ ਖੀਵੀ ਜੀ ਦੇ ਹਿੱਸੇ ਆਈ ਸੀ। ਇਸੇ ਲਈ ਜਦੋਂ ਗੁਰੂ ਅੰਗਦ ਦੇਵ ਜੀ ਨੇ ਗੁਰਿਆਈ ਦਾ ਕੰਮ-ਕਾਜ ਸੰਭਾਲ ਲਿਆ ਤੇ ਖੀਵੀ ਜੀ ਅਪਣੇ ਪਤੀ ਦੇ ਗੁਰਦੇਵ ਰੂਪ ਵਿੱਚ ਪਹਿਲੀ ਵਾਰ ਦਰਸ਼ਨ ਕਰਨ ਆਏ, ਤਾਂ ਗੁਰੂ ਸਾਹਿਬ ਨੇ ਖ਼ੁਦ ਆਪਣੇ ਹੱਥੀਂ 'ਅੰਨ ਦਾਨ ਦਾ ਕੜਛਾ' ਮਾਤਾ ਖੀਵੀ ਦੇ ਸਪੁਰਦ ਕਰਕੇ ਉਹਨਾਂ ਨੂੰ ਲੰਗਰ ਦਾ ਪ੍ਰਬੰਧ ਸੰਭਾਲ ਦਿੱਤਾ ਸੀ। ਉਸ ਵੇਲੇ ਸਮਝਾਇਆ

ਤੇ ਮਾਤਾ ਖੀਵੀ ਜੀ ਨੇ ਨਮਸਕਾਰ ਕਰਕੇ ਆਪਣੇ ਸਾਰੇ ਜੀਵਨ ਨੂੰ ਅਰਪਿਤ ਕਰ ਦਿੱਤਾ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਹੁਕਮ ਦੀ ਪਾਲਣਾ ਕਰਦਿਆਂ ਗੁਰੂ ਅੰਗਦ ਦੇਵ ਜੀ ਨੇ 'ਅੰਨ-ਦੇਗ ਦਾ ਕੜਛਾ' ਮਾਤਾ ਖੀਵੀ ਨੂੰ ਇਵੇਂ ਫੜਾਇਆ ਜਿਵੇਂ ਭਵਿੱਖ ਵਿੱਚ ਬੋਹੜ ਬਣ ਜਾਣ ਵਾਲੇ ਕਿਸੇ ਵੱਡੇ ਦਰਖ਼ਤ ਦੀ ਪੌਦ ਉਹਨਾਂ ਦੇ ਸਪੁਰਦ ਕੀਤੀ ਗਈ ਹੋਵੇ। ਮਾਤਾ ਜੀ ਨੇ ਵੀ ਇਸ ਨਵੀਂ ਅੰਕੁਰਿਤ ਹੋ ਰਹੀ ਲੰਗਰ ਰੂਪੀ ਸੰਸਥਾ ਦੀ ਪੌਦ ਨੂੰ ਸਿੰਝਿਆ, ਸੰਵਾਰਿਆ ਤੇ ਜ਼ਰਖ਼ੇਜ਼ ਕੀਤਾ। ਨਤੀਜਾ ਉਹਨਾਂ ਦੀ ਸੁਚੱਜੀ ਸਰਪ੍ਰਸਤੀ ਵਿੱਚ ਲੰਗਰ ਇਕ ਪੂਰੀ ਤਰ੍ਹਾਂ ਵਿਕਸਤ ਤੇ ਸਪੂਰਣ ਸੰਸਥਾ ਦੇ ਰੂਪ ਵਿੱਚ ਸਿੱਖ ਪਰੰਪਰਾ ਦਾ ਅੰਗ ਬਣ ਗਿਆ। ਗੁਰੂ ਅੰਗਦ ਦੇਵ ਜੀ ਦੇ ਗੁਰਿਆਈ ਕਾਲ ਵਿੱਚ ਮਾਤਾ ਖੀਵੀ ਜੀ ਦਾ ਇਹ ਚਮਤਕਾਰੀ ਯੋਗਦਾਨ ਸੀ।

ਖੀਵੀ ਜੀ ਦੇ ਜੀਵਨ ਕਾਲ ਦਾ ਹਾਲ ਬਹੁਤ ਘੱਟ ਲੇਖਕਾਂ ਨੇ ਲਿਖਿਆ ਹੈ। ਉਂਜ ਤਾਂ ਸਿੱਖ ਜਗਤ ਨੇ ਆਪਣੇ ਸਮੁੱਚੇ ਵਿਰਸੇ ਤੇ ਇਤਿਹਾਸ ਦੀ ਘਟ ਸੰਭਾਲ ਕੀਤੀ ਹੈ, ਫਿਰ ਵੀ ਸੰਕੇਤ ਮਾਤਰ ਖੀਵੀ ਜੀ ਦੀਆਂ ਪ੍ਰਾਪਤੀਆਂ ਤੇ ਯੋਗਦਾਨ ਦਾ ਚਰਚਾ ਕਿਸੇ ਨਾ ਕਿਸੇ ਰੂਪ ਵਿੱਚ ਪੁਰਾਤਨ ਤੇ ਨਵੀਨ ਲਿਖਤਾਂ ਵਿੱਚ ਮਿਲ ਹੀ ਜਾਂਦਾ ਹੈ। ਉਹਨਾਂ ਦੀ ਲੰਗਰ ਦੀ ਸੇਵਾ ਨੂੰ ਗੁਰ ਇਤਿਹਾਸ ਲਿਖਣ ਵਾਲੇ ਸਾਰੇ ਵਿਦਵਾਨਾਂ ਨੇ ਬਿਆਨ ਕੀਤਾ ਤੇ ਸਲਾਹਿਆ ਹੈ ਪਰ ਗੁਰੂ ਅੰਗਦ ਦੇਵ ਜੀ ਜੋਤੀ ਜੋਤਿ ਸਮਾਣ ਪਿੱਛੋਂ ਦਾ ਜੀਵਨ ਕਾਲ ਘੱਟ ਮਹੱਤਵ ਪੂਰਨ ਨਹੀਂ, ਉਹ ਗੁਰਮਤਿ ਤੇ ਗੁਰੂ ਘਰ ਦੀ ਮਰਿਆਦਾ ਨੂੰ ਬੜੀ ਦਲੇਰੀ ਨਾਲ ਸੰਕਟ ਦੇ ਸਮੇਂ ਵੀ ਨਿਭਾਉਣ ਦਾ ਯਤਨ ਕਰਦੇ ਰਹੇ। ਭਾਵੇਂ ਹਰ ਮਾਂ ਦੀ ਕਮਜ਼ੋਰੀ ਜਾ ਪੁੱਤਰਾਂ ਦਾ ਮੋਹ ਪੁੱਤਰਾਂ ਦੇ ਹਿੱਤ ਵਿੱਚ ਬਦੋ-ਬਦੀ ਜਾਂਦਾ ਹੈ, ਪਰ ਖੀਵੀ ਜੀ ਦ੍ਰਿੜ੍ਹਤਾ ਨਾਲ ਇਸ ਮੋਹ ਮਾਇਆ ਦੇ ਜਾਲ ਦੇ ਉਪਰ ਉੱਠ ਕੇ ਗੁਰ ਮਰਿਆਦਾ ਲਈ ਪਹਿਰਾ ਦਿੰਦੇ ਰਹੇ। ਅਸੀਂ ਉਪਰ ਦੱਸ ਆਏ ਹਾਂ ਕਿ ਜਦੋਂ ਗੁਰਦੇਵ ਪਤੀ ਨੇ ਗੁਰਗੱਦੀ ਗੁਰੂ ਅਮਰਦਾਸ ਜੀ ਨੂੰ ਦਿੱਤੀ ਤੇ ਉਹਨਾਂ ਨੂੰ ਗੋਇੰਦਵਾਲ ਤੋਰਿਆ ਤਾਂ ਦੋਵੇਂ ਪੁੱਤਰ ਨਰਾਜ਼ ਹੋ ਗਏ। ਖੀਵੀ ਜੀ ਨੇ ਉਹਨਾਂ ਨੂੰ ਬੜਾ ਸਮਝਾਉਣ ਦਾ ਯਤਨ ਕੀਤਾ ਤੇ ਦਲੀਲਾਂ ਵੀ ਦਿੱਤੀਆਂ ਕਿ ਉਹ ਗੁਰਦੇਵ ਪਿਤਾ ਦੇ ਫ਼ੈਸਲੇ ਨੂੰ ਖਿੜੇ ਮੱਥੇ ਮੰਨਿਆ ਕਿ ਗੁਰੂ ਅਮਰਦਾਸ ਜੀ ਨੂੰ ਜਾ ਨਿਮਸਕਾਰ ਕਰਨ ਤੇ ਉਹਨਾਂ ਵੀ ਆਗਿਆ ਵਿੱਚ ਰਹਿਣ, ਮਾਤਾ ਜੀ ਨੂੰ ਉਦੋਂ ਬੜਾ ਦੁੱਖ ਹੋਇਆ ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਉਹਨਾਂ ਦੇ ਪੁੱਤਰਾਂ ਨੇ ਗੋਇੰਦਵਾਲ ਜਾ ਕੇ ਗੁਰੂ ਅਮਰਦਾਸ ਜੀ ਨੂੰ ਮੰਦਾ ਬੋਲਿਆ ਤੇ ਨਿਮਸਕਾਰ ਕਰਨ ਦੀ ਥਾਂ ਜਾ ਠੁੱਡਾ ਮਾਰਿਆ ਹੈ। ਉਹਨਾਂ ਦੀ ਇਸ ਗਲਤੀ ਪਿੱਛੋਂ ਉਹ ਵੱਖਰੇ ਰਹਿਣ ਲੱਗ ਪਏ। ਉਹਨਾਂ ਦੀ ਇਸ ਗਲਤੀ ਤੇ ਦੁੱਖ ਤੇ ਅਫਸੋਸ ਦਾ ਪ੍ਰਗਟਾਵਾ ਕਰਨ ਲਈ ਉਹ ਗੋਇੰਦਵਾਲ ਵੀ ਗਈ। ਪਰ ਗੁਰੂ ਅਮਰਦਾਸ ਜੀ ਗੋਇੰਦਵਾਲ ਤੋਂ ਕਿਧਰੇ ਜਾ ਚੁੱਕੇ ਸਨ। ਜਿਸ ਕਾਰਨ ਮਾਤਾ ਖੀਵੀ ਜੀ ਵਾਪਸ ਖਡੂਰ ਸਾਹਿਬ ਪਰਤ ਆਏ। ਇੱਥੇ ਆ ਕੇ ਉਹਨਾਂ ਨੂੰ ਪਤਾ ਲੱਗਾ ਕਿ ਉਹਨਾਂ ਦੇ ਸਪੁੱਤਰ ਦਾਸੂ ਜੀ ਨੇ ਆਪਣੇ ਆਪ ਨੂੰ ਗੁਰਗੱਦੀ ਦਾ ਵਾਰਸ ਸਮਝ ਕੇ ਗੁਰਿਆਈ ਦੀ ਪਗੜੀ ਬੰਨ੍ਹ ਲਈ ਏ ਤੇ ਗੁਰੂ ਬਣ ਕੇ ਦਰਬਾਰ ਲਾਣ ਲੱਗ ਪਏ ਹਨ। ਮਾਤਾ ਜੀ ਨੇ ਸੁਨੇਹਾ ਭੇਜਿਆ ਕਿ ਇਹ ਗਲਤ ਕੀਤਾ ਏ ਆਪਣੇ ਗੁਰਦੇਵ ਪਿਤਾ ਦੇ ਫ਼ੈਸਲੇ ਦੀ ਉਲੰਘਣਾ ਕਰਨ ਵਾਲੇ ਪੁੱਤਰ ਨੂੰ ਮੇਰੇ ਮੱਥੇ ਲੱਗਣ ਦਾ ਵੀ ਹੁਣ ਕੋਈ ਅਧਿਕਾਰ ਨਹੀਂ। ਪਰ ਕੁਦਰਤ ਦੀ ਕਰਨੀ। ਅਜੇ ਪੂਰਾ ਮਹੀਨਾ ਵੀ ਨਹੀਂ ਸੀ

ਬੀਤਿਆ ਕੀ ਦਾਸੂ ਜੀ ਨੂੰ ਲਕਵਾ ਹੋ ਗਿਆ, ਮੂੰਹ ਵਿੰਗਾ ਹੋ ਗਿਆ, ਸਿਰ ਫਿਰ ਗਿਆ ਤੇ ਤ੍ਰਾਟਾਂ ਪੈਣ ਲੱਗੀਆਂ। ਉਹਨਾਂ ਕਈ ਹਕੀਮਾਂ-ਵੈਦਾਂ ਤੋਂ ਇਹਦਾ ਇਲਾਜ ਕਰਵਾਇਆ ਪਰ ਅਰਾਮ ਨਾ ਆਇਆ। ਅਖ਼ੀਰ ਉਹਨਾਂ ਮਾਤਾ ਜੀ ਨੂੰ ਸੁਨੇਹਾ ਭੇਜਿਆ ਤੇ ਇਸ ਦਾ ਇਲਾਜ ਪੁਛਿਆ। ਮਾਤਾ ਖੀਵੀ ਜੀ ਨੇ ਉੱਤਰ ਭੇਜਿਆ ਤੇ ਉਹਨਾਂ ਜਿਹੜੀ ਜ਼ਬਰਦਸਤੀ (ਬਦੋ ਬਦੀ) ਗੁਰਿਆਈ ਦੀ ਪੰਡ ਚੁਕ ਲਈ ਏ, ਇਸ ਦੇ ਭਾਰ ਨਾਲ ਅਜਿਹਾ ਸੰਕਟ ਆਣਾ ਹੀ ਸੀ ਇਸ ਦਾ ਇਲਾਜ ਇਕੋ ਹੈ ਗੁਰਿਆਈ ਦੀ ਪੰਡ ਉਤਾਰ ਕੇ ਤੇ ਗੁਰੂ ਅਮਰਦਾਸ ਜੀ ਤੋਂ ਖਿਮਾਂ ਮੰਗੋ। ਉਹਨਾਂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਹੀ ਤੇਰਾ ਇਹ ਦੁੱਖ ਦੂਰ ਹੋ ਸਕਦਾ ਹੈ। ਉਹਨੇ ਫਿਰ ਸੁਨੇਹਾ ਭੇਜਿਆ ਕਿ ਮੇਰੇ ਨਾਲ ਚਲੋ ਤੇ ਮੈਨੂੰ ਖਿਮਾਂ ਕਰਵਾ ਦਿਉ। ਜਦ ਉਹਨੇ ਗੁਰੂ ਬਣਨ ਦਾ ਇਰਾਦਾ ਛੱਡਿਆ ਤਾਂ ਮਾਤਾ ਜੀ ਉਹਨੂੰ ਲੈ ਕੇ ਗੋਇੰਦਵਾਲ ਆਏ ਤੇ ਗੁਰੂ ਅਮਰਦਾਸ ਜੀ ਨੂੰ ਨਿਮਸਕਾਰ ਕਰਕੇ ਸਾਰਾ ਕੁਝ ਦੱਸਿਆ। ਦਾਸੂ ਜੀ ਦੇ ਸਿਰ ਤੇ ਹੱਥ ਰੱਖਣ ਲਈ ਬੇਨਤੀ ਕੀਤੀ ਤੇ ਦਾਸੂ ਜੀ ਗੁਰੂ ਅਮਰਦਾਸ ਜੀ ਦੇ ਚਰਨਾਂ ਤੇ ਢਹਿ ਪਏ। ਗੁਰੂ ਜੀ ਮਿਹਰ ਦੇ ਘਰ ਆਏ ਤੇ ਆਪਣਾ ਪਵਿੱਤਰ ਹੱਥ ਉਹਦੇ ਸਿਰ 'ਤੇ ਰੱਖ ਕੇ ਮਾਫ਼ ਕਰ ਦਿੱਤਾ। ਦਾਸੂ ਜੀ ਦਾ ਸਿਰ ਮੂੰਹ ਸਿੱਧਾ ਹੋ ਗਿਆ ਤੇ ਦਰਦ ਦੀਆਂ ਤ੍ਰਾਟਾਂ ਵੀ ਖ਼ਤਮ ਹੋ ਗਈਆਂ। ਮਾਤਾ ਖੀਵੀ ਜੀ ਦੀ ਦੂਰ-ਦ੍ਰਿਸ਼ਟੀ ਤੇ ਪ੍ਰੇਰਨਾ ਸਦਕਾ ਹੀ ਉਹਨਾਂ ਦੇ ਦੋਵੇਂ ਸਪੁੱਤਰ ਇਹ ਬਗਾਵਤ ਤਿਆਗ ਕੇ ਸਿੱਧੇ ਰਾਹ ਪੈ ਗਏ।

ਖੀਵੀ ਜੀ ਦੀ ਇਕ ਹੋਰ ਦੇਣ ਆਪਣੀਆਂ ਬੱਚੀਆਂ ਨੂੰ ਨਿਤਨੇਮੀ ਤੇ ਗੁਰਬਾਣੀ ਕੰਠ ਕਰਾ ਕੇ ਉਸ ਦੇ ਨਾਮ-ਰਸ ਲੀਨ ਹੋਣ ਲਈ ਤਿਆਰ ਕਰਨਾ ਹੈ। ਉਹਨਾਂ ਦੀ ਸਪੁੱਤਰੀ ਅਮਰੋ ਗੁਰੂ ਅਮਰਦਾਸ ਜੀ ਦੇ ਭਤੀਜੇ ਨਾਲ ਬਾਸਰਕੇ ਵਿਆਹੀ ਹੋਈ ਸੀ। ਉਹਦੇ ਵਿਆਹ ਸਮੇਂ ਬਾਬਾ ਅਮਰਦਾਸ ਜੀ ਤੀਰਥ ਯਾਤਰਾ ਤੇ ਗਏ ਹੋਏ ਸਨ। ਇਸ ਲਈ ਉਹ ਜੰਝ ਨਾਲ ਖਡੂਰ ਨਾ ਗਏ। ਫਿਰ ਯਾਤਰਾ ਤੋਂ ਮੁੜਦਿਆਂ ਜਦ ਇਕ ਸਾਧ ਨੇ ਨਿਗੁਰਾ ਕਹਿ ਕੇ ਉਹਨਾਂ ਦਾ ਸਾਥ ਛੱਡ ਦਿੱਤਾ। ਉਹਨਾਂ ਦੇ ਮਨ ਨੂੰ ਠੇਸ ਪਹੁੰਚੀ ਤੇ ਉਹ ਚਿੰਤਾਤੁਰ ਹੋਇਆ ਨਾਲ ਦੇ ਘਰੋਂ ਅੰਮ੍ਰਿਤ ਵੇਲੇ ਬੜੀ ਮਿੱਠੀ ਅਵਾਜ਼ ਵਿੱਚ ਪੜ੍ਹਨ ਦੀ ਅਵਾਜ਼ ਆਈ। ਉਹਨਾਂ ਪੁਛਿਆ ਇਹ ਕੌਣ ਹੈ—ਪ੍ਰਵਾਰ ਨੇ ਉਹਨਾਂ ਨੂੰ ਦੱਸਿਆ ਇਹ ਤੁਹਾਡੀ ਭਤੀਜ ਨੂੰਹ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਸੀ। ਬਾਬਾ ਅਮਰਦਾਸ ਜੀ ਨੇ ਉਸ ਨੂੰ ਬੁਲਾਇਆ ਤੇ ਪੁੱਛਿਆ ਇਹ ਮਨ ਨੂੰ ਧੂਹ ਪਾਉਣ ਵਾਲੀ ਤੇ ਅੰਤਰ ਆਤਮਾ ਦੇ ਕਪਾਟ ਖੋਲ੍ਹਣ ਵਾਲੀ ਕਿਸ ਦੀ ਬਾਣੀ ਹੈ। ਪ੍ਰਵਾਰ ਨੇ ਦੱਸਿਆ ਏ ਕਿ ਇਹ ਗੁਰੂ ਬਾਬਾ ਨਾਨਕ ਦੀ ਬਾਣੀ ਏ। ਤੁਸਾਂ ਕਿੱਥੋਂ ਲਈ ਏ ਤੇ ਗੁਰੂ ਬਾਬਾ ਨਾਨਕ ਕਿੱਥੇ ਹਨ, ਮੈਂ ਉਹਨਾਂ ਦੇ ਦਰਸ਼ਨਾਂ ਨੂੰ ਜਾਣਾ ਚਾਹੁੰਦਾ ਹਾਂ ਤਾਂ ਬੀਬੀ ਅਮਰੋ ਨੇ ਦਸਿਆ ਕਿ ਉਹ ਜੋਤੀ ਜੋਤਿ ਸਮਾਂ ਚੁਕੇ ਹਨ। ਉਹਨਾਂ ਦੀ ਜੋਤ ਦਾ ਮੇਰੇ ਪਿਤਾ ਜੀ ਦੇ ਅੰਦਰ ਪ੍ਰਕਾਸ਼ ਹੋ ਗਿਆ ਹੈ। ਉਹ ਗੁਰੂ ਨਾਨਕ ਦੀ ਗੱਦੀ ਦੇ ਖਡੂਰ ਵਿੱਚ ਇਸ ਬਾਣੀ ਨੂੰ ਪੜ੍ਹਨ ਲਈ ਸੰਗਤਾਂ ਨੂੰ ਪ੍ਰੇਰਦੇ ਹਨ। ਮੈਂ ਆਪਣੀ ਮਾਤਾ ਕੋਲੋਂ ਇਹ ਬਾਣੀ ਕੰਠ ਕੀਤੀ ਏ। ਉਹ ਇਸਦਾ ਨਿੱਤ ਅੰਮ੍ਰਿਤ ਵੇਲੇ ਉੱਠ ਕੇ ਪਾਠ ਕਰਦੇ ਨੇ। ਸੰਗਤ ਨਾਲ ਮਿਲ ਕੇ ਵੀ ਗੁਰਬਾਣੀ ਦਾ ਕੀਰਤਨ ਵੀ ਕਰਦੇ ਹਨ। ਬੀਬੀ ਅਮਰੋ ਦੀ ਪ੍ਰਭਾਵਸ਼ਾਲੀ ਗੱਲ ਸੁਣ ਕੇ ਬਾਬਾ ਅਮਰਦਾਸ ਜੀ ਨੇ ਕਿਹਾ—ਮੈਨੂੰ ਛੇਤੀ ਖਡੂਰ ਸਾਹਿਬ ਲੈ ਚਲੋ ਤੇ ਉਹਨਾਂ ਦੇ ਦਰਸ਼ਨ ਕਰਨ ਦਾ ਸੁਭਾਗ ਸਮਾਂ ਪ੍ਰਾਪਤ ਕਰਨ ਵਿੱਚ ਮਦਦ ਕਰੋ। ਇਸ ਸਾਖੀ ਤੋਂ ਇਹੀ ਗੱਲ ਸਿੱਧ ਹੁੰਦੀ ਏ ਕਿ ਮਾਤਾ ਖੀਵੀ ਜੀ ਅੰਮ੍ਰਿਤ

ਵੇਲੇ ਨਿਤਨੇਮ ਨਾਲ ਬਾਣੀ ਪੜ੍ਹਦੇ, ਫਿਰ ਸੰਗਤ ਵਿੱਚ ਜਾ ਕੇ ਕੀਰਤਨ ਸੁਣ ਕੇ ਰੂਹਾਨੀ ਖ਼ੁਰਾਕ ਪ੍ਰਾਪਤ ਕਰਦੇ, ਉਹਨਾਂ ਦੀ ਪ੍ਰੇਰਨਾ ਨਾਲ ਹੀ ਬੱਚੀਆਂ ਗੁਰਬਾਣੀ ਨਾਲ ਜੁੜੀਆਂ ਤੇ ਬਾਬਾ ਅਮਰਦਾਸ ਜੀ ਨੂੰ ਗੁਰੂ ਦਰਬਾਰ ਤੱਕ ਪਹੁੰਚਾਣ ਦਾ ਵਸੀਲਾ ਬਣਿਆ।

ਖੀਵੀ ਜੀ ਨਿਰੰਤਰ ਹਰ ਮਹੀਨੇ ਖਡੂਰ ਸਾਹਿਬ ਤੋਂ ਗੋਇੰਦਵਾਲ ਜਾਂਦੇ ਤੇ ਤੀਜੀ ਨਾਨਕ ਜੋਤ ਜੀ ਨੂੰ ਨਿਮਸਕਾਰ ਕਰਨ ਤੋਂ ਬਾਅਦ ਬਹੁਤਾ ਸਮਾਂ ਗੁਰੂ ਅਮਰਦਾਸ ਜੀ ਦੇ ਲੰਗਰ ਦੀ ਸੇਵਾ ਵਿੱਚ ਬਿਤਾਂਦੇ। ਗੁਰੂ ਅਮਰਦਾਸ ਜੀ ਇਹਨਾਂ ਨੂੰ ਮਾਤਾ ਜਾਣ ਕੇ ਇਹਨਾਂ ਦਾ ਸਤਿਕਾਰ ਕਰਦੇ, ਭਾਵੇਂ ਮਾਤਾ ਖੀਵੀ ਜੀ ਉਮਰ ਵਿੱਚ ਉਹਨਾਂ ਨਾਲੀ ਛੋਟੀ ਹੀ ਸੀ ਪਰ ਗੁਰੂ ਅਮਰਦਾਸ ਜੀ ਖੀਵੀ ਜੀ ਨੂੰ ਮਾਤਾ ਜੀ ਕਹਿ ਕੇ ਬੁਲਾਉਂਦੇ ਤੇ ਪੂਰਾ ਮਾਣ ਸਤਿਕਾਰ ਦਿੰਦੇ। ਖੀਵੀ ਜੀ ਉਹਨਾਂ ਨੂੰ ਗੁਰੂ ਨਾਨਕ ਦੀ ਜੋਤ ਤੇ ਗੁਰਦੇਵ ਪਤੀ ਵਾਲੀ ਜੁਗਤ ਨੂੰ ਅਪਨਾਉਣ ਵਾਲੇ ਸਮਝ ਕੇ ਉਹਨਾਂ ਅੱਗੇ ਝੁਕਦੇ। ਦੋਵੇਂ ਪਾਸੇ ਇਹ ਸਾਂਝ ਤੇ ਪਿਆਰ ਦਾ ਜਜ਼ਬਾ ਜੀਵਨ ਦੇ ਅੰਤਲੇ ਸਮੇਂ ਤੱਕ ਜਾਰੀ ਰਿਹਾ। ਗੁਰੂ ਅਮਰਦਾਸ ਜੀ ਕਈ ਵਾਰ ਸੰਗਤ ਵਿੱਚ ਉਹਨਾਂ ਦੇ ਬੈਠਿਆਂ ਇਹ ਗੱਲ ਦੁਹਰਾਉਂਦੇ ਕਿ ਮੈਨੂੰ ਜੋ ਕੁਝ ਪ੍ਰਾਪਤ ਹੋਇਆ ਹੈ, ਸਭ ਖਡੂਰ ਵਿੱਚ ਇਹਨਾਂ ਦੀ ਸੇਵਾ ਕਰਦਿਆਂ ਤੇ ਇਹਨਾਂ ਦੀ ਨਾਮ ਸਿਮਰਨ ਦੀ ਜਾਗ ਸਦਕਾ ਹੈ। ਹਨੇਰੇ ਵਿੱਚ ਭਟਕਦੇ ਨੂੰ ਇਹਨਾਂ ਤੋਂ ਹੀ ਚਾਨਣ ਪ੍ਰਾਪਤ ਹੋਇਆ ਹੈ। ਉਹ ਮਾਤਾ ਖੀਵੀ ਜੀ ਦੀ ਉੱਚ ਆਤਮਾ ਦੀ ਪ੍ਰਸੰਸਾ ਕਰਦੇ ਤੇ ਉਹਨਾਂ ਦੇ ਸੁਭਾਅ ਦੇ ਗੁਣਾਂ ਨੂੰ ਬਿਆਨ ਕਰਦੇ। ਸੰਗਤਾਂ ਨੂੰ ਮਾਤਾ ਖੀਵੀ ਜਿਹਾ ਲਗਨ, ਪਿਆਰ, ਜ਼ਬਾਨ ਦੀ ਮਿਠਾਸ ਤੇ ਪਿਆਰ ਦੇ ਜਜ਼ਬੇ ਨੂੰ ਗ੍ਰਹਿਣ ਕਰਨ ਦਾ ਉਪਦੇਸ਼ ਵੀ ਦਿੰਦੇ।

ਮਾਤਾ ਖੀਵੀ ਉਹ ਖੁਸ਼ਕਿਸਮਤ ਗੁਰੂ ਮਹਿਲ ਹੈ, ਜਿਸ ਨੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਤਕ ਪੰਜਾਂ ਪਾਤਸ਼ਾਹੀਆਂ ਦੇ ਦਰਸ਼ਨ ਦੀਦਾਰੇ ਕੀਤੇ, ਮਿੱਠੇ ਬਚਨ ਸੁਣੇ। ਤੇ ਇਹਨਾਂ ਰਾਹੀਂ ਸੇਵਾ ਦੇ ਜਜ਼ਬੇ ਨੂੰ ਹੋਰ ਵਧਾਇਆ। ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਆਪਣੇ ਪਤੀ ਲਹਿਣਾ ਜੀ ਨਾਲ ਪਹਿਲੇ ਵਾਰ ਕਰਤਾਰਪੁਰ ਰਾਵੀ ਜਾ ਕੇ ਕੀਤੇ। ਦੋ ਵਾਰ ਗੁਰੂ ਨਾਨਕ ਦੇਵ ਜੀ ਖਡੂਰ ਸਾਹਿਬ ਵੀ ਆਏ ਤੇ ਖੀਵੀ ਜੀ ਨੂੰ ਆਪਣੇ ਪਤੀ ਨਾਲ ਮਿਲ ਕੇ ਗੁਰੂ ਨਾਨਕ ਦੇਵ ਜੀ ਦੀ ਸੇਵਾ ਕਰਨ ਦਾ ਅਵਸਰ ਵੀ ਪ੍ਰਾਪਤ ਹੋਇਆ। ਗੁਰੂ ਅੰਗਦ ਸਾਹਿਬ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਬਖ਼ਸ਼ਿਸ਼ ਨਾਲ ਹੀ ਖੀਵੀ ਜੀ ਨੂੰ ਲੰਗਰ ਦੀ ਸੇਵਾ ਮਿਲੀ। ਗੁਰੂ ਅੰਗਦ ਦੇਵ ਜੀ ਤਾਂ ਉਹਨਾਂ ਦੇ ਪਤੀ ਸਨ, ਜੋ 1539 ਵਿੱਚ ਉਹਨਾਂ ਦੇ ਗੁਰਦੇਵ ਪਤੀ ਬਣ ਗਏ। ਉਹਨਾਂ ਦੇ ਜੋਤੀ ਜੋਤਿ ਸਮਾਉਣ ਤੱਕ ਗੁਰਦੇਵ ਪਤੀ ਦੀ ਅਣਥੱਕ ਸੇਵਾ ਵਿੱਚ ਹਾਜ਼ਰ ਰਹੇ। ਗੁਰੂ ਅਮਰਦਾਸ ਨੂੰ ਉਹਨਾਂ ਪਹਿਲਾਂ ਖਡੂਰ ਵਿੱਚ ਨਾਮ ਸਿਮਰਨ ਵਿੱਚ ਲੀਨ, ਗੁਰੂ ਦੀ ਆਗਿਆ ਪਾਲਣ ਤੇ ਗੁਰੂ ਜੀ ਦੀ ਸੇਵਾ ਕਰਕੇ ਪ੍ਰਸੰਨਤਾ ਪ੍ਰਾਪਤ ਕਰਦਿਆਂ ਦੇਖਿਆ। ਉਹਨਾਂ ਸਾਹਮਣੇ ਆਪਣੀ ਘਾਲ ਕਮਾਈ ਨਾਲ ਤੀਜੀ ਨਾਨਕ-ਜੋਤਿ ਬਣਨ ਦਾ ਅਵਸਰ ਵੀ ਡਿੱਠਾ। ਗੁਰੂ ਅੰਗਦ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਪਿਛੋਂ ਨਿਰੰਤਰ 22 ਸਾਲ ਉਹ ਗੋਇੰਦਵਾਲ ਗੁਰੂ ਦਰਸ਼ਨਾਂ ਨੂੰ ਜਾਂਦੇ ਤੇ ਸੰਗਤ ਨਾਲ ਮਿਲ ਕੇ ਉਹਨਾਂ ਦੇ ਇਲਾਹੀ ਬਚਨ ਸੁਣਦੇ ਰਹੇ। ਉਹ ਖ਼ੁਸ਼ ਹੁੰਦੇ ਕਿ ਉਹਨਾਂ ਦੇ ਗੁਰਦੇਵ ਪਤੀ ਦੀ ਤੀਜੀ ਨਾਨਕ-ਜੋਤ ਦੀ ਚੋਣ ਬੇਹੱਦ ਠੀਕ ਸਾਬਤ ਹੋ ਰਹੀ ਹੈ। ਗੁਰੂ ਅਮਰਦਾਸ ਜੀ ਨੇ ਨਾਰੀ ਸੁਧਾਰ ਦੇ ਜੋ ਕਾਰਜ ਸ਼ੁਰੂ ਕੀਤੇ, ਖ਼ਾਸ ਕਰਕੇ ਜਦ ਗੁਰੂ ਘਰ ਵਿੱਚ ਘੁੰਡ ਕੱਢ ਕੇ ਆਉਣ ਦੀ ਮਨਾਹੀ ਹੋਈ

ਜਾਂ ਵਿਧਵਾ ਵਿਆਹ ਦੀ ਰਸਮ ਤੇ ਜ਼ੋਰ ਦਿੱਤਾ ਜਾਂਦਾ ਵੇਖਿਆ, ਤਾਂ ਖੀਵੀ ਜੀ ਨੇ ਇਸ ਨੂੰ ਸਲਾਹਿਆ ਤੇ ਜਿਹੜਾ ਵੀ ਉਹਨਾਂ ਨੂੰ ਮਿਲਦਾ ਉਹ ਸਮਾਜ ਸੁਧਾਰ ਦੀ ਲਹਿਰ ਨੂੰ ਸਲਾਹੁੰਦੇ ਨਾ ਥੱਕਦੇ। ਭਾਵੇਂ ਗੋਇੰਦਵਾਲ ਵਿੱਚ ਸੇਵਾ ਕਰਦਿਆਂ ਭਾਈ ਜੇਠਾ ਜੀ ਨੂੰ ਵੀ ਦੇਖਿਆ ਤੇ ਬੀਬੀ ਭਾਨੀ ਨਾਲ ਉਹਨਾਂ ਦਾ ਵਿਆਹ ਹੁੰਦਾ ਵੀ ਡਿੱਠਾ, ਪਰ ਉਹ ਗੁਰੂ ਰਾਮਦਾਸ ਬਣ ਕੇ ਚੌਥੀ ਨਾਨਕ-ਜੋਤ ਦੇ ਰੂਪ ਵਿੱਚ ਪ੍ਰਗਟ ਹੋਏ ਤਾਂ ਮਾਤਾ ਖੀਵੀ ਜੀ ਬਿਰਧ ਅਵਸਥਾ ਦੀਆਂ ਸਰੀਰਕ ਕਮਜ਼ੋਰੀਆਂ ਦੇ ਬਾਵਜੂਦ ਦ੍ਰਿੜ੍ਹਤਾ ਤੇ ਦਲੇਰੀ ਸਦਕਾ ਗੁਰੂ ਦਰਸ਼ਨਾਂ ਨੂੰ ਪਹੁੰਚਦੇ ਰਹੇ। ਯਥਾਸ਼ਕਤ ਗੁਰੂ ਦਰਬਾਰ ਅਤੇ ਲੰਗਰ ਲਈ ਵਸਤਾਂ ਵੀ ਲਿਜਾਂਦੇ ਰਹੇ। ਜਿੱਥੋਂ ਤੱਕ ਹੋ ਸਕਿਆ ਹੱਥੀਂ ਸੇਵਾ ਕਰਕੇ ਵੀ ਆਪਣਾ ਜੀਵਨ ਸਫਲਾ ਕਰਦੇ ਰਹੇ। ਇਸੇ ਤਰ੍ਹਾਂ ਅੰਮ੍ਰਿਤਸਰ ਗੁਰੂ ਦਰਬਾਰ ਤੇ ਗੁਰੂ ਪਰਿਵਾਰ ਦੀ ਸੇਵਾ ਕਰਦਿਆਂ ਉਹਨਾਂ ਗੁਰੂ ਅਰਜਨ ਦੇਵ ਜੀ ਦੇ ਵੀ ਦਰਸ਼ਨ ਕੀਤੇ। ਉਹਨਾਂ ਨੂੰ ਯਾਦ ਰਿਹਾ ਕਿ ਗੁਰੂ ਅਰਜਨ ਦੇਵ ਜੀ ਨੇ ਕਦੇ ਵਰ ਦਿੰਦਿਆਂ ਇਹ ਬਚਨ ਕੀਤੇ ਸਨ—'ਦੋਹਿਤਾ ਬਾਣੀ ਕਾ ਬੋਹਿਥਾ' ਮਰਦ ਸ਼੍ਰੇਣੀ ਵਿੱਚੋਂ ਬਾਬਾ ਬੁੱਢਾ ਜੀ ਅਜਿਹੇ ਮਹਾਂਪੁਰਖ ਹੋਏ ਹਨ, ਜਿਨ੍ਹਾਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਛੇਵੇਂ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਤੱਕ ਦੇ ਦਰਸ਼ਨ ਕੀਤੇ ਤੇ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਤੱਕ ਪੰਜ ਗੁਰੂ ਸਾਹਿਬਾਨ ਨੂੰ ਨਾਨਕ-ਜੋਤ ਬਣਨ ਤੇ ਗੁਰਗੱਦੀ ਤੱਕ ਬੈਠਣ ਸਮੇਂ ਤਿਲਕ ਵੀ ਲਾਇਆ। ਗੁਰੂ ਮਹਿਲਾਂ ਵਿਚੋਂ ਮਾਤਾ ਖੀਵੀ ਜੀ ਨੂੰ ਪੰਜ ਪਾਤਸ਼ਾਹੀਆਂ ਦੇ ਦਰਸ਼ਨ ਕਰਨ ਤੇ ਸੇਵਾ ਵਿੱਚ ਸਮਾਂ ਲਾਉਣ ਦਾ ਅਵਸਰ ਮਿਲਿਆ।

ਖੀਵੀ ਜੀ ਦੇ ਗੁਰਦੇਵ ਪਤੀ ਗੁਰੂ ਅੰਗਦ ਦੇਵ ਜੀ ਸੰਨ 1552 ਨੂੰ ਜੋਤੀ ਜੋਤ ਸਮਾਏ ਤੇ ਮਾਤਾ ਖੀਵੀ ਜੀ ਉਹਨਾਂ ਪਿੱਛੋਂ 30 ਸਾਲ ਤੱਕ ਜੀਉਂਦੇ ਰਹੇ। ਪਤੀ ਦੇ ਵਿਛੋੜੇ ਨੂੰ ਉਹਨਾਂ ਗੁਰਮਤਿ ਸਿਧਾਂਤ ਅਨੁਸਾਰ ਸਬਰ-ਸੰਤੋਖ ਤੇ ਗੁਰੂ ਘਰ ਦੀ ਸੇਵਾ ਤੇ ਨਾਮ ਸਿਮਰਨ ਵਿੱਚ ਜੁੱਟ ਕੇ ਬਿਤਾਇਆ ਅਤੇ ਸੰਸਾਰ ਸਾਹਮਣੇ ਆਦਰਸ਼ਕ ਜੀਵਨ ਦੀ ਇਕ ਮਿਸਾਲ ਪੈਦਾ ਕੀਤੀ। ਉਹਨਾਂ ਦਾ ਜੀਵਨ ਗੁਰਮਤਿ ਵਿੱਚ ਵਿਸ਼ਵਾਸ, ਨਾਮ ਸਿਮਰਨ ਤੇ ਸੇਵਾ ਦੀ ਲਗਨ, ਨਾਰੀ ਜਗਤ ਲਈ ਇਕ ਚਾਨਣ ਮੁਨਾਰਾ ਹੈ। ਇਤਿਹਾਸ ਦੇ ਵਿਦਵਾਨ ਲਿਖਦੇ ਹਨ ਕਿ ਗੁਰੂ ਅੰਗਦ ਦੇਵ ਜੀ ਦੇ ਸੰਨ 1552 ਵਿੱਚ ਜੋਤੀ ਜੋਤ ਸਮਾਉਣ ਪਿੱਛੋਂ ਮਾਤਾ ਖੀਵੀ ਜੀ ਲਗਾਤਾਰ ਕਿਸੇ ਨਾ ਕਿਸੇ ਰੂਪ ਵਿੱਚ ਗੁਰੂ ਘਰ ਨਾਲ ਜੁੜੇ ਰਹੇ। ਜਦੋਂ ਆਪਣੇ ਸਪੁੱਤਰ ਦਾਸੂ ਜੀ ਨੂੰ ਲੈ ਕੇ ਮਾਤਾ ਖੀਵੀ ਜੀ ਗੋਇੰਦਵਾਲ ਆਏ ਤਾਂ ਉਹਨਾਂ ਦੇ ਸਪੁੱਤਰ ਨੇ ਗੁਰੂ ਅਮਰਦਾਸ ਜੀ ਅਗੇ ਆ ਸਿਰ ਝੁਕਾਇਆ ਤੇ ਖ਼ਿਮਾਦਾਨ ਦੀ ਮੰਗ ਕੀਤੀ ਤਾਂ ਗੁਰੂ ਅਮਰਦਾਸ ਜੀ ਦੇ ਮੁਖਾਰਬਿੰਦ ਤੋਂ ਨਿਕਲਿਆ : "ਧੰਨ ਹੈ ਮਾਤਾ ਅਜ ਤੂੰ ਗੁਰੂ-ਪਰੰਪਰਾ ਨੀਂਹ ਨੂੰ ਮਜ਼ਬੂਤ ਅਧਾਰ ਪ੍ਰਦਾਨ ਕੀਤਾ ਹੈ।" ਇਸ ਘਟਨਾ ਤੇ ਗੁਰੂ ਜੀ ਦੇ ਬਚਨਾਂ ਦਾ ਜ਼ਿਕਰ ਕੇਸਰ ਸਿੰਘ ਛਿੱਬਰ ਦੇ 'ਬੰਸਾਵਲੀਨਾਮਾ' ਵਿੱਚ ਬੜੇ ਰੋਚਿਕ ਢੰਗ ਨਾਲ ਕੀਤਾ ਹੋਇਆ ਮਿਲਦਾ ਹੈ। ਇਸ ਤਰ੍ਹਾਂ ਮਾਤਾ ਖੀਵੀ ਜੀ ਨੇ ਗੁਰੂ ਅੰਗਦ ਦੇਵ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਵੀ ਗੁਰੂ ਘਰ ਵਿੱਚ ਉਸਾਰੂ ਭੂਮਿਕਾ ਨਿਭਾਉਂਦਿਆਂ ਗੁਰੂ ਅਮਰਦਾਸ ਦੀ ਗੁਰਤਾ ਦੀਆਂ ਨੀਂਹਾਂ ਨੂੰ ਮਜਬੂਤ ਕੀਤਾ ਤੇ ਗੁਰੂ ਪਰੰਪਰਾ ਦੀ ਨਿਰੰਤਰਤਾ ਬਹਾਲ ਰੱਖਣ ਵਿੱਚ ਉਚੇਚਾ ਹਿੱਸਾ ਪਾਇਆ। ਲੰਗਰ ਦੀ ਪ੍ਰਥਾ ਦੀ ਖੀਵੀ ਜੀ ਨੇ ਇਤਨੀ ਵਿਸ਼ੇਸ਼ਤਾ ਬਣਾਈ ਕਿ ਇਹ ਸਿੱਖ ਪੰਥ ਦੀ ਸਾਰੇ ਜਗਤ ਵਿੱਚ ਪ੍ਰਸਿੱਧ ਸੰਸਥਾ

ਬਣਦੀ ਗਈ। ਖੀਵੀ ਜੀ ਦੀਆਂ ਲੀਹਾਂ ਤੇ ਚਲਦਿਆਂ ਅੱਜ ਤੱਕ ਸਿੱਖ ਧਰਮ ਵਿੱਚ ਲੰਗਰ ਨੂੰ ਵਿਲੱਖਣ ਤੇ ਮਹੱਤਵ ਪੂਰਨ ਸਥਾਨ ਮਿਲ ਚੁੱਕਿਆ ਹੈ। ਜਿੱਥੇ ਗੁਰਦੁਆਰਾ ਹੈ ਉਥੋਂ ਆਤਮਕ ਖ਼ੁਰਾਕ ਮਨੁੱਖ ਜਾਤੀ ਨੂੰ ਮਿਲ ਰਹੀ ਏ, ਉਥੇ ਸਰੀਰਕ ਭੁੱਖ ਮਿਟਾਉਣ ਲਈ ਲੰਗਰ ਵੀ ਅਵੱਸ਼ ਮਿਲ ਰਿਹਾ ਹੈ।

ਵਿਦਵਾਨਾਂ ਦੀ ਰਾਏ ਅਨੁਸਾਰ ਮਾਤਾ ਖੀਵੀ ਦੇ ਜੀਵਨ ਅਤੇ ਕਾਰਜ ਖੇਤਰ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲਾ ਗੁਰੂ ਅੰਗਦ ਦੇਵ ਨਾਲ ਵਿਆਹ ਤੋਂ ਗੁਰਿਆਈ ਪ੍ਰਾਪਤ ਕਰਨ ਦਾ ਸਮਾਂ, ਮਾਤਾ ਜੀ ਦੇ ਸਿਦਕ ਦੀ ਪ੍ਰੀਖਿਆ ਦਾ ਸਮਾਂ ਸੀ। ਗੁਰੂ ਅੰਗਦ ਜੀ ਕਠੋਰ ਪ੍ਰੀਖਿਆ ਤੋਂ ਸਫਲ ਹੋ ਕੇ ਗੁਰਿਆਈ ਨੂੰ ਪ੍ਰਾਪਤ ਹੋਏ ਤਾਂ ਮਾਤਾ ਖੀਵੀ ਜੀ ਸਬਰ ਤੇ ਸਿਦਕ ਦੀ ਸਿਖਰ ਛੋਹ ਕੇ ਗੁਰੂ ਅੰਗਦ ਦੇਵ ਜੀ ਦੀ ਪ੍ਰਸੰਨਤਾ ਦੇ ਪਾਤਰ ਬਣੇ। ਗੁਰੂ ਦਰਬਾਰ ਦੇ ਰਖ-ਰਖਾਅ, ਸੰਗਤਾਂ ਦੀ ਸੇਵਾ ਤੇ ਲੰਗਰ ਪ੍ਰਬੰਧ ਦੀ ਸੇਵਾ ਨੂੰ ਬੇਮਿਸਾਲ ਸਫਲਤਾ ਨਾਲ ਨਿਭਾਇਆ। ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਉਹਨਾਂ ਹਰ ਹੀਲਾ ਵਰਤ ਕੇ ਪੁੱਤਰਾਂ ਨੂੰ ਗੁਰੂ ਅਮਰਦਾਸ ਜੀ ਦੇ ਚਰਨੀਂ ਲਾ ਕੇ ਸਿੱਖ ਪਰੰਪਰਾ ਵਿੱਚ ਮਿਸਾਲ ਕਾਇਮ ਕੀਤੀ। ਹਰ ਪੜਾਅ ਮਾਤਾ ਜੀ ਲਈ ਚੁਣੌਤੀਆਂ ਭਰਿਆ ਸੀ। ਮਾਤਾ ਜੀ ਦਾ ਸਿਦਕ ਇਹਨਾਂ ਔਕੜਾਂ ਤੇ ਬਹੁਤ ਭਾਰੂ ਸਾਬਤ ਹੋਇਆ ਹੈ।

ਪੰਜਾਬੀ ਵਿੱਚ ਇਹ ਅਖਾਉਤ ਮਸ਼ਹੂਰ ਹੈ ਕਿ ਮਾਵਾਂ ਠੰਡੀਆਂ ਛਾਵਾਂ। ਇਹ ਵੀ ਜਗਤ ਪ੍ਰਸਿੱਧ ਹੈ ਕਿ ਮਾਂ ਦਾ ਦਿਲ ਬੱਚਿਆਂ ਦੇ ਪਿਆਰ ਨਾਲ ਅਜਿਹਾ ਭਰਪੂਰ ਹੁੰਦਾ ਹੈ ਕਿ ਕੇਵਲ ਆਪਣੇ ਬੱਚਿਆਂ ਨੂੰ ਹੀ ਪਿਆਰ ਕਰਨ ਵਾਲੀ ਹੁੰਦੀ ਹੈ। ਮਾਂ ਦਾ ਦਿਲ ਕਿਸੇ ਬੱਚੇ ਨੂੰ ਰੋਂਦਿਆਂ ਵੇਖ ਕੇ ਬਰਦਾਸ਼ਤ ਨਹੀਂ ਕਰ ਸਕਦਾ ਤੇ ਉਸ ਦਾ ਮਾਰਗ ਦਰਸ਼ਨ ਕਰਨਾ ਮਾਂ ਦੇ ਦਿਲ ਦੀ ਖ਼ੂਬੀ ਹੁੰਦੀ ਹੈ। ਮਾਂ ਦੇ ਜਿੰਨੇ ਗੁਣ ਵਿਦਵਾਨਾਂ ਨੇ ਗਿਣੇ ਹਨ, ਉਹ ਸਾਰੇ ਮਾਤਾ ਖੀਵੀ ਵਿੱਚ ਪ੍ਰਤੱਖ ਸਨ। ਗੁਰੂ ਪਤਨੀ ਮਾਂ ਤੁੱਲ ਹੀ ਹੁੰਦੀ ਹੈ, ਮਾਂ ਦਾ ਨਿੱਘ ਮਿਲਣਾ ਸੁਭਾਵਕ ਹੁੰਦਾ ਹੈ। ਮਾਤਾ ਖੀਵੀ ਜੀ ਸਾਖਿਆਤ ਮਾਂ ਸਨ ਸਿੱਖ ਸੰਗਤਾਂ ਲਈ, ਮਾਤ੍ਰਤਵ ਉਨ੍ਹਾਂ ਵਿੱਚ ਕੁਟ ਕੁਟ ਭਰਿਆ ਹੋਇਆ ਸੀ। ਮਾਂ ਤੋਂ ਜਿਸ ਸਿਖਰ ਦੀ ਆਸ ਰੱਖੀ ਜਾ ਸਕਦੀ ਹੈ, ਉਹ ਲੈ ਕੇ ਸੰਗਤਾਂ ਮਾਤਾ ਜੀ ਪਾਸ ਆਉਂਦੀਆਂ। ਮਾਤਾ ਕੋਲ ਆਈਆਂ ਦੂਰ-ਦੁਰਾਡੇ ਤੋਂ ਸੰਗਤਾਂ ਇਹਨਾਂ ਕੋਲ ਰਹਿ ਕੇ ਨਿਸਚਿੰਤ ਹੋ ਜਾਂਦੀਆਂ ਹਨ। ਆਪਣਾ ਸਾਰਾ ਧਿਆਨ ਗੁਰੂ ਸਿਖਿਆ ਗ੍ਰਹਿਣ ਕਰਨ ਵਿੱਚ ਲਾਉਂਦੀਆਂ। ਮਾਤਾ ਖੀਵੀ ਜੀ ਬਹੁਤ ਭਲੇ ਸੁਭਾਅ ਦੇ ਮਾਲਕ ਸਨ, ਉਹਨਾਂ ਦੀ ਛਾਂ ਸੰਘਣੀ ਸੀ। ਸਤੇ ਬਲਵੰਡ ਅਨੁਸਾਰ ਮਾਤਾ ਜੀ ਦਾ ਵਿਅਕਤਿਤਵ ਦੇ ਉਚਤੱਮ ਸਿਖਰ ਦਾ ਪ੍ਰਤੀਕ ਹੈ, ਮਹਾਨ ਮਾਂ ਨੂੰ ਨਮਸਕਾਰ ਹੈ। ਸਾਰੀ ਉਮਰ ਸੇਵਾ ਵਿੱਚ ਹੀ ਲੱਗੇ ਰਹੇ ਤੇ ਕਦੇ ਚਿਹਰੇ ਤੇ ਸ਼ਿਕਨ ਨਾ ਆਇਆ। ਗੁਰੂ ਮਹਿਲ ਪਰੰਪਰਾ ਵਿੱਚ ਮਾਤਾ ਖੀਵੀ ਜੀ ਦਾ ਮਹਾਨ ਸਥਾਨ ਹੈ।

ਮਾਤਾ ਮਨਸਾ ਦੇਵੀ

ਗੁਰੂ ਅਮਰਦਾਸ ਦੀ ਧਰਮ ਸੁਪਤਨੀ ਮਾਤਾ ਮਨਸਾ ਦੇਵੀ ਸੀ। ਗੁਰੂ ਸਾਹਿਬਾਨ ਦੀ ਸੰਸਾਰ ਯਾਤਰਾ ਦਾ ਹਾਲ ਵੀ ਬਹੁਤ ਘੱਟ ਲਿਖਿਆ ਮਿਲਦਾ ਹੈ। ਮੁਢਲੀ ਜਾਣਕਾਰੀ ਜਨਮ ਸਾਖੀਆਂ ਦੇ ਰੂਪ ਵਿੱਚ ਮਿਲਦੀ ਹੈ ਪਰ ਇਹਨਾਂ ਵਿੱਚ ਵੀ ਇਤਿਹਾਸਕ ਗੱਲ ਘਟ ਹੈ, ਮਿੱਥ ਤੇ ਕਰਾਮਾਤੀ ਦਰਸਾਉਣ ਵਾਲੀਆਂ ਸਾਖੀਆਂ ਵਧੇਰੇ ਹਨ। ਕਈ ਸਾਖੀਆਂ ਤਾਂ ਗੁਰਮਤ ਵਿਚਾਰਧਾਰਾ ਨਾਲ ਮੇਲ ਵੀ ਨਹੀਂ ਖਾਂਦੀਆਂ ਪਰ ਲਿਖ ਦਿਤੀਆਂ ਗਈਆਂ ਹਨ। ਸ਼ਾਇਦ ਉਸ ਸਮੇਂ ਅਵਤਾਰਾਂ, ਪੀਰਾਂ, ਪੈਗੰਬਰਾਂ ਤੇ ਗੁਰੂ ਸਾਹਿਬਾਨ ਨੂੰ ਗੈਰ-ਕੁਦਰਤੀ ਜਾਂ ਗੈਬੀ ਸ਼ਕਤੀਆਂ ਦੇ ਮਾਲਕ ਦਰਸਾਣ ਦਾ ਵਧੇਰੇ ਰਿਵਾਜ਼ ਸੀ। ਇਸੇ ਲਈ ਨਾ ਤਾਂ ਗੁਰੂ ਸਾਹਿਬਾਨ ਦੇ ਜਨਮ ਦੀਆਂ ਤਾਰੀਖ਼ਾਂ ਇਕੋ ਜਿਹੀਆਂ ਲਿਖੀਆਂ ਗਈਆਂ ਤੇ ਨਾ ਹੀ ਸੰਸਾਰ ਯਾਤਰਾ ਦੇ ਹੋਰ ਸਮਾਚਾਰ ਇਕੋ ਜਿਹੇ ਰਿਕਾਰਡ ਕੀਤੇ ਗਏ। ਫਿਰ ਵੀ ਕੁਝ ਨਾ ਕੁਝ ਸਮਿੱਗਰੀ ਗੁਰੂ ਸਾਹਿਬਾਨ ਤੇ ਹੋਰ ਮਹਾਨ ਸ਼ਖ਼ਸੀਅਤਾਂ ਬਾਰੇ ਮਿਲ ਹੀ ਜਾਂਦੀ ਹੈ ਪਰ ਗੁਰੂ ਪਰਿਵਾਰਾਂ ਤੇ ਹੋਰ ਖ਼ਾਸ ਕਰਕੇ ਗੁਰੂ ਮਹਿਲਾਂ ਬਾਰੇ ਬਹੁਤ ਘੱਟ ਜਾਣਕਾਰੀ ਇਤਿਹਾਸਕਾਰਾਂ ਨੇ ਦਿੱਤੀ ਹੈ। ਗੁਰੂ ਨਾਨਕ ਦੇਵ ਜੀ ਦੀ ਮਾਤਾ ਤ੍ਰਿਪਤਾ ਬਾਰੇ ਕੋਈ ਜਾਣਕਾਰੀ ਕਿਸੇ ਪੁਰਾਤਨ ਪੁਸਤਕ ਵਿੱਚ ਨਹੀਂ। ਮਾਤਾ ਸੁਲੱਖਣੀ, ਮਾਤਾ ਖੀਵੀ, ਬੀਬੀ ਭਾਨੀ, ਮਾਤਾ ਨਾਨਕੀ ਤੇ ਜੀਤੋ ਬਾਰੇ ਘੱਟ ਹੀ ਕਿਸੇ ਨੇ ਚਰਚਾ ਕੀਤਾ ਹੈ। ਇਸੇ ਤਰ੍ਹਾਂ ਗੁਰੂ ਅਮਰਦਾਸ, ਤੀਜੀ ਨਾਨਕ ਜੋਤ ਦੇ ਸੁਪਤਨੀ ਮਾਤਾ ਮਨਸਾ ਦੇਵੀ ਬਾਰੇ ਵੀ ਬਹੁਤ ਘੱਟ ਕਿਸੇ ਲਿਖਾਰੀ ਨੇ ਲਿਖਿਆ ਹੈ। ਕੇਵਲ ਉਹਨਾਂ ਦੇ ਪਿਤਾ ਦੇ ਨਗਰ ਤੇ ਨਾਮ ਬਾਰ ਬਹੁਤੇ ਸਹਿਮਤ ਹਨ ਪਰ ਉਹਨਾਂ ਦੇ ਤਿੰਨ ਨਾਂ ਇਤਿਹਾਸ ਵਿੱਚ ਲਿਖੇ ਮਿਲਦੇ ਹਨ ਤੇ ਕਿਧਰੇ ਵੀ ਉਨ੍ਹਾਂ ਦਾ ਜਨਮ, ਸਾਲ, ਬਚਪਨ ਦੇ ਸਮਾਚਾਰ, ਸ਼ਾਦੀ ਸਮੇਂ ਉਮਰ ਤੇ (ਗੁਰੂ) ਅਮਰਦਾਸ ਜੀ ਦੇ ਘਰ ਆ ਕੇ ਪਾਏ ਯੋਗਦਾਨ ਬਾਰੇ ਕੁਝ ਵੀ ਲਿਖਿਆ ਨਹੀਂ ਮਿਲਦਾ। ਵੱਖ-ਵੱਖ ਲਿਖਤਾਂ ਅੜੋ-ਅੜਰੀਆਂ ਗੱਲਾਂ ਨੂੰ ਜੋੜ ਕੇ ਉਹਨਾਂ ਦੇ ਜੀਵਨ ਦੇ ਯੋਗਦਾਨ ਬਾਰੇ ਕੁਝ ਸਿਖਣਾ ਹੋਵੇਗਾ। ਪ੍ਰਿ. ਸਤਿਬੀਰ ਸਿੰਘ ਨੇ ਆਪਣੀ ਪੁਸਤਕ 'ਪਰਬਤ ਮੇਰਾਣੂ' ਵਿੱਚ ਮਨਸਾ ਦੇਵੀ ਨਾਲ ਸ਼ਾਦੀ ਤੇ ਮਨਸਾ ਦੇਵੀ ਜੀ ਦੇ ਸੁਭਾਅ ਤੇ ਕੁਝ ਸਤਰਾਂ ਲਿਖੀਆਂ ਹਨ।

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ 'ਅਸ਼ਟ ਗੁਰੂ ਚਮਤਕਾਰ' ਵਿੱਚ ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਦੀ ਸੁਪਤਨੀ ਦਾ ਨਾਮ ਤਾਂ ਮਨਸਾ ਦੇਵੀ ਲਿਖਿਆ ਹੈ ਤੇ ਨਾਲ ਹੀ ਇਹ ਵੀ ਜਾਣਕਾਰੀ ਦਿੱਤੀ ਹੈ ਕਿ ਇਹ ਸ਼ਾਦੀ 1502 ਈ. ਨੂੰ ਹੋਈ। ਇਨ੍ਹਾਂ ਦੀ ਸੰਤਾਨ ਵਿੱਚ ਦੋ ਸਪੁੱਤਰ ਤੇ ਦੋ ਸੁਪੱਤਰੀਆਂ ਦਾ ਜ਼ਿਕਰ ਕਰਕੇ ਮਨਸਾ ਦੇਵੀ ਦਾ ਮੁੜ ਜ਼ਿਕਰ ਨਹੀਂ ਕੀਤਾ। ਡਾ. ਧਰਮਜੀਤ ਸਿੰਘ ਨੇ 'ਵਾਰਕਾਰ ਗੁਰੂ ਅਮਰਦਾਸ ਜੀ'

ਵਿੱਚ ਇਹ ਤਾਂ ਲਿਖ ਦਿੱਤਾ ਹੈ ਕਿ 'ਗੁਰੂ ਅਮਰਦਾਸ' ਦਾ ਵਿਆਹ 25 ਕੁ ਸਾਲ ਦੀ ਉਮਰ ਵਿੱਚ ਹੋਇਆ ਪਰ ਕਿਸ ਨਾਲ ਹੋਇਆ ? ਉਹ ਸੁਭਾਗੀ ਔਰਤ ਕੌਣ ਸੀ ? ਉਸ ਬਾਰੇ ਕੁਝ ਵੀ ਲਿਖਣਾ ਯੋਗ ਨਹੀਂ ਸਮਝਿਆ ਜਾਂ ਉਸ ਦੀ ਕੋਈ ਮਹੱਤਤਾ ਨਾ ਜਾਣ ਕੇ ਉਸ ਦਾ ਚਰਚਾ ਹੀ ਨਹੀਂ ਕੀਤਾ। ਇਸੇ ਤਰ੍ਹਾਂ 'ਸੰਖੇਪ ਸਿੱਖ ਇਤਿਹਾਸ' ਵਿੱਚ ਪ੍ਰੋ. ਪਿਆਰਾ ਸਿੰਘ ਪਦਮ ਨੇ ਮਨਸਾ ਦੇਵੀ ਦਾ ਨਾਮ ਤੱਕ ਨਹੀਂ ਲਿਖਿਆ, ਹਾਲਾਂ ਕਿ ਮਨਸਾ ਦੇਵੀ ਜੀ ਦੀ ਘਾਲ ਕਮਾਈ ਤੇ ਗੁਰੂ ਅਮਰਦਾਸ ਜੀ ਦੇ ਜੀਵਨ ਵਿੱਚ ਸਹਿਯੋਗ ਦੀ ਇਕ ਲੰਮੀ ਵਿਥਿਆ ਅਨੁਭਵ ਕੀਤੀ ਜਾ ਸਕਦੀ ਹੈ।

ਗੁਰੂ ਅਮਰਦਾਸ ਜੀ ਦੀ ਸੁਪਤਨੀ ਦੇ ਇਤਿਹਾਸਕਾਰਾਂ ਨੇ ਤਿੰਨ ਨਾਮ ਵਰਨਣ ਕੀਤੇ ਹਨ, ਜਿਨ੍ਹਾਂ ਤੋਂ ਉਪਰਲੀ ਨਜ਼ਰ ਨਾਲ ਵੇਖਿਆਂ ਭੁਲੇਖਾ ਪੈ ਸਕਦਾ ਹੈ, ਕਿ ਕਿਧਰੇ ਇਹ ਤਿੰਨ ਔਰਤਾਂ ਤਾਂ ਨਹੀਂ ਪਰ ਕਿਉਂਕਿ ਸਭਨਾਂ ਨੇ ਮਨਸਾ ਦੇਵੀ ਦੇ ਪਿਤਾ ਦਾ ਨਾਮ ਤੇ ਨਗਰ ਇਕੋ ਹੀ ਦਸਿਆ ਹੈ। ਇਸ ਲਈ ਕੋਈ ਗਲਤਫਹਿਮੀ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ। ਸਭ ਤੋਂ ਪਹਿਲਾ ਕੇਸਰ ਸਿੰਘ ਛਿੱਬਰ ਨੇ 'ਬੰਸਾਵਲੀਨਾਮਾ' ਵਿੱਚ ਗੁਰੂ ਅਮਰਦਾਸ ਜੀ ਦੀ ਸੁਪਤਨੀ ਦਾ ਨਾਮ ਮਨਸਾ ਦੇਵੀ ਲਿਖਿਆ ਹੈ :

ਮਾਤਾ ਮਨਸਾ ਦੇਵੀ ਜੀ ਧਾਮ ਆਏ॥
ਅਮਰਦਾਸ ਕ੍ਰਿਤ ਹਟੀ ਦੀ ਕਮਾਏ॥

'ਤਵਾਰੀਖ਼ ਗੁਰੂ ਖਾਲਸਾ' ਅਨੁਸਾਰ ਵਿਆਹ ਪਿੱਛੋਂ ਸਹੁਰੇ ਪ੍ਰਵਾਰ ਦੇ ਨਾਮ ਰਾਮ ਕੌਰ ਰੱਖਿਆ। ਵੀਹਵੀਂ ਸਦੀ ਦੇ ਕਈ ਲੇਖਕਾਂ ਨੇ ਇਸੇ ਤੋਂ ਲੈ ਕੇ ਨਾਮ ਰਾਮ ਕੌਰ ਲਿਖਣਾ ਸ਼ੁਰੂ ਕਰ ਦਿੱਤਾ। 'ਮਹਾਨ ਕੋਸ਼' ਵਿੱਚ ਭਾਈ ਕਾਨ੍ਹ ਸਿੰਘ ਨਾਭਾ ਨੇ ਨਾਮ ਰਾਮ ਕੌਰ ਹੀ ਵਰਨਣ ਕੀਤਾ ਹੈ। ਜਦੋਂ ਕਿ ਉਹ ਰਾਮ ਕੌਰ (ਮਨਸਾ ਦੇਵੀ) ਦੇ ਦਿਹਾਂਤ ਦਾ ਸੰਮਤ ਵਰਨਣ ਕਰਨ ਲਗਦੇ ਹਨ। ਇੱਥੋਂ ਲੈ ਕੇ ਡਾ. ਦਲੀਪ ਸਿੰਘ ਦੀਪ ਨੇ ਗੁਰੂ ਅਮਰਦਾਸ ਦੀ ਸੁਪਤਨੀ ਦਾ ਨਾਮ ਰਾਮ ਕੌਰ ਲਿਖਿਆ ਹੈ, ਮਨਸਾ ਦੇਵੀ ਨਹੀਂ।

ਡਾ. ਤਾਰਨ ਸਿੰਘ ਨੇ ਨਾਮ ਮਨਸਾ ਦੇਵੀ ਹੀ ਲਿਖਿਆ। ਪ੍ਰਿੰ. ਸਤਿਬੀਰ ਸਿੰਘ ਨੇ ਪਰਬਤੁ ਮੇਰਾਣ ਵਿੱਚ ਸਪੱਸ਼ਟ ਲਿਖਿਆ ਹੈ ਕਿ :

"ਸ਼ਾਦੀ ਮਨਸਾ ਦੇਵੀ ਨਾਲ ਹੋਈ। ਆਪ (ਗੁਰੂ ਅਮਰਦਾਸ ਜੀ) ਮਨਸਾ ਦੇਵੀ ਨੂੰ ਮਾਲੀ ਜਾਂ ਰਾਮ ਕੀ ਕਰਕੇ ਬੁਲਾਂਦੇ ਸਨ, ਇਸ ਲਈ ਇਤਿਹਾਸਕਾਰਾਂ ਨੇ ਦੋਵੇਂ ਨਾਮ ਮਾਲੀ ਤੇ ਰਾਮੋ ਲਿਖੇ ਹਨ।"

ਇਹ ਸਾਰੇ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਮਨਸਾ ਦੇਵੀ ਜੀ ਦਾ ਜਨਮ ਸਿਆਲਕੋਟ ਦੇ ਪਿੰਡ ਸਨਖਤਰਾ ਵਿੱਚ ਭਾਈ ਦੇਵੀ ਚੰਦ ਬਹਿਲ ਦੇ ਘਰ ਹੋਇਆ ਪਰ ਉਹਨਾਂ ਜਨਮ ਤ੍ਰੀਖ ਵਾਰ ਜਾਂ ਸੰਮਤ ਕਿਸੇ ਨੇ ਵੀ ਬਿਆਨ ਨਹੀਂ ਕੀਤਾ। ਉਸ ਸਮੇਂ ਤਾਰੀਖ ਜਾਂ ਸਾਲ ਘਟ ਹੀ ਲੋਕ ਯਾਦ ਰੱਖਦੇ ਸਨ। ਕੁਝ ਲੋਕ ਜਿਨ੍ਹਾਂ ਪੱਤਰੀ ਟੇਵੇ ਬਨਾਉਣੇ ਹੋਣ ਉਹ ਹੀ ਯਾਦ ਰੱਖਦੇ ਸਨ। ਜਨ ਸਾਧਾਰਣ ਇਹ ਯਾਦ ਰੱਖਣ ਵਿੱਚ ਦਿਲਚਸਪੀ ਨਹੀਂ ਸੀ ਰਖਦੇ। ਉਦੋਂ ਆਮ ਕਰਕੇ ਲੜਕੀਆਂ ਦੇ ਵਿਆਹ 12 ਤੋਂ 14 ਸਾਲ ਤਕ ਲੜਕੇ 17 ਤੋਂ 20 ਸਾਲ ਦੀ ਉਮਰ ਵਿੱਚ ਵਿਆਹੇ ਜਾਂਦੇ ਸਨ। ਲੜਕੇ ਤੇ ਲੜਕੀ ਦੀ ਉਮਰ ਦਾ ਫ਼ਰਕ 4-5 ਸਾਲ ਹੀ ਠੀਕ ਸਮਝਿਆ ਜਾਂਦਾ ਸੀ। ਮਾਤਾ ਮਨਸਾ ਦੇਵੀ ਦੀ ਸ਼ਾਦੀ ਗੁਰੂ ਅਮਰਦਾਸ ਜੀ ਨਾਲ 1502 ਈ. ਨੂੰ ਹੋਈ ਸਭ ਨੇ ਵਰਨਣ ਕੀਤੀ ਹੈ।

ਵਿਆਹ ਸਮੇਂ (ਗੁਰੂ) ਅਮਰਦਾਸ ਜੀ ਦੀ ਆਯੂ 25 ਸਾਲ ਲਿਖੀ ਹੈ। ਉਹਨਾਂ ਦੇ ਛੋਟੇ ਤਿੰਨ ਭਰਾਵਾਂ ਦੇ ਵਿਆਹ ਪਹਿਲੇ ਹੋ ਚੁੱਕੇ ਸਨ। (ਗੁਰੂ) ਅਮਰਦਾਸ ਜੀ ਨੇ ਸਭ ਤੋਂ ਅਖ਼ੀਰ ਵਿਆਹ ਕਰਵਾਇਆ। ਇਸ ਤਰ੍ਹਾਂ ਅਨੁਮਾਨ ਲਗਾ ਸਕਦਾ ਹੈ ਕਿ ਮਨਸਾ ਦੇਵੀ ਜੀ ਦੀ ਆਯੂ 18-20 ਸਾਲ ਦੇ ਲਗਭਗ ਹੋਵੇਗੀ। ਜਨਮ ਸਾਲ 1482 ਤੋਂ 1485 ਵਿਚਕਾਰ ਹੀ ਸਮਝਿਆ ਜਾ ਸਕਦਾ ਹੈ।

ਮਨਸਾ ਦੇਵੀ ਜੀ ਦੇ ਪਿਤਾ ਜੀ ਆਰਥਕ ਹਾਲਤ ਜਾਂ ਸਮਾਜਕ ਪੋਜ਼ੀਸ਼ਨ ਦਾ ਕਿਧਰੇ ਜ਼ਿਕਰ ਨਹੀਂ। ਇਹ ਵੀ ਕਿਸੇ ਪੁਰਾਤਨ ਲਿਖਤ ਤੋਂ ਪਤਾ ਨਹੀਂ ਲੱਗਦਾ ਹੈ ਕਿ ਮਨਸਾ ਦੇਵੀ ਦਾ ਬਾਲਪਨ ਕਿਸ ਤਰ੍ਹਾਂ ਬੀਤਿਆ, ਕਿਵੇਂ ਉਹਨੇ ਵਿਦਿਆ ਪ੍ਰਾਪਤ ਕੀਤੀ ਜਾਂ ਕਿਸ ਤਰ੍ਹਾਂ ਮਾਪਿਆਂ ਦੇ ਘਰ ਸੁਘੜ ਸਿਆਣੀ ਬਣੀ। ਕਿਉਂਕਿ (ਗੁਰੂ) ਅਮਰਦਾਸ ਜੀ ਦੇ ਪਿਤਾ ਇਕ ਜ਼ਿੰਮੀਦਾਰ ਤੇ ਵਪਾਰੀ ਸਨ। ਇਸ ਲਈ ਦੋਹਾਂ ਪਾਸਿਆਂ ਦੇ ਵਪਾਰੀ ਪਰਿਵਾਰਾਂ ਦਾ ਮੇਲ ਮਿਲਾਪ ਹੋ ਗਿਆ। ਮਨਸਾ ਦੇਵੀ ਇਕ ਸੁਲਝੇ ਹੋਏ ਪਰਿਵਾਰ ਵਿੱਚ ਪਲੀ ਤੇ ਜੁਆਨ ਹੋਈ ਬੇਟੀ ਸੀ। ਜਿਸ ਨੇ ਸਮੇਂ ਦੇ ਹਾਲਤ ਤੇ ਸਾਧਨਾਂ ਅਨੁਸਾਰ ਕੁਝ ਵਿਦਿਆ ਵੀ ਪ੍ਰਾਪਤ ਕੀਤੀ ਹੋਵੇਗੀ।

ਜਦ ਵਿਆਹ ਪਿੱਛੋਂ ਮਨਸਾ ਦੇਵੀ ਜੀ ਸਹੁਰੇ ਘਰ ਬਾਸਰਕੇ ਆਏ ਤਾਂ ਉਸ ਸਮੇਂ ਤੇਜ ਭਾਨ ਜੀ ਦਾ ਪਰਿਵਾਰ ਇਕੱਠਾ ਰਹਿੰਦਾ ਸੀ। ਸ੍ਰੀ ਅਮਰਦਾਸ ਜੀ ਭਾਵੇਂ ਭਰਾਵਾਂ ਵਿਚੋਂ ਵੱਡੇ ਸਨ, ਪਰ ਉਹਨਾਂ ਦਾ ਵਿਆਹ ਛੋਟੇ ਭਰਾਵਾਂ ਤੋਂ ਪਿੱਛੋਂ ਹੋਇਆ। ਸਾਂਝੇ ਪਰਿਵਾਰ ਵਿੱਚ ਮਨਸਾ ਦੇਵੀ ਜੀ ਨੇ ਬੜਾ ਸੰਤੁਸ਼ਟ ਜੀਵਨ ਗੁਜ਼ਾਰਨਾ ਸ਼ੁਰੂ ਕਰ ਦਿੱਤਾ। ਹਰ ਸਿਆਣੀ ਸਮਝਦਾਰ ਤੇ ਆਪਣੇ ਲਾਭ-ਹਾਨੀ ਨੂੰ ਸੋਚ ਸਕਣ ਵਾਲੀ ਔਰਤ ਵਾਂਗ ਮਨਸਾ ਦੇਵੀ ਜੀ ਨੇ ਵੀ ਆਪਣੇ ਪਤੀ ਦੀ ਸੋਚ, ਜੀਵਨ ਢੰਗ ਤੇ ਵਤੀਰੇ ਨੂੰ ਸਮਝ ਕੇ ਆਪਣੇ ਆਪ ਨੂੰ ਉਸ ਅਨੁਸਾਰ ਢਾਲ ਲਿਆ। ਜਿਸ ਘਰ ਵਿੱਚ ਮਨਸਾ ਦੇਵੀ ਵਿਆਹੇ ਆਏ, ਉਹ ਪ੍ਰਭੂ ਭਗਤਾਂ ਦਾ ਘਰ ਸੀ। ਸ੍ਰੀ ਅਮਰਦਾਸ ਜੀ ਪਵਿੱਤਰ ਜੀਵਨ ਵਾਲੇ ਦੇਵਤਾ ਸਰੂਪ ਸਨ। ਇਹਨਾਂ ਦੀ ਸੰਗਤ ਵਿੱਚ ਰਹਿ ਕੇ ਮਨਸਾ ਦੇਵੀ ਨੇ ਵੀ ਇਸੇ ਕੰਮ ਵਿੱਚ ਆਪਣੇ ਆਪ ਨੂੰ ਰੰਗ ਲਿਆ। ਉਹ ਵੀ ਪ੍ਰਭੂ ਭਗਤੀ ਵਿੱਚ ਲੀਨ ਹੋ ਗਈ। ਹੌਲੀ ਹੌਲੀ ਕਾਰੋਬਾਰ ਦੀ ਸੂਝ ਬੂਝ ਵੀ ਹਾਸਲ ਕਰ ਲਈ। ਰੁਝੇਵੇਂ ਭਰੇ ਜੀਵਨ ਵਿੱਚ ਦੂਜਿਆਂ ਦੀ ਚੁਗਲੀ ਨਿੰਦਾ ਕਰਨ ਦਾ ਵਕਤ ਹੀ ਨਹੀਂ ਸੀ ਹੁੰਦਾ।

ਵਿਆਹ ਪਿੱਛੋਂ ਪੰਦਰਾਂ ਸਾਲ ਤੱਕ ਆਪਦੇ ਘਰ ਕੋਈ ਸੰਤਾਨ ਨਾ ਹੋਈ। ਮਨਸਾ ਦੇਵੀ ਜੀ ਨੂੰ ਇਸ ਸਮੇਂ ਵਿੱਚ ਕੋਈ ਮਾਨਸਕ ਸੰਕਟ ਨਹੀਂ ਹੋਇਆ। ਉਨ੍ਹਾਂ ਦੀ ਪ੍ਰਭੂ ਭਗਤੀ ਨੇ ਸਬਰ ਦਿੱਤਾ ਹੋਇਆ ਸੀ। ਉਨ੍ਹਾਂ ਦੀ ਪ੍ਰਭੂ ਭਗਤੀ, ਪਰਿਵਾਰ ਦੀ ਸੇਵਾ ਤੇ ਸਮਾਜ ਵਿੱਚ ਚੰਗੀ ਵਤੀਰੇ ਨੇ ਰੰਗ ਲਾਏ ਅਤੇ ਉਹਨਾਂ ਦੇ ਘਰ ਦੋ ਸਪੁੱਤਰ ਮੋਹਨ ਜੀ ਤੇ ਮੋਹਰੀ ਜੀ ਅਤੇ ਦੋ ਸਪੁੱਤਰੀਆਂ ਦਾਨੀ ਜੀ ਤੇ ਭਾਨੀ ਜੀ ਦਾ ਜਨਮ ਹੋਇਆ। ਦਾਨੀ ਜੀ ਪਰਿਵਾਰ ਵਿੱਚ ਸਭ ਤੋਂ ਵੱਡੇ ਸਨ।

ਬੱਚਿਆਂ ਦੀ ਪਹਿਲੀ ਅਧਿਆਪਕ ਮਾਂ ਹੁੰਦੀ ਹੈ, ਜਿਵੇਂ ਉਹ ਬੱਚਿਆਂ ਨੂੰ ਬਨਾਉਣ ਦਾ ਯਤਨ ਕਰੇ ਬੱਚੇ ਉਸੇ ਤਰ੍ਹਾਂ ਢਲ ਜਾਂਦੇ ਹਨ। ਪ੍ਰੋ. ਪੂਰਨ ਸਿੰਘ ਦੇ ਕਾਵਿ ਅਨੁਸਾਰ ਮਾਂ ਇਕ ਚਿੱਤਰਕਾਰ ਹੈ। ਜਿਸ ਤਰ੍ਹਾਂ ਚਿੱਤਰਕਾਰ ਬੁਰਸ਼ ਤੇ ਰੰਗਾਂ ਦੀ ਮਦਦ ਨਾਲ ਮਨ ਵਿੱਚ ਸੋਚੇ ਸਰੂਪ ਦੇ ਚਿੱਤਰ ਤਿਆਰ ਕਰਦਾ ਹੈ। ਇਸ ਤਰ੍ਹਾਂ ਮਾਂ ਮਨ ਵਿੱਚ ਸੋਚੇ ਸਰੂਪ

ਦੇ ਚਿੱਤਰ ਤਿਆਰ ਕਰਦੀ ਹੈ ਤੇ ਚਿੱਤਰ, ਨੈਣ ਨਕਸ਼ ਸੁਭਾਅ ਤੇ ਆਦਤਾਂ ਆਦਿ ਨੂੰ ਬਣਾਉਂਦੀ ਹੈ। ਇਸੇ ਲਈ ਸਿਆਣੇ ਕਹਿੰਦੇ ਹਨ ਕਿ ਮਾਂ ਦੀ ਸਿਆਣਪ ਤੇ ਸੂਝ ਬੂਝ ਬੱਚਿਆਂ ਤੋਂ ਅਨੁਮਾਨੀ ਜਾ ਸਕਦੀ ਹੈ। ਮਨਸਾ ਦੇਵੀ ਜੀ ਦੀ ਸਾਰੀ ਸੰਤਾਨ ਪ੍ਰਭੂ ਭਗਤ ਤੇ ਸੇਵਾ ਭਾਵ ਵਾਲੀ ਸੰਤਾਨ ਸੀ। ਮਨਸਾ ਦੇਵੀ ਜੀ ਬੱਚਿਆਂ ਵਲੋਂ ਬੇਹੱਦ ਸੰਤੁਸ਼ਟ ਅਤੇ ਖ਼ੁਸ਼ ਸਨ।

ਬੱਚਿਆਂ ਦੇ ਕਿਰਦਾਰ ਤੇ ਸੁਭਾਵਾਂ ਤੇ ਮਾਂ ਮਨਸਾ ਦੇਵੀ ਜੀ ਦੀ ਡੂੰਘੀ ਮੋਹਰ ਛਾਪ ਸੀ। ਪ੍ਰਿੰਸੀਪਲ ਸਤਿਬੀਰ ਸਿੰਘ ਨੇ ਲਿਖਿਆ ਹੈ, "ਮਨਸਾ ਦੇਵੀ ਜੀ ਵੱਡੇ ਜਿਗਰੇ ਵਾਲੇ ਤੇ ਸੇਵਾ ਦੇ ਪੁੰਜ ਸਨ। ਜਿਵੇਂ ਉਹ ਪਤੀ ਦੇ ਬਾਹਰ ਰਹਿਣ ਤੇ ਬਾਸਰਕੇ ਸਮਾਂ ਕੱਟਿਆ, ਉਹ ਉਨ੍ਹਾਂ ਦੀ ਜੁਗਤ ਤੇ ਭੁਗਤ ਦਾ ਨਮੂਨਾ ਹੈ। ਕਦੇ ਮੱਥੇ ਵੱਟ ਨਾ ਪਾਣਾ ਤੇ ਕਿਸੇ ਪ੍ਰਕਾਰ ਦੀ ਗਿਲਾ ਗੁਜ਼ਾਰੀ ਨਾ ਕਰਨੀ, ਉਹਨਾਂ ਦੀ ਵਡਿਆਈ ਦਰਸਾਉਣ ਲਈ ਕਾਫੀ ਹੈ। ਇਸੇ ਲਈ ਪੰਥ ਪ੍ਰਕਾਸ਼ ਦੇ ਲਿਖਾਰੀ ਨੇ ਪ੍ਰਤੱਖ ਲਕਸ਼ਮੀ ਕਰਕੇ ਵਡਿਆਇਆ ਹੈ।

ਪਤੀ ਵਾਂਗ ਮਨਸਾ ਦੇਵੀ ਜੀ ਵੀ ਲੋਕ ਸੇਵਾ ਵਿੱਚ ਲਗ ਗਏ। ਬਾਸਰਕੇ ਵਿੱਚ ਕਾਰ ਵਿਹਾਰ ਕਰਦਿਆਂ ਸ੍ਰੀ ਗੁਰੂ ਅਮਰਦਾਸ ਜੀ ਨੇ ਪਿੰਡ ਵਿੱਚ ਪਾਣੀ ਦੀ ਤੰਗੀ ਨੂੰ ਦੇ ਖਦਿਆਂ ਆਪਣੇ ਖ਼ਰਚ ਤੇ ਖੂਹ ਪੁਟਵਾਇਆ, ਫਿਰ ਲੋਕਾਂ ਦੇ ਆਰਾਮ ਲਈ ਤਲਾਬ ਪੁਟਵਾਣਾ ਸ਼ੁਰੂ ਕੀਤਾ ਤੇ ਜਦੋਂ ਉਹ ਤੀਰਥ ਯਾਤਰਾ ਤੇ ਚਲੇ ਗਏ ਤਾਂ ਪਿੱਛੋਂ ਮਨਸਾ ਦੇਵੀ ਜੀ ਬਾਸਰਕੇ ਦੀਆਂ ਔਰਤਾਂ ਨੂੰ ਇਕੱਠੇ ਕਰਕੇ ਤਲਾਬ ਦੀ ਪੁਟਾਈ ਕਰਵਾਉਂਦੇ ਰਹੇ। ਸ੍ਰੀ ਗੁਰੂ ਅਮਰਦਾਸ ਜੀ ਬੜੇ ਖ਼ੁਸ਼ ਹੋਏ, ਜਦੋਂ ਪਹਿਲੀ ਵਾਰ ਆ ਕੇ ਸੁਣਿਆ ਕਿ ਮਨਸਾ ਦੇਵੀ ਜੀ ਦੇ ਉੱਦਮ ਸਦਕਾ ਪਿੰਡ ਦੀਆਂ ਔਰਤਾਂ ਵੀ ਸਮਾਜਕ ਭਲਾਈ ਦੇ ਕਾਰਜਾਂ ਵਿੱਚ ਹਿੱਸਾ ਲੈਣ ਲੱਗ ਪਈਆਂ ਹਨ। ਸ੍ਰੀ ਗੁਰੂ ਅਮਰਦਾਸ ਜੀ 12 ਸਾਲ ਖਡੂਰ ਸਾਹਿਬ ਰਹਿ ਕੇ ਗੁਰੂ ਅੰਗਦ ਦੇਵ ਜੀ ਪਾਸ ਸੇਵਾ ਤੇ ਸਿਮਰਨ ਵਿੱਚ ਲੱਗੇ ਰਹੇ। ਇਹ ਲੰਮਾ ਸਮਾਂ ਮਨਸਾ ਦੇਵੀ ਜੀ ਨੇ ਬਾਸਰਕੇ ਵਿੱਚ ਹੀ ਗੁਜ਼ਾਰਿਆ। ਮਾਤਾ ਮਨਸਾ ਦੇਵੀ ਜੀ ਨੇ ਕਦੇ ਗਿਲਾ ਨਹੀਂ ਕੀਤਾ ਕਿ ਉਹ ਕਿਉਂ ਖਡੂਰ ਸਾਹਿਬ ਵਿੱਚ ਹੀ ਡੇਰੇ ਲਾ ਕੇ ਬੈਠ ਗਏ ਹਨ। ਇਸ ਸਮੇਂ ਬਾਣੀ ਪੜ੍ਹਨ ਤੇ ਬਾਣੀ ਨੂੰ ਜੀਵਨ ਦਾ ਆਧਾਰ ਮਨਸਾ ਦੇਵੀ ਜੀ ਨੇ ਬਣਾ ਲਿਆ।

ਜਦੋਂ ਗੁਰੂ ਅੰਗਦ ਦੇਵ ਜੀ ਦੇ ਆਦੇਸ਼ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਨੇ ਖਡੂਰ ਸਾਹਿਬ ਤੋਂ ਜਾ ਕੇ ਬਿਆਸਾ ਦੇ ਕੰਢੇ ਗੋਇੰਦਵਾਲ ਨਗਰ ਵਸਾਉਣ ਦੀ ਸੇਵਾ ਸੰਭਾਲੀ ਤਾਂ ਉਸ ਸਮੇਂ ਬਾਸਰਕੇ ਤੋਂ ਆਪਣੇ ਪਰਿਵਾਰ ਨੂੰ ਵੀ ਗੋਇੰਦਵਾਲ ਮੰਗਵਾ ਲਿਆ। ਇਉਂ ਮਨਸਾ ਦੇਵੀ ਜੀ ਆਪਣੇ ਪਰਿਵਾਰ ਸਮੇਤ ਗੋਇੰਦਵਾਲ ਆ ਕੇ ਰਹਿਣ ਲੱਗ ਪਏ। ਗੋਇੰਦਵਾਲ ਪਹਿਲਾਂ ਆਬਾਦ ਨਹੀਂ ਸੀ ਹੁੰਦਾ, ਕਿਉਂਕਿ ਇਲਾਕੇ ਵਿੱਚ ਵਹਿਮ ਸੀ ਕਿ ਇਥੇ ਮੰਦ ਰੂਹਾਂ ਦਾ ਵਾਸਾ ਹੈ। ਗੁਰੂ ਅਮਰਦਾਸ ਜੀ ਨੇ ਇਸ ਵਹਿਮ-ਭਰਮ ਨੂੰ ਦੂਰ ਕਰਨ ਲਈ ਆਪਣਾ ਪਰਿਵਾਰ ਇਥੇ ਲਿਆ ਵਸਾਇਆ। ਗੋਇੰਦਵਾਲ ਵਿੱਚ ਜੋ ਕਾਰ ਸੇਵਾ ਆਰੰਭ ਹੋਈ, ਉਸ ਵਿੱਚ ਵੀ ਮਨਸਾ ਦੇਵੀ ਜੀ ਨੇ ਬੜਾ ਯੋਗਦਾਨ ਪਾਇਆ, ਖ਼ਾਸ ਕਰਕੇ ਲੰਗਰ ਦੀ ਸੇਵਾ ਮਾਤਾ ਮਨਸਾ ਦੇਵੀ ਜੀ ਆਪ ਕਰਦੇ। ਇਨ੍ਹਾਂ ਦੀ ਅਗਵਾਈ ਹੇਠ ਹੀ ਅਨੇਕਾਂ ਔਰਤਾਂ ਤੇ ਮਰਦ ਲੰਗਰ ਵਿੱਚ ਸੇਵਾ ਕਰਕੇ ਖ਼ੁਸ਼ ਹੁੰਦੇ। ਇਕ ਦਿਨ ਗੁਰਦੇਵ ਪਤੀ ਨਾਲ ਆਪਣੀ

ਸਪੁੱਤਰੀ ਭਾਨੀ ਜੀ ਦੇ ਰਿਸ਼ਤੇ ਦੀ ਅਜੇਹੀ ਗੱਲ ਚਲੀ ਜਿਸ ਦੇ ਫਲਸਰੂਪ ਬੀਬੀ ਭਾਨੀ ਜੀ ਦਾ ਰਿਸ਼ਤਾ ਜੇਠਾ ਜੀ (ਗੁਰੂ ਰਾਮਦਾਸ) ਨਾਲ ਹੋ ਗਿਆ।

ਮਾਤਾ ਮਨਸਾ ਦੇਵੀ ਨੇ ਇਕ ਦਿਨ ਗੁਰਦੇਵ ਪਤੀ ਨੂੰ ਕਿਹਾ ਕਿ ਔਰਤਾਂ ਸਮਾਜਕ ਸੇਵਾ ਦੇ ਕਾਰਜਾਂ ਵਿੱਚ ਮਰਦਾਂ ਦੇ ਬਰਾਬਰ ਹਿੱਸਾ ਲੈ ਰਹੀਆਂ ਹਨ। ਉਨ੍ਹਾਂ ਦੀ ਇਕ ਵੱਡੀ ਸਮੱਸਿਆ ਹੈ ਕਿ ਉਹਨਾਂ ਵਿੱਚ ਘੁੰਡ ਕੱਢਣ ਦਾ ਰਿਵਾਜ਼ ਹੈ, ਜਦ ਉਹ ਮੂੰਹ ਘੁੰਡ ਨਾਲ ਕੱਢ ਕੇ ਸੇਵਾ ਕਰਦੀਆਂ ਹਨ ਤਾਂ ਉਹਨਾਂ ਦੀ ਸਮੱਰਥਾ ਵੀ ਘਟਦੀ ਹੈ ਤੇ ਉਹਨਾਂ ਵਿੱਚ ਮਰਦ ਦੇ ਟਾਕਰੇ ਹੀਣ-ਭਾਵ ਵੀ ਪੈਦਾ ਹੁੰਦਾ ਹੈ। ਗੁਰੂ ਅਮਰਦਾਸ ਜੀ ਨੇ ਜੋ ਪਹਿਲਾਂ ਹੀ ਇਸ ਨੂੰ ਗਲਤ ਪਰੰਪਰਾ ਸਮਝਦੇ ਸਨ, ਤੁਰੰਤ ਆਦੇਸ਼ ਦਿੱਤਾ ਕਿ ਉਹਨਾਂ ਦੇ ਦਰਬਾਰ, ਦੀਵਾਨ ਵਿੱਚ ਕੋਈ ਔਰਤ ਘੁੰਡ ਕੱਢ ਕੇ ਨਹੀਂ ਆ ਸਕਦੀ। ਇਸ ਦਾ ਅਸਰ ਇਹ ਹੋਇਆ ਕਿ ਪਹਿਲਾਂ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਘੁੰਡ ਤੋਂ ਬਿਨਾਂ ਔਰਤਾਂ ਆਉਣ ਲੱਗ ਪਈਆਂ ਤੇ ਫਿਰ ਸਿੱਖ ਸਮਾਜ ਵਿੱਚ ਘੁੰਡ ਦੀ ਪਰੰਪਰਾ ਹੌਲੀ ਹੌਲੀ ਖ਼ਤਮ ਹੋ ਗਈ। ਘੁੰਡ ਵਿਰੁੱਧ ਪਹਿਲੀ ਅਵਾਜ਼ ਮਨਸਾ ਦੇਵੀ ਜੀ ਨੇ ਬੁਲੰਦ ਕੀਤੀ।

ਗੁਰੂ ਅਮਰਦਾਸ ਜੀ ਨੇ ਇਸਤ੍ਰੀ ਸੁਧਾਰ ਲਈ ਜਿਤਨੇ ਵੀ ਕਾਰਜ ਸ਼ੁਰੂ ਕੀਤੇ, ਉਹਨਾਂ ਵਿੱਚ ਮਨਸਾ ਦੇਵੀ ਜੀ ਦੀ ਸਲਾਹ, ਸੁਝਾਅ ਤੇ ਸਾਥ ਦਾ ਬਹੁਤ ਹੀ ਮਹੱਤਵ ਹੈ। ਸਤੀ ਦੀ ਰਸਮ ਖ਼ਤਮ ਕਰਵਾਉਣ ਦੀ ਪ੍ਰਥਾ ਸ਼ੁਰੂ ਕਰਨ ਵਿੱਚ ਵੀ ਮਾਤਾ ਮਨਸਾ ਦੇਵੀ ਜੀ ਦਾ ਖ਼ਾਸ ਯੋਗਦਾਨ ਹੈ। ਉਹ ਇਕ ਔਰਤ ਹੁੰਦਿਆਂ ਵਧੇਰੇ ਚੰਗੀ ਤਰ੍ਹਾਂ ਆਪਣੇ ਸਮੇਂ ਦੇ ਸਮਾਜ ਵਿੱਚ ਉਨ੍ਹਾਂ ਮੁਟਿਆਰਾਂ ਦੀ ਦਸ਼ਾ ਮਹਿਸੂਸ ਕਰ ਸਕਦੇ ਸਨ, ਜਿਨ੍ਹਾਂ ਦੇ ਪਤੀ ਮਰ ਜਾਣ ਤੇ ਵਿਧਵਾ ਜੀਵਨ ਦੁਖਦਾਈ ਬਣ ਰਿਹਾ ਸੀ। ਉਹਨਾਂ ਗੁਰੂ ਅਮਰਦਾਸ ਜੀ ਨਾਲ ਵਿਧਵਾ ਔਰਤਾਂ ਦੀ ਦੁਖ ਭਰੀ ਜ਼ਿੰਦਗੀ ਬਾਰੇ ਵੀ ਗੱਲਬਾਤ ਕੀਤੀ ਤੇ ਇਉਂ ਵਿਧਵਾ ਔਰਤਾਂ ਦੇ ਪੁਨਰ ਵਿਆਹ ਦੀ ਪ੍ਰਥਾ ਸ਼ੁਰੂ ਹੋ ਗਈ। ਜਦੋਂ ਮਰਦ ਪ੍ਰਚਾਰਕਾਂ ਨੂੰ 22 (ਬਾਈ) ਮੰਜੀਆਂ ਬਖ਼ਸ਼ੀਆਂ ਗਈਆਂ ਤਾਂ ਪਹਿਲੀ ਵਾਰ ਔਰਤਾਂ ਨੂੰ ਵੀ ਧਰਮ ਪ੍ਰਚਾਰਕ ਨਿਯੁਕਤ ਕਰਕੇ ਪੀਹੜੇ ਬਖ਼ਸ਼ੇ ਗਏ।

ਮਾਤਾ ਮਨਸਾ ਦੇਵੀ ਦੀ ਸੂਝ-ਬੂਝ ਤੇ ਸਹਿਯੋਗ ਨਾਲ ਗੁਰੂ ਅਮਰਦਾਸ ਜੀ ਨੇ ਉਹਨਾਂ ਲੋਕਾਂ ਵਿਰੁੱਧ ਵੀ ਜਹਾਦ ਸ਼ੁਰੂ ਕਰ ਦਿੱਤਾ, ਜੋ ਜੰਮਦੀਆਂ ਕੁੜੀਆਂ ਨੂੰ ਮਾਰ ਦਿੰਦੇ ਸਨ। ਗੁਰੂ ਸਾਹਿਬ ਨੇ ਕੁੜੀ ਮਾਰਨ ਤੇ ਸਮਾਜਕ ਬਾਈਕਾਟ ਦੀ ਗੱਲ ਵੀ ਕੀਤੀ। ਇਉਂ ਗਿਣਨ ਲਗੀਏ ਤਾਂ ਅਨੇਕਾਂ ਇਸਤ੍ਰੀ ਸੁਧਾਰ ਦੇ ਕਾਰਜ ਉਸ ਸਮੇਂ ਹੋਏ, ਜਦੋਂ ਮਾਤਾ ਮਨਸਾ ਦੇਵੀ ਜੀ ਗੋਇੰਦਵਾਲ ਆ ਕੇ ਰਹਿਣ ਲੱਗ ਪਏ ਸਨ।

ਗੋਇੰਦਵਾਲ ਵਿੱਚ ਅਜੇ ਵੀ ਉਹ ਮਕਾਨ ਸੰਭਾਲਿਆ ਹੋਇਆ ਹੈ, ਜਿਥੇ ਗੁਰੂ ਅਮਰਦਾਸ ਜੀ ਦੀ ਰਿਹਾਇਸ਼ ਸੀ ਤੇ ਜਿਸ ਮਕਾਨ ਵਿੱਚ ਮਨਸਾ ਦੇਵੀ ਜੀ ਆਪਣੇ ਵੱਡੇ ਪਰਿਵਾਰ ਨਾਲ ਰਹਿੰਦੀ ਸੀ। ਉਸ ਤੋਂ ਵੀ ਅਨੁਮਾਨ ਲੱਗ ਜਾਂਦਾ ਹੈ ਕਿ ਉਨ੍ਹਾਂ ਦਾ ਆਪਣਾ ਜੀਵਨ ਕਿਤਨਾ ਸਾਦਾ ਤੇ ਪਰਿਵਾਰ ਨੂੰ ਸੰਭਾਲਣ ਵਾਲਾ ਸੀ। ਉਸੇ ਮਕਾਨ ਵਿੱਚ ਉਹ ਕਮਰਾ ਹੈ, ਜਿੱਥੇ ਵਿਆਹ ਪਿੱਛੋਂ ਬੀਬੀ ਭਾਨੀ ਰਹਿੰਦੀ ਸੀ ਤੇ ਗੁਰੂ ਅਰਜਨ ਦੇਵ ਜੀ ਦਾ ਜਨਮ ਹੋਇਆ ਸੀ। ਮਾਤਾ ਖ਼ੁਸ਼ਕਿਸਮਤ ਸੀ, ਜਿਸ ਦਾ ਵਿਆਹ ਗੁਰੂ ਅਮਰਦਾਸ ਜੀ ਵਰਗੇ ਮਹਾਨ ਆਤਮਾ ਦੇ ਮਾਲਕ ਨਾਲ ਹੋਇਆ, ਜੋ ਆਪਣੀ ਘਾਲ ਕਮਾਈ ਸਦਕਾ ਤੀਜੀ ਨਾਨਕ ਜੋਤ ਬਣੇ। ਉਹ ਇਸ ਪੱਖੋਂ ਵੀ ਭਾਗਾਂ ਵਾਲੀ ਸੀ ਕਿ ਪ੍ਰਭੂ ਨੇ ਉਸ ਨੂੰ

ਸੋਹਣਾ ਪਰਿਵਾਰ (ਫੁਲਵਾੜੀ) ਦਿੱਤਾ। ਮਾਤਾ ਮਨਸਾ ਦੇਵੀ ਖ਼ੁਸ਼ਨਸੀਬ ਮਾਤਾ ਸੀ ਜਿਸ ਨੂੰ ਗੁਰਦੇਵ ਪਤੀ, ਗੁਰਦੇਵ ਜਵਾਈ ਤੇ ਗੁਰਦੇਵ ਦੋਹਤਰਾ ਮਿਲਿਆ। ਮਾਤਾ ਮਨਸਾ ਦੇਵੀ ਜੀ ਅਖ਼ੀਰ ਸੰਮਤ 1626 (1569 ਈ.) ਨੂੰ ਗੋਇੰਦਵਾਲ ਵਿੱਚ ਹੀ ਅਕਾਲ ਚਲਾਣਾ ਕਰ ਗਏ। ਇਸ ਤੋਂ ਪੰਜ ਸਾਲ ਪਿੱਛੋਂ ਗੁਰੂ ਅਮਰਦਾਸ ਜੀ 1574 ਈ. ਨੂੰ ਜੋਤੀ ਜੋਤ ਸਮਾਏ। ਇਸ ਤਰ੍ਹਾਂ ਅਨੁਭਵ ਹੁੰਦਾ ਹੈ ਕਿ ਗੁਰੂ ਅਮਰਦਾਸ ਜੀ ਨੇ ਸਿੱਖ ਲੋਕ ਲਹਿਰ ਦੇ ਪਸਾਰ ਲਈ ਤੇ ਸਮਾਜਕ ਕ੍ਰਾਂਤੀ ਲਈ ਜੋ ਕੁਝ ਕੀਤਾ, ਉਸ ਵਿੱਚ ਮਾਤਾ ਮਨਸਾ ਦੇਵੀ ਜੀ ਦਾ ਯੋਗਦਾਨ ਵੀ ਮਹੱਤਵ ਪੂਰਨ ਹੈ। ਮਾਤਾ ਮਨਸਾ ਦੇਵੀ ਜੀ ਆਪਣੀ ਸਾਰੀ ਆਯੂ ਵਿੱਚ ਪ੍ਰੇਰਨਾ ਦਾ ਸਰੋਤ ਬਣੇ ਰਹੇ। ਸਿੱਖ ਲੋਕ ਲਹਿਰ ਵਿੱਚ ਔਰਤਾਂ ਨੂੰ ਮਰਦਾਂ ਦੇ ਬਰਾਬਰ ਲਿਆ ਕੇ ਤੇ ਹਰ ਕਾਰਜ ਵਿੱਚ ਅਗੇ ਰੱਖਣ ਦੀ ਸੇਵਾ ਮਾਤਾ ਮਨਸਾ ਦੇਵੀ ਜੀ ਨੇ ਕੀਤੀ।

ਮਾਤਾ ਭਾਨੀ ਜੀ

ਗੁਰਮਤਿ ਦੇ ਆਦਰਸ਼ਕ ਸਿਧਾਂਤ ਲਈ ਤੇ ਸਿੱਖੀ ਦੇ ਫੈਲਾਅ ਲਈ ਭਾਵੇਂ ਸਾਰੇ ਗੁਰੂ ਮਹਿਲਾਂ ਨੇ ਮਹੱਤਵ ਪੂਰਨ ਯੋਗਦਾਨ ਪਾਇਆ ਹੈ। ਪਰ ਮਾਤਾ ਭਾਨੀ ਜੀ ਦਾ ਸੇਵਾ ਸਿਮਰਨ ਤੇ ਕੁਰਬਾਨੀ ਦੇ ਖੇਤਰ ਵਿੱਚ ਬਹੁਤ ਉੱਚਾ ਅਸਥਾਨ ਹੈ। ਆਪ ਉਹ ਖ਼ੁਸ਼ਕਿਸਮਤ ਨਾਰੀ ਸੀ, ਜਿਸ ਦਾ ਅੱਠ ਪਾਤਸ਼ਾਹੀਆਂ ਨਾਲ ਸੰਸਾਰਕ ਰਿਸ਼ਤੇ ਵਜੋਂ ਸਿੱਧੀ ਸਾਂਝ ਸੀ। ਮਾਤਾ ਭਾਨੀ ਜੀ ਨੂੰ ਤੀਜੀ ਨਾਨਕ ਜੋਤ ਗੁਰੂ ਅਮਰਦਾਸ ਜੀ ਦੀ ਪੁੱਤਰੀ, ਚੌਥੀ ਨਾਨਕ ਜੋਤ ਗੁਰੂ ਰਾਮਦਾਸ ਜੀ ਦੀ ਪਤਨੀ, ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਮਾਤਾ, ਛੇਵੀਂ ਨਾਨਕ ਜੋਤ ਗੁਰੂ ਹਰਿਗੋਬਿੰਦ ਸਾਹਿਬ ਦੀ ਦਾਦੀ ਹੋਣ ਦਾ ਮਾਣ ਪ੍ਰਾਪਤ ਹੋਇਆ। ਇਕ ਨਾਰੀ ਦੇ ਸੰਸਾਰਕ ਰਿਸ਼ਤਿਆਂ ਵਿੱਚ, ਪੁੱਤਰੀ, ਪਤਨੀ, ਮਾਂ ਤੇ ਦਾਦੀ ਬਣਨਾ ਮਹੱਤਵ ਪੂਰਨ ਪੜਾਅ ਹਨ। ਇਸੇ ਤਰ੍ਹਾਂ ਮਾਤਾ ਭਾਨੀ ਗੁਰੂ ਤੇਗ ਬਹਾਦਰ ਜੀ ਦੀ ਪੜਦਾਦੀ ਤੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਦਾਦੇ ਦੀ ਦਾਦੀ ਹੈ। ਇਤਿਹਾਸ ਵਿੱਚ ਇਹ ਸਪੱਸ਼ਟ ਹੈ ਕਿ ਸੋਢੀ ਸੁਲਤਾਨ ਗੁਰੂ ਰਾਮਦਾਸ ਜੀ ਦੇ ਧੁਰੋਂ ਵਰੋਸਾਇ ਹੋਣ ਕਾਰਨ ਸਤ ਪਾਤਸ਼ਾਹੀਆਂ ਸੋਢੀ ਪਰਿਵਾਰ ਵਿੱਚ ਹੀ ਹੋਈਆਂ ਤੇ ਇਹ ਸਾਰੇ ਪਰਿਵਾਰ ਦੀ ਮੁੱਢਲੀ ਨਾਰੀ ਮਾਤਾ ਭਾਨੀ ਹੀ ਸੀ।

ਸਾਡੇ ਦੇਸ਼ ਦੇ ਸਮਾਜਿਕ ਇਤਿਹਾਸ ਵਿੱਚ ਨਾਰੀ ਦਾ ਸਥਾਨ ਸਮੇਂ ਸਮੇਂ ਸਿਰ ਮਰਦ ਸਮਾਜ ਦੀ ਦ੍ਰਿਸ਼ਟੀ ਵਿੱਚ ਬਦਲਦਾ ਰਿਹਾ ਹੈ। ਇਤਿਹਾਸ ਦੇ ਪੱਤਰੇ ਫੋਲਿਆਂ ਪਤਾ ਲਗਦਾ ਹੈ ਕਿ ਕਦੇ ਇਸ ਦੇਸ਼ ਦੇ ਧਾਰਮਿਕ ਸਮਾਗਮਾਂ ਵਿੱਚ ਉਨ੍ਹਾਂ ਚਿਰ ਯੱਗ ਸੰਪੂਰਨ ਨਹੀਂ ਸੀ ਮੰਨਿਆ ਜਾਂਦਾ, ਜਦ ਤੱਕ ਕਿ ਨਾਰੀ ਉਸ ਵਿੱਚ ਆਪਣਾ ਯੋਗਦਾਨ ਨਾ ਪਾਏ। ਫਿਰ ਅਸੀਂ ਦੇਖਦੇ ਹਾਂ ਕਿ ਨਾਰੀ ਨੂੰ ਕਦੇ ਆਪਣਾ ਵਰ ਚੁਣਨ ਲਈ ਪੂਰੀ ਖੁਲ੍ਹ ਤੇ ਅਜ਼ਾਦੀ ਸੀ। ਸਵੰਬਰ ਇਸੇ ਸੁਤੰਤਰਤਾ ਦਾ ਸਬੂਤ ਸਨ, ਕਿਉਂਕਿ ਰਾਜਾਸ਼ਾਹੀ ਯੁੱਗ ਵਿੱਚ ਰਾਜਕੁਮਾਰੀਆਂ ਦੇ ਸਵੰਬਰ ਇਤਿਹਾਸ ਵਿੱਚ ਦਰਜ ਹਨ। ਪਰ ਆਮ ਯੁਵਤੀਆਂ, ਨੌਜੁਆਨ ਨਾਰੀਆਂ ਦੇ ਵਰ ਚੁਣਨ ਨੂੰ ਯਾਦ ਹੀ ਨਹੀਂ ਕੀਤਾ ਜਾਂਦਾ। ਫਿਰ ਮਰਦ ਸਮਾਜ ਨੇ ਨਾਰੀ ਦਾ ਇਹ ਅਧਿਕਾਰ ਖ਼ਤਮ ਕਰ ਦਿੱਤਾ ਤੇ ਵਰ ਦੀ ਚੋਣ ਦਾ ਅਧਿਕਾਰ ਮਾਤਾ ਪਿਤਾ ਪਾਸ ਆ ਗਿਆ। ਫਿਰ ਯੁੱਗ ਬਦਲਿਆ ਪ੍ਰੋਹਿਤ ਜਾ ਕੇ ਰਿਸ਼ਤੇ-ਨਾਤੇ ਪੱਕੇ ਕਰ ਆਉਂਦੇ। ਇਸ ਤਰੀਕੇ ਨਾਲ ਕਈ ਥਾਂ ਧਨ-ਦੌਲਤ ਜਾਂ ਬਾਹਰੀ ਚਮਕ-ਦਮਕ .ਗਲਤ ਫ਼ੈਸਲੇ ਕਰਵਾਉਣ ਦਾ ਕਾਰਨ ਬਣ ਜਾਂਦੇ। ਮਗਰ ਪੂਰਬ ਤੋਂ ਨਵੀਂ ਸਭਿਅਤਾ ਸਾਡੇ ਦੇਸ਼ ਵਿੱਚ ਆਉਣ ਨਾਲ ਨਾਰੀ ਜਗਤ ਲਈ ਕਈ ਨਵੀਆਂ ਸਮੱਸਿਆਵਾਂ ਚੁਣੌਤੀਆਂ ਉਤਪੰਨ ਹੋਈਆਂ। ਪਰਦੇ ਦਾ ਰਿਵਾਜ਼, ਨਾਰੀ ਨੂੰ ਪੈਰ ਦੀ ਜੁੱਤੀ ਸਮਝਣਾ, ਵਿਸ਼ੇ ਵਿਕਾਰ ਫੈਲਾਉਣ ਵਾਲੀ ਕਹਿਣਾ ਆਦਿ ਨੇ ਨਾਰੀ ਦਾ

ਮਾਨ ਸਤਿਕਾਰ ਘਟਾਇਆ। ਸਤੀ ਦੀ ਰਸਮ ਵੀ ਇਸੇ ਯੁੱਗ ਦੀ ਉਪਜ ਹੈ। ਸਿੱਖ ਧਰਮ ਨੇ ਇਨ੍ਹਾਂ ਸਾਰੀਆਂ ਬੁਰਾਈਆਂ ਵਿਰੁੱਧ ਆਵਾਜ਼ ਹੀ ਨਹੀਂ ਉਠਾਈ ਸਗੋਂ ਮਾਨਵ ਸਮਾਜ ਵਿੱਚ ਮਰਦ ਦੇ ਬਰਾਬਰ ਨਾਰੀ ਨੂੰ ਥਾਂ ਦਿੱਤੀ।

ਸਿੱਖ ਘਰ ਵਿੱਚ ਔਰਤ ਨੂੰ ਅਜਿਹਾ ਉੱਤਮ ਦਰਜਾ ਦਿੱਤਾ ਗਿਆ ਜੋ ਹੋਰ ਕਿਸੇ ਧਰਮ ਜਾਂ ਸਮਾਜ ਵਿੱਚ ਇਸ ਨੂੰ ਪ੍ਰਾਪਤ ਨਹੀਂ। ਗੋਇੰਦਵਾਲ ਵਿੱਚ ਗੁਰੂ ਅਮਰਦਾਸ ਜੀ ਦੇ ਨਿਵਾਸ ਅਸਥਾਨ ਗੁਰਦੁਆਰੇ ਵਿੱਚ ਬਾਬਾ ਮੋਹਨ ਦੇ ਚੁਬਾਰੇ ਦੇ ਬਾਹਰ 22 ਮੰਜੀਆਂ ਦੇ ਨਾਲ ਹੀ ਪਿੱਛੇ ਪੀੜ੍ਹੀਆਂ ਤੇ ਬੀਬੀਆਂ ਵੀ ਬੈਠੀਆਂ ਸਨ। ਸਿੱਖ ਧਰਮ ਵਿੱਚ ਇਸਤ੍ਰੀਆਂ ਨੂੰ ਯੋਗ ਥਾਂ ਮਿਲਣ ਅਤੇ ਹੋਣ ਦਾ ਪਤਾ ਇਹਨਾਂ ਚਿੱਤਰਾਂ ਰਾਹੀਂ ਵੀ ਪ੍ਰਤੱਖ ਦਿਸਦਾ ਹੈ ਕਿ ਮਰਦਾਂ ਵਾਂਗ ਹੀ ਨਾਰੀਆਂ ਨੂੰ ਵੀ ਧਰਮ ਪ੍ਰਚਾਰ ਲਈ ਨਿਯੁਕਤ ਕੀਤਾ ਗਿਆ ਸੀ। ਇਤਿਹਾਸਕਾਰਾਂ ਦਾ ਇਹ ਨਤੀਜਾ ਠੀਕ ਜਾਪਦਾ ਹੈ ਕਿ ਨਾਰੀ ਦੀ ਮਹੱਤਤਾ ਨੂੰ ਅੱਖੋਂ ਪਰੋਖੇ ਕਰਨ ਦਾ ਸਿੱਟਾ ਬੁੱਧ ਧਰਮ ਦਾ ਪਤਨੀ ਦੇ ਰੂਪ ਵਿੱਚ ਹੋਇਆ। ਸਿੱਖ ਧਰਮ ਵਿੱਚ ਉਹੀ ਨਾਰੀ ਚੜ੍ਹਦੀ ਕਲਾ ਲਿਆਣ ਦਾ ਕਾਰਨ ਬਣੀ। ਸਿੱਖ ਇਤਿਹਾਸ ਵਿੱਚ ਕਈ ਨਾਰੀਆਂ ਦੀ ਦੇਣ, ਯੋਗਦਾਨ ਤੇ ਸਮਾਜਿਕ ਵਿਕਾਸ ਵਿੱਚ ਬਹੁਤ ਵੱਡੀ ਦੇਣ ਹੈ। ਮਾਤਾ ਸੁਲੱਖਣੀ ਜੀ, ਬੇਬੇ ਨਾਨਕੀ ਜੀ, ਮਾਤਾ ਖੀਵੀ ਜੀ, ਮਾਤਾ ਗੰਗਾ ਜੀ, ਮਾਤਾ ਗੁਜਰੀ ਜੀ, ਮਾਤਾ ਸੁੰਦਰੀ (ਸੁੰਦਰ ਕੌਰ) ਜੀ, ਮਾਤਾ ਜੀਤੋ (ਜੀਤ ਕੌਰ) ਜੀ, ਸਾਹਿਬ ਦੇਵਾਂ (ਸਾਹਿਬ ਕੌਰ) ਜੀ ਗੁਰ-ਇਤਿਹਾਸ ਵਿੱਚ ਆਈਆਂ, ਕੁਝ ਕੁ ਪੂਜਣ ਯੋਗ ਹਸਤੀਆਂ ਹਨ, ਪਰ ਮਾਤਾ ਭਾਨੀ ਜੀ ਦਾ ਅਸਥਾਨ ਸਿੱਖ ਇਤਿਹਾਸ ਵਿੱਚ ਵੱਖਰਾ ਤੇ ਨਿਵੇਕਲਾ ਹੀ ਹੈ।

ਪ੍ਰੋਫੈਸਰ ਸਤਿਬੀਰ ਸਿੰਘ ਅਨੁਸਾਰ : "ਉਹ ਬੀਬੀ ਭਾਨੀ ਹੀ ਸੀ, ਜਿਸ ਨੇ ਆਪਣੀ ਨਿਰਛਲ ਤੇ ਨਿਰਕਪਟ ਸੇਵਾ ਰਾਹੀਂ ਗੁਰੂ ਅਮਰਦਾਸ ਜੀ ਨੂੰ ਰਿਝਾਇਆ, ਉਹ ਬੀਬੀ ਭਾਨੀ ਜੀ ਹੀ ਸਨ, ਜਿਨ੍ਹਾਂ ਨੇ ਮਿਥਹਾਸ ਨੂੰ ਇਤਿਹਾਸ ਬਣਾ ਕੇ ਦਸਿਆ ਤੇ ਇਸਤ੍ਰੀ ਸਤੀ ਸਵਿਤਰੀ ਨੇ ਆਪਣੇ ਪਤੀ ਨੂੰ ਜਮਾਂ ਦੀ ਫਾਹੀ ਤੋਂ ਆਪਣੇ ਹੱਠ ਨਾਲ ਬਚਾਇਆ ਸੀ, ਤਾਂ ਇਥੇ ਬੀਬੀ ਭਾਨੀ ਨੇ ਭਾਣੇ ਵਿੱਚ ਟਿਕ ਕੇ ਆਪਣੇ ਸਿਰ ਦੇ ਸਾਈਂ, ਜਗਤ ਦੇ ਰਾਖੇ ਨੂੰ ਗੁਰੂ ਪਿਤਾ ਕੋਲੋਂ ਵਰ ਲੈ ਕੇ ਨਾ ਸਿਰਫ਼ ਉਮਰ ਦੇ ਸਾਲ ਹੀ ਵਧਵਾਏ, ਸਗੋਂ ਨਿਹਚਲ ਰਾਜ ਜਗਤ ਉਤੇ ਲਿਆਉਣ ਦਾ ਕਾਰਨ ਬਣੀ। ਫਿਰ ਬੀਬੀ ਭਾਨੀ ਜੀ ਨੇ ਇਕ ਐਸੇ ਸੂਰਮੇ ਨੂੰ ਜਨਮ ਦਿੱਤਾ, ਜਿਸ ਨੇ ਮਹਾਂਭਾਰਤ ਦੇ ਅਰਜਨ ਵਾਂਗ ਕਦੇ ਵੀ ਰਣਖੇਤਰ ਵਿਚੋਂ ਮੂੰਹ ਨਹੀਂ ਮੋੜਿਆ ਤੇ ਹਰ ਹੱਲੇ ਦਾ ਡੱਟ ਕੇ ਮੁਕਾਬਲਾ ਕੀਤਾ। ਭਾਨੀ ਦੇ ਜਾਏ ਗੁਰੂ ਅਰਜਨ ਦੇਵ ਜੀ ਨੇ ਭਾਣੇ ਵਿੱਚ ਰਹਿ ਕੇ ਕਸ਼ਟਾਂ ਨੂੰ ਮਿੱਠਾ ਕਰਕੇ ਮੰਨਿਆ। ਉਸ ਦੀ ਦਾਸਤਾਨ ਆਪਣੇ ਆਪ ਵਿੱਚ ਵੱਖ ਸੁਆਦ ਰੱਖਦੀ ਹੈ। ਬੀਬੀ ਭਾਨੀ ਜੀ ਦੀ ਗੁਰੂ ਅਰਜਨ ਜੀ ਨੂੰ ਦਿੱਤੀ ਅਸੀਸ ਦੇ ਸ਼ਬਦ ਹਰ ਘਰ ਵਿੱਚ ਲਟਕੇ ਹੋਣੇ ਚਾਹੀਦੇ ਹਨ।"

ਤੀਜੀ ਨਾਨਕ ਜੋਤ ਗੁਰੂ ਅਮਰਦਾਸ ਜੀ ਦੀਆਂ ਦੋ ਸਪੁੱਤਰੀਆਂ ਸਨ। ਜਿਨ੍ਹਾਂ ਦੇ ਨਾਂ ਬੀਬੀ ਦਾਨੀ ਤੇ ਬੀਬੀ ਭਾਨੀ ਸਨ। ਬੀਬੀ ਭਾਨੀ ਦੇ ਜਨਮ ਬਾਰੇ ਸਮੇਂ ਤੇ ਸਥਾਨ ਬਾਰੇ ਵੱਖ-ਵੱਖ ਪੁਰਾਤਨ ਲਿਖਤਾਂ ਵਿੱਚੋਂ ਵੱਖ-ਵੱਖ ਜਾਣਕਾਰੀ ਮਿਲਦੀ ਹੈ। ਸਭ ਤੋਂ ਪਹਿਲੀ ਜਾਣਕਾਰੀ ਸਰੂਪ ਦਾਸ ਭੱਲਾ, ਬੀਬੀ ਭਾਨੀ ਦਾ ਜਨਮ ਗੋਇੰਦਵਾਲ ਵਿੱਚ ਹੋਇਆ ਲਿਖਦਾ ਹੈ। ਪਰ ਇਹ ਠੀਕ ਨਹੀਂ ਜਾਪਦਾ ਕਿਉਂਕਿ ਗਿਆਨੀ ਗਿਆਨ ਸਿੰਘ ਅਨੁਸਾਰ ਗੋਇੰਦਵਾਲ ਦਾ ਨਗਰ ਗੁਰੂ ਅਮਰਦਾਸ ਜੀ ਨੇ 1590 ਬਿਕਰਮੀ ਵਿੱਚ ਵਸਾਇਆ।

ਸਪੱਸ਼ਟ ਹੈ ਕਿ ਬੀਬੀ ਭਾਨੀ ਦੇ ਜਨਮ ਸਮੇਂ ਤੱਕ ਤਾਂ ਨਗਰ ਅਬਾਦ ਨਹੀਂ ਸੀ ਹੋਇਆ, ਇਸ ਲਈ ਬੀਬੀ ਭਾਨੀ ਦਾ ਜਨਮ 1590 ਵਿੱਚ ਹੀ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੀ ਹੋਇਆ ਠੀਕ ਲਗਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿੱਚ ਬੀਬੀ ਭਾਨੀ ਬਾਰੇ ਜਾਣਕਾਰੀ ਦਿੰਦਿਆਂ ਸਪੱਸ਼ਟ ਲਿਖਿਆ ਹੈ ਕਿ ਬੀਬੀ ਭਾਨੀ ਦਾ ਜਨਮ ਗੁਰੂ ਅਮਰਦਾਸ ਦੇ ਘਰ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ ਤੇ ਜਨਮ ਸਾਲ ਸੰਮਤ 1590 ਦੱਸਿਆ ਹੈ।

ਡਾ. ਮਹਿੰਦਰ ਕੌਰ ਗਿੱਲ, ਬੀਬੀ ਭਾਨੀ ਬਾਰੇ ਲਿਖਦਿਆਂ ਕਹਿੰਦੀ ਹੈ : "ਗੁਰੂ ਪਰਿਵਾਰ ਵਿਚੋਂ ਇਹ ਪਹਿਲੀ ਬੀਬੀ ਹੈ ਜਿਸ ਦੇ ਜਨਮ—ਸੰਮਤ ਵਲ ਇਕ ਦੋ ਇਤਿਹਾਸਕਾਰਾਂ ਦਾ ਧਿਆਨ ਗਿਆ ਹੈ। ਸੰਦੇਹ ਨਹੀਂ, ਇਹ ਦੋਵੇਂ ਜਨਮ ਸਥਾਨ ਤੇ ਜਨਮ-ਸੰਮਤ ਬਾਰੇ ਇਕ ਮਤ ਨਹੀਂ ਪਰ ਘਟੋ ਘਟ ਇਤਨਾਂ ਤਾਂ ਸਪੱਸ਼ਟ ਹੀ ਹੈ ਕਿ ਇਹਨਾਂ ਨੇ ਬੀਬੀ ਭਾਨੀ ਦੀ ਜਨਮ-ਘਟਨਾ ਨੂੰ ਆਪਣੇ ਲੇਖਨ ਵਿੱਚ ਥਾਂ ਦਿੱਤੀ ਹੈ।"

ਮਾਤਾ ਸੁੰਦਰੀ ਕਾਲਜ ਦੀ ਪ੍ਰਿੰਸੀਪਲ ਡਾ. ਮਹਿੰਦਰ ਕੌਰ ਗਿੱਲ ਅਨੁਸਾਰ ਬੀਬੀ ਭਾਨੀ ਦੇ ਜੀਵਨ-ਕ੍ਰਮ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ-ਵਿਚਾਰਿਆ ਜਾ ਸਕਦਾ ਹੈ : ਮੁਟਿਆਰ ਬੀਬੀ ਭਾਨੀ, ਪਤਨੀ ਬੀਬੀ ਭਾਨੀ ਤੇ ਮਾਂ ਬੀਬੀ ਭਾਨੀ। ਇਸੇ ਤਰ੍ਹਾਂ ਬਚਪਨ ਦਾ ਸਬੰਧ ਵਧੇਰੇ ਕਰਕੇ ਪਿਤਾ ਗੁਰੂ ਅਮਰਦਾਸ ਨਾਲ, ਜਵਾਨੀ ਦਾ ਪਤੀ ਗੁਰੂ ਰਾਮਦਾਸ ਤੇ ਢਲਦੀ ਵਰੇਸ ਦਾ ਪੁੱਤਰ ਗੁਰੂ ਅਰਜਨ ਦੇਵ ਜੀ ਨਾਲ ਵਿਸ਼ੇਸ਼ ਨਜ਼ਰੀਂ ਆਉਂਦਾ ਹੈ। ਬੀਬੀ ਭਾਨੀ ਦੇ ਇਹ ਤਿੰਨੇ ਕਿਰਦਾਰ ਉਹਨਾਂ ਦੇ ਜੀਵਨ ਦੇ ਵੱਖੋ-ਵੱਖ ਪੱਖ ਪੇਸ਼ ਕਰਦੇ ਹਨ।

'ਗੁਰ ਮਹਿਲ ਗਾਥਾ' ਵਿੱਚ ਬੀਬੀ ਭਾਨੀ ਦੀ ਸੇਵਾ ਬਿਰਤੀ ਤੇ ਸੁਭਾਅ ਦਾ ਜ਼ਿਕਰ ਕਰਦਿਆਂ ਡਾ. ਮਹਿੰਦਰ ਕੌਰ ਗਿੱਲ ਲਿਖਦੇ ਹਨ : "ਬੀਬੀ ਭਾਨੀ ਬਾਲੜੀ ਅਵਸਥਾ ਵਿੱਚ ਹੀ ਆਪਣੇ ਪਿਤਾ (ਗੁਰੂ ਅਮਰਦਾਸ) ਜੀ ਦੀ ਤਨੋਂ ਮਨੋਂ ਸੇਵਾ ਕਰਦੀ ਸੀ। ਗੁਰ-ਇਤਿਹਾਸ ਦੀ ਉਦਾਹਰਣ ਖ਼ਾਸੀ ਪ੍ਰਸਿਧਤਾ ਨੂੰ ਪ੍ਰਾਪਤ ਹੈ। ਬਚਪਨ ਵਿੱਚ ਬੀਬੀ ਭਾਨੀ ਬੜੀ ਹੱਸਮੁਖ, ਹਸੂੰ ਹਸੂੰ ਕਰਦਾ ਅਭੋਲ ਚਿਹਰਾ, ਅੰਤਾਂ ਦਾ ਠਰ੍ਹਮਾ, ਵੇਖਣ ਵਾਲਿਆਂ ਨੂੰ ਸੋਚ ਵਿੱਚ ਪਾ ਦਿੰਦਾ ਸੀ। ਬੀਬੀ ਭਾਨੀ ਬਾਲ ਵਰੇਸ ਉਮਰ ਵਿੱਚ ਹੀ ਪਿਤਾ ਦੀ ਹਰ ਛੋਟੀ ਮੋਟੀ ਲੋੜ ਦਾ ਧਿਆਨ ਰਖਦੀ ਕਿ ਕੋਈ ਅਜਿਹੀ ਗੱਲ ਨਾ ਵਾਪਰੇ, ਜਿਸ ਨਾਲ ਇਸ਼ਨਾਨ ਕਰਨ ਵੇਲੇ ਜਾਂ ਸਮਾਧੀ ਵਿੱਚ ਲਿਵਲੀਨ ਪਿਤਾ ਜੀ ਸਮਾਧੀ ਵਿੱਚ ਵਿਘਨ ਪਵੇ। ਪਿਤਾ ਗੁਰੂ ਅਮਰਦਾਸ ਜੀ ਬੱਚੀ ਦੀ ਨਿਸ਼ਕਾਮ ਸੇਵਾ ਤੇ ਬਹੁਤ ਹੀ ਪ੍ਰਸੰਨ ਸਨ। ਜਾਣੀ-ਜਾਣ ਪਿਤਾ ਬੱਚੀ ਦੇ ਮੋਹ ਦੀ ਗਹਿਰਾਈ ਨੂੰ ਜਾਣਦੇ ਸੀ। ਸ਼ਾਇਦ ਇਸੇ ਕਰਕੇ ਹੀ ਬੱਚੀ ਦਾ ਵਰ ਵੀ ਅਜਿਹਾ ਲੱਭਿਆ ਜੋ ਗੁਰੂ ਘਰ ਦਾ ਸ਼ਰਧਾਲੂ ਸੀ ਤੇ ਬੀਬੀ ਨੂੰ ਸ਼ਾਦੀ ਤੋਂ ਬਾਅਦ ਪਿਤਾ ਪਾਸੋਂ ਵਿਛੜਨਾ ਨਹੀਂ ਸੀ ਪੈਣਾ। ਇਤਿਹਾਸ ਗਵਾਹ ਹੈ ਕਿ ਮਾਤਾ ਮਨਸਾ ਦੇਵੀ ਜੀ ਪਿਆਰੀ ਬੱਚੀ ਬੀਬੀ ਭਾਨੀ ਆਪਣੇ ਪਿਤਾ ਗੁਰੂ ਅਮਰਦਾਸ ਜੀ ਦੀ ਸੇਵਾ ਵਿਆਹ ਤੋਂ ਬਾਅਦ ਵੀ ਉਸੇ ਤਰ੍ਹਾਂ ਹੀ ਕਰਦੀ ਰਹੀ, ਜਿਵੇਂ ਪਹਿਲੇ ਕਰਦੀ ਸੀ ਕਿਉਂਕਿ ਪੇਕਾ ਸੌਹਰਾ ਨਗਰ ਇਕੋ ਸੀ।"

ਬੀਬੀ ਭਾਨੀ ਦੇ ਇਸ ਪਹਿਲੇ ਜੀਵਨ ਪੜਾਅ ਬਾਰੇ ਸਾਖੀਕਾਰਾਂ ਨੇ ਕਈ ਘਟਨਾਵਾਂ ਸਾਖੀਆਂ ਦੇ ਰੂਪ ਵਿੱਚ ਲਿਖੀਆਂ ਹਨ। ਜਿਨ੍ਹਾਂ ਤੋਂ ਬੀਬੀ ਭਾਨੀ ਆਪਣੇ ਨਾਨਕ-ਜੋਤ ਗੁਰੂ

ਪਿਤਾ ਦੀ ਸੇਵਾ ਦ੍ਰਿੜ੍ਹਤਾ ਨਾਲ ਕਰਦਿਆਂ ਦਿਖਾਈ ਗਈ ਹੈ। ਇਕ ਸਾਖੀ ਅਨੁਸਾਰ ਇਸ਼ਨਾਨ ਕਰਦੇ-ਕਰਦੇ ਗੁਰੂ ਅਮਰਦਾਸ ਜੀ ਅਕਾਲ ਪੁਰਖ ਦਾ ਸਿਮਰਨ ਕਰਦੇ ਹੋਏ ਸਮਾਧੀ ਦੀ ਅਵਸਥਾ ਵਿੱਚ ਲੀਨ ਹੋ ਜਾਂਦੇ ਸੀ। ਇਕ ਦਿਨ ਬੀਬੀ ਭਾਨੀ ਨੇ ਇਸ਼ਨਾਨ ਕਰਵਾਉਣ ਦੀ ਤਿਆਰੀ ਕਰਦਿਆਂ ਵੇਖਿਆ ਕਿ ਗੁਰਦੇਵ ਪਿਤਾ ਜਿਸ ਪੀੜ੍ਹੀ (ਚੌਂਕੀ) ਤੇ ਬੈਠੇ ਹੋਏ ਹਨ, ਉਸ ਦਾ ਇਕ ਪਾਵਾ ਟੁੱਟ ਜਾਣ ਕਾਰਨ ਖਿਸਕਦਾ ਨਜ਼ਰ ਆਇਆ। ਬੀਬੀ ਭਾਨੀ ਨੇ ਮਹਿਸੂਸ ਕੀਤਾ ਕਿ ਜੇ ਇਹ ਪਾਵਾ ਟੁੱਟ ਗਿਆ ਤਾਂ ਗੁਰਦੇਵ ਪਿਤਾ ਦੀ ਸਮਾਧੀ ਖੁੱਲ੍ਹ ਜਾਵੇਗੀ। ਉਸ ਨੇ ਤੁਰੰਤ ਫ਼ੈਸਲਾ ਕੀਤਾ ਤੇ ਉਸ ਪਾਵੇ ਨੂੰ ਟਿਕਾਓ ਵਿੱਚ ਰਖਣ ਲਈ ਆਪਣਾ ਹੱਥ ਉਸ ਦੇ ਹੇਠਾਂ ਰੱਖ ਦਿੱਤਾ। ਚੌਂਕੀ (ਪੀੜ੍ਹੀ) ਦਾ ਪਾਵੇ ਦਾ ਟੁੱਟਿਆ ਹਿੱਸਾ ਉਸ ਦੇ ਹੱਥਾਂ ਵਿੱਚ ਧੱਸ ਗਿਆ। ਲਹੂ ਦੇ ਫ਼ੁਹਾਰੇ ਚਲਣ ਲਗੇ। ਗੁਰਦੇਵ ਪਿਤਾ ਦੀ ਸੇਵਾ ਨੂੰ ਅਰਪਿਤ ਬੀਬੀ ਭਾਨੀ ਨੇ ਇਸ ਪੀੜ ਨੂੰ ਵੀ ਬਰਦਾਸ਼ਤ ਕੀਤਾ, ਪਰ ਜਦੋਂ ਗੁਰਦੇਵ ਪਿਤਾ ਦੀ ਸਮਾਧੀ ਖੁਲ੍ਹੀ ਤਾਂ ਉਹਨਾਂ ਪਾਣੀ ਨਾਲ ਖ਼ੂਨ ਵਹਿੰਦਾ ਵੇਖ ਕੇ ਪੁੱਛਿਆ, ਤੇ ਜਦ ਧਿਆਨ ਨਾਲ ਵੇਖਿਆ ਤਾਂ ਸਮਝ ਗਏ ਕਿ ਕਿਸ ਕਾਰਨ ਤੇ ਕਿਸ ਜਜ਼ਬੇ ਨਾਲ ਉਹਨਾਂ ਦੀ ਸਪੁੱਤਰੀ ਬੀਬੀ ਭਾਨੀ ਨੇ ਇਹ ਕਰਮ ਕੀਤਾ ਹੈ। ਭਾਵੇਂ ਘਰ ਪਰਿਵਾਰ ਵਿੱਚ ਹੋਰ ਕਈ ਜੀਵ ਸਨ, ਪਰ ਬੀਬੀ ਭਾਨੀ ਨਾਲ ਸਬੰਧਤ ਕਈ ਹੋਰ ਸਾਖੀਆਂ ਦਾ ਜ਼ਿਕਰ ਮਿਲਦਾ ਹੈ। ਜਿਨ੍ਹਾਂ ਤੋਂ ਬੀਬੀ ਭਾਨੀ ਦੀ ਨਿਸ਼ਕਾਮ ਸੇਵਾ, ਗੁਰਦੇਵ ਪਿਤਾ ਦੀ ਸੇਵਾ ਵਿੱਚ ਸਮਰਪਿਤ ਹੋਣ ਦੇ ਪ੍ਰਮਾਣ ਮਿਲਦੇ ਹਨ।

ਕੁਝ ਇਤਿਹਾਸਕਾਰਾਂ ਤੇ ਸਾਖੀ ਲੇਖਕਾਂ ਨੇ ਲਿਖਿਆ ਹੈ ਕਿ ਇਹ ਘਟਨਾ ਬੀਬੀ ਭਾਨੀ ਦੇ ਵਿਆਹ ਪਿਛੋਂ ਵਾਪਰੀ, ਜਿਸ ਤੋਂ ਪ੍ਰਸੰਨ ਹੋ ਕੇ ਗੁਰਦੇਵ ਪਿਤਾ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਤੋਂ ਪੁੱਛਿਆ ਕਿ ਉਹ ਕੁਝ ਮੰਗ ਲਵੇ ਤਾਂ ਬੀਬੀ ਭਾਨੀ ਨੇ ਆਪਣੇ ਦਿਲ ਦੀ ਇੱਛਾ ਪ੍ਰਗਟ ਕੀਤੀ ਕਿ ਗੁਰਿਆਈ ਸੋਢੀ ਪਰਿਵਾਰ ਨੂੰ ਹੀ ਬਖ਼ਸ਼ ਦਿੱਤੀ ਜਾਵੇ। ਗੁਰੂ ਅਮਰਦਾਸ ਜੀ ਦੀ ਅਸੀਸ ਦੇ ਫਲਸਰੂਪ ਹੀ ਅਗਲੀਆਂ ਸਤ ਪਾਤਸ਼ਾਹੀਆਂ ਸੋਢੀ ਬੰਸ ਵਿੱਚੋਂ ਹੀ ਹੋਈਆਂ ਹਨ।

ਬੀਬੀ ਭਾਨੀ ਜੀ ਦਾ ਭਾਈ ਜੇਠਾ ਜੀ (ਗੁਰੂ ਰਾਮਦਾਸ) ਨਾਲ ਵਿਆਹ ਕਿਹੜੇ ਸਾਲ ਹੋਇਆ ਇਸ ਬਾਰੇ ਵੀ ਸਾਡੇ ਇਤਿਹਾਸਕਾਰ ਵੱਖੋ-ਵੱਖ ਸੂਚਨਾ ਦਿੰਦੇ ਹਨ। ਗਿਆਨੀ ਗਿਆਨ ਸਿੰਘ 'ਪੰਥ ਪ੍ਰਕਾਸ਼' ਵਿੱਚ ਲਿਖਦੇ ਹਨ ਕਿ ਇਹ ਵਿਆਹ 13 ਵੈਸਾਖ 1612 ਬਿਕਰਮੀ ਨੂੰ ਗੋਇੰਦਵਾਲ ਵਿੱਚ ਹੀ ਹੋਇਆ। 'ਮਹਾਨ ਕੋਸ਼' ਦੇ ਲੇਖਕ ਭਾਈ ਕਾਨ੍ਹ ਸਿੰਘ ਨਾਭਾ ਇਸ ਸ਼ੁਭ ਵਿਆਹ ਦੀ ਤਾਰੀਖ 22 ਫਗਣ 1610 ਬਿਕਰਮੀ ਲਿਖਦੇ ਹਨ। ਇਹਨਾਂ ਦੋਹਾਂ ਦੇ ਇਤਿਹਾਸਕ ਤੱਥ ਆਪਸ ਵਿੱਚ ਮੇਲ ਨਹੀਂ ਖਾਂਦੇ। ਡਾ. ਮਹਿੰਦਰ ਕੌਰ ਗਿੱਲ, ਬੀਬੀ ਭਾਨੀ ਦੇ ਵਿਆਹ ਦਾ ਚਰਚਾ ਕਰਦਿਆਂ ਲਿਖਦੇ ਹਨ ਕਿ ਸ਼ਾਦੀ ਦੇ ਸਮੇਂ ਬੀਬੀ ਭਾਨੀ 20-22 ਵਰ੍ਹਿਆਂ ਦੀ ਸੀ। ਉਦੋਂ ਆਮ ਤੌਰ ਤੇ ਛੋਟੀ ਉਮਰ ਵਿੱਚ ਹੀ ਬੱਚੀਆਂ ਦੀ ਸ਼ਾਦੀ ਕਰ ਦਿੱਤੀ ਜਾਂਦੀ ਸੀ। ਪਰ ਬੀਬੀ ਭਾਨੀ ਦੀ ਸ਼ਾਦੀ ਭਰ ਜਵਾਨੀ ਵਿੱਚ ਹੋਈ। ਇਸ ਦਾ ਇਕ ਕਾਰਨ ਬੀਬੀ ਦੇ ਸੁਭਾਅ ਵਿਚਲੀ ਸੁਸ਼ੀਲਤਾ ਠਰ੍ਹੰਮਾ ਤੇ ਪਿਤਾ ਲਈ ਸੇਵਾ-ਭਾਵ ਹੋ ਸਕਦਾ ਹੈ।

ਗੁਰੂ ਅਮਰਦਾਸ ਜੀ ਬਹੁਤ ਵੱਡੇ ਸਮਾਜ ਸੁਧਾਰਕ ਸਨ ਉਹਨਾਂ ਆਪਣੇ ਜੀਵਨ ਕਾਲ ਵਿੱਚ ਇਕ ਤਾਂ ਸਤੀ ਦੀ ਰਸਮ ਬੰਦ ਕਰਵਾਈ ਅਤੇ ਇਸ ਬਾਰੇ ਇਕ ਸ਼ਬਦ ਵੀ

ਉਚਾਰਿਆ, ਦੂਜਾ ਉਹਨਾਂ ਵਿਧਵਾ ਵਿਆਹ ਤੇ ਜ਼ੋਰ ਦਿੱਤਾ ਤਾਂ ਕਿ ਭਰ ਜਵਾਨੀ ਵਿੱਚ ਵਿਧਵਾ ਹੋਣ ਵਾਲੀਆਂ ਨਾਰੀਆਂ ਦੇ ਜੀਵਨ ਵਿੱਚ ਮੁੜ ਖ਼ੁਸ਼ੀਆਂ ਤੇ ਬਹਾਰ ਲਿਆਂਦੀ ਜਾਵੇ। ਨਾਰੀਆਂ ਨੂੰ ਪੜਦੇ ਵਿੱਚ ਰੱਖਣ ਤੇ ਘੁੰਡ ਕੱਢ ਕੇ ਚਲਣ ਦੀ ਵਿਰੋਧਤਾ ਕੀਤੀ। ਆਦੇਸ਼ ਦਿੱਤਾ ਕਿ ਕੋਈ ਵੀ ਨਾਰੀ ਘੁੰਡ ਕੱਢ ਕੇ ਉਹਨਾਂ ਦੇ ਦਰਬਾਰ ਵਿੱਚ, ਸੰਗਤ ਵਿੱਚ ਨਾ ਆਵੇ। ਇਕ ਉਹਨਾਂ ਨੇ ਸਾਦੇ ਵਿਆਹ ਦੀ ਪ੍ਰਥਾ ਤੇ ਜ਼ੋਰ ਦਿੱਤਾ, ਢੋਲ ਢਮਕੇ, ਬਾਹਰੀ ਦਿਖਾਵੇ ਤੇ ਫ਼ਜ਼ੂਲ ਖ਼ਰਚੀ ਬੰਦ ਕਰਨ ਦਾ ਆਦੇਸ਼ ਦਿਤਾ। ਸਾਦੇ ਵਿਆਹ ਦੀ ਪਰੰਪਰਾ ਉਹਨਾਂ ਆਪਣੇ ਘਰ ਪਰਿਵਾਰ ਤੋਂ ਤੋਰੀ। ਬੀਬੀ ਦਾਨੀ ਤੇ ਬੀਬੀ ਭਾਨੀ ਦੋਹਾਂ ਦੇ ਵਿਆਹ ਬੜੇ ਸਾਦੇ ਢੰਗ ਨਾਲ ਕੀਤੇ। ਆਮ ਸੰਸਾਰੀ ਉੱਚੇ ਘਰਾਣਿਆਂ ਤੇ ਧਨ-ਦੌਲਤ ਵਾਲਿਆਂ ਨਾਲ ਰਿਸ਼ਤੇ ਕਰਕੇ ਖ਼ੁਸ਼ ਹੁੰਦੇ ਹਨ, ਪਰ ਗੁਰੂ ਅਮਰਦਾਸ ਜੀ ਨੇ ਆਪਣੀ ਬੱਚੀ ਭਾਨੀ ਦਾ ਵਿਆਹ ਘੁੰਗਣੀਆਂ ਵੇਚਣ ਵਾਲੇ ਭਾਈ ਜੇਠਾ ਜੀ ਨਾਲ ਸਾਦੇ ਢੰਗ ਨਾਲ ਕੀਤਾ। ਇਸੇ ਲਈ ਸਾਖੀਕਾਰ ਇਸ ਵਿਆਹ ਦਾ ਵਿਸਥਾਰ ਨਾਲ ਵਰਨਣ ਨਹੀਂ ਕਰਦੇ।

ਬੀਬੀ ਭਾਨੀ ਦੇ ਵਿਆਹ ਤੋਂ ਪਹਿਲਾਂ ਦੀ ਘਟਨਾ ਬਾਰੇ ਸਾਖੀਕਾਰਾਂ ਨੇ ਲਿਖਿਆ ਹੈ ਕਿ ਇਕ ਦਿਨ ਮਾਤਾ ਮਨਸਾ ਦੇਵੀ ਨੇ ਗੁਰਦੇਵ ਪਤੀ ਗੁਰੂ ਅਮਰਦਾਸ ਜੀ ਨੂੰ ਨਿਮਰਤਾ ਸਹਿਤ ਅਰਜ਼ ਕੀਤੀ ਕਿ ਸਪੁੱਤਰੀ ਭਾਨੀ ਜੁਆਨ ਹੋ ਗਈ ਏ ਤੇ ਇਸ ਲਈ ਵਰ-ਘਰ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਲੋਕੀਂ ਤਾਂ 12-13 ਸਾਲ ਦੀਆਂ ਬੱਚੀਆਂ ਦਾ ਵਿਆਹ ਕਰ ਦਿੰਦੇ ਹਨ, ਸਾਡੀ ਪੁੱਤਰੀ 20 ਸਾਲ ਦੀ ਉਮਰ ਦੀ ਹੋ ਚਲੀ ਏ। ਤਾਂ ਗੁਰਦੇਵ ਪਤੀ ਨੇ ਪੁੱਛਿਆ ਕਿਹੋ ਜਿਹਾ ਵਰ ਚਾਹੁੰਦੇ ਹੋ, ਤਾਂ ਮਾਤਾ ਮਨਸਾ ਦੇਵੀ ਨੇ ਸਾਹਮਣਿਓਂ ਲੰਘਦੇ ਭਾਈ ਜੇਠਾ ਵੱਲ ਇਸ਼ਾਰਾ ਕਰਕੇ ਕਿਹਾ ਕਿ ਇਹਦੇ ਵਰਗਾ ਸਰੀਰ, ਮਨ ਤੇ ਆਤਮਾ ਵਾਲਾ ਜੀਵਨ ਸਾਥੀ ਸਾਡੀ ਪੁੱਤਰੀ ਲਈ ਚੰਗਾ ਰਹੇਗਾ। ਤਾਂ ਗੁਰੂ ਅਮਰਦਾਸ ਜੀ ਮੁਸਕਰਾਏ ਤੇ ਵਚਨ ਕੀਤਾ ਕਿ ਇਹਦੇ ਵਰਗਾ ਤਾਂ ਇਹੀ ਹੈ, ਹੋਰ ਦੂਜਾ ਕੋਈ ਨਹੀਂ। ਗੁਰਦੇਵ ਪਿਤਾ ਜਾਣੀ-ਜਾਣ ਸਨ ਕਿ ਬੀਬੀ ਭਾਨੀ ਤੇ ਜੇਠਾ ਜੀ ਦੋਵੇਂ ਗੁਰ ਸੇਵਾ, ਸਬਰ ਸੰਤੋਖ ਨਾਲ ਕਰਨ ਵਾਲੀਆਂ ਉੱਚ ਆਤਮਾਵਾਂ ਹਨ। ਉਸੇ ਵੇਲੇ ਭਾਈ ਜੇਠਾ ਜੀ ਨੂੰ ਬੁਲਾ ਕੇ ਤੇ ਉਹਨਾਂ ਦੀ ਨਾਨੀ ਨੂੰ ਸੱਦ ਕੇ ਬੀਬੀ ਭਾਨੀ ਦਾ ਰਿਸ਼ਤਾ ਪੱਕਾ ਕਰ ਦਿੱਤਾ। ਇਹੀ ਭਾਈ ਜੇਠਾ ਜੀ ਕੁਝ ਸਮੇਂ ਪਿੱਛੋਂ ਚੌਥੀ ਨਾਨਕ ਜੋਤ ਗੁਰੂ ਰਾਮਦਾਸ ਬਣ ਗਏ।

ਸਾਖੀਕਾਰ ਤੇ ਕੁਝ ਇਤਿਹਾਸਕਾਰ ਇਸੇ ਕਰਕੇ ਲਿਖਦੇ ਹਨ ਕਿ ਬੀਬੀ ਭਾਨੀ ਦਾ ਪੇਕਾ ਤੇ ਸਹੁਰਾ ਨਗਰ ਗੋਇੰਦਵਾਲ ਹੀ ਹੈ। ਭਾਈ ਜੇਠਾ ਜੀ ਦਾ ਜਨਮ ਭਾਵੇਂ ਲਾਹੌਰ ਵਿੱਚ ਹੋਇਆ, ਪਰ ਬਚਪਨ ਵਿੱਚ ਹੀ ਮਾਤਾ-ਪਿਤਾ ਦੇ ਅਕਾਲ ਚਲਾਣਾ ਕਰ ਜਾਣ ਕਾਰਨ ਬਜ਼ੁਰਗ ਨਾਨੀ ਜੇਠਾ ਜੀ ਨੂੰ ਆਪਣੇ ਪਾਸ ਬਾਸਰਕੇ ਲੈ ਆਈ, ਜਿੱਥੇ ਉਹ ਘੁੰਗਣੀਆਂ ਵੇਚ ਕੇ ਰੋਟੀ-ਰੋਜ਼ੀ ਕਮਾਉਂਦੇ। ਜਦ ਗੋਇੰਦਵਾਲ ਦੀ ਉਸਾਰੀ ਦੀ ਸੇਵਾ ਗੁਰੂ ਅਮਰਦਾਸ ਜੀ ਕਰਵਾ ਰਹੇ ਸੀ ਤਾਂ ਨਾਨੀ-ਦੋਹਤਰਾ ਗੁਰੂ ਘਰ ਦੀ ਕਾਰ-ਸੇਵਾ ਵਿੱਚ ਗੋਇੰਦਵਾਲ ਆ ਕੇ ਜੁੱਟ ਗਏ। ਇੱਥੇ ਸਾਰਾ ਦਿਨ ਗੁਰੂ ਘਰ ਦੀ ਸੇਵਾ ਲੰਗਰ ਵਿੱਚ ਹੱਥ ਵਟਾਉਣ ਵਿੱਚ ਮਗਨ ਹੁੰਦੇ। ਅੰਮ੍ਰਿਤ ਵੇਲੇ ਤੋਂ ਨਾਮ ਬਾਣੀ ਦਾ ਸਿਮਰਨ ਕਰਦੇ ਤੇ ਸੰਗਤ ਵਿੱਚ ਸ਼ਾਮਿਲ ਹੋ ਕੇ ਕਥਾ ਕੀਰਤਨ ਦੇ ਪ੍ਰਵਾਹ ਤੋਂ ਲਾਭ ਉਠਾਉਂਦੇ। ਸ਼ਾਮ ਨੂੰ ਉਹ ਘੁੰਗਣੀਆਂ ਦਾ ਛਾਬਾ ਲਗਾਉਂਦੇ ਤੇ ਇਉਂ ਕਿਰਤ ਕਮਾਈ ਕਰਕੇ ਆਪਣਾ ਜੀਵਨ ਨਿਰਬਾਹ ਕਰਦੇ।

ਵਿਆਹ ਪਿਛੋਂ ਬੀਬੀ ਭਾਨੀ ਗੋਇੰਦਵਾਲ ਵਿੱਚ ਆਪਣੇ ਸਹੁਰੇ ਘਰ ਰਹਿਣ ਲੱਗ ਪਈ, ਜਿਥੇ ਗਰੀਬੀ ਦੀ ਹਾਲਤ ਵਿੱਚ ਨਾਨੀ-ਦੋਹਤਰਾ ਇਕ ਛੋਟੇ ਜਿਹੇ ਮਕਾਨ ਵਿੱਚ ਰਹਿੰਦੇ ਸਨ। ਬੀਬੀ ਭਾਨੀ ਦੇ ਸਹੁਰੇ ਘਰ ਵਿੱਚ ਗਰੀਬੀ ਜ਼ਰੂਰ ਸੀ ਪਰ ਸਬਰ-ਸੰਤੋਖ ਤੇ ਸ਼ਾਂਤੀ ਸੀ। ਉਹ ਆਪਣੇ ਘਰ-ਬਾਰ ਵਾਲੀ ਸੀ, ਪਰ ਗੁਰੂ ਘਰ ਦੀ ਸੇਵਾ ਵਿੱਚ ਉਹਨੇ ਕੋਈ ਫ਼ਰਕ ਨਾ ਪੈਣ ਦਿੱਤਾ। ਉਹ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ ਪਿੱਛੋਂ ਨਾਮ ਸਿਮਰਨ ਕਰਦੀ, ਘਰ ਦਾ ਕੰਮ ਕਾਜ ਕਰਕੇ ਗੁਰੂ ਪਿਤਾ ਦੀ ਸੇਵਾ ਤੇ ਨਾਮ ਬਾਣੀ ਤੇ ਕੀਰਤਨ ਦੇ ਪ੍ਰਵਾਹ ਵਿੱਚ ਆਪਣੇ ਪਤੀ ਭਾਈ ਜੇਠਾ ਜੀ ਨਾਲ ਮਿਲ ਕੇ ਆਤਮਿਕ ਆਨੰਦ ਤੇ ਖ਼ੁਸ਼ੀਆਂ ਮਾਣਦੀ। ਲੰਗਰ ਦੀ ਤਿਆਰੀ ਵਿੱਚ ਸਮਾਂ ਗੁਜ਼ਾਰਦੀ ਅਤੇ ਪਤੀ ਭਾਈ ਜੇਠਾ ਜੀ ਬਾਉਲੀ ਦੀ ਉਸਾਰੀ ਵਿੱਚ। ਕੁਝ ਸਾਖੀਕਾਰ ਲਿਖਦੇ ਹਨ ਕਿ ਬੀਬੀ ਭਾਨੀ ਦੇ ਵਿਆਹ ਪਿਛੋਂ ਆਪਣੇ ਪਤੀ ਸਮੇਤ ਗੁਰੂ ਅਮਰਦਾਸ ਦੇ ਨਿਵਾਸ ਅਸਥਾਨ ਤੇ ਰਹਿੰਦੀ ਰਹੀ। ਇਹਨਾਂ ਦੋਹਾਂ ਰਾਵਾਂ ਤੇ ਵਿਚਾਰ ਕਰਨ ਪਿਛੋਂ ਸਾਡਾ ਅਨੁਮਾਨ ਹੈ ਕਿ ਪਹਿਲਾਂ ਤਾਂ ਬੀਬੀ ਭਾਨੀ ਸਹੁਰੇ ਘਰ ਰਹੀ, ਪਰ ਜਦੋਂ ਭਾਈ ਜੇਠਾ ਜੀ ਦੀ ਨਾਨੀ ਅਕਾਲ ਚਲਾਣਾ ਕਰ ਗਈ ਤਾਂ ਇਹ ਦੰਪਤੀ (ਜੋੜਾ) ਗੁਰੂ ਅਮਰਦਾਸ ਜੀ ਦੇ ਨਿਵਾਸ ਅਸਥਾਨ ਤੇ ਆ ਕੇ ਰਹਿਣ ਲੱਗ ਪਏ। ਸੰਤੁਸ਼ਟਤਾ ਤੇ ਸਬਰ ਸੰਤੋਖ ਨਾਲ ਗੁਰੂ ਘਰ ਦੀ ਸੇਵਾ, ਸਾਧ ਸੰਗਤ ਨਾਲ ਆਤਮਿਕ ਅਨੰਦ ਮਾਣਦੇ ਰਹੇ।

ਬੀਬੀ ਭਾਨੀ ਗ੍ਰਹਿਸਥੀ ਜੀਵਨ ਤੇ ਆਤਮਕ ਜੀਵਨ ਵਿੱਚ ਨਾਲੋ-ਨਾਲ ਪਰਪੱਕ ਹੁੰਦੀ ਗਈ। ਉਹਨਾਂ ਦੇ ਘਰ ਤਿੰਨ ਸਪੁੱਤਰਾਂ ਦਾ ਜਨਮ ਹੋਇਆ। ਸਭ ਤੋਂ ਵੱਡੇ ਪ੍ਰਿਥੀਚੰਦ ਸਨ, ਦੂਜੇ ਦਾ ਨਾਂ ਸ੍ਰੀ ਮਹਾਂਦੇਵ ਸੀ ਤੇ ਸਭ ਤੋਂ ਛੋਟੇ ਦਾ ਨਾਂ ਅਰਜਨ ਦੇਵ ਜੀ ਸੀ। ਇਹਨਾਂ ਦੋ ਵੱਡਿਆਂ ਸਪੁਤਰਾਂ ਦਾ ਜਨਮ ਕਿੱਥੇ ਹੋਇਆ, ਇਹ ਕਿਧਰੇ ਸਪੱਸ਼ਟ ਨਹੀਂ। ਸਭ ਤੋਂ ਛੋਟੇ ਸਪੁੱਤਰ ਦਾ ਜਨਮ ਗੁਰੂ ਅਮਰਦਾਸ ਦੇ ਨਿਵਾਸ ਅਸਥਾਨ ਤੇ ਹੀ ਹੋਇਆ ਸੀ। ਗੁਰੂ ਅਮਰਦਾਸ ਦੇ ਨਿਵਾਸ ਅਸਥਾਨ ਤੇ ਅੱਜ ਵੀ ਉਹ ਕਮਰਾ ਇਤਿਹਾਸਕ ਯਾਦਗਾਰ ਵਜੋਂ ਸੰਭਾਲਿਆ ਹੋਇਆ ਹੈ, ਜਿੱਥੇ ਗੁਰੂ ਅਰਜਨ ਦੇਵ ਜੀ ਦਾ ਜਨਮ ਹੋਇਆ ਸੀ।

ਇਤਿਹਾਸਕਾਰ ਲਿਖਦੇ ਹਨ ਕਿ ਇਕ ਦਿਨ ਗੁਰੂ ਅਮਰਦਾਸ ਜੀ ਮੰਜੇ 'ਤੇ ਬੈਠੇ ਪ੍ਰਭੂ ਨਾਲ ਲੀਨ ਸਨ ਕਿ ਸਾਲ ਕੁ ਦੇ ਬਾਲਕ ਅਰਜਨ ਦੇਵ ਜੀ ਰਿੜ੍ਹਦੇ ਰਿੜ੍ਹਦੇ ਆਏ ਤੇ ਨਾਨੇ ਦੀ ਪਲੰਘ ਨੂੰ ਫੜ ਕੇ ਖੜੇ ਹੋ ਗਏ ਤਾਂ ਪਲੰਘ ਦੇ ਹਿੱਲਣ ਨਾਲ ਗੁਰੂ ਜੀ ਦੀ ਸਮਾਧੀ ਖੁਲ੍ਹ ਗਈ। ਇੰਨੇ ਵਿੱਚ ਬੀਬੀ ਭਾਨੀ ਬੱਚੇ ਨੂੰ ਚੁੱਕਣ ਲਈ ਆ ਗਈ। ਗੁਰੂ ਜੀ ਕਹਿਣ ਲੱਗੇ—ਤੇਰਾ ਪੁੱਤਰ ਬੜਾ ਭਾਰੀ ਹੈ ਤੇ ਸਹਿਜ ਸੁਭਾਏ ਗੁਰੂ ਜੀ ਦੇ ਮੁੱਖ ਤੋਂ ਨਿਕਲਿਆ : "ਦੋਹਿਤਾ ਬਾਣੀ ਕਾ ਬੋਹਿਥਾ"। ਬੀਬੀ ਭਾਨੀ ਨੂੰ ਇਸ ਗੱਲ ਦੀ ਸਮਝ ਨਹੀਂ ਲੱਗੀ। ਗੁਰੂ ਜੀ ਨੇ ਖੋਲ੍ਹ ਕੇ ਦਸਿਆ। ਇਹ ਸਿੱਖ ਇਤਿਹਾਸਕਾਰਾਂ ਤੇ ਕਵੀਆਂ ਨੇ ਇਉਂ ਬਿਆਨ ਕੀਤਾ ਹੈ :-

ਭਾਰੀ ਗੁਰ ਜਗ ਮਹਿ (ਬਿਦ ਤੇ) ਹੈ।
ਬਾਣੀ ਕਾ ਬੋਹਿਥ ਬਡ ਹ੍ਵੈ ਹੈ।

ਇਥੇ ਬੀਬੀ ਭਾਨੀ ਦੇ ਜੀਵਨ ਦੀਆਂ ਦੋ ਤਿੰਨ ਘਟਨਾਵਾਂ ਦਾ ਸਾਖੀਕਾਰਾਂ ਤੇ ਇਤਿਹਾਸਕਾਰਾਂ ਨੇ ਜ਼ਿਕਰ ਕੀਤਾ ਹੈ। ਪਹਿਲੀ ਘਟਨਾ ਤਾਂ ਬੀਬੀ ਭਾਨੀ ਦੀ ਸੇਵਾ ਤੋਂ ਖ਼ੁਸ਼ ਹੋ ਕੇ ਗੁਰਗੱਦੀ ਭਾਨੀ ਦੇ ਪਤੀ ਗੁਰੂ ਰਾਮਦਾਸ ਜੀ ਨੂੰ ਦੇਣ ਦਾ ਸੰਕੇਤ ਤੇ ਵਚਨ ਕਰਨਾ

ਹੈ। ਇਹ ਗੱਲ ਕਈਆਂ ਨੂੰ ਖਟਕਦੀ ਹੈ ਕਿ ਗੁਰਗੱਦੀ ਕੋਈ ਖ਼ਾਨਦਾਨੀ ਵਿਰਾਸਤ ਨਹੀਂ, ਗੁਰਮਤਿ ਅਨੁਸਾਰ ਧੁਰੋਂ ਵਰੋਸਾਇ ਤੇ ਯੋਗ ਵਿਅਕਤੀ ਨੂੰ ਹੀ ਇਸ ਦੀ ਪ੍ਰਾਪਤੀ ਹੁੰਦੀ ਹੈ। ਕਈਆਂ ਨੇ ਸੰਕੇਤ ਕੀਤਾ ਹੈ ਕਿ ਇਹ ਚਰਚਾ ਪ੍ਰਿਥੀਚੰਦ ਦੀ ਸੰਤਾਨ ਨੇ ਹੀ ਸ਼ੁਰੂ ਕੀਤਾ ਸੀ। ਬੀਬੀ ਭਾਨੀ ਦੇ ਸਮਕਾਲੀ ਭਾਈ ਗੁਰਦਾਸ, ਗਿਆਨੀ ਗਿਆਨ ਸਿੰਘ ਤੇ ਭਾਈ ਸੰਤੋਖ ਸਿੰਘ, ਗੁਰੂ ਅਮਰਦਾਸ ਜੀ ਦੇ ਵਚਨ ਨੂੰ ਬਿਆਨ ਕਰਦਿਆਂ ਜਿਸ ਸਾਖੀ ਦਾ ਵਰਨਣ ਕਰਦੇ ਹਨ, ਉਸ ਅਨੁਸਾਰ ਇਕ ਦਿਨ ਬੀਬੀ ਭਾਨੀ ਦਾ ਪ੍ਰਤਾਵਾ ਲੈਣ ਲਈ ਗੁਰਦੇਵ ਪਿਤਾ ਕਹਿਣ ਲੱਗੇ, "ਬੀਬੀ ਤੂੰ ਸਾਡੀ ਬਹੁਤ ਸੇਵਾ ਕੀਤੀ ਏ, ਦਸ ਇਸ ਦੇ ਬਦਲੇ ਤੈਨੂੰ ਕੀ ਦੇਈਏ"। "ਜੇ ਤੁਠੇ ਹੋ ਤਾਂ ਗੁਰਿਆਈ ਗੱਦੀ ਮੇਰੇ ਹੀ ਖ਼ਾਨਦਾਨ ਵਿੱਚ ਰਹੇ", ਬੀਬੀ ਭਾਨੀ ਨੇ ਕਿਹਾ। ਸੁਣ ਕੇ ਥੋੜੀ ਦੇਰ ਚੁੱਪ ਰਹੇ ਫਿਰ ਕਹਿਣ ਲੱਗੇ, "ਆਉਣ ਵਾਲੇ ਸਮੇਂ ਵਿੱਚ ਗੱਦੀ ਸੇਵਾ ਕਰਨ ਵਾਲੇ ਦੀ ਹੀ ਹੈ। ਸੇਵਾ ਤੋਂ ਬਿਨਾਂ ਪ੍ਰਾਪਤ ਨਹੀਂ ਹੋ ਸਕਦੀ।

ਥੋੜੀ ਦੇਰ ਚੁੱਪ ਰਹਿਣ ਮਗਰੋਂ ਗੁਰੂ ਜੀ ਕਹਿਣ ਲੱਗੇ, "ਆਉਣ ਵਾਲੇ ਸਮੇਂ ਗੁਰੂ ਘਰ ਬਹੁਤ ਭਿਆਨਕ ਮੁਸੀਬਤਾਂ ਅਤੇ ਸੰਕਟਾਂ ਵਿਚੋਂ ਗੁਜ਼ਰੇਗਾ। ਉਦੋਂ ਤੈਨੂੰ ਬਹੁਤ ਕਸ਼ਟ ਹੋਵੇਗਾ—ਜੇ ਤੂੰ ਕਹੇਂ ਤਾਂ ਤੈਨੂੰ ਉਨ੍ਹਾਂ ਦੀ ਇਕ ਝਲਕ ਦਿਖਾ ਦੇਂਦੇ ਹਾਂ।" ਇਥੇ ਇਸ ਇਤਿਹਾਸਕ ਘਟਨਾ ਨੂੰ ਮਿਥਿਹਾਸਕ ਰੂਪ ਦੇਂਦਿਆਂ ਲਿਖਾਰੀ ਲਿਖਦੇ ਹਨ ਕਿ ਜਿਵੇਂ ਕ੍ਰਿਸ਼ਨ ਜੀ ਨੇ ਮਾਤਾ ਯਸ਼ੋਦਾ ਨੂੰ ਭਗਵਾਨ ਦਾ ਵਿਰਾਟ ਰੂਪ ਆਪਣੇ ਮੁੱਖ ਵਿਚੋਂ ਵਿਖਾ ਦਿਤਾ ਸੀ। ਠੀਕ ਉਸੇ ਤਰ੍ਹਾਂ ਗੁਰਦੇਵ ਪਿਤਾ ਨੇ ਬੀਬੀ ਭਾਨੀ ਨੂੰ ਆਉਣ ਵਾਲਾ ਸਮਾਂ ਪ੍ਰਤੱਖ ਦਿਖਾਇਆ। ਸਤਿਗੁਰੂ ਦੀ ਅੰਮ੍ਰਿਤ ਦ੍ਰਿਸ਼ਟੀ ਨਾਲ ਬੀਬੀ ਭਾਨੀ ਨੇ ਪੰਚਮ ਗੁਰੂ ਨੂੰ ਤੱਤੀ ਲੋਹ ਉਪਰ ਬੈਠਿਆਂ ਵੇਖਿਆ, ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਬੰਦੀ ਬਣੇ ਵੇਖਿਆ, ਨੌਂਵੇਂ ਗੁਰੂ ਤੇਗ ਬਹਾਦਰ ਜੀ ਨੂੰ ਤਿੱਖੀਆਂ ਸੀਖਾਂ ਵਾਲੇ ਲੋਹੇ ਦੇ ਬੰਦ ਪਿੰਜਰੇ ਵਿੱਚ ਵੇਖਿਆ। ਦਸਵੇਂ ਗੁਰੂ ਜੀ ਨੂੰ ਸਰਬੰਸ ਲੁਟਾ ਕੇ, ਪਾਟੇ ਜਾਮੇ, ਨੰਗੇ ਪੈਰੀਂ ਮਾਛੀਵਾੜੇ ਦੇ ਜੰਗਲਾਂ ਵਿੱਚ ਸੁੱਤੇ ਵੇਖਿਆ। ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣੀਂਦੇ ਵੇਖਿਆ। ਮਾਤਾ ਗੁਜਰੀ ਜੀ ਨੂੰ ਬੁਰਜ ਤੋਂ ਢਹਿੰਦਿਆਂ ਵੇਖਿਆ। ਜਦੋਂ ਇਹ ਸਭ ਕੁਝ ਫਿਲਮ ਵਾਂਗ ਵੇਖਿਆ ਤਾਂ ਬੀਬੀ ਭਾਨੀ ਡੋਲੀ ਨਹੀਂ, ਘਬਰਾਈ ਜਾਂ ਡਰੀ ਨਹੀਂ, ਸਗੋਂ ਇਕ ਅਥਾਹ ਆਤਮ-ਵਿਸ਼ਵਾਸ ਵਿੱਚ ਬੋਲੀ ਕਿ ਇਹ ਨਾ ਜ਼ਰੇ ਜਾਣ ਵਾਲੇ ਜ਼ੁਲਮ ਮੇਰਾ ਇਹ ਖ਼ਾਨਦਾਨ ਹੀ ਜ਼ਰ ਸਕੇਗਾ। ਸਾਡੇ ਕਵੀ ਇਤਿਹਾਸਕਾਰ ਬੀਬੀ ਭਾਨੀ ਦੇ ਇਸ ਉੱਤਰ ਨੂੰ ਇਉਂ ਬਿਆਨ ਕਰਦੇ ਹਨ : "ਜਾਣ ਨ ਦੇਸਾ ਸੋਢੀਓਂ ਹੋਰਸ ਅਜਰ ਨਾ ਜਰਿਆ ਜਾਈ।"

ਸਾਖੀਕਾਰ ਬੀਬੀ ਭਾਨੀ ਦੇ ਸਿੱਖੀ ਸਿਦਕ, ਸਬਰ ਸੰਤੋਖ ਤੇ ਪ੍ਰਭੂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣ ਦੀ ਸ਼ਕਤੀ ਨੂੰ ਬਿਆਨ ਕਰਦਿਆਂ ਇਕ ਹੋਰ ਸਾਖੀ ਦਾ ਵਰਨਣ ਕਰਦੇ ਹਨ ਕਿ ਇਕ ਦਿਨ ਗੁਰੂ ਜੀ ਸਨੇਹ ਭਰੇ ਹੱਥ ਪੁੱਤਰੀ ਦੀ ਪਿੱਠ ਤੇ ਰੱਖ ਕੇ ਪੁੱਛਣ ਲੱਗੇ ਕਿ ਜੇ ਤੂੰ ਵਿਧਵਾ ਹੋ ਜਾਏ ਤਾਂ ਕੀ ਕਰੇਂ। ਬੀਬੀ ਭਾਨੀ ਬਿਨਾਂ ਕੁਝ ਕਹੇ ਆਪਣੇ ਕਮਰੇ ਵਿੱਚ ਚਲੀ ਗਈ ਤੇ ਝਟ ਪਿੱਛੋਂ ਸਾਦੇ ਮੈਲੇ ਕੱਪੜੇ ਪਾ ਕੇ ਸੁਹਾਗ ਦੀ ਨਿਸ਼ਾਨੀ ਨੱਥ ਲਾਹ ਕੇ ਬਾਹਰ ਆਈ ਤੇ ਨੱਥ ਗੁਰਦੇਵ ਪਿਤਾ ਦੇ ਚਰਨਾਂ ਕੋਲ ਰੱਖ ਦਿੱਤੀ। ਗੁਰਦੇਵ ਪਿਤਾ, ਬੀਬੀ ਭਾਨੀ ਨੂੰ ਸੰਬੋਧਨ ਕਰਕੇ ਕਹਿਣ ਲੱਗੇ ਕਿ ਤੇਰੇ ਪਤੀ ਦੀ ਆਯੂ ਅਜ ਪੂਰੀ ਹੋਣ

ਵਾਲੀ ਏ, ਮੇਰੇ ਕੋਲੋਂ ਇਹ ਦਸ਼ਾ ਸਹਿਣ ਨਹੀਂ ਸੀ ਹੋ ਰਹੀ, ਕਿਉਂਕਿ ਤੇਰੇ ਪਤੀ ਨੇ ਅਜੇ ਕਈ ਮਹੱਤਵ ਪੂਰਨ ਕਾਰਜ ਕਰਨੇ ਹਨ, ਇਸ ਲਈ ਮੈਂ ਆਪਣੀ ਉਮਰ ਦਾ ਬਾਕੀ ਸਮਾਂ ਉਸ ਨੂੰ ਦੇਣ ਦਾ ਐਲਾਨ ਕਰਦਾ ਹਾਂ। ਅਕਾਲ ਪੁਰਖ ਪਾਸ ਮੇਰੀ ਅਰਦਾਸ ਹੈ ਕਿ ਉਹ ਮੇਰੀ ਉਮਰ ਦਾ ਬਾਕੀ ਹਿੱਸਾ ਰਾਮਦਾਸ ਜੀ ਨੂੰ ਦੇਣ ਦੀ ਆਗਿਆ ਬਖ਼ਸ਼ੇ। ਸਾਖੀਕਾਰਾਂ ਅਨੁਸਾਰ ਗੁਰੂ ਰਾਮਦਾਸ ਜੀ ਨੂੰ 6 ਸਾਲ 11 ਮਹੀਨੇ 13 ਦਿਨ ਦੀ ਹੋਰ ਆਯੂ ਪ੍ਰਮਾਤਮਾ ਨੇ ਦੇ ਦਿੱਤੀ।

ਇਤਿਹਾਸਕਾਰਾਂ, ਪੁਰਾਤਨ ਕਵੀਆਂ ਤੇ ਸਾਖੀਕਾਰਾਂ ਨੇ ਇਕ ਪਾਸੇ ਤਾਂ ਗੁਰਗੱਦੀ ਸੋਢੀ ਖ਼ਾਨਦਾਨ ਨੂੰ ਪਹਿਲਾਂ ਹੀ ਦੇਣ ਦਾ ਵਚਨ ਬਿਆਨ ਕੀਤਾ ਹੈ, ਦੂਜੇ ਪਾਸੇ ਗੁਰਗੱਦੀ ਦੇਣ ਦੀ ਪ੍ਰੀਖਿਆ ਦਾ ਵੇਰਵੇ ਨਾਲ ਜ਼ਿਕਰ ਕੀਤਾ ਹੈ। ਜੇ ਗੁਰਗੱਦੀ ਦੇਣ ਦਾ ਪਹਿਲਾਂ ਹੀ ਨਿਰਣਾ ਹੋ ਚੁੱਕਿਆ ਸੀ ਤਾਂ ਫਿਰ ਗੁਰਗੱਦੀ ਦੇ ਹੱਕਦਾਰ ਦੀ ਪਰਖ-ਪ੍ਰੀਖਿਆ ਦੀ ਲੋੜ ਨਹੀਂ ਸੀ। ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਦੇਣ ਦਾ ਫ਼ੈਸਲਾ ਉਹਨਾਂ ਦੀ ਯੋਗਤਾ, ਗੁਰਮਤਿ ਗਿਆਨ ਤੇ ਆਦਰਸ਼ਕ ਮਾਨਵੀ ਗੁਣਾਂ ਕਰਕੇ ਦਿੱਤੀ ਗਈ। ਸਾਖੀਕਾਰ ਲਿਖਦੇ ਹਨ ਕਿ ਗੁਰੂ ਅਮਰਦਾਸ ਜੀ ਨੇ ਆਪਣੇ ਦੋਹਾਂ ਜੁਆਈਆਂ, ਰਾਮਾ ਜੀ ਤੇ (ਰਾਮਦਾਸ) ਜੇਠਾ ਜੀ ਸਾਹਮਣੇ ਪਰਚਾ ਪਾਇਆ, ਦੋਹਾਂ ਨੂੰ ਆਪਣੇ ਬੈਠਣ ਲਈ ਵੱਖੋ ਵੱਖਰੇ ਦੋ ਥੜ੍ਹੇ ਬਨਾਉਣ ਦਾ ਆਦੇਸ਼ ਦਿੱਤਾ। ਸਾਰਾ ਦਿਨ ਲਾ ਕੇ ਦੋਹਾਂ ਨੇ ਥੜ੍ਹੇ ਬਣਾਏ ਪਰ ਸ਼ਾਮ ਨੂੰ ਗੁਰੂ ਜੀ ਨੇ ਦੋਹਾਂ ਦੇ ਥੜ੍ਹੇ ਰੱਦ ਕਰ ਦਿੱਤੇ। ਰਾਮਾ ਜੀ ਕਹਿਣ ਲੱਗੇ ਕਿ ਜਿਵੇਂ ਤੁਸਾਂ ਕਹੇ ਸਨ, ਉਸੇ ਅਨੁਸਾਰ ਤਾਂ ਬਣਾਇਆ ਹੈ। ਪਰ ਜਦ ਭਾਈ ਜੇਠਾ ਜੀ ਨੂੰ ਥੜ੍ਹੇ ਬਾਰੇ ਫ਼ੁਰਮਾਇਆ ਤਾਂ ਉਹ ਹੱਥ ਜੋੜ ਕੇ ਨਿਮਰਤਾ ਸਹਿਤ ਕਹਿਣ ਲੱਗੇ ਕਿ ਮੇਰੀ ਤੁੱਛ ਬੁੱਧੀ ਹੈ ਮੈਨੂੰ ਫਿਰ ਸਮਝਾ ਦਿਉ, ਉਸ ਅਨੁਸਾਰ ਬਣਾ ਦਿਆਂਗਾ। ਦੂਜੇ ਦਿਨ ਫਿਰ ਦੋਹਾਂ ਨੇ ਸਾਰਾ ਦਿਨ ਲਾ ਕੇ ਥੜ੍ਹੇ ਤਿਆਰ ਕੀਤੇ। ਜਦ ਗੁਰੂ ਜੀ ਨੇ ਉਹ ਵੀ ਰੱਦ ਕਰ ਦਿੱਤੇ ਤਾਂ ਰਾਮਾ ਜੀ ਦਾ ਸਬਰ ਸੰਤੋਖ ਉਛਲ ਪਿਆ, ਪਰ ਜੇਠਾ ਜੀ ਫਿਰ ਨਿਮਰਤਾ ਤੇ ਸ਼ਰਧਾ ਨਾਲ ਉਸੇ ਤਰ੍ਹਾਂ ਗੁਰੂ ਜੀ ਦੀ ਆਗਿਆ ਦਾ ਫਿਰ ਪਾਲਣ ਕਰਨ ਲਈ ਤਿਆਰ ਹੋਏ। ਪ੍ਰਭੂ ਨੇ ਉਹਨਾਂ ਨੂੰ ਇਸ ਪਰਖ ਪ੍ਰੀਖਿਆ ਵਿਚੋਂ ਪੂਰਾ ਉਤਾਰਿਆ। ਗੁਰਦੇਵ ਪਿਤਾ ਨੇ ਇਸ ਪ੍ਰੀਖਿਆ ਦੇ ਨਤੀਜੇ ਵਜੋਂ ਗੁਰਗੱਦੀ ਗੁਰੂ ਰਾਮਦਾਸ ਜੀ ਨੂੰ ਦੇਣ ਦਾ ਐਲਾਨ ਕਰ ਦਿੱਤਾ।

ਇਤਿਹਾਸਕ ਹਵਾਲਿਆਂ ਅਨੁਸਾਰ ਗੁਰੂ ਅਮਰਦਾਸ ਜੀ ਨੇ ਵਿਸ਼ੇਸ਼ ਦੀਵਾਨ ਸਜਾਇਆ ਤੇ ਗੁਰਗੱਦੀ ਗੁਰੂ ਰਾਮਦਾਸ ਜੀ ਨੂੰ ਦੇ ਕੇ ਚੌਥੀ ਨਾਨਕ-ਜੋਤ ਬਣਾ ਦਿੱਤਾ। ਸਾਰੀ ਸੰਗਤ ਸਾਹਮਣੇ ਗੁਰਗੱਦੀ ਦਾ ਤਿਲਕ ਗੁਰੂ ਰਾਮਦਾਸ ਜੀ ਨੂੰ ਲਾਣ ਦਾ ਬਾਬਾ ਬੁੱਢਾ ਜੀ ਨੂੰ ਆਦੇਸ਼ ਦਿੱਤਾ। ਆਪਣੇ ਸਿੰਘਾਸਨ ਤੇ ਬਿਠਾ ਕੇ 5 ਪੈਸੇ ਤੇ ਨਾਰੀਅਲ ਉਹਨਾਂ ਦੀ ਝੋਲੀ ਪਾਏ। ਇਹ ਆਪਣੇ ਪਰਿਵਾਰ ਦੇ ਜੀਆਂ ਨੂੰ ਚੌਥੀ ਨਾਨਕ-ਜੋਤ ਬਣਨ ਤੇ ਗੁਰੂ ਰਾਮਦਾਸ ਜੀ ਨੂੰ ਨਿਮਸਕਾਰ ਕਰਨ ਲਈ ਕਿਹਾ। ਇਉਂ ਬੀਬੀ ਭਾਨੀ ਗੁਰਦੇਵ ਪਤੀ ਵਾਲੀ ਖ਼ੁਸ਼ਕਿਸਮਤ ਨਾਰੀ ਬਣੀ।

ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਮਿਲਣ ਦੀ ਸਾਰੀ ਇਤਿਹਾਸਕ ਵਾਰਤਾ ਦਾ ਗੁਰੂ ਅਮਰਦਾਸ ਜੀ ਦੇ ਪੜਪੋਤਰੇ ਬਾਬਾ ਸੁੰਦਰ ਜੀ ਦੀ ਰਚਨਾ 'ਸੱਦ' ਵਿੱਚ ਵਰਨਣ ਹੈ। ਇਹ ਬਾਬਾ ਸੁੰਦਰ ਜੀ ਦੀ 'ਸੱਦ' 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਸ਼ਾਮਲ ਹੈ। ਜਿਸ ਤੋਂ ਸੰਕੇਤ ਲੈ ਕੇ ਸਾਖੀਕਾਰ ਲਿਖਦੇ ਹਨ ਕਿ ਗੁਰੂ ਅਮਰਦਾਸ ਜੀ ਦੇ ਸਪੁੱਤਰ ਬਾਬਾ ਮੋਹਣ ਜੀ

ਨੇ ਇਹ ਕਹਿ ਕੇ ਗੁਰੂ ਰਾਮਦਾਸ ਜੀ ਨੂੰ ਨਮਸਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਪਰਿਵਾਰ ਵਿੱਚ ਵੱਡਾ ਮੈਂ ਸਾਂ ਤੇ ਗੁਰਗੱਦੀ ਦਾ ਹੱਕ ਮੇਰਾ ਸੀ। ਗੁਰੂ ਅਮਰਦਾਸ ਜੀ ਨੇ ਝੱਟ ਉੱਠ ਕੇ ਗੁਰੂ ਰਾਮਦਾਸ ਜੀ ਨੂੰ ਮੱਥਾ ਟੇਕਿਆ। ਕਹਿੰਦੇ ਹਨ ਕਿ ਗੁਰੂ ਅਮਰਦਾਸ ਜੀ ਨੇ ਮਹਿਸੂਸ ਕੀਤਾ ਤੇ ਫੁਰਮਾਇਆ ਕਿ ਈਰਖਾ ਵੱਸ ਹੋ ਕੇ ਮੱਥਾ ਨਹੀਂ ਟੇਕਿਆ, ਤੇਰੀ ਛਾਤੀ ਜਲਦੀ ਰਹੇਗੀ, ਸਮਾਂ ਆਏਗਾ ਤੇ ਤੂੰ ਮੱਥਾ ਟੇਕ ਕੇ ਮਨ ਨੂੰ ਠੰਡਾ ਕਰ ਸਕੇਂਗਾ। ਇਤਿਹਾਸ ਵਿਚੋਂ ਸਾਫ਼ ਪਤਾ ਲਗਦਾ ਹੈ ਕਿ ਸਮਾਂ ਆਣ ਤੇ ਇਸੇ ਤਰ੍ਹਾਂ ਹੋਇਆ।

ਮਾਤਾ ਭਾਨੀ ਗੁਰਦੇਵ ਪਤੀ ਦੇ ਅਰੰਭੇ ਕੰਮਾਂ ਵਿੱਚ ਪੂਰੀ ਲਗਨ ਅਤੇ ਤਨਦੇਹੀ ਨਾਲ ਸੇਵਾ ਕਰਨ ਲਈ ਗੋਇੰਦਵਾਲ ਤੋਂ ਪਰਿਵਾਰ ਸਮੇਤ ਅੰਮ੍ਰਿਤਸਰ ਆ ਗਈ। ਇਕ ਤਾਂ ਅੰਮ੍ਰਿਤ ਸਰੋਵਰ ਦੀ ਉਸਾਰੀ ਦਾ ਕਾਰਜ ਚਲ ਰਿਹਾ ਸੀ ਤੇ ਦੂਜਾ ਅੰਮ੍ਰਿਤਸਰ ਸ਼ਹਿਰ ਦੀ ਆਬਾਦੀ ਦੀ ਵਿਉਂਤਬੰਦੀ ਅਨੁਸਾਰ ਉਸਾਰੀ ਸ਼ੁਰੂ ਸੀ। ਇਸ ਕਾਰਜ ਲਈ ਜਿਥੇ ਬੇਅੰਤ ਸਿੱਖ ਸੰਗਤਾਂ ਗੁਰੂ ਦੀ ਨਗਰੀ ਵਿੱਚ ਦਰਸ਼ਨ ਤੇ ਸੇਵਾ ਲਈ ਆ ਰਹੀਆਂ ਸਨ, ਉਥੇ ਨਿਰੰਤਰ ਗੁਰੂ ਕਾ ਲੰਗਰ ਚਲ ਰਿਹਾ ਸੀ। ਬੀਬੀ ਭਾਨੀ ਨੇ ਗੁਰੂ ਕੇ ਲੰਗਰ ਦੀ ਨਿਗਰਾਨੀ ਤੇ ਹੱਥੀਂ ਸੇਵਾ ਦਾ ਕਾਰਜ ਆਪਣੇ ਜ਼ਿੰਮੇ ਲੈ ਲਿਆ। ਜਿਹੋ ਜਿਹਾ ਕੰਮ ਗੁਰਦੇਵ ਪਿਤਾ ਨੇ 22 ਮੰਜੀਆਂ ਦੇ ਨਾਲ ਨਾਰੀ ਜਗਤ ਲਈ ਪੀੜ੍ਹੀਆਂ ਦੀ ਸੇਵਾ ਸੌਂਪੀ ਸੀ, ਉਹੋ ਜਿਹੀ ਧਰਮ ਪ੍ਰਚਾਰ ਦੀ ਸੇਵਾ ਗੁਰਦੇਵ ਪਤੀ ਦੇ ਸਮੇਂ ਮਾਤਾ ਭਾਨੀ ਅੰਮ੍ਰਿਤਸਰ ਵਿੱਚ ਪੂਰਨ ਲਗਨ ਨਾਲ ਨਿਭਾਂਦੀ ਰਹੀ। ਜਦੋਂ ਗੁਰਦੇਵ ਪਤੀ ਗੁਰੂ ਰਾਮਦਾਸ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰਿਆਈ ਗੁਰੂ ਅਰਜਨ ਦੇਵ ਨੂੰ ਦੇ ਕੇ ਪੰਜਵੀਂ ਨਾਨਕ-ਜੋਤ ਬਣਾਇਆ ਤਾਂ ਮਾਤਾ ਭਾਨੀ ਧੰਨ ਧੰਨ ਹੋ ਉੱਠੀ, ਕਿਉਂਕਿ ਹੁਣ ਗੁਰਦੇਵ ਸਪੁੱਤਰ ਦੀ ਮਾਤਾ ਅਖਵਾਉਣ ਯੋਗ ਹੋ ਗਈ।

ਮਾਤਾ ਭਾਨੀ ਨੇ ਗੁਰੂ ਅਰਜਨ ਦੇਵ ਜੀ ਦੀ ਵਿਰੋਧਤਾ ਕਰਨ ਵਾਲੇ ਵੱਡੇ ਭਰਾ ਪ੍ਰਿਥੀਚੰਦ ਦਾ ਡੱਟ ਕੇ ਵਿਰੋਧ ਕੀਤਾ ਤੇ ਸਿੱਖ ਸੰਗਤਾਂ ਨੂੰ ਆਪਣੇ ਗੁਰਦੇਵ ਪਤੀ ਦੇ ਫ਼ੈਸਲੇ ਦੀ ਪ੍ਰੋੜਤਾ ਕੀਤੀ ਤੇ ਸਮਝਾਇਆ ਕਿ ਕਿਸ ਤਰ੍ਹਾਂ ਤਿੰਨਾਂ ਪੁੱਤਰਾਂ ਦੀ ਪ੍ਰੀਖਿਆ ਹੋਈ ਸੀ, ਜਿਸ ਵਿੱਚ ਗੁਰੂ ਅਰਜਨ ਦੇਵ ਹੀ ਸਫ਼ਲ ਹੋਏ ਸਨ। ਇਤਿਹਾਸ ਵਿੱਚ ਅੰਕਿਤ ਹੈ ਕਿ ਲਾਹੌਰ ਕਿਸੇ ਨੇੜੇ ਦੇ ਰਿਸ਼ਤੇਦਾਰ ਦੇ ਪੁੱਤਰ ਦੇ ਵਿਆਹ ਤੇ ਗੁਰੂ ਰਾਮਦਾਸ ਜੀ ਨੂੰ ਜਦ ਸੱਦਾ ਆਇਆ, ਤਾਂ ਉਹਨਾਂ ਪਹਿਲਾਂ ਪ੍ਰਿਥੀਚੰਦ ਨੂੰ ਜਾਣ ਲਈ ਕਿਹਾ ਪਰ ਉਹਨੇ ਇਨਕਾਰ ਕਰ ਦਿੱਤਾ। ਉਦਾਸੀ ਬ੍ਰਿਤੀ ਵਾਲੇ ਮਹਾਂਦੇਵ ਜੀ ਵੀ ਜਾਣ ਲਈ ਤਿਆਰ ਨਾ ਹੋਏ। ਜਦ ਛੋਟੇ ਸਪੁੱਤਰ ਅਰਜਨ ਦੇਵ ਨੂੰ ਆਗਿਆ ਕੀਤੀ ਤਾਂ ਉਹ ਤੁਰੰਤ ਜਾਣ ਲਈ ਤਿਆਰ ਹੋ ਗਏ। ਜਿਵੇਂ ਉਹਨਾਂ ਗੁਰਦੇਵ ਪਿਤਾ ਦਾ ਆਦੇਸ਼ ਮੰਨਿਆ ਤੇ ਲਾਹੌਰ ਜਾ ਕੇ ਗੁਰਮਤਿ ਜੀਵਨ ਜਾਚ ਦਾ ਪ੍ਰਚਾਰ ਕੀਤਾ ਤੇ ਗੁਰੂ ਦਰਬਾਰ ਨਾਲ ਆਪਣਾ ਸਨੇਹ ਪ੍ਰਗਟਾਇਆ। ਉਸ ਨੇ ਉਹਨਾਂ ਨੂੰ ਪੰਜਵੀਂ ਨਾਨਕ-ਜੋਤ ਬਣਨ ਯੋਗ ਸਿੱਧ ਕੀਤਾ। ਪ੍ਰਿਥੀਚੰਦ ਦੀ ਵਿਰੋਧਤਾ ਕਾਰਨ ਜਦ ਆਰਥਕ ਸੰਕਟ ਵਧਿਆ ਤਾਂ ਉਸ ਔਖੀ ਘੜੀ ਵਿੱਚ ਵੀ ਮਾਤਾ ਭਾਨੀ ਗੁਰੂ ਕੇ ਲੰਗਰ ਦਾ ਪ੍ਰਬੰਧ ਚਲਾਉਂਦੀ ਰਹੀ। ਕਦੇ ਥੁੜ੍ਹ ਨਾ ਆਉਣ ਦਿੱਤੀ। ਗੁਰੂ ਅਰਜਨ ਦੇਵ ਜੀ ਨੇ ਜਦ ਅੰਮ੍ਰਿਤ ਸਰੋਵਰ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਦਾ ਨਕਸ਼ਾ ਤਿਆਰ ਕਰਕੇ ਉਸਾਰੀ ਦਾ ਕਾਰਜ ਅਰੰਭਿਆ ਤਾਂ ਮਾਤਾ ਭਾਨੀ ਤਨੋ-ਮਨੋਂ ਇਸ ਕਾਰਜ ਵਿੱਚ ਯੋਗਦਾਨ ਪਾਉਂਦੀ ਰਹੀ। ਗੁਰੂ ਘਰ ਦੀਆਂ ਸ਼ਰਧਾਲੂ ਸਿੱਖ ਬੀਬੀਆਂ ਨੂੰ ਜੱਥੇਬੰਦ

ਕਰਕੇ ਕਾਰ-ਸੇਵਾ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਦੀ ਰਹੀ ਅਤੇ ਦੂਜਾ ਨਾਰੀਆਂ ਦੇ ਕੀਰਤਨ (ਸਤਿਸੰਗ) ਨੂੰ ਬਲਵਾਨ ਰੂਪ ਦੇਣ ਦਾ ਉਪਰਾਲਾ ਕਰਦੀ ਰਹੀ।

ਗੁਰੂ ਅਰਜਨ ਦੇਵ ਜੀ ਨੇ ਜਦ ਆਦਿ ਗ੍ਰੰਥ (ਗੁਰੂ ਗ੍ਰੰਥ ਸਾਹਿਬ) ਦੀ ਸੰਪਾਦਨਾਂ ਦਾ ਕਾਰਜ ਅਰੰਭਿਆ ਤਾਂ ਇਸ ਵਿੱਚ ਬੀਬੀ ਭਾਨੀ ਜੀ ਦਾ ਮਹੱਤਵ ਪੂਰਨ ਸਹਿਯੋਗ ਤੇ ਸਲਾਹ ਵਰਨਣ ਯੋਗ ਹੈ। ਇਸੇ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਮਾਤਾ (ਬੀਬੀ) ਭਾਨੀ ਦੀ ਉਤਸ਼ਾਹ ਭਰਪੂਰ ਅਗਵਾਈ ਵਿੱਚ ਬਹੁਤ ਸਾਰੇ ਅਸਥਾਨਾਂ ਦੀ ਉਸਾਰੀ ਕਰਵਾਈ। ਤਰਨ ਤਾਰਨ ਵਰਗੇ ਮਹਾਨ ਇਤਿਹਾਸਕ ਨਗਰ ਦੀ ਉਸਾਰੀ ਵਿੱਚ ਮਾਤਾ (ਬੀਬੀ) ਭਾਨੀ ਨੇ ਵਿਸ਼ੇਸ਼ ਦਿਲਚਸਪੀ ਲਈ, ਇਸੇ ਲਈ ਮਾਤਾ (ਬੀਬੀ) ਭਾਨੀ ਦੇ ਨਾਂਅ ਦਾ ਤਰਨ ਤਾਰਨ ਵਿੱਚ ਇਕ ਖੂਹ ਵੀ ਬਣਵਾਇਆ ਗਿਆ। 1655 ਬਿਕਰਮੀ ਅਥਵਾ 1598 ਈਸਵੀ ਨੂੰ ਮਾਤਾ ਭਾਨੀ ਜੀ ਅਕਾਲ ਚਲਾਣਾ ਕਰ ਗਈ। ਉਹਨਾਂ ਦਾ ਅਕਾਲ ਚਲਾਣਾ ਗੋਇੰਦਵਾਲ ਵਿੱਚ ਹੋਇਆ। ਇਸ ਤੋਂ ਸਪਸ਼ਟ ਹੈ ਕਿ ਮਾਤਾ ਭਾਨੀ ਇਕੋ ਵੇਲੇ ਗੋਇੰਦਵਾਲ, ਅੰਮ੍ਰਿਤਸਰ ਤੇ ਤਰਨ ਤਾਰਨ ਵਿੱਚ ਗੁਰਮਤਿ ਪ੍ਰਚਾਰ ਦੇ ਤੇ ਸਿੱਖੀ ਜੀਵਨ ਜਾਚ ਦੇ ਵਿਕਾਸ ਵਿੱਚ ਯੋਗਦਾਨ ਆਪਣੇ ਸਮੁੱਚੇ ਜੀਵਨ ਕਾਲ ਵਿੱਚ ਨਿਭਾਉਂਦੀ ਰਹੀ। ਗੁਰਦੇਵ ਪਿਤਾ, ਗੁਰਦੇਵ ਪਤੀ ਤੇ ਗੁਰਦੇਵ ਸਪੁੱਤਰ ਨਾਲ ਰਹਿੰਦਿਆਂ ਕਰਮਜੋਗ, ਹਠ ਜੋਗ, ਰਾਜ ਜੋਗ ਤਾਂ ਸਹਿਜ ਜੋਗ ਦੀ ਚਰਮ ਸੀਮਾ ਨੂੰ ਪ੍ਰਾਪਤ ਹੋ ਚੁੱਕੀ ਸੀ। ਇਤਿਹਾਸਕ ਹਵਾਲਿਆਂ ਅਨੁਸਾਰ ਗੁਰੂ ਅਰਜਨ ਦੇਵ ਜੀ ਮਾਤਾ (ਬੀਬੀ) ਭਾਨੀ ਦੀ ਪ੍ਰੇਰਨਾ ਅਤੇ ਯਤਨ ਨਾਲ ਮਾਤਾ ਗੰਗਾ ਜੀ ਦੇ ਨਾਲ ਵਿਆਹ ਕਰਨ ਲਈ ਤਿਆਰ ਹੋਏ। ਮਾਤਾ ਭਾਨੀ ਜੀ ਦੇ ਅਕਾਲ ਚਲਾਣਾ ਕਰਨ ਤੋਂ ਤਿੰਨ ਸਾਲ ਪਹਿਲਾਂ 1595 ਈ; ਨੂੰ ਗੁਰੂ ਅਰਜਨ ਦੇਵ ਜੀ ਦੇ ਘਰ ਮਾਤਾ ਗੰਗਾ ਜੀ ਦੀ ਕੁੱਖੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ ਹੋਇਆ। ਇਉਂ ਪੋਤਰੇ ਦੇ ਦਰਸ਼ਨ ਕਰਕੇ ਅਤੇ ਉਹਨੂੰ ਉਤਸ਼ਾਹ ਭਰੀਆਂ ਲੋਰੀਆਂ ਦੇ ਕੇ 65 ਸਾਲ ਦੀ ਉਮਰ ਵਿੱਚ ਮਾਤਾ ਭਾਨੀ ਜੀ ਪਰਲੋਕ ਸਿਧਾਰ ਗਏ।

ਮਾਤਾ ਗੰਗਾ ਜੀ

ਸ਼ਹੀਦਾਂ ਦੇ ਸਿਰਤਾਜ, ਪੰਜਵੀਂ ਨਾਨਕ-ਜੋਤ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਿਲ ਹੋਣ ਦਾ ਸੁਭਾਗ ਮਾਤਾ ਗੰਗਾ ਜੀ ਨੂੰ ਪ੍ਰਾਪਤ ਹੋਇਆ। ਆਤਮਕ ਤੇ ਸੰਸਾਰਕ ਜੀਵਨ ਵਿੱਚ ਵਿਸ਼ੇਸ਼ ਪ੍ਰਾਪਤੀਆਂ ਕਾਰਨ ਸਿੱਖ ਇਤਿਹਾਸ ਵਿੱਚ ਮਾਤਾ ਗੰਗਾ ਦਾ ਨਾਂ ਸਦਾ ਚਮਕਦਾ ਰਹੇਗਾ। ਇਹ ਉਹ ਸੁਭਾਗੀ ਮਾਤਾ ਹੈ, ਜਿਸ ਦੀ ਕੁਖੋਂ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ ਹੋਇਆ। ਸਹਿਨਸ਼ੀਲਤਾ, ਧਾਰਮਿਕ ਪਰਪੱਕਤਾ ਤੇ ਸੁਚੱਜੀ ਅਗਵਾਈ ਦੇਣ ਵਾਲੀ ਸਲਾਹ ਸਦਕਾ ਇਹਨਾਂ ਦੇ ਦੇਖਦਿਆਂ ਸਿੱਖੀ ਦੀ ਲੋਕ-ਲਹਿਰ ਨੇ ਇਕ ਨਵੀਂ ਕਰਵੱਟ ਲਈ ਤੇ ਸੰਤ ਸਰੂਪ ਸਿੱਖਾਂ ਨੂੰ ਸੰਤ-ਸਿਪਾਹੀ ਬਣ ਕੇ ਜ਼ੁਲਮ ਦਾ ਟਾਕਰਾ ਕਰਨ ਲਈ ਤਿਆਰ ਰਹਿਣ ਦੇ ਰਾਹ ਪਾਇਆ। ਦੈਵੀ ਗੁਣਾਂ ਵਾਲੀ ਮਾਤਾ ਗੰਗਾ ਆਪਣੇ ਨਾਂ ਵਾਂਗ ਹੀ ਪਵਿੱਤਰ, ਨਿਰਛੱਲ ਤੇ ਲੱਖਾਂ ਲੋਕਾਂ ਦੀ ਦੁਰਮਤ ਮੈਲ ਨੂੰ ਉਤਾਰਨ ਵਾਲੀ ਸਿੱਧ ਹੋਈ। ਮਾਤਾ ਗੰਗਾ ਦੀ ਇਸ ਮਹਾਨਤਾ ਦਾ ਵਰਨਣ ਕਰਦਿਆਂ ਜਸਵੰਤ ਸਿੰਘ ਵਿਰਦੀ ਨੇ ਲਿਖਿਆ ਹੈ : "ਮਹਾਨ ਗੰਗਾ ਦੇ ਸ਼ੁਧ ਰੂਪ ਵਾਂਗ ਪਵਿੱਤਰ ਤੇ ਆਦਰਣੀ ਮਾਤਾ ਗੰਗਾ ਦਾ ਚੇਤਾ ਆਉਂਦਿਆਂ ਹੀ ਮਨ ਵਿੱਚ ਸ਼ਰਧਾ ਦੀ ਭਾਵਨਾ ਭਰ ਜਾਂਦੀ ਹੈ ਤੇ ਸਿਰ ਸਤਿਕਾਰ ਨਾਲ ਝੁਕ ਜਾਂਦਾ ਹੈ। ਮਾਤਾ ਗੰਗਾ ਜੀ ਨੇ ਇਕ ਅਜਿਹੇ ਸੂਰਮੇ ਪੁੱਤਰ ਨੂੰ ਜਨਮ ਦਿੱਤਾ, ਜਿਸ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਕੇ ਕੌਮ ਨੂੰ ਸੰਤ-ਸਿਪਾਹੀ ਬਣ ਕੇ ਜੀਊਣ ਦਾ ਮਾਰਗ ਵਿਖਾਇਆ। ਗੁਰੂ ਅਰਜਨ ਦੇਵ ਜੀ ਦੀ ਸ਼ਾਂਤ ਰੂਪ ਵਿੱਚ ਦਿੱਤੀ ਹੋਈ ਸ਼ਹੀਦੀ ਤੋਂ ਮਗਰੋਂ ਇਹ ਜ਼ਰੂਰੀ ਬਣਦਾ ਸੀ ਕਿ ਕੌਮ ਹੁਣ ਦੁਸ਼ਮਣ ਦਾ ਮੁਕਾਬਲਾ ਕਰਨ ਲਈ ਸ਼ਕਤੀਸ਼ਾਲੀ ਹੱਥਾਂ ਵਿੱਚ ਸ਼ਸਤਰ ਵੀ ਰੱਖੇ, ਕਿਉਂਕਿ ਸੰਸਾਰ ਵਿੱਚ ਕੋਈ ਵੀ ਅਜਿਹਾ ਦੁਸ਼ਮਣ ਨਹੀਂ ਹੈ, ਜਿਹੜਾ ਕੇਵਲ ਸ਼ਾਂਤਮਈ ਢੰਗ ਨਾਲ ਸੁਲਹ-ਸਫ਼ਾਈ ਲਈ ਰਾਜ਼ੀ ਹੋ ਜਾਏ। ਮਾਤਾ ਗੰਗਾ ਜੀ ਦੇ ਸਪੁੱਤਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੌਮ ਨੂੰ ਫ਼ਕੀਰੀ ਦੇ ਨਾਲ ਸ਼ਸਤਰ ਧਾਰਨ ਕਰਵਾ ਕੇ, ਅਣਖ ਨਾਲ ਜੀਊਣ ਦਾ ਸਹੀ ਮਾਰਗ ਵਿਖਾਇਆ ਸੀ।"

ਸਾਰੇ ਇਤਿਹਾਸਕਾਰ ਤੇ ਸਾਖੀਕਾਰ ਸਹਿਮਤ ਹਨ ਕਿ ਗੰਗਾ ਜੀ ਦਾ ਜਨਮ ਦੁਆਬੇ ਦੇ ਜ਼ਿਲ੍ਹਾ ਜਲੰਧਰ ਦੀ ਤਹਿਸੀਲ ਫ਼ਿਲੌਰ ਦੇ ਪਿੰਡ ਮਊ ਵਿੱਚ ਮਾਤਾ ਧੰਨਵਤੀ ਦੀ ਕੁੱਖੋਂ ਕਿਸ਼ਨ ਚੰਦ ਦੇ ਘਰ ਹੋਇਆ, ਜੋ ਆਪਣੇ ਨਗਰ ਦੇ ਖੱਤਰੀ ਪਰਿਵਾਰ ਦੇ ਮੁਖੀਏ ਸਨ। ਗੰਗਾ ਜੀ ਦਾ ਜਨਮ ਕਦੋਂ ਹੋਇਆ, ਇਸ ਬਾਰੇ ਬਹੁਤੇ ਇਤਿਹਾਸਕਾਰ ਖ਼ਾਮੋਸ਼ ਹਨ, ਕਿਉਂਕਿ ਉਸ ਸਮੇਂ ਬੱਚੇ-ਬੱਚੀਆਂ ਦੇ ਜਨਮ ਸਮੇਂ ਤੇ ਤਾਰੀਖ਼ ਨੂੰ ਸੰਭਾਲਣ ਦੀ ਘਟ ਲੋੜ ਮਹਿਸੂਸ ਕੀਤੀ ਜਾਂਦੀ ਸੀ। ਵੀਹਵੀਂ ਸਦੀ ਦੀ ਪਹਿਲੀ ਚੁਥਾਈ ਵਿੱਚ ਹੋਏ ਸਿੱਖ ਵਿਦਵਾਨ

ਗਿਆਨੀ ਠਾਕਰ ਸਿੰਘ ਨੇ ਗੰਗਾ ਜੀ ਦੀ ਜਨਮ ਤਾਰੀਖ਼ ਬਾਰੇ ਗੁਰ ਮਹਿਲਾਂ ਦੇ ਇਤਿਹਾਸ ਨੂੰ ਅੰਕਿਤ ਕਰਦਿਆਂ ਲਿਖਿਆ ਹੈ ਕਿ ਗੰਗਾ ਜੀ ਦਾ ਜਨਮ ਸੰਮਤ 1613 ਮਹੀਨੇ ਫਗਣ ਨੂੰ ਹੋਇਆ। 9 ਸਾਲ ਦੀ ਆਯੂ ਵਿੱਚ ਗੁਰੂ ਅਰਜਨ ਦੇਵ ਜੀ ਨਾਲ ਵਿਆਹ 15 ਮਾਘ ਸੋਮਵਾਰ ਸੰਮਤ 1622 ਨੂੰ ਹੋਇਆ ਲਿਖਿਆ ਹੈ।

ਕਈ ਇਤਿਹਾਸਕਾਰਾਂ ਨੇ ਬਿਨਾਂ ਇਤਿਹਾਸਕ ਹਵਾਲਿਆਂ ਦੇ ਇਹ ਲਿਖਿਆ ਕਿ ਗੁਰੂ ਅਰਜਨ ਦੇਵ ਜੀ ਦਾ ਪਹਿਲਾ ਵਿਆਹ ਰਾਮ ਦੇਈ ਨਾਲ ਹੋਇਆ, ਉਸ ਦੇ ਛੇਤੀ ਅਕਾਲ ਚਲਾਣਾ ਕਰ ਜਾਣ ਤੇ ਦੂਜਾ ਵਿਆਹ ਮਊ ਨਗਰ ਦੀ ਗੰਗਾ ਜੀ ਨਾਲ ਹੋਇਆ, ਪਰ ਉਹ ਰਾਮ ਦੇਈ ਦੇ ਪਿਛੋਕੜ ਜਨਮ ਪਿੰਡ ਤੇ ਮਾਤਾ ਪਿਤਾ ਬਾਰੇ ਕੋਈ ਜਾਣਕਾਰੀ ਨਹੀਂ ਦਿੰਦੇ। ਪਰ ਬਹੁਤੇ ਇਤਿਹਾਸਕਾਰ ਗੁਰੂ ਅਰਜਨ ਦੇਵ ਜੀ ਦੇ ਇਕੋ ਇਕ ਵਿਆਹ ਦਾ ਜ਼ਿਕਰ ਕਰਦੇ ਹਨ, ਇਹਦੀ ਪੁਸ਼ਟੀ ਉਦੋਂ ਹੋਈ ਜਦੋਂ ਮਾਤਾ ਗੰਗਾ ਜੀ ਦੇ ਘਰ ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਹੋਇਆ, ਤਾਂ ਸਾਰੇ ਇਤਿਹਾਸਕਾਰ ਮੰਨਦੇ ਹਨ ਕਿ ਨਾਨਕੇ ਪਿੰਡ ਮਊ ਤੋਂ ਵਿਅਮ ਦਾ ਸਮਾਨ ਲੈ ਕੇ ਆਏ। ਇਸੇ ਤਰ੍ਹਾਂ ਜਦ ਗੁਰੂ ਹਰਿਗੋਬਿੰਦ ਜੀ ਦਾ ਵਿਆਹ ਸਮਾਂ ਆਇਆ ਤਾਂ ਨਾਨਕੀ ਛੱਕ ਮਊ ਪਿੰਡ ਤੋਂ ਹੀ ਆਈ। ਜਾਪਦਾ ਹੈ ਕਿ ਸਮੇਂ ਦੇ ਰਿਵਾਜ ਅਨੁਸਾਰ ਬਾਲ ਅਵਸਥਾ ਵਿੱਚ ਜੋ ਨਾਂ ਪ੍ਰਚਲਤ ਹੋ ਜਾਂਦੇ ਸੀ, ਉਹ ਮਾਤਾ ਗੰਗਾ ਜੀ ਦਾ ਪਹਿਲਾ ਨਾਂ ਰਾਮ ਦੇਈ ਹੀ ਸੀ। ਗੁਰੂ ਅਰਜਨ ਦੇਵ ਜੀ ਦਾ ਵਿਆਹ 11 ਸਾਲ ਦੀ ਆਯੂ ਵਿੱਚ ਹੋਇਆ। ਸਪੱਸ਼ਟ ਹੈ ਕਿ ਗੁਰੂ ਅਰਜਨ ਦੇਵ ਜੀ ਦਾ ਵਿਆਹ ਮਾਤਾ ਗੰਗਾ ਜੀ ਨਾਲ ਹੀ ਸੰਪੰਨ ਹੋਇਆ।

ਕਈ ਸਾਖੀਕਾਰਾਂ ਤੇ ਕਵੀ ਇਤਿਹਾਸ ਲੇਖਕਾਂ ਨੇ ਵੇਰਵੇ ਸਹਿਤ ਗੁਰੂ ਅਰਜਨ ਦੇਵ ਜੀ ਦੇ ਮਾਤਾ ਗੰਗਾ ਨਾਲ ਵਿਆਹ ਦੀ ਘਟਨਾ ਨੂੰ ਬਿਆਨ ਕੀਤਾ ਹੈ। ਉਹ ਲਿਖਦੇ ਹਨ ਕਿ ਇਸ ਵਿਆਹ ਸਮੇਂ ਕਈ ਅਲੌਕਿਕ ਗੱਲਾਂ ਵਾਪਰੀਆਂ। ਦੱਸਿਆ ਗਿਆ ਹੈ ਕਿ ਗੁਰੂ ਅਰਜਨ ਦੇਵ ਜੀ ਜੰਞ ਸਮੇਤ ਜਦੋਂ ਸ੍ਰੀ ਅੰਮ੍ਰਿਤਸਰ ਤੋਂ ਚਲ ਕੇ ਗੋਇੰਦਵਾਲ ਹੁੰਦੇ ਹੋਏ ਸੁਲਤਾਨਪੁਰ ਲੋਧੀ ਤੋਂ ਨੂਰ ਮਹਿਲ ਰਾਹੀਂ ਤਹਿਸੀਲ ਫ਼ਿਲੌਰ ਵਿੱਚ ਦਾਖ਼ਲ ਹੋਏ, ਬਿਲਗੇ ਵਿੱਚ ਇਹਨਾਂ ਦਾ ਵਿਸ਼ੇਸ਼ ਪੜਾਅ ਸੀ। ਜਿਥੇ ਇਹਨਾਂ ਇਸ਼ਨਾਨ ਕੀਤਾ, ਪਾਏ ਹੋਏ ਕੱਪੜੇ ਉਤਾਰ ਦਿੱਤੇ ਤੇ ਵਿਆਹੁਣ ਜਾਣ ਵਾਲੇ ਲਾੜਿਆਂ ਵਾਂਗ ਸਿਹਰਾਬੰਦੀ ਹੋਈ। ਬਿਲਗੇ ਦੇ ਗੁਰੂ ਘਰ ਦੇ ਪ੍ਰੇਮੀਆਂ ਨੇ ਉਸ ਅਸਥਾਨ ਤੇ ਸ਼ਾਨਦਾਰ ਗੁਰਦੁਆਰਾ ਉਸਾਰਿਆ ਤੇ ਗੁਰੂ ਅਰਜਨ ਦੇਵ ਜੀ ਦੇ ਉਤਾਰੇ ਬਸਤਰਾਂ ਨੂੰ ਸਤਿਕਾਰ ਸਹਿਤ ਸੰਭਾਲ ਲਿਆ। ਪਿੰਡ ਮਊ ਪਹੁੰਚਣ ਤੋਂ ਪਹਿਲਾਂ ਬਿਲਗੇ ਵਿੱਚ ਹੀ ਇਹ ਮਹੱਤਵ ਪੂਰਨ ਯਾਦਗਾਰ ਹੈ।

ਇਥੋਂ ਚੱਲ ਕੇ ਇਹ ਅਲੌਕਿਕ ਬਰਾਤ ਪਿੰਡ ਮਊ ਪਹੁੰਚੀ। ਗੁਰੂ ਨਾਨਕ ਦੇਵ ਜੀ ਦੀ ਬਟਾਲੇ ਗਈ ਜੰਞ ਵਾਂਗ ਹੀ ਇਸ ਜੰਞ ਵਿੱਚ ਬਹੁਤੇ ਸੰਤ-ਮਹਾਤਮਾ ਤੇ ਅਧਿਆਤਮਕ ਬਿਰਤੀ ਵਾਲੇ ਵਿਅਕਤੀ ਸਨ। ਬਰਾਤ ਵੇਖ ਕੇ ਪਿੰਡ ਵਾਲੇ ਪ੍ਰੇਸ਼ਾਨ ਹੋ ਗਏ। ਉਹਨਾਂ ਨੇ ਫ਼ੈਸਲਾ ਕਰ ਲਿਆ ਕਿ ਉਹ ਬੇਟੀ ਗੰਗਾ ਨੂੰ ਇਕ ਸਾਧੂ-ਫ਼ਕੀਰ ਨਾਲ ਨਹੀਂ ਤੋਰਨਗੇ। ਪਰ ਸਿੱਧੀ ਨਾਂਹ ਕਰਨ ਦੀ ਜਗ੍ਹਾ ਉਹਨਾਂ ਇਕ ਜੁਗਤ ਤੋਂ ਕੰਮ ਲਿਆ। ਸੋ ਪਿੰਡ ਵਾਲਿਆਂ ਨੇ ਇਕ ਜੰਡ ਦਾ ਮੁੱਢ ਉਤੋਂ ਵੱਢ ਕੇ ਧਰਤੀ ਵਿੱਚ ਕਿੱਲੇ ਦੇ ਤੌਰ ਤੇ ਗੱਡਿਆ ਹੋਇਆ ਸੀ। ਉਹਨਾਂ ਗੁਰੂ ਜੀ ਨੂੰ ਕਿਹਾ ਕਿ ਜੇਕਰ ਉਹ ਤੀਰ ਜਾਂ ਨੇਜ਼ਾ ਮਾਰ ਕੇ ਕਿੱਲੇ ਨੂੰ ਧਰਤੀ ਵਿਚੋਂ ਪੁੱਟ ਦੇਣ ਤਦ ਉਹਨਾਂ ਦਾ ਵਿਆਹ ਹੋ ਜਾਵੇਗਾ। ਸ੍ਰੀ ਅਰਜਨ ਦੇਵ ਜੀ ਨੇ ਪਿੰਡ

ਵਾਸੀਆਂ ਨੂੰ ਕਿਹਾ ਕਿ ਅਸੀਂ ਤੁਹਾਡੇ ਹਿਤੈਸ਼ੀ ਹਾਂ ਤੁਸੀਂ ਆਪਣੀਆਂ ਜੜ੍ਹਾਂ ਸਾਡੇ ਕੋਲੋਂ ਨਾ ਪੁਟਵਾਓ। ਗੁਰੂ ਅਰਜਨ ਦੇਵ ਜੀ ਨੇ ਨੇਜ਼ਾ ਮਾਰ ਕੇ ਜੰਡ ਨੂੰ ਮੁੱਢ ਤੋਂ ਧਰਤੀ ਵਿੱਚੋਂ ਜੜ੍ਹਾਂ ਸਮੇਤ ਉਖੇੜ ਦਿੱਤਾ। ਗੁਰੂ ਅਰਜਨ ਦੇਵ ਜੀ ਪਿੰਡ ਵਾਸੀਆਂ ਦੀ ਮਨ ਦੀ ਹਾਲਤ ਨੂੰ ਸਮਝ ਗਏ ਤੇ ਬਰਾਤੀਆਂ ਨੂੰ ਵਾਪਸ ਮੁੜਨ ਦੀ ਤਿਆਰੀ ਲਈ ਕਹਿ ਕੇ ਆਪ ਉਸ ਥਾਂ ਤੋਂ ਕੁਝ ਅੱਡਰੀ ਥਾਂ ਜਾ ਬੈਠੇ। ਜਦ ਇਸ ਘਟਨਾ ਦਾ ਗੰਗਾ ਜੀ ਦੇ ਮਾਂ-ਬਾਪ ਨੂੰ ਪਤਾ ਲੱਗਾ ਤਾਂ ਉਹ ਬਹੁਤ ਘਬਰਾਏ। ਗੰਗਾ ਜੀ, ਜੋ ਗੁਰੂ ਅਰਜਨ ਦੇਵ ਨੂੰ ਤਨੋ-ਮਨੋ ਤੇ ਆਤਮਿਕ ਸੋਚ ਨਾਲ ਪਤੀ ਸਵੀਕਾਰਦੇ ਸਨ, ਉਹ ਵਿਆਕੁਲ ਹੋ ਗਏ। ਧੀ ਦੀ ਹਾਲਤ ਵੇਖ ਕੇ ਧੰਨਵਤੀ ਭੱਜੀ-ਭੱਜੀ ਗੁਰੂ ਜੀ ਪਾਸ ਆਈ ਤੇ ਨਿਮਰਤਾ ਸਹਿਤ ਅਰਜ਼ੋਈ ਕਰਨ ਲੱਗੀ ਕਿ ਪਿੰਡ ਵਾਲਿਆਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਏ, ਉਹਨਾਂ ਨੂੰ ਉਹ ਕੁਝ ਨਹੀਂ ਸੀ ਕਰਨਾ ਚਾਹੀਦਾ ਜੋ ਉਹ ਕਰ ਬੈਠੇ ਹਨ। ਇਸ ਵਿੱਚ ਸਾਡੀ ਪੁੱਤਰੀ ਗੰਗਾ ਦਾ ਤਾਂ ਕੋਈ ਦੋਸ਼ ਨਹੀਂ। ਉਹ ਮਾਨਸਿਕ ਤੌਰ 'ਤੇ ਰਿਸ਼ਤਾ ਹੋਣ ਤੋਂ ਲੈ ਕੇ ਆਪ ਨੂੰ ਪਤੀ ਸਵੀਕਾਰ ਕਰੀ ਬੈਠੀ ਹੈ। ਹੁਣ ਤੁਹਾਡੇ ਵਾਪਸ ਮੁੜਨ ਬਾਰੇ ਸੁਣ ਕੇ ਉਹ ਬੇਹੱਦ ਦੁਖੀ ਹੈ। ਦੂਜਿਆਂ ਦੀ ਸੋਚ ਦੀ ਸਜ਼ਾ ਉਸ ਨੂੰ ਕਿਉਂ ਮਿਲ ਰਹੀ ਹੈ। ਇਹ ਸੁਣ ਕੇ ਗੁਰੂ ਜੀ ਨੇ ਆਪਣਾ ਫ਼ੈਸਲਾ ਬਦਲਿਆ ਤੇ ਫਿਰ ਅਨੰਦ ਕਾਰਜ ਪਿਛੋਂ ਗੰਗਾ ਜੀ ਦਾ ਡੋਲ ਅੰਮ੍ਰਿਤਸਰ ਲੈ ਆਏ।

ਇਸ ਵਿਆਹ ਸਮੇਂ ਗੁਰੂ ਅਰਜਨ ਦੇਵ ਜੀ ਦੀ ਤੇ ਮਾਤਾ ਗੰਗਾ ਜੀ ਦੀ ਉਮਰ ਦੇ (?) ਸਮੇਂ ਲਿਖਾਰੀਆਂ ਦੀ ਲਿਖਤ ਤੋਂ ਪ੍ਰਗਟ ਹੁੰਦੇ ਹਨ। ਗਿਆਨੀ ਠਾਕਰ ਸਿੰਘ ਅਨੁਸਾਰ ਵਿਆਹ ਸਮੇਂ ਉਮਰ 11 ਸਾਲ ਦੀ ਸੀ। ਕਈਆਂ ਨੇ ਵਿਆਹ ਸਮੇਂ ਗੁਰੂ ਅਰਜਨ ਦੇਵ ਜੀ ਦੀ ਉਮਰ 11 ਸਾਲ ਦੀ ਲਿਖੀ ਹੈ। ਸ਼੍ਰੋਮਣੀ ਕਮੇਟੀ ਵਲੋਂ ਪ੍ਰਕਾਸ਼ਿਤ 'ਸਿੱਖ ਇਤਿਹਾਸ' ਵਿੱਚ ਪ੍ਰੋ. ਕਰਤਾਰ ਸਿੰਘ ਲਿਖਦੇ ਹਨ : "ਸ੍ਰੀ ਅਰਜਨ ਦੇਵ ਜੀ ਦਾ ਵਿਆਹ 23 ਹਾੜ 1636 ਨੂੰ ਅਰਥਾਤ 16 ਸਾਲ ਦੀ ਉਮਰ ਵਿੱਚ ਮਊ ਪਿੰਡ ਤਹਿਸੀਲ ਫ਼ਿਲੌਰ ਜ਼ਿਲ੍ਹਾ ਜਲੰਧਰ ਦੇ ਵਸਨੀਕ ਸ੍ਰੀ ਕਿਸ਼ਨ ਚੰਦ ਦੀ ਸਪੁੱਤਰੀ ਮਾਤਾ ਗੰਗਾ ਦੇਵੀ ਜੀ ਨਾਲ ਹੋਇਆ।"

'ਗੁਰੂ ਮਹਿਲ ਗਾਥਾ' ਵਿੱਚ ਡਾ. ਮਹਿੰਦਰ ਕੌਰ ਗਿੱਲ ਲਿਖਦੀ ਹੈ ਕਿ ਗੁਰੂ ਅਰਜਨ ਦੇਵ ਦਾ ਵਿਆਹ ਗੰਗਾ ਜੀ ਨਾਲ 1643 ਬ੍ਰਿਕਮੀ 23 ਹਾੜ ਨੂੰ ਹੋਇਆ। ਇਸ ਹਿਸਾਬ ਨਾਲ ਇਹ ਵਿਆਹ ਸੰਨ 1586 ਈ. ਨੂੰ ਹੋਇਆ ਬਣਦਾ ਹੈ। ਪ੍ਰੋ. ਕਰਤਾਰ ਸਿੰਘ, ਗੁਰੂ ਅਰਜਨ ਦੇਵ ਜੀ ਦਾ ਜਨਮ 1563 ਈ. ਮੰਨ ਕੇ 16 ਸਾਲ ਦੀ ਉਮਰੇ ਮਾਤਾ ਗੰਗਾ ਜੀ ਨਾਲ ਵਿਆਹ 1579 ਵਿੱਚ ਹੋਇਆ ਵਰਨਣ ਕਰਦੇ ਹਨ। ਜਨਮ ਤੇ ਵਿਆਹ ਦੀਆਂ ਤਾਰੀਖ਼ਾਂ ਬਾਰੇ ਲੇਖਕਾਂ ਦੀਆਂ ਵੱਖੋ-ਵੱਖ ਸੂਚਨਾਵਾਂ ਹਨ। 1581 ਵਿੱਚ ਗੁਰੂ ਅਰਜਨ ਦੇਵ ਜੀ ਪੰਜਵੀਂ ਨਾਨਕ-ਜੋਤ ਬਣੇ, ਇਸ ਹਿਸਾਬ ਨਾਲ ਗੁਰੂ ਅਰਜਨ ਦੇਵ ਜੀ ਦਾ ਗੰਗਾ ਜੀ ਨਾਲ ਵਿਆਹ ਪੰਜਵੀਂ ਨਾਨਕ-ਜੋਤ ਬਣਨ ਤੋਂ ਦੋ ਸਾਲ ਪਹਿਲਾਂ ਹੋਇਆ। ਜੇ ਇਹ ਸਾਲ ਤੇ ਤਾਰੀਖ਼ਾਂ ਠੀਕ ਮੰਨੀਆਂ ਜਾਣ ਤਾਂ ਬੀਬੀ ਭਾਨੀ ਤੇ ਗੁਰੂ ਅਰਜਨ ਦੇਵ ਜੀ ਦੇ ਗੁਰਦੇਵ ਪਿਤਾ ਗੁਰੂ ਰਾਮਦਾਸ ਜੀ ਦੇ ਹੁੰਦਿਆਂ ਉਹਨਾਂ ਦੀ ਸਰਪ੍ਰਸਤੀ ਹੇਠ ਇਹ ਵਿਆਹ ਸੰਪੰਨ ਹੋਇਆ।

ਇਤਿਹਾਸਕਾਰਾਂ ਤੇ ਸਾਖੀਕਾਰਾਂ ਅਨੁਸਾਰ ਮਾਤਾ ਗੰਗਾ ਜੀ ਦੁਲਹਨ ਦੇ ਰੂਪ ਵਿੱਚ

ਅੰਮ੍ਰਿਤਸਰ ਵਿਖੇ ਗੁਰੂ-ਮਹੱਲਾਂ ਵਿੱਚ ਆ ਪੁੱਜੇ। ਮਾਤਾ ਭਾਨੀ ਤੇ ਸਰਬਤ ਸਾਧ ਸੰਗਤ ਨੇ ਖ਼ੁਸ਼ੀ ਮਨਾਈ ਤੇ ਅੰਮ੍ਰਿਤਸਰ ਵਿੱਚ ਖ਼ੂਬ ਰੌਣਕ ਹੋਈ। ਇਸ ਤਰ੍ਹਾਂ ਮਾਤਾ ਗੰਗਾ ਜੀ ਆਪਣੀ ਸੱਸ ਮਾਤਾ ਭਾਨੀ ਦੀ ਦੇਖ-ਰੇਖ ਹੇਠ ਜੀਵਨ ਬਿਤਾਉਣ ਲੱਗੇ। ਗੰਗਾ ਜੀ ਦਾ ਸੁਭਾਅ ਬੜਾ ਮਿੱਠਾ ਤੇ ਸਹਿਜ ਵਾਲਾ ਆਗਿਆਕਾਰੀ ਸੀ ਤੇ ਭਜਨ ਬੰਦਗੀ ਵਾਲਾ ਪਰਪੱਕ ਹੁੰਦਾ ਗਿਆ। ਗੁਰੂ ਅਰਜਨ ਦੇਵ ਜੀ ਨੇ ਪੰਜਵੀਂ ਨਾਨਕ-ਜੋਤ ਬਣ ਕੇ ਜੋ ਮਹਾਨ ਕਾਰਜ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ, ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੇ ਨਵੇਂ ਨਗਰਾਂ ਤੇ ਸਰੋਵਰਾਂ ਦੀ ਉਸਾਰੀ ਤੇ ਕਾਰ-ਸੇਵਾ ਦੀ ਯੋਜਨਾ ਅਰੰਭੀ। ਉਸ ਵਿੱਚ ਮਾਤਾ ਗੰਗਾ ਜੀ ਨੇ ਯਥਾਸ਼ਕਤ ਯੋਗਦਾਨ ਪਾਇਆ, ਜਿਸ ਤਰ੍ਹਾਂ ਦੀ ਸੇਵਾ ਸੱਸ ਮਾਤਾ ਭਾਨੀ ਜੀ ਨੇ ਸਮਝਾਈ ਉਹ ਖਿੜੇ ਮੱਥੇ ਤੇ ਦਿਲੋਂ-ਮਨੋਂ ਗੰਗਾ ਜੀ ਨਿਭਾਉਂਦੇ ਰਹੇ। ਕਈ ਪਾਸਿਆਂ ਤੋਂ ਗੁਰੂ ਘਰ ਨੂੰ ਵਿਰੋਧਤਾ ਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ, ਪਰ ਗੰਗਾ ਜੀ ਨਾ ਕਦੇ ਘਬਰਾਏ ਤੇ ਨਾ ਹੀ ਕਦੇ ਚੜ੍ਹਦੀ ਕਲਾ ਦੀ ਥਾਂ ਢਹਿੰਦੀ ਕਲਾ ਨੂੰ ਜੀਵਨ ਵਿੱਚ ਆਉਣ ਦਿੱਤਾ। ਪਤੀ ਗੁਰੂ ਅਰਜਨ ਦੇਵ ਜੀ ਦੇ ਇਸ ਉਪਦੇਸ਼ ਨੂੰ ਅਮਲੀ ਜੀਵਨ ਵਿੱਚ ਗ੍ਰਹਿਣ ਕਰ ਲਿਆ ਕਿ ਪ੍ਰਭੂ ਦੀ ਰਜ਼ਾ ਵਿੱਚ ਰਾਜ਼ੀ ਰਹਿਣਾ ਹੈ ਤੇ ਅਕਾਲ ਪੁਰਖ ਦੇ ਹਰ ਭਾਣੇ ਨੂੰ ਮਿੱਠਾ ਕਰਕੇ ਮੰਨਣਾ ਹੈ। ਗੁਰਦੇਵ ਪਤੀ ਦੇ ਸੰਗ ਤੇ ਮਾਤਾ ਭਾਨੀ ਜੀ ਦੀ ਛੱਤਰ ਛਾਇਆ ਹੇਠ ਸਾਰੇ ਮਾਨਵੀ ਗੁਣਾਂ ਨਾਲ ਭਰਪੂਰ ਨਾਰੀ ਦੇ ਰੂਪ ਵਿੱਚ ਕਾਰਜਸ਼ੀਲ ਬਣ ਗਏ। ਗੁਰਦੇਵ ਪਤੀ ਦੇ ਕਾਰਜਾਂ ਵਿੱਚ ਦਿਲਚਸਪੀ ਵਿਖਾਂਦਿਆਂ ਉਨ੍ਹਾਂ ਨੂੰ ਮਾਨਸਿਕ ਤੇ ਆਤਮਿਕ ਖ਼ੁਸ਼ੀ ਤੇ ਸੰਤੁਸ਼ਟਤਾ ਮਿਲਦੀ। ਉਹ ਗੁਰੂ ਘਰ ਆਣ ਵਾਲੇ ਹਰ ਗਰੀਬ-ਅਮੀਰ, ਨਰ-ਨਾਰੀ ਦਾ ਖਿੜੇ ਮੱਥੇ ਸੁਆਗਤ ਕਰਦੀ। ਬੜੇ ਆਦਰ ਤੇ ਮਾਣ ਨਾਲ ਹਰ ਬਾਲ, ਬਿਰਧ, ਨਰ, ਨਾਰੀ ਦੀ ਸੇਵਾ ਕਰਕੇ ਖ਼ੁਸ਼ੀ ਪ੍ਰਾਪਤ ਹੁੰਦੀ।

ਗੰਗਾ ਜੀ ਦੇ ਗੁਰੂ ਅਰਜਨ ਦੇਵ ਜੀ ਨਾਲ ਵਿਆਹ ਤੋਂ ਬਾਅਦ 14 ਸਾਲ ਹੋ ਗਏ, ਪਰ ਆਪ ਦੇ ਘਰ ਕੋਈ ਸੰਤਾਨ ਨਾ ਹੋਈ। ਹਰ ਨਾਰੀ ਦੀ ਸਰਵ-ਸ੍ਰੇਸ਼ਟ ਇੱਛਾ ਹੁੰਦੀ ਏ ਕਿ ਵਿਆਹ ਪਿਛੋਂ ਮਾਂ ਬਣੇ। ਦੁਨੀਆਂ ਵਿੱਚ ਅਜੇਹੀਆਂ ਨਾਰੀਆਂ ਕੁਝ ਗਿਣਤੀ ਵਿੱਚ ਹੀ ਹੋਣਗੀਆਂ ਜੋ ਗ੍ਰਹਿਸਥੀ ਜੀਵਨ ਵਿੱਚ ਪ੍ਰਵੇਸ਼ ਕਰਕੇ ਗ੍ਰਹਿਸਥੀ ਜੀਵਨ ਦਾ ਭਾਰ ਚੁੱਕਣ ਤੋਂ ਡਰੀਆਂ ਹੋਣਗੀਆਂ। ਪਰ ਗ੍ਰਹਿਸਥੀ ਜੀਵਨ ਵਿੱਚ ਪ੍ਰਵੇਸ਼ ਕਰਕੇ ਮਾਂ ਬਣਨ ਦਾ ਪ੍ਰਬਲ ਜਜ਼ਬਾ ਲਗਭਗ ਹਰ ਨਾਰੀ ਦਾ ਹੱਕ, ਫ਼ਰਜ਼ ਤੇ ਤਮੰਨਾ ਹੁੰਦੀ ਹੈ। ਸਾਡੀ ਸਮਾਜਕ ਬਣਤਰ ਅਜਿਹੀ ਹੈ ਕਿ ਜਿਸ ਨਾਰੀ ਦੇ ਵਿਆਹੁਤਾ ਜੀਵਨ ਦੇ ਪੰਜ-ਦਸ ਸਾਲ ਬੀਤ ਜਾਣ ਤੇ ਉਹਦੇ ਵਿਹੜੇ ਵਿੱਚ ਬਾਲ ਨਾ ਖੇਡੇ, ਸਮਾਜ ਉਸ ਵੱਲ ਉਂਗਲਾਂ ਉਠਾਉਣ ਲੱਗ ਪੈਂਦਾ ਹੈ, ਤੇ ਉਸ ਨੂੰ ਆਸੇ-ਪਾਸੇ ਤੋਂ ਤਾਹਨੇ-ਮਿਹਣੇ ਸੁਣਨੇ ਪੈਂਦੇ ਹਨ। ਇਵੇਂ ਹੀ ਮਾਤਾ ਗੰਗਾ ਜੀ ਨੇ ਵੀ ਅਜਿਹੀਆਂ ਗੱਲਾਂ ਦੀ ਸੋਅ ਸੁਣੀ ਹੋਵੇਗੀ, ਪਰ ਉਹ ਗੁਰੂ ਘਰ ਦੇ ਕਾਰਜਾਂ ਵਿੱਚ ਇੰਨਾਂ ਸਰਗਰਮ ਹਿੱਸਾ ਲੈ ਰਹੀ ਸੀ ਕਿ ਸੰਤਾਨ ਨਾ ਹੋਣ ਦੇ ਮਸਲੇ ਤੇ ਉਹਨੂੰ ਕਦੇ ਇਕੱਲ ਵਿੱਚ ਬੈਠ ਕੇ ਸੋਚਣ ਦਾ ਅਵਸਰ ਹੀ ਨਹੀਂ ਸੀ ਮਿਲਦਾ।

ਪਰ ਇਕ ਘਟਨਾ ਨੇ ਉਹਨੂੰ ਨਿਚੋੜ ਕੇ ਰੱਖ ਦਿੱਤਾ। ਉਸ ਦਾ ਵਰਨਣ ਇਤਿਹਾਸ ਵਿੱਚ ਇਸ ਤਰ੍ਹਾਂ ਆਉਂਦਾ ਹੈ। ਸੰਨ 1574 ਦੇ ਅਰੰਭ ਵਿੱਚ ਇਕ ਦਿਨ ਮਾਤਾ ਗੰਗਾ ਜੀ ਕੇਸੀਂ ਇਸ਼ਨਾਨ ਕਰਕੇ ਗੁਸਲਖ਼ਾਨੇ 'ਚੋਂ ਬਾਹਰ ਆਈ, ਜਿੱਥੇ ਉਹਦੀ ਜਿਠਾਣੀ ਪ੍ਰਿਥੀਚੰਦ ਦੀ ਪਤਨੀ ਕਰਮੋ ਵਿਹੜੇ ਵਿੱਚ ਖੜੀ ਸੀ। ਮਾਤਾ ਗੰਗਾ ਨੇ ਆਪਣੇ ਗਿੱਲੇ ਕੇਸ ਪਿੱਛੇ ਨੂੰ

ਸਿਰ ਕਰਕੇ ਸੁੱਟ ਲਏ। ਕੁਝ ਛਿੱਟੇ ਕਰਮੋ ਉੱਤੇ ਪਏ ਤਾਂ ਕਰਮੋ ਨੇ ਤਾਹਨਾ ਮਾਰ ਕੇ ਗੁੱਸੇ ਵਿੱਚ ਕਿਹਾ ਕਿ ਆਪਣੇ ਘਰ ਤਾਂ ਸੰਤਾਨ ਹੁੰਦੀ ਨਹੀਂ, ਮੇਰਾ ਘਰ ਵੀ ਉਜਾੜਨਾ ਚਾਹੁੰਦੀ ਏਂ। ਮਾਤਾ ਗੰਗਾ ਨੂੰ ਇਹ ਤਾਅਨਾ ਚੁਭਿਆ, ਕਿਉਂਕਿ ਉਹਦੇ ਤ੍ਰੀਮਤਪਨ ਤੇ ਇਹ ਚੋਟ ਸੀ। ਸ਼ਾਮ ਨੂੰ ਜਦ ਗੁਰਦੇਵ ਪਤੀ ਗੁਰੂ ਅਰਜਨ ਦੇਵ ਜੀ ਘਰ ਆਏ ਤੇ ਮਾਤਾ ਗੰਗਾ ਨੇ ਜਠਾਣੀ ਦੇ ਚੋਟਮਈ ਵਿਅੰਗ ਦੀ ਗੱਲ ਸੁਣਾਈ। ਗੁਰੂ ਜੀ ਨੇ ਕਿਹਾ, "ਸੰਤਾਨ ਦੀ ਬਖ਼ਸ਼ਿਸ਼ ਅਕਾਲ ਪੁਰਖ ਹੀ ਕਰਦਾ ਹੈ। ਤੁਸੀਂ ਉਹਦੀ ਅਰਾਧਨਾ ਵਿੱਚ ਜੁੱਟੇ ਰਹੋ। ਮਾਨਵ ਸੇਵਾ ਦੇ ਕਾਰਜਾਂ ਵਿੱਚ ਆਪਣਾ ਜੀਵਨ ਲਾ ਦਿਓ, ਸ਼ਰੀਕਾਂ ਦੇ ਤਾਅਨਿਆਂ ਮਿਹਣਿਆਂ ਦੀ ਪ੍ਰਵਾਹ ਨਾ ਕਰੋ।" ਮਾਤਾ ਗੰਗਾ ਜੀ ਨੇ ਆਪਣੇ ਦਿਲ ਦੀ ਹੂਕ ਬਿਆਨ ਕਰਕੇ ਅਰਜ਼ ਕੀਤੀ, "ਤੁਸੀਂ ਤਾਂ ਬਖ਼ਸ਼ਿਸ਼ਾਂ ਕਰਨ ਵਾਲੇ ਹੋ, ਰੇਖ ਵਿੱਚ ਮੇਖ ਮਾਰ ਸਕਦੇ ਹੋ, ਸਰਬ ਸਮਰਥ ਹੋ। ਮੇਰੇ ਜੀਵਨ ਦੀ ਇਹ ਘਾਟ ਵੀ ਪੂਰੀ ਕਰ ਸਕਦੇ ਹੋ।" ਤਾਂ ਗੁਰਦੇਵ ਬੋਲੇ, "ਅਸੀਂ ਤਾਂ ਅਕਾਲ ਪੁਰਖ ਪਾਸ ਸੰਗਤਾਂ ਦੀ ਭਾਵਨਾ ਪੂਰੀ ਕਰਨ ਲਈ ਅਰਦਾਸ ਕਰ ਸਕਦੇ ਹਾਂ।" ਮਾਤਾ ਜੀ ਨੇ ਫਿਰ ਬੇਨਤੀ ਕੀਤੀ, "ਫਿਰ ਮੇਰੇ ਲਈ ਵੀ ਅਰਦਾਸ ਕਰੋ।" ਤਾਂ ਗੁਰਦੇਵ ਨੇ ਸਮਝਾਇਆ ਕਿ ਸੰਗਤਾਂ ਦੀ ਅਰਦਾਸ ਜਾਂ ਪੂਰਨ ਬ੍ਰਹਮ ਗਿਆਨੀਆਂ ਦੀ ਅਰਦਾਸ ਦੂਜਿਆਂ ਲਈ ਕੀਤੀ ਛੇਤੀ ਪ੍ਰਵਾਨ ਹੁੰਦੀ ਏ।" ਮਾਤਾ ਜੀ ਦੀ ਇਸ ਭਾਵਨਾ ਲਈ ਉਹਨਾਂ ਨੂੰ ਰਾਹ ਸਮਝਾਇਆ ਕਿ ਸ਼ਹਿਰ ਤੋਂ 9 ਮੀਲ ਦੂਰ ਝਬਾਲ ਨੇੜੇ ਬਾਬਾ ਬੁੱਢਾ ਜੀ ਬ੍ਰਹਮ ਗਿਆਨੀ ਬੀੜ ਵਿੱਚ ਬੈਠੇ, ਕਥਨੀ ਤੇ ਕਰਨੀ ਦੇ ਸੂਰੇ ਹਨ, ਗੁਰੂ ਨਾਨਕ ਜੀ ਦੇ ਵਰੋਸਾਏ ਹੋਏ ਹਨ। ਸਾਨੂੰ ਚਾਰ ਰੂਪਾਂ ਨੂੰ ਨਾਨਕ-ਜੋਤ ਬਨਾਉਣ ਦਾ ਤਿਲਕ ਉਹਨਾਂ ਲਾਇਆ ਸੀ। ਉਹਨਾਂ ਲਈ ਲੰਗਰ ਲੈ ਕੇ ਜਾਉ, ਉਹ ਖ਼ੁਸ਼ ਹੋਣਗੇ, ਤੁਹਾਡੀ ਭਾਵਨਾ ਲਈ ਅਰਦਾਸ ਕਰਨਗੇ ਤੇ ਉਹਨਾਂ ਦੇ ਮੁਖ ਤੋਂ ਨਿਕਲੇ ਬਚਨ ਪ੍ਰਮਾਤਮਾ ਪੂਰੇ ਕਰੇਗਾ।

ਮਾਤਾ ਗੰਗਾ ਜੀ ਨੇ ਲੰਗਰ ਤਿਆਰ ਕਰਵਾਇਆ। ਕਈ ਪ੍ਰਕਾਰ ਦੇ ਭੋਜਨ ਲੈ ਕੇ ਰੱਥ ਵਿੱਚ ਕੁਝ ਸੰਗਤ-ਸਾਥਣਾਂ ਨਾਲ ਬੀੜ ਵਿੱਚ ਪੁੱਜੇ। ਦੂਰੋਂ ਧੂੜ ਉੱਡਦੀ ਤੇ ਰੌਲਾ ਸੁਣ ਕੇ ਬਾਬਾ ਬੁੱਢਾ ਜੀ ਨੇ ਸੇਵਾਦਾਰਾਂ ਨੂੰ ਪੁੱਛਿਆ, "ਇਹ ਕੌਣ ਹਨ ?" ਨੇੜੇ ਆਉਣ ਤੇ ਸੇਵਾਦਾਰਾਂ ਨੇ ਦੱਸਿਆ ਕਿ, "ਇਹ ਗੁਰੂ ਜੀ ਦੇ ਮਹਿਲ ਹਨ।" ਬਾਬਾ ਬੁੱਢਾ ਜੀ ਦੇ ਮੂੰਹੋਂ ਨਿਕਲਿਆ ਕਿ, "ਗੁਰੂ ਕਿਆਂ ਨੂੰ ਕਿਹੀ ਭਾਜੜ ਪਈ ਏ।"

ਸੇਵਾਦਾਰਨੀਆਂ ਨੂੰ ਕਹਿ ਕੇ ਮਾਤਾ ਨੇ ਭੋਜਨ ਭੇਟ ਕੀਤਾ ਤਾਂ ਬਾਬਾ ਬੁੱਢਾ ਜੀ ਨੇ ਕਿਹਾ, "ਅਸੀਂ ਅਜਿਹੇ ਭੋਜਨ ਖਾਣ ਦੇ ਆਦੀ ਨਹੀਂ, ਅਸੀਂ ਸਾਦ-ਮੁਰਾਦੇ ਭੋਜਨ ਖਾਣ ਦੇ ਆਦੀ ਹਾਂ। ਸਾਦਾ ਭੋਜਨ ਹੀ ਸਾਡੀ ਭੁੱਖ ਮਿਟਾਂਦਾ ਹੈ।" ਬਾਬਾ ਬੁੱਢਾ ਜੀ ਨੇ ਆਪ ਉਹ ਭੋਜਨ ਨਾ ਛੱਕਿਆ ਤੇ ਸੰਗਤ ਵਿੱਚ ਵਰਤਾ ਦੇਣ ਦੀ ਆਗਿਆ ਕੀਤੀ।

ਮਾਤਾ ਗੰਗਾ ਜੀ ਨਿਰਾਸ਼ ਹੋ ਕੇ ਗੁਰੂ ਕੇ ਮਹੱਲ ਵਿੱਚ, ਅੰਮ੍ਰਿਤਸਰ ਆ ਗਏ ਤੇ ਗੁਰਦੇਵ ਪਤੀ ਨੂੰ ਜੋ ਤੇ ਜਿਵੇਂ ਵਾਪਰਿਆ ਉਸੇ ਤਰ੍ਹਾਂ ਸੁਣਾ ਦਿੱਤਾ। ਗਹਿਰ ਗੰਭੀਰ ਪਤੀ ਸਾਰੀ ਵਾਰਤਾ ਸੁਣ ਕੇ ਬੋਲੇ ਕਿ, "ਅਸੀਸਾਂ ਲੈਣ ਵਾਲੇ ਨਿਮਰਤਾ ਸਹਿਤ ਮਹਾਂਪੁਰਸ਼ਾਂ ਕੋਲ ਜਾਂਦੇ ਹਨ। ਸ਼ਾਹੀ ਠਾਠ-ਬਾਠ ਤੇ ਬਾਹਰ-ਮੁਖੀ ਦਿਖਾਵੇ ਨਾਲ ਬ੍ਰਹਮ ਗਿਆਨੀ ਪ੍ਰਭਾਵਤ ਨਹੀਂ ਹੁੰਦੇ। ਤੁਸੀਂ ਇਸ ਤਰ੍ਹਾਂ ਕਰੋ ਕਿ ਆਪਣੇ ਹੱਥੀਂ ਮਿਸੀਆਂ ਰੋਟੀਆਂ ਤਿਆਰ ਕਰੋ ਤੇ ਗੁਰਬਾਣੀ ਦਾ ਪਾਠ ਕਰਦਿਆਂ ਲੰਗਰ ਤਿਆਰ ਕਰੋ। ਬਾਬਾ ਬੁੱਢਾ ਜੀ ਲਈ ਮਿਸੀਆਂ ਰੋਟੀਆਂ ਤੇ ਪਿਆਜ਼ ਦਾ ਭੋਜਨ ਲੈ ਕੇ ਉਹਨਾਂ ਪਾਸ ਪੁੱਜੋ। ਤੁਸੀਂ ਆਪ ਲੱਸੀ ਰਿੜਕੋ ਤੇ

ਗੜਵਾ ਲੈ ਕੇ ਪੈਦਲ ਬੀੜ ਤੱਕ ਜਾਉ। ਫਿਰ ਦੇਖੋ ਉਹਨਾਂ ਦੀ ਪ੍ਰਸੰਨਤਾ ਨਾਲ ਕੀ ਸ਼ਬਦ ਮੂੰਹੋਂ ਨਿਕਲਦੇ ਨੇ। ਬਿਨ ਦਸੇ ਉਹ ਤੁਹਾਡੀ ਇੱਛਾ ਬਾਰੇ ਆਪ ਹੀ ਬਚਨ ਬੋਲਦੇ ਨੇ।"

ਮਾਤਾ ਗੰਗਾ ਜੀ ਨੇ ਇਸੇ ਤਰ੍ਹਾਂ ਕੀਤਾ। ਜਦ ਜਾ ਕੇ ਬੀੜ ਵਿੱਚ ਲੰਗਰ ਬਾਬਾ ਬੁੱਢਾ ਜੀ ਸਾਹਮਣੇ ਰੱਖਿਆ ਤਾਂ ਉਹ ਬਹੁਤ ਪ੍ਰਸੰਨ ਹੋਏ। ਮਿਸੀਆਂ ਰੋਟੀਆਂ ਉਤੇ ਅਚਾਰ ਰੱਖਿਆ ਤੇ ਮੁੱਕੀ ਮਾਰ ਕੇ ਪਿਆਜ਼ ਭੰਨਦੇ ਹੋਏ ਬਚਨ ਕੀਤਾ, "ਮਾਤਾ ਜੀ ਵਾਹਿਗੁਰੂ ਤੁਹਾਨੂੰ ਅਜਿਹੇ ਮਹਾਂਬਲੀ ਪੁੱਤਰ ਦੀ ਦਾਤ ਬਖ਼ਸ਼ੇਗਾ ਜੋ ਗੁਰੂ ਘਰ ਦੇ ਦੋਖੀਆਂ, ਜ਼ਾਲਮਾਂ ਤੇ ਹੰਕਾਰੀ ਲੋਕਾਂ ਦੀਆਂ ਸਿਰੀਆਂ ਇਉਂ ਭੰਨੇਗਾ ਜਿਵੇਂ ਅਸੀਂ ਪਿਆਜ਼ ਭੰਨਿਆ ਹੈ।"

ਇਹ ਸੁਣ ਕੇ ਮਾਤਾ ਜੀ ਗਦ-ਗਦ ਹੋ ਗਏ। ਗੁਰਦੇਵ ਪਤੀ ਦਾ ਸਮਝਾਇਆ ਤਰੀਕਾ ਕਿਵੇਂ ਸਫਲ ਹੋਇਆ। ਸ਼ੁਕਰਾਨੇ ਨਾਲ ਉਹਨਾਂ ਦੇ ਦੋਵੇਂ ਹੱਥ ਜੁੜ ਗਏ ਤੇ ਅੰਤਰ ਆਤਮਾ ਵਿੱਚ ਗੁਰਬਾਣੀ ਦਾ ਇਹ ਵਾਕ ਗੂੰਜਣ ਲੱਗ ਪਿਆ : "ਬਿਨ ਬੋਲਿਆ ਸਭ ਕੁਝ ਜਾਣਦਾ।" ਉਹ ਨਿਮਸਕਾਰ ਕਰਕੇ ਵਾਪਸ ਗੁਰੂ ਮਹੱਲਾਂ ਵਿੱਚ ਅੰਮ੍ਰਿਤਸਰ ਪਹੁੰਚ ਗਏ।

ਅਗਲੇ ਸਾਲ 1595 ਵਿੱਚ ਮਾਤਾ ਦੀ ਕੁਖੋਂ ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਹੋਇਆ। ਇਸ ਘਟਨਾ ਦਾ ਜ਼ਿਕਰ ਸਿੱਖ ਇਤਿਹਾਸ ਦੇ ਸਾਰੇ ਸਰੋਤਾਂ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਆਇਆ ਹੈ। ਇਸ ਘਟਨਾ ਤੋਂ ਲੈ ਕੇ ਅੱਜ ਤੱਕ ਲੱਖਾਂ ਲੋਕ ਬਾਬੇ ਬੁੱਢੇ ਦੀ ਬੀੜ 'ਤੇ ਅਜਿਹੀਆਂ ਮਿੱਸੀਆਂ ਰੋਟੀਆਂ ਤੇ ਪਿਆਜ਼ ਲੈ ਕੇ ਲੰਗਰ ਭੇਂਟ ਕਰਨ ਲਈ ਜਾਂਦੇ ਹਨ।

ਬਹੁਤੇ ਇਤਿਹਾਸਕਾਰਾਂ ਤੇ ਸਾਖੀਕਾਰਾਂ ਨੇ ਸਾਖੀ ਇਸੇ ਤਰ੍ਹਾਂ ਬਿਆਨ ਕੀਤੀ ਹੈ, ਪਰ ਪ੍ਰਿੰਸੀਪਲ ਸਤਿਬੀਰ ਸਿੰਘ ਨੇ 'ਗੁਰ ਭਾਰੀ' ਪੁਸਤਕ ਵਿੱਚ ਕੁਝ ਵੱਖਰੀ ਜਾਣਕਾਰੀ ਦਿੱਤੀ ਹੈ। ਉਹ ਲਿਖਦੇ ਹਨ ਕਿ ਜਦ ਪਹਿਲੀ ਵਾਰ ਮਾਤਾ ਗੰਗਾ ਜੀ ਬਾਬੇ ਬੁੱਢੇ ਦੀ ਬੀੜ ਲੰਗਰ ਲੈ ਕੇ ਗਏ ਤਾਂ ਗੁਰੂ ਅਰਜਨ ਦੇਵ ਜੀ ਉਹਨਾਂ ਦੇ ਨਾਲ ਸਨ। ਇਹ ਇਤਿਹਾਸਕ ਸੱਚ ਨਹੀਂ ਜਾਪਦਾ। ਗੁਰੂ ਅਰਜਨ ਦੇਵ ਜੀ ਨਾਲ ਜਾਂਦੇ ਤਾਂ ਪਹਿਲੇ ਹੀ ਲੰਗਰ ਦੀ ਤਿਆਰੀ ਤੇ ਜਾਣ ਦੀ ਤਿਆਰੀ ਬਾਰੇ ਅਗਵਾਈ ਕਰ ਦਿੰਦੇ।

ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ ਸਮੇਂ ਪ੍ਰਿਥੀਚੰਦ ਦਾ ਪਰਿਵਾਰ ਕਈ ਤਰ੍ਹਾਂ ਦੀਆਂ ਉਲਝਣਾਂ ਪੈਦਾ ਕਰਨ ਵਿੱਚ ਰੁਝਿਆ ਹੋਇਆ ਸੀ, ਜਿਸ ਕਾਰਨ ਗੁਰੂ ਅਰਜਨ ਦੇਵ ਜੀ ਨੇ ਪਰਿਵਾਰ ਨੂੰ ਵਡਾਲੀ ਪਿੰਡ ਭੇਜ ਦਿੱਤਾ ਸੀ। ਜਿੱਥੇ ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਹੋਇਆ। ਪ੍ਰਿਥੀਚੰਦ ਦੇ ਪਰਿਵਾਰ ਨੂੰ ਈਰਖਾ ਵਸ ਇਹ ਚੰਗਾ ਨਾ ਲੱਗਾ ਤੇ ਉਹਨਾਂ ਬਾਲਕ ਹਰਿਗੋਬਿੰਦ ਜੀ ਨੂੰ ਮਰਵਾਉਣ ਲਈ ਕਈ ਖੜਯੰਤਰ ਰਚੇ। ਕਿਧਰੇ ਦਾਈ ਨੂੰ ਆਪਣੇ ਥਣਾਂ ਤੇ ਜ਼ਹਿਰ ਲਾ ਕੇ ਪਿਆਉਣ ਤੇ ਹੋਰ ਤਰੀਕੇ ਨਾਲ ਬੱਚੇ ਨੂੰ ਮਰਵਾਉਣਾ ਚਾਹਿਆ। ਕਿਤੇ ਲੜਾਨ ਲਈ ਸੱਪ ਬੱਚੇ ਦੇ ਨੇੜੇ ਛੱਡਿਆ ਤੇ ਹੋਰ ਕਈ ਤਰ੍ਹਾਂ ਦੀਆਂ ਸਾਜ਼ਸ਼ਾਂ ਕੀਤੀਆਂ, ਪਰ ਉਹ ਹਰ ਤਰ੍ਹਾਂ ਨਾਕਾਮ ਰਹੇ। ਪਰ ਮਾਤਾ ਗੰਗਾ ਜੀ ਨੇ ਬੜੇ ਸਬਰ-ਸੰਤੋਖ ਨਾਲ ਇਹਨਾਂ ਹਮਲਿਆਂ ਸਮੇਂ ਵੀ ਸ਼ਾਂਤ ਰਹਿੰਦਿਆਂ, ਸ਼ਰੀਕਾਂ ਨੂੰ ਕੋਈ ਬਦਅਸੀਸ ਨਹੀਂ ਦਿੱਤੀ। ਉਹ ਬਾਣੀ ਪੜ੍ਹਨ ਤੇ ਗੁਰੂ ਘਰ ਦੀ ਸੇਵਾ ਦੇ ਕਾਰਜ ਵਿੱਚ ਇਸ ਵਿਸ਼ਵਾਸ ਨਾਲ ਜੁੱਟੇ ਰਹੇ ਕਿ ਜਿਸ ਅਕਾਲ ਪੁਰਖ ਨੇ ਇਹ ਦਾਤ ਬਖ਼ਸ਼ੀ ਏ ਤੇ ਸਾਡੇ ਵਿਹੜੇ ਖ਼ੁਸ਼ੀਆਂ ਖਿਲਾਰੀਆਂ ਹਨ—ਉਹ ਹਰ ਸੰਕਟ ਸਮੇਂ ਸਹਾਇਕ ਹੋਏਗਾ। ਅਣਸੁਖਾਵੀਂ ਸਥਿਤੀ ਵਿੱਚ ਵੀ ਸ਼ਕਤੀਮਾਨ ਪ੍ਰਭੂ ਤੇ ਉਹਨਾਂ ਦਾ ਵਿਸ਼ਵਾਸ ਅਟੱਲ ਰਿਹਾ।

ਇਕ ਇਤਿਹਾਸਕ ਹਵਾਲੇ ਅਨੁਸਾਰ ਜਦ ਮੁਗਲ ਬਾਦਸ਼ਾਹ ਜਹਾਂਗੀਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਮਿਲਣ ਲਈ ਆਇਆ ਤਾਂ ਉਸ ਦੀ ਬੇਗਮ ਨੂਰਜਹਾਂ ਵੀ ਉਹਦੇ ਨਾਲ ਆਈ। ਉਹ ਗੁਰੂ ਮਹੱਲਾਂ ਵਿੱਚ ਆ ਕੇ ਮਾਤਾ ਗੰਗਾ ਜੀ ਨੂੰ ਮਿਲੀ। ਨੂਰਜਹਾਂ ਬੇਹੱਦ ਪ੍ਰਭਾਵਿਤ ਹੋਈ। ਮਾਤਾ ਗੰਗਾ ਜੀ ਦੇ ਚਿਹਰੇ 'ਤੇ ਰੱਬੀ ਨੂਰ ਵੇਖ ਕੇ ਨੂਰਜਹਾਂ ਨੇ ਉਹਨਾਂ ਤੋਂ ਅਸੀਸ ਮੰਗੀ ਤਾਂ ਮਾਤਾ ਜੀ ਨੇ ਉਹਨੂੰ ਕਿਹਾ, "ਨੇਕ ਕਾਰਜ ਕਰੋ ਤੇ ਉਸ ਦੀ ਰਜ਼ਾ ਵਿੱਚ ਰਾਜ਼ੀ ਰਹੋ।" ਇਸ ਤਰ੍ਹਾਂ ਨੂਰਜਹਾਂ ਮਾਤਾ ਗੰਗਾ ਜੀ ਦੇ ਦਰਸ਼ਨ ਕਰਕੇ ਬਹੁਤ ਖ਼ੁਸ਼ ਹੋਈ।

ਗੁਰੂ ਹਰਿਗੋਬਿੰਦ ਸਾਹਿਬ ਜਿੱਥੇ ਜਾਂਦੇ ਸੰਗਤ ਉਹਨਾਂ ਦੇ ਨਾਲ ਹੀ ਜਾਂਦੀ। ਗੁਰੂ ਸਾਹਿਬ ਦੀਆਂ ਯਾਤਰਾਵਾਂ ਵਿੱਚ ਕਈ ਵਾਰੀ ਮਾਤਾ ਗੰਗਾ ਵੀ ਉਹਨਾਂ ਦੇ ਨਾਲ ਜਾਂਦੇ। ਸਿੱਖ ਸੰਗਤ ਉਹਨਾਂ ਦਾ ਬਹੁਤ ਹੀ ਸਤਿਕਾਰ ਕਰਦੀ।

ਜਸਵੰਤ ਸਿੰਘ ਵਿਰਦੀ ਨੇ ਆਪਣੀ ਇਕ ਰਚਨਾ ਵਿੱਚ ਲਿਖਿਆ ਹੈ ਕਿ ਜਦ ਗੁਰੂ ਅਰਜਨ ਦੇਵ ਜੀ ਸ਼ਹੀਦੀ ਪਾਣ ਖ਼ਾਤਰ ਲਾਹੌਰ ਗਏ, ਤਾਂ ਗੁਰਦੇਵ ਪਤੀ ਦੀ ਕੁਰਬਾਨੀ ਬਾਰੇ ਸੋਚ ਕੇ ਮਾਤਾ ਗੰਗਾ ਜੀ ਦੇ ਦਿਲ 'ਤੇ ਕੀ ਬੀਤੀ ਹੋਵੇਗੀ। ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਜਿਹੜੇ ਰੱਬੀ ਜੀਊੜੇ ਅਕਾਲ ਪੁਰਖ ਦੀ ਰਜ਼ਾ ਵਿੱਚ ਰਾਜ਼ੀ ਰਹਿਣਾ ਸਿਖ ਲੈਂਦੇ ਹਨ, ਉਹਨਾਂ ਲਈ ਫਿਰ ਇਸ ਜੀਵਨ ਦੇ ਹਰਖ ਸੋਗ ਕੋਈ ਖ਼ਾਸ ਮਹੱਤਵ ਨਹੀਂ ਰਖਦੇ।

ਜਦ ਗੁਰੂ ਜੀ ਸ਼ਹੀਦ ਹੋਏ, ਗੁਰੂ ਪਰਿਵਾਰ ਤੇ ਸੰਗਤਾਂ ਵਿੱਚ ਰਾਜ-ਦਰਬਾਰ ਪ੍ਰਤੀ ਰੋਹ ਦੀ ਭਾਵਨਾ ਪੈਦਾ ਹੋ ਗਈ, ਜੋ ਸਦੀਆਂ ਤੱਕ ਕਾਇਮ ਰਹੀ। ਗੁਰੂ ਪਰਿਵਾਰ ਤੇ ਸਿੱਖ ਸੰਗਤਾਂ ਵਲੋਂ ਸਮੇਂ ਦੀ ਸਰਕਾਰ ਵਿਰੁੱਧ ਕੋਈ ਵਧੀਕੀ ਨਹੀਂ ਹੋਈ। ਅਜਿਹੀ ਕੋਈ ਸਾਖੀ ਨਹੀਂ ਮਿਲਦੀ, ਜਿਸ ਵਿੱਚ ਮਾਤਾ ਗੰਗਾ ਜੀ ਨੇ ਆਪਣੇ ਗੁਰੂ ਪਤੀ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਆਪਣੇ ਗੁਰੂ ਪੁੱਤਰ ਨੂੰ ਕਿਹਾ ਹੋਵੇ।

ਇਤਿਹਾਸ ਵਿੱਚ ਕਈ ਲੇਖਕਾਂ ਨੇ ਲਿਖਿਆ ਹੈ, ਮਾਤਾ ਗੰਗਾ ਜੀ ਆਪਣੇ ਜੀਵਨ ਕਾਲ ਦੇ ਅੰਤਲੇ ਦਿਨਾਂ ਵਿੱਚ ਬਾਬੇ ਬਕਾਲੇ ਵਿੱਚ ਰਹਿੰਦੇ ਸਨ। ਇਥੇ ਬਕਾਲੇ ਵਿੱਚ ਹੀ ਇਕ ਦਿਨ ਉਹ ਸੰਗਤ ਵਿੱਚ ਬੈਠੇ ਸਨ, ਬਾਣੀ ਦਾ ਪ੍ਰਵਾਹ ਚਲ ਰਿਹਾ ਸੀ। ਮਾਤਾ ਜੀ ਬਾਣੀ ਦਾ ਜਾਪ ਕਰਦਿਆਂ ਤੇ ਸ਼ਬਦ ਕੀਰਤਨ ਸੁਣਦੇ-ਸੁਣਦੇ ਹੀ ਉਹਨਾਂ ਦੀ ਆਤਮਾ ਪੰਜ ਭੂਤਕ ਸਰੀਰ ਦਾ ਸਾਥ ਛੱਡ ਗਈ।

ਮਾਤਾ ਦਮੋਦਰੀ ਜੀ

ਛੇਵੀਂ ਨਾਨਕ-ਜੋਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਤਿੰਨ ਵਿਆਹਾਂ ਦਾ ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ। ਇਹਨਾਂ ਤਿੰਨ ਗੁਰੂ ਮਹਿਲਾਂ ਦਾ ਨਾਂ ਦਮੋਦਰੀ ਜੀ, ਨਾਨਕੀ ਜੀ ਤੇ ਮਹਾਂਦੇਵੀ (ਮਰਵਾਹੀ) ਲਿਖਿਆ ਮਿਲਦਾ ਹੈ। ਪਹਿਲੇ ਪੰਜ ਗੁਰੂ ਸਾਹਿਬਾਨ ਦੇ ਇਕ ਇਕ ਮਹਿਲ ਅਥਵਾ ਪਤਨੀ ਸੀ। ਕੁਝ ਸਾਖੀਕਾਰਾਂ ਨੇ ਗੁਰੂ ਅਰਜਨ ਦੇਵ ਜੀ ਦੇ ਦੋ ਮਹਿਲਾਂ ਦਾ ਚਰਚਾ ਕੀਤਾ ਹੈ, ਪਰ ਉਹ ਵੀ ਇਤਿਹਾਸਕ ਹਵਾਲਿਆਂ ਨਾਲ ਸਿੱਧ ਹੋ ਗਿਆ ਕਿ ਉਹ ਦੋਵੇਂ ਨਾਮ ਇਕੋ ਨਾਰੀ ਦੇ ਸਨ। ਗੁਰੂ ਹਰਿਗੋਬਿੰਦ ਸਾਹਿਬ ਦਲ ਭੰਜਨ ਗੁਰ ਸੂਰਮਾ—ਦੇ ਤਿੰਨ ਵਿਆਹਾਂ ਦੀ ਗੱਲ ਸਾਰੇ ਵਿਦਵਾਨਾਂ, ਇਤਿਹਾਸਕਾਰਾਂ ਤੇ ਸਾਖੀਕਾਰਾਂ ਨੇ ਸਪੱਸ਼ਟ ਰੂਪ ਵਿੱਚ ਅੰਕਿਤ ਕੀਤੀ ਹੈ। ਪਹਿਲੇ ਗੁਰੂ ਮਹਿਲਾਂ ਦਾ ਵਿਸਥਾਰ ਪੂਰਵਕ ਵਰਨਣ ਹੈ। ਇਹਨਾਂ ਤਿੰਨਾਂ ਗੁਰੂ ਮਹਿਲਾਂ ਵਿਚੋਂ ਪਹਿਲੇ ਗੁਰੂ ਮਹਿਲ ਦਮੋਦਰੀ ਜੀ ਸਨ।

ਭਾਈ ਕਾਨ੍ਹ ਸਿੰਘ ਨਾਭਾ ਦੇ 'ਗੁਰ-ਸ਼ਬਦ ਰਚਤਨਾਕਰ ਮਹਾਨ ਕੋਸ਼' ਅਨੁਸਾਰ ਦਮੋਦਰੀ ਜੀ ਦਾ ਜਨਮ ਸੁਲਤਾਨਪੁਰ ਲੋਧੀ ਨੇੜੇ ਡੱਲਾ ਪਿੰਡ ਵਿੱਚ ਭਾਈ ਨਰਾਇਣ ਦਾਸ ਦੇ ਘਰ ਹੋਇਆ। ਜਨਮ ਸਾਲ ਦਾ ਬਹੁਤੇ ਇਤਿਹਾਸਕਾਰਾਂ ਨੇ ਜ਼ਿਕਰ ਹੀ ਨਹੀਂ ਕੀਤਾ। ਇਹ ਨਗਰ ਡੱਲਾ ਗੁਰੂ ਨਾਨਕ-ਦੇਵ ਜੀ ਦੇ ਸਮੇਂ ਤੋਂ ਸਿੱਖ ਲੋਕ-ਲਹਿਰ ਨਾਲ ਜੁੜਿਆ ਹੋਇਆ ਸੀ। ਜਦੋਂ ਗੁਰੂ ਨਾਨਕ ਦੇਵ ਜੀ ਭੈਣ ਨਾਨਕੀ ਦੇ ਸੱਦੇ ਤੇ ਰਾਇ ਭੋਇੰ ਦੀ ਤਲਵੰਡੀ ਤੋਂ ਸੁਲਤਾਨਪੁਰ ਲੋਧੀ ਆ ਗਏ ਤਾਂ ਗੁਰੂ ਨਾਨਕ ਦੇਵ ਜੀ ਦੇ ਰੱਬੀ ਨੂਰ, ਇਲਾਹੀ ਬਚਨਾਂ ਤੇ ਮਾਨਵਵਾਦੀ ਵਿਚਾਰਾਂ ਸਦਕਾ ਸੁਲਤਾਨਪੁਰ ਲੋਧੀ ਦੇ ਆਸੇ-ਪਾਸੇ ਦੁਆਬੇ ਦੇ ਅਨੇਕਾਂ ਪਿੰਡ ਸਿੱਖ ਲੋਕ-ਲਹਿਰ ਨਾਲ ਜੁੜਦੇ ਗਏ। ਡੱਲੇ ਪਿੰਡ ਦੀ ਅੱਧੀ ਅਬਾਦੀ ਗੁਰੂ ਨਾਨਕ ਦੀ ਸ਼ਰਧਾਲੂ ਬਣ ਗਈ। ਭਾਈ ਨਰਾਇਣ ਦਾਸ ਦਾ ਖ਼ਾਨਦਾਨ ਅਥਵਾ ਵੱਡੇ ਵਡੇਰੇ ਗੁਰਮਤਿ ਗਿਆਨ ਤੋਂ ਪ੍ਰਭਾਵਿਤ ਹੋਣ ਲੱਗ ਪਏ ਸਨ। ਫਿਰ ਜਦੋਂ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਨਗਰ ਵਸਾਇਆ ਤਾਂ ਦੁਆਬੇ ਦੇ ਇਸ ਖੇਤਰ ਦਾ ਲੋਕ ਜੀਵਨ, ਗੁਰੂ ਘਰ ਨਾਲ ਜੁੜਿਆ। ਡੱਲਾ ਨਿਵਾਸੀ ਸ਼ਰਧਾ ਤੇ ਪ੍ਰੇਮ ਭਾਵ ਨਾਲ ਗੋਇੰਦਵਾਲ ਜਾਂਦੇ ਤੇ ਇਥੋਂ ਰੂਹਾਨੀ ਖ਼ੁਰਾਕ ਪ੍ਰਾਪਤ ਕਰਦੇ। ਇਹ ਸਿਲਸਿਲਾ ਅਗੋਂ ਵੀ ਜਾਰੀ ਰਿਹਾ। ਭਾਈ ਨਰਾਇਣ ਦਾਸ ਪਹਿਲੋਂ ਗੋਇੰਦਵਾਲ ਤੇ ਫਿਰ ਅੰਮ੍ਰਿਤਸਰ ਵਿੱਚ ਨਾਨਕ-ਜੋਤ ਨੂੰ ਨਿਮਸਕਾਰ ਕਰਨ ਲਈ ਤੇ ਗੁਰਮਤਿ ਦਾ ਸੰਦੇਸ਼ ਜੀਵਨ ਵਿੱਚ ਵਸਾਉਣ ਲਈ ਆਉਂਦੇ ਰਹੇ। ਵੱਖੋ-ਵੱਖ ਹਵਾਲਿਆਂ ਤੋਂ ਸੰਕੇਤ ਮਿਲਦਾ ਹੈ ਕਿ ਨਰਾਇਣ ਦਾਸ ਜੀ ਦੇ ਘਰ ਬੱਚੀ ਦਾ ਜਨਮ ਹੋਇਆ। ਜਿਸ ਦਾ ਨਾਂ ਉਹਨਾਂ ਦਮੋਦਰੀ ਜੀ ਰੱਖਿਆ।

ਡੱਲੇ ਪਿੰਡ ਦੇ ਇਤਿਹਾਸਕ ਪਿਛੋਕੜ ਅਤੇ ਨਰਾਇਣ ਦਾਸ ਜੀ ਦੇ ਖ਼ਾਨਦਾਨ ਦੀ ਗੁਰੂ ਘਰ ਨਾਲ ਕਈ ਪੀੜ੍ਹੀਆਂ ਦੀ ਸਾਂਝ ਤੋਂ ਪਤਾ ਲੱਗਦਾ ਹੈ ਕਿ ਇਸ ਪਰਿਵਾਰ ਦੇ ਘਰ ਦਾ ਵਾਤਾਵਰਣ ਧਾਰਮਿਕ ਤੇ ਸਿੱਖੀ ਲੋਕ-ਲਹਿਰ ਨਾਲ ਸਬੰਧਤ ਹੋਣ ਕਾਰਨ ਬੱਚਿਆਂ 'ਤੇ ਵੀ ਉਹੀ ਪ੍ਰਭਾਵ ਸੀ। ਦਮੋਦਰੀ ਜੀ ਦੀ ਮਾਂ ਅੰਮ੍ਰਿਤ ਵੇਲੇ ਉੱਠਦੀ, ਇਸ਼ਨਾਨ ਕਰਕੇ ਜਪੁ ਜੀ ਸਾਹਿਬ ਦਾ ਪਾਠ ਕਰਕੇ ਫਿਰ ਘਰ ਦਾ ਕੰਮ-ਕਾਜ ਤੇ ਗ੍ਰਿਹਸਥ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਰੁੱਝ ਜਾਂਦੀ। ਦਮੋਦਰੀ ਸਮੇਤ ਦੂਜੇ ਬੱਚਿਆਂ ਨੂੰ ਵੀ ਤੜਕੇ ਉੱਠ ਕੇ ਸਰੀਰਿਕ ਸਫ਼ਾਈ ਪਿਛੋਂ ਪ੍ਰਭੂ ਪ੍ਰਮਾਤਮਾ ਦੀ ਯਾਦ ਵਿੱਚ ਕੁਝ ਸਮਾਂ ਲਾਉਣ ਪਿਛੋਂ ਸਵੇਰ ਦਾ ਨਾਸ਼ਤਾ ਪਾਣੀ ਦਿੰਦੀ। ਮਾਂ ਦੇ ਇਸ ਧਾਰਮਕ ਜੀਵਨ ਦਾ ਦਮੋਦਰੀ ਜੀ ਤੇ ਬਾਲਪਣ ਵਿੱਚ ਹੀ ਪ੍ਰਭਾਵ ਪੈਣ ਲੱਗ ਪਿਆ। ਉਹਨੇ ਅਜੇ ਬੋਲਣਾ ਸਿਖਿਆ ਹੀ ਸੀ ਕਿ ਮੂਲਮੰਤਰ ਦਾ ਉਚਾਰਣ ਕੰਠ ਹੋ ਗਿਆ ਅਤੇ ਜਿਉਂ ਜਿਉਂ ਬਾਲਪਨ ਦੇ ਸਾਲ ਬੀਤਣ ਲੱਗੇ, ਤਿਉਂ ਤਿਉਂ ਉਹ ਗੁਰਬਾਣੀ ਨਾਲ ਵਧੇਰੇ ਮਾਨਸਿਕ ਤੇ ਆਤਮਿਕ ਵਧਦੀ ਗਈ। ਜਦੋਂ ਵੀ ਪਰਿਵਾਰ ਗੁਰੂ ਦਰਬਾਰ ਦੀਆਂ ਹਾਜ਼ਰੀਆਂ ਭਰਨ ਲਈ ਜਾਂਦਾ ਤਾਂ ਬਾਲੜੀ ਦਮੋਦਰੀ ਉਤਸ਼ਾਹ ਨਾਲ ਜਾਣ ਲਈ ਤਿਆਰ ਹੁੰਦੀ। ਅੰਮ੍ਰਿਤ ਸਰੋਵਰ ਤੇ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਦੀ ਖ਼ੁਸ਼ੀ ਉਹਦੇ ਚਿਹਰੇ ਤੋਂ ਡੁਲ੍ਹ ਡੁਲ੍ਹ ਪੈਂਦੀ। ਡੱਲੇ ਪਿੰਡ ਦੀ ਸੰਗਤ ਨਾਲ ਜਾਂਦਿਆਂ ਗੁਰੂ ਘਰ ਨਾਲ ਮੋਹ-ਪਿਆਰ ਤੇ ਸਤਿਕਾਰ ਵਧਦਾ ਗਿਆ।

1604 ਈ. ਦੇ ਆਰੰਭ ਵਿੱਚ ਹੀ ਜਦ ਇਹ ਪਰਿਵਾਰ ਸੰਗਤ ਨਾਲ ਅੰਮ੍ਰਿਤ ਸਰੋਵਰ ਵਿੱਚ ਦੁਖ ਭੰਜਨੀ ਵਾਲੇ ਸਥਾਨ 'ਤੇ ਇਸ਼ਨਾਨ ਕਰਕੇ ਹਰਿਮੰਦਰ ਸਾਹਿਬ ਵਲ ਜਾ ਰਿਹਾ ਸੀ ਤਾਂ ਲਾਚੀ ਬੇਰ ਕੋਲ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਹੋ ਗਏ। ਉਸ ਵੇਲੇ ਸਾਹਿਬਜ਼ਾਦਾ ਹਰਿਗੋਬਿੰਦ ਜੀ ਗੁਰਦੇਵ ਪਿਤਾ ਦੇ ਨਾਲ ਹੀ ਸਨ। ਨੌਂ ਸਾਲ ਦੀ ਆਯੂ ਦੇ ਹਰਿਗੋਬਿੰਦ ਜੀ ਦੇ ਦਰਸ਼ਨ ਕਰਕੇ ਭਾਈ ਨਰਾਇਣ ਦਾਸ ਦੀ ਪਤਨੀ ਨੇ ਪਤੀ ਨੂੰ ਸੁਝਾਅ ਦਿੱਤਾ ਕਿ ਇਹ ਸਾਡੀ ਸਪੁੱਤਰੀ ਦਾ ਹਮਉਮਰ ਹੈ ਤੇ ਜਿਸ ਤਰ੍ਹਾਂ ਦੀ ਪ੍ਰਭੂ ਭਗਤੀ ਵਿੱਚ ਦਮੋਦਰੀ ਰਹਿੰਦੀ ਏ, ਅਜਿਹਾ ਵਰ ਉਹਦੇ ਜੀਵਨ ਨੂੰ ਵਧੇਰੇ ਸੁਖਦਾਈ ਬਣਾ ਸਕਦਾ ਹੈ। ਪਰ ਗੁਰੂ ਘਰ ਕਿੱਥੇ ਤੇ ਅਸੀਂ ਕਿੱਥੇ। ਅਸੀਂ ਤਾਂ ਅਜਿਹੀ ਗੱਲ ਕਰਨ ਦੀ ਵੀ ਹਿੰਮਤ ਨਹੀਂ ਕਰ ਸਕਦੇ। ਭਾਈ ਨਰਾਇਣ ਦਾਸ ਨੂੰ ਪਤਨੀ ਦੀ ਗੱਲ ਚੰਗੀ ਲੱਗੀ। ਉਹ ਆਸ਼ਾਵਾਦੀ ਮਨੁੱਖ ਸੀ, ਇਸ ਲਈ ਕਹਿਣ ਲੱਗਾ ਕਿ "ਜੇ ਪ੍ਰਭੂ ਨੂੰ ਅਜਿਹਾ ਮਨਜ਼ੂਰ ਹੋਇਆ ਤਾਂ ਇਸ ਲਈ ਆਪੇ ਢੋਅ ਬਣ ਜਾਏਗਾ। ਸਾਨੂੰ ਪ੍ਰਮਾਤਮਾ ਤੇ ਡੋਰੀ ਛੱਡ ਦੇਣੀ ਚਾਹੀਦੀ ਏ।"

ਪਿੰਡ ਦੀ ਸੰਗਤ ਵਿੱਚ ਦੀਵਾਨ ਦੀ ਹਾਜ਼ਰੀ ਪਿਛੋਂ ਦੋ ਕੁ ਨਿਕਟਵਰਤੀਆਂ ਨਾਲ ਮਨ ਦੇ ਫੁਰਨੇ ਦੀ ਗੱਲ ਤੋਰੀ ਤਾਂ ਵਡੇਰੀ ਉਮਰ ਦੀ ਸਿਆਣੀ ਜ਼ਨਾਨੀ ਨੇ ਵਿਚਾਰ ਕੇ ਕਿਹਾ ਕਿ, "ਜੇ ਇਸ ਰਿਸ਼ਤੇ ਦੀ ਗੱਲ ਤੇ ਤੁਹਾਡੇ ਮਨ ਦੀ ਖ਼ਾਹਿਸ਼ ਪੂਰੀ ਹੋ ਜਾਏ ਤਾਂ ਤੁਹਾਡੇ ਹੀ ਨਹੀਂ ਸਾਡੇ ਪਿੰਡ ਡੱਲੇ ਦੇ ਵੀ ਧੰਨ ਭਾਗ ਹੋ ਜਾਣਗੇ। ਗੁਰੂ ਘਰ ਨਾਲ ਸਾਡੇ ਪਿੰਡ ਦੀ ਸਾਂਝ ਹੋਰ ਵਧ ਜਾਏਗੀ। ਸਾਡੇ ਪਿੰਡ ਦੀ ਧਰਤੀ ਗੁਰੂ ਚਰਨਾਂ ਦੀ ਛੋਹ ਨਾਲ ਹੋਰ ਵਧੇਰੇ ਭਾਗਾਂ ਵਾਲੀ ਬਣ ਜਾਏਗੀ।"

ਉਹਨੇ ਸੁਝਾਅ ਦਿੱਤਾ ਕਿ ਇਸ ਬਾਰੇ ਮਾਤਾ ਗੰਗਾ ਜੀ ਨਾਲ ਗੱਲ ਕੀਤੀ ਜਾਏ ਤਾਂ

ਉਹ ਜ਼ਰੂਰ ਪ੍ਰਵਾਨਗੀ ਦੇ ਦੇਣਗੇ। ਗੁਰੂ ਅਰਜਨ ਦੇਵ ਜੀ ਨਾਲ ਮਾਤਾ ਗੰਗਾ ਜੀ ਹੀ ਗੱਲ ਕਰਨ ਤਾਂ ਠੀਕ ਰਹੇਗਾ। ਦਮੋਦਰੀ ਦੀ ਮਾਤਾ ਜੀ ਉਸ ਸਿਆਣੀ ਔਰਤ ਨੂੰ ਨਾਲ ਲੈ ਕੇ ਮਾਤਾ ਗੰਗਾ ਜੀ ਪਾਸ ਗਈ ਤੇ ਬੜੇ ਆਦਰ ਸਤਿਕਾਰ ਨਾਲ ਮਨ ਦੀ ਗੱਲ ਉਹਨਾਂ ਨੂੰ ਦੱਸੀ। ਮਾਤਾ ਗੰਗਾ ਜੀ ਕਈ ਵਾਰ ਬੱਚੀ ਦਮੋਦਰੀ ਨੂੰ ਦੇਖ ਚੁੱਕੇ ਸਨ। ਉਹਨਾਂ ਨੂੰ ਇਹ ਸੁਝਾਅ ਚੰਗਾ ਲੱਗਾ ਤੇ ਉਹਨਾਂ ਗੁਰੂ ਅਰਜਨ ਦੇਵ ਜੀ ਨਾਲ ਸਲਾਹ ਕਰਕੇ ਰਿਸ਼ਤਾ ਪ੍ਰਵਾਨ ਕਰ ਲਿਆ। ਇਉਂ ਸੰਨ 1601 ਵਿੱਚ ਹੀ ਦਮੋਦਰੀ ਜੀ ਦਾ ਵਿਆਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਹੋ ਗਿਆ।

ਭਾਈ ਨਰਾਇਣ ਦਾਸ ਨੇ ਬੇਨਤੀ ਕੀਤੀ ਕਿ ਅਸੀਂ ਡੱਲੇ ਪਿੰਡ ਵਿੱਚ ਵਿਆਹ ਦੀ ਤਿਆਰੀ ਲਈ ਕਿਸ ਤਰ੍ਹਾਂ ਦਾ ਪ੍ਰਬੰਧ ਕਰੀਏ ਜੋ ਗੁਰੂ ਘਰ ਦੀ ਸ਼ਾਨ ਦੇ ਤੁੱਲ ਹੋਵੇ। ਤਾਂ ਗੁਰੂ ਮਹਾਰਾਜ ਨੇ ਫੁਰਮਾਇਆ ਕਿ, "ਅਸੀਂ ਬਾਹਰਮੁਖੀ ਦੁਨਿਆਵੀ ਸ਼ਾਨ-ਸ਼ੌਕਤ ਤੇ ਦਿਖਾਵੇ ਦੇ ਹੱਕ ਵਿੱਚ ਨਹੀਂ ਹਾਂ, ਵਿਆਹ ਸਾਦੇ ਢੰਗ ਨਾਲ ਹੋਣੇ ਚਾਹੀਦੇ ਹਨ। ਢੋਲ-ਢਮੱਕੇ ਦੀ ਕੋਈ ਲੋੜ ਨਹੀਂ । ਗੁਰੂ ਘਰ ਦੀ ਮਰਿਆਦਾ ਅਨੁਸਾਰ ਹੀ ਦੋਹਾਂ ਪਰਿਵਾਰਾਂ ਦਾ ਮੇਲ ਹੋਣਾ ਚਾਹੀਦਾ ਹੈ। ਗੁਰੂ ਰਾਮਦਾਸ ਜੀ ਨੇ ਗੁਰਬਾਣੀ ਵਿੱਚ ਜਿਨ੍ਹਾਂ ਚਾਰ ਲਾਵਾਂ ਦਾ ਵਰਨਣ ਕੀਤਾ ਹੈ, ਉਹਨਾਂ ਦੇ ਉਚਾਰਣ ਤੇ ਕੀਰਤਨ ਨਾਲ ਹੀ ਇਹ ਅਨੰਦ ਕਾਰਜ (ਵਿਆਹ) ਸੰਪੰਨ ਹੋਣਾ ਚਾਹੀਦਾ ਹੈ।"

ਮਾਤਾ ਗੰਗਾ ਜੀ ਦੀ ਦਿਲੀ ਇੱਛਾ ਸੀ ਕਿ ਉਹਨਾਂ ਦੇ ਇਕਲੌਤੇ ਸਪੁੱਤਰ ਦਾ ਵਿਆਹ ਧੂਮ ਧਾਮ ਨਾਲ ਹੋਏ, ਪਰ ਗੁਰੂ ਅਰਜਨ ਦੇਵ ਜੀ ਦੇ ਵਿਚਾਰ ਜਾਣ ਕੇ ਰਜ਼ਾ ਵਿੱਚ ਰਾਜ਼ੀ ਰਹਿਣ ਵਾਲੀ ਮਾਤਾ ਗੰਗਾ ਗੁਰਦੇਵ ਪਤੀ ਦੇ ਆਦੇਸ਼ ਤੇ ਫੁੱਲ ਚੜ੍ਹਾਉਣ ਵਾਲੀ ਆਪਣੇ ਆਪ ਨੂੰ ਉਸੇ ਤਰ੍ਹਾਂ ਢਾਲਣ ਵਿੱਚ ਸਫਲ ਹੋਈ।

ਅੰਮ੍ਰਿਤਸਰ ਤੋਂ ਜੰਞ ਚਲ ਕੇ ਤਰਨ ਤਾਰਨ ਪਹੁੰਚੀ। ਸਿੱਖ ਸੰਗਤਾਂ ਨੇ ਢੋਲਕੀਆਂ ਛੈਣਿਆਂ ਨਾਲ ਕੀਤਰਨ ਕਰਦਿਆਂ ਬਰਾਤ ਨੂੰ ਅਗਲੇ ਸਫ਼ਰ ਲਈ ਵਿਦਾ ਕੀਤਾ। ਗੋਇੰਦਵਾਲ ਤੋਂ ਗੁਰ ਅਸਥਾਨਾਂ ਤੇ ਦਰਸ਼ਨ ਕਰਨ ਪਿਛੋਂ ਦਰਿਆ ਬਿਆਸਾ ਪਾਰ ਕੀਤਾ ਤੇ ਸੁਲਤਾਨਪੁਰ ਲੋਧੀ ਦੇ ਗੁਰ ਅਸਥਾਨਾਂ ਦੇ ਦਰਸ਼ਨ ਕਰਕੇ ਡੱਲੇ ਪਹੁੰਚ ਗਏ। ਸਾਖੀਕਾਰਾਂ ਅਨੁਸਾਰ ਜਦ ਵਿਆਹ ਦਾ ਮੰਡਪ ਤਿਆਰ ਹੋਇਆ ਤਾਂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਕਿ, "ਇਹ ਵਿਆਹ ਗ੍ਰਿਹਸਥ ਜੀਵਨ ਵਿੱਚ ਪ੍ਰਵੇਸ਼ ਕਰਨ ਵਾਲਿਆਂ ਲਈ ਅਨੰਦ ਦਾ ਕਾਰਜ ਹੈ। ਇਸ ਲਈ ਇਥੇ ਇਲਾਹੀ ਬਾਣੀ ਦਾ ਕੀਰਤਨ ਹੋਏ ਤੇ ਬਾਣੀ ਵਿੱਚ ਦਿਤੀਆਂ ਲਾਵਾਂ ਦਾ ਪਾਠ ਤੇ ਕੀਰਤਨ ਨਾਲ ਸੱਤ ਦੀ ਜਗ੍ਹਾ ਚਾਰ ਲਾਵਾਂ ਹੋਣ ਤੇ ਅਖ਼ੀਰ ਤੇ ਅਨੰਦ ਸਾਹਿਬ ਪੜ੍ਹਿਆ ਜਾਵੇ।" ਡੱਲੇ ਪਿੰਡ ਦੇ ਵਸਨੀਕਾਂ ਨੇ ਪਹਿਲੀ ਵਾਰ ਗੁਰ ਮਰਿਆਦਾ ਅਨੁਸਾਰ ਅਨੰਦ ਕਾਰਜ ਹੁੰਦਾ ਵੇਖਿਆ। ਇਉਂ ਦਮੋਦਰੀ ਜੀ ਬੜੇ ਅਧਿਆਤਮਕ ਤੇ ਧਾਰਮਕ ਵਾਤਾਵਰਣ ਵਿੱਚ ਸ੍ਰੀ ਹਰਿਗੋਬਿੰਦ ਸਾਹਿਬ ਜੀ ਨਾਲ ਵਿਆਹੇ ਗਏ।

ਅੰਮ੍ਰਿਤਸਰ ਗੁਰੂ ਪਰਿਵਾਰ ਦੇ ਵਾਤਾਵਰਣ ਨੇ ਦਮੋਦਰੀ ਜੀ ਦੇ ਜੀਵਨ ਵਿੱਚ ਪ੍ਰਭੂ ਭਗਤੀ ਦਾ ਹੋਰ ਰੰਗ ਚਾੜ੍ਹਿਆ। ਉਹਨਾਂ ਦੇਖਿਆ ਕਿ ਕਿਸ ਤਰ੍ਹਾਂ ਬਾਣੀ ਦਾ ਸਤਿਕਾਰ ਘਰ ਵਿਚ ਹੋ ਰਿਹਾ ਏ। ਉਹਨਾਂ ਦਿਨਾਂ ਵਿੱਚ ਹੀ ਬਾਣੀ ਦੇ ਬੋਹਿਥ ਆਦਿ ਗ੍ਰੰਥ (ਗੁਰੂ ਗ੍ਰੰਥ ਸਾਹਿਬ) ਦੀ ਸੰਪਾਦਨਾ ਮੁਕੰਮਲ ਹੋਣ ਪਿਛੋਂ ਭਾਈ ਬੰਨੋ ਜੀ ਜਿਲਦ ਬਨ੍ਹਵਾਉਣ ਲਈ

ਲੈ ਕੇ ਗਏ। ਜਦ ਉਹ ਵਾਪਸ ਆਏ ਤਾਂ ਗੁਰੂ ਸਾਹਿਬ ਦੀ ਅਗਵਾਈ ਵਿੱਚ ਸਿੱਖ ਸੰਗਤਾਂ ਸ਼ਬਦ ਕੀਰਤਨ ਕਰਦਿਆਂ ਸ਼ਹਿਰ ਤੋਂ ਬਾਹਰ ਸੁਆਗਤ ਲਈ ਜੁੜੀਆਂ ਤੇ ਜਦ ਉਹ ਬੀੜ ਸਰੋਵਰ ਦੇ ਕੰਢੇ ਲਾਚੀ ਬੇਰ ਦੇ ਨਾਲ ਉਸ ਅਸਥਾਨ ਤੇ ਪਹੁੰਚੀ, ਜਿੱਥੇ ਗੁਰੂ ਅਰਜਨ ਦੇਵ ਬਿਰਾਜਿਆ ਕਰਦੇ ਸਨ। ਵਿਉਂਤ ਅਨੁਸਾਰ ਗੁਰੂ ਅਰਜਨ ਸਾਹਿਬ ਨੇ ਪਹਿਲਾਂ ਹੀ ਗੁਰੂ ਗ੍ਰੰਥ ਸਾਹਿਬ ਲਈ ਵਧੀਆ ਪਲੰਘ ਲੁਆ ਕੇ ਉਸ ਉਤੇ ਨਵੇਂ ਸੁੰਦਰ ਵਿਛਾਉਣੇ ਲਗਾ ਕੇ ਤਿਆਰ ਕੀਤਾ ਹੋਇਆ ਸੀ। ਇਥੇ ਗ੍ਰੰਥ ਸਾਹਿਬ ਦੀ ਸਵਾਰੀ ਰੱਖੀ ਗਈ ਤੇ ਗੁਰੂ ਅਰਜਨ ਦੇਵ ਜੀ ਬਾਣੀ ਦੇ ਸਤਿਕਾਰ ਵਜੋਂ ਪਲੰਘ ਦੇ ਹੇਠਾਂ (ਨੀਵੀਂ ਥਾਂ 'ਤੇ) ਬਿਰਾਜਣ ਲੱਗ ਪਏ। ਇਸ ਦ੍ਰਿਸ਼ ਨੇ ਦਮੋਦਰੀ ਜੀ ਦੇ ਮਨ 'ਤੇ ਆਤਮਾ ਤੇ ਗੂੜ੍ਹੀ ਛਾਪ ਲਾਈ। ਸਹੁਰੇ ਘਰ ਵਿੱਚ ਉਹ ਦ੍ਰਿਸ਼ ਵੀ ਦਮੋਦਰੀ ਜੀ ਲਈ ਕਦੇ ਨਾ ਭੁੱਲਣ ਵਾਲਾ ਨਜ਼ਾਰਾ ਸੀ। ਜਦ ਗੁਰੂ ਗ੍ਰੰਥ ਸਾਹਿਬ ਦਾ ਪਹਿਲੀ ਵਾਰ ਪ੍ਰਕਾਸ਼ ਹਰਿਮੰਦਰ ਸਾਹਿਬ ਦੇ ਅੰਦਰ ਕੀਤਾ ਗਿਆ। ਇਹ ਕਦੀ ਨਾ ਭੁੱਲਣ ਵਾਲੀ ਘਟਨਾ ਸੀ, ਜਦ ਗੁਰੂ ਗ੍ਰੰਥ ਸਾਹਿਬ ਬਾਬਾ ਬੁੱਢਾ ਜੀ ਨੇ ਆਪਣੇ ਸੀਸ ਤੇ ਸਤਿਕਾਰ ਨਾਲ ਚੁੱਕਿਆ ਅਤੇ ਗੁਰੂ ਅਰਜਨ ਦੇਵ ਜੀ ਆਪ ਚੌਰ ਕਰਦੇ ਦਰਸ਼ਨੀ ਡਿਉਢੀ ਲੰਘ ਕੇ ਹਰਿਮੰਦਰ ਸਾਹਿਬ ਵਿੱਚ ਪਹੁੰਚ ਕੇ ਬਾਬਾ ਬੁੱਢਾ ਜੀ ਨੂੰ ਇਸ ਬਾਣੀ ਦੇ ਬੋਹਿਥ ਦੇ ਪਹਿਲੇ ਗ੍ਰੰਥੀ ਨੀਯਤ ਕੀਤਾ। ਗੁਰੂ ਅਰਜਨ ਦੇਵ ਜੀ ਨੇ ਜੋ ਆਦੇਸ਼ ਦਿੱਤਾ, ਉਹ ਦਮੋਦਰੀ ਜੀ ਨੇ ਕਈ ਵਾਰ ਸੰਗਤਾਂ ਸਾਹਮਣੇ ਦੁਹਰਾਇਆ ਕਿ ਹਰਿਮੰਦਰ ਸਾਹਿਬ ਦਾ ਇਹ ਪਵਿੱਤਰ ਅਸਥਾਨ ਪ੍ਰਭੂ ਪ੍ਰਮਾਤਮਾ ਦੇ ਜੱਸ ਗਾਇਨ ਦਾ ਅਸਥਾਨ ਹੈ। ਇੱਥੇ ਪਾਠ ਹੋਵੇ ਜਾਂ ਕੀਰਤਨ। ਪ੍ਰਭੂ ਭਗਤੀ ਦੇ ਇਲਾਹੀ ਬਚਨਾਂ ਦਾ ਉਚਾਰਣ ਹੀ ਹੋਣਾ ਚਾਹੀਦਾ ਹੈ। ਇਥੇ ਕਿਸੇ ਦੁਨੀਆਦਾਰ, ਰਾਜ-ਸ਼ਕਤੀ ਜਾਂ ਸੇਵਾ-ਸੰਭਾਲ ਕਰਨ ਵਾਲੇ ਦੇ ਗੁਣ ਗਾਉਣ ਦੀ ਮਨਾਹੀ ਹੈ। ਮਾਤਾ ਗੰਗਾ ਜੀ ਨਾਲ ਇਸ ਅਸਥਾਨ ਦੀ ਸੇਵਾ ਵਿੱਚ ਦਮੋਦਰੀ ਜੀ ਜੁੱਟ ਗਏ।

ਅਜੇ ਦਮੋਦਰੀ ਜੀ ਦੇ ਵਿਆਹ ਹੋਇਆਂ ਪੂਰੇ ਦੋ ਸਾਲ ਵੀ ਨਹੀਂ ਸਨ ਹੋਏ, ਜਦ ਗੁਰੂ ਅਰਜਨ ਦੇਵ ਜੀ ਨੂੰ ਸਮੇਂ ਦੀ ਹਕੂਮਤ ਨੇ ਲਾਹੌਰ ਬੁਲਾ ਕੇ ਪੰਜਵੀਂ ਨਾਨਕ-ਜੋਤ ਗੁਰੂ ਅਰਜਨ ਦੇਵ ਜੀ ਨੂੰ ਅਕਹਿ ਤੇ ਅਸਹਿ ਕਸ਼ਟ ਦੇਂਦਿਆਂ ਸ਼ਹੀਦ ਕਰ ਦਿੱਤਾ। ਸਮੇਂ ਦੇ ਹਾਕਮਾਂ ਦੇ ਸੱਦੇ ਤੇ ਗੁਰੂ ਅਰਜਨ ਦੇਵ ਜੀ ਜਾਣ ਲਈ ਤਿਆਰ ਹੋਏ, ਤਾਂ ਦਮੋਦਰੀ ਜੀ ਦੇ ਮਨ ਵਿੱਚ ਕੁਝ ਘਬਰਾਹਟ ਤੇ ਤੌਖਲਾ ਪੈਦਾ ਹੋਇਆ ਕਿ ਪਤਾ ਨਹੀਂ ਗੁਰਦੇਵ ਪਿਤਾ ਨੂੰ ਕਿਸ ਤਰ੍ਹਾਂ ਦੇ ਸੰਕਟ ਦਾ ਸਾਹਮਣਾ ਕਰਨਾ ਪਵੇਗਾ। ਫਿਰ ਮਾਤਾ ਗੰਗਾ ਜੀ ਵੱਲ ਵੇਖ ਕੇ ਉਸ ਨੂੰ ਕੁਝ ਧਰਵਾਸ ਆਇਆ। ਉਹ ਵਾਰ ਵਾਰ ਗੁਰੂ ਸਾਹਿਬ ਦੇ ਇਸ ਬਚਨ ਨੂੰ ਹੀ ਦੁਹਰਾ ਰਹੀ ਸੀ : "ਤੇਰਾ ਭਾਣਾ ਮੀਠਾ ਲਾਗੈ, ਨਾਮ ਪਦਾਰਥ ਨਾਨਕ ਮਾਗੈ।" ਉਹਨੇ ਵੇਖਿਆ ਕਿ ਗੁਰੂ ਅਰਜਨ ਦੇਵ ਜੀ ਇਸ ਸਮੇਂ ਕਿਤਨੇ ਸ਼ਾਂਤ ਚਿੱਤ ਸਨ। ਉਹਨਾਂ ਪਰਿਵਾਰ ਅਤੇ ਮੁਖੀ ਹਜ਼ੂਰੀ ਸਿੱਖਾਂ ਨੂੰ ਇਕੱਠੇ ਕਰਕੇ ਫੁਰਮਾਇਆ ਕਿ, "ਅਸੀਂ ਲਾਹੌਰ ਤੋਂ ਸ਼ਾਇਦ ਮੁੜ ਕੇ ਨਾ ਆ ਸਕੀਏ। ਜੇ ਕੋਈ ਭਾਣਾ ਵਰਤ ਜਾਏ ਤਾਂ ਤੁਸਾਂ ਸਾਰਿਆਂ ਨੇ ਪ੍ਰਭੂ ਦੀ ਰਜ਼ਾ ਵਿੱਚ ਹੀ ਰਾਜ਼ੀ ਰਹਿਣਾ ਏ। ਸਾਡੇ ਪਿੱਛੋਂ ਸਿੱਖੀ ਦੀ ਲੋਕ ਲਹਿਰ ਦੀ ਅਗਵਾਈ ਹਰਿਗੋਬਿੰਦ ਜੀ ਕਰਨਗੇ ਤੇ ਬਾਬਾ ਬੁੱਢਾ ਜੀ ਇਹਨੂੰ ਨੂੰ ਗੁਰਿਆਈ ਦਾ ਤਿਲਕ ਲਾਉਣ।"

ਇਉਂ ਗੁਰੂ ਅਰਜਨ ਦੇਵ ਜੀ ਦੇ ਇਹਨਾਂ ਬਚਨਾਂ ਤੋਂ ਦਮੋਦਰੀ ਜੀ ਨੂੰ ਸਾਫ਼ ਹੋ

ਗਿਆ ਕਿ ਗੁਰੂ ਅਰਜਨ ਦੇਵ ਤੋਂ ਪਿੱਛੋਂ ਉਹਨਾਂ ਦੇ ਪਤੀ ਸ੍ਰੀ ਹਰਿਗੋਬਿੰਦ ਸਾਹਿਬ ਛੇਵੀਂ ਨਾਨਕ-ਜੋਤ ਬਣਨਗੇ। ਗੁਰੂ ਅਰਜਨ ਦੇਵ ਜੀ ਨੇ ਉਸ ਵੇਲੇ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਵੀ ਜੋ ਆਦੇਸ਼ ਦਿੱਤਾ, ਕਿ ਸਮੇਂ ਅਤੇ ਹਾਲਾਤ ਅਨੁਸਾਰ ਨੀਤੀ ਅਪਨਾਉਣੀ। ਅਕਾਲ ਪੁਰਖ ਤੇ ਆਪਣਾ ਅਤੇ ਸਿੱਖ ਸੰਗਤਾਂ ਦਾ ਦ੍ਰਿੜ੍ਹ ਵਿਸ਼ਵਾਸ ਕਾਇਮ ਰੱਖਣਾ। ਸਿੱਖੀ ਦੀ ਲੋਕ-ਲਹਿਰ ਨੂੰ ਮਾਨਵਵਾਦੀ ਲੀਹਾਂ ਤੇ ਚਲਾਂਦਿਆਂ ਨਾ ਕਿਸੇ ਦੇ ਹੱਕਾਂ ਅਧਿਕਾਰਾਂ ਤੇ ਛਾਪਾ ਮਾਰਨਾ ਹੈ ਅਤੇ ਨਾ ਹੀ ਕਿਸੇ ਦੁਨਿਆਵੀ ਸ਼ਕਤੀ ਦਾ ਭੈਅ ਮੰਨਣਾ ਹੈ। ਸੱਚ ਉਤੇ ਪਹਿਰਾ ਦੇਣਾ ਏ ਤੇ ਕੂੜ-ਕਪਟ ਨੂੰ ਬਰਦਾਸ਼ਤ ਨਹੀਂ ਕਰਨਾ। ਗੁਰੂ ਅਰਜਨ ਦੇਵ ਲਾਹੌਰ ਲਈ ਚਲ ਪਏ ਤੇ ਉਹਨਾਂ ਦੀ ਸ਼ਹਾਦਤ ਤੱਕ ਦਮੋਦਰੀ ਜੀ ਦਿਨ ਰਾਤ ਨਾਮ ਸਿਮਰਨ ਵਿੱਚ ਹੀ ਆਪਣਾ ਸਮਾਂ ਗੁਜ਼ਾਰਦੇ ਰਹੇ।

ਗੁਰਦੇਵ ਪਤੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਛੇਵੀਂ ਨਾਨਕ-ਜੋਤ ਬਣਨ ਸਮੇਂ ਦਮੋਦਰੀ ਜੀ ਨੇ ਹਰ ਜ਼ਿੰਮੇਵਾਰੀ ਨਿਭਾਈ। ਗੁਰਦੇਵ ਪਤੀ ਦੇ ਇਸ਼ਾਰੇ ਤੇ ਹੀ ਪਹਿਲਾਂ ਹੀ ਦੋ ਗਾਤਰੇ ਤਿਆਰ ਕਰ ਲਏ ਤੇ ਜਦ ਸ੍ਰੀ ਹਰਿਮੰਦਰ ਸਾਹਿਬ ਦੇ ਬਿਲਕੁਲ ਸਾਹਮਣੇ ਵਰਤਮਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਥਾਨ ਤੇ ਤਿਆਰ ਸਟੇਜ ਉਤੇ ਗੁਰੂ ਸਾਹਿਬ ਦੀ ਗੁਰਿਆਈ ਦੀ ਰਸਮ ਅਦਾ ਹੋਣ ਲੱਗੀ ਤਾਂ ਪਹਿਲੀ ਪਰੰਪਰਾ ਤੋਂ ਹਟ ਕੇ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਤੇ ਪੀਰੀ ਦੀਆਂ ਦੋ ਕ੍ਰਿਪਾਨਾਂ ਪਹਿਨੀਆਂ। ਉਹਨਾਂ ਦੋਹਾਂ ਕ੍ਰਿਪਾਨਾਂ ਲਈ ਤਿਆਰ ਗਾਤਰੇ ਦਮੋਦਰੀ ਜੀ ਨੇ ਹੀ ਲਿਆ ਕੇ ਭੇਂਟ ਕੀਤੇ। ਇਉਂ ਅਧਿਆਤਮਕ ਰਸ ਨਾਲ, ਬੀਰ ਰਸ ਦਾ ਵਾਤਾਵਰਣ ਪੈਦਾ ਕਰਨ ਦਾ ਮਾਹੌਲ ਬਨਾਉਣ ਵਿੱਚ ਦਮੋਦਰੀ ਜੀ ਦੀ ਸੇਵਾ ਸ਼ਾਮਲ ਹੈ।

ਗੁਰੂ ਹਰਿਗੋਬਿੰਦ ਸਾਹਿਬ ਦੇ ਘਰ ਪੰਜ ਸਪੁੱਤਰਾਂ ਤੇ ਇਕ ਸਪੁੱਤਰੀ ਦਾ ਜਨਮ ਹੋਇਆ। ਇਹਨਾਂ ਵਿਚੋਂ ਦੋ ਸਪੁੱਤਰ ਤੇ ਇਕ ਸਪੁੱਤਰੀ ਦਾ ਜਨਮ ਮਾਤਾ ਦਮੋਦਰੀ ਜੀ ਦੀ ਕੁਖੋਂ ਹੋਇਆ। ਮਾਤਾ ਦਮੋਦਰੀ ਜੀ ਦੀ ਸੰਤਾਨ ਦਾ ਜ਼ਿਕਰ ਸਿੱਖ ਇਤਿਹਾਸ ਵਿੱਚ ਵੇਰਵੇ ਨਾਲ ਆਉਂਦਾ ਹੈ। ਬਾਬਾ ਗੁਰਦਿੱਤਾ ਜੀ ਤੇ ਅਣੀ ਰਾਇ ਦਮੋਦਰੀ ਜੀ ਦੇ ਸਪੁੱਤਰਾਂ ਦੇ ਨਾਂ ਹਨ, ਬੀਬੀ ਵੀਰੋ ਇਹਨਾਂ ਦੀ ਸਪੁੱਤਰੀ ਹੈ। ਬਾਬਾ ਗੁਰਦਿੱਤਾ ਜੀ ਬਾਰੇ ਪ੍ਰੋ. ਕਰਤਾਰ ਸਿੰਘ ਨੇ 'ਸਿੱਖ ਇਤਿਹਾਸ' ਵਿੱਚ ਲਿਖਿਆ ਹੈ : "ਬਾਬਾ ਗੁਰਦਿੱਤਾ ਜੀ ਗੁਰੂ ਸਾਹਿਬ ਦੇ ਸਭ ਤੋਂ ਵੱਡੇ ਸਾਹਿਬਜ਼ਾਦੇ ਸਨ। ਇਹਨਾਂ ਦਾ ਜਨਮ ਕੱਤਕ ਸੁਦੀ 15 ਸੰਮਤ 1670 (ਸੰਨ 1613) ਵਿੱਚ ਹੋਇਆ। ਆਪ ਪਿੰਡ ਡਰੋਲੀ ਜ਼ਿਲ੍ਹਾ ਫ਼ਿਰੋਜ਼ਪੁਰ ਮਾਸੀ ਦੇ ਘਰ ਪੈਦਾ ਹੋਏ। ਗੁਰਦਿੱਤਾ ਜੀ ਨੇ ਧਾਰਮਕ ਅਤੇ ਸ਼ਸਤਰ ਵਿਦਿਆ ਪਿਤਾ ਜੀ ਦੀ ਨਿਗਰਾਨੀ ਵਿੱਚ ਬੜੇ ਉੱਤਮ ਢੰਗ ਨਾਲ ਪ੍ਰਾਪਤ ਕੀਤੀ। ਆਪ ਠੀਕ ਹੀ ਸੰਤ ਸੂਰਮੇ ਸਨ। ਨਿਰਭੈ ਤੇ ਦਲੇਰ ਯੋਧੇ ਤੇ ਫੌਜੀ ਜਰਨੈਲ ਸਨ। ਛੇਵੀਂ ਪਾਤਸ਼ਾਹੀ ਦੇ ਯੁੱਧਾਂ ਵਿੱਚ ਇਹਨਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ ਤੇ ਉੱਤਮ ਦਰਜੇ ਦੀ ਬੀਰਤਾ ਦਿਖਾਈ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਆਗਿਆ ਅਨੁਸਾਰ ਬਾਬਾ ਗੁਰਦਿੱਤਾ ਜੀ ਜੋਗੀਰਾਜ ਬਾਬਾ ਸਿਰੀ ਚੰਦ ਦੇ ਚੇਲੇ ਬਣੇ ਅਤੇ ਗੁਰਸਿੱਖੀ ਦਾ ਪ੍ਰਚਾਰ ਕੀਤਾ। ਬਾਬਾ ਗੁਰਦਿੱਤਾ ਜੀ ਦਾ ਵਿਆਹ 22 ਵਿਸਾਖ 1681 ਨੂੰ ਨਿਹਾਲ ਕੌਰ ਨਾਲ ਹੋਇਆ। ਇਹਨਾਂ ਦੇ ਦੋ ਸਪੁੱਤਰ ਧੀਰਮਲ ਤੇ ਗੁਰੂ ਹਰਿਰਾਇ ਸਾਹਿਬ ਹੋਏ। ਗੁਰਦਿੱਤਾ ਜੀ ਦਾ ਦੇਹਾਂਤ ਚੇਤ ਸੁਦੀ 10 ਸੰਮਤ 1695 (ਸੰਨ 1638) ਵਿੱਚ ਕੀਰਤਪੁਰ ਹੋਇਆ।"

ਦਮੋਦਰੀ ਦੇ ਦੂਜੇ ਸਪੁੱਤਰ ਅਣੀ ਰਾਇ ਬਾਰੇ ਸਿੱਖ ਇਤਿਹਾਸ ਵਿੱਚ ਲਿਖਿਆ ਹੈ ਕਿ ਉਹਨਾਂ ਦਾ ਜਨਮ ਮਾਘ ਸੰਮਤ 1675 ਨੂੰ ਅੰਮ੍ਰਿਤਸਰ ਵਿਚ ਹੋਇਆ। ਇਹ ਤਿਆਗੀ ਸਨ ਤੇ ਨਾਮ ਬਾਣੀ ਦੇ ਅਭਿਆਸ ਵਿੱਚ ਲਗੇ ਰਹਿੰਦੇ ਸਨ। ਇਹਨਾਂ ਨੇ ਵਿਆਹ ਨਹੀਂ ਸੀ ਕਰਵਾਇਆ। ਇਹਨਾਂ ਦਾ ਦੇਹਾਂਤ ਕੀਰਤਪੁਰ ਵਿੱਚ ਹੋਇਆ। ਬੀਬੀ ਵੀਰੋ ਬਾਰੇ ਇਤਿਹਾਸ ਵਿਚੋਂ ਇਹੀ ਜਾਣਕਾਰੀ ਮਿਲਦੀ ਹੈ ਕਿ ਬੀਬੀ ਵੀਰੋ ਦਾ ਜਨਮ ਸੰਮਤ 1672 ਵਿੱਚ ਅੰਮ੍ਰਿਤਸਰ ਵਿੱਚ ਹੋਇਆ। ਜਦ ਜਵਾਨ ਹੋਈ ਤਾਂ ਉਹਨਾਂ ਦੀ ਸ਼ਾਦੀ ਝਬਾਲ ਵਿੱਚ ਸਾਧੂ ਧਰਮਾ ਦੇ ਬੇਟੇ ਨਾਲ ਹੋਈ। ਉਹਨਾਂ ਦੀ ਕੁਖੋਂ ਪੰਜ ਸਪੁੱਤਰ ਜਨਮੇ, ਜੋ ਦਸਮੇਸ਼ ਪਿਤਾ ਜੀ ਦੀ ਛਤਰ ਛਾਇਆ ਹੇਠ ਭੰਗਾਣੀ ਦੇ ਯੁੱਧ ਵਿੱਚ ਬੀਰਤਾ ਨਾਲ ਲੜੇ। ਦਮੋਦਰੀ ਜੀ ਗੁਰੂ ਸਾਹਿਬ ਦੇ ਅੰਮ੍ਰਿਤਸਰ ਛੱਡਣ ਪਿੱਛੋਂ ਬਹੁਤਾ ਸਮਾਂ ਡਰੋਲੀ ਹੀ ਰਹੇ ਅਤੇ ਉਥੇ ਹੀ ਸੰਮਤ 1688 (ਸੰਨ 1631) ਵਿੱਚ ਅਕਾਲ ਚਲਾਣਾ ਕਰ ਗਏ।

ਮਾਤਾ ਨਾਨਕੀ ਜੀ

ਸਿੱਖ ਇਤਿਹਾਸ ਵਿੱਚ ਨਾਨਕੀ ਨਾਮ ਦੀਆਂ ਦੋ ਨਾਰੀਆਂ ਦਾ ਮਹੱਤਵ ਪੂਰਨ ਜ਼ਿਕਰ ਆਇਆ ਹੈ। ਪਹਿਲੀ ਬੇਬੇ ਨਾਨਕੀ ਸੀ ਜੋ ਗੁਰੂ ਨਾਨਕ ਦੇਵ ਜੀ ਤੋਂ ਪੰਜ ਸਾਲ ਵੱਡੀ ਮਹਿਤਾ ਕਾਲੂ ਤੇ ਮਾਤਾ ਤ੍ਰਿਪਤਾ ਦੀ ਸਪੁੱਤਰੀ ਸੀ। ਸਿੱਖ ਇਤਿਹਾਸ ਵਿੱਚ ਉਹਦਾ ਵਿਸ਼ੇਸ਼ ਵਰਨਣ ਇਸ ਲਈ ਵੀ ਆਉਂਦਾ ਹੈ ਕਿ ਉਹ ਸਿੱਖ ਜਗਤ ਦੀ ਪਹਿਲੀ ਨਾਰੀ ਹੈ, ਜਿਸ ਨੇ ਪਛਾਣਿਆ ਤੇ ਸਮਝਿਆ ਕਿ ਉਹਦਾ ਵੀਰ ਨਾਨਕ ਸਧਾਰਣ ਬਾਲਕ ਨਹੀਂ ਸਗੋਂ ਧੁਰੋਂ ਵਰੋਸਾਈ ਆਤਮਾ ਵਿੱਚ ਪ੍ਰਮਾਤਮਾ ਦਾ ਰੂਪ ਨਜ਼ਰ ਆਉਂਦਾ ਹੈ। ਇਤਿਹਾਸ ਵਿੱਚ ਦੂਜੀ ਨਾਨਕੀ ਗੁਰੂ ਤੇਗ ਬਹਾਦਰ ਜੀ ਦੀ ਮਾਤਾ ਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਦਾਦੀ ਮਾਤਾ ਨਾਨਕੀ ਏ। ਜਿਸ ਨੇ ਜ਼ੁਲਮਾਂ ਨੂੰ ਠੱਲ੍ਹ ਪਾਉਣ ਵਾਲੇ ਤੇ ਧਰਮ ਵਿਸ਼ਵਾਸ ਦੀ ਆਜ਼ਾਦੀ ਲਈ ਆਪਣੇ ਸਪੁੱਤਰ ਨੂੰ ਤਿਆਰ ਕੀਤਾ।

ਮਾਤਾ ਨਾਨਕੀ ਦਾ ਜਨਮ ਸਾਲ ਤੇ ਬਾਲਪਨ ਦੇ ਜੀਵਨ ਬਾਰੇ ਨਾਂ-ਮਾਤਰ ਹੀ ਲਿਖਿਆ ਮਿਲਦਾ ਹੈ। ਅਸਲ ਵਿੱਚ ਇਤਿਹਾਸਕ ਦ੍ਰਿਸ਼ਟੀ ਤੋਂ ਕਿਸੇ ਵਿਸ਼ੇਸ਼ ਘਟਨਾ ਤੋਂ ਹੀ ਇਤਿਹਾਸਕਾਰ ਸੂਚਨਾ ਇਕੱਤਰ ਕਰਕੇ ਲਿਖਦੇ ਸਨ। ਇਸੇ ਕਰਕੇ ਮਾਤਾ ਨਾਨਕੀ ਜੀ ਦੇ ਜੀਵਨ ਸਮਾਚਾਰ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਵਿਆਹ ਤੋਂ ਹੀ ਸ਼ੁਰੂ ਕਰਦੇ ਹਨ। ਇਸ ਤੋਂ ਪਹਿਲੋਂ ਦੇ ਜੀਵਨ ਬਾਰੇ ਲੇਖਕਾਂ ਦੀ ਦ੍ਰਿਸ਼ਟੀ ਬਾਰੇ ਕੋਈ ਵਿਸ਼ੇਸ਼ਤਾ ਨਹੀਂ ਸੀ। ਗੁਰੂ ਹਰਿਗੋਬਿੰਦ ਸਾਹਿਬ ਤੇ ਮਾਤਾ ਨਾਨਕੀ ਬਾਰੇ ਅਸਾਂ ਅਨੇਕਾਂ ਰਚਨਾਵਾਂ ਦਾ ਅਧਿਐਨ ਕੀਤਾ। ਉਸ ਅਨੁਸਾਰ ਕੇਵਲ ਗਿਆਨੀ ਠਾਕਰ ਸਿੰਘ ਨੇ ਮਾਤਾ ਨਾਨਕੀ ਦੇ ਜਨਮ ਬਾਰੇ ਜਾਣਕਾਰੀ ਲਿਖੀ ਹੈ। ਗਿਆਨੀ ਜੀ ਲਿਖਦੇ ਹਨ : "ਗੁਰੂ ਹਰਿਗੋਬਿੰਦ ਸਾਹਿਬ ਦੇ ਦੂਸਰੇ ਮਹਿਲ ਮਾਤਾ ਨਾਨਕੀ ਜੀ ਦਾ ਜਨਮ ਭਾਈ ਹਰੀ ਚੰਦ ਖੱਤਰੀ ਤੇ ਮਾਤਾ ਹਰਦੇਈ ਦੀ ਕੁਖੋਂ ਸੰਮਤ 1663 ਮਘਰ ਦੀ 7 ਛਨੀਵਾਰ ਲੰਭਾ ਵਾਲੀ ਗਲੀ, ਅੰਮ੍ਰਿਤਸਰ ਵਿੱਚ ਹੋਇਆ।" ਗਿਆਨੀ ਠਾਕਰ ਸਿੰਘ ਦੀ ਇਸ ਲਿਖਤ ਤੋਂ ਪਤਾ ਲਗਦਾ ਹੈ ਕਿ ਨਾਨਕੀ ਜੀ ਦੀ ਮਾਤਾ ਦਾ ਨਾਂ ਹਰਦੇਈ ਸੀ ਤੇ ਨਾਨਕੀ ਜੀ ਦੇ ਜਨਮ ਸਮੇਂ ਇਹ ਪਰਿਵਾਰ ਅੰਮ੍ਰਿਤਸਰ ਸ਼ਹਿਰ ਵਿੱਚ ਵਸਦਾ ਸੀ। ਇਸ ਤੋਂ ਅਨੁਮਾਨ ਲੱਗਦਾ ਹੈ ਕਿ ਅੰਮ੍ਰਿਤਸਰ ਸ਼ਹਿਰ ਦੀ ਆਬਾਦੀ ਸਮੇਂ ਇਹ ਖ਼ਾਨਦਾਨ ਵੀ ਬਕਾਲੇ ਤੋਂ ਅੰਮ੍ਰਿਤਸਰ ਕਾਰੋਬਾਰ ਦੇ ਸਬੰਧ ਵਿੱਚ ਆ ਗਿਆ ਸੀ।

ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੀ ਅੰਮ੍ਰਿਤਸਰ ਸ਼ਹਿਰ ਦੀ ਆਬਾਦੀ ਹੋਈ। ਗੁਰੂ ਸਾਹਿਬ ਦੇ ਸੱਦੇ ਤੇ ਹੀ ਦੂਰੋਂ ਨੇੜਿਓਂ ਦੁਕਾਨਦਾਰ ਤੇ ਵਪਾਰੀ ਗੁਰੂ ਦੀ ਨਗਰੀ ਵਿੱਚ ਆ ਵਸੇ। ਗੁਰੂ ਘਰ ਦੇ ਬਹੁਤੇ ਸ਼ਰਧਾਲੂ ਇਸ ਸਮੇਂ ਹੀ ਆਪਣੇ ਪਿੰਡਾਂ ਅਤੇ ਨਗਰਾਂ ਤੋਂ ਉੱਠ ਕੇ ਗੁਰੂ ਕੀ ਨਗਰੀ ਵਿੱਚ ਆਏ। ਇਸ ਸਮੇਂ ਹੀ ਹਰੀ ਚੰਦ

ਜੀ ਤਾਂ ਅੰਮ੍ਰਿਤਸਰ ਆ ਗਏ ਪਰ ਉਹਨਾਂ ਦੇ ਦੂਜੇ ਭਰਾ ਆਪਣੇ ਜੱਦੀ ਨਗਰ ਬਕਾਲੇ ਵਿੱਚ ਹੀ ਆਪਣੇ ਦੂਜੇ ਕਾਰੋਬਾਰ ਵਿੱਚ ਜੁੱਟੇ ਰਹੇ।

ਪਿਛਲੇ ਸਮਿਆਂ ਵਿੱਚ ਇਹ ਰਿਵਾਜ ਸੀ ਕਿ ਪੰਜਾਬੀ ਲੋਕ ਆਪਣੇ ਬੱਚੇ ਬੱਚੀਆਂ ਦੇ ਵਿਆਹ ਆਪਣੇ ਜੱਦੀ ਪਿੰਡਾਂ ਤੇ ਨਗਰਾਂ ਵਿੱਚ ਆ ਕੇ ਕਰਿਆ ਕਰਦੇ ਸਨ। ਸਾਂਝੇ ਪਰਿਵਾਰਾਂ ਦਾ ਰਿਵਾਜ ਸੀ। ਜੱਦੀ ਪਿੰਡਾਂ ਵਿੱਚ ਹੀ ਬਰਾਦਰੀ ਤੇ ਭਾਈਚਾਰੇ ਦਾ ਚੰਗਾ ਇਕੱਠ ਹੁੰਦਾ ਸੀ। ਪਿੰਡ ਦੀ ਬੱਚੀ ਦਾ ਵਿਆਹ ਸਾਰੇ ਪਿੰਡ ਵਾਸੀ ਆਪਣੀ ਲੜਕੀ ਦਾ ਵਿਆਹ ਸਮਝ ਕੇ ਸਹਿਯੋਗ ਦਿੱਤਾ ਕਰਦੇ ਸਨ। ਇਸੇ ਭਾਵਨਾ ਅਧੀਨ ਹਰੀ ਚੰਦ ਜੀ ਆਪਣੀ ਬੱਚੀ ਨਾਨਕੀ ਦੇ ਵਿਆਹ ਸਮੇਂ ਅੰਮ੍ਰਿਤਸਰ ਤੋਂ ਬਕਾਲੇ ਆ ਗਏ ਸਨ।

ਨਾਨਕੀ ਜੀ ਦੇ ਬਚਪਨ ਦੀਆਂ ਘਟਨਾਵਾਂ ਦਾ ਬਹੁਤ ਵਰਨਣ ਨਹੀਂ ਮਿਲਦਾ। ਕੁਝ ਸਾਖੀਕਾਰ ਸੰਕੇਤ ਮਾਤਰ ਲਿਖਦੇ ਹਨ ਕਿ ਇਹ ਪਰਿਵਾਰ ਗੁਰੂ ਘਰ ਨਾਲ ਜੁੜਿਆ ਹੋਇਆ ਸੀ। ਗੁਰਮਤਿ ਦੀ ਇਨਕਲਾਬੀ ਨੀਤੀ ਤੇ ਸੁਧਾਰਵਾਦੀ ਪ੍ਰਚਾਰ ਸਦਕਾ ਬਹੁਤ ਸਾਰੇ ਹਿੰਦੂ ਪਰਿਵਾਰ ਸਿੱਖੀ ਲੋਕ-ਲਹਿਰ ਨਾਲ ਸਬੰਧਤ ਹੁੰਦੇ ਗਏ। ਕਈ ਮੁਸਲਮਾਨ ਪਰਿਵਾਰ ਵੀ ਸਿੱਖ ਧਰਮ ਦੀ ਉਦਾਰਵਾਦੀ ਨੀਤੀ ਦੇ ਫਲਸਰੂਪ ਸਿੱਖ ਗੁਰੂਆਂ ਦੇ ਸ਼ਰਧਾਲੂ ਬਣ ਗਏ ਸਨ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਮੇਂ ਜਹਾਂਗੀਰ ਬਾਦਸ਼ਾਹ ਆਪਣੀ ਸਵੈਜੀਵਨੀ 'ਤੋਜ਼ਿਕੇ ਜਹਾਂਗੀਰੀ' ਵਿੱਚ ਆਪ ਲਿਖਦਾ ਹੈ ਕਿ, ਬਹੁਤ ਸਾਰੇ ਹਿੰਦੂ ਤੇ ਭੋਲੇ ਭਾਲੇ ਮੁਸਲਮਾਨ ਵੀ ਗੁਰੂ ਅਰਜਨ ਦੇਵ ਜੀ ਦੇ ਨੇੜੇ ਹੋ ਗਏ ਸਨ। ਇਹ ਠੀਕ ਹੈ ਕਿ ਬਹੁਤੇ ਹਿੰਦੂ ਗੁਰੂ ਘਰ ਨੂੰ ਧਰਮ ਰੱਖਿਅਕ ਤੇ ਜਨ-ਸਾਧਾਰਨ ਮੁਸਲਮਾਨ ਪੀਰ ਸਮਝਦੇ ਸਨ।

ਗੁਰੂ ਘਰ ਦੀ ਮਹਿਮਾ ਵਧਣ ਕਾਰਨ ਕਈ ਹਿੰਦੂ ਪਰਿਵਾਰ ਗੁਰੂ ਸਾਹਿਬ ਨਾਲ ਰਿਸ਼ਤੇਦਾਰੀ ਕਾਇਮ ਕਰਨ ਦੀ ਸੁਭਾਵਿਕ ਇੱਛਾ ਕਰਨ ਲੱਗ ਪਏ ਸਨ। ਇਕ ਸਾਖੀ ਪ੍ਰਸਿੱਧ ਹੈ ਕਿ ਲਾਹੌਰ ਦਰਬਾਰ ਦੇ ਇਕ ਮੁੱਖ ਅਧਿਕਾਰੀ ਚੰਦੂ ਦੀ ਪੁੱਤਰੀ ਦਾ ਰਿਸ਼ਤੇ ਲਈ ਪ੍ਰੋਹਿਤ ਨੇ ਗੁਰੂ ਅਰਜਨ ਦੇਵ ਜੀ ਦੇ ਸਪੁੱਤਰ ਸ੍ਰੀ ਹਰਿਗੋਬਿੰਦ ਸਾਹਿਬ ਲਈ ਅਰੰਭਕ ਗੱਲ ਕੀਤੀ। ਜਦ ਲਾਹੌਰ ਜਾ ਕੇ ਉਹਨੇ ਚੰਦੂ ਨੂੰ ਦੱਸਿਆ ਤਾਂ ਉਹ ਹਕੂਮਤ ਦੇ ਨਸ਼ੇ ਵਿੱਚ ਹੰਕਾਰ ਦੇ ਘੋੜੇ 'ਤੇ ਸਵਾਰ ਹੋ ਕੇ ਬੋਲਿਆ ਕਿ ਚੁਬਾਰੇ ਦੀ ਇੱਟ ਮੋਰੀ ਨੂੰ ਲਾਉਣ ਦੀ ਗੱਲ ਕਰਦਾ ਏਂ। ਗੁਰੂ ਅਰਜਨ ਦੇਵ ਜੀ ਪਾਸ ਜਦ ਉਸ ਦੀ ਇਹ ਗੱਲ ਪਹੁੰਚੀ ਤਾਂ ਗੁਰੂ ਸਾਹਿਬ ਨੇ ਉਹ ਰਿਸ਼ਤਾ ਸਵੀਕਾਰ ਕਰਨੋਂ ਨਾਂਹ ਕਰ ਦਿੱਤੀ। ਇਸੇ ਤਰ੍ਹਾਂ ਹੋਰ ਵੀ ਕਈ ਥਾਂ ਤੋਂ ਰਿਸ਼ਤੇ ਆਏ। ਹੋ ਸਕਦਾ ਹੈ ਜਿਨ੍ਹਾਂ ਬਾਰੇ ਸਾਖੀਕਾਰਾਂ ਨੇ ਨੋਟਿਸ ਨਹੀਂ ਲਿਆ। ਪਰ ਗੁਰੂ ਘਰ ਦੇ ਅਨਿਨ ਸੇਵਕਾਂ ਤੇ ਗੁਰ-ਸੰਗਤ ਦੀ ਇੱਛਾ ਨੂੰ ਠੁਕਰਾਉਣਾ ਕਠਿਨ ਸੀ। ਇਸੇ ਤਰ੍ਹਾਂ ਸ੍ਰੀ ਹਰੀ ਚੰਦ ਦੀ ਸਪੁੱਤਰੀ ਨਾਨਕੀ ਜੀ ਦੇ ਰਿਸ਼ਤੇ ਦੀ ਜਦ ਤਜਵੀਜ਼ ਆਈ ਤਾਂ ਮਾਤਾ ਗੰਗਾ ਜੀ ਨੇ ਤੁਰਤ ਪ੍ਰਵਾਨਗੀ ਦੇ ਦਿੱਤੀ। ਦਮੋਦਰੀ ਜੀ ਵੀ ਸਮਝਦੇ ਸਨ ਕਿ ਗੁਰੂ ਮਹਿਲਾਂ ਦੀਆਂ ਜ਼ਿੰਮੇਵਾਰੀਆਂ ਇਤਨੀਆਂ ਵਧੀਆਂ ਹੋਈਆਂ ਹਨ ਕਿ ਉਹਨਾਂ ਦਾ ਹੱਥ ਵਟਾਉਣ ਲਈ ਸਹਿਯੋਗ ਦੀ ਲੋੜ ਹੈ। ਇਸ ਤਰ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਵਿਆਹ ਮਾਤਾ ਨਾਨਕੀ ਜੀ ਨਾਲ ਹੋਇਆ। ਗੁਰੂ ਹਰਿਗੋਬਿੰਦ ਸਾਹਿਬ ਦਾ ਇਹ ਵਿਆਹ ਪਿੰਡ ਬਕਾਲੇ ਹੋਇਆ।

'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਅਨੁਸਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਮਾਤਾ ਨਾਨਕੀ ਜੀ ਨਾਲ ਵਿਆਹ ਬਕਾਲੇ ਵਿਚ 8 ਵਿਸਾਖ ਸੰਮਤ 1670 ਵਿੱਚ

ਹੋਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਿਤ 'ਸਿੱਖ ਇਤਿਹਾਸ' (ਭਾਗ ਪਹਿਲਾ) ਵਿੱਚ ਇਸੇ ਤਾਰੀਖ਼ ਤੇ ਸੰਗਤ ਨੂੰ ਨਾਨਕੀ ਜੀ ਦੇ ਗੁਰੂ ਹਰਿਗੋਬਿੰਦ ਜੀ ਨਾਲ ਵਿਆਹ ਦੀ ਪ੍ਰੋੜਤਾ ਕੀਤੀ ਗਈ ਹੈ। ਗਿਆਨੀ ਠਾਕਰ ਸਿੰਘ ਨੇ ਸੰਮਤ 1674 ਨੂੰ ਇਹ ਵਿਆਹ ਹੋਇਆ ਲਿਖਿਆ ਹੈ। ਗਿਆਨੀ ਗਿਆਨ ਸਿਘ ਤੇ ਭਾਈ ਸੰਤੋਖ ਸਿੰਘ 1670 ਸੰਮਤ ਹੀ ਦਸਦੇ ਹਨ।

'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਅਨੁਸਾਰ ਮਾਤਾ ਨਾਨਕੀ ਜੀ ਦੀ ਕੁਖੋਂ ਦੋ ਸਾਹਿਬਜ਼ਾਦਿਆਂ ਬਾਬਾ ਅਟੱਲ ਰਾਇ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਹੋਇਆ। ਬਾਬਾ ਅਟੱਲ ਰਾਇ ਜੀ ਦਾ ਜਨਮ 1676 ਵਿੱਚ ਅੰਮ੍ਰਿਤਸਰ ਵਿਖੇ ਹੋਇਆ। ਇਸ ਸਾਹਿਬਜ਼ਾਦੇ ਦਾ ਜਨਮ ਮਾਤਾ ਨਾਨਕੀ ਜੀ ਨਾਲ ਵਿਆਹ ਤੋਂ 6 ਸਾਲ ਬਾਅਦ ਹੋਇਆ। ਗੁਰੂ ਹਰਿਗੋਬਿੰਦ ਸਾਹਿਬ ਦੇ ਪੰਜ ਸਾਹਿਬਜ਼ਾਦਿਆਂ ਵਿਚੋਂ ਸਭ ਤੋਂ ਛੋਟੇ ਗੁਰੂ ਤੇਗ ਬਹਾਦਰ ਸਨ, ਜਿਨ੍ਹਾਂ ਦਾ ਜਨਮ ਮਾਤਾ ਨਾਨਕੀ ਦੀ ਕੁਖੋਂ ਸੰਮਤ 1678 ਵਿੱਚ ਅੰਮ੍ਰਿਤਸਰ ਵਿੱਚ ਗੁਰੂ ਕੇ ਮਹਿਲਾਂ ਵਿੱਚ ਹੋਇਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਸਾਰੇ ਇਤਿਹਾਸਕਾਰ ਸੰਨ 1621 ਦਾ ਮੰਨਦੇ ਹਨ। ਅੰਮ੍ਰਿਤਸਰ ਸ਼ਹਿਰ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦਾ ਨਿਵਾਸ ਅਸਥਾਨ ਸੀ, ਉਥੇ ਅੱਜ ਕਲ੍ਹ ਬਹੁਤ ਸ਼ਾਨਦਾਰ ਗੁਰਦੁਆਰਾ ਗੁਰੂ ਕੇ ਮਹਿਲ ਬਣਿਆ ਹੋਇਆ ਹੈ।

ਸਾਖੀਕਾਰ ਲਿਖਦੇ ਹਨ ਕਿ—ਜਿਸ ਵੇਲੇ ਮਾਤਾ ਨਾਨਕੀ ਜੀ ਦੀ ਕੁਖੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਹੋਇਆ ਤਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਬੈਠੇ ਬਾਣੀ ਦਾ ਇਲਾਹੀ ਕੀਰਤਨ ਸੁਣ ਰਹੇ ਸਨ। ਇਹ ਬਾਲਕ ਗੁਰੂ ਹਰਿਗੋਬਿੰਦ ਜੀ ਦਾ ਸਭ ਤੋਂ ਛੋਟਾ ਤੇ ਪੰਜਵਾਂ ਸਪੁੱਤਰ ਸੀ। ਜਦੋਂ ਸਾਹਿਬਾਂ ਨੂੰ ਪਤਾ ਲੱਗਾ ਕਿ ਸਪੁੱਤਰ ਦਾ ਜਨਮ ਹੋਇਆ ਹੈ ਤਾਂ ਉਹ ਸ਼ਬਦ ਕੀਰਤਨ ਦੀ ਸਮਾਪਤੀ ਉਪਰੰਤ ਮਾਤਾ ਨਾਨਕੀ ਜੀ ਕੋਲ ਗਏ ਅਤੇ ਨਵੇਂ ਜਨਮੇ ਬਾਲਕ ਨੂੰ ਵੇਖ ਕੇ ਨਤ-ਮਸਤਕ ਹੋ ਗਏ। ਸਿੱਖ ਸੇਵਕਾਂ ਨੇ ਗੁਰੂ ਸਾਹਿਬ ਨੂੰ ਇਸ ਸਤਿਕਾਰ ਦਾ ਕਾਰਨ ਪੁੱਛਿਆ ਤਾਂ ਹਜ਼ੂਰ ਨੇ ਫ਼ੁਰਮਾਇਆ, "ਇਹ ਬਾਲਕ ਧਰਤੀ ਦੇ ਕਸ਼ਟਾਂ ਨੂੰ ਖ਼ਤਮ ਕਰੇਗਾ ਤੇ ਸੰਸਾਰ ਵਿੱਚ ਰਹਿ ਕੇ ਧਰਮ ਦੀ ਰੱਖਿਆ ਕਰੇਗਾ। ਅਜਿਹੇ ਬਾਲਕ ਦਾ ਜਨਮ ਸਮੇਂ ਅਵੱਸ਼ ਹੀ ਸਤਿਕਾਰ ਹੋਣਾ ਚਾਹੀਦਾ ਹੈ।" ਉਸ ਵੇਲੇ ਮਾਤਾ ਨਾਨਕੀ ਜੀ ਗੁਰਦੇਵ ਪਤੀ ਦੇ ਮੁਖੋਂ ਆਪਣੇ ਬਾਲਕ ਦੀ ਉਪਮਾ ਸੁਣ ਕੇ ਗਦ-ਗਦ ਹੋ ਉੱਠੀ। ਇਸ ਬਾਲਕ ਦਾ ਤੇਜ ਪ੍ਰਤਾਪ ਇੰਨਾਂ ਸੀ ਕਿ ਜਿਹੜਾ ਦਰਸ਼ਨ ਕਰਦਾ ਉਹੀ ਗਦ-ਗਦ ਹੋ ਉੱਠਦਾ। ਗੁਰੂ ਹਰਿਗੋਬਿੰਦ ਸਾਹਿਬ ਦੇ ਬਚਨ ਉਸੇ ਵੇਲੇ ਹਾਜ਼ਰ ਲੋਕਾਂ ਵਿੱਚ ਇਲਾਹੀ ਬਚਨ ਬਣ ਕੇ ਵਿਚਰਨ ਲੱਗੇ।

ਮਾਤਾ ਨਾਨਕੀ ਜੀ ਦੀ ਕੁਖੋਂ ਪਹਿਲੇ ਸਾਹਿਬਜ਼ਾਦੇ ਸ੍ਰੀ ਅਟੱਲ ਰਾਇ ਜੀ ਦਾ ਜਨਮ ਸੰਮਤ 1676 ਅਥਵਾ ਸੰਨ 1619 ਨੂੰ ਅੰਮ੍ਰਿਤਸਰ ਗੁਰੂ ਕੇ ਮਹਿਲ ਗੁਰਦੁਆਰੇ ਵਾਲੀ ਥਾਂ ਛੇਵੀਂ ਨਾਨਕ-ਜੋਤ ਗੁਰੂ ਹਰਿਗੋਬਿੰਦ ਸਾਹਿਬ ਦੇ ਨਿਵਾਸ 'ਚ ਹੋਇਆ। ਮਾਤਾ ਨਾਨਕੀ ਨੇ ਜਿਥੇ ਬੜੇ ਮੋਹ ਪਿਆਰ ਨਾਲ ਬਾਲਕ ਅਟੱਲ ਰਾਇ ਦੀ ਪਾਲਣਾ ਪੋਸਣਾ ਵੱਲ ਵਿਸ਼ੇਸ਼ ਧਿਆਨ ਦਿੱਤਾ, ਉਥੇ ਬਹੁਤ ਛੋਟੀ ਉਮਰ ਵਿੱਚ ਹੀ ਨਾਮ ਬਾਣੀ ਤੇ ਪ੍ਰਭੂ ਸਿਮਰਨ ਦੀ ਲਗਨ ਵੀ ਲਗਾ ਦਿੱਤੀ। ਗੋਦ ਵਿੱਚ ਲੈ ਕੇ ਜਦ ਵੀ ਮਾਤਾ ਉਹਨੂੰ ਲੋਰੀਆਂ ਦਿੰਦੀ ਤਾਂ ਉਹਨਾਂ ਵਿੱਚ ਆਤਮਿਕ ਗਿਆਨ ਦੀਆਂ ਅਜਿਹੀਆਂ ਗੱਲਾਂ ਕਰਦੀ ਜਿਨ੍ਹਾਂ ਨਾਲ

ਬਾਲਕ ਅਟੱਲ ਰਾਇ ਦੇ ਦਿਲ ਦਿਮਾਗ ਉਤੇ ਸੁਭਾਵਕ ਹੀ ਅਸਰ ਪੈਂਦਾ। ਇਹ ਅੱਜ ਦੇ ਵਿਗਿਆਨੀ ਵੀ ਮੰਨਦੇ ਹਨ ਕਿ ਜਦ ਕੋਈ ਕਥਨੀ ਤੇ ਕਰਨੀ ਦੀ ਇਕਸਾਰਤਾ ਵਾਲੇ ਜੀਵਨ ਵਿਚੋਂ ਕੋਈ ਬੋਲ ਨਿਕਲੇ ਤਾਂ ਉਹ ਸਿੱਧਾ ਅਸਰ ਸੁਣਨ ਵਾਲੇ 'ਤੇ ਪੈਂਦਾ ਹੈ। ਮਾਤਾ ਨਾਨਕੀ ਦੇ ਲਾਡ ਪਿਆਰ ਨਾਲ ਕਹੀਆਂ ਗੱਲਾਂ ਨੇ ਬਾਲਕ ਅਟੱਲ ਰਾਇ ਜੀ ਨੂੰ ਉੱਚ ਆਤਮਕ ਸ਼ਕਤੀ ਦਾ ਮਾਲਕ ਬਣਾ ਦਿੱਤਾ।

ਸ੍ਰੀ ਅਟੱਲ ਰਾਇ ਜੀ ਦੇ ਜੀਵਨ ਕਾਲ ਦੀ ਇਕ ਪ੍ਰਸਿੱਧ ਸਾਖੀ ਗਿਆਨੀ ਗਿਆਨ ਸਿੰਘ, ਭਾਈ ਸੰਤੋਖ ਸਿੰਘ ਤੇ ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਬਿਆਨ ਕੀਤੀ ਹੈ। ਉਸ ਵਿੱਚ ਦਸਿਆ ਗਿਆ ਹੈ ਕਿ ਸ੍ਰੀ ਅਟੱਲ ਰਾਇ ਆਪਣੇ ਕੁਝ ਨਿਕਟਵਰਤੀ ਬਾਲਕਾਂ ਨਾਲ ਖੇਡਿਆ ਕਰਦੇ ਸਨ। ਇਕ ਦਿਨ ਸ਼ਾਮ ਨੂੰ ਤਰਕਾਲਾਂ ਵੇਲੇ ਰਹਿਰਾਸ ਸਾਹਿਬ ਦਾ ਪਾਠ ਸ਼ੁਰੂ ਹੋਣ ਤੇ ਸ੍ਰੀ ਅਟੱਲ ਰਾਇ ਜੀ ਖੇਡ ਦਾ ਕਾਰਜ ਅਗਲੇ ਦਿਨ 'ਤੇ ਛੱਡ ਕੇ ਸੰਗਤ ਵਿੱਚ ਆ ਬੈਠੇ। ਦੂਜੇ ਦਿਨ ਖੇਡਣ ਦੇ ਸਮੇਂ ਵਾਰੀ ਦੇਣ ਲਈ ਦੂਜਾ ਬਾਲਕ ਨਾ ਪਹੁੰਚਿਆ ਤਾਂ ਸ੍ਰੀ ਅਟੱਲ ਰਾਇ ਜੀ ਉਹਦੇ ਘਰ ਗਏ। ਉਥੇ ਜਾ ਕੇ ਪਤਾ ਲੱਗਾ ਕਿ ਉਹ ਬਾਲਕ ਤਾਂ ਚਲਾਣਾ ਕਰ ਗਿਆ ਹੈ। ਸਹਿਜ ਸੁਭਾ ਸ੍ਰੀ ਅਟੱਲ ਰਾਇ ਜੀ ਨੇ ਆਪ ਹੱਥ ਵਾਲੀ ਖੂੰਡੀ ਉਸ ਹਾਣੀ ਬਾਲਕ ਦੀ ਗਰਦਨ ਤੇ ਰੱਖ ਕੇ ਹਿਲਾਇਆ ਤੇ ਕਿਹਾ ਕਿ ਉੱਠ ਕੇ ਮੇਰੀ ਕੱਲ੍ਹ ਵਾਲੀ ਵਾਰੀ ਦੇਹ। ਉਸ ਬਾਲਕ ਦੇ ਸੁਆਸ ਚਲ ਪਏ, ਅੰਗ ਹਿੱਲਣ ਲੱਗੇ ਤੇ ਉਹ ਬਾਲਕ ਝੱਟ ਉੱਠ ਕੇ ਬਹਿ ਗਿਆ। ਉਸ ਘਰ ਪਰਿਵਾਰ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਪਈ। ਉਹਨਾਂ ਸ੍ਰੀ ਅਟੱਲ ਰਾਇ ਜੀ ਦਾ ਧੰਨਵਾਦ ਕੀਤਾ ਤੇ ਬਾਲਕ ਅਟੱਲ ਰਾਇ ਜੀ ਦੀ ਆਤਮਕ ਸ਼ਕਤੀ ਦਾ ਸ਼ੁਕਰਾਨਾ ਕਰਨ ਲਈ ਗੁਰਦੇਵ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਬਾਰ ਵਿੱਚ ਆ ਕੇ ਸ਼ੁਕਰਾਨਾ ਕੀਤਾ ਤੇ ਖ਼ੁਸ਼ਖਬਰੀ ਦਿੱਤੀ। ਫਿਰ ਜਦ ਸ੍ਰੀ ਅਟੱਲ ਰਾਇ ਜੀ ਘਰ ਆਏ ਤਾਂ ਗੁਰਦੇਵ ਪਿਤਾ ਨੇ ਸਮਝਾਇਆ ਕਿ, "ਅੱਜ ਗਲਤੀ ਕਰ ਬੈਠੇ ਹੋ, ਅਗਾਂਹ ਵਾਸਤੇ ਇੰਜ ਨਾ ਕਰਨਾ। ਸਾਨੂੰ ਕਾਦਰ ਦੀ ਕੁਦਰਤ ਵਿੱਚ ਦਖ਼ਲ ਅੰਦਾਜ਼ੀ ਕਰਨ ਦਾ ਕੋਈ ਅਧਿਕਾਰ ਨਹੀਂ। ਪ੍ਰਭੂ ਦੀ ਬਖ਼ਸ਼ਿਸ਼ ਦੀ ਇਹ ਅਯੋਗ ਵਰਤੋਂ ਹੈ।" ਸ੍ਰੀ ਅਟੱਲ ਰਾਇ ਜੀ ਉਤੇ ਗੁਰਦੇਵ ਪਿਤਾ ਜੀ ਦੇ ਸ਼ਬਦਾਂ ਦਾ ਅਜਿਹਾ ਪ੍ਰਭਾਵ ਪਿਆ ਕਿ ਉਹ ਖੇਡਣ ਵਾਲੀ ਥਾਂ ਤੇ ਜਾ ਕੇ ਚਾਦਰ ਤਾਣ ਕੇ ਲੇਟ ਗਏ। ਜਦ ਝਟ ਪਿਛੋਂ ਸ੍ਰੀ ਅਟੱਲ ਰਾਇ ਜੀ ਨੂੰ ਲੱਭਦੇ-ਲੱਭਦੇ ਸੇਵਾਦਾਰ ਉਥੇ ਪਹੁੰਚੇ ਤਾਂ ਉਹਨਾਂ ਚਾਦਰ ਲਾਹ ਕੇ ਵੇਖਿਆ ਤੇ ਸ੍ਰੀ ਅਟੱਲ ਰਾਇ ਜੀ ਚਲਾਣਾ ਕਰ ਚੁੱਕੇ ਸਨ। ਮਾਤਾ ਨਾਨਕੀ ਜੀ ਨੂੰ ਜਦ ਪਤਾ ਲੱਗਾ ਉਹ ਵੀ ਤੇਜ਼ ਕਦਮ ਪੁਟਦੀ ਹੋਈ ਆਪਣੇ ਸਪੁੱਤਰ ਦੇ ਅੰਤਮ ਦਰਸ਼ਨਾਂ ਲਈ ਉਥੇ ਪਹੁੰਚ ਗਈ। ਮਾਂ ਦੇ ਮਨ ਤੇ ਇਸ ਘਟਨਾ ਦਾ ਕਿੰਨਾ ਗਹਿਰਾ ਅਸਰ ਹੋਇਆ ਹੋਵੇਗਾ। ਇਹ ਅਨੁਮਾਨ ਹੀ ਲਾਇਆ ਜਾ ਸਕਦਾ ਹੈ ਪਰ ਰਜ਼ਾ ਵਿੱਚ ਰਹਿਣ ਵਾਲੀ ਮਾਤਾ ਨਾਨਕੀ ਨੇ ਸਤਿਗੁਰਾਂ ਦੇ ਇਸ ਭਾਣੇ ਨੂੰ ਮੰਨ ਕੇ ਸਬਰ ਕਰ ਲਿਆ। ਇਹ ਘਟਨਾ ਸੰਮਤ 1685 ਦੀ ਹੈ, ਜਦ ਸ੍ਰੀ ਅਟੱਲ ਰਾਇ ਸਾਹਿਬ ਦੀ ਉਮਰ ਇਸ ਸਮੇਂ 9 ਸਾਲ ਦੀ ਸੀ।

ਮਾਤਾ ਨਾਨਕੀ ਜੀ ਦੀ ਇੱਛਾ ਅਨੁਸਾਰ ਬਾਲਕ ਸ੍ਰੀ ਅਟੱਲ ਰਾਇ ਦਾ ਉਸੇ ਥਾਂ ਸਸਕਾਰ ਕੀਤਾ ਗਿਆ ਤੇ ਅਟੱਲ ਰਾਇ ਜੀ ਦੀ ਸਦੀਵੀ ਯਾਦਗਾਰ ਸਥਾਪਤ ਕੀਤੀ ਗਈ। ਪਿਛੋਂ ਇਸੇ ਜਗ੍ਹਾ 'ਤੇ 9 ਛੱਤਾ (ਨੌਂ ਮੰਜ਼ਲਾ) ਗੁਰਦੁਆਰਾ ਸਥਾਪਤ ਹੋ ਗਿਆ। ਜੋ ਅੱਜ ਵੀ ਗੁਰਦੁਆਰਾ ਬਾਬਾ ਅਟੱਲ ਰਾਇ ਜੀ ਦੇ ਨਾਮ ਨਾਲ ਪ੍ਰਸਿੱਧ ਹੈ। ਇਹ ਅਸਥਾਨ ਸ੍ਰੀ

ਹਰਿਮੰਦਰ ਸਾਹਿਬ ਦੇ ਨੇੜੇ ਕੌਲਸਰ ਦੇ ਇਕ ਪਾਸੇ ਵੱਲ ਸਥਿਤ ਹੈ। ਸੰਗਤਾਂ ਬੜੇ ਸਤਿਕਾਰ ਨਾਲ ਲੰਗਰ ਪਕਾ ਕੇ ਲਿਆਉਂਦੀਆਂ ਤੇ ਭੇਟਾ ਕਰਦੀਆਂ ਹਨ।

ਮਾਤਾ ਨਾਨਕੀ ਜੀ ਗੁਰਦੇਵ ਪਤੀ ਸ੍ਰੀ ਹਰਿਗੋਬਿੰਦ ਸਾਹਿਬ ਜੀ ਦੇ ਆਦੇਸ਼ ਅਨੁਸਾਰ ਹੀ ਆਪਣੇ ਸਾਹਿਬਜ਼ਾਦੇ ਸ੍ਰੀ ਤੇਗ ਬਹਾਦਰ ਜੀ ਨੂੰ ਪੜ੍ਹਾਈ ਲਿਖਾਈ ਤੇ ਸ਼ਸਤਰ ਵਿਦਿਆ ਵਿੱਚ ਨਿਪੁੰਨ ਬਣਾਉਣ ਵਿੱਚ ਲੱਗ ਗਈ। ਮਾਤਾ ਨੂੰ ਯਾਦ ਸੀ ਕਿ ਇਹਨਾਂ ਦੇ ਜਨਮ ਸਮੇਂ ਜੋ ਬਚਨ ਛੇਵੀਂ ਨਾਨਕ-ਜੋਤ ਨੇ ਕੀਤੇ ਸਨ, ਉਹਨਾਂ ਦੇ ਯੋਗ ਇਹ ਸਾਹਿਬਜ਼ਾਦਾ ਬਣਨਾ ਚਾਹੀਦਾ ਹੈ। ਸੰਨ 1630 ਤੱਕ ਗੁਰੂ ਪਰਿਵਾਰ ਅੰਮ੍ਰਿਤਸਰ ਹੀ ਰਿਹਾ। ਇਥੇ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਦੂਜੇ ਗੁਰ ਅਸਥਾਨਾਂ ਦੀ ਸੇਵਾ ਸੰਭਾਲ ਤੇ ਦਰਸ਼ਨ ਦੀਦਾਰ ਲਈ ਆਉਂਦੀਆਂ ਸੰਗਤਾਂ ਦੀ ਸੇਵਾ ਵਿੱਚ ਸਾਰਾ ਪਰਿਵਾਰ ਜੁੱਟਿਆ ਰਿਹਾ। ਸਮੇਂ ਦੇ ਹਾਕਮ ਵਰਗ ਨਾਲ ਅਣਸੁਖਾਵੇਂ ਸਬੰਧਾਂ ਨੂੰ ਦੇਖਦਿਆਂ ਲੜਾਈ ਦੇ ਵਾਤਾਵਰਣ ਨੂੰ ਮੁੱਖ ਰੱਖ ਕੇ ਪਹਿਲਾਂ ਗੁਰੂ ਹਰਿਗੋਬਿੰਦ ਸਾਹਿਬ ਪਰਿਵਾਰ ਸਮੇਤ ਝਬਾਲ ਗਏ ਤੇ ਉਥੇ ਆਪਣੀ ਸਪੁੱਤਰੀ ਬੀਬੀ ਵੀਰੋ ਜੀ ਦਾ ਵਿਆਹ ਕੀਤਾ, ਫਿਰ ਅੰਮ੍ਰਿਤਸਰ ਦੀ ਥਾਂ ਦੁਆਬੇ ਵਿੱਚ ਜਲੰਧਰ ਨੇੜੇ ਵਸਾਏ ਨਗਰ ਕਰਤਾਰਪੁਰ ਵਿੱਚ ਪਰਿਵਾਰ ਨੂੰ ਲਿਆਂਦਾ। ਇਉਂ ਮਾਤਾ ਨਾਨਕੀ ਜੀ ਬਾਕੀ ਪਰਿਵਾਰ ਨਾਲ ਕਰਤਾਰਪੁਰ ਦੁਆਬਾ ਆ ਗਏ। ਇਸ ਸਮੇਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਆਯੂ 9 ਸਾਲ ਦੀ ਸੀ। ਇਹ ਕਰਤਾਰਪੁਰ ਨਗਰ ਪੰਜਵੀਂ ਨਾਨਕ-ਜੋਤ ਗੁਰੂ ਅਰਜਨ ਦੇਵ ਜੀ ਨੇ ਵਸਾਇਆ ਸੀ ਤੇ ਇਥੇ ਜਿਸ ਥਾਂ ਪਹਿਲੀ ਧਰਮਸਾਲ ਸਥਾਪਤ ਕੀਤੀ, ਉਥੇ ਹੁਣ ਗੁਰਦੁਆਰਾ ਥੰਮ੍ਹ ਸਾਹਿਬ ਹੈ। ਇਹਦੇ ਨੇੜੇ ਹੀ ਗੁਰੂ ਹਰਿਗੋਬਿੰਦ ਸਾਹਿਬ ਨੇ ਕਿਲ੍ਹਾ ਬਣਵਾਇਆ ਤੇ ਇੱਥੇ ਹੀ ਗੁਰੂ ਪਰਿਵਾਰ ਦਾ ਨਿਵਾਸ ਰੱਖਿਆ।

ਕਰਤਾਰਪੁਰ ਦੇ ਵਸਨੀਕ ਖੱਤਰੀ ਲਾਲ ਚੰਦ ਨੇ ਆਪਣੀ ਜੁਆਨ ਹੋ ਰਹੀ ਪੁੱਤਰੀ ਗੁਜ਼ਰੀ ਦਾ ਰਿਸ਼ਤਾ ਕਿਧਰੇ ਕਰਨ ਲਈ ਆਪਣੀ ਪਤਨੀ ਬਿਸ਼ਨ ਕੌਰ ਨਾਲ ਗੱਲ ਕੀਤੀ, ਤਾਂ ਉਹਨੇ ਝੱਟ ਆਖਿਆ ਜੇ ਗੁਰੂ ਹਰਿਗੋਬਿੰਦ ਸਾਹਿਬ ਆਪਣੇ ਸਪੁੱਤਰ ਸ੍ਰੀ ਤੇਗ ਬਹਾਦਰ ਲਈ ਇਹ ਰਿਸ਼ਤਾ ਪ੍ਰਵਾਨ ਕਰ ਲੈਣ ਤਾਂ ਬਹੁਤ ਵਧੀਆ ਜੋੜ ਰਹੇਗਾ। ਕੁਝ ਦਿਨਾਂ ਪਿਛੋਂ ਉਹਨਾਂ ਗੁਰੂ ਹਰਿਗੋਬਿੰਦ ਸਾਹਿਬ ਤੇ ਮਾਤਾ ਨਾਨਕੀ ਜੀ ਨਾਲ ਜਦੋਂ ਰਿਸ਼ਤੇ ਦੀ ਗੱਲ ਤੋਰੀ ਤਾਂ ਗੁਰੂ ਸਾਹਿਬ ਨੇ ਝਟ ਰਿਸ਼ਤਾ ਪ੍ਰਵਾਨ ਕਰ ਲਿਆ। ਕੁਝ ਦਿਨਾਂ ਪਿੱਛੋਂ ਹੀ ਸ੍ਰੀ ਤੇਗ ਬਹਾਦਰ ਜੀ ਦਾ ਗੁਜਰੀ ਜੀ ਨਾਲ ਵਿਆਹ ਕਰਤਾਰਪੁਰ ਦੁਆਬਾ ਵਿੱਚ ਹੀ ਹੋ ਗਿਆ। ਮਾਤਾ ਨਾਨਕੀ ਦੇ ਸਾਹਿਬਜ਼ਾਦੇ ਸ੍ਰੀ ਤੇਗ ਬਹਾਦਰ ਜੀ ਦਾ ਵਿਆਹ ਸੰਨ 1634 ਵਿੱਚ ਹੋਇਆ। ਜਿੱਥੇ ਸ੍ਰੀ ਤੇਗ ਬਹਾਦਰ ਜੀ ਤੇ ਗੁਜਰੀ ਜੀ ਦਾ ਵਿਆਹ ਹੋਇਆ, ਉਥੇ ਹੁਣ ਗੁਰਦੁਆਰਾ ਉਸਰਿਆ ਹੋਇਆ ਹੈ। ਬੜੇ ਚਾਵਾਂ ਤੇ ਮਲਾਰਾਂ ਨਾਲ ਮਾਤਾ ਨਾਨਕੀ ਜੀ, ਗੁਜਰੀ ਜੀ ਦੀ ਡੋਲੀ ਆਪਣੇ ਨਿਵਾਸ ਅਸਥਾਨ ਦੇ ਮਹੱਲਾਂ ਵਿੱਚ ਲੈ ਆਏ।

ਅਗਲੇ ਸਾਲ ਸੰਨ 1635 ਨੂੰ ਗੁਰੂ ਸਾਹਿਬ ਨੂੰ ਗੁਰੂ ਘਰ ਦੇ ਵਿਰੋਧੀਆਂ, ਸਮੇਂ ਦੇ ਹਾਕਮ ਵਰਗ ਤੇ ਪੈਂਦੇ ਖ਼ਾਂ ਦੀ ਮਿਲਵੀਂ ਤਾਕਤ ਨਾਲ ਕਰਤਾਰਪੁਰ ਰਹਿੰਦਿਆਂ ਚੌਥਾ ਜੰਗ ਲੜਨਾ ਪਿਆ। ਜਦ ਹਮਲੇ ਦੀ ਖ਼ਬਰ ਮਿਲੀ ਤਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਸਿੱਖ ਸੈਨਿਕਾਂ ਨੂੰ ਮੁਕਾਬਲੇ ਲਈ ਤਿਆਰ ਕੀਤਾ। ਸ੍ਰੀ ਤੇਗ ਬਹਾਦਰ ਜੀ ਮਾਤਾ ਨਾਨਕੀ ਜੀ ਦਾ ਅਸ਼ੀਰਵਾਦ ਤੇ ਥਾਪੜਾ ਲੈ ਕੇ ਜੰਗ ਵਿੱਚ ਜਾਣ ਲਈ ਗੁਰਦੇਵ ਪਿਤਾ ਸਾਹਮਣੇ

ਆ ਖੜੇ ਹੋਏ। ਆਪਣੇ ਸਪੁੱਤਰ ਨੂੰ ਸ਼ਸਤਰਾਂ ਨਾਲ ਸਜੇ ਵੇਖ ਕੇ ਗੁਰਦੇਵ ਪਿਤਾ ਨੇ ਸਿੱਖ ਸੈਨਿਕ ਟੁਕੜੀ ਦਾ ਮੁਖੀ ਥਾਪਿਆ। ਬੜੀ ਘਮਸਾਨ ਦੀ ਲੜਾਈ ਹੋਈ। ਇਸ ਲੜਾਈ ਵਿੱਚ ਸ੍ਰੀ ਤੇਗ ਬਹਾਦਰ ਨੇ ਸਿਖੀ ਹੋਈ ਸ਼ਸਤਰ ਵਿਦਿਆ ਅਨੁਸਾਰ ਅਜਿਹੀ ਤਲਵਾਰ ਚਲਾਈ, ਜਿਸ ਦੇ ਫਲਸਰੂਪ ਹਮਲਾਵਰਾਂ ਦਾ ਚੋਖਾ ਨੁਕਸਾਨ ਹੋਇਆ। ਉਹ ਮੈਦਾਨ ਵਿਚੋਂ ਭੱਜ ਨਿਕਲੇ। ਜਦ ਯੁੱਧ ਜਿੱਤ ਕੇ ਸ੍ਰੀ ਤੇਗ ਬਹਾਦਰ ਜੀ ਗੁਰੂ ਦਰਬਾਰ ਵਿੱਚ ਪਹੁੰਚੇ ਤਾਂ ਗੁਰਦੇਵ ਪਿਤਾ ਨੇ ਗਲਵਕੜੀ ਵਿੱਚ ਲੈ ਕੇ ਬੜੇ ਪਿਆਰ ਨਾਲ ਥਾਪੜਾ ਦਿੱਤਾ। ਮਾਤਾ ਨਾਨਕੀ ਜੀ ਨੂੰ ਆਪਣੇ ਸਾਹਿਬਜ਼ਾਦੇ ਦੀ ਇਸ ਬੀਰਤਾ ਤੇ ਬੇਹੱਦ ਖ਼ੁਸ਼ ਹੋਈ ਤੇ ਸ੍ਰੀ ਤੇਗ ਬਹਾਦਰ ਜੀ ਦੀ ਯੁੱਧ ਵਿੱਚ ਪਹਿਲੀ ਸਫਲਤਾ ਤੇ ਅਕਾਲ ਪੁਰਖ ਦਾ ਧੰਨਵਾਦ ਕੀਤਾ। ਕਈ ਇਤਿਹਾਸਕਾਰ ਲਿਖਦੇ ਹਨ ਕਿ ਸ੍ਰੀ ਤੇਗ ਬਹਾਦਰ ਜੀ ਦਾ ਪਹਿਲਾਂ ਨਾਂ ਤਿਆਗ ਮੱਲ ਸੀ, ਪਰ ਕਰਤਾਰਪੁਰ ਦੇ ਯੁੱਧ ਵਿੱਚ ਬੀਰਤਾ ਦੇ ਜੌਹਰ ਦਿਖਾ ਕੇ ਜਦ ਉਹ ਗੁਰਦੇਵ ਪਿਤਾ ਦੇ ਹਜ਼ੂਰ ਆਏ ਤਾਂ ਉਹਨਾਂ ਨੇ ਖ਼ੁਸ਼ੀ ਪ੍ਰਗਟ ਕਰਦਿਆਂ ਕਿਹਾ ਹੁਣ ਤਿਆਗ ਮੱਲ ਦੀ ਥਾਂ ਤੇਗ ਬਹਾਦਰ ਨਾਂ ਜ਼ਿਆਦਾ ਢੁੱਕਦਾ ਹੈ। ਉਸੇ ਦਿਨ ਤੋਂ ਆਪ ਦਾ ਨਾਂ ਤੇਗ ਬਹਾਦਰ ਹੋ ਗਿਆ। ਸਭ ਤੋਂ ਪਹਿਲਾਂ ਮਾਤਾ ਨਾਨਕੀ ਨੇ ਹੀ ਗੁਰਦੇਵ ਪਤੀ ਦੇ ਬਚਨਾਂ ਅਨੁਸਾਰ ਆਪਣੇ ਸਾਹਿਬਜ਼ਾਦੇ ਨੂੰ ਤੇਗ ਬਹਾਦਰ ਕਹਿ ਕੇ ਬੁਲਾਇਆ। ਸੰਨ 1639 ਤੱਕ ਕਰਤਾਰਪੁਰ ਰਹਿ ਕੇ ਗੁਰੂ ਪਰਿਵਾਰ ਕੀਰਤਪੁਰ ਆ ਗਿਆ।

ਕੀਰਤਪੁਰ ਗੁਰੂ ਹਰਿਗੋਬਿੰਦ ਸਾਹਿਬ ਦਾ ਵਸਾਇਆ ਉਹ ਇਤਿਹਾਸਕ ਨਗਰ ਹੈ, ਜਿਥੇ ਪਹਿਲਾਂ ਗੁਰੂ ਨਾਨਕ ਦੇਵ ਜੀ ਆਏ ਸਨ ਤੇ ਬੁੱਢਣ ਸ਼ਾਹ ਨੂੰ ਫਿਰ ਦਰਸ਼ਨ ਦੇਣ ਲਈ ਵਚਨ ਕਰ ਗਏ ਸਨ। ਕਰਤਾਰਪੁਰ ਰਹਿੰਦਿਆਂ ਵੱਡੇ ਸਾਹਿਬਜ਼ਾਦੇ ਗੁਰਦਿੱਤਾ ਜੀ ਨੂੰ ਇਹ ਨਗਰ ਵਸਾਉਣ ਲਈ ਭੇਜਿਆ ਸੀ। ਫਿਰ ਗੁਰੂ ਸਾਹਿਬ ਦੇ ਆਦੇਸ਼ ਅਨੁਸਾਰ ਜਦ ਗੁਰੂ ਪਰਿਵਾਰ ਕੀਰਤਪੁਰ ਵਿੱਚ ਆਇਆ ਤਾਂ ਉਸ ਸਮੇਂ ਮਾਤਾ ਨਾਨਕੀ ਆਪਣੇ ਸਾਹਿਬਜ਼ਾਦੇ ਸ੍ਰੀ ਤੇਗ ਬਹਾਦਰ ਅਤੇ ਨੂੰਹ ਗੁਜਰੀ ਜੀ ਨਾਲ ਕੀਰਤਪੁਰ ਦੇ ਵਾਸੀ ਬਣੇ। ਜਿਸ ਤਰ੍ਹਾਂ ਦੀ ਸੇਵਾ ਸੰਭਾਲ ਦੀ ਜ਼ਿੰਮੇਵਾਰੀ ਅੰਮ੍ਰਿਤਸਰ ਤੇ ਕਰਤਾਰਪੁਰ ਵਿੱਚ ਨਿਭਾਉਂਦੇ ਰਹੇ, ਉਸੇ ਤਰ੍ਹਾਂ ਦੀ ਜ਼ਿੰਮੇਵਾਰੀ ਇੱਥੇ ਵੀ ਜਾਰੀ ਰੱਖੀ।

ਸੰਨ 1644 ਵਿੱਚ ਆਪ ਜਗਤ ਫੇਰੀ ਦਾ ਸਮਾਂ ਸਮਾਪਤ ਹੁੰਦਾ ਅਨੁਭਵ ਕਰਕੇ ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖ ਸੰਗਤਾਂ ਦਾ ਬਹੁਤ ਵੱਡਾ ਇਕੱਠ ਬੁਲਾਇਆ ਤੇ ਉਸ ਵਿੱਚ ਆਪਣੇ ਛੋਟੇ ਪੋਤਰੇ ਸ੍ਰੀ ਹਰਿ ਰਾਇ ਜੀ ਨੂੰ ਗੁਰਗੱਦੀ ਦਾ ਹੱਕਦਾਰ ਬਣਾਇਆ। ਪੰਜ ਪੈਸੇ ਤੇ ਨਾਰੀਅਲ ਪੋਤਰੇ ਨੂੰ ਭੇਂਟ ਕਰਕੇ ਸਤਵੀਂ ਨਾਨਕ-ਜੋਤ ਬਣਾ ਦਿੱਤਾ। ਇਤਿਹਾਸਕਾਰ ਲਿਖਦੇ ਹਨ ਕਿ ਗੁਰੂ ਹਰਿਗੋਬਿੰਦ ਸਾਹਿਬ ਦੇ ਦੋ ਸਾਹਿਬਜ਼ਾਦਿਆਂ ਸੂਰਜ ਮੱਲ ਜੀ ਤੇ ਸ੍ਰੀ ਤੇਗ ਬਹਾਦਰ ਇਸ ਸਮੇਂ ਦੀਵਾਨ ਵਿੱਚ ਮੌਜੂਦ ਸਨ ਤੇ ਦੋਹਾਂ ਨੇ ਸਤਵੀਂ ਨਾਨਕ-ਜੋਤ ਬਣੇ ਸ੍ਰੀ ਗੁਰੂ ਹਰਿ ਰਾਏ ਜੀ ਨੂੰ ਨਮਸਕਾਰ ਕੀਤਾ। ਇਸ ਸਮੇਂ ਦੋਹਾਂ ਸਾਹਿਬਜ਼ਾਦਿਆਂ ਨੇ ਨਾਂਹ ਤਾਂ ਕੋਈ ਅਸੰਤੋਸ਼ ਪ੍ਰਗਟ ਕੀਤਾ ਤੇ ਨਾ ਹੀ ਗੁਰਗੱਦੀ ਲਈ ਧੀਰਮਲ ਵਾਂਗ ਕੋਈ ਰੋਸ ਪ੍ਰਗਟ ਕੀਤਾ। ਇਤਿਹਾਸਕਾਰ ਲਿਖਦੇ ਹਨ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਪਤਨੀ ਤੇ ਸ੍ਰੀ ਤੇਗ ਬਹਾਦਰ ਦੀ ਮਾਤਾ ਨਾਨਕੀ ਜੀ ਨੇ ਇਸ ਮੌਕੇ ਤੇ ਪੁੱਛਿਆ ਕਿ ਸਾਡੇ ਲਈ ਕੀ ਆਦੇਸ਼ ਹੈ, ਤਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਆਗਿਆ ਕੀਤੀ ਕਿ ਤੁਸੀਂ ਆਪਣੇ ਸਪੁੱਤਰ ਅਤੇ ਨੂੰਹ ਨੂੰ ਲੈ ਕੇ ਆਪਣੇ ਪੇਕੇ ਪਿੰਡ ਬਕਾਲੇ ਚਲੇ ਜਾਓ। ਇਤਿਹਾਸ

ਵਿੱਚ ਲਿਖਿਆ ਹੈ ਕਿ : "ਤੁਸੀਂ ਬਕਾਲੇ ਨਿਵਾਸ ਰੱਖੋ, ਹਰਿਗੋਬਿੰਦ ਪੁਰੇ ਦਾ ਸਾਰਾ ਇਲਾਕਾ ਤੇਗ ਬਹਾਦਰ ਦੇ ਅਧੀਨ ਰਹੇਗਾ। ਕੁਰਬਾਨੀ ਦੇ ਪੁਤਲੇ ਤੇਗ ਬਹਾਦਰ ਦੀ ਸਾਧਨਾ ਤੇ ਤਪੱਸਿਆ ਦੀ ਸਾਰੀ ਸ੍ਰਿਸ਼ਟੀ ਵਿੱਚ ਚਰਚਾ ਹੋਵੇਗੀ। ਇਹਨਾਂ ਦਾ ਮਾਣ ਵਡਿਆਈ ਵੀ ਅਪਾਰ ਹੋਵੇਗੀ। ਹੁਕਮ ਅੰਦਰ ਰਹੋ, ਜਿਸ ਵਸਤ ਦੇ ਚਾਹਵਾਨ ਹੋ ਉਸ ਦੇ ਪਿੱਛੇ ਦੌੜਨ ਦੀ ਲੋੜ ਨਹੀਂ, ਉਹ ਧੁਰ ਦਰਗਾਹ ਦੀ ਦਾਤ ਹੈ, ਤੁਹਾਡੇ ਘਰ ਹੀ ਪਹੁੰਚੇਗੀ--ਜਦ ਨਿਰੰਕਾਰ ਦਾ ਹੁਕਮ ਹੋਇਆ।"

ਗੁਰੂ ਹਰਿਗੋਬਿੰਦ ਸਾਹਿਬ 3 ਮਾਰਚ 1644 ਈ. ਨੂੰ ਐਤਵਾਰ ਵਾਲੇ ਦਿਨ ਜੋਤੀ ਜੋਤ ਸਮਾ ਗਏ। ਸੰਗਤਾਂ ਬਹਿਬਲ ਹੋ ਉੱਠੀਆਂ। ਸ੍ਰੀ ਤੇਗ ਬਹਾਦਰ ਜੀ ਨੇ ਗੁਰਦੇਵ ਪਿਤਾ ਦੇ ਜੋਤੀ ਜੋਤ ਸਮਾਉਣ ਦੇ ਦ੍ਰਿਸ਼ ਨੂੰ ਜਦ ਵੇਖਿਆ ਤਾਂ ਉਹਨਾਂ ਉਤੇ ਡੂੰਘਾ ਅਸਰ ਹੋਇਆ, ਪਰ ਭਾਣਾ ਮੰਨਣ ਦੀ ਸ਼ਕਤੀ ਦਾ ਸਬਕ ਉਹਨਾਂ 23 ਸਾਲ ਪਹਿਲਾਂ ਸਿਖਿਆ ਸੀ। ਉਸ ਕਾਰਨ ਉਹ ਸਬਰ ਸੰਤੋਖ ਨਾਲ ਪੂਰਨ ਸ਼ਾਂਤ ਰਹੇ ਤੇ ਗੁਰੂ ਹਰਿਰਾਇ ਤੋਂ ਆਗਿਆ ਲੈ ਕੇ ਉਹਨਾਂ ਦੇ ਹੁਕਮ ਅਨੁਸਾਰ ਆਪਣੀ ਮਾਤਾ ਨਾਨਕੀ ਜੀ ਤੇ ਸੁਪਤਨੀ ਗੁਜਰੀ ਜੀ ਨੂੰ ਨਾਲ ਲੈ ਕੇ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ ਲਈ ਚਲ ਪਏ।

ਬਕਾਲੇ ਵਿੱਚ ਮਾਤਾ ਨਾਨਕੀ ਦੇ ਪੇਕੇ ਪਰਿਵਾਰ ਨੇ ਗੁਰੂ ਪਰਿਵਾਰ ਨੂੰ ਜੀ ਆਇਆਂ ਆਖਿਆ ਤੇ ਇਹਨਾਂ ਦੀ ਇੱਛਾ ਅਨੁਸਾਰ ਇਕ ਵੱਖਰਾ ਘਰ ਸੌਂਪ ਦਿੱਤਾ। ਇਹਨਾਂ ਲਈ ਖਾਣ-ਪੀਣ ਦਾ ਸਾਮਾਨ, ਕੱਪੜੇ ਆਦਿ ਤੇ ਹੋਰ ਜ਼ਰੂਰੀ ਲੋੜਾਂ ਦਾ ਪ੍ਰਬੰਧ ਕਰ ਦਿੱਤਾ। ਤਪੱਸਵੀ ਸ੍ਰੀ ਤੇਗ ਬਹਾਦਰ ਜੀ ਇਕਾਂਤ ਵਿੱਚ ਪ੍ਰਭੂ ਭਗਤੀ ਵਿੱਚ ਲੀਨ ਰਹਿਣਾ ਚਾਹੁੰਦੇ ਸਨ। ਉਹਨਾਂ ਰਿਹਾਇਸ਼ ਅਸਥਾਨ ਦੇ ਨੇੜੇ ਬਣੇ ਭੌਰੇ ਵਿੱਚ ਆਪਣਾ ਭਜਨ ਬੰਦਗੀ ਨਾਲ ਸਮਾਂ ਬਿਤਾਉਣਾ ਸ਼ੁਰੂ ਕਰ ਦਿੱਤਾ। ਮਾਤਾ ਗੁਜਰੀ ਜੀ ਸਾਰਾ ਸਮਾਂ ਭੌਰੇ ਦੇ ਬਾਹਰ ਬੈਠੇ ਨਾਮ ਸਿਮਰਨ ਕਰਦੇ ਰਹਿੰਦੇ ਤੇ ਇਸ ਉਡੀਕ ਵਿੱਚ ਰਹਿੰਦੇ ਕਿ ਕਦੋਂ ਅੰਦਰੋਂ ਆਵਾਜ਼ ਆਏ ਤੇ ਉਹ ਹੁਕਮ ਦੀ ਪਾਲਨਾ ਕਰਨ। ਮਾਤਾ ਨਾਨਕੀ ਜੀ ਘਰ ਪਰਿਵਾਰ ਦਾ ਬਾਕੀ ਕੰਮ ਕਰਦੇ, ਮਿਲਣ ਆਉਣ ਵਾਲਿਆਂ ਨਾਲ ਬਚਨ ਬਿਲਾਸ ਕਰਦੇ ਤੇ ਗੁਰਮਤਿ ਜੀਵਨ ਜਾਚ ਬਾਰੇ, ਜੋ ਗੁਰੂ ਮਹਿਲ ਬਣ ਕੇ ਸਿਖਿਆ ਉਹ ਦੂਜਿਆਂ ਨੂੰ ਸਮਝਾਉਂਦੇ। ਇਸ ਤਰ੍ਹਾਂ ਲਗਭਗ ਵੀਹ ਸਾਲ ਦਾ ਸਮਾਂ ਬਕਾਲੇ ਵਿੱਚ ਰਹਿੰਦਿਆਂ ਗੁਰੂ ਪਰਿਵਾਰ ਦਾ ਬੀਤਿਆ।

ਜਦ 1663 ਈ. ਨੂੰ ਗੁਰੂ ਹਰਿਕ੍ਰਿਸ਼ਨ ਸਾਹਿਬ ਦਿੱਲੀ ਵਿੱਚ ਜੋਤ ਜੋਤ ਸਮਾਉਣ ਤੋਂ ਪਹਿਲਾਂ ਗੁਰਦੁਆਰਾ ਬੰਗਲਾ ਸਾਹਿਬ ਵਾਲੇ ਸਥਾਨ ਤੇ ਬਿਮਾਰ ਹਾਲਤ ਵਿੱਚ ਸਨ ਤਾਂ ਸਿੱਖਾਂ ਨੇ ਅੰਤਿਮ ਸਮਾਂ ਸਮਝ ਕੇ ਪੁੱਛਿਆ, "ਸਾਨੂੰ ਕਿਸ ਦੇ ਲੜ ਲਾ ਚਲੇ ਹੋ ?" ਤਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਪੰਜ ਪੈਸੇ ਤੇ ਨਾਰੀਅਲ ਮੰਗਵਾ ਕੇ ਇਤਨੇ ਸ਼ਬਦ ਆਖੇ, "ਬਾਬਾ ਬਕਾਲੇ।" ਸਿੱਖ ਸਮਝ ਗਏ ਕਿ ਨੌਵੀਂ ਨਾਨਕ-ਜੋਤ ਬਣਨ ਵਾਲੀ ਸ਼ਖ਼ਸੀਅਤ ਪਿੰਡ ਬਕਾਲੇ ਵਿੱਚ ਹੈ। ਨਜ਼ਦੀਕੀ ਸਿੱਖ ਨਾਰੀਅਲ ਤੇ ਪੰਜ ਪੈਸੇ ਲੈ ਕੇ ਬਕਾਲੇ ਵੱਲ ਨੂੰ ਚਲ ਪਏ। ਉਥੇ ਗੁਰੂ ਬਣਨ ਦੇ ਚਾਹਵਾਨ ਧੀਰਮੱਲ ਸਮੇਤ 22 ਸੋਢੀ ਮੰਜੀਆਂ ਡਾਹ ਕੇ ਬੈਠੇ ਹੋਏ ਸਨ। ਭਾਰੀ ਗਿਣਤੀ ਵਿੱਚ ਸਿੱਖ ਸੰਗਤਾਂ ਵੀ ਬਕਾਲੇ ਪਹੁੰਚ ਗਈਆਂ। ਅਖ਼ੀਰ ਮੱਖਣ ਸ਼ਾਹ ਲੁਬਾਣੇ ਦੀ ਪ੍ਰੀਖਿਆ ਵਿੱਚ ਅਖਾਉਤੀ ਗੁਰੂ ਬਣੇ ਸਾਰੇ ਫੇਲ੍ਹ ਹੋ ਗਏ। ਭੌਰੇ ਵਿੱਚ ਸ੍ਰੀ ਤੇਗ ਬਹਾਦਰ ਜੀ ਦੇ ਹਜ਼ੂਰ ਆਇਆ ਤਾਂ ਉਹਦੀ ਪਰਖ ਸਫ਼ਲ ਹੋਈ। ਉਹਨੇ ਕੋਠੇ 'ਤੇ ਚੜ੍ਹ ਕੇ ਉੱਚੀ ਆਵਾਜ਼ ਵਿੱਚ ਕਿਹਾ, "ਗੁਰੂ ਲਾਧੋ ਰੇ, ਗੁਰੂ ਲਾਧੋ ਰੇ"। ਗੁਰੂ ਦਰਸ਼ਨਾਂ

ਲਈ ਭਟਕ ਰਹੀਆਂ ਸਿੱਖ ਸੰਗਤਾਂ ਤੁਰੰਤ ਉਥੇ ਪਹੁੰਚ ਗਈਆਂ। ਇਉਂ ਭੌਰੇ ਦੇ ਨੇੜੇ ਜਿਸ ਅਸਥਾਨ ਤੇ ਗੁਰੂ ਤੇਗ ਬਹਾਦਰ ਜੀ ਨੂੰ ਬਿਰਾਜਮਾਨ ਕਰਕੇ ਦਿੱਲੀ ਤੋਂ ਆਏ ਸਿੱਖਾਂ ਨੇ ਨਾਰੀਅਲ ਤੇ ਪੰਜ ਪੈਸੇ ਰੱਖ ਕੇ ਮੱਥਾ ਟੇਕਿਆ, ਗੁਰਿਆਈ ਦਾ ਤਿਲਕ ਲਾਇਆ। ਇਉਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੌਵੀਂ ਨਾਨਕ-ਜੋਤ ਬਣ ਗਏ। ਉਸ ਦਿਨ ਤੋਂ ਬਕਾਲੇ ਦਾ ਨਾਂ ਬਾਬਾ ਬਕਾਲਾ ਪ੍ਰਸਿੱਧ ਹੋਇਆ।

ਮਾਤਾ ਨਾਨਕੀ ਤੇ ਮਾਤਾ ਗੁਜਰੀ ਜੀ ਪ੍ਰਭੂ ਦੇ ਸ਼ੁਕਰਾਨੇ ਵਿੱਚ ਹੱਥ ਜੋੜ ਕੇ ਅਰਦਾਸਾਂ ਕਰ ਰਹੇ ਸਨ। ਮਾਤਾ ਨਾਨਕੀ ਨੂੰ ਗੁਰਦੇਵ ਪਤੀ ਦੇ ਉਹ ਬਚਨ ਯਾਦ ਆਏ, ਜਦ ਬਾਲਕ ਤੇਗ ਬਹਾਦਰ ਜੀ ਦੇ ਪਹਿਲੀ ਵਾਰ ਦਰਸ਼ਨ ਕਰਦਿਆਂ ਸੰਨ 1621 ਵਿੱਚ ਉਚਾਰੇ ਸਨ। ਫਿਰ ਉਹਨਾਂ ਸਾਹਮਣੇ ਉਹ ਬਚਨ ਗੂੰਜਣ ਲੱਗ ਪਏ ਜੋ ਉਹਨਾਂ ਕੀਰਤਪੁਰ ਵਿੱਚ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਉਹਨਾਂ ਨੇ ਆਪਣੇ ਸਾਹਿਬਜ਼ਾਦੇ ਬਾਰੇ ਆਖੇ ਸਨ।

ਗੁਰੂ ਤੇਗ ਬਹਾਦਰ ਜੀ ਅੰਮ੍ਰਿਤਸਰ ਤੇ ਗੋਇੰਦਵਾਲ ਤੋਂ ਹੋ ਕੇ ਜਦ ਵਾਪਸ ਬਾਬੇ ਬਕਾਲੇ ਆਏ ਤਾਂ ਉਹਨਾਂ ਕੀਰਤਪੁਰ ਜਾਣ ਦਾ ਪ੍ਰੋਗਰਾਮ ਬਣਾ ਲਿਆ। ਮਾਤਾ ਨਾਨਕੀ ਜੀ ਤੇ ਮਾਤਾ ਗੁਜਰੀ ਸਮੇਤ ਉਹ ਕੀਰਤਪੁਰ ਆਏ, ਪਰ ਇਥੇ ਉਹਨਾਂ ਵੇਖਿਆ ਕਿ ਸੋਢੀਆਂ ਨੇ ਬਹੁਤ ਸਾਰੀਆਂ ਇਤਿਹਾਸਕ ਥਾਵਾਂ ਤੇ ਕਬਜ਼ਾ ਕੀਤਾ ਹੋਇਆ ਹੈ ਤੇ ਇਥੋਂ ਦਾ ਵਾਤਾਵਰਣ ਉਹਨਾਂ ਦੇ ਸੁਭਾਅ ਦੇ ਅਨੁਕੂਲ ਨਹੀਂ। ਉਹਨਾਂ ਕੋਹਿਲੂਰ ਦੇ ਰਾਜੇ ਤੋਂ ਜ਼ਮੀਨ ਖ਼ਰੀਦ ਕੇ ਨਵਾਂ ਨਗਰ ਵਸਾਉਣ ਦਾ ਫ਼ੈਸਲਾ ਕੀਤਾ। ਜਦ ਇਹ ਨਗਰ ਵਸਣਾ ਸ਼ੁਰੂ ਹੋਇਆ ਤਾਂ ਇਸ ਦਾ ਨਾਂ ਉਹਨਾਂ ਆਪਣੀ ਮਾਤਾ ਨਾਨਕੀ ਦੇ ਨਾਂ ਤੇ 'ਨਾਨਕੀ ਚੱਕ' ਰੱਖਿਆ। ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਨਾਨਕੀ ਚੱਕ ਦਾ ਨਾਂ ਅਨੰਦਪੁਰ ਰੱਖਿਆ। ਇਸੇ ਅਨੰਦਪੁਰ ਵਿੱਚ 1699 ਵਿੱਚ ਖ਼ਾਲਸੇ ਦੀ ਸਾਜਨਾ ਕੀਤੀ ਤੇ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ।

ਜਦ ਗੁਰੂ ਤੇਗ ਬਹਾਦਰ ਜੀ ਭਾਰਤ ਭਰ ਦੀ ਯਾਤਰਾ ਲਈ ਅਨੰਦਪੁਰ ਤੋਂ ਚਲੇ ਤਾਂ ਮਾਤਾ ਨਾਨਕੀ ਸਮੇਤ ਸਾਰਾ ਗੁਰੂ ਪਰਿਵਾਰ ਉਹਨਾਂ ਦੇ ਨਾਲ ਸੀ। ਪਟਨੇ ਪਹੁੰਚ ਕੇ ਗੁਰੂ ਤੇਗ ਬਹਾਦਰ ਜੀ ਪਰਿਵਾਰ ਨੂੰ ਉਥੇ ਛੱਡ ਕੇ ਆਪ ਬੰਗਾਲ ਤੇ ਅਸਾਮ ਦੀ ਯਾਤਰਾ ਲਈ ਚਲੇ ਗਏ। ਪਟਨੇ ਵਿੱਚ ਹੀ ਸੰਨ 1666 ਨੂੰ ਮਾਤਾ ਗੁਜਰੀ ਦੀ ਕੁਖੋਂ ਗੁਰੂ ਗੋਬਿੰਦ ਸਿੰਘ ਦਾ ਜਨਮ ਹੋਇਆ। ਉਸ ਸਮੇਂ ਮਾਤਾ ਗੁਜਰੀ ਪਾਸ ਪਰਿਵਾਰ ਦੀ ਦੇਖ ਰੇਖ ਲਈ ਮਾਤਾ ਨਾਨਕੀ ਜੀ ਮੌਜੂਦ ਸਨ। ਉਹ ਪੋਤਰੇ ਦੇ ਦਰਸ਼ਨ ਕਰਕੇ ਅਤਿਅੰਤ ਪ੍ਰਸੰਨ ਹੋਏ। ਬੜੇ ਚਾਅ ਨਾਲ ਦਰਸ਼ਨਾਂ ਲਈ ਆਉਂਦੇ ਲੋਕਾਂ ਨੂੰ ਜੀ ਆਇਆਂ ਕਹਿੰਦੇ ਅਤੇ ਪ੍ਰਸ਼ਾਦ ਵੰਡਦੇ।

ਸੰਨ 1675 ਵਿੱਚ ਗੁਰੂ ਤੇਗ ਬਹਾਦਰ ਜੀ ਦਿੱਲੀ ਵਿੱਚ ਸ਼ਹੀਦ ਕੀਤੇ ਗਏ। ਭਾਈ ਜੈਤਾ ਉਹਨਾਂ ਦਾ ਸੀਸ ਲੈ ਕੇ ਜਦ ਅਨੰਦਪੁਰ ਸਾਹਿਬ ਪਹੁੰਚਿਆ ਤਾਂ ਮਾਤਾ ਨਾਨਕੀ ਜੀ ਇਕ ਪਾਸੇ ਭਰੇ ਦਿਲ ਨਾਲ ਪੁੱਤਰ ਦੀ ਸ਼ਹੀਦੀ ਵੇਖ ਰਹੇ ਸਨ ਤੇ ਦੂਜੇ ਪਾਸੇ ਉਹਨਾਂ ਨੂੰ ਫਿਰ ਯਾਦ ਆ ਰਿਹਾ ਸੀ ਕਿ ਗੁਰਦੇਵ ਪਤੀ ਨੇ ਬਹੁਤ ਚਿਰ ਪਹਿਲਾਂ ਇਹ ਭਵਿੱਖਵਾਣੀ ਕੀਤੀ ਸੀ ਕਿ ਉਹਨਾਂ ਦੇ ਸਪੁੱਤਰ ਨੇ ਧਰਮ ਰੱਖਿਅਕ ਬਣ ਕੇ ਬਹੁਤ ਵੱਡਾ ਇਤਿਹਾਸਕ ਕਾਰਜ ਕਰਨਾ ਹੈ।

ਇਸ ਸ਼ਹੀਦੀ ਤੋਂ ਤਿੰਨ ਸਾਲ ਮਗਰੋਂ ਸੰਨ 1678 ਨੂੰ ਮਾਤਾ ਨਾਨਕੀ ਜੀ ਕੀਰਤਪੁਰ ਵਿੱਚ ਅਕਾਲ ਚਲਾਣਾ ਕਰ ਗਏ। ਮਾਤਾ ਨਾਨਕੀ ਰੱਬ ਦੀ ਰਜ਼ਾ ਵਿੱਚ ਰਹਿ ਕੇ ਜੀਊਣ ਵਾਲੀ ਦੇਸ਼ ਦੀ ਮਹਾਨ ਨਾਰੀ ਸੀ।

ਮਾਤਾ ਮਹਾਂਦੇਵੀ ਜੀ

ਛੇਵੀਂ ਨਾਨਕ-ਜੋਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਤਿੰਨ ਮਹਿਲਾਂ ਦਾ ਇਤਿਹਾਸਕਾਰ, ਸਾਖੀਕਾਰ ਤੇ ਜੀਵਨੀ ਲੇਖਕ ਵਰਨਣ ਕਰਦੇ ਹਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਪਹਿਲਾ ਵਿਆਹ ਦਮੋਦਰੀ ਜੀ ਨਾਲ ਹੋਇਆ, ਦੂਜਾ ਵਿਆਹ ਮਾਤਾ ਨਾਨਕੀ ਜੀ ਨਾਲ ਹੋਇਆ ਲਿਖਿਆ ਹੈ। ਤੀਜਾ ਵਿਆਹ ਮਾਤਾ ਮਹਾਂਦੇਵੀ ਜੀ ਨਾਲ ਹੋਇਆ ਲਿਖਿਆ ਮਿਲਦਾ ਹੈ। ਮਹਾਂਦੇਵੀ ਜੀ ਦੇ ਪਿਤਾ ਮਰਵਾਹਾ ਸਨ, ਜਿਸ ਕਰਕੇ ਮਹਾਂਦੇਵੀ ਜੀ ਨੂੰ ਮਰਵਾਹੀ ਵੀ ਆਖਿਆ ਜਾਂਦਾ ਸੀ।

ਮਹਾਂਦੇਵੀ (ਮਰਵਾਹੀ) ਦੇ ਜੀਵਨ ਬਾਰੇ ਬਹੁਤ ਘਟ ਲਿਖਿਆ ਮਿਲਦਾ ਹੈ, ਜਿਵੇਂ ਦੂਜੇ ਗੁਰੂ ਮਹਿਲਾਂ ਦੇ ਜਨਮ ਸਮੇਂ ਤੇ ਬਾਲਪਨ ਦੀਆਂ ਜੀਵਨ ਕਥਾਵਾਂ ਲਿਖਣ ਦਾ ਰਿਵਾਜ ਨਹੀਂ ਸੀ, ਉਸੇ ਮਾਹੌਲ ਦੇ ਕਾਰਨ ਇਤਿਹਾਸਕਾਰਾਂ ਨੇ ਮਹਾਂਦੇਵੀ ਜੀ ਦੇ ਬਾਰੇ ਘਟ ਵਰਨਣ ਕੀਤਾ ਹੈ। ਗੁਰੂ ਮਹਿਲਾਂ ਬਾਰੇ ਆਮ ਕਰਕੇ ਜਾਣਕਾਰੀ ਵਿਆਹ ਦੇ ਪਿਛੋਂ ਦੇ ਜੀਵਨ ਸਮੇਂ ਨਾਲ ਸਬੰਧਤ ਹੀ ਵਰਣਿਤ ਹੁੰਦੀ ਹੈ। ਅਸੀਂ ਇਕ ਹੋਰ ਗੱਲ ਗੁਰੂ ਮਹਿਲਾਂ ਦੇ ਇਤਿਹਾਸ ਵਿਚੋਂ ਅਨੁਭਵ ਕੀਤੀ ਏ। ਜਿਤਨੀ ਕਿਸੇ ਗੁਰੂ ਮਹਿਲ ਦੀ ਸੰਤਾਨ ਮਹਾਨ ਨਿਕਲੀ ਉਤਨੀ ਮਹਾਨਤਾ ਤੇ ਵਿਸ਼ੇਸ਼ਤਾ ਉਸ ਗੁਰੂ ਮਹਿਲ ਨੂੰ ਮਿਲੀ। ਮਾਤਾ ਨਾਨਕੀ ਦਾ ਇਤਿਹਾਸ ਵਿੱਚ ਬਹੁਤਾ ਚਰਚਾ ਉਹਨਾਂ ਦੇ ਸਾਹਿਬਜ਼ਾਦੇ ਗੁਰੂ ਤੇਗ ਬਹਾਦਰ ਜੀ ਕਰਕੇ ਵੀ ਹੋਇਆ। ਬਾਬਾ ਗੁਰਦਿੱਤਾ ਜੀ ਕਰਕੇ ਉਹਨਾਂ ਦੀ ਮਾਤਾ ਦਮੋਦਰੀ ਜੀ ਬਾਰੇ ਇਤਿਹਾਸਕਾਰਾਂ ਨੇ ਘਟਨਾਵਾਂ ਉਲੀਕੀਆਂ ਹਨ। ਮਹਾਂਦੇਵੀ ਜੀ ਦਾ ਇਤਿਹਾਸ ਇਸੇ ਪੱਖੋਂ ਬਹੁਤ ਉਜਾਗਰ ਨਹੀਂ ਹੋਇਆ। ਉਹਨਾਂ ਦੀ ਸੰਤਾਨ ਇਕੋ ਇਕ ਸਪੁੱਤਰ ਸੂਰਜ ਮੱਲ ਜੀ ਸਨ, ਜਿਹਨਾਂ ਦਾ ਇਤਿਹਾਸ ਵਿੱਚ ਕੋਈ ਮਹੱਤਵ ਪੂਰਨ ਰੋਲ ਨਹੀਂ। ਜੇ ਉਹ ਕੋਈ ਵਿਸ਼ੇਸ਼ਤਾ ਪ੍ਰਾਪਤ ਕਰਦੇ ਤਾਂ ਨਿਸਚੇ ਹੀ ਉਹਨਾਂ ਦੀ ਮਾਤਾ ਦਾ ਨਾਂ ਵੀ ਇਤਿਹਾਸ ਵਿੱਚ ਆ ਜਾਂਦਾ।

ਮਰਵਾਹੀ ਜੀ ਦੇ ਮਾਤਾ ਪਿਤਾ ਅਤੇ ਜਨਮ ਤਾਰੀਖ਼ ਬਾਰੇ ਕੇਵਲ ਗਿਆਨੀ ਠਾਕਰ ਸਿੰਘ ਨੇ ਜਾਣਕਾਰੀ ਦਿੱਤੀ ਹੈ। ਉਹ ਆਪਣੀ ਪੁਸਤਕ 'ਸ੍ਰੀ ਗੁਰਦੁਆਰੇ ਦਰਸ਼ਨ' ਦੇ ਗੁਰੂ ਮਹਿਲ ਭਾਗ ਵਿੱਚ ਲਿਖਦੇ ਹਨ : "ਭਾਈ ਦਯਾ ਰਾਮ ਜਾਤ ਮਰਵਾਹੇ ਖੱਤਰੀ ਅਤੇ ਮਾਤਾ ਭਾਗਵੰਤੀ ਜੀ ਦੀ ਕੁਖੋਂ ਬੀਬੀ ਮਹਾਂਦੇਵੀ ਜੀ ਸੰਮਤ 1662 ਮਹੀਨਾ ਚੇਤ ਦਿਨ 26 ਸ਼ੁਕਰਵਾਰ ਨਗਰ ਮੰਡਿਆਲਾ, ਜ਼ਿਲਾ ਲਾਹੌਰ ਦੇਸ਼ ਮਾਝੇ ਵਿੱਚ ਜਨਮ ਹੋਇਆ।"

ਗਿਆਨੀ ਠਾਕਰ ਸਿੰਘ ਨੇ ਕੋਈ ਹਵਾਲਾ ਨਹੀਂ ਦਿੱਤਾ ਕਿ ਉਹਨਾਂ ਨੇ ਇਹ ਜਾਣਕਾਰੀ ਕਿੱਥੋਂ ਪ੍ਰਾਪਤ ਕੀਤੀ ਹੈ ਕਿ ਮਹਾਂਦੇਵੀ ਜੀ ਦੀ ਮਾਤਾ ਦਾ ਨਾਂ ਭਾਗਵੰਤੀ ਸੀ।

ਦੂਜਾ ਨਾਂ ਉਹਨਾਂ ਜਨਮ ਮਿਤੀ ਬਾਰੇ ਕਿਥੋਂ ਪੜ੍ਹਿਆ ਹੈ। ਅਸੀਂ ਗੁਰੂ ਮਹਿਲਾਂ ਦੇ ਇਤਿਹਾਸ ਨਾਲ ਸਬੰਧਤ ਇਕ ਦਰਜਨ ਪੁਸਤਕਾਂ ਵਾਚੀਆਂ ਹਨ ਪਰ ਨਾ ਤਾਂ ਕਿਧਰੇ ਮਹਾਂਦੇਵੀ ਜੀ ਦੀ ਮਾਤਾ ਦਾ ਨਾਂ ਦਰਜ ਵੇਖਿਆ ਹੈ ਤੇ ਨਾ ਉਹਨਾਂ ਦੀ ਜਨਮ ਮਿਤੀ ਬਾਰੇ ਕਿਧਰੋਂ ਪ੍ਰੋੜ੍ਹਤਾ ਨਜ਼ਰ ਪਈ ਹੈ। ਬਹੁਤੇ ਇਤਿਹਾਸਕਾਰ ਤੇ ਸਾਖੀ ਲੇਖਕ ਉਹਨਾਂ ਦੇ ਵਿਆਹ ਤੋਂ ਹੀ ਜੀਵਨ ਬਿਰਤਾਂਤ ਸ਼ੁਰੂ ਕਰਦੇ ਹਨ। ਬਹੁਤੀ ਥਾਈਂ ਦਯਾ ਰਾਮ ਜੀ ਦੇ ਘਰ ਪਿੰਡ ਮੰਡਿਆਲਾ ਲਿਖਿਆ ਮਿਲਦਾ ਹੈ, ਪਰ ਇਹ ਸੂਚਨਾ ਨਹੀਂ ਮਿਲਦੀ ਕਿ ਮੰਡਿਆਲਾ ਕਿਸ ਇਲਾਕੇ ਵਿੱਚ ਸਥਿਤ ਹੈ। ਇਹ ਸੂਚਨਾ ਵੀ ਗਿਆਨੀ ਠਾਕਰ ਸਿੰਘ ਦੀ ਉਪਰ ਦਿੱਤੀ ਲਿਖਤ ਤੋਂ ਹੀ ਮਿਲਦੀ ਹੈ ਕਿ ਮੰਡਿਆਲਾ ਮਾਝੇ ਦਾ ਨਗਰ ਜ਼ਿਲ੍ਹਾ ਲਾਹੌਰ ਵਿੱਚ ਹੈ।

ਮਹਾਂਦੇਵੀ ਜੀ ਦੇ ਬਾਲਪਨ ਦੇ ਜੀਵਨ ਬਾਰੇ ਵੀ ਕੁਝ ਨਹੀਂ ਲਿਖਿਆ ਮਿਲਦਾ। ਇਹ ਅਨੁਮਾਨ ਹੀ ਲਾਇਆ ਜਾ ਸਕਦਾ ਹੈ ਕਿ ਸਿੱਖੀ ਦੀ ਲੋਕ-ਲਹਿਰ ਨਾਲ ਜੁੜੇ ਅਥਵਾ ਗੁਰਮਤਿ ਦੇ ਜੀਵਨ ਸਿਧਾਂਤ ਨੂੰ ਕਬੂਲ ਚੁੱਕੇ ਪਰਿਵਾਰਾਂ ਦੀ ਹੀ ਸਾਂਝ ਗੁਰੂ ਘਰ ਨਾਲ ਸੀ। ਅਜਿਹੇ ਪਰਿਵਾਰ ਹੀ ਗੁਰੂ ਘਰ ਨਾਲ ਰਿਸ਼ਤੇਦਾਰੀ ਤੇ ਪਰਿਵਾਰਕ ਸਾਂਝ ਬਣਾਉਣ ਤੇ ਰੱਖਣ ਦੀ ਹਿੰਮਤ ਕਰ ਸਕਦੇ ਸਨ। ਗੁਰੂ ਅਰਜਨ ਦੇਵ ਜੀ ਦੀ ਲਾਹੌਰ ਵਿੱਚ ਹੋਈ ਸ਼ਹੀਦੀ ਪਿਛੋਂ ਸਮੇਂ ਦੀ ਹਕੂਮਤ ਦਾ ਡਰ-ਭੈਅ ਸਾਧਾਰਨ ਜਨਤਾ ਤੇ ਵਧਿਆ ਹੋਇਆ ਸੀ। ਇਹਨਾਂ ਹਾਲਾਤਾਂ ਵਿੱਖ ਸਿੱਖ ਪਰਿਵਾਰ ਹੀ ਗੁਰੂ ਘਰ ਨਾਲ ਰਿਸ਼ਤੇ-ਨਾਤੇ ਕਰਨ ਦਾ ਸਾਹਸ ਕਰ ਸਕਦੇ ਸਨ। ਜੋ ਸਾਹਸ ਦਯਾ ਰਾਮ ਜੀ ਮਰਵਾਹਾ ਨੇ ਕੀਤਾ। ਮਾਪਿਆਂ ਦੀ ਗੁਰੂ ਘਰ ਨਾਲ ਸਾਂਝ ਦਾ ਅਸਰ ਸੰਤਾਨ ਤੇ ਜ਼ਰੂਰ ਹੁੰਦਾ ਹੈ। ਬਾਲਪਨ ਵਿੱਚ ਮਹਾਂਦੇਵੀ ਜੀ ਵੀ ਚੇਤ ਜਾਂ ਅਚੇਤ ਸਿੱਖੀ ਨਾਲ ਜੁੜੇ ਅਥਵਾ ਕੁਝ ਨਾ ਕੁਝ ਰੰਗ ਚੜ੍ਹਦਾ ਰਿਹਾ। ਸੁਭਾਅ ਤੇ ਆਦਤਾਂ ਬਚਪਨ ਦੀ ਚੰਚਲਤਾਈ ਵਾਲੀਆਂ ਨਹੀਂ ਸਨ। ਪ੍ਰਭੂ ਸ਼ਕਤੀ ਵਿੱਚ ਵਿਸ਼ਵਾਸ ਤੇ ਧਾਰਮਕ ਭਾਵ ਇਤਨੇ ਉਜਾਗਰ ਸਨ ਕਿ ਜਦੋਂ ਮਾਪਿਆਂ ਨੇ ਉਸ ਦੇ ਰਿਸ਼ਤੇ ਬਾਰੇ ਸੋਚਣਾ ਸ਼ੁਰੂ ਕੀਤਾ ਤਾਂ ਉਹ ਇਸੇ ਸਿੱਟੇ ਤੇ ਪੁੱਜੇ ਕਿ ਆਪਣੀ ਬੱਚੀ ਦਾ ਭਵਿੱਖ ਗੁਰੂ ਘਰ ਨਾਲ ਜੋੜਨ ਲਈ ਯਤਨ ਕਰਨ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਮਹਾਂਦੇਵੀ ਜੀ ਦਾ ਗੁਰੂ ਹਰਿਗੋਬਿੰਦ ਸਾਹਿਬ ਨਾਲ ਵਿਆਹ 11 ਸਾਉਣ ਸੰਮਤ 1672 ਨੂੰ ਹੋਇਆ। ਪਰ ਗਿਆਨੀ ਠਾਕਰ ਸਿੰਘ ਇਸ ਸੂਚਨਾ ਨਾਲ ਸਹਿਮਤ ਨਹੀਂ। ਉਹਨਾਂ ਅਨੁਸਾਰ ਮਹਾਂਦੇਵੀ ਜੀ ਦਾ ਵਿਆਹ 1673 ਸੰਮਤ ਮਹੀਨਾ, 15 ਫਗਣ ਦਿਨ ਸੋਮਵਾਰ ਨੂੰ ਹੋਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਲੋਂ ਪ੍ਰਕਾਸ਼ਿਤ 'ਸਿੱਖ ਇਤਿਹਾਸ' ਵਿੱਚ ਪ੍ਰੋ. ਕਰਤਾਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ ਦੀ ਸੂਚਨਾ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਇਹ ਵਿਆਹ 11 ਸਾਉਣ ਸੰਮਤ 1672 ਨੂੰ ਹੋਇਆ ਸੀ। ਮਹਾਂਦੇਵੀ ਜੀ ਵੀ ਗੁਰੂ ਦੇ ਉਸੇ ਘਰ ਵਿੱਚ ਰਹਿੰਦੇ ਰਹੇ ਜਿੱਥੇ ਪਹਿਲੇ ਦੋਵੇਂ ਮਹਿਲ ਦਮੋਦਰੀ ਜੀ ਤੇ ਨਾਨਕੀ ਜੀ ਰਹਿ ਰਹੇ ਸਨ। ਗੁਰੂ ਪਰਿਵਾਰ ਦਾ ਇਹ ਘਰ ਗੁਰੂ ਅਰਜਨ ਦੇਵ ਜੀ ਨੇ ਉਸ ਸਮੇਂ ਤਿਆਰ ਕਰਵਾਇਆ ਸੀ, ਜਦੋਂ ਉਹ ਪਵਿੱਤਰ ਸਰੋਵਰ ਵਿੱਚ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾ ਰਹੇ ਸਨ। ਗੁਰੂ ਹਰਿਗੋਬਿੰਦ ਸਾਹਿਬ ਦਾ ਅੰਮ੍ਰਿਤਸਰ ਵਿੱਚ ਨਿਵਾਸ ਅਸਥਾਨ ਵੀ ਇਸੇ ਘਰ ਵਿੱਚ ਰਿਹਾ। ਹੁਣ ਉਸ ਘਰ ਵਾਲੀ ਥਾਵੇਂ ਗੁਰਦੁਆਰਾ ਗੁਰੂ ਕੇ ਮਹਿਲ ਸਥਾਪਤ ਹੈ।

ਮਹਾਂਦੇਵੀ ਜੀ ਦੀ ਕੁਖੋਂ ਵਿਆਹ ਤੋਂ ਦੋ ਸਾਲ ਪਿੱਛੋਂ ਇਕ ਸਾਹਿਬਜ਼ਾਦੇ ਦਾ ਜਨਮ

ਹੋਇਆ, ਜਿਸ ਦਾ ਨਾਂ ਸੂਰਜ ਮੱਲ ਰੱਖਿਆ ਗਿਆ। ਇਤਿਹਾਸ ਵਿੱਚ ਇਤਨੀ ਜਾਣਕਾਰੀ ਮਿਲਦੀ ਹੈ ਕਿ ਸੂਰਜ ਮੱਲ ਦਾ ਜਨਮ ਵੀ ਅੰਮ੍ਰਿਤਸਰ ਵਿੱਚ ਉਸੇ ਘਰ ਵਿੱਚ ਹੋਇਆ, ਜਿੱਥੇ ਗੁਰੂ ਕੇ ਮਹਿਲ ਰਹਿੰਦੇ ਸਨ। ਇਸੇ ਅਸਥਾਨ ਤੇ ਚਾਰ ਸਾਲ ਪਿਛੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਹੋਇਆ।

ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅੰਮ੍ਰਿਤਸਰ ਤੋਂ ਚੱਲ ਕੇ ਜਲੰਧਰ ਨੇੜੇ ਕਰਤਾਰਪੁਰ ਦੁਆਬੇ ਵਿੱਚ ਆ ਗਏ ਤਾਂ ਦੂਜੇ ਗੁਰੂ ਮਹਿਲਾਂ ਨਾਲ ਮਾਤਾ ਮਹਾਂਦੇਵੀ ਮਰਵਾਹੀ ਵੀ ਸਪੁੱਤਰ ਸੂਰਜ ਮੱਲ ਸਮੇਤ ਕਰਤਾਰਪੁਰ ਵਿੱਚ ਆ ਟਿਕੇ। ਦੂਜੇ ਗੁਰੂ ਮਹਿਲਾਂ ਵਾਂਗ ਹੀ ਮਹਾਂਦੇਵੀ ਜੀ ਵੀ ਗੁਰੂ ਦਰਬਾਰ ਦੀ ਸੇਵਾ ਵਿੱਚ ਲੱਗੇ ਰਹੇ। ਸਾਰਾ ਗੁਰੂ ਪਰਿਵਾਰ ਹੀ ਸਵੇਰੇ ਸ਼ਾਮ ਗੁਰੂ ਦਰਬਾਰ ਵਿੱਚ ਹੁੰਦੇ ਕੀਰਤਨ ਸਮੇਂ ਹਾਜ਼ਰੀ ਭਰਦੇ। ਚਲਦੇ ਵਿਚਾਰ ਪ੍ਰਵਾਹ ਤੋਂ ਲਾਭ ਉਠਾਉਂਦੇ। ਗੁਰੂ ਪਤੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਵਿੱਚ ਮਹਾਂਦੇਵੀ ਜੀ ਪਿੱਛੇ ਨਹੀਂ ਸੀ ਰਹਿਣਾ ਚਾਹੁੰਦੇ। ਉਹਨਾਂ ਦੇ ਸਪੁੱਤਰ ਸ੍ਰੀ ਸੂਰਜ ਮੱਲ ਨੂੰ ਨਾ ਤਾਂ ਬਾਬਾ ਗੁਰਦਿੱਤਾ ਜੀ ਵਾਂਗ ਵੱਧ ਚੜ੍ਹ ਕੇ ਕੰਮ ਕਰਨ ਦੀ ਲਗਨ ਸੀ ਤੇ ਨਾ ਉਹ ਗੁਰੂ ਤੇਗ ਬਹਾਦਰ ਜੀ ਵਾਂਗ ਤਪੱਸਿਆ ਵਿੱਚ ਹਰ ਸਮੇਂ ਗਲਤਾਨ (ਲੀਨ) ਰਹਿਣ ਵਾਲੇ ਸਨ। ਸ਼ਸਤਰ ਵਿਦਿਆ ਸਿਖਣ ਵਿੱਚ ਵੀ ਉਹਨਾਂ ਦੀ ਬਹੁਤ ਦਿਲਚਸਪੀ ਨਹੀਂ ਸੀ। ਉਹ ਸਾਧਾਰਨ ਸੰਸਾਰੀ ਜੀਵਾਂ ਵਾਂਗ ਵਿਚਰਨ ਵਾਲੇ ਮਨੁੱਖ ਸਨ। ਇਹਨਾਂ ਦਾ ਵਿਆਹ ਵੀ ਕਰਤਾਰਪੁਰ ਰਹਿੰਦਿਆਂ ਹੋਇਆ। ਗੁਰੂ ਹਰਿਗੋਬਿੰਦ ਸਾਹਿਬ ਦੇ ਆਦੇਸ਼ ਅਨੁਸਾਰ ਜਦ ਸਾਰਾ ਗੁਰੂ ਪਰਿਵਾਰ ਕੀਰਤਪੁਰ ਸਾਹਿਬ ਆ ਗਿਆ ਤਾਂ ਮਾਤਾ ਮਹਾਂਦੇਵੀ ਜੀ ਵੀ ਇੱਥੇ ਆ ਗਏ। ਕੀਰਤਪੁਰ ਦੀ ਉਸਾਰੀ ਆਦਿ ਦਾ ਸਾਰਾ ਕਾਰਜ ਬਾਬਾ ਗੁਰਦਿੱਤਾ ਜੀ ਦੇ ਸਪੁਰਦ ਸੀ। ਪਰ ਜਦੋਂ ਬਾਬਾ ਸ੍ਰੀ ਚੰਦ ਦੀ ਇੱਛਾ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਨੇ ਉਦਾਸੀ ਸੰਪਰਦਾਇ ਦੀ ਅਗਵਾਈ ਦਾ ਕਾਰਜ ਬਾਬਾ ਗੁਰਦਿੱਤਾ ਜੀ ਨੂੰ ਸੌਂਪਿਆ ਤਾਂ ਕੀਰਤਪੁਰ ਦੀ ਸੇਵਾ-ਸੰਭਾਲ ਸ੍ਰੀ ਸੂਰਜ ਮੱਲ ਦੇ ਸਪੁਰਦ ਹੋਈ। ਉਹ ਸਮਝਣ ਲੱਗ ਪਏ ਕਿ ਸ਼ਾਇਦ ਗੁਰਗੱਦੀ ਅਗੋਂ ਸਾਨੂੰ ਮਿਲ ਜਾਏ। ਪਰ ਜਦੋਂ 1644 ਵਿੱਚ ਗੁਰਗੱਦੀ ਸ੍ਰੀ ਗੁਰੂ ਹਰਿਰਾਇ ਜੀ ਨੂੰ ਮਿਲ ਗਈ ਤਾਂ ਸੂਰਜ ਮੱਲ ਜੀ ਨੇ ਥੋੜਾ ਹਰਖ ਜਿਹਾ ਮਹਿਸੂਸ ਕੀਤਾ। ਇਸ ਵੇਲੇ ਮਾਤਾ ਮਹਾਂਦੇਵੀ ਜੀ ਨੇ ਉਹਨਾਂ ਨੂੰ ਸਮਝਾਇਆ ਕਿ ਇਹ ਕੋਈ ਵੱਡੇ ਪੁੱਤਰ ਦੀ ਜੱਦੀ ਜਾਇਦਾਦ ਸੰਭਾਲਣ ਵਾਲੀ ਗੱਲ ਨਹੀਂ। ਜੋ ਇਸ ਜ਼ਿੰਮੇਵਾਰੀ ਨੂੰ ਸੰਭਾਲਣ ਦੇ ਵਧੇਰੇ ਯੋਗ ਸਮਝਿਆ ਜਾਂਦਾ ਹੈ, ਉਸੇ ਨੂੰ ਗੁਰਗੱਦੀ ਮਿਲਣੀ ਹੈ। ਮਾਤਾ ਦੇ ਸਮਝਾਉਣ ਤੇ ਸੂਰਜ ਮੱਲ ਜੀ ਸੰਤੁਸ਼ਟ ਹੋ ਗਏ ਅਤੇ ਉਹਨਾਂ ਗੁਰੂ ਹਰਿਰਾਇ ਜੀ ਨੂੰ ਨਮਸਕਾਰ ਕੀਤਾ।

ਗੁਰਦੇਵ ਪਤੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ ਇਕ ਸਾਲ ਪਿਛੋਂ ਹੀ ਮਾਤਾ ਮਹਾਂਵੇਦੀ ਜੀ 1645 ਈ. ਅਥਵਾ ਸੰਮਤ 1702 ਵਿੱਚ ਕੀਰਤਪੁਰ ਵਿੱਚ ਹੀ ਅਕਾਲ ਚਲਾਣਾ ਕਰ ਗਏ। ਉਹਨਾਂ ਦਾ ਅੰਤਮ ਸਸਕਾਰ ਗੁਰਦੁਆਰਾ ਪਤਾਲ ਪੁਰੀ ਵਾਲੀ ਥਾਂ ਹੀ ਹੋਇਆ ਸੀ।

ਮਾਤਾ ਕਿਸ਼ਨ ਕੌਰ ਜੀ

ਭਾਈ ਵੀਰ ਸਿੰਘ ਜੀ ਨੇ ਬਾਬਾ ਪ੍ਰੇਮ ਸਿੰਘ ਹੋਤੀ ਦੀ ਪੁਸਤਕ 'ਹਰੀ ਸਿੰਘ ਨਲੂਏ' ਦੇ ਮੁਖਬੰਦ ਵਿੱਚ ਲਿਖਿਆ ਹੈ ਕਿ, "ਸਿੱਖ ਕੌਮ ਨੇ ਬੜਾ ਇਤਿਹਾਸ ਬਣਾਇਆ ਹੈ ਪਰ ਉਸ ਨੂੰ ਸੰਭਾਲਣ ਤੇ ਲਿਖਣ ਵੱਲ ਬਹੁਤ ਘੱਟ ਧਿਆਨ ਦਿੱਤਾ ਹੈ।" ਇਸ ਅਣਗਹਿਲੀ ਕਾਰਨ ਸਾਡੇ ਇਤਿਹਾਸ ਵਿੱਚ ਅਣਗਿਣਤ ਭੁਲੇਖੇ ਅਤੇ ਝਮੇਲੇ ਉਤਪੰਨ ਹੋ ਗਏ ਹਨ। ਜਿਵੇਂ ਗੁਰੂ ਨਾਨਕ ਦੇਵ ਜੀ ਦੀ ਜਨਮ ਮਿਤੀ ਬਾਰੇ 500 ਸਾਲ ਪਿਛੋਂ ਵੀ ਸਹਿਮਤੀ ਨਹੀਂ ਬਣ ਸਕੀ। ਕੱਤਕ ਕਿ ਵਿਸਾਖ ਬਾਰੇ ਅੱਜ ਵੀ ਦੋ ਰਾਵਾਂ ਹਨ। ਇਤਿਹਾਸਕ ਲੇਖਕ ਵਿਸਾਖ ਮੰਨ ਕੇ ਆਪਣੀਆਂ ਰਚਨਾਵਾਂ ਵਿੱਚ ਲਿਖਦੇ ਹਨ, ਪਰ ਗੁਰੂ ਨਾਨਕ ਸਾਹਿਬ ਜੀ ਦਾ ਜਨਮ ਕੱਤਕ ਵਿੱਚ ਮਨਾਉਣ ਦੀ ਪਰੰਪਰਾ ਪੱਕੀ ਹੋ ਚੁੱਕੀ ਹੈ। ਅਜੇ ਤੱਕ ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਛੱਡਣ ਦੀ ਘਟਨਾ 1704 ਜਾਂ 1705 ਦੋ ਹਵਾਲੇ ਮਿਲਦੇ ਹਨ। ਇਸੇ ਤਰ੍ਹਾਂ ਗੁਰੂ ਮਹਿਲਾਂ ਬਾਰੇ ਵੀ ਭਿੰਨ-ਭਿੰਨ ਜਾਣਕਾਰੀ ਪੁਰਾਤਨ ਲਿਖਤਾਂ ਵਿੱਚੋਂ ਪ੍ਰਾਪਤ ਹੁੰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਆਪਣੇ ਇਤਿਹਾਸ ਨੂੰ ਲਿਖਤੀ ਰੂਪ ਵਿੱਚ ਸਮਕਾਲੀ ਸਿੱਖਾਂ ਨੇ ਨਹੀਂ ਲਿਖਿਆ। ਜਿਨ੍ਹਾਂ ਲਿਖਿਆ ਹੈ ਉਹਨਾਂ ਵੀ ਸੁਣੀਆਂ ਸੁਣਾਈਆਂ ਜਾਂ ਸਿੱਖ ਵਿਰੋਧੀਆਂ ਦੀਆਂ ਤੇ ਗਲਤ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਲਿਖ ਦਿੱਤਾ ਹੈ। ਕੁਝ ਸਾਡੇ ਸਾਖੀਕਾਰਾਂ ਨੇ ਆਪਣੇ ਵਲੋਂ ਸ਼ਰਧਾ ਪੈਦਾ ਕਰਨ ਲਈ ਸਾਖੀਆਂ ਲਿਖ ਕੇ ਇਤਿਹਾਸ ਵਿੱਚ ਮਿਲਾਵਟ ਕਰ ਦਿੱਤੀ ਹੈ। ਇਕ ਕਾਰਨ ਇਹ ਵੀ ਹੈ ਕਿ ਵੀਹਵੀਂ ਸਦੀ ਤੋਂ ਪਹਿਲਾਂ ਛਾਪੇਖ਼ਾਨੇ ਦੀ ਅਣਹੋਂਦ ਸਮੇਂ ਬਹੁਤੀਆਂ ਰਚਨਾਵਾਂ ਹੱਥ-ਲਿਖਤੀ ਰੂਪ ਵਿੱਚ ਹੀ ਹੁੰਦੀਆਂ ਸਨ। ਹੱਥ-ਲਿਖਤਾਂ ਦੇ ਉਤਾਰੇ ਕਰਨ ਵਾਲਿਆਂ ਨੇ ਜਾਣ ਬੁਝ ਕੇ, ਜਾਂ ਟੱਪਲੇ ਨਾਲ ਮਿਥਿਹਾਸਕ ਗੱਲਾਂ ਪਾ ਦਿੱਤੀਆਂ ਹਨ। ਇਤਿਹਾਸ ਨੂੰ ਗਲਤ ਰੰਗ ਦੇਣ ਵਿੱਚ ਕੁਝ ਚਿੱਤਰਕਾਰਾਂ ਦਾ ਵੀ ਹੱਥ ਹੈ, ਜਿਨ੍ਹਾਂ ਤਸਵੀਰਾਂ ਬਣਾਉਂਦਿਆਂ ਅਣ-ਇਤਿਹਾਸਕ ਪ੍ਰਭਾਵ ਚਿੱਤਰਾਂ ਵਿੱਚ ਪੈਦਾ ਕੀਤਾ ਹੈ। ਇਸੇ ਤਰ੍ਹਾਂ ਗੁਰੂ ਹਰਿਰਾਇ ਸਾਹਿਬ ਤੇ ਮਾਤਾ ਕਿਸ਼ਨ ਕੌਰ ਦੇ ਜੀਵਨ ਬਿਆਨ ਕਰਦਿਆਂ ਕਈ ਗਲਤ ਗੱਲਾਂ ਲਿਖੀਆਂ ਹਨ।

ਮਾਤਾ ਕਿਸ਼ਨ ਕੌਰ ਗੁਰ ਇਤਿਹਾਸ ਨਾਲ ਸਬੰਧਤ ਉਹਨਾਂ ਨਾਰੀਆਂ ਵਿਚੋਂ ਇਕ ਹਨ, ਜਿਨ੍ਹਾਂ ਨੂੰ ਗੁਰੂ ਮਹਿਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਤੇ ਅਗਲੀ ਨਾਨਕ-ਜੋਤ ਦੀ ਮਾਤਾ ਹੋਣ ਦੀ ਖ਼ੁਸ਼ਕਿਸਮਤ ਦਾਤ ਵੀ ਪ੍ਰਾਪਤ ਹੋਈ। ਇਹੋ ਜਿਹੀਆਂ ਸੁਭਾਗੀ ਮਾਤਾਵਾਂ ਵਿਚੋਂ ਮਾਤਾ ਭਾਨੀ, ਮਾਤਾ ਗੰਗਾ, ਮਾਤਾ ਗੁਜਰੀ ਤੇ ਮਾਤਾ ਕਿਸ਼ਨ ਕੌਰ ਇਸ ਵਰਗ ਵਿੱਚ ਸ਼ਾਮਲ ਹਨ। ਮਾਤਾ ਕਿਸ਼ਨ ਕੌਰ ਸਤਵੀਂ ਨਾਨਕ-ਜੋਤ ਗੁਰੂ ਹਰਿਰਾਇ

ਸਾਹਿਬ ਜੀ ਦੀ ਸੁਪਤਨੀ ਅਥਵਾ ਗੁਰੂ ਕੇ ਮਹਿਲ ਸਨ ਅਤੇ ਅਠਵੀਂ ਨਾਨਕ-ਜੋਤ ਬਾਲਾ ਪ੍ਰੀਤਮ ਗੁਰੂ ਹਰਿਕਿਸ਼ਨ ਸਾਹਿਬ ਜੀ ਦੀ ਮਾਤਾ ਵੀ ਸਨ। ਇਤਿਹਾਸ ਵਿੱਚ ਉਹਨਾਂ ਦਾ ਵਿਸ਼ੇਸ਼ ਵਰਨਣ ਹੈ।

'ਗੁਰ ਸ਼ਬਦ ਰਤਨਾਕਰ-ਮਹਾਨ ਕੋਸ਼' ਵਿੱਚ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ ਕਿਸ਼ਨ ਕੌਰ ਜੀ ਦਾ ਜਨਮ ਭਾਈ ਦਯਾ ਰਾਮ ਦੇ ਘਰ ਅਨੂਪ ਸ਼ਹਿਰ (ਜ਼ਿਲ੍ਹਾ ਬੁਲੰਦ ਸ਼ਹਿਰ, ਯੂ. ਪੀ.) ਵਿੱਚ ਹੋਇਆ। ਇਹਨਾਂ ਦੀ ਜਨਮ ਤਾਰੀਖ਼ ਬਾਰੇ ਕੋਈ ਸਪੱਸ਼ਟ ਮਿਤੀ ਇਤਿਹਾਸ ਵਿੱਚੋਂ ਨਹੀਂ ਮਿਲਦੀ। ਇਹੀ ਪਤਾ ਲੱਗਦਾ ਹੈ ਕਿ ਕਿਸ਼ਨ ਕੌਰ ਜੀ ਦੇ ਮਾਪੇ ਇਹਨਾਂ ਨੂੰ ਸੁਲਖਣੀ ਬੁਲਾਉਂਦੇ ਰਹੇ। ਫਿਰ ਇਹਨਾਂ ਦਾ ਨਾਂ ਕੋਟ ਕਲਿਆਣੀ ਵੀ ਪ੍ਰਚਲਤ ਹੋਇਆ। ਪ੍ਰੋ. ਸਤਿਬੀਰ ਸਿੰਘ ਨੇ 'ਅਸ਼ਟਮ ਬਲਬੀਰਾ' ਵਿੱਚ ਇਹ ਸਪੱਸ਼ਟ ਲਿਖਿਆ ਹੈ ਕਿ ਕਿਸ਼ਨ ਕੌਰ, ਸੁਲੱਖਣੀ ਤੇ ਕੋਟ ਕਲਿਆਣੀ ਇਕੋ ਨਾਰੀ ਦੇ ਵੱਖੋ ਵੱਖ ਸਮੇਂ ਦੇ ਨਾਮ ਸਨ। 'ਮਹਿਮਾ ਪ੍ਰਕਾਸ਼' ਦਾ ਕਰਤਾ ਵੀ ਇਸ ਬਾਰੇ ਇਹੋ ਲਿਖਦਾ ਹੈ ਕਿ ਜਨਮ ਸਮੇਂ ਮਾਪਿਆਂ ਨੇ ਪਹਿਲਾ ਨਾਂ ਸੁਲੱਖਣੀ ਰੱਖਿਆ ਸੀ। ਗਿਆਨੀ ਠਾਕਰ ਸਿੰਘ ਅਨੁਸਾਰ ਇਹ ਅਨੂਪ ਸ਼ਹਿਰ, ਜ਼ਿਲ੍ਹਾ ਮੁਰਾਦਾਬਾਦ ਉੱਤਰ ਪ੍ਰਦੇਸ਼ ਦਾ ਨਗਰ ਹੈ ਜੋ ਗੰਗਾ ਦੇ ਕਿਨਾਰੇ ਸਥਿਤ ਸੀ। ਇਥੇ ਹੀ ਦਯਾ ਰਾਮ ਸਿੱਲੀ ਦੇ ਘਰ ਕਿਸ਼ਨ ਕੌਰ ਦਾ ਜਨਮ ਮਾਤਾ ਅਨੰਤੀ ਦੀ ਕੁਖੋਂ ਹੋਇਆ। ਭਾਈ ਦਯਾ ਰਾਮ ਸਿੱਲੀ ਖੱਤਰੀ ਜੀ ਅਸਲ ਵਿੱਚ ਪੰਜਾਬ ਦੇ ਰਹਿਣ ਵਾਲੇ ਸਨ ਤੇ ਗੁਰੂ ਘਰ ਨਾਲ ਇਹ ਖ਼ਾਨਦਾਨ ਜੁੜਿਆ ਹੋਇਆ ਸੀ। ਦਯਾ ਰਾਮ ਜੀ ਰੋਟੀ-ਰੋਜ਼ੀ ਲਈ ਅਨੂਪ ਸ਼ਹਿਰ ਯੂ. ਪੀ. ਵਿੱਚ ਜਾ ਵਸੇ। ਉਥੇ ਉਹਨਾਂ ਦੁਕਾਨ ਬਣਾ ਲਈ ਤੇ ਕਿਰਤ ਕਮਾਈ ਕਰਨ ਵਿੱਚ ਜੁੱਟ ਗਏ।

ਸਾਖੀਕਾਰਾਂ ਨੇ ਸਿੱਖ ਇਤਿਹਾਸ ਵਿੱਚ ਮਿਲਾਵਟ ਕਰਨ ਵਾਲਿਆਂ ਨੇ ਤੇ ਇਸ ਦੇ ਅਸਲ ਰੂਪ ਨੂੰ ਵਿਗਾੜਨ ਵਾਲਿਆਂ ਨੇ ਗੁਰੂ ਹਰਿਰਾਇ ਸਾਹਿਬ ਦੇ ਸੱਤ ਵਿਆਹਾਂ ਦੀ ਗਲਤ ਕਥਾ ਵੀ ਜੋੜ ਦਿੱਤੀ ਹੈ। ਉਹ ਲਿਖਦੇ ਹਨ ਕਿ ਦਯਾ ਰਾਮ ਦੀਆਂ ਤਿੰਨ ਪਤਨੀਆਂ ਸਨ, ਜਿਨ੍ਹਾਂ ਵਿਚੋਂ ਉਹਨਾਂ ਦੀਆਂ ਸੱਤ ਪੁੱਤਰੀਆਂ ਨੇ ਜਨਮ ਲਿਆ। ਪਰਿਵਾਰ ਸਮੇਤ ਉਹ ਕਦੀ ਕਦਾਈਂ ਗੁਰ ਦਰਸ਼ਨਾਂ ਲਈ ਕੀਰਤਪੁਰ ਵੀ ਆਇਆ ਕਰਦੇ ਸਨ। ਇਕ ਵਾਰੀ ਪਰਿਵਾਰ ਸਮੇਤ ਜਦ ਕੀਰਤਪੁਰ ਆਏ ਤਾਂ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਬਾਰ ਵਿੱਚ ਸ੍ਰੀ ਹਰਿਰਾਇ ਜੀ ਨੂੰ ਵੇਖ ਕੇ ਪਰਿਵਾਰ ਨੇ ਆਪਣੀਆਂ ਸੱਤਾਂ ਧੀਆਂ ਦਾ ਰਿਸ਼ਤਾ ਸ੍ਰੀ ਹਰਿਰਾਇ ਜੀ ਨਾਲ ਕਰਨ ਦਾ ਮਨ ਬਣਾਇਆ। ਜਦ ਆਪਣਾ ਸੰਕਲਪ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਾਹਮਣੇ ਰੱਖਿਆ ਤਾਂ ਉਨ੍ਹਾਂ ਨੇ ਪ੍ਰਵਾਨ ਕਰ ਲਿਆ। ਇਉਂ ਸੱਤੇ ਧੀਆਂ ਸ੍ਰੀ ਹਰਿਰਾਇ ਸਾਹਿਬ ਨਾਲ ਵਿਆਹੀਆਂ ਗਈਆਂ। ਇਸ ਦਾ ਵਰਨਣ ਪਹਿਲੋਂ ਪਹਿਲ ਭਾਈ ਸੰਤੋਖ ਸਿੰਘ ਦੀ ਰਚਨਾ 'ਸੂਰਜ ਪ੍ਰਕਾਸ਼ ਗ੍ਰੰਥ' ਵਿੱਚ ਆਇਆ, ਕਿਉਂਕਿ ਸੂਰਜ ਪ੍ਰਕਾਸ਼ ਦੀ ਕਥਾ ਗੁਰਦੁਆਰਿਆਂ ਵਿੱਚ ਆਮ ਹੁੰਦੀ ਸੀ। ਇਸ ਲਈ ਸੱਤਾਂ ਭੈਣਾਂ ਦੇ ਵਿਆਹ ਦੀ ਗੱਲ ਗੁਰੂ ਹਰਿਰਾਇ ਸਾਹਿਬ ਨਾਲ ਹੋਣ ਦੀ ਅਜਿਹੀ ਪ੍ਰਚਲਤ ਹੋਈ ਕਿ ਭਾਈ ਕਾਨ੍ਹ ਸਿੰਘ ਨਾਭਾ ਤੇ ਗਿਆਨੀ ਠਾਕੁਰ ਸਿੰਘ ਆਦਿ ਸਾਰੇ ਟੱਪਲਾ ਖਾ ਗਏ। ਜਦ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 'ਸਿੱਖ ਇਤਿਹਾਸ ਵਿਭਾਗ' ਸਥਾਪਤ ਹੋਇਆ ਤੇ ਇਸ ਗਲਤ ਲਿਖਤ ਬਾਰੇ ਵੀ ਖੋਜ ਪੜਤਾਲ ਹੋਈ ਤਾਂ ਇਹ ਸਾਰੀ ਸਾਜਿਸ਼ ਦਾ ਭਾਂਡਾ ਭੰਨਿਆ ਗਿਆ। ਉਹਨਾਂ ਲੱਭ ਲਿਆ

ਕਿ 'ਸੂਰਜ ਪ੍ਰਕਾਸ਼ ਗ੍ਰੰਥ' ਦੇ ਇਕ ਹੱਥ ਲਿਖਤ ਖਰੜੇ ਵਿੱਚ ਇਸ ਬਾਰੇ ਦੋ ਸਫੇ ਸਨ ਬਾਕੀ ਉਤਾਰਿਆਂ ਵਿੱਚ ਇਸ ਦਾ ਜ਼ਿਕਰ ਨਹੀਂ। ਉਹ ਦੋ ਸਫੇ ਵੀ ਬਿਨਾਂ ਪੰਨਾ ਨੰਬਰ ਤੋਂ ਵਿੱਚ ਰਖੇ ਹੋਏ ਸਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਲੋਂ ਪ੍ਰਕਾਸ਼ਿਤ 'ਸਿੱਖ ਇਤਿਹਾਸ' (ਭਾਗ ਪਹਿਲਾ) ਵਿੱਚ ਲਿਖਿਆ ਹੈ : "ਸ੍ਰੀ ਹਰਿਰਾਇ ਜੀ ਦਾ ਵਿਆਹ ਅਨੂਪ ਸ਼ਹਿਰ, ਜ਼ਿਲ੍ਹਾ ਬੁਲੰਦ ਸ਼ਹਿਰ, ਉਤਰ ਪ੍ਰਦੇਸ਼ ਨਿਵਾਸੀ ਸ੍ਰੀ ਦਯਾ ਰਾਮ ਦੀ ਸਪੁੱਤਰੀ ਸ੍ਰੀ ਕਿਸ਼ਨ ਕੌਰ ਜੀ ਨਾਲ ਹਾੜ ਸੁਦੀ 3, ਸੰਮਤ 1697 ਵਿੱਚ ਹੋਇਆ। ਮਾਤਾ ਕਿਸ਼ਨ ਕੌਰ ਨੂੰ 'ਸੁਲੱਖਣੀ ਜੀ' ਲਿਖਿਆ ਵੀ ਮਿਲਦਾ ਹੈ। 'ਸੂਰਜ ਪ੍ਰਕਾਸ਼' ਦੇ ਹੋਰ ਖਰੜਿਆਂ ਜਾਂ ਨਕਲਾਂ ਵਿੱਚ ਇਕੋ ਵਿਆਹ ਲਿਖਿਆ ਹੈ। 'ਮਹਿਮਾ ਪ੍ਰਕਾਸ਼' ਵਿੱਚ ਵੀ ਇਕੋ ਵਿਆਹ ਲਿਖਿਆ ਹੈ। ਤੇ ਇਹ ਗ੍ਰੰਥ ਸੂਰਜ ਪ੍ਰਕਾਸ਼ ਤੋਂ ਕਿਤੇ ਪਹਿਲਾਂ ਦੀ ਲਿਖਤ ਹੈ। ਇਸ ਬਾਰੇ ਇਕ ਹੋਰ ਗੱਲ ਵੀ ਵਿਚਾਰਨ ਵਾਲੀ ਹੈ ਕਿ ਵਿਆਹ ਸਮੇਂ ਗੁਰੂ ਜੀ ਦੀ ਉਮਰ ਸਾਢੇ ਦਸਾਂ ਸਾਲਾਂ ਨਾਲੋਂ ਘੱਟ ਸੀ। ਜੇ ਉਸ ਦਿਨ ਸੱਤ ਧੀਆਂ ਨਾਲ ਆਪ ਜੀ ਦੀ ਸ਼ਾਦੀ ਹੋਈ ਮੰਨ ਲਈ ਜਾਵੇ ਅਤੇ ਇਹ ਵੀ ਮੰਨ ਲਿਆ ਜਾਵੇ ਕਿ ਸਭ ਤੋਂ ਵੱਡੀ ਲੜਕੀ ਜੇ ਆਪ ਤੋਂ ਛੋਟੀ ਨਹੀਂ ਤਾਂ ਆਪ ਦੇ ਹਾਣ ਦੀ ਜ਼ਰੂਰ ਹੋਵੇਗੀ, ਤਾਂ ਸਭ ਤੋਂ ਛੋਟੀ ਲੜਕੀ ਦੀ ਉਮਰ ਉਸ ਵੇਲੇ ਵਧ ਤੋਂ ਵਧ ਮਸਾਂ ਸਵਾ ਜਾਂ ਡੇਢ ਸਾਲ ਬਣਦੀ ਹੈ। ਕਿਹੜੇ ਮਾਪੇ ਹਨ ਧੋਤੇ ਜਾਂ ਪੁਤੇਤੇ ਜੋ ਇਸ ਤਰ੍ਹਾਂ ਦੇ ਵਿਆਹ ਕਰਨੇ ਮੰਨ ਲੈਣਗੇ। ਜਿਵੇਂ ਭਾਈ ਕਾਨ੍ਹ ਸਿੰਘ ਨਾਭਾ ਨੇ ਬਿਨਾਂ ਪੜਤਾਲੇ ਗੁਰੂ ਹਰਿਰਾਇ ਸਾਹਿਬ ਦੇ ਸੱਤਾਂ ਭੈਣਾਂ ਨਾਲ ਵਿਆਹ ਦੀ ਗੱਲ ਲਿਖ ਦਿੱਤੀ ਸੀ। ਗਿਆਨੀ ਠਾਕਰ ਸਿੰਘ ਨੇ ਉਸ ਤੋਂ ਹੋਰ ਦਸ ਕਦਮ ਅੱਗੇ ਜਾ ਕੇ ਉਹਨਾਂ ਭੈਣਾਂ ਬਾਰੇ ਹੋਰ ਵੇਰਵਾ ਵੀ ਬਿਆਨ ਕੀਤਾ ਹੈ। ਤੇ ਉਹਨਾਂ ਦੇ ਨਾਂ ਲਿਖੇ ਹਨ, ਉਸ ਅਨੁਸਾਰ ਕਿਸ਼ਨ ਕੌਰ ਸੁਲੱਖਣੀ, ਬੀਬੀ ਤੋਖੀ, ਚੰਦ ਕੌਰ ਲਡਿਕੀ ਤੇ ਗੈਰਾਦੀਆਂ ਪ੍ਰੇਮ ਕੌਰ, ਰਾਮ ਕੌਰ ਅਣੋਖੀ ਤੇ ਕੋਟ ਕਲਿਆਣੀ। ਹੋਰ ਵੇਰਵਾ ਲਿਖ ਦਿੱਤਾ ਹੈ ਕਿ ਦਯਾ ਰਾਮ ਦੀ ਇਕ ਪਤਨੀ ਜੋ ਕਿਸ਼ਨ ਕੌਰ ਸਨ, ਦੂਜੀ ਤੋਂ ਦੋ ਬਚੀਆਂ ਤੇ ਤੀਜੀ ਤੋਂ ਚਾਰ ਲੜਕੀਆਂ ਪੈਦਾ ਹੋਈਆਂ। ਗਿਆਨੀ ਠਾਕਰ ਸਿੰਘ ਨੇ ਇਹ ਜਾਣਕਾਰੀ ਕਿੱਥੋਂ ਲਈ, ਇਸ ਬਾਰੇ ਕੁਝ ਨਹੀਂ ਦੱਸਿਆ। ਜਦੋਂ ਵੀਹਵੀਂ ਸਦੀ ਇਕ ਤਿਹਾਈ ਬੀਤੀ ਤਾਂ ਨਵੀਨ ਇਤਿਹਾਸਕਾਰਾਂ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਕਿਸ਼ਨ ਕੌਰ ਦਾ ਨਾਂ ਹੀ ਸੁਲੱਖਣੀ ਤੇ ਕੋਟ ਕਲਿਆਣੀ ਸੀ।

ਮਾਤਾ ਕਿਸ਼ਨ ਕੌਰ ਦੇ ਵਿਆਹ ਦੀ ਤਾਰੀਖ਼ ਸਭ ਨੇ ਉਹੀ ਦੱਸੀ ਹੈ ਕਿ ਇਹ ਵਿਆਹ ਹਾੜ ਸੁਦੀ 2 ਸੰਮਤ 1697 ਨੂੰ ਕੀਰਤਪੁਰ ਵਿੱਚ ਹੀ ਹੋਇਆ। ਉਸ ਸਮੇਂ ਸ੍ਰੀ ਹਰਿਰਾਇ ਸਾਹਿਬ ਦੀ ਆਯੂ ਦਸ ਸਾਲ ਤੇ ਕੁਝ ਦਿਨਾਂ ਦੀ ਬਣਦੀ ਏ। ਕਿਸ਼ਨ ਕੌਰ ਦੀ ਆਯੂ ਇਸ ਤੋਂ ਘੱਟ ਹੀ ਹੋਵੇਗੀ।

ਮਾਤਾ ਕਿਸ਼ਨ ਕੌਰ ਨੂੰ ਕੀਰਤਪੁਰ ਆਇਆਂ ਚਾਰ ਸਾਲ ਦਾ ਸਮਾਂ ਬੀਤਿਆ ਸੀ ਕਿ 1644 ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੋਤੀ ਜੋਤ ਸਮਾ ਗਏ ਤੇ ਆਪਣੀ ਜਗਤ ਫੇਰੀ ਸਮਾਪਤ ਹੋਣ ਤੋਂ ਪਹਿਲਾਂ ਹੀ ਗੁਰਗੱਦੀ ਕਿਸ਼ਨ ਕੌਰ ਦੇ ਪਤੀ ਸ੍ਰੀ ਗੁਰੂ ਹਰਿਰਾਇ ਨੂੰ ਦੇ ਕੇ ਸਤਵੀਂ ਨਾਨਕ-ਜੋਤ ਬਣਾ ਗਏ। ਸਹੁਰੇ ਪਰਿਵਾਰ ਵਿੱਚ ਰਹਿੰਦਿਆਂ ਹੀ ਕਿਸ਼ਨ ਕੌਰ ਜੀ ਨੇ ਚੰਗੀ ਤਰ੍ਹਾਂ ਗੁਰੂ ਘਰ ਦੀ ਪਰੰਪਰਾ, ਮਰਿਆਦਾ ਤੇ ਚੱਜ-ਅਚਾਰ ਸਿੱਖ ਲਿਆ। ਇਤਨੇ ਥੋੜੇ ਸਮੇਂ ਵਿਚ ਇਸ ਯੋਗ ਹੋ ਗਏ ਕਿ ਗੁਰਦੇਵ ਪਤੀ ਦੇ ਮਹਿਲ ਬਣ ਕੇ ਉਹ

ਆਪਣੇ ਫ਼ਰਜ਼, ਜ਼ਿੰਮੇਵਾਰੀਆਂ ਤੇ ਦੂਜਿਆਂ ਤੇ ਪ੍ਰਭਾਵ ਪਾਉਣ ਵਾਲੇ ਆਦਰਸ਼ਕ ਜੀਵਨ ਦੀ ਮੂਰਤੀ ਬਣ ਗਈ। ਗੁਰੂ ਦਰਬਾਰ ਵਿੱਚ ਆਉਣ ਵਾਲੀ ਸਿੱਖ ਸੰਗਤ ਦੀ ਸੇਵਾ ਸੰਭਾਲ, ਲੰਗਰ ਦਾ ਪ੍ਰਬੰਧ ਕਰਵਾਉਣ ਤੇ ਗੁਰਦੇਵ ਪਤੀ ਦੀ ਆਗਿਆ ਪਾਲਣ ਵਿੱਚ ਪੂਰੀ ਸਾਵਧਾਨੀ ਨਾਲ ਹਰ ਸਮੇਂ ਤਿਆਰ ਰਹਿੰਦੀ।

ਮਾਤਾ ਕਿਸ਼ਨ ਕੌਰ ਦੀ ਕੁਖੋਂ ਦੋ ਸਾਹਿਬਜ਼ਾਦਿਆਂ ਦਾ ਜਨਮ ਹੋਇਆ। ਰਾਮਰਾਇ ਜੀ ਸੰਮਤ 1703 ਵਿੱਚ ਜਨਮੇ ਤੇ ਗੁਰੂ ਹਰਿਕਿਸ਼ਨ ਸਾਹਿਬ ਦਾ ਸੰਮਤ 1713 ਵਿੱਚ ਜਨਮ ਹੋਇਆ। ਇਸ ਹਿਸਾਬ ਨਾਲ ਗੁਰੂ ਹਰਿਕਿਸ਼ਨ ਸਾਹਿਬ ਦਾ ਜਨਮ 7 ਜੁਲਾਈ ਸੰਨ 1656 ਨੂੰ ਹੋਇਆ। ਦੋਹਾਂ ਭਰਾਵਾਂ ਦੇ ਜਨਮ ਵਿੱਚ 10 ਸਾਲ ਦਾ ਅੰਤਰ (ਫ਼ਰਕ) ਹੈ। ਮਾਤਾ ਕਿਸ਼ਨ ਕੌਰ ਦਾ ਵੱਡਾ ਸਪੁੱਤਰ ਰਾਮਰਾਇ 15 ਸਾਲ ਦਾ ਸੀ ਜਦੋਂ ਗੁਰਦੇਵ ਪਿਤਾ ਹਰਿਰਾਇ ਜੀ ਨੇ ਔਰੰਗਜ਼ੇਬ ਬਾਦਸ਼ਾਹ ਦੇ ਸੱਦੇ ਤੇ ਆਪ ਜਾਣ ਦੀ ਥਾਂ ਰਾਮਰਾਇ ਨੂੰ ਭੇਜਿਆ ਤੇ ਇਹ ਆਦੇਸ਼ ਦਿੱਤਾ ਕਿ ਰਾਜ ਦਰਬਾਰ ਵਿੱਚ ਜਾ ਕੇ ਕਿਸੇ ਤਰ੍ਹਾਂ ਦਾ ਡਰ-ਭੈਅ ਤੇ ਕਮਜ਼ੋਰੀ ਨਹੀਂ ਦਿਖਾਉਣੀ। ਗੁਰਬਾਣੀ, ਸਿੱਖ ਸਿਧਾਂਤਾਂ ਤੇ ਸਿੱਖੀ ਦੀ ਲੋਕ-ਲਹਿਰ ਬਾਰੇ ਠੀਕ ਤੇ ਸੱਚੀਆਂ ਗੱਲਾਂ ਕਰਨੀਆਂ ਹਨ। ਗੁਰਬਾਣੀ ਜਾਂ ਗੁਰਬਾਣੀ ਦੇ ਅਰਥਾਂ ਨੂੰ ਕਿਸੇ ਪ੍ਰਭਾਵ ਹੇਠ ਵੀ ਨਹੀਂ ਬਦਲਣਾ। ਘਰੋਂ ਦਿੱਲੀ ਨੂੰ ਤੁਰਨ ਲਗਿਆਂ ਮਾਤਾ ਕਿਸ਼ਨ ਕੌਰ ਨੇ ਵੀ ਫਿਰ ਦੁਹਰਾਇਆ ਕਿ ਗੁਰਦੇਵ ਪਿਤਾ ਦੇ ਆਦੇਸ਼ ਦੀ ਇੰਨ-ਬਿੰਨ ਪਾਲਣਾ ਕਰਨੀ, ਤਾਂ ਹੀ ਗੁਰਦੇਵ ਪਿਤਾ ਦੀਆਂ ਖ਼ੁਸ਼ੀਆਂ ਦਾ ਪਾਤਰ ਬਣੇਗਾ। ਪਰ ਰਾਮਰਾਇ ਦਿੱਲੀ ਆ ਕੇ ਉਹਨਾਂ ਆਦੇਸ਼ਾਂ ਨੂੰ ਭੁੱਲ ਗਿਆ ਤੇ ਮਜਨੂੰ ਟਿੱਲੇ ਵਾਲੇ ਗੁਰਦੁਆਰੇ ਦੀ ਥਾਂ ਜਿੱਥੇ ਸਿੱਖ ਸੰਗਤ ਜੁੜਦੀ ਸੀ, ਉਥੇ ਆ ਡੇਰੇ ਲਾਏ। ਦੋ ਗਲਤੀਆਂ ਉਹਨੇ ਦਿੱਲੀ ਆ ਕੇ ਕੀਤੀਆਂ। ਇਕ ਤਾਂ ਉਹ ਲੋਕਾਂ ਨੂੰ ਪ੍ਰਭਾਵਤ ਕਰਨ ਲਈ ਕਰਾਮਾਤਾਂ ਦਿਖਾਉਣ ਲੱਗ ਪਏ। ਜਦ ਬਾਦਸ਼ਾਹ ਦੇ ਦਰਬਾਰ ਗਏ ਤਾਂ ਉਥੇ ਗੁਰਬਾਣੀ ਦੀ ਤੁੱਕ--"ਮਿੱਟੀ ਮੁਸਲਮਾਨ ਕੀ ਪੇੜੇ ਪਈ ਘੁਮਿਆਰ"—ਨੂੰ ਬਦਲ ਕੇ "ਮਿੱਟੀ ਬੇਈਮਾਨ" ਦੀ ਕਹਿ ਦਿੱਤਾ। ਇਹ ਗੱਲ ਜਦ ਕੀਰਤਪੁਰ ਵਿੱਚ ਗੁਰੂ ਹਰਿਰਾਇ ਕੋਲ ਪਹੁੰਚੀ ਤਾਂ ਗੁਰੂ ਸਾਹਿਬ ਬਹੁਤ ਨਾਰਾਜ਼ ਹੋਏ। ਗੁਰੂ ਸਾਹਿਬ ਨੇ ਹੁਕਮ ਦਿੱਤਾ ਕਿ ਰਾਮਰਾਇ ਨੂੰ ਕਹਿ ਦਿਓ ਕਿ ਉਹ ਹੁਣ ਕੀਰਤਪੁਰ ਨਾ ਆਏ, ਅਸੀਂ ਉਸ ਦੇ ਮੱਥੇ ਨਹੀਂ ਲੱਗਣਾ। ਮਾਤਾ ਕਿਸ਼ਨ ਕੌਰ ਗੁਰਦੇਵ ਪਤੀ ਦੇ ਹਰ ਫ਼ੈਸਲੇ ਨੂੰ ਖਿੜੇ ਮੱਥੇ ਮੰਨਦੀ ਤੇ ਇਸ ਫ਼ੈਸਲੇ 'ਤੇ ਵੀ ਉਹਨਾਂ ਨੇ ਕਿੰਤੂ ਨਾ ਕੀਤਾ ਤੇ ਨਾ ਹੀ ਆਪਣੇ ਵੱਡੇ ਪੁੱਤਰ ਬਾਰੇ ਆਪਣਾ ਮੋਹ ਪਿਆਰ ਵਿਖਾਇਆ। ਰਜ਼ਾ ਵਿੱਚ ਰਾਜ਼ੀ ਰਹਿਣ ਵਾਲੀ ਮਾਤਾ ਕਿਸ਼ਨ ਕੌਰ ਨੇ ਵੀ ਉਸੇ ਤਰ੍ਹਾਂ ਰਾਮਰਾਇ ਬਾਰੇ ਗੁੱਸਾ ਕੀਤਾ ਕਿ ਉਹਨਾਂ ਤੁਰਨ ਲੱਗਿਆਂ ਜੋ ਬਚਨ ਕਹੇ ਸਨ ਉਹਨਾਂ ਦੀ ਪਾਲਣਾ ਨਹੀਂ ਕੀਤੀ।

ਮਾਤਾ ਕਿਸ਼ਨ ਕੌਰ ਬਾਲਾ ਪ੍ਰੀਤਮ ਸ੍ਰੀ ਹਰਿਕਿਸ਼ਨ ਜੀ ਤੇ ਬਹੁਤ ਖ਼ੁਸ਼ ਸਨ। ਜੋ ਤਿੰਨ-ਚਾਰ ਸਾਲ ਦੀ ਆਯੂ ਵਿੱਚ ਹੀ ਨਾਮ ਸਿਮਰਨ ਵਿੱਚ ਪੂਰਨ ਦਿਲਚਸਪੀ ਲੈਂਦੇ। ਗੁਰਦੇਵ ਪਿਤਾ ਦੇ ਦਰਬਾਰ ਵਿੱਚ ਦੋਵੇਂ ਵੇਲੇ ਹਾਜ਼ਰੀ ਭਰਦੇ ਤੇ ਕੀਰਤਨ ਕਥਾ ਸੁਣ ਕੇ ਆਤਮਕ ਗਿਆਨ ਵਧਾਉਂਦੇ। ਮਾਤਾ ਜੀ ਉਹਨਾਂ ਦੀਆਂ ਇਹਨਾਂ ਰੁਚੀਆਂ ਦੇ ਬੜੇ ਪ੍ਰਸ਼ੰਸਕ ਸਨ। ਹੋਰ ਉਤਸ਼ਾਹ ਵਧਾਊ ਗੱਲਾਂ ਆਪਣੇ ਸਾਹਿਬਜ਼ਾਦੇ ਨਾਲ ਕਰਦੇ ਰਹਿੰਦੇ। ਸ੍ਰੀ ਹਰਿਕਿਸ਼ਨ ਸਾਹਿਬ ਦੇ ਇਨ੍ਹਾਂ ਗੁਣਾਂ ਤੇ ਆਤਮਕ ਉੱਚਤਾ ਦੀ ਅਵਸਥਾ ਵੇਖ ਕੇ ਹੀ ਗੁਰਦੇਵ ਪਿਤਾ ਨੇ ਪੰਜ ਸਾਲ ਦੀ ਆਯੂ ਦੇ ਸਾਹਿਬਜ਼ਾਦੇ ਨੂੰ ਗੁਰਗੱਦੀ ਤੇ ਬਿਠਾਇਆ

ਅਤੇ ਮਰਿਆਦਾ ਅਨੁਸਾਰ ਗੁਰਿਆਈ ਦਾ ਤਿਲਕ ਲਗਵਾ ਕੇ ਪੰਜ ਪੈਸੇ ਤੇ ਨਾਰੀਅਲ ਉਹਨਾਂ ਨੂੰ ਭੇਟ ਕੀਤਾ ਤੇ ਇਉਂ ਉਹਨਾਂ ਨੂੰ ਅਠਵੀਂ ਨਾਨਕ-ਜੋਤ ਬਣਾ ਦਿੱਤਾ। ਮਾਤਾ ਕਿਸ਼ਨ ਕੌਰ ਨੇ ਗੁਰਗੱਦੀ ਪ੍ਰਾਪਤ ਕਰਨ ਵਾਲੇ ਆਪਣੇ ਸਾਹਿਬਜ਼ਾਦੇ ਨੂੰ ਨਿਮਸਕਾਰ ਕੀਤਾ। ਗੁਰੂ ਹਰਿਕ੍ਰਿਸ਼ਨ ਸਾਹਿਬ 7 ਅਕਤੂਬਰ ਸੰਨ 1661 ਵਿੱਚ ਨਾਨਕ-ਜੋਤ ਬਣੇ। ਉਦੋਂ ਸੰਮਤ 1718 ਕੱਤਕ ਦੀ 6 ਤਾਰੀਖ਼ ਸੀ। ਇਸੇ ਦਿਨ ਤੋਂ ਮਾਤਾ ਕਿਸ਼ਨ ਕੌਰ ਗੁਰਦੇਵ ਸਪੁੱਤਰ ਦੀ ਮਾਤਾ ਵਜੋਂ ਸਤਿਕਾਰੀ ਜਾਣ ਲੱਗੀ। ਦਿੱਲੀ ਵਿੱਚ ਰਾਮਰਾਇ ਜੀ ਨੇ ਰਾਜ ਦਰਬਾਰ ਵਿੱਚ ਆਪਣਾ ਅਸਰ ਰਸੂਖ਼ ਵਧਾ ਲਿਆ ਸੀ। ਤੇ ਜਦ ਗੁਰਦੇਵ ਪਿਤਾ ਦੇ ਜੋਤੀ ਜੋਤ ਸਮਾਉਣ ਪਿਛੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਗੁਰਗੱਦੀ ਸੰਭਾਲੀ ਤਾਂ ਰਾਮਰਾਇ ਜੀ ਨੇ ਹਕੂਮਤ ਪਾਸ ਸ਼ਿਕਾਇਤ ਕੀਤੀ ਕਿ ਮੈਂ ਵੱਡਾ ਸਪੁੱਤਰ ਸਾਂ ਤੇ ਗੁਰਗੱਦੀ ਦਾ ਹੱਕਦਾਰ ਹਾਂ। ਮੇਰੇ ਦਿੱਲੀ ਰਹਿਣ ਕਰਕੇ ਗੁਰਗੱਦੀ ਤੇ ਬਿਠਾ ਕੇ ਮੇਰੇ ਪੰਜ ਸਾਲ ਦੇ ਛੋਟੇ ਭਰਾ ਨੂੰ ਗੁਰੂ ਬਣਾ ਦਿੱਤਾ ਗਿਆ ਹੈ। ਮੈਨੂੰ ਮੇਰਾ ਹੱਕ ਦਿਵਾਇਆ ਜਾਏ। ਇਸ ਤੇ ਮੁਗਲ ਬਾਦਸ਼ਾਹ ਔਰੰਗਜੇਬ ਨੇ ਕੀਰਤਪੁਰ ਅਧਿਕਾਰੀ ਭੇਜ ਕੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਦਿੱਲੀ ਬੁਲਾਵਾ ਭੇਜਿਆ। ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਪਹਿਲਾਂ ਦਿੱਲੀ ਆਉਣ ਤੋਂ ਨਾਂਹ ਕਰ ਦਿੱਤੀ, ਪਰ ਫਿਰ ਜਦੋਂ ਦਿੱਲੀ ਦੀ ਸਿੱਖ ਸੰਗਤ ਨੇ ਉਹਨਾਂ ਨੂੰ ਦਿੱਲੀ ਆ ਕੇ ਦਰਸ਼ਨ ਦੇਣ ਲਈ ਬੇਨਤੀ ਕਰ ਭੇਜੀ ਤੇ ਮਿਰਜ਼ਾ ਰਾਜਾ ਜੈ ਸਿੰਘ ਨੇ ਗਰੰਟੀ ਲਿਖ ਭੇਜੀ ਕਿ ਗੁਰੂ ਜੀ ਜੇ ਔਰੰਗਜ਼ੇਬ ਨੂੰ ਨਾ ਮਿਲਣਾ ਚਾਹੁੰਣ ਤਾਂ ਉਹਨਾਂ ਨੂੰ ਮਜਬੂਰ ਨਹੀਂ ਕੀਤਾ ਜਾਵੇਗਾ। ਇਸ ਵੇਲੇ ਮਾਤਾ ਕਿਸ਼ਨ ਕੌਰ ਨੇ ਵੀ ਇਹੀ ਸਲਾਹ ਦਿੱਤੀ ਕਿ ਦਿੱਲੀ ਜਾਣਾ ਚਾਹੀਦਾ ਹੈ, ਜੇ ਨਾ ਗਏ ਤਾਂ ਰਾਮਰਾਇ ਦੀਆਂ ਸਾਜ਼ਿਸ਼ਾਂ ਸਫਲ ਹੋ ਸਕਦੀਆਂ ਹਨ, ਤੇ ਹਕੂਮਤ ਕੋਈ ਅਯੋਗ ਕਾਰਵਾਈ ਵੀ ਕਰ ਸਕਦੀ ਹੈ। ਨਾਲ ਹੀ ਮਾਤਾ ਕਿਸ਼ਨ ਕੌਰ ਨੇ ਦ੍ਰਿੜ੍ਹਤਾ ਨਾਲ ਕਿਹਾ ਕਿ ਮੈਂ ਨਾਲ ਚਲਾਂਗੀ ਤੇ ਹਰ ਸਮੇਂ ਗੁਰ-ਮਰਯਾਦਾ ਤੇ ਪਰੰਪਰਾ ਬਾਰੇ ਸਲਾਹ ਦਿਆਂਗੀ। ਉਹਨਾਂ ਦੇ ਮਨ ਵਿੱਚ ਇਹ ਵੀ ਸੀ ਕਿ ਗੁਰਦੇਵ ਸਪੁੱਤਰ ਦੇ ਨਾਲ ਉਹਦੀ ਸੰਗਤ ਵਿੱਚ ਹਰ ਵੇਲੇ ਰਹਾਂ।

ਦਿੱਲੀ ਵਿੱਚ ਗੁਰੂ ਹਰਿਕ੍ਰਿਸ਼ਨ ਸਾਹਿਬ ਤੇ ਮਾਤਾ ਕਿਸ਼ਨ ਕੌਰ, ਮਿਰਜ਼ਾ ਰਾਜਾ ਜੈ ਸਿੰਘ ਦੇ ਬੰਗਲੇ ਵਿੱਚ ਜੈ ਸਿੰਘ ਪੁਰਾ ਵਿੱਚ ਠਹਿਰੇ। ਇਥੇ ਹੁਣ ਕਨਾਟ ਪਲੇਸ ਦੇ ਨੇੜੇ ਗੁਰਦੁਆਰਾ ਬੰਗਲਾ ਸਾਹਿਬ ਸਥਿਤ ਹੈ। ਦਿੱਲੀ ਵਿੱਚ ਉਸ ਸਮੇਂ ਬਹੁਤੀ ਵਸੋਂ ਰੋਗਾਂ ਨਾਲ ਪੀੜਿਤ ਸੀ। ਗੁਰੂ ਹਰਿਕ੍ਰਿਸ਼ਨ ਸਾਹਿਬ ਮਾਤਾ ਕਿਸ਼ਨ ਕੌਰ ਸਮੇਤ ਉਹਨਾਂ ਰੋਗੀਆਂ ਦੇ ਦੁਖ ਦੂਰ ਕਰਨ ਵਿੱਚ ਜੁੱਟ ਗਏ। ਸੈਂਕੜੇ ਨਹੀਂ ਹਜ਼ਾਰਾਂ ਲੋਕਾਂ ਨੂੰ ਦੁੱਖ ਤੋਂ ਛੁਟਕਾਰਾ ਮਿਲਿਆ। ਹਕੂਮਤ ਵਲੋਂ ਕਈ ਪਰਚੇ ਪਾਏ ਗਏ ਤੇ ਬਾਦਸ਼ਾਹ ਦੇ ਨਿਕਟਵਰਤੀ ਬਾਲਾ ਪ੍ਰੀਤਮ ਗੁਰੂ ਹਰਿਕ੍ਰਿਸ਼ਨ ਸਾਹਿਬ ਕੋਲ ਰਾਮਰਾਇ ਦੀ ਸ਼ਿਕਾਇਤ ਬਾਰੇ ਪੜਤਾਲ ਕਰਨ ਆਏ। ਸਭ ਨੇ ਇਹੀ ਰਿਪੋਰਟ ਕੀਤੀ ਕਿ ਰਾਮਰਾਇ ਦਾ ਦਾਅਵਾ ਗਲਤ ਹੈ। ਤੇ ਗੱਦੀ ਤੇ ਹੱਕਦਾਰ ਤੇ ਯੋਗ ਗੁਰੂ ਹਰਿਕ੍ਰਿਸ਼ਨ ਜੀ ਹਨ। ਮਾਤਾ ਕਿਸ਼ਨ ਕੌਰ ਅਜਿਹੀ ਵਾਰਤਾ ਸਮੇਂ ਨਾਲ ਹੁੰਦੀ ਤੇ ਆਪ ਵੀ ਗੱਲਬਾਤ ਵਿੱਚ ਗੁਰਦੇਵ ਸਪੁੱਤਰ ਦਾ ਪੱਖ ਪੂਰਦੀ। ਰਾਮਰਾਇ ਦੇ ਦਾਅਵੇ ਨੂੰ ਝੁਠਲਾਂਦੀ।

ਅੱਠਵੀਂ ਨਾਨਕ-ਜੋਤ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਬੁਖ਼ਾਰ ਹੋਇਆ ਤੇ ਫਿਰ ਚੀਚਕ ਨਿਕਲ ਆਈ, ਜੋ ਬਹੁਤ ਸਖ਼ਤ ਸੀ। ਸੰਗਤਾਂ ਡੋਲ ਗਈਆਂ ਪਰ ਮਾਤਾ ਕਿਸ਼ਨ ਕੌਰ ਨੇ

ਸਭ ਨੂੰ ਧੀਰਜ ਦਿੱਤਾ ਤੇ ਗੁਰੂ ਜੀ ਨੂੰ ਖੁਲ੍ਹੇ ਵਾਤਾਵਰਣ ਵਿੱਚ ਲਿਜਾਣ ਦੀ ਸਲਾਹ ਦਿੱਤੀ। ਜਮਨਾ ਦੇ ਕੰਢੇ ਆਸ਼ਰਮ ਖੇਤਰ ਵਿੱਚ ਤੰਬੂਆਂ ਦਾ ਪ੍ਰਬੰਧ ਕਰਕੇ ਖੁਲ੍ਹੇ ਵਾਯੂਮੰਡਲ ਵਿੱਚ ਜਿੱਥੇ ਬਾਲਾ ਪ੍ਰੀਤਮ ਦੇ ਜੋਤੀ ਜੋਤ ਸਮਾਉਣ ਦਾ ਸਮਾਂ ਨੇੜੇ ਜਾਣ ਕੇ ਮੁਖੀ ਸਿੱਖਾਂ ਨੇ ਬੇਨਤੀ ਕੀਤੀ ਕਿ, "ਸਾਨੂੰ ਕੀਹਦੇ ਲੜ ਲਾਉਗੇ ?" ਗੁਰੂ ਜੀ ਨੇ ਪੰਜ ਪੈਸੇ ਤੇ ਨਾਰੀਅਲ ਮੰਗਵਾ ਕੇ "ਬਾਬਾ ਬਕਾਲੇ" ਸ਼ਬਦ ਆਖੇ। ਜਿਸ ਦਾ ਮਤਲਬ ਸੀ ਕਿ ਨੌਂਵੀਂ ਨਾਨਕ-ਜੋਤ ਬਕਾਲੇ ਵਿੱਚ ਹੈ। ਇਸ ਤੋਂ ਝਟ ਮਗਰੋਂ ਹੀ 30 ਮਾਰਚ ਸੰਨ 1664 ਨੂੰ ਜੋਤੀ ਜੋਤ ਸਮਾ ਗਏ। ਗੁਰਦੁਆਰਾ ਬਾਲਾ ਸਾਹਿਬ, ਭੋਗਲ ਵਾਲੇ ਸਥਾਨ ਤੇ ਅੰਤਮ ਸਸਕਾਰ ਕੀਤਾ ਗਿਆ। ਫਿਰ ਅੰਗੀਠਾ ਸਮੇਟ ਕੇ ਮਾਤਾ ਕਿਸ਼ਨ ਕੌਰ ਜੀ ਫੁੱਲਾਂ ਸਮੇਤ ਰਾਖ (ਭਸਮ) ਕੀਰਤਪੁਰ ਲੈ ਗਏ। ਤੇ ਪਤਾਲਪੁਰੀ ਵਿੱਚ ਸੰਗਤਾਂ ਦੇ ਦਰਸ਼ਨਾਂ ਪਿਛੋਂ ਦਰਿਆ ਸਤਲੁਜ ਭੇਟ ਕੀਤੀ ਗਈ। ਇਕ ਸਾਲ ਪਿਛੋਂ ਮਾਤਾ ਕਿਸ਼ਨ ਕੌਰ ਕੀਰਤਪੁਰ ਵਿੱਚ ਹੀ ਅਕਾਲ ਚਲਾਣਾ ਕਰ ਗਏ।

ਮਾਤਾ ਗੁਜਰੀ ਜੀ

ਗੁਰੂ ਨਾਨਕ ਦੇਵ ਜੀ ਨੇ ਸਿੱਖੀ ਦੀ ਲੋਕ-ਲਹਿਰ ਸ਼ੁਰੂ ਕਰਦਿਆਂ ਇਕ ਮਹਾਨ ਇਨਕਲਾਬੀ ਕਦਮ ਇਹ ਚੁੱਕਿਆ ਕਿ ਇਸਤਰੀਆਂ ਨੂੰ ਸਮਾਜ, ਭਾਈਚਾਰੇ, ਧਾਰਮਿਕ ਸਰਗਰਮੀਆਂ ਅਥਵਾ ਜੀਵਨ ਦੇ ਹਰ ਖੇਤਰ ਵਿੱਚ ਮਰਦਾਂ ਦੇ ਬਰਾਬਰ ਸਥਾਨ ਦਿੱਤਾ। ਮਰਦ ਪ੍ਰਧਾਨ ਸਮਾਜ ਵਿੱਚ ਨਾਰੀ ਜਾਤੀ ਬਾਰੇ ਜੋ ਭਰਮ ਭੁਲੇਖੇ ਪਾਏ ਹੋਏ ਸਨ, ਉਹਨਾਂ ਨੂੰ ਦੂਰ ਕੀਤਾ। ਸੌੜੇ ਵਿਚਾਰਾਂ ਕਾਰਨ ਜੋ ਨਰ-ਨਾਰੀਆਂ ਵਿਚਕਾਰ ਨਫ਼ਰਤ ਦੀਆਂ ਕੰਧਾਂ ਸਨ ਉਹ ਢਾਹ ਕੇ ਨਰੋਏ ਜੀਵਨ ਦੀ ਉਸਾਰੂ ਢੰਗ ਨਾਲ ਉਸਾਰੀ ਲਈ ਨਾਰੀ ਨੂੰ ਬਰਾਬਰ ਦੇ ਅਧਿਕਾਰ ਦਿੱਤੇ। ਗੁਰੂ ਨਾਨਕ ਦੇਵ ਜੀ ਨੇ ਸੰਗਤ ਵਿੱਚ ਜਦ ਵੀ ਲੋਕ ਜੁੜਦੇ ਤਾਂ ਉਹ ਮਰਦਾਂ ਦੇ ਬਰਾਬਰ ਨਾਰੀਆਂ ਨੂੰ ਇਕੱਠ ਵਿੱਚ ਬਿਠਾਂਦੇ। ਇਸੇ ਲਈ ਸਿੱਖ ਜਗਤ ਦੇ ਪੰਜ ਸੌ ਸਾਲ ਦੇ ਇਤਿਹਾਸ ਵਿੱਚ ਸਿੱਖ ਨਾਰੀਆਂ ਨੇ ਹਰ ਖੇਤਰ ਵਿੱਚ ਮਹੱਤਵ ਪੂਰਨ ਯੋਗਦਾਨ ਪਾਇਆ। ਭਾਵੇਂ ਉਹ ਯੁੱਧ ਦਾ ਖੇਤਰ ਸੀ ਜਾਂ ਸਮਾਜਿਕ ਖੇਤਰ ਵਿੱਚ ਸੇਵਾ ਦਾ ਪਿੜ ਸੀ। ਜੇ ਕਿਸੇ ਮਾਨਵ ਕਲਿਆਣ ਦੀ ਸਮੱਸਿਆ ਲਈ ਕੁਰਬਾਨੀ ਦੇਣੀ ਪਈ ਤਾਂ ਸਿੱਖ ਨਾਰੀਆਂ ਨੇ ਆਪਾ ਵਾਰਨ, ਪਰਿਵਾਰ ਕੁਰਬਾਨ ਕਰਨ ਤੇ ਅਸਹਿ ਕਸ਼ਟ ਸਹਾਰਨ ਵਿੱਚ ਸਰਬ ਸਿਦਕ ਤੇ ਅਕਾਲ ਪੁਰਖ 'ਤੇ ਪੂਰਨ ਭਰੋਸੇ ਦੀ ਉੱਤਮ ਮਿਸਾਲ ਪੈਦਾ ਕੀਤੀ। ਗੁਰੂ ਮਹਿਲਾਂ ਤੇ ਹੋਰ ਇਤਿਹਾਸਕ ਸਿੱਖ ਨਾਰੀਆਂ ਵਿੱਚ ਮਾਤਾ ਗੁਜਰੀ ਜੀ ਦਾ ਵਿਸ਼ੇਸ਼ ਨਾਂ ਹੈ। ਮਾਤਾ ਗੁਜਰੀ ਜੀ ਨੇ ਆਪਣੇ ਜੀਵਨ ਕਾਲ ਵਿੱਚ ਖ਼ੁਸ਼ੀਆਂ ਭਰਪੂਰ ਮੌਕੇ ਵੀ ਵੇਖੇ ਤੇ ਅਤਿ ਦੁਖਦਾਈ ਘੜੀਆਂ ਵੀ ਜੀਵਨ ਤਜਰਬੇ ਵਿੱਚ ਬੀਤੀਆਂ। ਉਹ ਨਾ ਤਾਂ ਖ਼ੁਸ਼ੀਆਂ ਦੇ ਮੌਕਿਆਂ ਤੇ ਬਹੁਤ ਖ਼ੁਸ਼ ਹੋਏ ਤੇ ਨਾ ਸੰਕਟ ਦੀਆਂ ਘੜੀਆਂ ਵਿੱਚ ਉਹਨਾਂ ਹਉਕੇ ਲਏ। ਪ੍ਰਭੂ ਦੀ ਰਜ਼ਾ ਵਿੱਚ ਹਰ ਸਮੇਂ ਭਾਣੇ ਨੂੰ ਮਿੱਠਾ ਕਰਕੇ ਮੰਨਦੇ ਰਹੇ। ਨਾ ਚੰਗੇ ਸਮੇਂ ਹਉਮੇ ਆਉਣ ਦਿੱਤੀ ਤੇ ਨਾ ਦੁੱਖ ਸਮੇਂ ਢਹਿੰਦੀ ਕਲਾ ਵਿੱਚ ਮਨ ਨੂੰ ਉਦਾਸ ਹੋਣ ਦਿੱਤਾ। ਗੁਰੂ ਪਤੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਆਦਰਸ਼ਕ ਪਤਨੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਤਿਕਾਰ ਯੋਗ ਮਾਤਾ ਪਰਿਵਾਰ ਨੂੰ ਸਦਾ ਧਰਮ ਦੀ ਖ਼ਾਤਰ ਜੂਝਣ ਦੀ ਸਲਾਹ ਦਿੰਦਿਆਂ ਆਪ ਵੀ ਅਖ਼ੀਰ ਸ਼ਹੀਦ ਹੋ ਗਈ।

ਮਾਤਾ ਗੁਜਰੀ ਦਾ ਜਨਮ ਜਲੰਧਰ ਨੇੜੇ ਕਰਤਾਰਪੁਰ ਦੁਆਬਾ ਵਿੱਚ ਸ੍ਰੀ ਲਾਲ ਚੰਦ ਜੀ ਦੇ ਗ੍ਰਹਿ ਵਿਖੇ ਮਾਤਾ ਬਿਸ਼ਨ ਕੌਰ ਦੀ ਕੁੱਖੋਂ ਹੋਇਆ। ਜਨਮ ਸਾਲ ਕਿਹੜਾ ਸੀ ਇਸ ਬਾਰੇ ਵੱਖ-ਵੱਖ ਇਤਿਹਾਸਕਾਰਾਂ, ਸਾਖੀਕਾਰਾਂ ਤੇ ਕਵੀਆਂ ਨੇ ਆਪਣੀ-ਆਪਣੀ ਜਾਣਕਾਰੀ ਅਨੁਸਾਰ ਜਨਮ ਸਾਲ ਦਾ ਜ਼ਿਕਰ ਕੀਤਾ ਹੈ। ਕੋਈ ਉਹਨਾਂ ਦਾ ਜਨਮ 1629 ਈ. ਲਿਖਦਾ ਹੈ ਤੇ ਕੋਈ ਉਹਨਾਂ ਦੇ ਜਨਮ ਸਾਲ ਨੂੰ 1627 ਬਿਆਨ ਕਰਦਾ ਹੈ। ਜਨਮ ਸਾਲ

ਬਾਰੇ ਕੋਈ ਦਲੀਲਾਂ ਸਹਿਤ ਜਾਂ ਇਤਿਹਾਸਕ ਹਵਾਲਿਆਂ ਨਾਲ ਕੁਝ ਨਹੀਂ ਲਿਖਿਆ ਮਿਲਦਾ। ਉਹਨਾਂ ਦੇ ਗੁਰੂ ਤੇਗ ਬਹਾਦਰ ਜੀ ਨਾਲ ਵਿਆਹ ਤੋਂ ਹੀ ਸਭ ਅਨੁਮਾਨ ਲਾਏ ਗਏ ਹਨ। ਗੁਰੂ ਤੇਗ ਬਹਾਦਰ ਜੀ ਨਾਲ ਮਾਤਾ ਗੁਜਰੀ ਜੀ ਦਾ ਵਿਆਹ 1634 ਵਿੱਚ ਹੋਇਆ ਠੀਕ ਸਿੱਧ ਹੁੰਦਾ ਹੈ, ਕਿਉਂਕਿ ਵਿਆਹ ਤੋਂ ਅਗਲੇ ਸਾਲ ਹੀ ਕਰਤਾਰਪੁਰ ਦਾ ਜੰਗ ਹੋਇਆ ਤੇ ਇਸ ਪਿਛੋਂ ਗੁਰੂ ਹਰਿਗੋਬਿੰਦ ਸਾਹਿਬ ਕਰਤਾਰਪੁਰ ਛੱਡ ਕੇ ਕੀਰਤਪੁਰ ਆ ਗਏ। ਗੁਰੂ ਤੇਗ ਬਹਾਦਰ ਜੀ ਦਾ ਜਨਮ 1621 ਦਾ ਸਭ ਇਤਿਹਾਸਕਾਰ ਮੰਨਦੇ ਹਨ। ਵਿਆਹ ਸਮੇਂ ਗੁਰੂ ਤੇਗ ਬਹਾਦਰ ਜੀ ਦੀ ਆਯੂ 13 ਸਾਲ ਦੀ ਬਣਦੀ ਹੈ। ਇਸ ਹਿਸਾਬ ਨਾਲ ਗੁਜਰੀ ਜੀ ਦੀ ਵੀ ਵਿਆਹ ਸਮੇਂ ਆਯੂ 9-10 ਸਾਲ ਦੀ ਹੀ ਅਨੁਮਾਨੀ ਜਾ ਸਕਦੀ ਹੈ।

ਜੋ ਲੇਖਕ ਗੁਜਰੀ ਜੀ ਦਾ ਜਨਮ 1629 ਜਾਂ 1627 ਲਿਖਦੇ ਹਨ, ਉਸ ਹਿਸਾਬ ਨਾਲ ਤਾਂ ਵਿਆਹ ਸਮੇਂ ਉਹਨਾਂ ਦੀ ਆਯੂ 5-7 ਸਾਲ ਦੀ ਬਣਦੀ ਹੈ। ਵਰਤਮਾਨ ਲੇਖਕਾਂ ਵਿੱਚ ਸ੍ਰ. ਰੂਪ ਸਿੰਘ ਦਾ ਵੀ ਇਹੀ ਅਨੁਮਾਨ ਹੈ ਕਿ ਗੁਜਰੀ ਜੀ ਦਾ ਜਨਮ 1624 ਦੇ ਲਗਭਗ ਹੀ ਬਣਦਾ ਹੈ। ਇਹਨਾਂ ਦੇ ਪਰਿਵਾਰ ਬਾਰੇ ਇਹੀ ਜਾਣਕਾਰੀ ਮਿਲਦੀ ਹੈ ਕਿ ਦੁਆਬੇ ਦਾ ਇਹ ਪਰਿਵਾਰ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਹੀ ਸਿੱਖ ਜੀਵਨ ਜਾਚ ਦੇ ਧਾਰਨੀ ਹੋਣ ਕਾਰਨ ਗੁਰੂ ਨਾਨਕ ਦੇ ਆਦਰਸ਼ਾਂ ਨੂੰ ਸਤਿਕਾਰਦੇ ਹੋਏ ਗੁਰੂ ਘਰ ਨਾਲ ਜੁੜੇ ਹੋਏ ਸਨ। ਇਸ ਲਈ ਸਿੱਖੀ ਦੀ ਲੋਕ-ਲਹਿਰ ਨਾਲ ਇਹਨਾਂ ਦਾ ਡੂੰਘਾ ਸਬੰਧ ਸੀ।

ਗੁਜਰੀ ਜੀ ਦੇ ਦੋ ਭਰਾ ਸਨ, ਇਕ ਦਾ ਨਾਂ ਕ੍ਰਿਪਾਲ ਚੰਦ ਸੀ ਜੋ ਇਸ ਵਿਆਹ ਪਿਛੋਂ ਸਾਰੀ ਉਮਰ ਗੁਰੂ ਪਰਿਵਾਰ ਨਾਲ ਹੀ ਰਿਹਾ। ਜਿਸ ਘਰ ਵਿੱਚ ਗੁਜਰੀ ਜੀ ਦਾ ਜਨਮ ਹੋਇਆ ਉਹ ਸਥਾਨ ਇਤਿਹਾਸ ਵਿੱਚ ਸੰਭਾਲਿਆ ਰਿਹਾ। ਹੁਣ ਕੁਝ ਸਾਲ ਪਹਿਲਾਂ ਇਸ ਪਰਿਵਾਰ ਦੀ ਯਾਦਗਾਰ ਵਜੋਂ ਸ਼ਾਨਦਾਰ ਗੁਰਦੁਆਰਾ ਉਸਾਰਿਆ ਗਿਆ। ਜਿਸ ਸਥਾਨ 'ਤੇ ਮਾਤਾ ਗੁਜਰੀ ਦਾ ਗੁਰੂ ਤੇਗ ਬਹਾਦਰ ਜੀ ਨਾਲ ਵਿਆਹ ਹੋਇਆ ਉਥੇ ਵੀ ਹੁਣ ਨਵੀਨਤਮ ਸਮੱਗਰੀ ਨਾਲ ਗੁਰਦੁਆਰਾ ਤਿਆਰ ਹੋ ਗਿਆ ਹੈ। ਅਸੀਂ ਆਪ 20ਵੀਂ ਸਦੀ ਦੇ ਦੂਜੇ ਅੱਧ ਤਕ ਪੁਰਾਣੀਆਂ ਛੋਟੀਆਂ ਇੱਟਾਂ ਦਾ ਬਣਿਆ ਕਮਰਾ ਵੇਖਿਆ ਸੀ। ਜਿਸ ਅੰਦਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੀ ਤੇ ਬਾਹਰ ਨਿਸ਼ਾਨ ਸਾਹਿਬ ਝੁਲ ਰਿਹਾ ਸੀ।

ਗੁਜਰੀ ਜੀ ਦੇ ਬਚਪਨ ਦੀਆਂ ਘਟਨਾਵਾਂ ਬਾਰੇ ਕਿਸੇ ਪੁਰਾਣੇ ਲੇਖਕ ਨੇ ਜਾਂ ਸਾਖੀਕਾਰ ਨੇ ਕੁਝ ਨਹੀਂ ਲਿਖਿਆ। ਅਸਲ ਵਿੱਚ ਇਤਿਹਾਸਕਾਰਾਂ ਦੀ ਨਜ਼ਰ ਵਿੱਚ ਗੁਰੂ ਮਹਿਲਾਂ ਦਾ ਜੀਵਨ ਵਿਆਹ ਤੋਂ ਪਿਛੋਂ ਸ਼ੁਰੂ ਹੁੰਦਾ ਹੈ। ਵਿਆਹ ਤੋਂ ਪਹਿਲਾਂ ਦੇ ਸਮਾਚਾਰ ਲੇਖਕਾਂ ਲਈ ਮਹੱਤਵ ਪੂਰਨ ਨਹੀਂ ਹੁੰਦੇ। ਇਸ ਲਈ ਹੁਣ ਅਸੀਂ ਇਹੀ ਅਨੁਮਾਨ ਲਾ ਸਕਦੇ ਹਾਂ ਕਿ ਸਿੱਖੀ ਦੇ ਰੰਗ ਵਿੱਚ ਰੰਗੇ ਪਰਿਵਾਰ ਵਿੱਚ ਪੈਦਾ ਹੋਣ ਕਾਰਨ ਗੁਜਰੀ ਜੀ ਉਤੇ ਬਚਪਨ ਵਿੱਚ ਹੀ ਸਿੱਖੀ ਦਾ ਰੰਗ ਚੜ੍ਹਿਆ ਹੋਵੇਗਾ। ਮਾਤਾ ਬਿਸ਼ਨ ਕੌਰ ਤੋਂ ਗੁਰਬਾਣੀ ਦੇ ਪਾਠ ਸੁਣਨ ਤੇ ਗੁਰੂ ਘਰ ਦੀਆਂ ਸਾਖੀਆਂ ਸੁਣ ਸੁਣ ਕੇ ਗੁਰੂ ਘਰ ਨਾਲ ਸ਼ਰਧਾ ਤੇ ਸਤਿਕਾਰ ਵਧਿਆ ਹੋਏਗਾ। ਜਦੋਂ ਛੇਵੀਂ ਨਾਨਕ-ਜੋਤ ਗੁਰੂ ਹਰਿਗੋਬਿੰਦ ਸਾਹਿਬ ਕਰਤਾਰਪੁਰ ਦੁਆਬਾ ਵਿੱਚ ਪਰਿਵਾਰ ਸਮੇਤ ਆ ਗਏ ਤਾਂ ਸਵੇਰੇ ਸ਼ਾਮ ਗੁਰਦੁਆਰਾ ਥੰਮ

ਸਾਹਿਬ ਵਿੱਚ ਦੀਵਾਨ ਸਜਣ ਲਗ ਪਏ। ਸੰਗਤਾਂ ਦੂਰੋਂ-ਦੂਰੋਂ ਹੁੰਮ-ਹੁੰਮਾ ਕੇ ਗੁਰੂ ਦਰਬਾਰ ਵਿੱਚ ਹਾਜ਼ਰੀ ਭਰਨ ਆਉਣ ਲੱਗ ਪਈਆਂ। ਸ੍ਰੀ ਲਾਲ ਚੰਦ ਜੀ ਵੀ ਆਪਣੇ ਪਰਿਵਾਰ ਸਮੇਤ ਗੁਰੂ ਦਰਸ਼ਨਾਂ ਲਈ ਆਉਂਦੇ ਰਹੇ। ਇਥੇ ਉਹਨਾਂ ਗੁਰੂ ਜੀ ਦੇ ਸਾਹਿਬਜ਼ਾਦੇ ਤੇਗ ਬਹਾਦਰ ਜੀ ਨੂੰ ਵੀ ਗੁਰੂ ਦਰਬਾਰ ਵਿੱਚ ਹਾਜ਼ਰੀ ਭਰਦਿਆਂ ਵੇਖਿਆ ਤੇ ਸ਼ਸਤਰ ਵਿਦਿਆ ਦਾ ਅਭਿਆਸ ਕਰਦਿਆਂ ਵੀ ਵੇਖਿਆ। ਮਾਤਾ ਨਾਨਕੀ ਜੀ ਨਾਲ ਤੇਗ ਬਹਾਦਰ ਜੀ ਦਾ ਵਿਆਹ ਗੁਜਰੀ ਜੀ ਨਾਲ ਕਰਨ ਦੀ ਗੱਲ ਕੀਤੀ, ਜੋ ਪ੍ਰਵਾਨ ਹੋ ਗਈ। ਬੜੇ ਚਾਵਾਂ ਮਲਾਰਾਂ ਨਾਲ ਗੁਜਰੀ ਜੀ ਦਾ ਡੋਲਾ ਇਤਿਹਾਸਕ ਨਗਰ ਕਰਤਾਰਪੁਰ ਨਗਰ ਗੁਰੂ ਹਰਿਗੋਬਿੰਦ ਸਾਹਿਬ ਦੇ ਨਿਵਾਸ ਅਸਥਾਨ 'ਤੇ ਆਇਆ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਦੇ ਵਿਆਹ ਦੀਆਂ ਖ਼ੁਸ਼ੀਆਂ ਸਾਰੇ ਗੁਰੂ ਪਰਿਵਾਰ ਤੇ ਸਿੱਖ ਸੰਗਤਾਂ ਨੇ ਮਿਲ ਕੇ ਮਨਾਈਆਂ। ਮਾਤਾ ਨਾਨਕੀ ਜੀ ਨੇ ਬਹੁਤ ਦਾਨ-ਪੁੰਨ ਕੀਤਾ ਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਵੀ ਗਰੀਬਾਂ ਤੇ ਲੋੜਵੰਦਾਂ ਨੂੰ ਮਾਇਆ, ਮਠਿਆਈਆਂ ਤੇ ਬਸਤਰ ਆਦਿ ਖੁਲ੍ਹੇ ਦਿਲ ਨਾਲ ਵੰਡੇ। ਗੁਰੂ ਸਾਹਿਬ ਦੇ ਅੰਗ ਰੱਖਿਅਕਾਂ ਤੇ ਸ਼ਸਤਰਧਾਰੀ ਜੱਥੇ ਨੂੰ ਵਿਸ਼ੇਸ਼ ਤੌਰ 'ਤੇ ਮੋਹਰਾਂ ਤੇ ਹੋਰ ਇਨਾਮ ਇਸ ਮੌਕੇ 'ਤੇ ਦਿੱਤੇ। ਗੁਰੂ ਹਰਿਗੋਬਿੰਦ ਸਾਹਿਬ ਦੇ ਪੰਜ ਸਾਹਿਬਜ਼ਾਦਿਆਂ ਵਿਚੋਂ ਤਿੰਨ ਦੇ ਵਿਆਹ ਹੋਏ। ਬਾਬਾ ਗੁਰਦਿੱਤਾ ਜੀ ਤੇ ਸੂਰਜ ਮੱਲ ਦੇ ਪਰਿਵਾਰ ਵੀ ਗੁਰੂ ਸਾਹਿਬ ਦੇ ਨਾਲ ਹੀ ਨਿਵਾਸ ਅਸਥਾਨ ਤੇ ਸਨ। ਗੁਰੂ ਸਾਹਿਬ ਦੇ ਤਿੰਨ ਮਹਿਲ ਇਕੱਠੇ ਰਹਿੰਦੇ ਸਨ। ਸਾਰਿਆਂ 'ਤੇ ਗੁਰਮਤਿ ਦੀ ਰਹਿਣੀ ਬਹਿਣੀ ਦਾ ਜੋ ਅਸਰ ਸੀ, ਉਹ ਪਹਿਲੇ ਦਿਨ ਤੋਂ ਹੀ ਗੁਜਰੀ ਜੀ ਨੇ ਕਬੂਲਣਾ ਸ਼ੁਰੂ ਕਰ ਦਿੱਤਾ। ਨਿਮਰਤਾ, ਜ਼ਬਾਨ ਦੀ ਮਿਠਾਸ ਤੇ ਧਾਰਮਕ ਰੰਗ ਪੇਕਿਓਂ ਲੈ ਕੇ ਆਈ ਸੀ। ਗੁਰੂ ਪਰਿਵਾਰ ਵਿੱਚ ਆ ਕੇ ਸਬਰ ਸਿਦਕ ਤੇ ਸੇਵਾ ਦੇ ਹੋਰ ਗੁਣਾਂ ਨਾਲ ਭਰਪੂਰ ਹੋਣ ਲੱਗੀ।

ਕਈ ਲੇਖਕਾਂ ਨੇ ਬਿਨਾ ਸੋਚੇ ਸਮਝੇ ਹੀ ਲਿਖ ਦਿੱਤਾ ਹੈ ਕਿ ਮਾਤਾ ਨਾਨਕੀ ਤੇ ਗੁਰੂ ਪਰਿਵਾਰ ਗੁਜਰੀ ਜੀ ਦੀ ਡੋਲੀ ਲੈ ਕੇ ਕਰਤਾਰਪੁਰ ਦੁਆਬਾ ਤੋਂ ਅੰਮ੍ਰਿਤਸਰ ਗੁਰੂ ਕੇ ਮਹਿਲ ਵਿੱਚ ਆਏ। ਇਹ ਸੂਚਨਾ ਗਲਤ ਹੈ। ਗੁਰੂ ਹਰਿਗੋਬਿੰਦ ਸਾਹਿਬ ਤਾਂ ਸੰਨ 1630 ਵਿੱਚ ਪਹਿਲੇ ਜੰਗ ਤੋਂ ਪਿਛੋਂ ਅੰਮ੍ਰਿਤਸਰ ਛੱਡ ਕੇ ਪਰਿਵਾਰ ਸਮੇਤ ਕਰਤਾਰਪੁਰ ਵਿੱਚ ਆ ਗਏ ਸਨ। ਇਸ ਤੋਂ ਬਾਅਦ ਉਹ ਪਰਿਵਾਰ ਸਮੇਤ ਅੰਮ੍ਰਿਤਸਰ ਆਏ ਹੀ ਨਹੀਂ। ਮਾਤਾ ਗੁਜਰੀ ਜੀ ਦਾ ਵਿਆਹ 1634 ਵਿੱਚ ਕਰਤਾਰਪੁਰ ਹੀ ਹੋਇਆ। ਇਥੇ ਹੀ ਨਿਵਾਸ ਅਸਥਾਨ ਤੇ ਕਰਤਾਰਪੁਰ ਦੇ ਕਿਲ੍ਹੇ ਵਿੱਚ ਹੀ ਓਦੋਂ ਪਰਿਵਾਰ ਦਾ ਨਿਵਾਸ ਸੀ।

ਅਜੇ ਮਾਤਾ ਗੁਜਰੀ ਜੀ ਦੇ ਵਿਆਹ ਨੂੰ ਪੂਰਾ ਇਕ ਸਾਲ ਵੀ ਨਹੀਂ ਸੀ ਹੋਇਆ, ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਆਪਣੇ ਜੀਵਨ ਕਾਲ ਦਾ ਚੌਥਾ ਜੰਗ ਲੜਨਾ ਪਿਆ। ਗੁਰੂ ਹਰਿਗੋਬਿੰਦ ਸਾਹਿਬ ਦੀ ਸਪੱਸ਼ਟ ਨੀਤੀ ਸੀ ਕਿ ਆਪ ਜੰਗ ਦੀ ਪਹਿਲ ਕਰਨੀ ਨਹੀਂ, ਪਰ ਜੇ ਕੋਈ ਹਮਲਾ ਕਰਕੇ ਆਏ ਤਾਂ ਉਹਨੂੰ ਜੰਗ ਦੇ ਮੈਦਾਨ ਵਿਚੋਂ ਬਚ ਕੇ ਨਹੀਂ ਜਾਣ ਦੇਣਾ। ਇਹ ਦ੍ਰਿਸ਼ ਵੀ ਮਾਤਾ ਗੁਜਰੀ ਜੀ ਲਈ ਅਨੋਖਾ ਜੀਵਨ ਤਜਰਬਾ ਸੀ, ਕਿਉਂਕਿ ਗੁਰੂ ਹਰਿਗੋਬਿੰਦ ਸਾਹਿਬ ਦੇ ਸੈਨਿਕ ਜੱਥੇ ਦੀ ਅਗਵਾਈ ਉਹਨਾਂ ਦੇ ਪਤੀ ਸ੍ਰੀ ਤੇਗ ਬਹਾਦਰ ਜੀ ਕਰ ਰਹੇ ਸਨ। ਸਾਧਾਰਨ ਤੌਰ 'ਤੇ ਨੌਜਵਾਨ ਪਤਨੀ ਲੜਾਈ ਦੇ ਮੈਦਾਨ ਵਿੱਚ ਜਾਂਦੇ ਪਤੀ ਨੂੰ ਵੇਖ ਕੇ ਘਬਰਾਉਂਦੀ ਏ। ਉਹਦੇ ਸੁਰੱਖਿਅਤ ਵਾਪਸ ਮੁੜਨ

ਦਾ ਮਨ ਵਿੱਚ ਤੌਖਲਾ ਹੁੰਦਾ ਹੈ। ਪਰ ਗੁਰੂ ਸਾਹਿਬ ਦਾ ਥਾਪੜਾ ਲੈ ਕੇ ਗਏ ਪਤੀ ਬਾਰੇ ਨਿਸਚਾ ਸੀ ਕਿ ਗੁਰੂ ਭਲੀ ਕਰੇਗਾ। ਜਦੋਂ ਯੁੱਧ ਜਿੱਤ ਕੇ ਸ੍ਰੀ ਤੇਗ ਬਹਾਦਰ ਜੀ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਬਾਰ ਵਿੱਚ ਆਏ ਤਾਂ ਉਹ ਦ੍ਰਿਸ਼ ਦੇਖ ਕੇ ਮਾਤਾ ਨਾਨਕੀ ਜੀ ਤੇ ਉਹਨਾਂ ਦੀ ਨੂੰਹ ਗੁਜਰੀ ਜੀ ਗੱਦ-ਗੱਦ ਹੋ ਉੱਠੇ। ਗੁਜਰੀ ਜੀ ਆਪਣੇ ਪਤੀ ਦੇ ਪ੍ਰਭੂ ਭਗਤੀ ਵਿੱਚ ਲੀਨ ਰਹਿਣ ਦੇ ਤੇ ਗੁਰਦੇਵ ਪਿਤਾ ਦੇ ਆਗਿਆਕਾਰ ਹੋਣ ਦੇ ਦ੍ਰਿਸ਼ ਇਕ ਸਾਲ ਤੱਕ ਕਈ ਵਾਰ ਦੇਖ ਚੁੱਕੇ ਸਨ। ਪਰ ਹੁਣ ਉਹਨਾਂ ਨੂੰ ਪਤੀ ਦੀ ਬੀਰਤਾ ਤੇ ਯੁੱਧ ਵਿੱਚ ਤਲਵਾਰ ਚਲਾਉਣ ਦੀ ਘਟਨਾ ਤੋਂ ਨਿਸਚਾ ਹੋਰ ਪੱਕਾ ਹੋ ਗਿਆ ਕਿ ਉਹਨਾਂ ਦਾ ਪਤੀ ਜੀਵਨ ਸੰਘਰਸ਼ ਦੇ ਹਰ ਪੜਾਅ ਤੇ ਸਫਲਤਾ ਪ੍ਰਾਪਤ ਕਰ ਸਕਦੇ ਹਨ ਅਤੇ ਜੀਵਨ ਮਾਰਗ ਵਿੱਚ ਮਹਾਨ ਪ੍ਰਾਪਤੀਆਂ ਦੇ ਸਮਰਥ ਹਨ। ਇਸ ਜਜ਼ਬੇ ਨਾਲ ਉਹਨਾਂ ਦੇ ਮਨ ਵਿੱਚ ਪਤੀ ਪਿਆਰ ਹੋਰ ਵੀ ਵਧ ਗਿਆ।

ਇਸ ਜੰਗ ਤੋਂ ਤੁਰੰਤ ਪਿਛੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਪਰਿਵਾਰ ਸਮੇਤ ਕੀਰਤਪੁਰ ਜਾਣ ਦਾ ਵਿਚਾਰ ਬਣਾਇਆ। ਕੀਰਤਪੁਰ ਵਿੱਚ ਨਗਰ ਦੀ ਤਿਆਰੀ ਲਈ ਪਹਿਲਾਂ ਹੀ ਵੱਡੇ ਸਾਹਿਬਜ਼ਾਦੇ ਬਾਬਾ ਗੁਰਦਿੱਤਾ ਜੀ ਨੂੰ ਕੀਰਤਪੁਰ ਭੇਜਿਆ ਹੋਇਆ ਸੀ। ਗੁਰੂ ਹਰਿਗੋਬਿੰਦ ਸਾਹਿਬ ਸਿੱਖੀ ਦੀ ਸੰਭਾਲ ਤੇ ਪ੍ਰਚਾਰ ਲਈ ਜਿਸ ਤਰ੍ਹਾਂ ਦਾ ਸ਼ਾਂਤਮਈ ਵਾਤਾਵਰਣ ਚਾਹੁੰਦੇ ਸਨ ਉਹ ਕੀਰਤਪੁਰ ਰਹਿੰਦਿਆਂ ਹੀ ਪੂਰਾ ਹੋ ਸਕਦਾ ਸੀ। ਮਾਤਾ ਗੁਜਰੀ ਜੀ ਵੀ ਗੁਰੂ ਪਰਿਵਾਰ ਨਾਲ 1635 ਈ. ਨੂੰ ਕੀਰਤਪੁਰ ਆ ਗਏ। ਕਰਤਾਰਪੁਰ ਤੋਂ ਕੀਰਤਪੁਰ ਜਾਂਦਿਆਂ ਰਸਤੇ ਵਿੱਚ ਜਿਸ ਤਰ੍ਹਾਂ ਦਾ ਗੁਰੂ ਘਰ ਦੇ ਸ਼ਰਧਾਲੂਆਂ ਨੇ ਗੁਰੂ ਪਰਿਵਾਰ ਦਾ ਸਤਿਕਾਰ ਸਹਿਤ ਸੁਆਗਤ ਕੀਤਾ ਤੇ ਲੋਕ ਉਮੜ ਕੇ ਦਰਸ਼ਨਾਂ ਲਈ ਆਉਂਦੇ ਰਹੇ, ਉਹ ਦ੍ਰਿਸ਼ ਵੀ ਮਾਤਾ ਗੁਜਰੀ ਜੀ ਨੇ ਅੱਖੀਂ ਡਿੱਠਾ। ਗੁਰੂ ਪਰਿਵਾਰ ਦੀਆਂ ਨਾਰੀਆਂ ਖ਼ਾਸ ਕਰਕੇ ਮਾਤਾ ਨਾਨਕੀ ਜਿਸ ਨਿਮਰਤਾ, ਸੇਵਾ ਭਾਵ ਤੇ ਸਿਖਿਆਦਾਇਕ ਗੱਲਾਂ ਆਉਣ ਵਾਲੀਆਂ ਔਰਤਾਂ ਨਾਲ ਕਰਦੀ ਉਸ ਨਾਲ ਗੁਜਰੀ ਜੀ ਦੇ ਮਨ ਵਿੱਚ ਸੱਸ ਤੇ ਹੋਰ ਵਡੇਰੀਆਂ ਨਾਰੀਆਂ ਪ੍ਰਤੀ ਮਾਣ-ਸਤਿਕਾਰ ਵਧਦਾ ਰਿਹਾ। ਲੋਕਾਂ ਨਾਲ ਉਹਨਾਂ ਦੇ ਬਚਨ ਬਿਲਾਸ ਤੋਂ ਆਪਣੇ ਲਈ ਅਗਵਾਈ ਪ੍ਰਾਪਤ ਕਰਦੀ।

ਕੀਰਤਪੁਰ ਸਾਹਿਬ ਵਿੱਚ 9 ਸਾਲ ਦਾ ਨਿਰੰਤਰ ਸਮਾਂ ਬਿਤਾਇਆ। ਇਹ ਮਾਤਾ ਗੁਜਰੀ ਲਈ ਅਤਿ ਮਹੱਤਵ ਪੂਰਨ ਸਮਾਂ ਸੀ। ਸੁੰਦਰਤਾ ਤੇ ਜਵਾਨੀ ਆਪਣੇ ਪੂਰਨ ਜੋਬਨ ਤੇ ਸੀ। ਉਮਰ ਦੇ ਇਸ ਦੌਰ ਵਿੱਚ ਆਮ ਔਰਤਾਂ ਬੇਹੱਦ ਜਜ਼ਬਾਤੀ ਤੇ ਖ਼ਾਹਿਸ਼ਾਂ ਭਰੇ ਸੁਪਨਿਆਂ ਵਿੱਚੋਂ ਗੁਜ਼ਰਦੀਆਂ ਹਨ। ਪਰ ਮਾਤਾ ਗੁਜਰੀ ਵਿੱਚ ਪ੍ਰਭੂ ਨੇ ਅਜਿਹੀ ਸਹਿਨਸ਼ੀਲਤਾ ਤੇ ਜੀਵਨ ਦੇ ਹੋਰ ਗੁਣ ਭਰ ਦਿੱਤੇ ਸਨ ਕਿ ਉਹ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਤੋਂ ਮੁਕਤ ਹੋ ਚੁੱਕੀ ਸੀ। ਬੱਸ ਮਨ ਵਿੱਚ ਇਕੋ ਤਰੰਗ ਸੀ ਕਿ ਪਤੀ ਪ੍ਰਮੇਸ਼ਰ ਦੀ ਹਰ ਆਗਿਆ ਤੇ ਆਦੇਸ਼ ਦੀ ਪਾਲਣਾ ਕਰਨੀ ਹੈ ਤੇ ਸੱਸ ਸਹੁਰੇ ਦੀ ਦਿਲੋਂ-ਮਨੋਂ ਸੇਵਾ ਕਰਕੇ ਵੱਡਿਆਂ ਦੀਆਂ ਅਸੀਸਾਂ ਲੈਣੀਆਂ ਹਨ। ਜੁਆਨ ਮੁਟਿਆਰ ਵਾਂਗ ਦੂਜੀਆਂ ਨਾਰੀਆਂ ਦੇ ਜੀਵਨ ਢੰਗ ਤੇ ਟੀਕਾ-ਟਿੱਪਣੀ ਕਰਨੀ ਜਾਂ ਚੁਗਲੀ ਨਿੰਦਾ ਕਰਨ ਲਈ ਨਾ ਉਸ ਪਾਸ ਵਿਹਲ ਸੀ ਅਤੇ ਨਾ ਹੀ ਉਸ ਦੀ ਰੁਚੀ ਸੀ। ਗੁਰੂ ਮਹਿਲਾਂ ਵਾਂਗ ਉਹ ਵਧੇਰੇ ਸਮਾਂ ਨਾਮ ਸਿਮਰਨ, ਗੁਰੂ ਦਰਬਾਰ ਦੀ ਸਵੇਰੇ-ਸ਼ਾਮ ਹਾਜ਼ਰੀ ਭਰਨ ਤੇ ਗੁਰੂ ਸਾਹਿਬਾਨ ਦੇ ਮੁਖੋਂ ਨਿਕਲੇ ਉਪਦੇਸ਼ਾਂ ਨੂੰ ਆਪਣੇ ਅਮਲੀ ਜੀਵਨ ਵਿੱਚ ਢਾਲਣ ਦਾ ਯਤਨ

ਕਰਦੀ ਰਹਿੰਦੀ। ਜਦੋਂ ਵਿਹਲ ਮਿਲਦਾ ਤਾਂ ਆਪਣੀ ਸੱਸ ਮਾਂ ਦੀ ਆਗਿਆ ਪਾਲਣ ਵਿੱਚ ਸਮਾਂ ਗੁਜ਼ਾਰਦੀ। ਇਸ ਠਰ੍ਹੰਮੇ ਭਰੇ ਤੇ ਹਸਮੁਖ ਸੁਭਾਅ ਕਾਰਨ ਸਾਰਾ ਗੁਰੂ ਪਰਿਵਾਰ ਮਾਤਾ ਗੁਜਰੀ ਜੀ ਉਤੇ ਖ਼ੁਸ਼ ਸੀ।

ਸੰਨ 1644 ਮਾਤਾ ਗੁਜਰੀ ਦੇ ਜੀਵਨ ਵਿੱਚ ਵੱਡੀ ਤਬਦੀਲੀ ਦਾ ਸਮਾਂ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਇਕ ਦਿਨ ਭਰੇ ਦੀਵਾਨ ਵਿੱਚ ਐਲਾਨ ਕੀਤਾ ਕਿ ਅਸੀਂ ਆਪਣਾ ਉੱਤਰਾਧਿਕਾਰੀ ਥਾਪਣ ਦਾ ਫ਼ੈਸਲਾ ਕਰ ਲਿਆ ਹੈ। ਇਸ ਜ਼ਿੰਮੇਵਾਰੀ ਲਈ ਧੁਰੋਂ ਵਰੋਸਾਏ ਸ੍ਰੀ ਹਰਿਰਾਇ ਜੀ ਨੂੰ ਆਪਣੇ ਸਿੰਘਾਸਨ ਤੇ ਬਿਠਾ ਕੇ ਪੰਜ ਪੈਸੇ ਅਤੇ ਨਾਰੀਅਲ ਉਹਨਾਂ ਦੀ ਭੇਟ ਕੀਤਾ। ਬਾਬਾ ਬੁੱਢਾ ਜੀ ਦੇ ਸਪੁੱਤਰ ਨੂੰ ਗੁਰਗੱਦੀ ਦਾ ਤਿਲਕ ਲਾਉਣ ਲਈ ਕਿਹਾ। ਇਸ ਤਰ੍ਹਾਂ ਸ੍ਰੀ ਗੁਰੂ ਹਰਿਰਾਇ ਜੀ ਨੂੰ ਸਤਵੀਂ ਨਾਨਕ-ਜੋਤ ਬਣਾ ਕੇ ਪਰਿਵਾਰ ਤੇ ਸਿੱਖ ਸੰਗਤ ਨੂੰ ਨਿਮਸਕਾਰ ਕਰਨ ਦਾ ਆਦੇਸ਼ ਦਿੱਤਾ। ਭਾਵੇਂ ਸ੍ਰੀ ਹਰਿਰਾਇ ਜੀ ਮਾਤਾ ਨਾਨਕੀ ਦੇ ਰਿਸ਼ਤੇ ਵਿੱਚ ਪੋਤਰੇ ਸਨ ਪਰ ਉਹਨਾਂ ਵੀ ਗੁਰਗੱਦੀ ਤੇ ਬਿਰਾਜੇ ਪੋਤਰੇ ਨੂੰ ਨਿਮਸਕਾਰ ਕੀਤਾ। ਮਾਤਾ ਗੁਜਰੀ ਜੀ ਨੇ ਵੀ ਆਪਣੇ ਪਤੀ ਦੇ ਭਤੀਜੇ ਨੂੰ ਮੱਥਾ ਟੇਕਿਆ। ਭਾਵੇਂ ਗੁਰੂ ਪਰਿਵਾਰ ਵਿਚੋਂ ਬਹੁਤਾ ਵਿਰੋਧ ਸ੍ਰੀ ਹਰਿਰਾਇ ਜੀ ਦੇ ਵੱਡੇ ਭਰਾ ਧੀਰਮੱਲ ਨੇ ਕੀਤਾ ਜਾਂ ਥੋੜਾ ਜਿਹਾ ਰੋਸ ਸੂਰਜ ਮੱਲ ਨੇ ਕੀਤਾ ਕਿ ਗੁਰੂ ਹਰਿਗੋਬਿੰਦ ਸਾਹਿਬ ਦਾ ਵੱਡਾ ਪੁੱਤਰ ਹੋਣ ਕਰਕੇ ਗੁਰਗੱਦੀ ਤੇ ਉਸ ਦਾ ਹੱਕ ਬਣਦਾ ਹੈ। ਪ੍ਰਭੂ ਦੀ ਹਰ ਰਜ਼ਾ ਵਿੱਚ ਰਾਜ਼ੀ ਰਹਿਣ ਵਾਲੇ ਸ੍ਰੀ ਤੇਗ ਬਹਾਦਰ ਤੇ ਉਹਨਾਂ ਦੀ ਧਰਮ ਸੁਪਤਨੀ ਮਾਤਾ ਗੁਜਰੀ ਜੀ ਨੇ ਪੂਰਨ ਸ਼ਾਂਤਮਈ ਰਹਿੰਦਿਆਂ ਗੁਰਦੇਵ ਪਿਤਾ ਦੇ ਫ਼ੈਸਲੇ ਤੇ ਸਬਰ ਸੰਤੋਖ ਤੇ ਖ਼ੁਸ਼ੀ ਹੀ ਦਰਸਾਈ। ਕੋਈ ਗਿਲਾ ਨਹੀਂ ਕੀਤਾ, ਕਿਸੇ ਪਦਵੀ ਦੀ ਇੱਛਾ ਨਹੀਂ ਦਰਸਾਈ ਤੇ ਨਾ ਹੀ ਕਿਸੇ ਹੋਰ ਦੁਨਿਆਵੀ ਵਸਤ ਦੀ ਪਕੜ ਮਨ ਵਿੱਚ ਲਿਆਂਦੀ। ਮਾਤਾ ਨਾਨਕੀ ਜੀ ਨੇ ਇਸ ਮੌਕੇ 'ਤੇ ਆਪਣੇ ਗੁਰਦੇਵ ਪਤੀ ਤੋਂ ਸਿਰਫ਼ ਇਤਨਾ ਪੁੱਛਿਆ ਕਿ, "ਹੁਣ ਸਾਡੇ ਲਈ ਕੀ ਆਦੇਸ਼ ਹੈ ?" ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਗਿਆ ਕੀਤੀ ਕਿ, "ਤੁਸੀਂ ਆਪਣੇ ਸਪੁੱਤਰ ਸ੍ਰੀ ਤੇਗ ਬਹਾਦਰ ਤੇ ਉਹਨਾਂ ਦੀ ਧਰਮ ਪਤਨੀ ਗੁਜਰੀ ਜੀ ਨੂੰ ਲੈ ਕੇ ਕੁਝ ਦਿਨਾਂ ਪਿਛੋਂ ਬਕਾਲੇ ਚਲੇ ਜਾਣਾ। ਸ੍ਰੀ ਤੇਗ ਬਹਾਦਰ ਜੀ ਨੇ ਆਉਂਦੇ ਸਮੇਂ ਵਿੱਚ ਮਾਨਵਤਾ ਦੇ ਇਤਿਹਾਸ ਵਿੱਚ ਬਹੁਤ ਵੱਡਾ ਕੰਮ ਕਰਨਾ ਹੈ। ਉਸ ਲਈ ਉਹਨਾਂ ਨੂੰ ਤਿਆਰੀ ਦਾ ਸਮਾਂ ਚਾਹੀਦਾ ਹੈ।" ਜਦ ਇਹ ਬਚਨ ਗੁਰੂ ਸਾਹਿਬ ਕਰ ਰਹੇ ਸਨ ਤਾਂ ਮਾਤਾ ਗੁਜਰੀ ਵੀ ਸੱਸ ਮਾਂ ਦੇ ਨਾਲ ਖੜੀ ਸੁਣ ਰਹੀ ਸੀ। ਆਮ ਸੰਸਾਰੀ ਮਨੁੱਖ ਲਈ ਅਜਿਹਾ ਆਦੇਸ਼ ਦੁਖਦਾਈ ਹੁੰਦਾ ਹੈ ਕਿ ਗੁਰੂ ਘਰ ਦੀਆਂ ਰੌਣਕਾਂ, ਮਾਣ-ਸਤਿਕਾਰ ਤੇ ਜਾਇਦਾਦ ਦੀ ਪਕੜ ਛੱਡ ਕੇ ਕਿਧਰੇ ਹੋਰ ਚਲੇ ਜਾਣ, ਸਹਿਣ ਨਹੀਂ ਹੁੰਦਾ। ਪਰ ਮਾਤਾ ਗੁਜਰੀ ਲੋਭ ਮੋਹ ਤੋਂ ਉਪਰ ਉਠ ਚੁੱਕੇ ਸੀ। ਇਸ ਲਈ ਉਹਨੇ ਨਾ ਕਿੰਤੂ ਕੀਤਾ ਅਤੇ ਨਾ ਹੀ ਆਪਣਾ ਕੋਈ ਹੱਕ ਅਧਿਕਾਰ ਜਤਲਾਇਆ।

ਗੁਰਦੇਵ ਪਿਤਾ ਜੀ ਦੀ ਆਗਿਆ ਨੂੰ ਸਤਿ ਕਰਕੇ ਮੰਨਣ ਦੀ ਸ਼ਕਤੀ ਪ੍ਰਭੂ ਨੇ ਉਹਨੂੰ ਬਖ਼ਸ਼ ਦਿੱਤੀ ਸੀ। ਮਨ ਵਿੱਚ ਇਕ ਖ਼ੁਸ਼ੀ ਇਹ ਵੀ ਸੀ ਕਿ ਸੱਸ ਮਾਂ ਦੀ ਸਰਪ੍ਰਸਤੀ ਵਿੱਚ ਜੀਵਨ ਗੁਜਾਰਨ ਦਾ ਹੁਕਮ ਹੋਇਆ ਹੈ। ਗੁਰਦੇਵ ਪਿਤਾ ਦੀ ਇਸ ਭਵਿੱਖਵਾਣੀ ਤੇ ਮਾਤਾ ਗੁਜਰੀ ਨੂੰ ਗੌਰਵ ਸੀ ਕਿ ਉਹਨਾਂ ਦੇ ਪਤੀ ਨੇ ਮਾਨਵਤਾ ਦੇ ਇਤਿਹਾਸ ਵਿੱਚ ਧਰਮ ਰੱਖਿਅਕ ਬਣਨ ਲਈ ਤਿਆਰੀ ਕਰਨੀ ਹੈ। ਗੁਜਰੀ ਜੀ ਨੇ ਇਸ ਕੰਮ ਵਿੱਚ

ਸਹਿਯੋਗ ਦੇਣਾ ਹੈ। ਗੁਰਦੇਵ ਪਿਤਾ ਨੇ ਅਜਿਹਾ ਅਸ਼ੀਰਵਾਦ ਪਰਿਵਾਰ ਦੇ ਹੋਰ ਜੀਆਂ ਨੂੰ ਨਹੀਂ ਦਿੱਤਾ।

ਇਤਿਹਾਸ ਵਿੱਚ ਇਹ ਸਮਾਚਾਰ ਬਿਆਨ ਕਰਨ ਵਾਲੇ ਲੇਖਕਾਂ ਨੇ ਲਿਖਿਆ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਪਿਛੋਂ ਅੰਤਿਮ ਅਰਦਾਸ ਤੱਕ ਮਾਤਾ ਨਾਨਕੀ, ਸ੍ਰੀ ਤੇਗ ਬਹਾਦਰ ਜੀ ਤੇ ਮਾਤਾ ਗੁਜਰੀ ਜੀ ਕੀਰਤਪੁਰ ਵਿੱਚ ਰਹੇ। ਫਿਰ ਸ੍ਰੀ ਗੁਰੂ ਹਰਿਰਾਇ ਸਾਹਿਬ ਤੋਂ ਆਗਿਆ ਲੈ ਕੇ 1644 ਈ. ਨੂੰ ਹੀ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਬਕਾਲੇ ਆ ਗਏ। ਇਹ ਪਿੰਡ ਮਾਤਾ ਨਾਨਕੀ ਦਾ ਪੇਕਾ ਪਿੰਡ ਸੀ। ਬਕਾਲੇ ਜਾਂਦਿਆਂ ਪਰਿਵਾਰ ਰਾਹ ਵਿੱਚ ਕਰਤਾਰਪੁਰ ਰੁਕਿਆ ਜੋ ਮਾਤਾ ਗੁਜਰੀ ਜੀ ਦਾ ਪੇਕਾ ਨਗਰ ਸੀ। ਉਥੇ ਗੁਜਰੀ ਜੀ ਦੇ ਮਾਪਿਆਂ ਨੇ ਜ਼ੋਰ ਦਿੱਤਾ ਕਿ ਤੁਸੀਂ ਕਰਤਾਰਪੁਰ ਵਿੱਚ ਹੀ ਰਹਿ ਸਕਦੇ ਹੋ, ਤੁਹਾਡੀ ਇੱਥੇ ਜਾਇਦਾਦ, ਸਥਾਨ ਤੇ ਸੰਗਤ ਹੈ। ਗੁਜਰੀ ਜੀ ਨੇ ਬੜੇ ਧੀਰਜ ਨਾਲ ਆਪਣੇ ਮਾਪਿਆਂ ਤੇ ਭੈਣ-ਭਰਾਵਾਂ ਨੂੰ ਸਮਝਾਇਆ ਕਿ, "ਗੁਰਦੇਵ ਪਿਤਾ ਦਾ ਆਦੇਸ਼ ਮੰਨਣਾ ਜ਼ਰੂਰੀ ਹੈ। ਇਸ ਲਈ ਅਸੀਂ ਕਰਤਾਰਪੁਰ ਨਹੀਂ ਰਹਿ ਸਕਦੇ। ਹੁਕਮ ਦੀ ਪਾਲਣਾ ਕਰਨਾ ਸਾਡਾ ਮੁੱਖ ਫ਼ਰਜ਼ ਹੈ।" ਆਮ ਜਗਿਆਸੂ ਨਾਰੀ ਅਜਿਹੀ ਅਵਸਥਾ ਵਿੱਚ ਪੇਕਿਆਂ ਨੇੜੇ ਰਹਿਣਾ ਠੀਕ ਸਮਝਦੀ ਹੈ। ਉਹ ਆਮ ਜਗਿਆਸੂ ਨਾਰੀਆਂ ਵਰਗੀ ਨਹੀਂ ਸੀ। ਮਾਤਾ ਨਾਨਕੀ ਵੀ ਗੁਜਰੀ ਜੀ ਦੇ ਇਸ ਉੱਤਰ ਤੇ ਬਹੁਤ ਖ਼ੁਸ਼ ਹੋਏ। ਉਹਨਾਂ ਨੇ ਬੜੀ ਸਿਆਣਪ ਭਰੀ ਗੱਲ ਕੀਤੀ ਸੀ। ਜਦੋਂ ਪਰਿਵਾਰ ਸਮੇਤ ਮਾਤਾ ਨਾਨਕੀ ਜੀ ਬਕਾਲੇ ਪਹੁੰਚੇ ਤਾਂ ਉਹਨਾਂ ਦੇ ਮਾਪਿਆਂ ਨੇ ਬੜੀ ਖ਼ੁਸ਼ੀ ਤੇ ਸਤਿਕਾਰ ਨਾਲ ਜੀ ਆਇਆਂ ਕਿਹਾ। ਉਹ ਪਰਿਵਾਰ ਆਰਥਿਕ ਤੌਰ 'ਤੇ ਸੌਖਾ ਅਤੇ ਖੁਲ੍ਹੇ ਸੁਭਾਅ ਦਾ ਗੁਰਸਿੱਖ ਪਰਿਵਾਰ ਸੀ। ਦੋ-ਚਾਰ ਦਿਨ ਉਸ ਪਰਿਵਾਰ ਨਾਲ ਰਹਿਣ ਪਿਛੋਂ ਮਾਤਾ ਗੁਜਰੀ ਨੇ ਸੱਸ ਮਾਂ ਨੂੰ ਯਾਦ ਕਰਾਇਆ ਕਿ ਉਹਨਾਂ ਦੇ ਪਤੀ ਨੂੰ ਅਗਲੀ ਜ਼ਿੰਮੇਵਾਰੀ ਦੀ ਤਿਆਰੀ ਲਈ ਜੋ ਇਕਾਂਤ ਅਤੇ ਸ਼ਾਂਤ ਵਾਤਾਵਰਣ ਚਾਹੀਦਾ ਹੈ ਉਹ ਵੱਡੇ ਪਰਿਵਾਰ ਵਿੱਚ ਨਹੀਂ ਮਿਲ ਸਕਦਾ। ਇਹ ਗੱਲ ਜਦੋਂ ਮਾਤਾ ਨਾਨਕੀ ਦੇ ਪੇਕਿਆਂ ਤੱਕ ਪਹੁੰਚੀ ਤਾਂ ਉਹਨਾਂ ਨੇ ਪਿੰਡ ਦੇ ਬਾਹਰਲੇ ਪਾਸੇ ਮਿੱਟੀ ਦੀਆਂ ਕੰਧਾਂ ਉਸਾਰ ਕੇ ਘਰ ਬਣਵਾ ਦਿੱਤਾ, ਜਿੱਥੇ ਮਾਤਾ ਨਾਨਕੀ ਜੀ, ਤੇਗ ਬਹਾਦਰ ਤੇ ਮਾਤਾ ਗੁਜਰੀ ਜੀ ਰਹਿਣ ਲੱਗ ਪਏ। ਸ੍ਰੀ ਤੇਗ ਬਹਾਦਰ ਜੀ ਨੇ ਇਸ ਮਕਾਨ ਦੇ ਨਾਲ ਇਕ ਭੌਰਾ ਬਣਵਾਇਆ ਅਤੇ ਉਥੇ ਇਕਾਂਤ ਵਿੱਚ ਦਿਨ-ਰਾਤ ਪ੍ਰਭੂ ਦੇ ਨਾਮ ਦਾ ਸਿਮਰਨ ਕਰਨ ਲੱਗ ਪਏ।

ਮਾਤਾ ਗੁਜਰੀ ਜੀ ਨੇ ਨਾਮ ਸਿਮਰਨ ਵਿੱਚ ਸਮਾਂ ਗੁਜ਼ਾਰਨ ਵਾਲੇ ਆਪਣੇ ਪਤੀ ਤੋਂ ਇਹ ਆਗਿਆ ਲੈ ਲਈ ਕਿ ਉਹ ਭੌਰੇ ਨੂੰ ਜਾਂਦੇ ਰਾਹ 'ਤੇ ਬੈਠਣਾ ਚਾਹੁੰਦੀ ਹੈ, ਤਾਂ ਕਿ ਹਰ ਸਮੇਂ ਪਤੀ ਦੇ ਦਰਸ਼ਨ ਕਰ ਸਕੇ ਤੇ ਜਦ ਵੀ ਉਹਨਾਂ ਨੂੰ ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਤੁਰੰਤ ਹੁਕਮ ਦੀ ਪਾਲਣਾ ਕਰ ਸਕੇ। ਇਹ ਆਗਿਆ ਉਦੋਂ ਲਈ ਜਦ ਸ੍ਰੀ ਤੇਗ ਬਹਾਦਰ ਜੀ ਨੇ ਆਦੇਸ਼ ਦਿੱਤਾ ਕਿ ਭੌਰੇ ਵਿੱਚ ਕੋਈ ਨਾ ਆਏ ਤੇ ਨਾ ਉਹਨਾਂ ਦੀ ਬਿਰਤੀ ਨੂੰ ਉਖੇੜਨ ਦਾ ਯਤਨ ਕਰੇ। ਸਵੇਰੇ-ਸਵੇਰੇ ਘਰ ਦਾ ਕੰਮ ਕਾਜ ਕਰਕੇ ਮਾਤਾ ਗੁਜਰੀ ਭੌਰੇ ਨੂੰ ਉਤਰਦੀਆਂ ਪੌੜੀਆਂ ਦੇ ਬਾਹਰ ਆ ਬੈਠਦੀ, ਜਿਥੋਂ ਉਹਨੂੰ ਸ੍ਰੀ ਤੇਗ ਬਹਾਦਰ ਜੀ ਨਜ਼ਰ ਆਉਂਦੇ ਰਹਿੰਦੇ। ਮਾਤਾ ਆਪ ਵੀ ਨਾਮ ਸਿਮਰਨ ਵਿੱਚ ਲੱਗੀ ਰਹਿੰਦੀ। ਇਸ ਤਰ੍ਹਾਂ ਇਕ ਤਾਂ ਉਹਨੂੰ ਸੰਤੁਸ਼ਟਤਾ ਮਿਲਦੀ ਅਤੇ ਦੂਜਾ ਪਤੀ ਪਿਆਰ ਦਾ ਨਸ਼ਾ ਵੀ ਮਿਲਦਾ। ਇਹ

ਅਨੋਖੇ ਕਿਸਮ ਦਾ ਗ੍ਰਹਿਸਥੀ ਜੀਵਨ ਉਹਨੇ ਸਾਲ ਛੇ ਮਹੀਨੇ ਨਹੀਂ ਪੂਰੇ ਵੀਹ ਸਾਲ ਇਸੇ ਨਿਯਮ ਨਾਲ ਬਿਤਾਇਆ। ਹਰ ਨਾਰੀ ਦੀ ਇੱਛਾ ਹੁੰਦੀ ਏ ਕਿ ਉਹ ਵਿਆਹ ਪਿਛੋਂ ਗ੍ਰਹਿਸਥ ਜੀਵਨ ਵਿੱਚ ਮਾਂ ਬਣੇ ਪਰ ਮਾਤਾ ਗੁਜਰੀ ਨੇ ਪਰਿਵਾਰਕ ਜੀਵਨ ਵਿੱਚ ਆਪਣੀ ਬਿਰਤੀ ਨੂੰ ਮਾਹੌਲ ਅਨੁਸਾਰ ਇਉਂ ਢਾਲਿਆ ਕਿ ਦੁਨਿਆਵੀ ਖ਼ਾਹਿਸ਼ਾਂ ਉਤੇ ਉਹਦਾ ਪੂਰਾ ਕਾਬੂ ਸੀ। ਗੁਰੂ ਮਹੱਲਾਂ ਦੇ ਸੁੱਖ ਆਰਾਮ, ਚੰਗਾ ਖਾਣ ਪੀਣ ਤੇ ਪਹਿਨਣ ਦੀ ਥਾਂ ਜੇ ਕੱਚੇ ਕੋਠੇ ਵਿੱਚ ਰਹਿਣਾ ਪਿਆ ਤੇ ਸਾਰਾ ਸਾਰਾ ਦਿਨ ਭੋਰੇ ਦੇ ਬਾਹਰ ਗੁਜ਼ਾਰਨਾ ਪਿਆ ਤਾਂ ਵੀ ਉਹਦੇ ਮਨ ਵਿੱਚ ਕੁਝ ਸ਼ਿਕਵਾ ਨਹੀਂ ਆਇਆ।

ਸੰਨ 1664 ਵਿੱਚ ਉਹ ਦਿਨ ਆ ਗਏ ਜਦੋਂ ਅੱਠਵੀਂ ਨਾਨਕ-ਜੋਤ ਗੁਰੂ ਹਰਿਕਿਸ਼ਨ ਸਾਹਿਬ ਜੀ ਜੋਤੀ ਜੋਤ ਸਮਾ ਗਏ। ਉਹਨਾਂ ਦੇ ਆਦੇਸ਼ ਅਨੁਸਾਰ ਸਿੱਖ-ਸੰਗਤਾਂ ਤੇ ਦਿੱਲੀ ਤੋਂ ਆਏ ਮੁਖੀ ਸਿੱਖ ਨੌਵੀਂ ਨਾਨਕ-ਜੋਤ ਦੀ ਭਾਲ ਲਈ ਬਕਾਲੇ ਆ ਗਏ। ਇਥੇ ਬਾਈ (22) ਅਖਾਉਤੀ ਗੁਰੂ ਬਣ ਕੇ ਮੰਜੀਆਂ ਡਾਹ ਕੇ ਲੋਕਾਂ ਨੂੰ ਭਰਮ-ਭੁਲੇਖੇ ਵਿੱਚ ਪਾਉਣ ਦਾ ਯਤਨ ਕਰ ਰਹੇ ਸਨ। ਮੱਖਣ ਸ਼ਾਹ ਲੁਬਾਣੇ ਨੇ ਗੁਰੂ ਤੇਗ ਬਹਾਦਰ ਨੂੰ ਭੋਰੇ ਵਿੱਚੋਂ ਲੱਭ ਕੇ ਉਹਨਾਂ ਬਾਰੇ ਸਭ ਨੂੰ ਦੱਸਿਆ। ਇਸ ਤਰ੍ਹਾਂ ਸ੍ਰੀ ਤੇਗ ਬਹਾਦਰ ਜੀ ਨੂੰ ਭੋਰੇ ਤੋਂ ਬਾਹਰ ਬੁਲਾਇਆ (ਸੱਦਿਆ) ਤੇ ਨੌਵੀਂ ਨਾਨਕ-ਜੋਤ ਦੇ ਰੂਪ ਵਿੱਚ ਗੁਰੂ ਤੇਗ ਬਹਾਦਰ ਪ੍ਰਗਟ ਹੋਏ। ਮਾਤਾ ਗੁਜਰੀ ਦੇ ਜੀਵਨ ਦਾ ਹੁਣ ਇਕ ਨਵਾਂ ਦੌਰ ਸ਼ੁਰੂ ਹੋਇਆ।

ਇਸ ਦਿਨ ਤੋਂ ਗੁਰੂ ਤੇਗ ਬਹਾਦਰ ਜੀ ਦੇ ਮਹਿਲ ਮਾਤਾ ਗੁਜਰੀ ਜੀ ਗੁਰੂ ਪਤੀ ਦੀਆਂ ਨਵੀਆਂ ਜ਼ਿੰਮੇਵਾਰੀਆਂ ਵਿੱਚ ਹੱਥ ਵਟਾਉਣ ਲੱਗੇ। ਉਹਨਾਂ ਨੂੰ ਯਾਦ ਸੀ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਕੀਰਤਪੁਰ ਵਿੱਚ ਜੋ ਭਵਿੱਖਵਾਣੀ ਕੀਤੀ ਸੀ, ਉਸ ਅਨੁਸਾਰ ਹੀ ਉਹਨਾਂ ਦੇ ਲਗਭਗ ਵੀਹ ਸਾਲ ਗੁਜ਼ਰੇ ਹਨ। ਉਹਨਾਂ ਦੇ ਮਨ ਵਿੱਚ ਇਹ ਵੀ ਸੋਚ ਆਈ ਹੋਵੇਗੀ ਕਿ ਉਹਨਾਂ ਦੇ ਗੁਰਦੇਵ ਪਤੀ ਨੇ ਧਰਮ ਰੱਖਿਅਕ ਬਣ ਕੇ ਜੋ ਮਹਾਨ ਕਾਰਜ ਕਰਨਾ ਹੈ, ਉਹ ਕਿਹੋ ਜਿਹਾ ਹੋਵੇਗਾ। ਮਾਨਸਿਕ ਤੌਰ 'ਤੇ ਮਾਤਾ ਗੁਜਰੀ ਜੀ ਨੂੰ ਤਸੱਲੀ ਸੀ ਕਿ ਵਾਹਿਗੁਰੂ ਨੇ ਉਹਨਾਂ ਤੋਂ ਜੋ ਸੇਵਾ ਲੈਣੀ ਏ, ਉਹ ਚੰਗੀ ਹੀ ਹੋਵੇਗੀ।

ਗੁਰੂ ਤੇਗ ਬਹਾਦਰ ਜੀ ਅੰਮ੍ਰਿਤਸਰ, ਤਰਨ ਤਾਰਨ ਤੇ ਗੋਇੰਦਵਾਲ ਦੇ ਗੁਰ ਅਸਥਾਨਾਂ ਦੀ ਯਾਤਰਾ ਲਈ ਜਦੋਂ ਚਲੇ ਤਾਂ ਉਹਨਾਂ ਦੇ ਨਾਲ ਮਾਤਾ ਗੁਜਰੀ ਜੀ ਤੇ ਮਾਤਾ ਨਾਨਕੀ ਜੀ ਵੀ ਸਨ। ਮਾਤਾ ਗੁਜਰੀ ਜੀ ਨੂੰ ਪਹਿਲੀ ਵਾਰ ਇਹਨਾਂ ਗੁਰ ਅਸਥਾਨਾਂ ਦੇ ਦਰਸ਼ਨ ਦੀਦਾਰ ਕਰਨ ਦਾ ਅਵਸਰ ਮਿਲਿਆ। ਇਸ ਯਾਤਰਾ ਪਿਛੋਂ ਗੁਰੂ ਤੇਗ ਬਹਾਦਰ ਜੀ ਪਰਿਵਾਰ ਸਮੇਤ ਜਦ ਚੱਲੇ ਤਾਂ ਰਸਤੇ ਵਿੱਚ ਸਿੱਖ ਸੰਗਤ ਉਹਨਾਂ ਦੇ ਦਰਸ਼ਨ ਕਰਨ ਤੇ ਨਿਮਸਕਾਰ ਕਰਨ ਲਈ ਇਕੱਠੀ ਹੁੰਦੀ ਰਹੀ। ਜਦੋਂ ਉਹ ਕਰਤਾਰਪੁਰ ਦੁਆਬਾ ਤੋਂ ਲੰਘਣ ਲੱਗੇ ਤਾਂ ਮਾਤਾ ਗੁਜਰੀ ਜੀ ਨੂੰ ਇਸ ਗੱਲ ਦੀ ਖ਼ੁਸ਼ੀ ਸੀ ਕਿ ਹੁਣ ਉਹ ਮਾਪਿਆਂ ਦੇ ਨਗਰ ਤੋਂ ਨੌਵੀਂ ਨਾਨਕ-ਜੋਤ ਦੇ ਮਹਿਲ ਦੇ ਰੂਪ ਵਿੱਚ ਵਿਚਰ ਰਹੀ ਹੈ। ਕੀਰਤਪੁਰ ਵਿੱਚ ਪਹੁੰਚ ਕੇ ਗੁਰੂ ਤੇਗ ਬਹਾਦਰ ਜੀ ਨੇ ਅਨੁਭਵ ਕੀਤਾ ਕਿ ਇਥੇ ਰਹਿਣ ਨਾਲੋਂ ਇਕ ਨਵਾਂ ਨਗਰ ਉਸਾਰਨਾ ਚਾਹੀਦਾ ਹੈ। ਰਿਆਸਤ ਕਹਿਲੂਰ ਦੇ ਰਾਜੇ ਤੋਂ ਜ਼ਮੀਨ ਖ਼ਰੀਦ ਕੇ ਇਕ ਨਵਾਂ ਨਗਰ ਵਸਾਉਣਾ ਸ਼ੁਰੂ ਕੀਤਾ, ਜਿਸ ਦਾ ਨਾਂ ਆਪਣੀ ਮਾਤਾ ਨਾਨਕੀ ਜੀ ਦੇ ਨਾਂ ਤੇ 'ਚੱਕ ਨਾਨਕੀ' ਰੱਖਿਆ। ਮਾਤਾ ਗੁਜਰੀ ਨੇ ਬਹੁਤ ਪ੍ਰਸੰਨਤਾ ਪ੍ਰਗਟ ਕੀਤੀ ਕਿ ਉਹਦੀ ਸੱਸ ਮਾਂ ਦੇ ਨਾਂ ਤੇ ਨਗਰ ਵਸਾਇਆ ਜਾ ਰਿਹਾ ਹੈ ਅਤੇ ਇਸ ਵਿੱਚ ਉਹ ਮਾਤਾ ਨਾਨਕੀ

ਦੀ ਦੇਖ-ਰੇਖ ਵਿੱਚ ਹੀ ਅਗਲਾ ਜੀਵਨ ਬਿਤਾਏਗੀ। ਕੁਝ ਸਮੇਂ ਪਿਛੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਭਾਰਤ ਭਰ ਦੀ ਯਾਤਰਾ ਤੇ ਸਿੱਖ ਸੰਗਤਾਂ ਦੀ ਸੰਭਾਲ ਤੇ ਅਗਵਾਈ ਲਈ ਜਾਣ ਦਾ ਵਿਚਾਰ ਬਣਾਇਆ, ਤਾਂ ਪਰਿਵਾਰ ਨੂੰ ਵੀ ਨਾਲ ਚਲਣ ਦੀ ਤਿਆਰੀ ਕਰਨ ਲਈ ਕਹਿ ਦਿੱਤਾ।

ਇਸ ਯਾਤਰਾ ਦੇ ਹਰ ਪੜਾਅ ਤੇ ਗੁਰੂ ਤੇਗ ਬਹਾਦਰ ਉਪਦੇਸ਼ ਦਿੰਦੇ ਗਏ, ਜਿਨ੍ਹਾਂ ਦਾ ਅਸਰ ਆਮ ਲੋਕਾਂ ਦੇ ਜੀਵਨ ਤੇ ਤਾਂ ਪੈਂਦਾ ਹੀ ਸੀ, ਪਰ ਮਾਤਾ ਗੁਜਰੀ ਜੀ ਦੇ ਮਨ ਤੇ ਦਿਮਾਗ ਉਤੇ ਵੀ ਇਹਨਾਂ ਵਿਚਾਰਾਂ ਦੀ ਮੋਹਰ ਛਾਪ ਲੱਗਦੀ ਗਈ। ਖ਼ਾਸ ਤੌਰ ਤੇ ਇਹ ਦੋ ਸੰਦੇਸ਼ ਉਹ ਕਈ ਵਾਰ ਯਾਦ ਕੀਤਾ ਕਰਦੇ ਸਨ :

1. ਚਿੰਤਾ ਤਾ ਕੀ ਕੀਜੀਏ ਜੋ ਅਨਹੋਨੀ ਹੋਇ॥
2. ਭੈ ਕਾਹੂ ਕੋ ਦੇਤੁ ਨਹਿ ਨਾ ਭੈ ਮਾਨਤ ਆਨ॥

ਇਸ ਯਾਤਰਾ ਦੌਰਾਨ ਹੀ ਮਾਤਾ ਗੁਜਰੀ ਜੀ ਨੂੰ ਅਕਾਲ ਪੁਰਖ ਦੀ ਕ੍ਰਿਪਾ ਸਦਕਾ ਮਾਂ ਬਣਨ ਦਾ ਸੁਭਾਗ ਪ੍ਰਾਪਤ ਹੋਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਸਵੈ-ਜੀਵਨੀ 'ਬੱਚਿਤ੍ਰ ਨਾਟਕ' ਵਿੱਚ ਲਿਖਿਆ ਹੈ ਕਿ ਉਹਨਾਂ ਦੇ ਮਾਤਾ ਪਿਤਾ ਨਾਮ ਸਿਮਰਨ ਤੇ ਪੁੰਨ ਦਾਨ ਕਰਦੇ ਹੋਏ ਜਦੋਂ ਇਲਾਹਾਬਾਦ ਤ੍ਰਿਵੇਣੀ ਪਹੁੰਚੇ ਤਾਂ ਇਕ ਦਿਨ ਦੋਹਾਂ ਦੇ ਮਨ ਵਿੱਚ ਆਇਆ ਕਿ ਉਹਨਾਂ ਦੇ ਗ੍ਰਹਿ ਵਿਖੇ ਇਕ ਸੂਰਮੇ, ਸੱਚੇ ਸਰੂਪ, ਮਹਾਂ ਪੁਰਖ ਸਿੱਧ ਹੋਣ ਵਾਲੇ ਬਾਲਕ ਦਾ ਆਗਮਨ ਹੋਵੇ। ਉਹਨਾਂ ਦੀ ਇੱਛਾ ਪੂਰਨ ਹੋਈ ਤੇ ਇਥੇ ਹੀ ਕੁੱਖ ਵਿੱਚ ਬਾਲਕ ਦੀ ਹੋਂਦ ਸ਼ੁਰੂ ਹੋ ਗਈ।

ਇੱਥੋਂ ਗੁਰੂ ਪਰਿਵਾਰ ਅਗੇ ਯਾਤਰਾ ਕਰਦਿਆਂ-ਕਰਦਿਆਂ ਬਿਹਾਰ ਦੇ ਨਗਰ ਪਟਨੇ ਪੁੱਜ ਗਿਆ। ਕੁਝ ਸਮਾਂ ਇਥੇ ਠਹਿਰ ਕੇ ਗੁਰੂ ਤੇਗ ਬਹਾਦਰ ਸਾਹਿਬ ਆਪਣੇ ਪ੍ਰੋਗਰਾਮ ਅਨੁਸਾਰ ਬੰਗਾਲ ਤੇ ਅਸਾਮ ਦੀ ਯਾਤਰਾ ਲਈ ਚੱਲ ਪਏ। ਪਰਿਵਾਰ ਨੂੰ ਉਹਨਾਂ ਨੇ ਪਟਨੇ ਵਿੱਚ ਹੀ ਰਹਿਣ ਦਾ ਆਦੇਸ਼ ਦਿੱਤਾ। ਪਟਨੇ ਵਿੱਚ ਹੀ ਰਹਿੰਦਿਆਂ ਮਾਤਾ ਗੁਜਰੀ ਜੀ ਦੇ ਘਰ 1666 ਈ. ਨੂੰ ਜਿਸ ਬਾਲਕ ਨੇ ਜਨਮ ਲਿਆ, ਉਸ ਦਾ ਨਾਂ ਗੁਰੂ ਗੋਬਿੰਦ ਸਿੰਘ ਸੀ। ਇਸ ਸਮੇਂ ਮਾਤਾ ਗੁਜਰੀ ਜੀ ਦੀ ਆਯੂ 41-42 ਸਾਲ ਦੀ ਸੀ। ਮਾਤਾ ਨਾਨਕੀ ਤੇ ਮਾਤਾ ਗੁਜਰੀ ਦੋਵੇਂ ਨੂੰਹ-ਸੱਸ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਤੇ ਬੇਹੱਦ ਖ਼ੁਸ਼ ਹੋਈਆਂ। ਬੜਾ ਦਾਨ ਪੁੰਨ ਕੀਤਾ। ਵਧਾਈ ਦੇਣ ਆਉਣ ਵਾਲਿਆਂ ਵਿੱਚ ਮਠਿਆਈਆਂ ਵੰਡੀਆਂ। ਮਾਤਾ ਨਾਨਕੀ ਬਹੁਤ ਹੀ ਖ਼ੁਸ਼ ਸਨ, ਕਿਉਂਕਿ ਉਹਨਾਂ ਨੇ ਪੋਤਰੇ ਦੇ ਦਰਸ਼ਨ ਕਰ ਲਏ ਸਨ। ਮਾਤਾ ਗੁਜਰੀ ਨੂੰ ਦਿਲੋਂ ਤਸੱਲੀ ਸੀ ਕਿ ਕੁੱਖ ਹਰੀ ਹੋਣ ਸਮੇਂ ਉਹਨਾਂ ਜੋ ਕੁਝ ਸੋਚਿਆ ਤੇ ਪ੍ਰਭੂ ਕੋਲੋਂ ਮੰਗਿਆ ਸੀ ਉਸ ਅਨੁਸਾਰ ਹੀ ਇਹ ਧੁਰੋਂ ਵਰੋਸਾਇਆ ਬਾਲਕ ਕਾਰਜ ਕਰੇਗਾ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਆਗਿਆ ਅਨੁਸਾਰ, ਪੰਜ ਸਾਲ ਪਟਨੇ ਰਹਿ ਕੇ ਮਾਤਾ ਗੁਜਰੀ ਇਲਾਹੀ ਜੋਤ ਆਪਣੇ ਸਪੁੱਤਰ ਦੀ ਪਾਲਣਾ ਪੋਸਣਾ ਤੇ ਸੇਵਾ-ਸੰਭਾਲ ਵਿੱਚ ਲੱਗੀ ਰਹੀ। ਗੋਬਿੰਦ ਰਾਇ ਜੀ ਦੇ ਬਾਲ ਲੀਲ੍ਹਾ ਦੇ ਦ੍ਰਿਸ਼ ਦੇਖ ਦੇਖ ਕੇ ਦਿਲੋਂ ਪ੍ਰਭੂ ਦਾ ਧੰਨਵਾਦ ਕਰਦੀ ਕਿ ਉਸ ਸੱਚੇ ਪਾਤਸ਼ਾਹ ਨੇ ਭਗਤ, ਸੂਰਮਾ ਤੇ ਦਾਤਾ ਸਪੁੱਤਰ ਬਖ਼ਸ਼ਿਆ ਹੈ। 1671 ਵਿੱਚ ਪਰਿਵਾਰ ਸਮੇਤ ਮਾਤਾ ਗੁਜਰੀ ਜੀ ਪਟਨੇ ਤੋਂ ਚਲ ਕੇ ਅਨੰਦਪੁਰ ਆ ਗਏ।

ਸ੍ਰੀ ਗੁਰੂ ਤੇਗ ਬਹਾਦਰ ਨੇ ਆਪਣੇ ਸਾਹਿਬਜ਼ਾਦੇ ਨੂੰ ਕਈ ਭਾਸ਼ਾਵਾਂ ਦਾ ਗਿਆਨ ਦਿਲਵਾਉਣ ਦਾ ਪ੍ਰਬੰਧ ਕੀਤਾ। ਸ਼ਸਤਰ ਵਿਦਿਆ ਵਿੱਚ ਨਿਪੁੰਨ ਹੋਣ ਲਈ ਸਾਧਨ ਜੁਟਵਾਏ ਅਤੇ ਚਾਰ ਸਾਲ ਦੀ ਉਮਰ ਵਿੱਚ ਹੀ ਹਰ ਪਾਸਿਉਂ ਨਿਪੁੰਨ ਹੋਣ ਲਈ ਸਹਿਯੋਗ ਦਿੱਤਾ। ਮਾਤਾ ਗੁਜਰੀ ਜੀ ਜੀਵਨ ਦੇ ਕਈ ਉਤਰਾਅ-ਚੜ੍ਹਾਅ ਦੇਖ ਚੁੱਕੇ ਸਨ। ਇਹ ਬੀਤੇ 9 ਸਾਲ ਦਾ ਸਮਾਂ ਉਹਨਾਂ ਲਈ ਅਤਿ ਸੁਖਦਾਈ ਸਮਾਂ ਸੀ। 1675 ਦਾ ਸਾਲ ਚੜ੍ਹਨ ਤੇ ਫਿਰ ਜੀਵਨ ਦੇ ਸਿੱਧੇ-ਪੱਧਰੇ ਰਾਹ ਤੋਂ ਇਕ ਨਵਾਂ ਮੋੜ ਕੱਟਿਆ। ਗੁਰਦੇਵ ਪਤੀ ਦੇ ਨਾਲ 40 ਸਾਲ ਗੁਜ਼ਾਰਨ ਪਿੱਛੋਂ ਪਰਿਵਾਰ ਨੂੰ ਅਨੰਦਪੁਰ ਛੱਡ ਕੇ ਗੁਰੂ ਤੇਗ ਬਹਾਦਰ ਦਿੱਲੀ ਨੂੰ ਚਲੇ ਗਏ। ਉਥੇ ਧਰਮ ਵਿਸ਼ਵਾਸ ਦੀ ਅਜ਼ਾਦੀ ਲਈ ਚਾਂਦਨੀ ਚੌਂਕ ਵਿੱਚ ਸ਼ਹੀਦ ਹੋ ਗਏ। ਮਾਤਾ ਗੁਜਰੀ ਲਈ ਇਹ ਸੂਚਨਾ ਵੀ ਜ਼ਿੰਦਗੀ ਦੀ ਅਤਿ ਦੁਖਦਾਈ ਸੀ, ਪਰ ਸਬਰ ਸੰਤੋਖ ਨਾਲ ਉਨ੍ਹਾਂ ਨੇ ਇਸ ਨੂੰ ਸਹਿਨ ਕੀਤਾ।

ਨੌਂ ਸਾਲ ਦੀ ਉਮਰ ਵਿੱਚ ਗੁਰੂ ਗੋਬਿੰਦ ਸਿੰਘ ਦਸਵੀਂ ਨਾਨਕ-ਜੋਤ ਬਣ ਗਏ। ਹੁਣ ਗੁਰਦੇਵ ਸਪੁੱਤਰ ਦੀ ਮਾਤਾ ਦੇ ਰੂਪ ਵਿੱਚ ਮਾਤਾ ਗੁਜਰੀ ਦੇ ਜੀਵਨ ਵਿੱਚ ਇਕ ਨਵਾਂ ਪੜਾਅ ਸ਼ੁਰੂ ਹੋਇਆ। ਇਸ ਜੀਵਨ ਅਵਸਥਾ ਵਿੱਚ ਉਹ ਦ੍ਰਿਸ਼ ਤੁਰੰਤ ਦੇਖਣ ਨੂੰ ਮਿਲਿਆ, ਜਦੋਂ ਭਾਈ ਜੈਤਾ ਚਾਂਦਨੀ ਚੌਂਕ ਦਿੱਲੀ ਤੋਂ ਗੁਰੂ ਤੇਗ ਬਹਾਦਰ ਜੀ ਦਾ ਸੀਸ ਚੁੱਕ ਕੇ ਦੌੜਿਆ ਤੇ ਰਾਹ ਦੇ ਸਫ਼ਰ ਦੀਆਂ ਔਕੜਾਂ ਸਹਿ ਕੇ ਕੀਰਤਪੁਰ ਪਹੁੰਚਿਆ। ਗੁਰੂ ਗੋਬਿੰਦ ਸਿੰਘ ਜੀ ਤੇ ਮਾਤਾ ਗੁਜਰੀ ਕੀਰਤਪੁਰ ਆ ਕੇ ਸ਼ਹੀਦ ਗੁਰਦੇਵ ਜੀ ਦੇ ਪਵਿੱਤਰ ਸਰੀਰ ਨੂੰ ਨਿਮਸਕਾਰ ਕੀਤਾ। ਬਿਬਾਣ ਬਣਾ ਕੇ ਸ਼ਬਦ ਕੀਰਤਨ ਕਰਦੇ ਹੋਏ ਚੱਲੇ ਤੇ ਅਨੰਦਪੁਰ ਸਾਹਿਬ ਜਾ ਸਸਕਾਰ ਕੀਤਾ।

ਸੰਨ 1684 ਤੱਕ ਮਾਤਾ ਗੁਜਰੀ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਸੇਵਾ ਸਿਮਰਨ ਵਿੱਚ ਜੁੱਟੇ ਰਹੇ ਤੇ ਫਿਰ ਨਾਹਨ ਰਿਆਸਤ ਦੇ ਰਾਜੇ ਨੇ ਸੱਦੇ ਉਤੇ ਸਮੇਤ ਪਰਿਵਾਰ ਨਾਹਨ ਆ ਗਏ। ਨਵੇਂ ਨਗਰ ਪਾਉਂਟੇ ਦੀ ਸਿਰਜਣਾ ਕਰਕੇ ਇਥੇ ਨਿਵਾਸ ਕੀਤਾ। ਪਹਾੜੀ ਰਾਜਿਆਂ ਨਾਲ ਪਹਿਲਾ ਯੁੱਧ ਦਸਮੇਸ਼ ਪਿਤਾ ਨੇ ਪਾਉਂਟੇ ਰਹਿੰਦਿਆ ਭੰਗਾਣੀ ਦੇ ਮੈਦਾਨ ਵਿੱਚ ਲੜਿਆ। ਗੁਰੂ ਗੋਬਿੰਦ ਸਿੰਘ ਜੀ ਭਾਵੇਂ ਸਾਹਿਤ ਸਿਰਜਣਾ ਵਿੱਚ ਦਿਲਚਸਪੀ ਲੈਂਦੇ ਰਹੇ ਤੇ ਭਾਵੇਂ ਜੰਗ ਵਿੱਚ ਨਿਤਰਣ ਲਈ ਮਜਬੂਰ ਹੋਏ। ਮਾਤਾ ਗੁਜਰੀ ਨੇ ਕਦੇ ਕਿਸੇ ਕਾਰਵਾਈ ਬਾਰੇ ਨਾਂਹ-ਪੱਖੀ ਸਲਾਹ ਨਹੀਂ ਦਿੱਤੀ। ਪਾਉਂਟੇ ਰਹਿੰਦਿਆਂ ਹੀ ਭੰਗਾਣੀ ਦੇ ਯੁੱਧ ਦੇ ਦਿਨਾਂ ਵਿੱਚ ਵੀ ਮਾਤਾ ਗੁਜਰੀ ਜੀ ਨੂੰ ਖ਼ੁਸ਼ੀ ਪ੍ਰਾਪਤ ਹੋਈ। ਜਦੋਂ ਮਾਤਾ ਸੁੰਦਰੀ ਜੀ ਦੀ ਕੁਖੋਂ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਦਾ ਜਨਮ ਹੋਇਆ। 1679 ਵਿੱਚ ਹੀ ਪਰਿਵਾਰ ਸਮੇਤ ਮਾਤਾ ਗੁਜਰੀ ਮੁੜ ਅਨੰਦਪੁਰ ਆ ਗਏ।

1699 ਈ. ਨੂੰ ਵਿਸਾਖੀ ਵਾਲੇ ਦਿਨ ਜਦ ਗੁਰੂ ਗੋਬਿੰਦ ਸਿੰਘ ਜੀ ਨੇ ਭਰੇ ਦੀਵਾਨ ਵਿੱਚ ਉੱਠ ਕੇ ਪੰਜ ਵਾਰ ਗੁਰਸਿੱਖਾਂ ਤੋਂ ਸੀਸ ਭੇਟ ਕਰਨ ਦੀ ਮੰਗ ਕੀਤੀ ਤਾਂ ਕਈ ਕਮਜ਼ੋਰ ਤੇ ਕੱਚੇ ਦਿਲ ਵਾਲੇ ਤੁਰੰਤ ਦੀਵਾਨ ਵਿਚੋਂ ਉੱਠੇ ਤੇ ਮਾਤਾ ਗੁਜਰੀ ਜੀ ਨੂੰ ਆ ਬੇਨਤੀ ਕੀਤੀ ਕਿ, "ਗੁਰੂ ਜੀ ਸਿੱਖਾਂ ਨੂੰ ਕਤਲ ਹੋਣ ਲਈ ਸੱਦਾ ਦੇ ਰਹੇ ਨੇ।" ਤਾਂ ਮਾਤਾ ਗੁਜਰੀ ਨੇ ਉਹਨਾਂ ਨੂੰ ਸਮਝਾਇਆ ਕਿ, "ਅਸੀਂ ਉਹਨਾਂ ਦੀ ਕਿਸੇ ਕਾਰਵਾਈ ਵਿੱਚ ਦਖ਼ਲ ਅੰਦਾਜ਼ੀ ਨਹੀਂ ਕਰ ਸਕਦੇ।" ਜਦੋਂ ਖ਼ਾਲਸੇ ਦੀ ਸਾਜਣਾ ਲਈ ਅੰਮ੍ਰਿਤ ਤਿਆਰ ਹੋਇਆ ਤੇ ਪੰਜ ਪਿਆਰਿਆਂ ਤੋਂ ਸਿੱਖ ਨਰ-ਨਾਰੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ, ਤਾਂ ਮਾਤਾ ਗੁਜਰੀ

ਤੇ ਗੁਰੂ ਪਰਿਵਾਰ ਦੇ ਦੂਜੇ ਜੀਆਂ ਨੇ ਵੀ ਅੰਮ੍ਰਿਤ ਛੱਕ ਲਿਆ। ਇਸ ਦਿਨ ਤੋਂ ਮਾਤਾ ਗੁਜਰੀ ਜੀ ਦਾ ਨਾਂ ਗੁਜਰ ਕੌਰ ਹੋ ਗਿਆ, ਪਰ ਇਤਿਹਾਸ ਵਿੱਚ ਮਾਤਾ ਗੁਜਰੀ ਹੀ ਪ੍ਰਚਲਤ ਰਿਹਾ।

ਪੰਜ ਸਾਲ ਪਿਛੋਂ ਉਹ ਸਮਾਂ ਆਇਆ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦਪੁਰ ਛੱਡਣਾ ਪਿਆ। ਇਸ ਸਮੇਂ ਕਈ ਇਤਿਹਾਸਕ ਸਾਖੀਆਂ ਅਨੁਸਾਰ ਮਾਤਾ ਗੁਜਰੀ ਜੀ ਨੇ ਵੀ ਇਹੀ ਸਲਾਹ ਦਿੱਤੀ ਕਿ ਅਨੰਦਪੁਰ ਖ਼ਾਲੀ ਕੀਤਾ ਜਾਏ। ਜਦੋਂ ਗੁਰੂ ਪਰਿਵਾਰ ਕਿਲ੍ਹੇ ਤੋਂ ਬਾਹਰ ਵਰਤਮਾਨ ਗੁਰਦੁਆਰਾ ਪਰਿਵਾਰ ਵਿਛੋੜਾ ਦੇ ਅਸਥਾਨ ਤੇ ਪਹੁੰਚਿਆ ਤਾਂ ਸ਼ਾਹੀ ਫੌਜਾਂ ਅਤੇ ਪਹਾੜੀ ਰਾਜਿਆਂ ਦੀ ਮਿਲਵੀਂ 10 ਲੱਖ ਫੌਜ ਨੇ ਹਮਲਾ ਕਰ ਦਿੱਤਾ। ਰਾਤ ਦੇ ਹਨੇਰੇ ਵਿੱਚ ਤੁਗਿਆਨੀ ਵਿੱਚ ਆਈ ਸਰਸਾ ਨਦੀ ਨੂੰ ਪਾਰ ਕਰਦਿਆਂ ਗੁਰੂ ਪਰਿਵਾਰ ਤਿੰਨ ਪਾਸੇ ਨਿਖੜ ਗਿਆ। ਮਾਤਾ ਸੁੰਦਰੀ (ਸੁੰਦਰ ਕੌਰ) ਤੇ ਸਾਹਿਬ ਕੌਰ ਭਾਈ ਮਨੀ ਸਿੰਘ ਨਾਲ ਦਿੱਲੀ ਦੇ ਰਾਹ ਪੈ ਗਏ। ਗੁਰੂ ਗੋਬਿੰਦ ਸਿੰਘ ਜੀ ਤੇ ਵੱਡੇ ਦੋ ਸਾਹਿਬਜ਼ਾਦਿਆਂ ਅਜੀਤ ਸਿੰਘ ਤੇ ਜੁਝਾਰ ਸਿੰਘ ਨਾਲ ਚਮਕੌਰ ਵੱਲ ਨਿਕਲ ਗਏ। ਮਾਤਾ ਗੁਜਰੀ ਜੀ ਦੋ ਛੋਟੇ ਸਾਹਿਬਜ਼ਾਦਿਆਂ ਜ਼ੋਰਾਵਰ ਸਿੰਘ, ਫਤਹਿ ਸਿੰਘ ਅਤੇ ਗੁਰੂ ਘਰ ਦੇ ਰਸੋਈਏ ਗੰਗੂ ਨਾਲ ਉਹਦੇ ਪਿੰਡ 'ਖੇੜੀ' ਵਰਤਮਾਨ ਸ਼ਹਿਰ ਮੋਰਿੰਡਾ ਪਹੁੰਚ ਗਏ। ਗੰਗੂ ਨੇ ਰਾਤ ਨੂੰ ਮਾਤਾ ਜੀ ਦੀ ਸਮਾਨ ਵਾਲੀ ਗੱਠੜੀ ਚੁਰਾ ਲਈ ਤੇ ਸਰਹੰਦ ਦੇ ਨਵਾਬ ਨੂੰ ਇਤਲਾਹ ਦੇਣ ਲਈ ਮੋਰਿੰਡੇ ਦੇ ਹਾਕਮਾਂ ਨੂੰ ਸੂਚਿਤ ਕਰ ਦਿੱਤਾ। ਜਿਸ ਕਰਕੇ ਮਾਤਾ ਗੁਜਰੀ ਤੇ ਦੋਵੇਂ ਸਾਹਿਬਜ਼ਾਦੇ ਗ੍ਰਿਫਤਾਰ ਕਰ ਲਏ ਗਏ ਤੇ ਸਰਹੰਦ ਵਿੱਚ ਨਵਾਬ ਵਜ਼ੀਰ ਖ਼ਾਂ ਦੀ ਅਦਾਲਤ ਵਿੱਚ ਪੇਸ਼ ਕਰਨ ਲਈ ਲਿਆਂਦਾ ਗਿਆ। ਉਹਨਾਂ ਨੂੰ ਸਿਖਰ ਦੀ ਸਰਦੀ ਦੇ ਮੌਸਮ ਵਿੱਚ ਅਤਿ ਠੰਢੇ ਬੁਰਜ ਦੇ ਕੈਦਖ਼ਾਨੇ ਵਿੱਚ ਰੱਖਿਆ ਗਿਆ, ਜਿੱਥੇ ਠੰਡ ਤੋਂ ਬਚਣ ਲਈ ਕੋਈ ਸਾਧਨ ਨਹੀਂ ਸੀ। ਸਾਰੀ ਰਾਤ ਮਾਤਾ ਗੁਜਰੀ ਦੋਹਾਂ ਪੋਤਰਿਆਂ ਨੂੰ ਆਪਣੀ ਗੋਦੀ ਵਿੱਚ ਨਿੱਘ ਦਿੰਦੀ ਹੋਈ ਉਹਨਾਂ ਨੂੰ ਚੜ੍ਹਦੀ ਕਲਾ ਵਿੱਚ ਰਹਿਣ ਦਾ ਉਪਦੇਸ਼ ਦਿੰਦੀ ਰਹੀ। ਉਹਨਾਂ ਨੂੰ ਯਾਦ ਕਰਾਇਆ ਕਿ ਤੁਸੀਂ ਉਸ ਦਾਦੇ ਦੇ ਪੋਤਰੇ ਹੋ ਜੋ ਹਕੂਮਤ ਤੋਂ ਨਹੀਂ ਡਰੇ ਤੇ ਨਾ ਹੀ ਆਪਣਾ ਧਰਮ ਤਿਆਗਣ ਲਈ ਤਿਆਰ ਹੋਏ। ਤੁਸੀਂ ਸੂਰਬੀਰ ਪਿਤਾ ਦੇ ਸਪੁੱਤਰ ਹੋ ਜੋ ਸੱਚ 'ਤੇ ਡਟਣ ਵਾਲਾ ਹੈ। ਮਾਤਾ ਗੁਜਰੀ ਦੇ ਬਚਨਾਂ ਸਦਕਾ 7 ਤੇ 9 ਸਾਲਾਂ ਦੇ ਬਾਲਕਾਂ ਨੇ ਡੱਟ ਕੇ ਵਜ਼ੀਰ ਖ਼ਾਂ ਦੇ ਦਰਬਾਰ ਵਿੱਚ ਸਥਿਤੀ ਦਾ ਟਾਕਰਾ ਕੀਤਾ, ਅਤੇ ਕੰਧ ਵਿੱਚ ਚਿਣੇ ਜਾਣ ਕਰਕੇ ਸ਼ਹੀਦ ਹੋ ਗਏ।

ਜਦ ਮਾਤਾ ਗੁਜਰੀ ਨੂੰ ਇਸ ਸ਼ਹੀਦੀ ਸਾਕੇ ਦਾ ਪਤਾ ਲੱਗਾ ਤਾਂ ਉਹਨਾਂ ਅਕਾਲ ਪੁਰਖ ਦਾ ਲੱਖ ਲੱਖ ਸ਼ੁਕਰ ਕੀਤਾ ਕਿ ਮਾਸੂਮਾਂ ਨੇ ਆਪਣਾ ਧਰਮ ਪੂਰੀ ਤਰ੍ਹਾਂ ਨਿਭਾਇਆ ਹੈ। ਨਵਾਬ ਨੂੰ ਜਦ ਇਸ ਵਤੀਰੇ ਦੀ ਇਤਲਾਹ ਮਿਲੀ ਤਾਂ ਉਹਨੇ ਮਾਤਾ ਗੁਜਰੀ ਜੀ ਨੂੰ ਵੀ ਸ਼ਹੀਦ ਕਰਨ ਦਾ ਹੁਕਮ ਦੇ ਦਿੱਤਾ ਅਤੇ ਮਾਤਾ ਜੀ ਨੂੰ ਬੁਰਜ ਤੋਂ ਹੇਠਾਂ ਸੁਟ ਕੇ ਸ਼ਹੀਦ ਕਰ ਦਿੱਤਾ ਗਿਆ। ਗੁਰੂ ਘਰ ਦੇ ਸ਼ਰਧਾਲੂਆਂ ਨੇ ਮੋਹਰਾਂ ਵਿਛਾ ਕੇ ਸਸਕਾਰ ਜਿੰਨੀ ਥਾਂ ਹਾਕਮਾਂ ਤੋਂ ਪ੍ਰਾਪਤ ਕੀਤੀ ਤੇ ਦੋਹਾਂ ਸਾਹਿਬਜ਼ਾਦਿਆਂ ਸਮੇਤ ਮਾਤਾ ਗੁਜਰੀ ਜੀ ਦਾ, ਜਿਸ ਥਾਂ ਸਸਕਾਰ ਕੀਤਾ ਗਿਆ ਉਥੇ ਹੁਣ ਗੁਰਦੁਆਰਾ ਜੋਤੀ ਸਰੂਪ ਸ਼ਹੀਦਾਂ ਦੀ ਯਾਦਗਾਰ ਬਣੀ ਹੋਈ ਹੈ। ਜਿਥੇ ਸਾਹਿਬਜ਼ਾਦੇ ਕੰਧਾਂ ਵਿੱਚ ਚਿਣ ਕੇ ਸ਼ਹੀਦ ਕੀਤੇ ਗਏ, ਉਥੇ ਗੁਰਦੁਆਰਾ ਫਤਹਿਗੜ੍ਹ ਸਾਹਿਬ ਬਣਿਆ ਹੋਇਆ ਹੈ। ਇਸ ਗੁਰਦੁਆਰਾ ਸਾਹਿਬ ਦੇ ਨਾਲ

ਉਹ ਠੰਡਾ ਬੁਰਜ ਵੀ ਅੱਜ ਤਕ ਕਾਇਮ ਹੈ, ਜਿਥੇ ਮਾਤਾ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦੀ ਤੋਂ ਪਹਿਲਾਂ ਕੈਦ ਰੱਖਿਆ ਗਿਆ ਸੀ। ਇਸੇ ਬੁਰਜ ਤੋਂ 79 ਸਾਲ ਦੀ ਬਿਰਧ ਮਾਤਾ ਗੁਜਰੀ ਜੀ ਨੂੰ ਨਵਾਬ ਦੇ ਹੁਕਮ ਨਾਲ ਹੇਠਾਂ ਸੁੱਟ ਕੇ ਸ਼ਹੀਦ ਕੀਤਾ ਗਿਆ ਸੀ। ਇਹ ਸ਼ਹੀਦੀ ਸਾਕਾ 27 ਦਸੰਬਰ 1704 ਈ. ਨੂੰ ਵਾਪਰਿਆ।

ਸ਼ਹੀਦ ਗੁਰਦੇਵ ਪਤੀ ਦੀ ਪਤਨੀ ਤੇ ਸ਼ਹੀਦ ਸਾਹਿਬਜ਼ਾਦਿਆਂ ਦੀ ਦਾਦੀ ਨੇ ਆਪਣੀ ਸਾਰੀ ਆਯੂ ਵਿੱਚ ਅਤਿ ਦਰਜੇ ਦਾ ਸੁੱਖ ਭਰਿਆ ਤੇ ਅਨੰਦ ਭਰਿਆ ਜੀਵਨ ਵੀ ਬਿਤਾਇਆ ਅਤੇ ਅਤਿ ਸੰਕਟ ਦੀਆਂ ਘੜੀਆਂ ਵੀ ਵੇਖੀਆਂ। ਆਪਣੇ ਨਾਂ ਅਨੁਸਾਰ ਉਹਦੇ ਜੀਵਨ ਵਿੱਚ ਜੋ ਕੁਝ ਗੁਜ਼ਰਿਆ ਉਹਨੂੰ ਉਹ ਝੱਲ ਗੁਜ਼ਰੀ। ਭਾਈ ਵੀਰ ਸਿੰਘ ਜੀ ਮਾਤਾ ਗੁਜਰੀ ਜੀ ਬਾਰੇ 'ਕਲਗੀਧਰ ਚਮਤਕਾਰ' ਵਿੱਚ ਲਿਖਦੇ ਹਨ : "ਆਹ ! ਪਿਆਰੀ ਪਿਆਰੀ ਮਾਤਾ ! ਤੂੰ ਕੀ ਕੀ ਨਾ ਸਾਡੇ ਪਾਪੀਆਂ ਲਈ ਸਹਾਰਿਆ। ਤੇਰੀ ਗੋਦ ਵਿਚ ਖੇਡਦੇ ਲਾਲ ਬੀ ਪਰਾਹੁਣੇ ਹਨ, ਤੇ ਤੈਂ ਆਪ ਹੀ ਆਪਣੀ ਜਾਨ ਤਲੀ ਪੁਰ ਧਰੀ ਹੋਈ ਹੈ। ਸਾਰੀਆਂ ਬਲੀਆਂ ਦੇਸ਼ ਦੇ ਛੁਟਕਾਰੇ ਲਈ ਹਨ।" ਠਾਕਰ ਦੇਸ ਰਾਜ ਲਿਖਦੇ ਹਨ ਕਿ : "ਮਾਤਾ ਗੁਜਰੀ ਜੀ ਅਤਿਅੰਤ ਬੁਧੀਮਾਨ ਔਰ ਧੀਰਜ ਵਾਲੀ ਸੀ। ਗੁਰੂ ਗੋਬਿੰਦ ਜੀ ਆਪ ਕੀ ਕਿਸੀ ਭੀ ਆਗਿਆ ਕਾ ਉਲੰਘਨ ਨਹੀਂ ਕਰਤੇ ਥੇ। ਆਪ ਗੁਰਦੇਵ ਸਪੁਤਰ ਗੁਰੂ ਗੋਬਿੰਦ ਸਿੰਘ ਜੀ ਦੀ ਹਰ ਕਾਰਵਾਈ ਵਿੱਚ ਸਹਿਯੋਗ ਦਿੰਦੇ ਸਨ। ਸਿੱਖ ਸੰਗਤ ਦੇ ਦੁੱਖ ਸੁਖ ਵਿੱਚ ਹਮਦਰਦੀ ਭਰਿਆ ਵਤੀਰਾ ਰੱਖਦੇ।"

ਮਾਤਾ ਗੁਜਰੀ ਜੀ ਦਾ ਸਾਰਾ ਜੀਵਨ ਇਕ ਮਹਾਨ ਸਤਵੰਤੀ, ਧਾਰਮਿਕ ਭਰੋਸੇ ਤੇ ਈਸ਼ਵਰ ਭਗਤੀ ਦਾ ਹੈ। ਮਾਤਾ ਗੁਜਰੀ ਜੀ ਪਤਨੀ ਦੇ ਰੂਪ ਵਿੱਚ ਸਨ ਤਦ ਬਾਬੇ ਬਕਾਲੇ ਵਿੱਚ ਆਪਣੇ ਗੁਰਦੇਵ ਪਤੀ ਸ੍ਰੀ ਤੇਗ ਬਹਾਦਰ ਜੀ ਦੀ ਸੇਵਾ ਕਰਦਿਆਂ ਗਰੀਬੀ ਵਿੱਚ ਰਹਿ ਕੇ ਮਿਹਨਤ ਕੀਤੀ ਤੇ ਤਪੱਸਿਆ ਕਰਦੇ ਰਹੇ। ਜੇ ਲੰਮੀਆਂ ਉਡੀਕਾਂ ਤੋਂ ਬਾਅਦ ਪੁੱਤਰ ਦੀ ਦਾਤ ਪ੍ਰਾਪਤ ਹੋਈ ਤਾਂ ਜਲਦੀ ਬਾਅਦ ਪਤੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਹੋ ਗਈ। ਇਸ ਤੋਂ ਬਾਅਦ ਜੇ ਕੁਝ ਸੁੱਖ ਆਰਾਮ ਵੇਖਿਆ ਤਾਂ ਅਜਿਹਾ ਤੂਫ਼ਾਨ ਆਇਆ, ਨਾ ਰਾਜ ਰਿਹਾ, ਨਾ ਘਰ ਰਿਹਾ, ਸਗੋਂ ਰਾਤ ਦੇ ਹਨੇਰੇ ਵਿੱਚ ਅਨੰਦਪੁਰ ਸਾਹਿਬ ਛੱਡਣਾ ਪਿਆ। ਦੋ ਛੋਟੇ ਪੋਤਰਿਆਂ ਨੂੰ ਕੰਧਾਂ ਵਿੱਚ ਚਿਣ ਕੇ ਸ਼ਹੀਦ ਹੁੰਦਾ, ਬਰਦਾਸ਼ਤ ਕੀਤਾ। ਤੇ ਅਖ਼ੀਰ ਆਪ ਵੀ ਸ਼ਹੀਦ ਹੋ ਗਏ। ਮਾਤਾ ਗੁਜਰੀ ਜੀ ਇਹਨਾਂ ਸਭ ਦਰਦਨਾਕ ਸਥਿਤੀਆਂ ਵਿੱਚ ਪੂਰੀ ਸਿਦਕ ਦਿਲੀ ਨਾਲ ਵਿਚਰਦੇ ਰਹੇ। ਇਹ ਮਾਂ ਸੰਸਾਰ ਦੀਆਂ ਅਤਿ ਦਲੇਰ ਮਾਵਾਂ ਦੀ ਕਤਾਰ ਵਿੱਚ ਖੜ੍ਹੀ ਸਭ ਤੋਂ ਮੂਹਰੇ ਪ੍ਰਤੀਤ ਹੁੰਦੀ ਹੈ।

ਮਾਤਾ ਜੀਤੋ ਜੀ (ਅਜੀਤ ਕੌਰ)

•

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਿਤ ਤੇ ਪ੍ਰੋ. ਕਰਤਾਰ ਸਿੰਘ ਲਿਖਤ 'ਸਿੱਖ ਇਤਿਹਾਸ' ਵਿੱਚ ਦਰਜ ਹੈ ਕਿ ਕਲਗੀਧਰ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਤਿੰਨ ਮਹਿਲ ਸਨ। (1) ਲਾਹੌਰ ਨਿਵਾਸੀ ਸ੍ਰੀ ਹਰਜਸ ਦੀ ਸਪੁੱਤਰੀ ਮਾਤਾ ਜੀਤੋ ਜੀ ਨਾਲ 23 ਹਾੜ ਸੰਮਤ 1734 ਈ. 1677 ਨੂੰ ਵਿਆਹ ਹੋਇਆ। (2) ਲਾਹੌਰ ਨਿਵਾਸੀ ਸ੍ਰੀ ਰਾਮ ਸਰਨ ਦੀ ਸਪੁੱਤਰੀ, ਮਾਤਾ ਸੁੰਦਰੀ ਜੀ ਨਾਲ 7 ਵਿਸਾਖ ਸੰਮਤ 1741 ਨੂੰ ਵਿਆਹ ਹੋਇਆ, (3) ਤੇ ਰੋਹਤਾਸ ਨਿਵਾਸੀ ਸ੍ਰੀ ਰਾਮ ਸਰਨ ਦੀ ਸਪੁੱਤਰੀ, ਮਾਤਾ ਸਾਹਿਬ ਕੌਰ ਜੀ ਨਾਲ 18 ਵਿਸਾਖ ਸੰਮਤ 1757 ਵਿੱਚ ਹੋਇਆ।

ਸ੍ਰ. ਜਸਵੰਤ ਸਿੰਘ ਵਿਰਦੀ ਨੇ 'ਧੰਨ ਸੁ ਮਾਤਾ' ਨਾਮਕ ਪੁਸਤਕ ਵਿੱਚ ਲਿਖਿਆ ਹੈ ਕਿ ਉਸ ਦੇ ਤਿੰਨ ਪੁਤਰਾਂ ਨੇ ਉਸ ਵੇਲੇ ਸ਼ਹਾਦਤ ਦਿੱਤੀ ਸੀ, ਜਦੋਂ ਕਿ ਸਿੱਖੀ ਦੇ ਫਲਦਾਰ ਬ੍ਰਿਛ ਨੂੰ ਉਖਾੜ ਸੁੱਟਣ ਲਈ ਜ਼ੋਰਦਾਰ ਹਨੇਰੀਆਂ ਤੇ ਤੂਫ਼ਾਨ ਝੁਲ ਰਹੇ ਸਨ। ਕੁਦਰਤ ਦਾ ਇਹ ਅਜੀਬ ਨਿਯਮ ਰਿਹਾ ਹੈ। ਕੌਮਾਂ ਤੇ ਗੌਰਵ ਤੇ ਮਾਣ-ਮਰਿਆਦਾ ਨੂੰ ਕੁਰਬਾਨੀਆਂ ਦਿਤੇ ਬਗੈਰ ਕਾਇਮ ਨਹੀਂ ਰੱਖਿਆ ਜਾ ਸਕਦਾ। ਜਿਹੜੇ ਲੋਕ ਆਪਣੇ ਜੀਵਨ ਦੀ ਕੁਰਬਾਨੀ ਨਹੀਂ ਦੇ ਸਕਦੇ, ਉਹ ਕੌਮ ਨੂੰ ਉਸਾਰੂ ਰੂਪ ਵਿੱਚ ਜੀਵਿਤ ਨਹੀਂ ਰੱਖ ਸਕਦੇ। ਸਿੱਖ ਕੌਮ ਨੂੰ ਤਾਂ ਜਨਮ ਸਮੇਂ ਤੋਂ ਹੀ ਕੁਰਬਾਨੀਆਂ ਦੇ ਕੇ ਆਪਣੇ ਆਪ ਨੂੰ ਕਾਇਮ ਰੱਖਣਾ ਪਿਆ ਹੈ। ਹਾਲੇ ਵੀ ਕੁਰਬਾਨੀਆਂ ਦਾ ਉਹ ਦੌਰ ਖ਼ਤਮ ਨਹੀਂ ਹੋਇਆ। ਮਾਤਾ ਜੀਤੋ ਜੀ ਨੇ ਵੀ ਇਸ ਕੌਮੀ ਸੰਘਰਸ਼ ਵਿੱਚ ਬਲੀਦਾਨ ਦੇਣ ਲਈ ਆਪਣੇ ਛੋਟੇ ਬੱਚਿਆਂ ਨੂੰ ਲੋਰੀਆਂ ਵਿੱਚ ਅਜਿਹੀਆਂ ਅਸੀਸਾਂ ਦਿੱਤੀਆਂ ਅਤੇ ਗੁਰੂ ਪਰਿਵਾਰ ਦੀ ਪਰੰਪਰਾ ਵਿੱਚ ਇਸ ਹੱਦ ਤਕ ਪਰਪੱਕ ਕੀਤਾ ਕਿ ਉਹ ਆਪਣੇ ਧਰਮ ਵਿਸ਼ਵਾਸ ਦੀ ਅਜ਼ਾਦੀ ਲਈ ਪੰਜ ਭੂਤਕ ਸਰੀਰ ਵੀ ਵਾਰ ਗਏ।

ਮਾਤਾ ਜੀਤੋ ਜੀ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਨੇ 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਵਿੱਚ ਲਿਖਿਆ ਹੈ : "ਲਾਹੌਰ ਨਿਵਾਸੀ ਹਰਿਜਸ ਸੁਭਿਖੀਏ ਖੱਤਰੀ ਦੀ ਸਪੁੱਤਰੀ ਜਿਸ ਦਾ ਵਿਆਹ 23 ਹਾੜ ਸੰਮਤ 1734 ਨੂੰ ਗੁਰੂ ਗੋਬਿੰਦ ਸਿੰਘ ਜੀ ਨਾਲ ਅਨੰਦਪੁਰ ਨੇੜੇ ਗੁਰੂ ਕੇ ਲਾਹੌਰ ਵਿੱਚ ਹੋਇਆ। ਮਾਤਾ ਜੀ ਦੀ ਕੁਖੋਂ ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫਤਹਿ ਸਿੰਘ ਜੀ ਜਨਮੇ। ਮਾਤਾ ਜੀ ਦਾ ਪਰਲੋਕ ਗਮਨ 13 ਅਸੂ ਸੰਮਤ 1757 ਨੂੰ ਅਨੰਦਪੁਰ ਹੋਇਆ। ਆਪ ਦਾ ਦੇਹੁਰਾ ਅਗੰਮਪੁਰ ਵਿਦਯਮਾਨ ਹੈ। ਮਾਤਾ ਜੀ ਦਾ ਨਾਂ ਅਜੀਤੋ ਅਤੇ ਅੰਮ੍ਰਿਤ ਸੰਸਕਾਰ ਪਿਛੋਂ ਅਜੀਤ ਕੌਰ ਨਾਮ ਸੀ।

ਗਿਆਨੀ ਠਾਕੁਰ ਸਿੰਘ ਆਪਣੀ ਰਚਨਾ 'ਸ੍ਰੀ ਗੁਰਦੁਆਰੇ ਦਰਸ਼ਨ' ਵਿੱਚ ਗੁਰੂ

ਮਹਿਲਾਂ ਦਾ ਜ਼ਿਕਰ ਕਰਦਿਆਂ ਮਾਤਾ ਜੀਤੋ ਜੀ ਬਾਰੇ ਜਾਣਕਾਰੀ ਦਿੰਦੇ ਹਨ ਕਿ ਉਹਨਾਂ ਦਾ ਜਨਮ ਪਿਤਾ ਸ੍ਰੀ ਹਰਿਜਸ ਰਾਇ ਜਾਤ ਖੱਤਰੀ ਮਾਤਾ ਬਿਸ਼ਨ ਦੇਈ ਜੀ ਦੀ ਕੁਖੋਂ ਸੰਮਤ 1725 ਮਹੀਨਾ ਕੱਤਕ ਦਿਨ 12 ਸੋਮਵਾਰ ਸ਼ੈਹਰ ਲਾਹੌਰ, ਗਲੀ ਸੰਗਲਾਂ ਵਿੱਚ ਜਨਮੇ ਅਤੇ ਸੰਮਤ 1735 ਮਹੀਨਾ ਅਸੂ 14 ਮੰਗਲ ਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਵਿਵਾਹ ਹੋਇਆ। ਵਿਵਾਹ ਅਸਥਾਨ ਗੁਰੂ ਕਾ ਲਾਹੌਰ ਜੋ ਸ੍ਰੀ ਅਨੰਦੁਪਰ ਸਾਹਿਬ ਜੀ ਤੋਂ 12 ਕੋਹ ਰਾਜ ਬਿਲਾਸਪੁਰ ਵਿੱਚ ਹੈ। ਏਸ ਲਾਹੌਰ ਦੀ ਰਚਨਾ ਦਾ ਕਾਰਨ ਇਸ ਤਰ੍ਹਾਂ ਹੈ ਕਿ ਜਦੋਂ ਮਾਤਾ ਜੀਤੋ ਜੀ ਦੇ ਮਾਤਾ ਪਿਤਾ ਨੇ ਵਿਵਾਹ ਕਰਨ ਦੀ ਤਿਆਰੀ ਕਰਕੇ ਸ੍ਰੀ ਅਨੰਦਪੁਰ ਸਾਹਿਬ ਆਪਣਾ ਆਦਮੀ ਭੇਜਿਆ ਕਿ ਵਿਵਾਹ ਲਾਹੌਰ ਵਿੱਚ ਹੋਵੇਗਾ। ਇਹ ਸੁਨੇਹਾ ਸੁਣ ਕੇ ਮਹਾਰਾਜ ਭਾਣੇ ਦੇ ਮਾਲਕ ਚੋਜੀ ਪਾਤਸ਼ਾਹ ਜੀ ਨੇ ਕਿਹਾ ਕਿ ਅਸੀਂ ਲਾਹੌਰ ਨਹੀਂ ਜਾਵਾਂਗੇ ਅਤੇ ਇਥੇ ਹੀ ਲਾਹੌਰ ਬਣਾ ਵਿਵਾਹ ਕਰਾਂਗੇ। ਉਹਨਾਂ ਨੂੰ ਕਹੋ ਜੋ ਆਪਣੀ ਬੇਟੀ ਲੈ ਕੇ ਇਥੇ ਹੀ ਆ ਜਾਣ। ਇਹ ਸੁਨੇਹਾ ਲੈ ਕੇ ਆਦਮੀ ਮੁੜ ਲਾਹੌਰ ਆਇਆ ਅਤੇ ਮਾਤਾ ਜੀਤੋ ਜੀ ਦੇ ਮਾਤਾ ਪਿਤਾ ਧੰਨ ਭਾਗ ਜਾਣ ਆਗਿਆ ਮੰਨ ਆਪਣੀ ਸੁਭਾਗ ਕੰਨਿਆ ਨੂੰ ਅਤੇ ਪਰਿਵਾਰ ਦੇ ਜੋਗ ਸਬੰਧੀ ਲੈ ਕੇ ਗੁਰੂ ਕੇ ਲਾਹੌਰ ਆ ਪੁੱਜੇ। ਇਥੇ ਹੀ ਉਹਨਾਂ ਦਾ ਵਿਆਹ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਇਆ। ਆਪ ਗੁਰੂ ਗੋਬਿੰਦ ਸਿੰਘ ਜੀ ਦੇ ਪਹਿਲੇ ਮਹਿਲ ਸਨ।

ਗਿਆਨੀ ਠਾਕਰ ਸਿੰਘ ਅਨੁਸਾਰ ਮਾਤਾ ਜੀਤੋ (ਅਜੀਤ ਕੌਰ) ਜੀ ਦਾ ਜਨਮ ਸੰਨ 1668 ਈ. ਦਾ ਬਣਦਾ ਹੈ। ਜੇ ਇਹ ਜਾਣਕਾਰੀ ਠੀਕ ਹੋਵੇ ਤਾਂ ਮਾਤਾ ਜੀਤੋ (ਅਜੀਤ ਕੌਰ) ਜੀ ਗੁਰੂ ਗੋਬਿੰਦ ਸਿੰਘ ਜੀ ਨਾਲੋਂ ਦੋ ਸਾਲ ਛੋਟੇ ਮੰਨੇ ਜਾਂਦੇ ਹਨ।

ਜੀਤੋ ਜੀ ਦੇ ਬਚਪਨ ਦੇ ਸਮਾਚਾਰ ਕਿਸੇ ਇਤਿਹਾਸਕਾਰ ਨੇ ਨਹੀਂ ਲਿਖੇ। ਉਸ ਜ਼ਮਾਨੇ ਵਿੱਚ ਕਿਸੇ ਨਾਰੀ ਦੀਆਂ ਬਾਲ ਅਵਸਥਾ ਦੀਆਂ ਗੱਲਾਂ ਵਰਨਣ ਕਰਨ ਦਾ ਰਿਵਾਜ ਹੀ ਨਹੀਂ ਸੀ। ਸਾਖੀਕਾਰਾਂ ਤੇ ਗਲਪਕਾਰਾਂ ਨੇ ਸੰਕੇਤ ਮਾਤਰ ਹੀ ਦਸਿਆ ਹੈ ਕਿ ਜੀਤੋ ਜੀ ਦੇ ਮਾਪੇ ਗੁਰੂ ਘਰ ਦੇ ਸ਼ਰਧਾਲੂ ਸਿੱਖ ਪਰਿਵਾਰ ਵਿਚੋਂ ਸਨ। ਇਹ ਪਰਿਵਾਰ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਸਿੱਖੀ ਦੀ ਲੋਕ-ਲਹਿਰ ਨਾਲ ਜੁੜਿਆ ਹੋਇਆ ਸੀ। ਦੂਜੇ ਚੌਥੇ ਸਾਲ ਗੁਰੂ ਸਾਹਿਬ ਦੇ ਦਰਸ਼ਨ ਕਰਨ ਤੇ ਆਤਮਿਕ ਖ਼ੁਰਾਕ ਲੈਣ ਲਈ ਗੁਰੂ ਦਰਬਾਰ ਦੀਆਂ ਹਾਜ਼ਰੀਆਂ ਭਰਿਆ ਕਰਦੇ ਸਨ। ਘਰ ਵਿੱਚ ਸਿੱਖ ਸਿਧਾਂਤਾਂ ਦੀ ਚਰਚਾ ਹੁੰਦੀ ਰਹਿੰਦੀ ਸੀ। ਮਾਂ ਤੇ ਦਾਦੀ ਗੁਰੂ ਸਾਹਿਬਾਨ ਜੀ ਦੀਆਂ ਸਾਖੀਆਂ ਸੁਣਾ ਦੂਜੇ ਬੱਚਿਆਂ ਦੇ ਨਾਲ ਜੀਤੋ ਜੀ ਨੂੰ ਵੀ ਸਿੱਖੀ ਜਜ਼ਬੇ ਨਾਲ ਭਰਪੂਰ ਕਰਦੀਆਂ ਰਹੀਆਂ। ਉਹ ਸਮਾਂ ਸੀ ਜਦੋਂ ਧਾਰਮਿਕ ਜਜ਼ਬੇ ਨੂੰ ਘਰ ਪਰਿਵਾਰ ਵਿੱਚ ਪਹਿਲ ਦਿੱਤੀ ਜਾਂਦੀ ਸੀ।

ਸੰਨ 1675 ਵਿੱਚ ਜਦ ਗੁਰੂ ਤੇਗ ਬਹਾਦਰ ਜੀ ਧਰਮ ਵਿਸ਼ਵਾਸ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਅਗਵਾਈ ਕਰਦਿਆਂ ਚਾਂਦਨੀ ਚੌਂਕ ਦਿੱਲੀ ਵਿੱਚ ਸ਼ਹੀਦ ਹੋ ਗਏ ਤਾਂ ਗੁਰੂ ਗੋਬਿੰਦ ਸਿੰਘ ਜੀ ਦਸਵੀਂ ਨਾਨਕ-ਜੋਤ ਬਣ ਗਏ। ਅਗਲੇ ਸਾਲ ਸੰਨ 1676 ਦੀ ਵਿਸਾਖੀ ਮੌਕੇ ਤੇ ਸਿੱਖ ਸੰਗਤਾਂ ਦਸਮੇਸ਼ ਪਿਤਾ ਦੇ ਦਰਸ਼ਨਾਂ ਲਈ ਅਨੰਦਪੁਰ ਸਾਹਿਬ ਆਈਆਂ ਤੇ ਮਾਤਾ ਗੁਜਰੀ ਜੀ ਨੂੰ ਬੁਲਾਉਣ ਲਈ ਪਹੁੰਚੀਆਂ। ਇਹਨਾਂ ਸਿੱਖ ਸੰਗਤਾਂ ਵਿੱਚ ਹਰਿਜਸ ਜੀ ਦਾ ਪਰਿਵਾਰ ਵੀ ਲਾਹੌਰ ਤੋਂ ਆਇਆ ਸੀ। ਉਹਨਾਂ ਦੇ ਪਰਿਵਾਰ ਵਿੱਚ 8 ਕੁ ਸਾਲ ਦੀ ਬੱਚੀ ਜੀਤੋ ਜੀ ਵੀ ਸੀ। ਜਿਸ ਸਬਰ ਸੰਤੋਖ ਨਾਲ ਮਾਤਾ ਗੁਜਰੀ ਜੀ ਨੇ

ਗੁਰਦੇਵ ਪਤੀ ਦਾ ਬਿਨਾਂ ਧੜ ਦਾ ਸੀਸ ਝੋਲੀ ਪੁਆਇਆ, ਉਸ ਸਮਾਚਾਰ ਨੇ ਸਾਰੀਆਂ ਸਿੱਖ ਸੰਗਤਾਂ ਨੂੰ ਬੇਹੱਦ ਪ੍ਰਭਾਵਤ ਕੀਤਾ। ਹਰਿਜਸ ਭਿੱਖੀ ਜੀ ਤੇ ਉਹਨਾਂ ਦੀ ਧਰਮ ਪਤਨੀ ਬਿਸ਼ਨ ਦੇਈ ਨੇ ਸੋਚਿਆ ਕਿ ਆਪਣੀ ਬੱਚੀ ਦਾ ਜੇ ਰਿਸ਼ਤਾ ਮਾਤਾ ਗੁਜਰੀ ਜੀ, ਗੁਰੂ ਗੋਬਿੰਦ ਸਿੰਘ ਜੀ ਲਈ ਪ੍ਰਵਾਨ ਕਰ ਲੈਣ ਤਾਂ ਜਿਥੇ ਸਾਡੀ ਬੱਚੀ ਖ਼ੁਸ਼ਕਿਸਮਤ ਹੋਵੇਗੀ, ਉਥੇ ਅਸੀਂ ਵੀ ਧੰਨ-ਧੰਨ ਹੋ ਜਾਵਾਂਗੇ। ਲਾਹੌਰ ਤੋਂ ਨਾਲ ਆਈ ਸਿੱਖ ਸੰਗਤ ਦੇ ਕੁਝ ਸਿਆਣਿਆਂ ਨਾਲ ਸਲਾਹ ਕਰਕੇ ਤੇ ਕੁਝ ਮੁਖੀ ਸਿੱਖਾਂ ਨੂੰ ਨਾਲ ਲਿਜਾ ਕੇ ਮਾਤਾ ਗੁਜਰੀ ਜੀ ਪਾਸ ਆਪਣੇ ਮਨ ਦੀ ਭਾਵਨਾ ਪ੍ਰਗਟ ਕੀਤੀ। ਮਾਤਾ ਗੁਜਰੀ ਜੀ ਨੇ ਇਹ ਰਿਸ਼ਤਾ ਸਵੀਕਾਰ ਕਰ ਲਿਆ।

ਜੀਤੋ ਜੀ ਦੇ ਵਿਆਹ ਤੇ ਗੁਰੂ ਕੇ ਲਾਹੌਰ ਨਗਰ ਦੀ ਸਥਾਪਨਾ ਦਾ ਸਾਰੇ ਵਿਦਵਾਨਾਂ ਨੇ ਇਕੋ ਜਿਹਾ ਵੇਰਵਾ ਦਿੱਤਾ ਹੈ। ਪੁਰਾਤਨ ਤੇ ਨਵੀਨ ਸਿੱਖ ਇਤਿਹਾਸਕਾਰਾਂ ਦਾ ਵਰਨਣ ਹੈ ਕਿ ਜੀਤੋ ਜੀ ਦੇ ਮਾਤਾ ਪਿਤਾ ਨੇ ਇਹ ਇੱਛਾ ਪ੍ਰਗਟ ਕੀਤੀ ਕਿ ਗੁਰੂ ਗੋਬਿੰਦ ਸਿੰਘ ਜੀ ਬਰਾਤ ਲੈ ਕੇ ਲਾਹੌਰ ਆਉਣ ਤੇ ਅਸੀਂ ਲਾਹੌਰ ਵਿੱਚ ਹੀ ਆਪਣੀ ਬੱਚੀ ਦਾ ਵਿਆਹ ਰਚਾਈਏ। ਕਲਗੀਧਰ ਪਾਤਸ਼ਾਹ ਨੇ ਸਮੇਂ ਤੇ ਹਾਲਾਤ ਨੂੰ ਵੇਖਦਿਆਂ ਲਾਹੌਰ ਵਿੱਚ ਬਰਾਤ ਲੈ ਕੇ ਜਾਣ ਤੋਂ ਮਜਬੂਰੀ ਪ੍ਰਗਟ ਕੀਤੀ ਤੇ ਸਮਝਾਇਆ ਕਿ ਸਮੇਂ ਦੇ ਰਾਜਨੀਤਿਕ ਤੇ ਸਮਾਜਿਕ ਹਾਲਾਤ ਵਿਘਨ ਪਾ ਸਕਦੇ ਨੇ। ਅਸੀਂ ਸਿੱਖ ਲੋਕ-ਲਹਿਰ ਦੀ ਉਸਾਰੀ ਵਿੱਚ ਜਿਸ ਤਰ੍ਹਾਂ ਨਾਲ ਜੁੱਟੇ ਹੋਏ ਹਾਂ, ਉਹਨੂੰ ਧਿਆਨ ਵਿੱਚ ਰੱਖਦਿਆਂ ਅਨੰਦਪੁਰ ਤੋਂ ਦੂਰ ਲਾਹੌਰ ਜਾਣਾ ਠੀਕ ਨਹੀਂ ਹੋਏਗਾ। ਜੀਤੋ ਜੀ ਦੇ ਪਿਤਾ ਹਰਿਜਸ ਜੀ ਨੇ ਕਿਹਾ ਕਿ ਉਹਨਾਂ ਦਾ ਸੰਕਲਪ ਲਾਹੌਰ ਵਿੱਚ ਵਿਆਹ ਕਰਨ ਦਾ ਸੀ ਤੇ ਉਹਨਾਂ ਆਪਣੇ ਸਾਰੇ ਸਾਕ-ਸੰਬੰਧੀਆਂ ਸਾਹਮਣੇ ਵੀ ਆਪਣਾ ਇਹੋ ਸੰਕਲਪ ਦੁਹਰਾਇਆ ਹੈ। ਉਹਨਾਂ ਦੇ ਮਨ ਦੀ ਭਾਵਨਾ ਤੇ ਸੰਕਲਪ ਦਾ ਵਿਚਾਰ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਫ਼ੁਰਮਾਇਆ ਕਿ, "ਅਸੀਂ ਇਕ ਨਵਾਂ ਲਾਹੌਰ ਸਥਾਪਤ ਕਰ ਦਿੰਦੇ ਹਾਂ। ਜਿਥੇ ਤੁਸੀਂ ਆ ਕੇ ਸਮਾਗਮ ਕਰ ਸਕਦੇ ਹੋ। ਸਾਡੇ ਰੁਝੇਵਿਆਂ ਵਿੱਚ ਵੀ ਵਿਘਨ ਨਹੀਂ ਪਏਗਾ।" ਹਰਿਜਸ ਜੀ ਮੰਨ ਗਏ। ਉਹਨਾਂ ਨੂੰ ਵੀ ਸੋਝੀ ਆ ਗਈ ਕਿ ਮੁਗ਼ਲ ਰਾਜ ਵਿੱਚ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਪਿਛੋਂ ਜਿਹੋ ਜਿਹਾ ਸਮਾਜਕ ਮਾਹੌਲ ਬਣਿਆ ਹੋਇਆ ਹੈ, ਉਸ ਵਿੱਚ ਵਿਆਹ ਲਾਹੌਰ ਸ਼ਹਿਰ ਵਿੱਚ ਕਰਨਾ ਕਈ ਨਵੀਆਂ ਸਮੱਸਿਆਵਾਂ ਨੂੰ ਜਨਮ ਦੇ ਸਕਦਾ ਹੈ। ਉਨ੍ਹਾਂ ਦੀ ਪ੍ਰਵਾਨਗੀ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਤੋਂ 12 ਕੋਹ ਦੂਰ ਰਿਆਸਤ ਬਿਲਾਸਪੁਰ ਦੀ ਜ਼ਮੀਨ ਖ਼ਰੀਦ ਕੇ ਨਵੇਂ ਲਾਹੌਰ ਨਗਰ ਦੀ ਉਸਾਰੀ ਦਾ ਕੰਮ ਤੇਜ਼ੀ ਨਾਲ ਸ਼ੁਰੂ ਕਰਵਾਇਆ।

ਇਸ ਨਵੇਂ ਲਾਹੌਰ ਦਾ ਨਾਂ 'ਗੁਰੂ ਕਾ ਲਾਹੌਰ' ਪ੍ਰਸਿੱਧ ਹੋ ਗਿਆ। ਭਾਈ ਹਰਿਜਸ ਜੀ ਤੇ ਉਹਨਾਂ ਦੇ ਨਿਕਟ ਸਾਕ-ਸੰਬੰਧੀ ਵਿਆਹ ਤੋਂ ਕੁਝ ਦਿਨ ਪਹਿਲਾਂ ਗੁਰੂ ਕੇ ਲਾਹੌਰ ਆ ਗਏ। ਉਹ ਦੇਖ ਕੇ ਹੈਰਾਨ ਹੋਏ ਕਿ ਜੰਗਲ ਵਿੱਚ ਮੰਗਲ ਲਗਾ ਹੋਇਆ ਹੈ। ਉਹਨਾਂ ਦੇ ਠਹਿਰਣ ਲਈ ਮਕਾਨ ਉਸਰੇ ਹੋਏ ਹਨ। ਸ਼ਾਮਿਆਨੇ ਤੇ ਤੰਬੂਆਂ ਦਾ ਵੀ ਪੂਰਾ ਪ੍ਰਬੰਧ ਹੈ। ਲੋੜੀਂਦੀਆਂ ਵਸਤਾਂ ਵੀ ਆਸਾਨੀ ਨਾਲ ਇੱਥੇ ਲੱਭ ਸਕਦੀਆਂ ਹਨ। ਦੁਕਾਨਾਂ ਤੇ ਬਜ਼ਾਰ ਲਗੇ ਹੋਏ ਹਨ। ਗੁਰੂ ਘਰ ਦੇ ਸੈਂਕੜੇ ਸ਼ਰਧਾਲੂਆਂ ਦੀ ਨਗਰ ਵਿੱਚ ਚਹਿਲ-ਪਹਿਲ ਹੈ। ਇਸ ਗੁਰੂ ਕੇ ਲਾਹੌਰ ਵਿੱਚ ਹੀ ਸੰਮਤ 1735 ਨੂੰ ਅਸੂ ਮਹੀਨੇ ਦੀ 14 ਤਾਰੀਖ਼ ਨੂੰ ਜੀਤੋ ਜੀ ਦਾ ਗੁਰੂ ਗੋਬਿੰਦ ਸਿੰਘ ਜੀ ਨਾਲ ਵਿਆਹ ਹੋਇਆ। ਇਸ ਇਤਿਹਾਸਕ ਵਿਆਹ ਦੀ ਸਦੀਵੀ ਯਾਦਗਾਰ ਵਜੋਂ ਕਈ ਇਤਿਹਾਸਕ ਗੁਰਦੁਆਰੇ ਗੁਰੂ ਕੇ ਲਾਹੌਰ ਵਿੱਚ ਸਿੱਖ

ਸੰਗਤਾਂ ਨੇ ਉਸਾਰੇ। ਇਉਂ ਜੀਤੋ ਜੀ ਦਾ ਡੋਲਾ ਗੁਰੂ ਕੇ ਲਾਹੌਰ ਤੋਂ ਅਨੰਦਪੁਰ ਸਾਹਿਬ ਆਇਆ। ਮਾਤਾ ਗੁਜਰੀ ਜੀ ਨੇ ਬੜੇ ਮਾਣ-ਸਤਿਕਾਰ ਤੇ ਚਾਅ ਨਾਲ ਜੀਤੋ ਜੀ ਨੂੰ ਗੁਰੂ ਜੀ ਦੇ ਨਿਵਾਸ ਅਸਥਾਨ ਤੇ ਗੁਰੂ ਕੇ ਮਹਿਲ ਬਣਾ ਕੇ ਬਿਠਾਇਆ।

ਕਈ ਇਤਿਹਾਸਕਾਰਾਂ ਤੇ ਸਾਖੀਕਾਰਾਂ ਨੂੰ ਟੱਪਲਾ ਲੱਗਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਦੋਵੇਂ ਮਹਿਲ ਮਾਤਾ ਜੀਤੋ ਜੀ ਤੇ ਸੁੰਦਰੀ ਜੀ ਇਕੋ ਨਾਰੀ ਦੇ ਦੋ ਨਾਂ ਹਨ। ਉਹਨਾਂ ਅਨੁਸਾਰ ਜੀਤੋ ਜੀ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਸੁੰਦਰ ਸਰੂਪ ਹੋਣ ਕਾਰਨ ਸੁੰਦਰੀ ਬੁਲਾਉਣ ਲੱਗ ਪਏ ਸਨ। ਪਰ ਉਹਨਾਂ ਦਾ ਇਹ ਤੱਥ ਗਲਤ ਸਿੱਧ ਹੋ ਜਾਂਦਾ ਹੈ, ਜਦ ਅਸੀਂ ਦੇਖਦੇ ਹਾਂ ਕਿ ਜੀਤੋ ਜੀ 1700 ਈ. ਨੂੰ ਅਨੰਦਪੁਰ ਵਿੱਚ ਅਕਾਲ ਚਲਾਣਾ ਕਰ ਗਏ ਤੇ ਉਹਨਾਂ ਦਾ ਅੰਤਮ ਸਸਕਾਰ ਅਨੰਦਪੁਰ ਸਾਹਿਬ ਵਿੱਚ ਹੀ ਹੋਇਆ। ਉਹਨਾਂ ਦਾ ਦੇਹੁਰਾ ਅਗੰਮਪੁਰ ਦੇ ਨਾਂ ਤੋਂ ਪ੍ਰਸਿੱਧ ਹੈ। ਮਾਤਾ ਸੁੰਦਰੀ ਜੀ ਅਧੀ ਸਦੀ ਪਿਛੋਂ ਦਿੱਲੀ ਵਿੱਚ ਅਕਾਲ ਚਲਾਣਾ ਕਰ ਗਏ ਤੇ ਉਹਨਾਂ ਦਾ ਅੰਤਮ ਸਸਕਾਰ ਵਰਤਮਾਨ ਗੁਰਦੁਆਰਾ ਬਾਲਾ ਸਾਹਿਬ ਵਿਖੇ ਗੁਰੂ ਹਰਿਕਿਸ਼ਨ ਸਾਹਿਬ ਜੀ ਦੇ ਸਸਕਾਰ ਅਸਥਾਨ ਦੇ ਬਿਲਕੁਲ ਨਾਲ ਪੂਰਬ ਵਾਲੇ ਪਾਸੇ ਹੋਇਆ। ਉਹਨਾਂ ਦੀ ਅੰਤਮ ਯਾਦਗਾਰ ਵਜੋਂ ਦੇਹੁਰਾ ਬਣਿਆ ਹੋਇਆ ਹੈ। ਜੇ ਇਕੋ ਨਾਰੀ ਦੇ ਦੋ ਨਾਂ ਪ੍ਰਚਲਤ ਹੁੰਦੇ ਤਾਂ ਇਕੋ ਥਾਂ ਇਕੋ ਸਮੇਂ ਅਕਾਲ ਚਲਾਣੇ ਦਾ ਜ਼ਿਕਰ ਹੁੰਦਾ, ਦੋ ਥਾਂ ਅੰਤਮ ਯਾਦਗਾਰਾਂ ਤੋਂ ਸਪੱਸ਼ਟ ਹੈ ਕਿ ਗੁਰੂ ਜੀ ਦੇ ਇਹ ਦੋ ਵੱਖੋ-ਵੱਖਰੇ ਮਹਿਲ ਸਨ। ਜਾਪਦਾ ਹੈ ਕਿ ਮਾਤਾ ਜੀਤੋ ਜੀ ਬਹੁਤ ਲੰਮਾ ਸਮਾਂ ਨਾ ਵਿਚਰੇ, ਜਿਸ ਕਾਰਨ ਉਹਨਾਂ ਬਾਰੇ ਬਹੁਤ ਘੱਟ ਲੋਕਾਂ ਨੂੰ ਗਿਆਨ ਹੋਇਆ। ਮਾਤਾ ਸੁੰਦਰੀ ਜੀ ਅੱਧੀ ਸਦੀ ਤਕ ਵਿਚਰਦੇ ਰਹੇ ਤੇ ਪੰਥ ਦੀ ਪਹਿਲੀ ਨਾਰੀ ਨੇਤਾ ਵਜੋਂ ਸਤਿਕਾਰੇ ਜਾਂਦੇ ਰਹੇ, ਜਿਸ ਕਰਕੇ ਉਹਨਾਂ ਦਾ ਇਤਿਹਾਸ ਵਿੱਚ ਬਹੁਤਾ ਜ਼ਿਕਰ ਆਇਆ ਹੈ।

ਮਾਤਾ ਜੀਤੋ ਜੀ ਦਾ ਸਿੱਖ ਇਤਿਹਾਸ ਵਿੱਚ ਕਿਸੇ ਕਿਸੇ ਲੇਖਕ ਨੇ ਵਰਨਣ ਕੀਤਾ ਹੈ। ਕੁਲ੍ਹ ਮਿਲਾ ਕੇ ਪੰਜ ਛੇ ਹਵਾਲੇ ਇਹਨਾਂ ਦੇ ਜੀਵਨ ਕਾਲ ਨਾਲ ਸਬੰਧਤ ਮਿਲਦੇ ਹਨ। ਪਹਿਲੀ ਘਟਨਾ ਉਹਨਾਂ ਦੇ ਗੁਰੂ ਕੇ ਲਾਹੌਰ ਵਿੱਚ ਵਿਆਹ ਦੀ ਬਿਆਨ ਕੀਤੀ ਹੈ। ਦੂਜੀ ਵਾਰ ਉਹਨਾਂ ਦੀ ਸੰਤਾਨ ਬਾਰੇ ਜ਼ਿਕਰ ਆਉਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਵਿਚੋਂ ਤਿੰਨ ਸਾਹਿਬਜ਼ਾਦਿਆਂ—ਜੁਝਾਰ ਸਿੰਘ, ਜ਼ੋਰਾਵਰ ਸਿੰਘ ਤੇ ਫਤਹਿ ਸਿੰਘ ਜੀ ਨੂੰ ਜਨਮ ਦੇਣ ਵਾਲੀ ਮਾਤਾ ਜੀਤੋ ਸੀ। ਤੀਜੀ ਘਟਨਾ ਖ਼ਾਲਸੇ ਦੀ ਸਾਜਨਾ ਸਮੇਂ ਜਦ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਬਾਣੀਆਂ ਪੜ੍ਹ ਕੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਤਾਂ ਉਸ ਸਮੇਂ ਖੰਡੇ ਬਾਟੇ ਦੇ ਤਿਆਰ ਹੋ ਰਹੇ ਅੰਮ੍ਰਿਤ ਵਿੱਚ ਪਤਾਸੇ ਮਾਤਾ ਜੀਤੋ ਜੀ ਨੇ ਪਾਏ। ਚੌਥੀ ਘਟਨਾਂ ਉਹਨਾਂ ਦੇ ਅਕਾਲ ਚਲਾਣੇ ਦੀ ਵਿਸ਼ੇਸ਼ ਹੈ।

ਮਾਤਾ ਜੀਤੋ ਜੀ ਦੀ ਕੁਖੋਂ ਜਨਮ ਲੈਣ ਵਾਲੇ ਸਾਹਿਬਜ਼ਾਦਿਆਂ ਦੇ ਜਨਮ ਸਾਲ ਇਤਿਹਾਸ ਦੇ ਬਹੁਤੇ ਹਵਾਲਿਆਂ ਵਿੱਚ ਅੰਕਿਤ ਹਨ। ਬਾਬਾ ਜੁਝਾਰ ਸਿੰਘ ਦਾ ਜਨਮ ਸੰਮਤ 1748 (ਸੰਨ 1690) ਵਿੱਚ, ਬਾਬਾ ਜ਼ੋਰਾਵਰ ਸਿੰਘ ਸੰਮਤ 1753 (ਸੰਨ 1696) ਵਿੱਚ ਅਤੇ ਬਾਬਾ ਫਤਹਿ ਸਿੰਘ ਸੰਮਤ 1756 (ਸੰਨ 1699) ਵਿੱਚ ਪੈਦਾ ਹੋਏ।

ਜਦ 1699 ਦੀ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਵਚਿੱਤਰ ਢੰਗ ਨਾਲ ਸੰਗਤ ਦੇ ਸਾਹਮਣੇ ਪੰਜ ਪਿਆਰਿਆਂ ਦੀ ਚੋਣ ਕੀਤੀ ਤਾਂ ਉਸ ਵੇਲੇ ਖ਼ਾਲਸੇ ਦੀ ਸਾਜਨਾ

ਦਾ ਕਾਰਜ ਅਰੰਭ ਕਰਦਿਆਂ ਤੇ ਸਿੱਖਾਂ ਨੂੰ ਸਿੰਘ ਸਜਾਦਿਆਂ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਨਾ ਸ਼ੁਰੂ ਕੀਤਾ ਤਾਂ ਸਰਬ ਲੋਹ ਦਾ ਬਾਟਾ ਲੈ ਕੇ ਉਸ ਵਿੱਚ ਸਵੱਛ ਜਲ ਪਾਇਆ, ਫਿਰ ਉਸ ਜਲ ਵਿੱਚ ਖੰਡਾ ਫੇਰਦਿਆਂ ਪੰਜ ਬਾਣੀਆਂ ਦਾ ਪਾਠ ਕੀਤਾ। ਮਾਤਾ ਜੀਤੋ ਜੀ ਉਸ ਸਮੇਂ ਦੀਵਾਨ ਵਿੱਚ ਨੇੜੇ ਹੀ ਬੈਠੇ ਸਨ। ਉਹ ਆਪਣੇ ਆਸਨ ਤੋਂ ਉਠੇ ਤੇ ਕੁਝ ਪਤਾਸੇ ਤਿਆਰ ਹੋ ਰਹੇ ਖੰਡੇ ਬਾਟੇ ਦੇ ਪਾਹੁਲ ਵਿੱਚ ਪਾ ਦਿੱਤੇ। ਪਰਤੀਤ ਹੁੰਦਾ ਹੈ ਕਿ ਕਲਗੀਧਰ ਪਾਤਸ਼ਾਹ ਨੇ ਮਾਤਾ ਜੀਤੋ ਦੇ ਜ਼ਿੰਮੇ ਇਹ ਸੇਵਾ ਲਾਈ ਹੋਈ ਸੀ, ਤਾਂ ਹੀ ਉਹ ਪਤਾਸੇ ਲੈ ਕੇ ਬੈਠੇ ਹੋਏ ਸੀ। ਇਸ ਪਾਹੁਲ ਦਾ ਇਕ ਤਾਂ ਜਿਨ੍ਹਾਂ ਪੰਜ ਪਿਆਰਿਆਂ ਦੀ ਚੋਣ ਵੱਖ-ਵੱਖ ਵਰਗਾਂ ਦੇ ਊਚ-ਨੀਚ ਦਾ ਭੇਟ ਮਿਟਾ ਕੇ ਹੋਈ ਸੀ, ਉਹਨਾਂ ਨੂੰ ਉਸੇ ਬਾਟੇ ਵਿਚੋਂ ਅੰਮ੍ਰਿਤ ਛਕਾ ਕੇ ਮਾਨਵਤਾ ਦੀ ਏਕਤਾ ਤੇ ਬਰਾਬਰੀ ਦਾ ਸਬੂਤ ਦਿੱਤਾ ਗਿਆ, ਉਥੇ ਮਾਤਾ ਜੀਤੋ ਜੀ ਦੇ ਪਤਾਸਿਆਂ ਨੇ ਮਿਠਾਸ ਭਰੀ ਤਾਂ ਕਿ ਅੰਮ੍ਰਿਤ ਛਕਣ ਵਾਲੇ ਮਾਨਵਵਾਦੀ ਗੁਣਾਂ ਭਰਪੂਰ ਮਿਠਾਸ ਵਿੱਚ ਰਹਿਣ। 'ਮਨ ਨੀਵਾਂ ਤੇ ਮਤ ਉੱਚੀ' ਉਹਨਾਂ ਦੇ ਜੀਵਨ ਦਾ ਭਾਗ ਬਣੇ। ਭਾਈ ਸੰਤੋਖ ਸਿੰਘ ਜੀ ਨੇ 'ਸੂਰਜ ਪ੍ਰਕਾਸ਼ ਗ੍ਰੰਥ' ਵਿੱਚ ਮਾਤਾ ਜੀਤੋ ਜੀ ਦੀ ਇਸ ਘਟਨਾ ਦਾ ਜ਼ਿਕਰ ਕਰਦਿਆਂ ਲਿਖਿਆ ਹੈ :-

ਕਰ ਅਰਦਾਸ ਰਹਤ ਭੀ ਨਾਲੇ
ਪੰਚਾਮ੍ਰਿਤ ਅਡਿ ਪਾਂਚਉ ਮਿਲੇ
ਜਾਤ ਪਾਤ ਕੇ ਭੇਦ ਨਾ ਕੋਈ
ਚਾਰ ਬਰਨ ਅਚਵਹਿ ਇਕ ਹੋਈ।

ਮਾਤਾ ਜੀਤੋ ਜੀ ਦੀ ਹਾਜ਼ਰੀ ਵਿੱਚ ਹੀ ਗੁਰੂ ਸਾਹਿਬ ਨੇ ਜੋ ਉਪਦੇਸ਼ ਦਿੱਤਾ, ਉਸ ਨੂੰ ਭਾਈ ਸੰਤੋਖ ਸਿੰਘ ਜੀ ਆਪਣੇ ਸ਼ਬਦਾਂ ਵਿੱਚ ਇਉਂ ਵਰਨਣ ਕਰਦੇ ਹਨ :-

ਮਤਿ ਉੱਚੀ ਰਾਖਹੁ ਮਨ ਨੀਵਾਂ,
ਸਿਮਰਹੁ ਵਾਹਿਗੁਰੂ ਸੁਖ ਜੀਵਾਂ॥
ਗੋਰ ਮੜ੍ਹੀ ਅਰ ਪੰਥ ਅਨੇਕਾਂ,
ਆਨ ਨਾ, ਮਾਨਿਹ ਰਾਖ ਵਿਵੇਕਾ॥

'ਧੰਨ ਸੁ ਮਾਤਾ' ਦੇ ਲੇਖਕ ਨੇ ਮਾਤਾ ਜੀਤੋ ਜੀ ਦੀ ਇਸ ਸੇਵਾ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਮਾਤਾ ਜੀਤੋ ਜੀ ਦਾ ਨਾਂ ਸਿੱਖੀ ਦੇ ਜਨਮ ਵੇਲੇ ਦੀ ਮਹਾਨ ਇਤਿਹਾਸਕ ਘਟਨਾ ਨਾਲ ਜੁੜਿਆ ਹੈ। ਮਾਤਾ ਜੀਤੋ ਜੀ ਨੇ ਸਿੰਘਾਂ ਲਈ ਤਿਆਰ ਹੋਣ ਵਾਲੇ ਅੰਮ੍ਰਿਤ ਵਿੱਚ ਪਤਾਸੇ ਹੀ ਨਹੀਂ ਪਾਏ, ਉਹਨੇ ਸਿੱਖੀ ਦੀਆਂ ਨੀਂਹਾਂ ਵਿੱਚ ਆਪਣੇ ਲਾਡਲਿਆਂ ਦਾ ਲਹੂ ਵੀ ਆਹੂਤ ਕੀਤਾ ਸੀ, ਤਾਂ ਕਿ ਸਿੱਖੀ ਦੇ ਸ਼ਾਨਦਾਰ ਮਹਿਲ ਦੀ ਬੁਨਿਆਦ ਏਨੀ ਮਜਬੂਤ ਹੋ ਜਾਵੇ ਕਿ ਉਸ ਮਹਿਲ ਵਿੱਚ ਜ਼ਬਰ ਜ਼ੁਲਮ ਦੇ ਹਮਲਿਆਂ ਨਾਲ ਕੋਈ ਤਰੇੜ ਵੀ ਨਾ ਆ ਸਕੇ।

ਕੁਝ ਸਾਖੀਕਾਰਾਂ ਨੇ ਇਸ ਘਟਨਾ ਬਾਰੇ ਵੀ ਵਰਨਣ ਕਰਦਿਆਂ ਮਾਤਾ ਜੀਤੋ ਜੀ ਦੀ ਥਾਂ ਤਿਆਰ ਹੋ ਰਹੇ ਅੰਮ੍ਰਿਤ ਵਿੱਚ ਮਾਤਾ ਸਾਹਿਬ ਦੇਵਾਂ ਦਾ ਨਾਂ ਲਿਖਿਆ ਤੇ ਪ੍ਰਚਾਰਿਆ ਹੈ। ਜੇ ਸਮਾਂ ਤੇ ਸਥਿਤੀ ਦਾ ਧਿਆਨ ਰੱਖਿਆ ਜਾਂਦਾ ਤਾਂ ਅਜੇਹੀ ਗਲਤ ਸੂਚਨਾ ਨਹੀਂ ਸੀ ਦਿੱਤੀ ਜਾ ਸਕਦੀ। ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਨੂੰ ਵਿਸਾਖੀ ਦੇ ਦਿਨ ਖ਼ਾਲਸੇ ਦੀ ਸਾਜਨਾ ਕੀਤੀ। ਉਸ ਸਮੇਂ ਗੁਰੂ ਜੀ ਦੇ ਦੋ ਮਹਿਲ ਮਾਤਾ ਜੀਤੋ ਜੀ ਤੇ ਮਾਤਾ

ਸੁੰਦਰੀ ਜੀ ਹੀ ਸਨ। ਮਾਤਾ ਸਾਹਿਬ ਕੌਰ ਤਾਂ ਇਕ ਸਾਲ ਪਿੱਛੋਂ ਸੰਨ 1700 ਵਿੱਚ ਕੁਆਰਾ ਡੋਲਾ ਦੇ ਰੂਪ ਵਿੱਚ ਗੁਰ ਮਹਿਲ ਬਣਦੇ ਹਨ। ਮਾਤਾ ਸਾਹਿਬ ਦੇਵਾਂ ਅੰਮ੍ਰਿਤ ਤਿਆਰ ਕਰਨ ਵਾਲੀ ਇਤਿਹਾਸਕ ਘਟਨਾ ਤੋਂ ਡੇਢ ਸਾਲ ਪਿੱਛੋਂ ਆਉਂਦੇ ਹਨ। ਖ਼ਾਲਸੇ ਦੀ ਮਾਤਾ ਸਾਹਿਬ ਕੌਰ ਨੂੰ ਬਨਾਉਣ ਵਾਲੀ ਘਟਨਾ ਗੁਰੂ ਮਹਿਲ ਬਣਨ ਤੋਂ ਵੀ ਪਿਛੋਂ ਆਉਂਦੀ ਹੈ। ਗੁਰੂ ਪਰਵਾਰ ਨੇ ਵੀ ਇਸ ਸਮੇਂ ਅੰਮ੍ਰਿਤਪਾਨ ਕੀਤਾ ਤਾਂ ਜੀਤੋ ਜੀ ਦਾ ਨਾਂ ਅਜੀਤ ਕੌਰ ਹੋ ਗਿਆ। ਪ੍ਰਚਲਤ ਨਾਂ ਜੀਤੋ ਜੀ ਹੀ ਪ੍ਰਸਿੱਧ ਰਿਹਾ।

ਮਾਤਾ ਜੀਤੋ ਜੀ ਦੇ ਜੀਵਨ ਕਾਲ ਦੀ ਅੰਤਿਮ ਘਟਨਾ ਬਾਰੇ ਬਹੁਤੇ ਇਤਿਹਾਸਕਾਰਾਂ ਨੇ ਇਹੀ ਲਿਖਿਆ ਹੈ ਕਿ ਮਾਤਾ ਜੀਤੋ ਜੀ ਖ਼ਾਲਸੇ ਦੀ ਸਾਜਨਾ ਤੋਂ ਅਗਲੇ ਸਾਲ ਪਰਲੋਕ ਗਮਨ ਕਰ ਗਏ। ਕਿਸੇ ਨੇ ਇਹ ਵਿਸਥਾਰ ਨਾਲ ਨਹੀਂ ਦਸਿਆ ਕਿ ਉਹਨਾਂ ਦਾ ਅਕਾਲ ਚਲਾਣਾ ਕਿਸੇ ਬਿਮਾਰੀ ਕਾਰਨ ਹੋਇਆ ਜਾਂ ਕੋਈ ਹੋਰ ਭਾਣਾ ਵਰਤਿਆ ਸੀ। ਗਿਆਨੀ ਠਾਕਰ ਸਿੰਘ ਨੇ 'ਸ੍ਰੀ ਗੁਰਦੁਆਰੇ ਦਰਸ਼ਨ' ਵਿੱਚ ਗੁਰੂ ਮਹਿਲ ਦਾ ਕਾਂਡ ਲਿਖਦਿਆਂ ਬੜੇ ਵਿਸਥਾਰ ਨਾਲ ਲਿਖਿਆ ਹੈ ਕਿ ਮਾਤਾ ਜੀਤੋ ਜੀ ਯੁੱਧ ਖੇਤਰ ਵਿੱਚ ਲੜਦੇ ਹੋਏ ਵੈਰੀਆਂ ਨੂੰ ਮੌਤ ਦੇ ਘਾਟ ਉਤਾਰਦੇ ਹੋਏ ਸ਼ਹੀਦ ਹੋਏ। ਇਉਂ ਉਹ ਸ਼ਹੀਦ ਗੁਰੂ ਕੇ ਮਹਿਲ ਹਨ। ਹੋਰ ਕੋਈ ਇਸ ਤੱਥ ਦੀ ਪ੍ਰੋੜ੍ਹਤਾ ਨਹੀਂ ਕਰਦਾ। ਗਿਆਨੀ ਠਾਕਰ ਸਿੰਘ ਨੇ ਇਤਿਹਾਸਕ ਹਵਾਲਾ ਇਸ ਘਟਨਾ ਬਾਰੇ ਦਿੱਤਾ ਹੈ।

ਗਿਆਨੀ ਠਾਕਰ ਸਿੰਘ ਲਿਖਦੇ ਹਨ : "ਅਨੰਦਪੁਰ ਸਾਹਿਬ ਦਾ ਪਹਿਲਾ ਯੁੱਧ ਸੰਮਤ 1757 ਵਿੱਚ ਚੇਤਰ ਹੌਲੇ ਦੇ ਦਿਨਾਂ ਵਿੱਚ ਪਹਾੜੀਆਂ ਨਾਲ ਹੋਇਆ। ਕੁਝ ਮਦਦ ਏਸ ਯੁਧ ਵਿੱਚ ਔਰੰਗਜ਼ੇਬ ਦੀ ਵੀ ਭੀ ਸੀ। ਏਸ ਯੁੱਧ ਦੇ ਸਮੇਂ ਇਕ ਯੁੱਧ ਦੀ ਬਾਤ ਚੀਤ ਘਰ ਵਿੱਚ ਚਲੀ ਤਾਂ ਮਾਤਾ ਜੀਤੋ ਜੀ ਨੇ ਹੱਥ ਜੋੜ ਮਹਾਰਾਜ ਪਤੀ ਸੱਚੇ ਪਾਤਸ਼ਾਹ ਦੇ ਹਜ਼ੂਰ ਬੇਨਤੀ ਕੀਤੀ ਕਿ ਆਗਿਆ ਕਰੋ ਤਾਂ ਮੈਂ ਮੈਦਾਨੇ ਜੰਗ ਵਿੱਚ ਜਾ ਧਰਮ ਜੁੱਧ ਕਰਾਂ। ਇਹ ਬੇਨਤੀ ਧਾਰਮਕ ਪਤਨੀ ਦੀ ਸੁਣ ਪਤੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਬਹੁਤ ਹੀ ਪ੍ਰਸੰਨ ਹੋਏ ਅਤੇ ਆਗਿਆ ਕੀਤੀ, ਹਾਂ ਛਤ੍ਰੀ ਅਤੇ ਛਤ੍ਰਾਣੀਆਂ ਦਾ ਪਰਮਪਰਾਂ ਤੋਂ ਧਰਮ ਚਲਾ ਆਇਆ ਹੈ। ਜੋ ਦੀਨਾਂ ਦੁਖੀਆਂ ਤੇ ਅਪਾਹਜਾਂ ਨੂੰ ਦੁਖ ਦੇਣ ਵਾਲੇ ਜ਼ਾਲਮ ਨਾਲ ਕੇਵਲ ਪਰਉਪਕਾਰੀ ਅਤੇ ਧਰਮ ਯੁੱਧ ਕਰ ਸ਼ਰਨ ਆਏ ਦੀ ਰੱਖਿਆ ਕਰਨੀ ਤੇ ਜਰ-ਜੋਰੂ ਤੇ ਜ਼ਮੀਨ ਦੀ ਖਾਤਰ ਲੜਨਾ ਛਤ੍ਰੀ ਦਾ ਧਰਮ ਨਹੀਂ ਕੇਵਲ ਸ਼ਰਨਪਾਲ ਦੁਖੀਆਂ ਦਾ ਭਲਾ ਕਰਨਾ ਹੈ। ਸੋ ਇਸ ਵਾਸਤੇ ਆਗਿਆ ਹੈ ਜੋ ਆਪ ਧਰਮ ਜੁੱਧ ਕਰੋ। ਬਸ ਆਗਿਆ ਮੰਨ ਅਤੇ ਸ੍ਰੀ ਮਾਤਾ ਗੁਜਰੀ ਜੀ ਦੇ ਚਰਨੀ ਲਗ ਪਤੀ ਜੀ ਦੀ ਪ੍ਰਕਰਮਾ ਕਰ ਚਰਨਾਂ ਉਤੇ ਸੀਸ ਧਰ ਸਾਹਿਬਜ਼ਾਦੇ ਅਜੀਤ ਸਿੰਘ ਜੀ ਤਥਾ ਜੁਝਾਰ ਸਿੰਘ ਜੀ ਦੇ ਮੁਖੜੇ ਚੁੰਮ ਆਪਣੀ ਪਿਆਰੀ ਭੈਣ ਸੁੰਦਰੀ ਜੀ ਦੇ ਗੋਦ ਬਿਠਾਇ ਆਪ ਘੋੜੇ ਪਰ ਸਵਾਰ ਹੋ ਥੰਬਲ ਵਾਲਾ ਨੇਜ਼ਾ ਪਕੜ ਢਾਲ ਤਲਵਾਰ ਸਜਾ ਅਰਦਾਸਾ ਕਰ ਦੁਸ਼ਮਣ ਦੇ ਦੱਲ ਸਾਹਮਣੇ ਜਾ ਗਜੇ। ਦੋ ਪਹਰ ਯੁੱਧ ਕਰਕੇ ਇਕ ਘੜੀ ਦਿਨ ਰਹਿੰਦੇ ਅਨੇਕ ਧਰਮ ਵਿਰੋਧੀਆਂ ਦਾ ਮੁਕਾਬਲਾ ਕਰ ਚੰਗੇ ਮੈਦਾਨੀ ਹੱਥ ਦਿਖਾ ਅਨੇਕਾਂ ਦੇ ਸਥਰ ਪਾ ਆਪ ਸ਼ਹੀਦ ਹੋ ਗਏ। ਦੁਸ਼ਮਣਾਂ ਨੂੰ ਭਾਜੜ ਪੈ ਗਈ। ਰਾਤ ਦਾ ਸਮਾਂ ਹੋ ਗਿਆ। ਉਸੇ ਵਕਤ ਸੇਵਾਦਾਰ ਘੋੜ ਚੜੇ ਅਸਵਾਰ ਨੇ ਆਨ ਹਜ਼ੂਰ ਗੁਰੂ ਕੀ ਹਵੇਲੀ ਵਿੱਚ ਮਹਾਰਾਜ ਜੀ ਨੂੰ ਖ਼ਬਰ ਕੀਤੀ ਜੋ ਮਹਲ ਹਜ਼ੂਰੀ ਯੁਧ ਭੂਮੀ ਵਿਖੇ ਮਾਤਾ ਜੀ ਸ਼ਹੀਦ ਹੋ ਗਏ ਹਨ।

ਉਸੇ ਵਕਤ ਮਹਾਰਾਜ 22 ਸਵਾਰਾਂ ਸਮੇਤ ਇਸ ਅਸਥਾਨ ਤੇ ਪੁਜੇ ਅਤੇ ਮਹਲਾਂ ਦੀ ਦੇਹ ਸੰਭਾਲ। ਸਾਰੀ ਰਾਤ ਕੀਰਤਨ ਹੁੰਦਾ ਰਿਹਾ, ਪ੍ਰਾਤਕਾਲ ਚੰਦਨ ਚਿਖਾ ਬਣਾ ਕੇ ਅਰਦਾਸ ਕਰ ਸ਼ਸਕਾਰ ਕੀਤਾ ਅਤੇ ਕੀਰਤਨ ਸੋਹਿਲੇ ਦਾ ਪਾਠ ਕਰ ਚਰਨ ਗੰਗਾ ਇਸ਼ਨਾਨ ਕੀਤਾ। ਉਪਰੰਤ ਸੰਪੂਰਣ ਚਲਾਣੇ ਸਬੰਧੀ ਗੁਰ ਮਰਿਆਦਾ ਦਾ ਕਾਰਜ ਦਸਵੇਂ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਪਾਠ ਕਰਾ ਭੋਗ ਪਾਇ ਇਸ ਅਸਥਾਨ ਦਾ ਨਾਮ ਅਗੰਮਪੁਰਾ ਆਪਨੀ ਰਸਨਾਂ ਤੋਂ ਸਤਿਗੁਰੂ ਜੀ ਨੇ ਉਚਾਰਨ ਕੀਤਾ। ਇਸ ਅਸਥਾਨ ਦਾ ਨਾਮ ਅਗੰਮਪੁਰਾ ਹੈ।"

ਗਿਆਨੀ ਠਾਕਰ ਸਿੰਘ ਵੀਹਵੀਂ ਸਦੀ ਦੇ ਪਹਿਲੇ ਅੱਧ ਦੇ ਵਿਸ਼ੇਸ਼ ਸਿੱਖ ਵਿਦਵਾਨ ਹਨ, ਜਿਨ੍ਹਾਂ ਨੇ ਇਕ ਦਰਜਨ ਤੋਂ ਵਧ ਇਤਿਹਾਸਕ ਤੇ ਗੁਰਮਤਿ ਸਬੰਧੀ ਪੁਸਤਕਾਂ ਲਿਖੀਆਂ ਹਨ। ਇਹ ਪੁਸਤਕ 'ਸ੍ਰੀ ਗੁਰਦੁਆਰੇ ਦਰਸ਼ਨ' ਅਪ੍ਰੈਲ 1934 ਵਿੱਚ ਪਹਿਲੀ ਵਾਰ ਪ੍ਰਕਾਸ਼ਿਤ ਹੋਈ। ਇਹਨਾਂ 67 ਸਾਲਾਂ ਵਿੱਚ ਮਾਤਾ ਜੀਤੋ ਜੀ ਬਾਰੇ ਉਹਨਾਂ ਦੀ ਇਤਿਹਾਸਕ ਖੋਜ ਨੂੰ ਕਿਸੇ ਹੋਰ ਵਿਦਵਾਨ ਨੇ ਨਾ ਰੱਦ ਕੀਤਾ ਹੈ ਅਤੇ ਨਾ ਹੀ ਉਹਨਾਂ ਦੇ ਇਤਿਹਾਸਕ ਤੱਥ ਦੀ ਪ੍ਰੋੜ੍ਹਤਾ ਕੀਤੀ ਹੈ। ਜੇ ਇਹ ਇਤਿਹਾਸਕ ਸੱਚ ਹੈ ਤਾਂ ਸਪੱਸ਼ਟ ਹੈ ਕਿ ਖ਼ਾਲਸੇ ਦੀ ਸਾਜਨਾ ਦੇ ਆਰੰਭਕ ਸਾਲਾਂ ਵਿੱਚ ਹੀ ਸਿੱਖ ਨਾਰੀ ਯੁੱਧ ਖੇਤਰ ਵਿੱਚ ਮਰਦਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਜੂਝਣ ਦੇ ਸਮਰੱਥ ਹੋ ਚੁੱਕੀ ਸੀ।

ਮਾਤਾ ਸੁੰਦਰੀ ਜੀ (ਸੁੰਦਰ ਕੌਰ)

ਦਸਵੀਂ ਨਾਨਕ-ਜੋਤ ਗੁਰੂ ਗੋਬਿੰਦ ਸਿੰਘ ਜੀ ਦੀ ਧਰਮ ਸੁਪਤਨੀ, ਮਾਤਾ ਸੁੰਦਰੀ (ਸੁੰਦਰ ਕੌਰ) ਜੀ ਦੀ ਸੰਸਾਰ ਯਾਤਰਾ ਬੜੀ ਮਹੱਤਵ ਪੂਰਨ ਸੀ ਤੇ ਦੇਸ਼ ਕੌਮ ਦੇ ਇਤਿਹਾਸ ਨੂੰ ਇਕ ਨਵਾਂ ਮੋੜ ਦੇਣ ਵਾਲੀ ਜੀਵਨ ਯਾਤਰਾ ਸਾਬਤ ਹੋਈ। ਸਿੱਖ ਇਤਿਹਾਸ ਵਿੱਚ ਉਸ ਤੋਂ ਪਹਿਲਾਂ ਮਾਤਾ ਗੁਜਰੀ ਜੀ ਦਾ ਜੀਵਨ ਤੇ ਮਹਾਨ ਦੇਣ ਰੌਂਗਟੇ ਖੜੇ ਕਰਨ ਵਾਲੀ ਸੀ, ਪਰ ਸੁੰਦਰੀ ਜੀ ਨੇ ਜੀਵਨ ਸੰਘਰਸ਼ ਵਿੱਚ ਜਿਸ ਸੂਝ-ਬੂਝ, ਮਨ ਦੀ ਇਕਾਗਰਤਾ, ਚੜ੍ਹਦੀ ਕਲਾ ਤੇ ਦੂਰ ਦ੍ਰਿਸ਼ਟੀ ਨਾਲ ਚੁਣੌਤੀਆਂ ਦਾ ਟਾਕਰਾ ਕੀਤਾ, ਉਸ ਤੇ ਜਿਤਨਾ ਗੌਰਵ ਕਰੀਏ, ਉਹ ਘੱਟ ਹੋਵੇਗਾ।

ਪ੍ਰੋ. ਹਰਬੰਸ ਸਿੰਘ ਦਿੱਲੀ ਨੇ ਇਕ ਥਾਂ ਲਿਖਿਆ ਹੈ : "ਮਾਤਾ ਸੁੰਦਰੀ ਨਾ ਕੇਵਲ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਧਰਮ ਪਤਨੀ ਹੀ ਸੀ, ਸ਼ਹੀਦ ਸਾਹਿਬਜ਼ਾਦਿਆਂ ਦੀ ਮਾਂ ਤੇ ਖ਼ਾਲਸਾ ਪੰਥ ਦੀ ਅੱਧੀ ਸਦੀ ਤੱਕ ਅਗਵਾਈ ਕਰਨ ਵਾਲੀ ਬਲਵਾਨ ਆਤਮਾ ਵੀ ਸੀ। ਸਿੱਖ ਇਤਿਹਾਸ ਨੂੰ ਬਣਾਉਣ ਤੇ ਨਵਾਂ ਰੂਪ ਦੇਣ ਵਿੱਚ ਬੇਬੇ ਨਾਨਕੀ, ਮਾਤਾ ਭਾਨੀ, ਮਾਤਾ ਗੁਜਰੀ ਤੇ ਮਾਤਾ ਸੁੰਦਰ ਕੌਰ ਦਾ ਵਿਸ਼ੇਸ਼ ਹਿੱਸਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ 1708 ਈ. ਵਿੱਚ ਹਜ਼ੂਰ ਸਾਹਿਬ ਨਾਂਦੇੜ ਵਿਖੇ ਜੋਤੀ ਜੋਤ ਸਮਾ ਜਾਣ ਪਿਛੋਂ ਮਾਤਾ ਸੁੰਦਰ ਕੌਰ ਨੇ ਦਿੱਲੀ ਵਿੱਚ ਬੈਠ ਕੇ ਲਗਪਗ 40 ਸਾਲ ਖ਼ਾਲਸਾ ਪੰਥ ਦੀ ਅਤਿ ਬਿਖੜੇ ਸਮੇਂ ਅਗਵਾਈ ਕੀਤੀ।"

ਡਾ. ਮਹਿੰਦਰ ਕੌਰ ਗਿੱਲ ਨੇ 'ਮਾਤਾ ਸੁੰਦਰੀ ਜੀ' (ਜੀਵਨੀ) ਵਿੱਚ ਮਾਤਾ ਸੁੰਦਰੀ ਜੀ ਦੀ ਜੀਵਨ ਯਾਤਰਾ ਤੇ ਮਹਾਨ ਦੇਣ ਦਾ ਚਰਚਾ ਕਰਦਿਆਂ ਲਿਖਿਆ ਹੈ : "ਮਾਤਾ ਸੁੰਦਰੀ ਜੀ ਦਾ ਸਥਾਨ ਭਾਰਤੀ ਨਾਰੀਆਂ ਵਿੱਚੋਂ ਸਰਬ ਪ੍ਰਥਮ ਹੈ। ਸਾਡੇ ਅਵਤਾਰਾਂ ਦੀਆਂ ਪਤਨੀਆਂ ਆਪਣੇ ਉੱਚੇ ਚਰਿੱਤਰ, ਪਤੀ ਪ੍ਰੇਮ ਵਿੱਚ ਸਲੰਗਨ ਤੇ ਪਤੀ ਦੇ ਦੁਖ-ਸੁਖ ਵਿੱਚ ਉਸ ਦੇ ਅੰਗ-ਸੰਗ ਰਹਿਣ ਵਿੱਚ ਹੀ ਪੇਸ਼ ਹੁੰਦੀਆਂ ਹਨ। ਸੰਸਾਰ ਭਰ ਦੀਆਂ ਨਾਰੀਆਂ ਵਿਚੋਂ ਕਿਸੇ ਅਜੇਹੀ ਨਾਰੀ ਦਾ ਨਾਮ ਸੁਣਨ ਵਿੱਚ ਨਹੀਂ ਆਉਂਦਾ, ਜਿਸ ਨੇ ਆਪਣੇ ਪੂਜਨੀਕ ਬਜ਼ੁਰਗ, ਆਪਣੇ ਪਿਆਰੇ ਬੱਚੇ ਤੇ ਆਪਣਾ ਪ੍ਰਾਣ ਪਿਆਰਾ ਪਤੀ ਕੁਰਬਾਨ ਕਰਨ ਤੋਂ ਬਾਅਦ ਵੀ ਆਪਣੇ ਧਰਮ ਦੇ ਪੈਰੋਕਾਰਾਂ ਦੀ ਅਗਵਾਈ ਲੰਮੇ ਸਮੇਂ ਤੱਕ ਕੀਤੀ ਹੋਵੇ। ਕਿਸੇ ਰਹਿਬਰ ਦੀ ਪਤਨੀ ਅਜੇਹੀ ਨਹੀਂ ਹੋਈ ਜੋ ਬਾਅਦ ਵਿੱਚ ਰਹਿਬਰ ਦਾ ਹੀ ਬਦਲ ਬਣ ਗਈ ਹੋਵੇ ਤੇ ਧਰਮ ਦੇ ਮੰਨਣ ਵਾਲੇ ਨਾ ਕੇਵਲ ਉਸ ਦੀ ਪੂਜਾ ਹੀ ਕਰਦੇ ਰਹੇ ਹੋਣ ਸਗੋਂ ਲੋੜ ਪੈਣ ਤੇ ਬੰਦ-ਬੰਦ ਕਟਵਾ ਸਕਦੇ ਹੋਣ, ਆਪਣੇ ਸਿਰ ਤਲੀ ਤੇ ਰਖ ਕੇ ਲੜ ਸਕਦੇ ਹੋਣ।"

ਮਾਤਾ ਸੁੰਦਰੀ ਜੀ ਨੇ ਨਾ ਕੇਵਲ ਸਿੱਖ ਤੇ ਪੰਜਾਬੀ ਔਰਤਾਂ ਨੂੰ ਜੀਊਣ ਦਾ ਇਕ

ਨਵਾਂ ਰਾਹ ਦਸਿਆ ਸਗੋਂ ਸੰਸਾਰ ਦੇ ਸਮੁੱਚੇ ਨਾਰੀ ਸੰਸਾਰ ਨੂੰ ਇਕ ਨਵਾਂ ਢੰਗ ਤੇ ਨਵਾਂ ਅੰਦਾਜ਼ ਦਿੱਤਾ। ਇਹ ਸਾਬਤ ਕੀਤਾ ਕਿ ਨਾਰੀ ਜੀਵਨ ਸੰਘਰਸ਼ ਵਿੱਚ ਚੁਣੌਤੀਆਂ ਦਾ ਟਾਕਰਾ ਕਰਨ ਦੇ ਸਮਰੱਥ ਵੀ ਹੈ।

ਜਗਤ ਫੇਰੀ

ਮਾਤਾ ਸੁੰਦਰੀ ਦੀ ਜੀਵਨ ਯਾਤਰਾ ਨਾਲ ਸਬੰਧਤ ਇਤਿਹਾਸਕ ਸਾਮੱਗਰੀ ਬਹੁਤ ਘੱਟ ਮਿਲਦੀ ਹੈ। ਮਾਤਾ ਸੁੰਦਰੀ ਜੀ ਦਾ ਚਰਚਾ ਗੁਰ-ਇਤਿਹਾਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਧਰਮ ਸੁਪਤਨੀ ਕਰਕੇ ਹੀ ਹੋਇਆ ਹੈ। ਉਹ ਵੀ ਸਿੱਧੇ ਰੂਪ ਵਿੱਚ ਨਹੀਂ, ਘਟਨਾ ਵਿਸ਼ੇਸ਼ ਦੇ ਪ੍ਰਸੰਗ ਵਿੱਚ ਹੀ ਹੁੰਦਾ ਰਿਹਾ ਹੈ, ਵਿਅਕਤੀ-ਵਿਸ਼ੇਸ਼ ਦੇ ਰੂਪ ਵਿੱਚ ਨਹੀਂ। ਇਤਿਹਾਸ ਵਿਚੋਂ ਮਿਲਦੇ ਸੂਖਮ ਸੰਕੇਤਾਂ ਨੂੰ ਜੋੜ ਕੇ ਹੀ ਮਾਤਾ ਸੁੰਦਰੀ ਜੀ ਦੀ ਜੀਵਨ ਯਾਤਰਾ ਬਾਰੇ ਕੁਝ ਗੱਲਾਂ ਇਕੱਤਰ ਹੋ ਸਕੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਜੀਵਨ ਬਾਰੇ ਕਾਵਿਕ ਬਿਰਤਾਂਤ 'ਬਚਿਤ੍ਰ ਨਾਟਕ' ਇਕੋ ਇਕ ਪ੍ਰਮਾਣਿਕ ਰਚਨਾ ਹੈ, ਜਿਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਮਾਤਾ ਸੁੰਦਰੀ ਬਾਰੇ ਕੋਈ ਜ਼ਿਕਰ ਨਹੀਂ ਕੀਤਾ। ਗੁਰੂ ਸਾਹਿਬ ਦੇ ਸਮਕਾਲੀ ਕਵੀ ਸੈਨਾਪਤੀ ਨੇ 'ਸ੍ਰੀ ਗੁਰ ਸੋਭਾ' ਪੁਸਤਕ ਵਿੱਚ ਮਾਤਾ ਸੁੰਦਰੀ ਜੀ ਬਾਰੇ ਮਾਮੂਲੀ ਜਿਹੀ ਜਾਣਕਾਰੀ ਦਿੱਤੀ ਹੈ। ਇਥੋਂ ਤੱਕ ਕਿ ਮਾਤਾ ਸੁੰਦਰੀ ਜੀ ਦੇ ਗੁਰੂ ਗੋਬਿੰਦ ਸਿੰਘ ਜੀ ਨਾਲ ਵਿਆਹ ਦੀ ਤਾਰੀਖ਼ ਤੇ ਸਮਾਂ ਵੀ ਨਹੀਂ ਦੱਸਿਆ। ਇਸ ਪਿਛੋਂ ਕੇਸਰ ਸਿੰਘ ਛਿੱਬਰ ਨੇ 'ਬੰਸਾਵਲੀਨਾਮਾ' ਵਿੱਚ, ਭਾਈ ਸੰਤੋਖ ਸਿੰਘ ਜੀ ਨੇ 'ਗੁਰ ਪ੍ਰਤਾਪ ਸੂਰਜ ਗ੍ਰੰਥ' ਵਿੱਚ, ਗਿਆਨੀ ਗਿਆਨ ਸਿੰਘ ਜੀ ਨੇ 'ਤਵਾਰੀਖ਼ ਗੁਰੂ ਖਾਲਸਾ' ਵਿੱਚ, ਭਾਈ ਕੇਸਰ ਸਿੰਘ ਨੇ 'ਗੁਰ ਪ੍ਰਣਾਲੀ' ਵਿੱਚ, ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿੱਚ ਮਾਤਾ ਸੁੰਦਰੀ ਜੀ ਦੀ ਜੀਵਨ ਯਾਤਰਾ ਤੇ ਥੋੜਾ-ਥੋੜਾ ਚਾਨਣਾ ਪਾਇਆ ਹੈ। ਮੈਕਾਲਿਫ਼ ਨੇ ਵੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਲਿਖਦਿਆਂ ਮਾਤਾ ਸੁੰਦਰੀ ਬਾਰੇ ਸੰਕੇਤ ਕੀਤਾ ਹੈ।

ਸਾਡੇ ਅੱਜ ਦੇ ਸਮਕਾਲੀ ਲੇਖਕਾਂ ਵਿਚੋਂ ਪ੍ਰੋ. ਹਰਬੰਸ ਸਿੰਘ, ਡਾ. ਤ੍ਰਿਲੋਚਨ ਸਿੰਘ, ਪ੍ਰਿਥੀਪਾਲ ਸਿੰਘ ਕਪੂਰ, ਪ੍ਰਿੰ. ਸਤਿਬੀਰ ਸਿੰਘ, ਡਾ. ਮਹਿੰਦਰ ਕੌਰ ਗਿੱਲ ਤੇ ਪਿਆਰਾ ਸਿੰਘ ਪਦਮ ਆਦਿ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਇਤਿਹਾਸਕ ਸਾਮੱਗਰੀ ਇਕੱਤਰ ਕਰਦਿਆਂ ਮਾਤਾ ਸੁੰਦਰੀ ਜੀ ਬਾਰੇ ਵੀ ਜਾਣਕਾਰੀ ਦਿੱਤੀ ਹੈ। ਮਾਤਾ ਸੁੰਦਰੀ ਜੀ ਦੀ ਜੀਵਨ ਯਾਤਰਾ ਬਾਰੇ ਮੁਕੰਮਲ ਪੁਸਤਕ ਡਾ. ਮਹਿੰਦਰ ਕੌਰ ਗਿੱਲ ਦੀ ਹੀ 1976 ਵਿੱਚ ਪ੍ਰਕਾਸ਼ਿਤ ਹੋਈ ਸੀ। ਬਹੁਤ ਸਾਰੀ ਸਾਮੱਗਰੀ ਇਕੱਤਰ ਕਰਕੇ ਜਦ ਇਤਿਹਾਸਕ ਤੱਤ ਜੋੜੀਏ ਜਾਣ ਤਾਂ ਕਈਆਂ ਦੀ ਜਾਣਕਾਰੀ ਆਪਸ ਵਿੱਚ ਮੇਲ ਨਹੀਂ ਖਾਂਦੀ। ਕਈਆਂ ਦੇ ਸਾਲ, ਸੰਮਤ ਤੇ ਘਟਨਾਵਾਂ ਵੀ ਵੱਖੋ-ਵੱਖਰੀਆਂ ਹਨ। ਮਿਸਾਲ ਵਜੋਂ ਜਦ ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਦੇ ਦਿਨ 1699 ਈ. ਨੂੰ ਪੰਜ ਪਿਆਰਿਆਂ ਦੀ ਸਾਜਨਾ ਕਰਕੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਤਾਂ ਉਸ ਸਮੇਂ ਕਿਸ ਨੇ ਪਤਾਸੇ ਆ ਕੇ ਉਸ ਵਿੱਚ ਪਾਏ। ਕੁਝ ਦੀ ਲਿਖਤ ਅਨੁਸਾਰ ਪਤਾਸੇ ਪਾਣ ਦਾ ਕਾਰਜ ਮਾਤਾ ਜੀਤੋ ਜੀ ਨੇ ਕੀਤਾ ਤੇ ਕੁਝ ਇਤਿਹਾਸਕਾਰ ਮਾਤਾ ਸਾਹਿਬ ਦੇਵਾਂ ਦਾ ਨਾਮ ਲਿਖਦੇ ਹਨ। ਇਸੇ ਤਰ੍ਹਾਂ ਮਾਤਾ ਸੁੰਦਰੀ ਜੀ ਬਾਰੇ ਵੀ ਵੱਖੋ-ਵੱਖ ਜਾਣਕਾਰੀ ਨੂੰ ਅਸੀਂ ਇਸ ਤਰ੍ਹਾਂ ਲੜੀਬੰਦ ਕਰਦੇ ਹਾਂ।

(ਮਾਤਾ) ਸੁੰਦਰੀ ਜੀ ਦਾ ਜਨਮ 1671 ਈ. ਨੂੰ ਲਾਹੌਰ ਦੇ ਇਕ ਰਈਸ ਖੱਤਰੀ

ਭਾਈ ਰਾਮ ਸਰਨ ਜੀ ਦੇ ਘਰ ਹੋਇਆ। ਰਾਮ ਸਰਨ ਜੀ ਵੱਡੇ ਪਰਿਵਾਰ ਵਾਲੇ ਤੇ ਚੰਗੇ ਧਨਾਢ ਵਿਅਕਤੀ ਸਨ। ਇਸ ਨਵੀਂ ਜਨਮੀ ਬੱਚੀ ਦੀ ਸੁੰਦਰਤਾ ਤੇ ਤਿੱਖੇ ਨੈਣ-ਨਕਸ਼ਾਂ ਨੂੰ ਦੇਖਦਿਆਂ ਘਰ ਦਿਆਂ ਨੇ ਮੁੱਢ ਤੋਂ ਹੀ ਸੁੰਦਰੀ ਬੁਲਾਣਾ ਸ਼ੁਰੂ ਕਰ ਦਿੱਤਾ ਤੇ ਮੁੜ ਇਹੀ ਨਾਮ ਪੱਕਾ ਹੋ ਗਿਆ। ਇਹ ਸਾਰਾ ਖ਼ਾਨਦਾਨ ਹੀ ਗੁਰੂ ਨਾਨਕ ਨਾਮ ਲੇਵਾ ਸੀ ਤੇ ਜਿੱਥੇ ਕਿਧਰੇ ਵੀ ਨਾਨਕ-ਜੋਤ ਗੁਰੂ ਸਾਹਿਬ ਹੁੰਦੇ, ਇਸ ਪਰਿਵਾਰ ਦੇ ਲੋਕ ਦਰਸ਼ਨਾਂ ਨੂੰ ਆਉਂਦੇ-ਜਾਂਦੇ ਰਹਿੰਦੇ ਸਨ। ਇਸ ਤਰ੍ਹਾਂ ਗੁਰੂ-ਪਰਿਵਾਰਾਂ ਨਾਲ ਇਹਨਾਂ ਦੀ ਨੇੜਤਾ ਤੇ ਸਾਂਝ ਕੁਝ ਵਧੇਰੇ ਹੀ ਸੀ। ਭਾਈ ਰਾਮ ਸਰਨ ਜੀ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨਾਂ ਲਈ ਪਹਿਲਾਂ ਵੀ ਕਈ ਵਾਰ ਅਨੰਦਪੁਰ ਸਾਹਿਬ ਆ ਚੁੱਕੇ ਸਨ।

ਬੱਚੀਆਂ ਨੂੰ ਉਸ ਜ਼ਮਾਨੇ ਵਿੱਚ ਵਿਦਿਆਲੇ ਭੇਜ ਕੇ ਪੜ੍ਹਾਉਣ ਦਾ ਰਿਵਾਜ ਘੱਟ ਸੀ। ਘਰ ਵਿੱਚ ਹੀ ਅਧਿਆਪਕ ਦਾ ਪ੍ਰਬੰਧ ਕਰਕੇ ਭਾਸ਼ਾ ਗਿਆਨ ਦਿਵਾ ਲਿਆ ਜਾਂਦਾ ਸੀ। ਭਾਈ ਰਾਮ ਸਰਨ ਜੀ ਨੇ ਵੀ ਇਸੇ ਤਰ੍ਹਾਂ ਕੀਤਾ ਹੋਵੇਗਾ ਤੇ ਸੁੰਦਰੀ ਜੀ ਨੂੰ ਚੰਗਾ ਪੜ੍ਹਾ ਲਿਖਾ ਦਿੱਤਾ। ਇਸ ਬਾਰੇ ਭਾਵੇਂ ਇਤਿਹਾਸਕਾਰਾਂ ਨੇ ਕੋਈ ਵਿਸ਼ੇਸ਼ ਚਾਨਣਾ ਨਹੀਂ ਪਾਇਆ, ਪਰ ਜਿਸ ਤਰ੍ਹਾਂ ਮਾਤਾ ਸੁੰਦਰੀ ਜੀ ਨੇ ਪਿਛੋਂ ਜਾ ਕੇ ਸਾਹਿਤਕ ਸੂਝ ਬੂਝ ਤੇ ਸਾਹਿਤਕ ਰਚਨਾਵਾਂ ਦੀ ਸੰਭਾਲ ਕੀਤੀ, ਉਸ ਤੋਂ ਪ੍ਰਤੱਖ ਹੈ ਕਿ ਉਹ ਆਪ ਪੜ੍ਹੇ ਲਿਖੇ ਸਨ।

ਸੁੰਦਰ-ਸਰੂਪ ਤੇ ਸੁਘੜ ਸਿਆਣੀ ਧਨਾਢ ਘਰ ਦੀ ਧੀ ਸੁੰਦਰੀ ਜੀ ਦਾ ਬਚਪਨ ਮਾਪਿਆਂ ਦੇ ਘਰ ਬਹੁਤ ਹੀ ਲਾਡ ਪਿਆਰ ਤੇ ਖ਼ੁਸ਼ੀਆਂ ਨਾਲ ਬੀਤਿਆ। ਜਦੋਂ ਬੱਚੀ 12 ਸਾਲਾਂ ਦੀ ਹੋਈ ਤਾਂ ਮਾਂ-ਪਿਉ ਨੂੰ ਉਹਦੇ ਵਿਆਹ ਦੀ ਚਿੰਤਾ ਹੋਣ ਲੱਗੀ ਤੇ ਉਨ੍ਹਾਂ ਨੇ ਲਾਡਲੀ ਬੱਚੀ ਸੁੰਦਰੀ ਲਈ ਵਰ ਘਰ ਲੱਭਣਾ ਸ਼ੁਰੂ ਕਰ ਦਿੱਤਾ। ਜਿਸ ਤਰ੍ਹਾਂ ਦੀ ਸੁੰਦਰ ਤੇ ਜਵਾਨ ਬੱਚੀ ਹੋ ਰਹੀ ਸੀ, ਉਸ ਤਰ੍ਹਾਂ ਦਾ ਹੀ ਉਹਦੇ ਲਈ ਵਰ ਚਾਹੀਦਾ ਸੀ। ਜਿਸ ਤਰ੍ਹਾਂ ਮਾਪੇ ਕਈ ਥਾਂ ਗੱਲ ਸ਼ੁਰੂ ਕਰਨ ਦੀ ਸੋਚਦੇ ਹਨ ਤੇ ਫਿਰ ਕੁਦਰਤ ਵਲੋਂ ਨਿਸਚਿਤ ਥਾਂ ਤੇ ਜਾ ਕੇ ਸੰਜੋਗ ਰਲ ਜਾਂਦਾ ਹੈ, ਉਸੇ ਤਰ੍ਹਾਂ ਭਾਈ ਰਾਮ ਸਰਨ ਜੀ ਇਕ ਵਾਰ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਲਈ ਅਨੰਦਪੁਰ ਸਾਹਿਬ ਆਏ ਤੇ ਇੱਥੇ ਗੁਰੂ ਸਾਹਿਬ ਦੀ ਭਰ ਜਵਾਨੀ ਤੇ ਚਿਹਰੇ ਦਾ ਪ੍ਰਭਾਵ ਵੇਖ ਕੇ ਪਰਿਵਾਰ ਵਿਚੋਂ ਕਿਸੇ ਨੇ ਕਹਿ ਦਿੱਤਾ ਕਿ ਸੁੰਦਰੀ ਲਈ ਤਾਂ ਗੁਰੂ ਸਾਹਿਬ ਵਰਗਾ ਜਵਾਨ ਵਰ ਚਾਹੀਦਾ ਹੈ। ਬਸ ਇਥੇ ਹੀ ਫ਼ੈਸਲਾ ਹੋ ਗਿਆ ਕਿ ਰਿਸ਼ਤੇ ਦੀ ਗੱਲ ਕਰਕੇ ਜਾਣਾ ਹੈ। ਗੁਰੂ ਸਾਹਿਬ ਨਾਲ ਸਿੱਧੀ ਗੱਲਬਾਤ ਦਾ ਕਿਸੇ ਨੂੰ ਹੌਂਸਲਾ ਨਾ ਪਿਆ, ਪਰ ਮਾਤਾ ਗੁਜਰੀ ਜੀ ਤੇ ਮਾਮਾ ਕ੍ਰਿਪਾਲ ਜੀ ਨਾਲ ਗੱਲ ਭਾਈ ਰਾਮ ਸਰਨ ਜੀ ਨੇ ਕੀਤੀ ਤੇ ਮਨ ਦਾ ਵਿਚਾਰ ਸਾਂਝਾ ਕੀਤਾ। ਉਹਨਾਂ ਰਿਸ਼ਤਾ ਪ੍ਰਵਾਨ ਕਰ ਲਿਆ।

ਭਾਈ ਰਾਮ ਸਰਨ ਜੀ ਦੀ ਜ਼ਬਰਦਸਤ ਇੱਛਾ ਸੀ ਕਿ ਉਹ ਆਪਣੀ ਲੜਕੀ ਦੀ ਸ਼ਾਦੀ ਲਾਹੌਰ ਵਿੱਚ ਹੀ ਕਰਨ ਤੇ ਗੁਰੂ ਸਾਹਿਬ ਜੰਞ ਲੈ ਕੇ ਲਾਹੌਰ ਆਉਣ। ਕਿਸੇ ਤਰ੍ਹਾਂ ਉਨ੍ਹਾਂ ਮਾਤਾ ਗੁਜਰੀ ਜੀ ਤੋਂ ਇਹ ਵਚਨ ਲੈ ਲਿਆ। ਜਦ ਮਾਤਾ ਗੁਜਰੀ ਤੇ ਮਾਮਾ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਅੱਜ ਹਾਲਾਤ ਅਜੇਹੇ ਹਨ ਕਿ ਸਾਡਾ ਲਾਹੌਰ ਜੰਞ ਲੈ ਕੇ ਜਾਣਾ ਸੰਭਵ ਨਹੀਂ। ਸਮੇਂ ਦੀ ਹਕੂਮਤ ਨਾਲ ਵਿਗਾੜ ਹੈ। ਪਹਾੜੀ ਰਾਜੇ ਵੀ ਅੰਦਰੋਂ ਅੰਦਰੀ ਸਾਜ਼ਸ਼ਾਂ ਕਰ ਰਹੇ ਹਨ। ਦੂਰ ਲਾਹੌਰ ਜੰਞ ਲੈ ਕੇ ਜਾਣਾ ਖ਼ਤਰੇ ਤੋਂ ਖ਼ਾਲੀ ਨਹੀਂ। ਕਿਧਰੇ ਸਪੱਸ਼ਟ ਤਾਂ ਲਿਖਿਆ ਨਹੀਂ ਮਿਲਦਾ ਪਰ

ਅਨੁਮਾਨ ਹੈ ਕਿ ਮਾਤਾ ਗੁਜਰੀ ਜੀ ਨੇ ਆਖਿਆ ਹੋਵੇਗਾ ਕਿ ਮੈਂ ਵਚਨ ਦੇ ਚੁੱਕੀ ਹਾਂ ਤੇ ਭਾਈ ਰਾਮ ਸਰਨ ਦੀ ਸ਼ਰਤ ਪ੍ਰਵਾਨ ਕਰ ਚੁੱਕੀ ਹਾਂ, ਇਸ ਲਈ ਕੋਈ ਰਾਹ ਕੱਢਣਾ ਚਾਹੀਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ, "ਅੱਛਾ, ਤੁਸੀਂ ਵਚਨ ਦੇ ਚੁੱਕੇ ਹੋ, ਤਾਂ ਉਸ ਨੂੰ ਪੂਰਾ ਕਰਾਂਗੇ। ਅਸੀਂ ਜੰਞ ਲੈ ਕੇ ਲਾਹੌਰ ਜਾਣਾ ਹੈ ਤਾਂ ਅਸੀਂ ਅਨੰਦਪੁਰ ਦੇ ਨੇੜੇ ਆਪਣਾ ਇਕ ਨਵਾਂ ਸ਼ਹਿਰ ਲਾਹੌਰ ਵਸਾ ਲੈਂਦੇ ਹਾਂ। ਭਾਈ ਰਾਮ ਸਰਨ ਦੀ ਇੱਛਾ ਤੇ ਤੁਹਾਡਾ ਵਚਨ ਦੋਵੇਂ ਪੂਰੇ ਹੋ ਜਾਣਗੇ।"

ਗੁਰੂ ਸਾਹਿਬ ਨੇ ਅਨੰਦਪੁਰ ਤੋਂ ਦਸ ਕੁ ਮੀਲ ਦੂਰ ਇਕ ਵੱਡਾ ਇਲਾਕਾ ਮੁੱਲ ਲੈ ਕੇ ਉਥੇ ਲਾਹੌਰ ਸ਼ਹਿਰ ਆਬਾਦ ਕਰਨ ਦੀ ਯੋਜਨਾ ਬਣਾ ਕੇ ਮਾਮਾ ਕ੍ਰਿਪਾਲ ਚੰਦ ਜੀ ਨੂੰ ਨਵੇਂ ਨਗਰ ਦੀ ਉਸਾਰੀ ਦਾ ਇੰਚਾਰਜ ਤੇ ਪ੍ਰਬੰਧਕ ਲਾ ਦਿੱਤਾ। ਭਾਈ ਰਾਮ ਸਰਨ ਜੀ ਨੇ ਪਹਿਲਾਂ ਤਾਂ ਕਿਹਾ ਕਿ ਉਨ੍ਹਾਂ ਦੇ ਸ਼ਹਿਰ ਲਾਹੌਰ ਵਰਗੀ ਇਸ ਨਵੇਂ ਲਾਹੌਰ ਵਿੱਚ ਰੌਣਕ ਨਹੀਂ ਹੋਵੇਗੀ, ਪਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਆਖ਼ਰੀ ਫ਼ੈਸਲਾ ਦੇ ਦਿੱਤਾ ਤੇ ਕਹਿ ਦਿੱਤਾ ਕਿ ਤੁਸੀਂ ਖ਼ਾਨਦਾਨ ਤੇ ਸਾਕ-ਸਬੰਧੀਆਂ ਨੂੰ ਲੈ ਕੇ ਪਹੁੰਚ ਜਾਣਾ, ਬਾਕੀ ਸਾਰਾ ਪ੍ਰਬੰਧ ਹੋ ਜਾਏਗਾ। ਸੱਚਮੁਚ ਕੁਝ ਮਹੀਨਿਆਂ ਵਿੱਚ ਹੀ ਸ਼ਹਿਰ ਆਬਾਦ ਹੋ ਗਿਆ। ਹਰ ਤਰ੍ਹਾਂ ਦੇ ਵਪਾਰੀ ਉਥੇ ਆ ਗਏ ਤੇ ਨਵਾਂ ਸ਼ਹਿਰ 'ਗੁਰੂ ਕਾ ਲਾਹੌਰ' ਅਖਵਾਣ ਲੱਗ ਪਿਆ। ਮਸੰਦਾਂ ਰਾਹੀਂ ਸਾਰੇ ਭਾਰਤ ਤੋਂ ਗੁਰੂ ਘਰ ਦੇ ਸ਼ਰਧਾਲੂ ਵਪਾਰੀਆਂ ਅਤੇ ਕਾਰੀਗਰਾਂ ਨੂੰ ਲਾਹੌਰ ਆਉਣ ਦਾ ਸੱਦਾ ਦਿੱਤਾ ਗਿਆ। ਜਿਸ ਸਦਕਾ ਝਟਪਟ ਸ਼ਹਿਰ ਵਿੱਚ ਰੌਣਕਾਂ ਹੋ ਗਈਆਂ।

ਗੁਰੂ ਸਾਹਿਬ ਜੰਞ ਲੈ ਕੇ ਅਨੰਦਪੁਰ ਤੋਂ ਗੁਰੂ ਕੇ ਲਾਹੌਰ ਪਹੁੰਚੇ ਤੇ ਉਥੇ ਸ਼ਾਹੀ ਠਾਠ ਨਾਲ ਹਾਥੀ ਘੋੜਿਆਂ ਤੇ ਜੰਞ ਚੜ੍ਹੀ। ਭਾਈ ਰਾਮ ਸਰਨ ਤੇ ਉਨ੍ਹਾਂ ਦੇ ਖ਼ਾਨਦਾਨ ਨੇ ਸ਼ਾਨਦਾਰ ਸੁਆਗਤ ਕੀਤਾ ਤੇ ਅਗਲੇ ਦਿਨ ਅਨੰਦ ਕਾਰਜ ਹੋਇਆ। ਮਾਤਾ ਸੁੰਦਰੀ ਦਾ ਗੁਰੂ ਗੋਬਿੰਦ ਸਿੰਘ ਜੀ ਨਾਲ ਵਿਆਹ 1685 ਈ. ਨੂੰ ਹੋਇਆ। ਇਸ ਵਿਆਹ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੀ ਆਯੂ 19 ਸਾਲ ਤੇ ਮਾਤਾ ਸੁੰਦਰੀ ਜੀ ਦੀ 14 ਸਾਲ ਸੀ। ਇਉਂ ਉਮਰ ਵਿੱਚ ਮਾਤਾ ਸੁੰਦਰੀ ਜੀ ਗੁਰੂ ਗੋਬਿੰਦ ਸਿੰਘ ਜੀ ਤੋਂ ਪੰਜ ਸਾਲ ਛੋਟੇ ਸਨ।

ਗੁਰੂ ਗੋਬਿੰਦ ਸਿੰਘ ਜੀ ਦੇ ਦੋ ਮਹਿਲ ਸਨ-ਮਾਤਾ ਸੁੰਦਰੀ ਜੀ ਤੇ ਮਾਤਾ ਜੀਤੋ ਜੀ। ਦੋਵੇਂ ਲਾਹੌਰ ਦੇ ਖੱਤਰੀਆਂ ਦੀਆਂ ਧੀਆਂ ਸਨ ਤੇ ਦੋਹਾਂ ਦਾ ਵਿਆਹ ਗੁਰੂ ਕੇ ਲਾਹੌਰ ਆ ਕੇ ਹੋਇਆ। ਕੁਝ ਇਤਿਹਾਸਕਾਰਾਂ ਤੇ ਸਾਖੀਕਾਰਾਂ ਨੇ ਮਾਤਾ ਜੀਤੋ ਜੀ ਨੂੰ ਗੁਰੂ ਜੀ ਦੇ ਮਹਿਲ ਲਿਖਿਆ ਹੈ, ਪਰ ਅਸੀਂ ਪ੍ਰੋਫ਼ੈਸਰ ਹਰਬੰਸ ਸਿੰਘ ਤੇ ਡਾ. ਮਹਿੰਦਰ ਕੌਰ ਦੀ ਇਸ ਰਾਏ ਨੂੰ ਠੀਕ ਸਮਝਦੇ ਹਾਂ ਕਿ ਮਾਤਾ ਸੁੰਦਰੀ ਜੀ ਗੁਰੂ ਗੋਬਿੰਦ ਸਿੰਘ ਜੀ ਦੀ ਪਹਿਲੀ ਧਰਮ ਸੁਪਤਨੀ ਸੀ। ਮਾਤਾ ਸੁੰਦਰੀ ਜੀ ਦੇ ਘਰ 1689 ਈ. ਨੂੰ, ਸ਼ਾਦੀ ਤੋਂ ਚਾਰ ਸਾਲ ਬਾਅਦ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਜੀ ਦਾ ਜਨਮ ਹੋਇਆ। ਇਸ ਵਿਚਾਰ ਨਾਲ ਸਾਰੇ ਵਿਦਵਾਨ ਤੇ ਖੋਜੀ ਸਹਿਮਤ ਹਨ ਕਿ ਮਾਤਾ ਸੁੰਦਰੀ ਜੀ ਦੀ ਸੰਤਾਨ ਕੇਵਲ ਇਕ ਸਾਹਿਬਜ਼ਾਦਾ ਸੀ ਤੇ ਬਾਕੀ ਦੇ ਤਿੰਨ ਸਾਹਿਬਜ਼ਾਦੇ ਜੁਝਾਰ ਸਿੰਘ, ਜ਼ੋਰਾਵਰ ਸਿੰਘ ਤੇ ਫਤਹਿ ਸਿੰਘ ਨੇ ਮਾਤਾ ਜੀਤੋ ਜੀ ਦੀ ਕੁਖੋਂ ਜਨਮ ਲਿਆ। ਮਾਤਾ ਜੀਤੋ ਜੀ 1700 ਈ. ਨੂੰ ਅਨੰਦਪੁਰ ਸਾਹਿਬ ਵਿੱਚ ਹੀ ਕੁਝ ਸਮਾਂ ਬਿਮਾਰ ਰਹਿ ਕੇ ਅਕਾਲ ਚਲਾਣਾ ਕਰ ਗਏ। ਇਨ੍ਹਾਂ ਸਾਲਾਂ ਵਿੱਚ ਹੀ ਰੋਹਤਾਸ ਦੀ ਸੰਗਤ ਅਨੰਦਪੁਰ ਆਈ ਤੇ ਉਹਨਾਂ ਨਾਲ ਭਾਈ

ਰਾਣਾ ਵੀ ਪਰਿਵਾਰ ਸਮੇਤ ਆਇਆ। ਉਹਨੇ ਸੰਗਤ ਸਮੇਤ ਹਾਜ਼ਰ ਹੋ ਕੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਆਪਣੀ ਲੜਕੀ ਸਾਹਿਬ ਦੇਵਾਂ ਦਾ ਵਿਆਹ ਗੁਰੂ ਜੀ ਨਾਲ ਕਰਨ ਦਾ ਸੰਕਲਪ ਕਰਕੇ ਆਇਆ ਹੈ। ਗੁਰੂ ਸਾਹਿਬ ਨੇ ਉੱਤਰ ਦਿੱਤਾ ਕਿ ਇਹ ਸੰਭਵ ਨਹੀਂ। ਮੈਂ ਤਾਂ ਬ੍ਰਹਮਚਰਜ ਧਾਰਨ ਕਰ ਚੁਕਿਆ ਹਾਂ। ਭਾਈ ਰਾਣਾ ਜੀ ਨੇ ਆਪਣੀ ਮੁਸ਼ਕਲ ਤੇ ਹੋਣ ਵਾਲੀ ਬਦਨਾਮੀ ਦਸੀ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਇਹਨੂੰ ਕੁਆਰਾ ਡੋਲਾ ਬਣ ਕੇ ਰਹਿਣਾ ਪਵੇਗਾ। ਜੇ ਇਹ ਸਵੀਕਾਰ ਹੈ ਤਾਂ ਛੱਡ ਜਾਓ। ਉਹ ਸੱਚਮੁਚ ਸਾਹਿਬ ਦੇਵਾਂ ਨੂੰ ਛੱਡ ਗਏ। ਮੁਗਲਾਂ ਦੇ ਰੀਕਾਰਡ ਵਿੱਚ ਵੀ ਮਾਤਾ ਸਾਹਿਬ ਦੇਵਾਂ ਨੂੰ ਕੁਆਰਾ ਡੋਲਾ ਹੀ ਲਿਖਿਆ ਹੋਇਆ ਹੈ। ਪਿਛੋਂ ਜਾ ਕੇ ਗੁਰੂ ਸਾਹਿਬ ਨੇ ਮਾਤਾ ਸਾਹਿਬ ਦੇਵਾਂ ਨੂੰ ਖ਼ਾਲਸੇ ਦੀ ਮਾਤਾ ਦੀ ਪਦਵੀ ਦਿੱਤੀ। ਮਾਤਾ ਸਾਹਿਬ ਕੌਰ ਵੀ ਆਪਣੇ ਜੀਵਨ-ਕਾਲ ਵਿੱਚ ਬਹੁਤ ਸਮਾਂ ਮਾਤਾ ਸੁੰਦਰੀ ਜੀ ਪਾਸ ਦਿੱਲੀ ਵਿੱਚ ਹੀ ਰਹੇ।

ਵਿਆਹ ਪਿਛੋਂ ਇਕ ਸਾਲ ਮਾਤਾ ਸੁੰਦਰੀ ਜੀ ਅਨੰਦਪੁਰ ਸਾਹਿਬ ਰਹੇ। ਲਾਹੌਰ ਤੋਂ ਬਿਲਕੁਲ ਵੱਖਰਾ ਮਾਹੌਲ ਤੇ ਵਾਤਾਵਰਣ ਸੀ ਪਰ ਮਾਤਾ ਗੁਜਰੀ ਵਰਗੀ ਸੁਘੜ ਸਿਆਣੀ ਸੱਸ ਤੇ ਗੁਰੂ ਗੋਬਿੰਦ ਸਿੰਘ ਵਰਗੇ ਮਹਾਂਬਲੀ, ਪਰਮ ਮਨੁੱਖ ਦੀ ਸੰਗਤ ਵਿੱਚ ਅਨੰਦਮਈ ਸਮਾਂ ਗੁਜ਼ਰਨ ਲੱਗਾ। ਅਗਲੇ ਸਾਲ, 1686 ਈ. ਨੂੰ, ਗੁਰੂ ਗੋਬਿੰਦ ਸਿੰਘ ਜੀ ਪਰਿਵਾਰ ਸਮੇਤ ਨਾਹਨ ਰਿਆਸਤ ਵਿੱਚ, ਉਥੋਂ ਦੇ ਰਾਜੇ ਦੇ ਸੱਦੇ ਤੇ ਚਲੇ ਗਏ ਤੇ ਜਮਨਾ ਦੇ ਕੰਢੇ ਪਾਉਂਟਾ ਸਾਹਿਬ ਨਾਮ ਦਾ ਨਵਾਂ ਨਗਰ ਵਸਾ ਕੇ ਉਥੇ ਮਿੱਥੀ ਯੋਜਨਾ ਅਨੁਸਾਰ ਭਵਿੱਖਤ ਬਾਰੇ ਪ੍ਰੋਗਰਾਮ ਤਿਆਰ ਕਰਨ ਲੱਗ ਪਏ। ਇਕ ਪਾਸੇ ਸੈਨਿਕ ਸਿਖਲਾਈ ਦਾ ਕਾਰਜ ਤੇਜ਼ ਹੋ ਗਿਆ ਤੇ ਦੂਜੇ ਪਾਸੇ ਸਾਹਿਤ ਸਿਰਜਣਾ ਹੋਣ ਲੱਗੀ। ਗੁਰੂ ਸਾਹਿਬ ਦੇ ਦਰਬਾਰ ਵਿੱਚ ਦੇਸ਼ ਦੇ ਉੱਘੇ 52 ਕਵੀ ਆ ਗਏ ਤੇ ਨਿੱਤ ਕਵੀ ਦਰਬਾਰ ਲੱਗਣ ਲੱਗ ਪਏ। ਸਵੇਰੇ ਸ਼ਾਮ ਗੁਰਬਾਣੀ ਦਾ ਪਾਠ ਤੇ ਕੀਰਤਨ ਹੁੰਦਾ। ਸ਼ਾਮ ਨੂੰ ਢਾਡੀ ਵਾਰਾਂ ਸੁਣਾਂਦੇ। ਰਾਤ ਨੂੰ ਕਵੀ ਦਰਬਾਰ ਹੁੰਦੇ। ਮਾਤਾ ਸੁੰਦਰੀ ਜੀ ਨੇ ਪਤੀ ਦੇ ਹਰ ਕਾਰਜ ਵਿੱਚ ਦਿਲਚਸਪੀ ਦਿਖਾਈ ਤੇ ਹਰ ਕਾਰਜ ਵਿੱਚ ਆਪਣਾ ਯੋਗਦਾਨ ਪਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਬਹੁਤੀ ਬਾਣੀ ਪਾਉਂਟਾ ਸਾਹਿਬ ਵਿੱਚ ਰਹਿ ਕੇ ਹੀ ਉਚਾਰੀ। ਅਕਾਲ ਉਸਤਤ ਦੀ ਰਚਨਾ ਇੱਥੇ ਹੀ ਹੋਈ। ਮਾਤਾ ਸੁੰਦਰੀ ਉਹਨਾਂ ਰਚਨਾਵਾਂ ਨੂੰ ਸੰਭਾਲਦੀ, ਉਹਦੀਆਂ ਕਾਪੀਆਂ ਕਰਵਾਂਦੀ ਤੇ ਇਸ ਦੇ ਨਾਲ ਹੀ ਗੁਰੂ ਕੇ ਲੰਗਰ ਦੀ ਤਿਆਰੀ ਦਾ ਪ੍ਰਬੰਧ ਦੇਖਦੀ। ਪਾਉਂਟਾ ਸਾਹਿਬ ਵਿੱਚ ਹੀ ਮਾਤਾ ਸੁੰਦਰੀ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਚੰਡੀ ਚਰਿੱਤਰ ਤੇ ਚੰਡੀ ਦੀ ਵਾਰ ਰਚਦਿਆਂ ਵੇਖਿਆ। ਇਥੇ ਰਹਿ ਕੇ ਹੀ ਗੁਰੂ ਜੀ ਨੂੰ ਬਾਈਧਾਰ ਦੇ ਰਾਜਿਆਂ ਨਾਲ ਆਪਣੇ ਜੀਵਨ-ਕਾਲ ਦਾ ਪਹਿਲਾ ਯੁੱਧ ਭੰਗਾਣੀ ਦੇ ਮੈਦਾਨ ਵਿੱਚ ਲੜਨਾ ਪਿਆ। ਗੁਰੂ ਸਾਹਿਬ ਦੀ ਬਖ਼ਸ਼ੀ ਚੜ੍ਹਦੀ ਕਲਾ ਤੇ ਸਵੈ-ਭਰੋਸੇ ਸਦਕਾ ਜਨ-ਸਾਧਾਰਨ ਦੀ ਮੌਕੇ ਤੇ ਇਕੱਠੀ ਕੀਤੀ ਫੌਜ ਨੇ ਸਿਖਲਾਈ ਪ੍ਰਾਪਤ ਫੌਜਾਂ 'ਤੇ ਜਿੱਤ ਹਾਸਲ ਕਰ ਲਈ। ਮਾਤਾ ਸੁੰਦਰੀ ਅੰਦਰ ਵੀ ਇਹਨਾਂ ਘਟਨਾਵਾਂ ਦਾ ਅਸਰ ਹੋਇਆ। ਵਾਤਾਵਰਣ ਨੇ ਕੋਮਲ ਭਾਵੀ ਨਾਰੀ ਨੂੰ ਕਠਨ ਸਥਿਤੀ ਤੇ ਜੀਵਨ ਵਿੱਚ ਭਿੰਨ-ਭਿੰਨ ਕਿਸਮ ਦੀਆਂ ਚੁਣੌਤੀਆਂ ਦਾ ਟਾਕਰਾ ਕਰਨ ਦੇ ਸਮਰੱਥ ਬਣਾ ਦਿੱਤਾ। ਜੋ ਭੂਮਿਕਾ ਉਨ੍ਹਾਂ ਅਗੋਂ ਜਾ ਕੇ ਨਿਭਾਣੀ ਸੀ, ਉਸ ਲਈ ਚੇਤ-ਅਚੇਤ ਤਿਆਰੀ ਮਾਤਾ ਸੁੰਦਰੀ ਦੀ ਪਾਉਂਟਾ ਸਾਹਿਬ ਵਿੱਚ ਹੀ ਹੋਣ ਲੱਗ ਪਈ ਸੀ। ਇਥੇ ਹੀ ਸਾਹਿਬਜ਼ਾਦਾ ਅਜੀਤ ਸਿੰਘ ਦਾ ਜਨਮ ਹੋਇਆ। ਇਉਂ ਜਾਪਦਾ ਹੈ ਕਿ ਜੰਗ

ਭੰਗਾਣੀ ਦੀ ਜਿੱਤ ਪਿਛੋਂ ਜਨਮੇਂ ਬਾਲਕ ਦਾ ਨਾਮ ਜਿੱਤ ਨਾਲ ਸਬੰਧਤ ਕਰਕੇ ਅਜੀਤ ਸਿੰਘ ਰੱਖਿਆ ਗਿਆ। ਕੁਝ ਹੀ ਸਮੇਂ ਪਿਛੋਂ ਮਾਤਾ ਸੁੰਦਰੀ ਆਪਣੇ ਪਤੀ, ਸੱਸ ਤੇ ਮਾਤਾ ਜੀਤੋ ਜੀ ਨਾਲ ਪਾਉਂਟਾ ਸਾਹਿਬ ਤੋਂ ਮੁੜ ਅਨੰਦਪੁਰ ਆ ਗਏ।

ਅਗਲੇ ਦਸ ਸਾਲ ਅਨੰਦਪੁਰ ਵਿੱਚ ਕਿਸ ਤਰ੍ਹਾਂ ਬੀਤੇ, ਉਹ ਗੁਰੂ ਗੋਬਿੰਦ ਸਿੰਘ ਜੀ ਸਬੰਧੀ ਲਿਖੀਆਂ ਰਚਨਾਵਾਂ ਤੋਂ ਸਪੱਸ਼ਟ ਹਨ। ਇਸ ਪਿਛੋਂ 1699 ਈ. ਨੂੰ ਵਿਸਾਖੀ ਦੇ ਦਿਨ, ਅਨੰਦਪੁਰ ਵਿੱਚ ਕੇਸਗੜ੍ਹ ਦੇ ਸਥਾਨ ਤੇ ਇਕ ਵਿਸ਼ੇਸ਼ ਸਿੱਖ ਸਮੂਹ ਦਾ ਇਕੱਠ ਕੀਤਾ ਗਿਆ। ਸਾਰੇ ਦੇਸ਼ ਵਿੱਚ ਉਚੇਚੇ ਹੁਕਮਨਾਮੇ ਭੇਜ ਕੇ ਸਿੱਖ ਸੰਗਤਾਂ ਨੂੰ ਸੱਦਿਆ ਗਿਆ। ਇੱਥੇ ਪੰਜ ਪਿਆਰਿਆਂ ਦੀ ਅਲੌਕਿਕ ਢੰਗ ਨਾਲ ਚੋਣ ਹੋਈ ਤੇ ਫਿਰ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਸਿੱਖਾਂ ਨੂੰ ਸਿੰਘ ਸਜਾ ਦਿੱਤਾ ਗਿਆ। ਕੁਝ ਇਤਿਹਾਸਕਾਰ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਇਸ਼ਾਰੇ ਤੇ ਮਾਤਾ ਜੀਤੋ ਜੀ ਨੇ ਤਿਆਰ ਹੋ ਰਹੇ ਅੰਮ੍ਰਿਤ ਦੇ ਬਾਟੇ ਵਿੱਚ ਪਤਾਸੇ ਆ ਕੇ ਪਾਏ ਤੇ ਕੁਝ ਲੇਖਕਾਂ ਨੇ ਮਾਤਾ ਸਾਹਿਬ ਦੇਵਾਂ ਦਾ ਨਾਮ ਲਿਖਿਆ ਹੈ। ਮਹਿੰਦਰ ਕੌਰ ਗਿੱਲ ਦੀ ਰਚਨਾ ਜੀਵਨੀ 'ਮਾਤਾ ਸੁੰਦਰੀ ਜੀ' ਵਿੱਚ ਲਿਖਿਆ ਹੈ : "ਗੁਰੂ ਜੀ ਦੇ ਅੰਮ੍ਰਿਤ ਪਾਨ ਕਰਨ ਤੋਂ ਬਾਅਦ ਗੁਰੂ ਪਰਿਵਾਰ ਦੀ ਵਾਰੀ ਸੀ। ਮਾਤਾ ਗੁਜਰੀ ਜੀ, ਮਾਤਾ ਸੁੰਦਰੀ ਜੀ, ਮਾਤਾ ਜੀਤੋ ਜੀ ਤੇ ਤਿੰਨ ਸਾਹਿਬਜ਼ਾਦਿਆਂ ਨੇ ਵੀ ਅੰਮ੍ਰਿਤਪਾਨ ਕੀਤਾ। ਫਤਹਿ ਸਿੰਘ ਉਸੇ ਸਾਲ ਹੀ ਜਨਮੇ ਸਨ।" ਇਸ ਤੋਂ ਜਾਪਦਾ ਹੈ ਕਿ ਡਾ. ਮਹਿੰਦਰ ਕੌਰ ਗਿੱਲ ਨੇ ਇਸ ਲਈ ਮਾਤਾ ਸਾਹਿਬ ਦੇਵਾਂ ਦਾ ਨਾਮ ਨਹੀਂ ਲਿਖਿਆ ਕਿਉਂਕਿ, ਉਹਨਾਂ ਦਾ ਮਤ ਹੈ ਕਿ ਅਜੇ ਮਾਤਾ ਸਾਹਿਬ ਦੇਵਾਂ ਨਹੀਂ ਸੀ ਆਈ। ਉਹਨਾਂ ਅਨੁਸਾਰ ਮਾਤਾ ਸਾਹਿਬ ਦੇਵਾਂ, ਮਾਤਾ ਜੀਤੋ ਜੀ ਦੇ ਅਕਾਲ ਚਲਾਣੇ ਪਿਛੋਂ 1701 ਈ. ਨੂੰ ਗੁਰੂ ਘਰ ਵਿੱਚ ਆਏ ਸਨ। ਫਿਰ ਕਿਸ ਤਰ੍ਹਾਂ ਕੁਝ ਇਤਿਹਾਸਕਾਰਾਂ ਨੇ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਸਮੇਂ ਮਾਤਾ ਸਾਹਿਬ ਦੇਵਾਂ ਦਾ ਪਤਾਸੇ ਪਾਣ ਦਾ ਕਾਰਜ ਲਿਖਿਆ ਹੈ ? ਇਸ ਤੱਥ ਨਾਲ ਵੀ ਸਾਰੇ ਇਤਿਹਾਸਕਾਰ ਸਹਿਮਤ ਹਨ ਕਿ ਉਸ ਜ਼ਮਾਨੇ ਤੋਂ ਹੀ ਅੰਮ੍ਰਿਤ ਛਕਾਉਣ ਦੀ ਰਸਮ ਸਮੇਂ ਪਿਤਾ ਗੁਰੂ ਗੋਬਿੰਦ ਸਿੰਘ ਤੇ ਮਾਤਾ ਸਾਹਿਬ ਦੇਵਾਂ ਦਾ ਨਾਮ ਲਿਆ ਜਾਂਦਾ ਹੈ। ਮਾਤਾ ਸਾਹਿਬ ਦੇਵਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਮਾਤਾ ਦੀ ਪਦਵੀ ਦਿੱਤੀ।

1701 ਈ. ਤੋਂ 1704 ਈ. ਤੱਕ ਦਾ ਸਮਾਂ ਅਨੰਦਪੁਰ ਸਾਹਿਬ ਵਿੱਚ ਜੰਗਾਂ-ਯੁੱਧਾਂ ਦਾ ਸਮਾਂ ਰਿਹਾ ਤੇ ਕਈ ਵਾਰ ਮੁਗਲ ਰਾਜ ਦੀਆਂ ਫੌਜਾਂ ਤੇ ਲਾਹੌਰ, ਸਰਹੰਦ ਤੇ ਪਹਾੜੀ ਰਾਜਿਆਂ ਦੇ ਹਮਲੇ ਹੋਏ। ਗੁਰੂ ਗੋਬਿੰਦ ਸਿੰਘ ਜੀ ਹਰ ਹਮਲੇ ਨੂੰ ਪਛਾੜਦੇ ਰਹੇ। ਮੁਗਲ ਰਾਜ ਦੇ ਕਈ ਜਰਨੈਲਾਂ ਦਾ ਅਨੰਦਪੁਰ ਫਤਹਿ ਕਰਨ ਦਾ ਸੁਪਨਾ ਤੋੜਿਆ। ਔਰੰਗਜ਼ੇਬ ਦਾ ਪੁੱਤਰ ਮੁਅੱਜਮ ਵੀ ਇਕ ਵਾਰ ਗੁਰੂ ਸਾਹਿਬ ਵਿਰੁੱਧ ਚੜ੍ਹਾਈ ਲਈ ਲਾਹੌਰ ਆਇਆ, ਪਰ ਉਹ ਭਾਈ ਨੰਦ ਲਾਲ ਗੋਇਆ ਦੀ ਸਿਆਣਪ ਨਾਲ ਹਮਾਲਵਰ ਦੀ ਥਾਂ ਮਿੱਤਰ ਬਣ ਕੇ ਮੁੜ ਗਿਆ। ਇਸ ਸੰਕਟ ਦੇ ਸਮੇਂ ਕਈ ਵਾਰ ਕਮਜ਼ੋਰ ਦਿਲ ਲੋਕ ਮਾਤਾ ਗੁਜਰੀ ਪਾਸ ਤਾਂ ਗਏ ਕਿ ਉਹ ਗੁਰੂ ਜੀ ਨੂੰ ਕਹਿ ਕੇ ਇਸ ਮਾਹੌਲ ਨੂੰ ਬਦਲਣ ਪਰ ਕਿਸੇ ਦੀ ਜੁਰੱਅਤ ਮਾਤਾ ਸੁੰਦਰੀ ਪਾਸ ਜਾਣ ਦੀ ਨਾ ਹੋਈ। ਕਿਉਂਕਿ ਮਾਤਾ ਜੀ ਕਲਗੀਧਰ ਦੇ ਕਿਸੇ ਕਾਰਜ ਵਿੱਚ ਢਹਿੰਦੀ ਕਲਾਂ ਵਾਲੀ ਗੱਲ ਕਰਨ ਲਈ ਤਿਆਰ ਨਹੀਂ ਸਨ। ਉਹ ਤਾਂ ਹਰ ਸੰਘਰਸ਼ ਵਿੱਚ ਉਤਸ਼ਾਹ ਦੇਣ ਵਾਲੀ ਤੇ ਸਹਿਯੋਗ ਕਰਨ ਵਾਲੀ ਬਲਵਾਨ ਆਤਮਾ

ਸੀ। ਉਹਨਾਂ ਇਕ ਵਾਰ ਵੀ ਨਹੀਂ ਜਤਲਾਇਆ ਕਿ ਅਸੀਂ ਔਖੇ ਹਾਂ ਜਾਂ ਇਸ ਸੰਕਟ ਵਿੱਚ ਸਾਨੂੰ ਕੋਈ ਥੁੜ ਜਾਂ ਡਰ ਮਹਿਸੂਸ ਹੁੰਦਾ ਹੈ। ਸੰਕਟ ਦੀ ਇਸ ਸਥਿਤੀ ਵਿੱਚ ਇਕ ਮੌਕਾ ਅਜਿਹਾ ਵੀ ਆਇਆ ਕਿ ਜਦੋਂ ਕੁਝ ਸਿੰਘ ਸਾਥ ਛੱਡ ਗਏ ਤੇ ਬੇਦਾਵਾ ਲਿਖ ਕੇ ਦੇ ਗਏ, ਪਰ ਉਸ ਸਮੇਂ ਵੀ ਪਰਿਵਾਰ ਨਹੀਂ ਘਬਰਾਇਆ ਤੇ ਇਸ ਪਿਛੇ ਪ੍ਰੇਰਨਾ ਸਰੋਤ ਮਾਤਾ ਗੁਜਰੀ ਤੇ ਮਾਤਾ ਸੁੰਦਰ ਕੌਰ ਜੀ ਹੀ ਸਨ। ਕਿਸੇ ਇਤਿਹਾਸਕਾਰ ਨੇ ਮਾਤਾ ਸੁੰਦਰੀ ਦੇ ਇਸ ਸਮੇਂ ਦੇ ਕਿਰਦਾਰ ਤੇ ਵੇਰਵੇ ਨਾਲ ਚਾਨਣਾ ਨਹੀਂ ਪਾਇਆ।

ਜਦੋਂ ਦਸੰਬਰ 1704 ਈ. ਨੂੰ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਪਰਿਵਾਰ ਤੇ ਸਿੱਖਾਂ ਸਮੇਤ ਅਨੰਦਪੁਰ ਸਾਹਿਬ ਛਡਣਾ ਪਿਆ ਤਾਂ ਉਸ ਸਮੇਂ ਮੁਗਲ ਫੌਜਾਂ ਤੇ ਬਾਈਧਾਰ ਦੇ ਰਾਜਿਆਂ ਨੇ ਆਪਣੀਆਂ ਖਾਧੀਆਂ ਕਸਮਾਂ ਤੋੜ ਕੇ ਪਿਛੋਂ ਹਮਲਾ ਕਰ ਦਿੱਤਾ। ਇਕ ਤਾਂ ਕੜਾਕੇ ਦੀ ਸਰਦੀ, ਦੂਜਾ ਸਰਸਾ ਨਦੀ 'ਚ ਆਇਆ ਹੜ੍ਹ, ਤੀਜੇ ਪਾਸੇ ਦੁਸ਼ਮਣ ਦੀ ਲੱਖਾਂ ਦੀ ਫੌਜ ਦਾ ਹਮਲਾ। ਗੁਰੂ ਸਾਹਿਬ ਨੇ ਮੁਗਲਾਂ ਵਲੋਂ ਕਸਮਾਂ ਤੋੜ ਕੇ ਕੀਤੀ ਅਧਰਮਾਂ ਵਾਲੀ ਗੱਲ ਬਾਰੇ ਔਰੰਗਜ਼ੇਬ ਨੂੰ ਲਿਖਤੀ ਜਾਂ ਜ਼ਬਾਨੀ (ਇਹ ਸਪੱਸ਼ਟ ਨਹੀਂ) ਸੰਦੇਸ਼ ਭੇਜਿਆ ਤੇ ਇਸ ਕਾਰਜ ਲਈ ਮਾਤਾ ਸੁੰਦਰ ਕੌਰ, ਮਾਤਾ ਸਾਹਿਬ ਦੇਵਾਂ ਤੇ ਭਾਈ ਮਨੀ ਸਿੰਘ ਨੂੰ ਦਿੱਲੀ ਜਾਣ ਦਾ ਆਦੇਸ਼ ਦਿੱਤਾ। ਇਹ ਤੁਰੰਤ ਸਰਸਾ ਨਦੀ ਪਾਰ ਕਰਕੇ ਗਿਣੇ ਮਿੱਥੇ ਪ੍ਰੋਗਰਾਮ ਅਨੁਸਾਰ ਦਿੱਲੀ ਪਹੁੰਚ ਗਏ। ਬਾਕੀ ਪਰਿਵਾਰ ਨਦੀ ਪਾਰ ਕਰਦਿਆਂ ਰਾਤ ਦੇ ਹਨੇਰੇ ਵਿੱਚ ਦੋ ਹਿੱਸਿਆਂ ਵਿੱਚ ਵੰਡਿਆ ਗਿਆ। ਵੱਡੇ ਸਾਹਿਬਜ਼ਾਦੇ ਤੇ ਕੁਝ ਸਿੰਘਾਂ ਸਮੇਤ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਜਾ ਪਹੁੰਚੇ ਤੇ ਉਥੇ ਇਕ ਹਵੇਲੀ ਨੂੰ ਗੜ੍ਹੀ ਦਾ ਰੂਪ ਦੇ ਕੇ ਜੰਗ ਚਮਕੌਰ ਲੜੀ ਤੇ ਦੋਵੇਂ ਸਾਹਿਬਜ਼ਾਦੇ ਸ਼ਹੀਦ ਹੋ ਗਏ। ਇਹ ਸਾਕਾ 22 ਦਸੰਬਰ 1704 ਈ. ਨੂੰ ਵਾਪਰਿਆ।

ਠੀਕ ਪੰਜ ਦਿਨਾਂ ਪਿਛੋਂ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿਘ ਤੇ ਫਤਹਿ ਸਿੰਘ ਆਪਣੀ ਦਾਦੀ ਮਾਤਾ ਗੁਜਰੀ ਸਮੇਤ ਸਰਹੰਦ ਦੇ ਨਵਾਬ ਵਜੀਦ ਖ਼ਾ ਦੀ ਕੈਦ ਵਿੱਚ ਪਹੁੰਚਣ ਪਿਛੋਂ ਆਪਣਾ ਧਰਮ ਨਾ ਬਦਲਣ ਤੇ ਜ਼ਾਲਮ ਸਰਕਾਰ ਅਗੇ ਨਾ ਝੁਕਣ ਤੇ, ਬਗਾਵਤ ਦੇ ਦੋਸ਼ ਅਧੀਨ ਜ਼ਿੰਦਾ ਕੰਧਾਂ ਵਿੱਚ ਚਿਣ ਦਿੱਤੇ ਗਏ ਤੇ ਮਾਤਾ ਗੁਜਰੀ ਨੂੰ ਬੁਰਜ ਤੋਂ ਹੇਠਾਂ ਸੁੱਟ ਕੇ ਸ਼ਹੀਦ ਕਰ ਦਿੱਤਾ ਗਿਆ। ਵੱਡੇ ਦੋ ਸਾਹਿਬਜ਼ਾਦਿਆਂ ਦੀ ਸ਼ਹੀਦੀ, ਪਿਤਾ ਗੁਰਦੇਵ ਦੇ ਸਾਹਮਣੇ ਹੋਈ ਤੇ ਦੋ ਛੋਟਿਆਂ ਦੀ ਸ਼ਹੀਦੀ ਦਾਦੀ ਮਾਤਾ ਗੁਜਰੀ ਦੇ ਸਾਹਮਣੇ ਹੋਈ। ਦੋਹਾਂ ਪੁੱਤਰਾਂ ਦੀ ਸ਼ਹੀਦੀ ਸਮੇਂ ਮਾਤਾ ਸੁੰਦਰੀ ਉਥੇ ਮੌਜੂਦ ਨਹੀਂ ਸੀ। ਮਾਤਾ ਸੁੰਦਰੀ ਨੂੰ ਇਹ ਹਿਰਦੇ-ਵੇਦਕ ਸਮਾਚਾਰ ਕਾਫੀ ਸਮੇਂ ਪਿਛੋਂ ਦਿੱਲੀ ਵਿੱਚ ਮਿਲੇ।

ਮਾਤਾ ਸੁੰਦਰ ਕੌਰ ਜੀ ਨੂੰ ਕਿਉਂ ਦਿੱਲੀ ਭੇਜਿਆ ? ਉਹ ਕਿਸ ਤਰ੍ਹਾਂ ਤੇ ਕਿੱਥੇ-ਕਿੱਥੇ ਪੜਾਅ ਕਰਕੇ ਦਿੱਲੀ ਪਹੁੰਚੇ, ਇਸ ਬਾਰੇ ਇਤਿਹਾਸਕਾਰਾਂ ਨੇ ਸੁਵਿਸਥਾਰ ਕੁਝ ਨਹੀਂ ਦਸਿਆ। ਸ਼ਾਇਦ ਉਹਨਾਂ ਨੇ ਇਸ ਸਫ਼ਰ ਦੀ ਮਹੱਤਤਾ ਨੂੰ ਨਹੀਂ ਸਮਝਿਆ ਜਾਂ ਉਹਨਾਂ ਨੂੰ ਵੀ ਕੁਝ ਪਤਾ ਨਹੀਂ ਲੱਗ ਸਕਿਆ। ਕੇਵਲ ਇਤਨਾ ਹੀ ਸੰਕੇਤ ਮਾਤਰ ਮਿਲਦਾ ਹੈ ਕਿ ਸਰਸਾ ਨਦੀ ਦੇ ਕੰਢੇ ਪਰਿਵਾਰ ਵਿਛੋੜੇ ਦੇ ਅਸਥਾਨ ਤੇ ਹੀ ਦਿੱਲੀ ਦੇ ਦੋ ਸਿੰਘ, ਭਾਈ ਜਵਾਹਰ ਸਿੰਘ ਤੇ ਧੰਨਾ ਸਿੰਘ ਬੜੀ ਮੁਸ਼ਕਲ ਨਾਲ ਗੁਰੂ ਗੋਬਿੰਦ ਸਿੰਘ ਜੀ ਤੱਕ ਪਹੁੰਚੇ ਤੇ ਉਹਨਾਂ ਨੇ ਕੁਝ ਗੱਲਾਂ ਕੀਤੀਆਂ ਤੇ ਫਿਰ ਕਿਹਾ ਕਿ ਮਾਤਾ ਸੁੰਦਰ ਕੌਰ ਜੀ ਨੂੰ ਸਾਡੇ ਨਾਲ ਦਿੱਲੀ ਭੇਜੋ। ਗੁਰੂ ਸਾਹਿਬ ਨੇ ਦਿੱਲੀ ਦੇ ਇਹਨਾਂ ਸਿੰਘਾਂ ਨਾਲ ਹੋਈ ਗੱਲਬਾਤ

ਦੀ ਰੋਸ਼ਨੀ ਵਿੱਚ, ਪੇਸ਼ਕਸ਼ ਪਰਵਾਨ ਕਰ ਲਈ। ਮਾਤਾ ਸੁੰਦਰ ਕੌਰ ਤੇ ਮਾਤਾ ਸਾਹਿਬ ਦੇਵਾਂ ਨੂੰ ਮਰਦਾਵੇਂ ਭੇਸ ਵਿੱਚ ਭਾਈ ਮਨੀ ਸਿੰਘ, ਦਿੱਲੀ ਦੇ ਦੋਹਾਂ ਸਿੰਘਾਂ ਤੇ ਦੋ ਨੌਕਰਾਣੀਆਂ ਦੇ ਨਾਲ ਦਿੱਲੀ ਵੱਲ ਤੋਰ ਦਿੱਤਾਂ। ਇਤਿਹਾਸ ਵਿੱਚ ਉਹਨਾਂ ਦੋ ਟਹਿਲਣਾਂ ਦੇ ਨਾਮ ਭਾਗੋ ਤੇ ਬੀਬੋ ਲਿਖੇ ਹੋਏ ਮਿਲਦੇ ਹਨ। ਇਹਨਾਂ ਨੂੰ ਪਹਿਲਾਂ ਨਦੀ ਪਾਰ ਕਰਵਾਈ ਤੇ ਪਿਛੋਂ ਆਪ ਇਸ ਵਿੱਚ ਠਿਲ੍ਹ ਪਏ।

ਮਾਤਾ ਸੁੰਦਰ ਕੌਰ ਜੀ ਤੇ ਮਾਤਾ ਸਾਹਿਬ ਦੇਵਾਂ ਦੇ ਨਾਲ ਤਿੰਨ ਮਰਦ ਤੇ ਦੋ ਔਰਤਾਂ ਹੋਰ ਸਨ, ਇਉਂ ਸੱਤ ਮਨੁੱਖ ਇਕੱਠੇ ਜਾਂਦੇ ਤਾਂ ਛੁੱਪ ਹੀ ਨਹੀਂ ਸਕਦੇ। ਸਿੰਘ ਦੀ ਸ਼ਕਲ ਸੂਰਤ ਤੇ ਨਿਰਾਲਾ ਸਰੂਪ ਤਾਂ ਛੁਪਣ ਦੀ ਗੁੰਜਾਇਸ਼ ਹੀ ਨਹੀਂ ਛੱਡਦਾ। ਦਿੱਲੀ ਤੱਕ ਇਹ ਦੋ ਸੌ ਮੀਲ ਤੋਂ ਵਧੇਰਾ ਸਫ਼ਰ ਇਸ ਜੱਥੇ ਨੇ ਕਿਵੇਂ ਤੈਅ ਕੀਤਾ ? ਰਾਹ ਵਿੱਚ ਕਿੱਥੇ ਕਿੱਥੇ ਬਿਸਰਾਮ ਕੀਤਾ ? ਕੀ ਕੀ ਮੁਸੀਬਤਾਂ ਝਾਗੀਆਂ ਤੇ ਸੰਕਟ ਦਾ ਕਿਸ ਤਰ੍ਹਾਂ ਟਾਕਰਾ ਕੀਤਾ, ਇਸ ਬਾਰੇ ਇਤਿਹਾਸ ਚੁੱਪ ਹੈ। ਇਹ ਸਾਰਾ ਹਾਲ ਖੋਜ ਦਾ ਵਿਸ਼ਾ ਹੈ ਤੇ ਆਸ ਹੈ ਕਿ ਇਤਿਹਾਸ ਦੇ ਖੋਜੀ ਇਸ ਬਾਰੇ ਅਗਲੇ ਕੁਝ ਸਮੇਂ ਵਿੱਚ ਚਾਨਣਾ ਪਾਣ ਦਾ ਯਤਨ ਕਰਨਗੇ।

ਦਿੱਲੀ ਪਹੁੰਚ ਕੇ ਇਹ ਸਾਰੇ ਅਜਮੇਰੀ ਗੇਟ ਦੇ ਅੰਦਰ, ਹੌਜ਼ ਕਾਜ਼ੀ ਦੇ ਖੇਤਰ ਵਿੱਚ ਕੂਚਾ ਦਿਲਵਾਲੀ ਸਿੰਘ ਵਿੱਚ ਪਹੁੰਚੇ ਤੇ ਦਿੱਲੀ ਦੇ ਦੋ ਸਿੰਘਾਂ ਜਵਾਹਰ ਸਿੰਘ ਤੇ ਧੰਨਾ ਸਿੰਘ ਦੇ ਘਰ ਠਹਿਰੇ। ਇਹਨਾਂ ਨੇ ਆਪਣੀ ਇਹ ਖੁਲ੍ਹੀ ਹਵੇਲੀ ਵਰਗਾ ਮਕਾਨ ਮਾਤਾਵਾਂ ਲਈ ਰਾਖਵਾਂ ਕਰ ਦਿੱਤਾ ਤੇ ਆਪ ਨਾਲ ਦੇ ਮਕਾਨ ਵਿੱਚ ਰਹਿਣ ਲੱਗ ਪਏ। ਇੱਥੇ ਹੀ ਦਿੱਲੀ ਦੀ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਮਾਤਾਵਾਂ ਦੇ ਦਰਸ਼ਨ ਕਰਨ ਤੇ ਧਾਰਮਿਕ ਦੀਵਾਨਾਂ ਵਿੱਚ ਹਿੱਸਾ ਲੈਣ ਲਈ ਆਉਣ ਲੱਗ ਪਈਆਂ। ਇਥੇ ਪਿਛੋਂ ਜਾ ਕੇ ਗੁਰਦੁਆਰਾ ਵੀ ਬਣ ਗਿਆ ਤੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਦਿੱਲੀ ਦੀ ਸਿੱਖ ਸੰਗਤ ਇਸੇ ਅਸਥਾਨ ਤੇ ਜੁੜ ਕੇ ਮਨਾਣ ਲੱਗ ਪਈ। ਫਿਰ ਜਦ ਰਾਜਸੀ ਦਬਾਅ ਪਿਆ ਤਾਂ ਗੁਰਦੁਆਰੇ ਦੀ ਥਾਂ ਢਹਿ ਗਈ ਤੇ ਮੁੜ ਮੰਦਰ ਬਣ ਗਿਆ। ਸੀਸ ਗੰਜ ਦੇ ਆਖ਼ਰੀ ਮਹੰਤ ਗੁਰਬਚਨ ਸਿੰਘ ਅਨੁਸਾਰ ਇੱਥੇ 1947 ਤੱਕ ਗੁਰਦੁਆਰਾ ਸੀ ਤੇ ਉਥੇ ਗਿਆਨੀ ਸਰਨ ਸਿੰਘ ਗ੍ਰੰਥੀ ਸੀ। 1947 ਦੇ ਘਲੂਘਾਰੇ ਤੇ ਫ਼ਸਾਦਾਂ ਵਿੱਚ ਗ੍ਰੰਥੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲੈ ਕੇ ਸੀਸ ਗੰਜ ਪਹੁੰਚ ਗਿਆ ਤੇ ਫਿਰ ਕਿਧਰੇ ਚਲਾ ਗਿਆ। ਉਦੋਂ ਹੀ ਗੁਰਦੁਆਰੇ ਦੀ ਥਾਂ ਮੰਦਰ ਨੇ ਲੈ ਲਈ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਖਿਦਰਾਣੇ ਦੀ ਢਾਬ (ਮੁਕਤਸਰ) ਦੀ ਜੰਗ ਜਿੱਤ ਕੇ ਸਾਬੋ ਦੀ ਤਲਵੰਡੀ (ਦਮਦਮਾ ਸਾਹਿਬ) ਬਠਿੰਡੇ ਨੇੜੇ ਆ ਟਿਕੇ ਤੇ ਇਥੇ ਮੁੜ ਕੇ ਵਿਦਵਾਨਾਂ ਦੀ ਸੰਗਤ ਲੱਗਣ ਲੱਗ ਪਈ ਤਾਂ ਮਾਤਾ ਸੁੰਦਰ ਕੌਰ ਜੀ ਉਚੇਚੇ ਤੌਰ 'ਤੇ ਮਿਲਣ ਲਈ ਭਾਈ ਮਨੀ ਸਿੰਘ ਜੀ ਦੇ ਨਾਲ ਆਏ ਤੇ ਆਪਣੇ ਪੁੱਤਰਾਂ ਦੀ ਸ਼ਹੀਦੀ ਦੇ ਸਮਾਚਾਰ ਗੁਰੂ ਜੀ ਤੋਂ ਸੁਣ ਕੇ ਵਾਪਸ ਦਿੱਲੀ ਚਲੇ ਗਏ।

ਜਦ ਮਾਤਾ ਸੁੰਦਰ ਕੌਰ ਜੀ ਤੇ ਮਾਤਾ ਸਾਹਿਬ ਦੇਵਾਂ ਦੁਬਾਰਾ ਦਿੱਲੀ ਆਈਆਂ ਤਾਂ ਕੂਚਾ ਦਿਲਵਾਲੀ ਸਿੰਘ ਦੀ ਥਾਂ ਜਾਮਾ ਮਸਜਿਦ ਦੇ ਨੇੜੇ ਮਟੀਆ ਮਹਿਲ ਵਿੱਚ ਜਲਾਲਾਂ ਦੀ ਹਵੇਲੀ ਵਿੱਚ ਡੇਰੇ ਲਾਏ। ਇਹ ਹਵੇਲੀ ਵੀ ਭਾਈ ਜਵਾਹਰ ਸਿੰਘ ਦੀ ਹੀ ਸੀ। ਇੱਥੇ ਨੇੜੇ ਹੀ ਭਾਈ ਜੀਵਨ ਸਿੰਘ ਰਹਿੰਦੇ ਸਨ ਜਿਨ੍ਹਾਂ ਨੂੰ ਮਾਤਾ ਸੁੰਦਰ ਕੌਰ ਜੀ ਨੇ

ਦਸਮੇਸ਼ ਪਿਤਾ ਦੇ ਉਹ ਪੰਜ ਸ਼ਸਤਰ ਸੰਭਾਲਣ ਲਈ ਦਿੱਤੇ ਸਨ, ਜੋ ਗੁਰੂ ਗੋਬਿੰਦ ਸਿੰਘ ਜੀ ਨੇ ਹਜ਼ੂਰ ਸਾਹਿਬ ਨਾਂਦੇੜ ਵਿੱਚ ਮਾਤਾ ਸਾਹਿਬ ਦੇਵਾਂ ਨੂੰ ਸੰਭਾਲ ਕੇ ਰੱਖਣ ਲਈ ਆਪਣੀ ਨਿਸ਼ਾਨੀ ਵਜੋਂ ਦਿੱਤੇ ਸਨ। ਇਹ ਮਕਾਨ ਵੀ ਪਿਛੋਂ ਗੁਰਦੁਆਰਾ ਬਣਾ ਦਿੱਤਾ ਗਿਆ ਤੇ ਗੁਰੂ ਗ੍ਰੰਥ ਸਾਹਿਬ ਦਾ ਇਥੇ ਪ੍ਰਕਾਸ਼ ਹੁੰਦਾ ਰਿਹਾ ਹੈ। ਇਸ ਅਸਥਾਨ ਤੇ ਆਖ਼ਰੀ ਮਹੰਤ ਪ੍ਰੇਮ ਸਿੰਘ ਅਰੋੜਾ ਸੀ ਤੇ ਉਹਨੇ ਇਹ ਅਸਥਾਨ ਇਕ ਮੁਸਲਮਾਨ ਪਾਸ ਵੇਚ ਦਿੱਤਾ ਤੇ ਹੁਣ ਵੀ ਇਸ ਮਕਾਨ ਵਿੱਚ ਉਸੇ ਮੁਸਲਮਾਨ ਦੀ ਸੰਤਾਨ ਰਹਿ ਰਹੀ ਹੈ।

ਦਮਦਮਾ ਸਾਹਿਬ ਤੋਂ ਮਾਤਾ ਸੁੰਦਰ ਕੌਰ 1706 ਈ. ਵਿੱਚ ਹੋ ਕੇ ਆਏ ਤੇ ਅਗਲੇ ਸਾਲ 1707 ਈ. ਵਿੱਚ ਗੁਰੂ ਗੋਬਿੰਦ ਸਿੰਘ ਜੀ ਦਿੱਲੀ ਆਏ ਤੇ ਮਾਤਾ ਸੁੰਦਰੀ ਜੀ ਉਹਨਾਂ ਨੂੰ ਗੁਰਦੁਆਰਾ ਮੋਤੀ ਬਾਗ ਵਾਲੀ ਥਾਂ 'ਤੇ ਹੀ ਜਾ ਕੇ ਮਿਲੇ। ਜਿਸ ਕਾਰਜ ਲਈ ਉਹ ਦਿੱਲੀ ਰਹਿ ਰਹੇ ਸਨ, ਉਸ ਦੀ ਰਿਪੋਰਟ ਦਿੱਤੀ। ਗੁਰੂ ਸਾਹਿਬ ਨੇ ਮਾਤਾ ਸੁੰਦਰ ਕੌਰ ਜੀ ਨੂੰ ਉਹ ਮਹੱਤਵ ਪੂਰਨ ਕਾਰਜ ਨੇਪਰੇ ਚਾੜ੍ਹਨ ਲਈ ਦਿੱਲੀ ਵਿੱਚ ਹੀ ਰਹਿਣ ਦੀ ਆਗਿਆ ਕੀਤੀ, ਪਰ ਮਾਤਾ ਸਾਹਿਬ ਦੇਵਾਂ ਨੂੰ ਆਪਣੇ ਨਾਲ ਦੱਖਣ ਵੱਲ ਲੈ ਗਏ ਤੇ 1708 ਈ. ਵਿੱਚ ਜੋਤੀ ਜੋਤ ਸਮਾਣ ਤੋਂ ਕੁਝ ਦਿਨ ਪਹਿਲਾਂ ਮਾਤਾ ਸਾਹਿਬ ਦੇਵਾਂ ਨੂੰ ਨਿਸ਼ਾਨੀ ਵਜੋਂ ਪੰਜ ਸ਼ਸਤਰ ਦੇ ਕੇ ਮਾਤਾ ਸੁੰਦਰ ਕੌਰ ਪਾਸ ਹੀ ਦਿੱਲੀ ਰਹਿਣ ਲਈ ਭੇਜ ਦਿੱਤਾ।

ਦਿੱਲੀ ਦੀ ਸਿੱਖ ਸੰਗਤ ਨੇ ਦਿੱਲੀ ਦਰਵਾਜ਼ੇ ਦੇ ਬਾਹਰ ਜ਼ਮੀਨ ਲੈ ਕੇ, ਉਹਦੀ ਮਲਕੀਅਤ ਗੁਰੂ ਗੋਬਿੰਦ ਸਿੰਘ, ਸਪੁੱਤਰ ਗੁਰੂ ਤੇਗ ਬਹਾਦਰ ਦੇ ਨਾਮ ਕਰਵਾ ਕੇ ਉਥੇ ਮਾਤਾ ਜੀ ਦੇ ਰਹਿਣ ਲਈ ਹਵੇਲੀ ਬਣਾ ਦਿੱਤੀ। ਇਸੇ ਥਾਂ ਹੁਣ ਗੁਰਦੁਆਰਾ ਮਾਤਾ ਸੁੰਦਰੀ ਜੀ ਹੈ। ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ 39 ਸਾਲ ਮਾਤਾ ਸੁੰਦਰ ਕੌਰ ਦਿੱਲੀ ਰਹੇ। ਇਕ ਤਾਂ ਸਿੱਖ ਧਰਮ ਦਾ ਪ੍ਰਚਾਰ ਜੱਥੇਬੰਦ ਕੀਤਾ, ਦੂਜਾ ਕੌਮ ਨੂੰ ਇਕ ਮੁਕੰਮਲ ਨੇਤਾ ਦੇ ਰੂਪ ਵਿੱਚ ਹਰ ਸੰਕਟ ਸਮੇਂ ਅਗਵਾਈ ਦਿੱਤੀ। ਭਾਈ ਮਨੀ ਸਿੰਘ ਜੀ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹੈਡ ਗ੍ਰੰਥੀ ਬਣਾ ਕੇ ਭੇਜਿਆ ਤੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਇਕੱਤਰ ਕਰਕੇ ਦਸਮ ਗ੍ਰੰਥ ਸੰਪੂਰਨ ਕਰਵਾਇਆ। ਮਾਤਾ ਜੀ ਨੇ ਇਕ ਅਜੀਤ ਸਿੰਘ ਨਾਮੀ ਬੱਚੇ ਨੂੰ ਲੈ-ਪਾਲਕ ਪੁੱਤਰ ਬਣਾਇਆ ਜੋ ਵੱਡਾ ਹੋ ਕੇ ਅਤਿ ਮਾੜਾ ਨਿਕਲਿਆ। ਮਾਤਾ ਜੀ ਨੂੰ ਸੁੱਖ ਦੇਣ ਦੀ ਥਾਂ ਉਹਨੇ ਦੁੱਖ ਦਿੱਤਾ ਤੇ ਫਿਰ ਬੁਰੀ ਮੌਤੇ ਮਰ ਵੀ ਗਿਆ। ਦਿੱਲੀ ਰਹਿੰਦਿਆਂ ਦੋ ਵਾਰ ਮਾਤਾ ਸੁੰਦਰੀ ਜੀ ਮੱਥਰਾ ਗਏ ਤੇ ਕੁਝ ਸਮਾਂ ਰਹਿ ਕੇ ਮੁੜ ਵਾਪਸ ਦਿੱਲੀ ਆ ਜਾਂਦੇ ਰਹੇ। 1747 ਈ. ਨੂੰ ਦਿੱਲੀ ਵਿੱਚ ਹੀ ਮਾਤਾ ਸੁੰਦਰ ਕੌਰ ਜੀ ਚੜ੍ਹਾਈ ਕਰ ਗਏ। ਉਨ੍ਹਾਂ ਦੀ ਪਹਿਲਾਂ ਪ੍ਰਗਟਾਈ ਇੱਛਾ ਅਨੁਸਾਰ ਮਾਤਾ ਸੁੰਦਰੀ ਜੀ ਦਾ ਅੰਤਮ ਸਸਕਾਰ ਬਾਲਾ ਪ੍ਰੀਤਮ, ਗੁਰੂ ਹਰਿਕਿਸ਼ਨ ਸਾਹਿਬ ਦੇ ਸਸਕਾਰ-ਅਸਥਾਨ ਦੇ ਨਾਲ ਹੀ ਕੀਤਾ ਗਿਆ। ਅੰਗੀਠੇ ਦੀ ਯਾਦਗਾਰ ਹੁਣ ਤੱਕ ਕਾਇਮ ਹੈ।

ਮਾਤਾ ਸੁੰਦਰੀ ਦਾ ਯੋਗਦਾਨ

1. ਮਾਤਾ ਸੁੰਦਰ ਕੌਰ ਜੀ ਅਚਾਨਕ ਸਰਸਾ ਨਦੀ ਪਾਰ ਕਰਕੇ ਭਾਈ ਮਨੀ ਸਿੰਘ ਨਾਲ ਦਿੱਲੀ ਨਹੀਂ ਸਨ ਆ ਗਏ। ਉਹਨਾਂ ਨੂੰ ਇਕ ਮਿਸ਼ਨ ਦੀ ਨਿਗਰਾਨੀ ਕਰਨ ਲਈ ਭੇਜਿਆ ਗਿਆ ਸੀ ਤੇ ਉਨ੍ਹਾਂ ਦੀ ਸੁਚੱਜੀ ਵਿਉਂਤ ਨਾਲ ਉਹਨਾਂ ਦੇ ਦਿੱਲੀ ਆਉਣ ਪਿਛੋਂ ਔਰੰਗਜ਼ੇਬ, ਗੁਰੂ ਗੋਬਿੰਦ ਸਿੰਘ ਜੀ ਵਿਰੁਧ ਫੌਜੀ ਕਾਰਵਾਈ ਖ਼ਤਮ ਕਰਨ ਲਈ ਤਿਆਰ

ਹੋ ਗਿਆ ਤੇ ਉਹਨੇ ਹੁਕਮ ਜਾਰੀ ਵੀ ਕਰ ਦਿੱਤਾ। ਅਜਿਹੀ ਸਥਿਤੀ ਪੈਦਾ ਕਰ ਦਿੱਤੀ ਗਈ ਕਿ ਜਦ ਗੁਰੂ ਗੋਬਿੰਦ ਸਿੰਘ ਜੀ ਦੀ ਚਿੱਠੀ (ਜ਼ਫ਼ਰਨਾਮਾ) ਲੈ ਕੇ ਭਾਈ ਦਿਆ ਸਿੰਘ ਜੀ ਔਰੰਗਜ਼ੇਬ ਪਾਸ ਦੱਖਣ ਵਿੱਚ ਪਹੁੰਚੇ ਤਾਂ ਉਹਨੇ ਝਟ ਗੁਰੂ ਜੀ ਨਾਲ ਸੁਲਾਹ ਕਰਨ, ਝਗੜਾ ਮੁਕਾਣ ਤੇ ਨਿਆਂ ਵਾਲੀ ਨੀਤੀ ਅਪਨਾਉਣ ਲਈ ਮਿਲਣ ਦਾ ਸੱਦਾ ਦੇ ਦਿੱਤਾ। ਮੁਗਲ ਸਰਕਾਰ ਨਾਲ ਲੜਾਈ ਰੁਕਵਾਣ ਤੇ ਗੱਲਬਾਤ ਨਾਲ ਸਮੱਸਿਆਵਾਂ ਨਜਿੱਠਣ ਦਾ ਰਾਹ ਪੱਧਰਾ ਕਰਨ ਦਾ ਕੁਝ ਕਾਰਜ ਮਾਤਾ ਸੁੰਦਰੀ ਜੀ ਦੇ ਦਿੱਲੀ ਆਉਣ ਨਾਲ ਹੋਇਆ।

2. ਮਾਤਾ ਸੁੰਦਰ ਕੌਰ ਜੀ ਇਕ ਸੁਘੜ ਸਿਆਣੀ ਤੇ ਦੂਰ-ਦ੍ਰਿਸ਼ਟੀ ਵਾਲੀ ਔਰਤ ਸੀ। ਜਿਤਨੇ ਸਾਲ ਵੀ ਮਾਤਾ ਸੁੰਦਰ ਕੌਰ ਅਨੰਦਪੁਰ ਸਾਹਿਬ ਜਾਂ ਪਾਉਂਟਾ ਸਾਹਿਬ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਰਹੀ, ਉਹਨੇ ਹਰ ਕਾਰਜ ਵਿੱਚ ਸਹਿਯੋਗ ਦਿੱਤਾ। ਜਿੱਥੇ ਪਰਿਵਾਰਕ ਜੀਵਨ ਵਿੱਚ ਸੁੱਖ ਤੇ ਸ਼ਾਂਤੀ ਦਾ ਮਾਹੌਲ ਬਣਾਈ ਰੱਖਿਆ, ਉਥੇ ਗੁਰੂ ਘਰ ਦੀਆਂ ਲੋਕ ਸੇਵਾ ਦੀਆਂ ਪਰੰਪਰਾਵਾਂ ਨੂੰ ਵੀ ਹਰ ਸੰਕਟ ਦੇ ਸਮੇਂ ਵਿੱਚ ਕਾਇਮ ਰੱਖਿਆ। ਭਾਵੇਂ ਦਿੱਲੀ ਆ ਕੇ ਕਈ ਮੁਸ਼ਕਲਾਂ ਸਾਹਮਣੇ ਸਨ ਪਰ ਉਹਨਾਂ ਨੇ ਚਾਰ ਚਫੇਰੇ ਮੁਸਲਮਾਨੀ ਵਸੋਂ ਦੇ ਵਿਚਕਾਰ ਰਹਿ ਕੇ ਵੀ ਗੁਰੂ-ਘਰ ਵਿੱਚ ਸਵੇਰੇ-ਸ਼ਾਮ ਕੀਰਤਨ ਤੇ ਪਾਠ ਦੇ ਨਿਤਨੇਮ ਨੂੰ ਜਾਰੀ ਰੱਖਿਆ, ਉਥੇ ਲੰਗਰ ਵੀ ਨਿੱਤ ਚਲਦਾ ਰੱਖਿਆ। ਆਪ ਲੰਗਰ ਦੀ ਸੇਵਾ ਕਰਨੀ, ਦੂਰ ਦੁਰਾਡੇ ਦੀ ਸਿੱਖ ਸੰਗਤ ਨੂੰ ਲੰਗਰ ਦੀ ਸੇਵਾ ਲਈ ਪ੍ਰੇਰਨਾ ਕਰਨੀ ਦਸਦੀ ਹੈ ਕਿ ਮਾਤਾ ਜੀ ਗੁਰੂ ਘਰ ਦੀ ਮਰਿਆਦਾ ਤੇ ਪਰੰਪਰਾ ਨੂੰ ਆਪਣੇ ਅੰਤਮ ਸਵਾਸਾਂ ਤੱਕ ਜਾਰੀ ਰੱਖਣ ਵਿੱਚ ਸਫ਼ਲ ਹੋਏ।

3. ਦਸਵੀਂ ਨਾਨਕ-ਜੋਤ, ਗੁਰੂ ਗੋਬਿੰਦ ਸਿੰਘ ਜੀ ਦੇ ਪਿਛੋਂ 39 ਸਾਲ ਮਾਤਾ ਸੁੰਦਰੀ ਜੀ ਨੇ ਖ਼ਾਲਸਾ ਪੰਥ ਦੀ ਸੁਚੱਜੀ ਅਗਵਾਈ ਕੀਤੀ। ਅਤਿ ਔਖੇ ਵੇਲਿਆਂ ਤੇ ਪੰਥਕ ਸੰਕਟ ਨੂੰ ਹਲ ਕੀਤਾ। ਜਦੋਂ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਬਾਰੇ ਤੱਤ ਖ਼ਾਲਸੇ ਤੇ ਬੰਦਈ ਖ਼ਾਲਸੇ ਵਿਚਕਾਰ ਝਗੜਾ ਚਲ ਪਿਆ ਤੇ ਖ਼ੂਨ ਖ਼ਰਾਬੇ ਤੱਕ ਨੌਬਤ ਆ ਗਈ ਤਾਂ ਸਿੱਖ ਜਗਤ ਨੇ ਮਾਤਾ ਸੁੰਦਰ ਕੌਰ ਜੀ ਨੂੰ ਮਸਲਾ ਹੱਲ ਕਰਨ ਲਈ ਥਾਂ-ਥਾਂ ਤੋਂ ਬੇਨਤੀ ਕਰ ਭੇਜੀ, ਮਾਤਾ ਸੁੰਦਰ ਕੌਰ ਜੀ ਨੇ ਭਾਈ ਮਨੀ ਸਿੰਘ ਨੂੰ ਸ੍ਰੀ ਦਰਬਾਰ ਸਾਹਿਬ ਦਾ ਹੈਡ ਗ੍ਰੰਥੀ ਥਾਪ ਕੇ ਅੰਮ੍ਰਿਤਸਰ ਭੇਜ ਦਿੱਤਾ। ਤੱਤ ਖ਼ਾਲਸਾ ਤੇ ਬੰਦਈ ਖ਼ਾਲਸੇ ਨੂੰ ਆਦੇਸ਼ ਦਿੱਤਾ ਕਿ ਉਹ ਭਾਈ ਮਨੀ ਸਿੰਘ ਨੂੰ ਸਾਲਸ ਮਿੱਥ ਲੈਣ ਤੇ ਇਨ੍ਹਾਂ ਰਾਹੀਂ ਝਗੜਾ ਨਬੇੜ ਲੈਣ। ਪੰਥ ਵਿੱਚ ਮਾਤਾ ਸੁੰਦਰੀ ਜੀ ਦਾ ਇਤਨਾ ਸਤਿਕਾਰ ਤੇ ਸਨਮਾਨ ਸੀ ਕਿ ਉਹਨਾਂ ਦਾ ਹੁਕਮ ਕੋਈ ਵੀ ਨਹੀਂ ਸੀ ਟਾਲ ਸਕਦਾ। ਸਭ ਨੂੰ ਵਿਸ਼ਵਾਸ ਸੀ ਕਿ ਮਾਤਾ ਜੀ ਪੱਖਪਾਤ ਦੀ ਗੱਲ ਨਹੀਂ ਕਰ ਸਕਦੇ ਤੇ ਉਹਨਾਂ ਤੋਂ ਹਰ ਕਿਸੇ ਨੂੰ ਨਿਆਂ ਮਿਲੇਗਾ। ਭਾਈ ਮਨੀ ਸਿੰਘ ਜੀ ਨੇ ਅੰਮ੍ਰਿਤਸਰ ਜਾ ਕੇ ਸੱਚਮੁਚ ਝਗੜਾ ਮੁਕਾ ਦਿੱਤਾ ਤੇ ਮਾਤਾ ਜੀ ਦੀ ਆਗਿਆ ਅਨੁਸਾਰ ਪੱਕੇ ਤੌਰ ਤੇ ਅੰਮ੍ਰਿਤਸਰ ਵਿੱਚ ਹੀ ਟਿਕ ਗਏ।

4. ਗੁਰੂ ਗੋਬਿੰਦ ਸਿੰਘ ਜੀ ਨੇ ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ), ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਨਵੇਂ ਸਿਰਿਉਂ ਲਿਖਾਈ ਕਰਵਾਈ ਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਸ਼ਾਮਲ ਕੀਤਾ, ਉਥੇ ਪਹਿਲਾ ਗੁਰਮਤ ਵਿਦਿਆਲਾ ਵੀ ਸ਼ੁਰੂ ਕੀਤਾ ਤੇ ਗੁਰਬਾਣੀ ਦੇ ਅਰਥ ਸਮਝਾਏ। ਅਗੋਂ ਇਸ ਦਮਦਮੀ ਟਕਸਾਲ ਦਾ ਪਹਿਲਾ ਮੁਖੀਆ ਬਾਬਾ ਦੀਪ ਸਿੰਘ ਜੀ ਨੂੰ ਨਿਯੁਕਤ ਕੀਤਾ। ਦਮਦਮੀ ਟਕਸਾਲ ਦੀ ਅਰਥ

ਪ੍ਰਣਾਲੀ ਹੁਣ ਤੱਕ ਨਿਰੰਤਰ ਚਲ ਰਹੀ ਹੈ। ਮਾਤਾ ਸੁੰਦਰੀ ਜੀ ਨੇ ਦੂਜੀ ਟਕਸਾਲ ਸ੍ਰੀ ਅੰਮ੍ਰਿਤਸਰ ਵਿੱਚ ਖੋਹਲਣ ਦਾ ਆਦੇਸ਼ ਦਿੱਤਾ ਤੇ ਭਾਈ ਮਨੀ ਸਿੰਘ ਜੀ ਨੂੰ ਇਸ ਦਾ ਮੁਖੀਆ ਥਾਪਿਆ। ਇਸ ਤਰ੍ਹਾਂ ਗੁਰਮਤਿ ਦੀ ਪੜ੍ਹਾਈ ਦੇ ਇਕ ਦੀ ਥਾਂ ਦੋ ਵਿਸ਼ਵ-ਵਿਦਿਆਲੇ ਬਣ ਗਏ। ਮਾਤਾ ਸੁੰਦਰ ਕੌਰ ਜੀ ਦੀ ਵਿਉਂਤ ਅਨੁਸਾਰ ਅੰਮ੍ਰਿਤਸਰ ਵਿੱਚ ਚਲੀ ਟਕਸਾਲ ਹੁਣ ਤੱਕ ਕਾਇਮ ਹੈ ਤੇ ਗਲੀ ਸਤੋਵਾਲੀ ਵਿੱਚ ਉਹ ਕਾਰਜ ਚਲ ਰਿਹਾ ਹੈ, ਪੜ੍ਹਾਈ ਹੋ ਰਹੀ ਹੈ।

5. ਮਾਤਾ ਸੁੰਦਰ ਕੌਰ ਜੀ ਦਾ ਇਕ ਹੋਰ ਮਹਾਨ ਕੰਮ ਗੁਰੂ ਗੋਬਿੰਦ ਸਿੰਘ ਜੀ ਦੀ ਸਾਰੀ ਰਚਨਾ ਨੂੰ ਇਕੱਤਰ ਕਰਕੇ ਦਸਮ ਗ੍ਰੰਥ ਦੀ ਤਿਆਰੀ ਕਰਵਾਣਾ ਹੈ। ਦਸਵੇਂ ਪਾਤਸ਼ਾਹ ਨੇ ਆਪ ਬਹੁਤ ਸਾਰੀ ਬਾਣੀ ਉਚਾਰੀ। ਬਹੁਤ ਸਾਰੇ ਕਵੀਆਂ ਤੇ ਸਾਹਿਤਕਾਰਾਂ ਤੋਂ ਮੌਲਿਕ ਰਚਨਾਵਾਂ ਲਿਖਵਾਈਆਂ ਤੇ ਅਨੁਵਾਦ ਕਰਾਏ। ਕਿਤਨੇ ਵੱਡੇ ਅਕਾਰ ਦੇ ਕਾਗਜ਼ਾਂ ਤੇ ਇਹ ਲਿਖਾਈ ਹੋਈ ਕਿ ਤੋਲਣ ਤੇ ਵਜ਼ਨ 9 ਮਣ ਹੋ ਗਿਆ ਸੀ। ਜਦੋਂ ਜੁਗ-ਗਰਦੀ ਮੱਚੀ ਤੇ ਗੁਰੂ ਸਾਹਿਬ ਨੂੰ ਅਨੰਦਪੁਰ ਛੱਡਣਾ ਪਿਆ ਤਾਂ ਸਰਸਾ ਨਦੀ ਪਾਰ ਕਰਦਿਆਂ ਇਹ ਸਾਹਿਤ ਦਾ ਅਮੋਲਕ ਖ਼ਜ਼ਾਨਾ ਜਲਪ੍ਰਵਾਹ ਹੋ ਗਿਆ। ਮਾਤਾ ਸੁੰਦਰੀ ਜੀ ਨੂੰ ਪਤਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਤੇ ਹੋਰ ਸਾਹਿਤਕ ਰਚਨਾਵਾਂ ਸ਼ਰਧਾਲੂ ਸਿੱਖ ਕਾਪੀ ਕਰਕੇ ਹੱਥ ਲਿਖਤਾਂ ਨਾਲ ਲੈ ਜਾਂਦੇ ਸਨ। ਇਸ ਲਈ ਮਾਤਾ ਜੀ ਨੇ ਸਿੱਖ ਸੰਗਤਾਂ ਨੂੰ ਹਰ ਪਾਸੇ ਸੁਨੇਹਾ ਭੇਜਿਆ ਕਿ ਉਹ ਦਸਵੀਂ ਨਾਨਕ-ਜੋਤ ਦੀ ਬਾਣੀ ਦੇ ਉਤਾਰੇ ਤੁਰੰਤ ਉਨ੍ਹਾਂ ਨੂੰ ਭੇਜਣ। ਭਾਈ ਮਨੀ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਫ਼ਾਰਸੀ ਤੇ ਸੰਸਕ੍ਰਿਤ ਪੜ੍ਹਦੇ ਰਹੇ ਸਨ ਤੇ ਪਿਛੋਂ ਸਾਹਿਤ ਸਿਰਜਨਾ ਦੇ ਸਮੇਂ ਵੀ ਨਾਲ ਸਨ। ਇਸ ਲਈ ਇਨ੍ਹਾਂ ਦੀ ਸੇਵਾ ਮਾਤਾ ਸੁੰਦਰ ਕੌਰ ਜੀ ਨੇ ਇਹ ਵੀ ਲਾਈ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਥਾਂ ਥਾਂ ਤੋਂ ਲੱਭ ਕੇ ਦਿੱਲੀ ਭੇਜਣ। ਪਹਿਲਾਂ ਹਰ ਲਭੀ ਰਚਨਾ ਦੀ ਘੋਖ ਭਾਈ ਮਨੀ ਸਿੰਘ ਕਰਦੇ ਤੇ ਫਿਰ ਮਾਤਾ ਜੀ ਨੂੰ ਦਿੱਲੀ ਭੇਜ ਦਿੰਦੇ ਰਹੇ। ਮਾਤਾ ਜੀ ਨੇ ਦਿੱਲੀ ਵਿੱਚ ਵੀ ਸਿੱਖ ਵਿਦਵਾਨ ਇਸ ਕਾਰਜ ਲਈ ਨਿਯੁਕਤ ਕੀਤੇ ਹੋਏ ਸਨ। ਹਰ ਮਿਲੀ ਰਚਨਾ ਦੇ ਠੀਕ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੋਣ ਦੀ ਮੋਹਰ ਵੀ ਮਾਤਾ ਸੁੰਦਰ ਕੌਰ ਜੀ ਆਪ ਲਾਂਦੇ ਸਨ। ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿੱਚ ਲਿਖਿਆ ਹੈ ਕਿ ਮਾਤਾ ਸੁੰਦਰ ਕੌਰ ਜੀ ਨੇ ਜੋ ਸਭ ਤੋਂ ਵੱਧ ਮਹੱਤਵ ਪੂਰਨ ਕਾਰਜ ਕੀਤਾ, ਉਹ ਸੀ ਦਸਵੇਂ ਗੁਰੂ ਦੀਆਂ ਰਚਨਾਵਾਂ ਨੂੰ ਲਭਵਾ ਕੇ ਦਸਮ ਗ੍ਰੰਥ ਦਾ ਸੰਪਾਦਨ ਕਰਾਉਣਾ। ਇਹ ਕੰਮ ਬਹੁਤ ਮੁਸ਼ਕਲ ਸੀ, ਪਰ ਮਾਤਾ ਜੀ ਦੀ ਪ੍ਰੇਰਨਾ, ਉੱਦਮ ਤੇ ਉਤਸ਼ਾਹ ਨਾਲ ਨੇਪਰੇ ਚੜ੍ਹ ਗਿਆ।

ਭਾਈ ਮਨੀ ਸਿੰਘ ਜੀ ਦੀਆਂ ਮਾਤਾ ਸੁੰਦਰੀ ਜੀ ਦੇ ਨਾਮ ਅੰਮ੍ਰਿਤਸਰ ਤੋਂ ਲਿਖੀਆਂ ਚਿੱਠੀਆਂ ਵਿੱਚ ਸਾਫ਼ ਲਿਖਿਆ ਹੈ ਕਿ ਫਲਾਂ ਦੀ ਰਚਨਾ ਮਿਲ ਗਈ ਹੈ ਤੇ ਉਹ ਮੈਂ ਭੇ ਜ ਰਿਹਾ ਹਾਂ, ਫਲਾਂ ਰਚਨਾ ਅਜੇ ਨਹੀਂ ਲੱਭੀ। ਇਹ ਵੀ ਸੰਕੇਤ ਮਿਲਦੇ ਹਨ ਕਿ ਭਾਈ ਮਨੀ ਸਿੰਘ ਹਰ ਲੱਭੀ ਰਚਨਾ ਦਾ ਆਪ ਪਹਿਲਾਂ ਉਤਾਰਾ ਕਰਕੇ ਰੱਖ ਲੈਂਦੇ ਸਨ ਤੇ ਦਿੱਲੀ ਵਿੱਚ ਵੀ ਮਾਤਾ ਜੀ ਨੇ ਸ. ਝੰਡਾ ਸਿੰਘ ਤੇ ਹੋਰ ਕਈ ਵਿਦਵਾਨਾਂ ਨੂੰ ਇਹਨਾਂ ਦੇ ਹੋਰ ਉਤਾਰੇ ਤੇ ਕਾਪੀਆਂ ਲਿਖਣ ਦਾ ਕੰਮ ਸੌਂਪਿਆ ਹੋਇਆ ਸੀ।

6. ਗੁਰੂ ਗੋਬਿੰਦ ਸਿੰਘ ਜੀ ਨੇ 7 ਅਕਤੂਬਰ 1708 ਈ. ਨੂੰ ਜੋਤੀ ਜੋਤ ਸਮਾਣ ਤੋਂ ਪਹਿਲਾਂ ਇਕ ਹੁਕਮ ਰਾਹੀਂ ਸ਼ਖ਼ਸੀ ਗੁਰਿਆਈ ਦਾ ਖ਼ਾਤਮਾ ਕਰ ਦਿੱਤਾ ਤੇ ਪੰਥ ਖ਼ਾਲਸੇ

ਨੂੰ ਗੁਰੂ ਗ੍ਰੰਥ ਦੇ ਲੜ ਲਾਇਆ, ਆਪ ਦਾ ਫ਼ੁਰਮਾਨ ਇਉਂ ਸੀ :-

ਆਗਿਆ ਭਈ ਅਕਾਲ ਕੀ, ਤਬੈ ਚਲਾਇਓ ਪੰਥ॥
ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥
ਗੁਰੂ ਗ੍ਰੰਥ ਜੀ ਮਾਨਓ, ਪ੍ਰਗਟ ਗੁਰਾਂ ਕੀ ਦੇਹਿ॥
ਜੋ ਪ੍ਰਭ ਕਉ ਮਿਲਬੋ ਚਹੈ, ਖੋਜ ਸਬਦ ਮਹਿ ਲੇਹਿ॥

ਇਸ ਸਪੱਸ਼ਟ ਹੁਕਮ ਦੇ ਬਾਵਜੂਦ ਕਈਆਂ ਨੇ ਯਤਨ ਕੀਤਾ ਕਿ ਸਿੱਖ ਸੰਗਤਾਂ ਉਹਨਾਂ ਨੂੰ ਗਿਆਰਵਾਂ ਗੁਰੂ ਮੰਨ ਲੈਣ। ਇਹਨਾਂ ਵਿੱਚ ਸੋਢੀ ਗੁਲਾਬ ਰਾਇ, ਬਾਬਾ ਅਜਾਪਾਲ ਸਿੰਘ ਤੇ ਮਾਤਾ ਸੁੰਦਰ ਕੌਰ ਜੀ ਦਾ ਦਿੱਲੀ 'ਚ ਬਣਾਇਆ ਮੁਤਬੰਨਾ ਪੁੱਤਰ ਅਜੀਤ ਸਿੰਘ ਵੀ ਸ਼ਾਮਿਲ ਸੀ। ਇਨ੍ਹਾਂ ਨੇ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਜਾਨਸ਼ੀਨ ਵੀ ਮੰਨਿਆ ਤੇ ਗੁਰੂ ਅਖਵਾਣ ਲਗੇ, ਪਰ ਸਭ ਦੇ ਗੁਰੂ ਬਣਨ ਦੇ ਯਤਨ ਮਾਤਾ ਸੁੰਦਰੀ ਜੀ ਦੀ ਸਿਆਣਪ ਤੇ ਯੋਗ ਅਗਵਾਈ ਨਾਲ ਫੇਲ੍ਹ ਹੋ ਗਏ। ਮਾਤਾ ਸੁੰਦਰ ਕੌਰ ਜੀ ਨੇ ਆਪਣੇ ਲੈ-ਪਾਲਕ ਪੁੱਤਰ ਦੇ ਇਸ ਆਪ-ਹੁਦਰੇਪਨ ਦੀ ਨਿੰਦਾ ਕੀਤੀ ਤੇ ਉਹਨੂੰ ਕਦੇ ਨਾ ਮੱਥੇ ਲੱਗਣ ਲਈ ਹੁਕਮ ਕੀਤਾ। ਜਦ ਵੀ ਕਿਸੇ ਥਾਂ ਦੀ ਸਿੱਖ ਸੰਗਤ ਗੁਰਿਆਈ ਬਾਰੇ ਸਪੱਸ਼ਟਤਾ ਲਈ ਮਾਤਾ ਸੁੰਦਰ ਕੌਰ ਪਾਸ ਆਈ ਤਾਂ ਉਨ੍ਹਾਂ ਆਖਿਆ ਕਿ ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਜ਼ਾਹਰਾ ਜ਼ਹੂਰ ਤੇ ਗੁਰਗੱਦੀ ਦੇ ਮਾਲਕ ਗੁਰੂ ਗ੍ਰੰਥ ਸਾਹਿਬ ਹਨ, ਕੋਈ ਪੰਜ ਭੂਤਕ ਸਰੀਰ ਵਾਲਾ ਸਿੱਖਾਂ ਦਾ ਹੁਣ ਗੁਰੂ ਨਹੀਂ ਹੋ ਸਕਦਾ। ਮਾਤਾ ਜੀ ਨੇ ਦਸਮ ਪਾਤਸ਼ਾਹ ਦੇ ਇਸ ਹੁਕਮ ਨੂੰ ਹਰ ਥਾਂ ਪਰਚਾਰਿਆ, ਚਿੱਠੀਆਂ ਲਿਖੀਆਂ ਤੇ ਮਿਲਣ ਆਇਆਂ ਨੂੰ ਦਸਿਆ ਕਿ ਦਸਮ ਪਾਤਸ਼ਾਹ ਦਾ ਖ਼ਾਲਸੇ ਲਈ ਹੁਕਮ ਹੈ—ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖ਼ਾਲਸੇ ਕਾ। ਮਾਤਾ ਸੁੰਦਰ ਕੌਰ ਜੀ ਦੇ ਸਪੱਸ਼ਟ ਸਟੈਂਡ ਲੈਣ ਤੇ ਠੀਕ ਗੱਲ ਹਰ ਕਿਸੇ ਤੱਕ ਪਹੁੰਚਾਣ ਦਾ ਨਤੀਜਾ ਇਹ ਹੋਇਆ ਕਿ ਕੋਈ ਵੀ ਮਨੁੱਖ, ਸਥਿਤੀ ਦਾ ਅਯੋਗ ਲਾਭ ਲੈ ਕੇ ਆਪਣੇ ਆਪ ਨੂੰ ਗੁਰੂ ਨਾ ਮੰਨਵਾ ਸਕਿਆ। ਮਾਤਾ ਜੀ ਦਾ ਇਹ ਯੋਗਦਾਨ ਸਿੱਖ ਧਰਮ ਵਿੱਚ ਏਕਤਾ ਬਣਾਈ ਰੱਖਣ ਲਈ ਮਹਾਨ ਕਾਰਜ ਸੀ।

ਬੰਦਾ ਸਿੰਘ ਬਹਾਦਰ ਦੀ ਗ੍ਰਿਫਤਾਰੀ ਤੇ ਸ਼ਹੀਦੀ ਮਗਰੋਂ ਜ਼ੁਲਮ ਦਾ ਚੱਕਰ ਤੇਜ਼ ਹੋ ਗਿਆ। ਸਿੱਖਾਂ ਵਿੱਚ ਚਿੰਤਾ ਦੀ ਲਹਿਰ ਵਧ ਗਈ। ਬਾਦਸ਼ਾਹ ਫ਼ਰਖ਼ਸੀਅਰ ਨੇ ਹੁਕਮ ਦੇ ਦਿੱਤਾ ਕਿ ਕੋਈ ਹਿੰਦੂ ਦਾਹੜੀ ਨਾ ਰੱਖੇ ਨਹੀਂ ਤੇ ਸਿੱਖ ਸਮਝ ਕੇ ਕਤਲ ਕਰ ਦਿੱਤਾ ਜਾਏਗਾ। ਪੰਜਾਬ ਵਿੱਚ ਜੋ ਹਾਲਾਤ ਸੀ ਉਸ ਬਾਰੇ ਭਾਈ ਮਨੀ ਸਿੰਘ ਜੀ ਨੇ ਮਾਤਾ ਸੁੰਦਰੀ ਜੀ ਨੂੰ ਲਿਖੀ ਇਕ ਚਿੱਠੀ ਵਿੱਚ ਇਉਂ ਜ਼ਿਕਰ ਕੀਤਾ ਹੈ : **"ਦੇਸ ਵਿੱਚ ਖ਼ਾਲਸੇ ਦਾ ਬਲੁ ਛੂਟਿ ਗਇਆ ਹੈ। ਸਿੰਘ ਪਰਬਤਾਂ ਬਬਾਨਾਂ ਵਿਚ ਜਾਇ ਬਸੇ ਹੈਨ। ਮਲੇਛੋਂ ਕੀ ਦੇਸ ਮੈਂ ਦੋਹੀ ਹੈ। ਬਸਤੀ ਮੇ ਬਾਲਕ ਜੁਵਾ ਇਸਤਰੀ ਸਲਾਮਤੁ ਨਾਹੀ ਮੁਛ ਮੁਛ ਕਰਿ ਮਾਰਦੇ ਹੈਨ। ਗੁਰੂ ਦਰੋਹੀ ਬੀ ਉਨਾਂ ਦੇ ਸੰਗੁ ਮਿਲ ਗਏ ਹੈਨ। ਹੰਦਾਲੀਏ ਮਿਲਿ ਕਰਿ ਮੁਕਬਰੀ ਕਰਦੇ ਹੈਨ। ਸਬੀ ਚਕੁ ਛੋੜ ਗਏ ਹੈਨ। ਮੁਤਸਦੀ ਭਾਗ ਗਏ ਹੈਨ। ਸਾਡੇ ਪਰ ਅਬੀ ਤੇ ਅਕਾਲ ਕੀ ਰੱਛਾ ਹੈ।"** (ਮਿਤੀ ਵੈਸਾਖ 22, ਦਸਖਤ ਮਨੀ ਸਿੰਘ। ਗੁਰੁ ਚਕੁ ਬੁੰਗਾ॥)

ਅਨੁਮਾਨ ਲਾਇਆ ਜਾ ਸਕਦਾ ਹੈ ਕਿ ਅਜੇਹੀ ਅਤਿਆਚਾਰੀ ਹਨੇਰੀ ਵਿੱਚ ਕਿਸ ਤਰ੍ਹਾਂ ਕੋਈ ਸਿੱਖ ਧਰਮ ਦਾ ਝੰਡਾ ਚੁੱਕ ਕੇ ਤੁਰ ਸਕਦਾ ਸੀ, ਪਰ ਮਾਤਾ ਸੁੰਦਰ ਕੌਰ ਜੀ ਨੇ ਲੁਕ ਛਿਪ ਕੇ ਨਹੀਂ, ਪ੍ਰਗਟ ਰੂਪ ਵਿੱਚ ਡੰਕੇ ਦੀ ਚੋਟ ਤੇ ਸਿੱਖ ਧਰਮ ਲਹਿਰ ਦੀ ਦਿੱਲੀ

ਵਿੱਚ ਬੈਠ ਕੇ ਅਗਵਾਈ ਕੀਤੀ। ਜਦ ਕਦੇ ਵੀ ਹਕੂਮਤ ਨੇ ਮਾਤਾ ਜੀ ਅਗੇ ਕੋਈ ਪ੍ਰਸਤਾਵ ਜਾਂ ਸੁਝਾਅ ਪੇਸ਼ ਕੀਤਾ, ਨਿੱਡਰ ਤੇ ਦਲੇਰ ਮਾਤਾ ਘਬਰਾਈ ਨਹੀਂ, ਡੋਲੀ ਨਹੀਂ ਸਗੋਂ ਪੂਰੇ ਜੋਸ਼, ਹੋਸ਼, ਪ੍ਰਚੰਡ ਰੋਹ ਤੇ ਅਣਖੀਲਿਆਂ ਵਾਂਗ ਉਤਰ ਦਿੱਤਾ। ਸਿੱਖ ਜਗਤ ਨੂੰ ਚੜ੍ਹਦੀ ਕਲਾ ਵਿੱਚ ਰਹਿ ਕੇ ਚੁਣੌਤੀਆਂ ਦਾ ਟਾਕਰਾ ਕਰਨ ਲਈ ਵੰਗਾਰਿਆ ਤੇ ਤਿਆਰ ਰੱਖਿਆ।

8. ਅਠ੍ਹਾਰਵੀਂ ਸਦੀ ਦੇ ਅੱਧ ਵਿੱਚ ਪੰਜਾਬ ਦੀਆਂ 12 ਸਿੱਖ ਮਿਸਲਾਂ ਨੂੰ ਮਿਲਾ ਕੇ ਜਦ ਦਲ ਖ਼ਾਲਸਾ ਕਾਇਮ ਹੋਇਆ ਤਾਂ ਉਸ ਦਾ ਪਹਿਲਾ ਮੁੱਖ ਸੈਨਾਪਤੀ ਸ. ਜੱਸਾ ਸਿੰਘ ਆਹਲੂਵਾਲੀਆ ਨੂੰ ਬਣਾਇਆ ਗਿਆ। ਪੰਥ ਦਾ ਇਹ ਜਰਨੈਲ ਵੀ ਮਾਤਾ ਸੁੰਦਰੀ ਜੀ ਨੇ ਪਾਲ ਪੋਸ ਕੇ ਪੰਥ ਦੀ ਸੇਵਾ ਲਈ ਦਿੱਲੀ ਤੋਂ ਹੀ ਭੇਜਿਆ ਸੀ। ਜੱਸਾ ਸਿੰਘ ਦਾ ਜਨਮ ਪਿੰਡ ਆਹਲੂ, ਜ਼ਿਲ੍ਹਾ ਲਾਹੌਰ ਵਿੱਚ ਸ. ਬਦਰ ਸਿੰਘ ਦੇ ਘਰ ਸੁਖਣਾ ਸੁਖਣ ਤੇ ਦਸਮੇਸ਼ ਗੁਰੂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਹੋਇਆ ਸੀ। ਪੰਜ ਸਾਲਾਂ ਦਾ ਜੱਸਾ ਸਿੰਘ ਸੀ ਜਦੋਂ ਪਿਤਾ ਚਲ ਵਸੇ। ਮਾਂ ਨੇ ਸਮਝਿਆ ਕਿ ਅਸੀਂ ਸੁਖਣਾ ਨਹੀਂ ਲਾਹੀ ਜਿਸ ਲਈ ਬਿਪਤਾ ਆਈ ਹੈ। ਉਹ ਪੁੱਤਰ ਨੂੰ ਲੈ ਕੇ ਦਿੱਲੀ ਮਾਤਾ ਸੁੰਦਰ ਕੌਰ ਜੀ ਪਾਸ ਆਏ। ਥੋੜ੍ਹੇ ਦਿਨਾਂ ਵਿੱਚ ਹੀ ਬਾਲਕ ਜੱਸਾ ਸਿੰਘ ਦਾ ਮਾਤਾ ਸੁੰਦਰੀ ਨਾਲ ਇਤਨਾ ਪਿਆਰ ਪੈ ਗਿਆ ਕਿ ਮਾਤਾ ਜੀ ਨੇ ਬਾਲਕ ਨੂੰ ਕੋਲ ਰੱਖਣ ਦੀ ਇੱਛਾ ਪ੍ਰਗਟ ਕੀਤੀ ਤੇ ਮਾਂ ਧੰਨ ਭਾਗ ਸਮਝ ਕੇ ਜੱਸਾ ਸਿੰਘ ਨੂੰ ਦਿੱਲੀ ਮਾਤਾ ਸੁੰਦਰ ਕੌਰ ਜੀ ਪਾਸ ਹੀ ਛੱਡ ਗਏ। ਮਾਤਾ ਜੀ ਨੇ ਜੱਸਾ ਸਿੰਘ ਨੂੰ ਹਰ ਤਰ੍ਹਾਂ ਦੀ ਵਿਦਿਆ ਦੁਆ ਕੇ ਇਕ ਪੂਰਨ ਸੰਤ-ਸਿਪਾਹੀ ਦੇ ਰੂਪ ਵਿੱਚ ਤਿਆਰ ਕਰ ਲਿਆ। ਜਦ ਜੱਸਾ ਸਿੰਘ ਜਵਾਨ ਹੋਇਆ ਤਾਂ ਖ਼ਾਲਸਾ ਪੰਥ ਦੀ ਸੇਵਾ ਲਈ ਹੋਰ ਨਿਪੁੰਨ ਬਣਨ ਲਈ ਨਵਾਬ ਕਪੂਰ ਸਿੰਘ ਜੀ ਪਾਸ ਭੇਜ ਦਿੱਤਾ। ਤੁਰਨ ਲੱਗਿਆਂ ਮਾਤਾ ਜੀ ਨੇ ਇਕ ਢਾਲ, ਤਲਵਾਰ, ਕਮਾਨ, ਗੁਰੂ ਗੋਬਿੰਦ ਸਿੰਘ ਜੀ ਦਾ ਤੀਰਾਂ ਦਾ ਭੱਥਾ ਤੇ ਇਕ ਸੁਨਹਿਰੀ ਪੁਸ਼ਾਕ ਜੱਸਾ ਸਿੰਘ ਨੂੰ ਦਿੱਤੀ। ਨਵਾਬ ਕਪੂਰ ਸਿੰਘ ਦੇ ਨਾਮ ਜਿਹੜੀ ਚਿੱਠੀ ਦਿੱਤੀ ਉਸ ਵਿੱਚ ਲਿਖਿਆ ਸੀ ਕਿ ਇਹਨੂੰ ਸਾਡਾ ਪੁੱਤਰ ਜਾਣ ਕੇ ਸਾਰੇ ਖ਼ਾਲਸਾਈ ਗੁਣਾਂ ਵਿੱਚ ਨਿਪੁੰਨ ਕਰ ਦਿਉ।

ਇਹੀ ਸ. ਜੱਸਾ ਸਿੰਘ ਆਹਲੂਵਾਲੀਆ ਪੰਥ ਦਾ ਸ਼੍ਰੋਮਣੀ ਜਰਨੈਲ ਬਣਿਆ ਤੇ ਸਿੱਖਾਂ ਨੇ ਇਕ ਦਿਨ ਇਹਨੂੰ ਬਾਦਸ਼ਾਹ ਬਣਾ ਦਿੱਤਾ। ਮਾਤਾ ਸੁੰਦਰੀ ਜੀ ਦੀ ਇਹ ਪੰਥ ਦੇ ਇਤਿਹਾਸ ਵਿੱਚ ਇਕ ਹੋਰ ਵੱਡੀ ਦੇਣ ਸੀ।

9. ਸਮੇਂ ਦੇ ਜ਼ਾਲਮ ਹਾਕਮਾਂ ਨੇ 24 ਜੂਨ 1734 ਈ. ਨੂੰ ਭਾਈ ਮਨੀ ਸਿੰਘ ਜੀ ਨੂੰ ਗ੍ਰਿਫ਼ਤਾਰ ਕਰਕੇ ਬੰਦ-ਬੰਦ ਕਟ ਕੇ ਸ਼ਹੀਦ ਕਰ ਦਿੱਤਾ। ਇਹ ਮਾਤਾ ਸੁੰਦਰ ਕੌਰ ਜੀ ਦੇ ਸਭ ਤੋਂ ਵਧੇ ਨਿਕਟਵਰਤੀ ਤੇ ਸਹਿਯੋਗੀ ਸਨ। 1704 ਈ. ਤੱਕ ਗੁਰੂ ਗੋਬਿੰਦ ਸਿੰਘ ਜੀ ਪਾਸ ਰਹੇ ਸਨ ਤੇ ਪਿਛੋਂ ਮਾਤਾ ਸੁੰਦਰੀ ਜੀ ਨਾਲ ਦਿੱਲੀ ਆਏ ਸਨ। ਮਾਤਾ ਜੀ ਨੇ ਹੀ ਇਹਨਾਂ ਨੂੰ ਸ੍ਰੀ ਦਰਬਾਰ ਸਾਹਿਬ ਦਾ ਮੁੱਖ ਗ੍ਰੰਥੀ ਨਿਯੁਕਤ ਕਰਕੇ ਭੇਜਿਆ ਸੀ। ਮਾਤਾ ਜੀ ਦੇ ਆਦੇਸ਼ ਅਨੁਸਾਰ ਹੀ ਅੰਮ੍ਰਿਤਸਰ ਵਿੱਚ ਗੁਰਮਤਿ ਦੀ ਟਕਸਾਲ ਸ਼ੁਰੂ ਹੋਈ। ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਨੂੰ ਮਾਤਾ ਸੁੰਦਰ ਕੌਰ ਜੀ ਨੇ ਬਹੁਤ ਮਹਿਸੂਸ ਕੀਤਾ ਤੇ ਨਵਾਬ ਕਪੂਰ ਸਿੰਘ ਜੀ ਨੂੰ ਲਿਖਿਆ ਕਿ ਭਾਈ ਮਨੀ ਸਿੰਘ ਨੂੰ ਸ਼ਹੀਦ ਕਰਨ ਵਾਲੇ ਹਤਿਆਰਿਆਂ ਵਿਰੁੱਧ ਕਰੜੀ ਕਾਰਵਾਈ ਕੀਤੀ ਜਾਏ। ਮਾਤਾ ਸੁੰਦਰ ਕੌਰ ਜੀ ਦੀ ਭਾਵਨਾ ਨੂੰ ਸਮਝਦਿਆਂ ਭਾਈ ਮਨੀ ਸਿੰਘ ਜੀ ਦੇ ਭਤੀਜੇ, ਭਾਈ ਅਘੜ ਸਿੰਘ ਨੇ ਅੰਮ੍ਰਿਤਸਰ ਦੇ ਹਾਕਮ ਅਬਦੁਲ

ਰੱਜ਼ਾਕ ਤੇ ਉਸ ਕਾਜ਼ੀ ਨੂੰ ਕਤਲ ਕਰਕੇ ਬਦਲਾ ਲੈ ਲਿਆ। ਭਾਈ ਮਨੀ ਸਿੰਘ ਦੀ ਸ਼ਹੀਦੀ ਲਈ ਦੂਜੇ ਸਾਰੇ ਜ਼ਿੰਮੇਵਾਰ ਸਰਕਾਰੀ ਮੁਖੀਆਂ ਨੂੰ ਇਕ ਇਕ ਕਰਕੇ ਨਵਾਬ ਕਪੂਰ ਸਿੰਘ ਨੇ ਖ਼ਤਮ ਕਰ ਦਿੱਤਾ। ਮਾਤਾ ਸੁੰਦਰ ਕੌਰ ਜੀ ਨੇ ਇਸ ਸੰਕਟ ਸਮੇਂ ਅਤਿ ਹੌਂਸਲੇ ਦਾ ਪ੍ਰਦਰਸ਼ਨ ਕੀਤਾ ਤੇ ਸਾਰੇ ਸਿੱਖ ਜਗਤ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਲਈ ਉਪਰਾਲੇ ਕੀਤੇ। ਵਿਚਾਰ-ਲੜੀ ਨੂੰ ਸੀਮਤ ਰੱਖਣ ਲਈ ਮਾਤਾ ਸੁੰਦਰ ਕੌਰ ਦੇ ਹੋਰ ਯੋਗਦਾਨ ਦੀ ਚਰਚਾ ਸਵਿਸਥਾਰ ਨਹੀਂ ਕਰ ਸਕਦੇ।

ਗੁਰਦੁਆਰਾ ਮਾਤਾ ਸੁੰਦਰੀ

ਦਿੱਲੀ ਦਰਵਾਜ਼ੇ ਤੇ ਤੁਰਕਮਾਨ ਗੇਟ ਦੇ ਸਾਹਮਣੇ ਕਰਕੇ ਮਾਤਾ ਸੁੰਦਰ ਕੌਰ ਰੋਡ ਤੇ ਮਾਤਾ ਸੁੰਦਰ ਕੌਰ ਦੇ ਨਾਮ ਨਾਲ ਸਬੰਧਤ ਗੁਰਦੁਆਰਾ ਉਸ ਸਥਾਨ ਤੇ ਬਣਿਆ ਹੋਇਆ ਹੈ, ਜਿਥੇ ਕਦੇ ਹਵੇਲੀ ਮਾਤਾ ਸੁੰਦਰੀ ਹੋਇਆ ਕਰਦੀ ਸੀ। ਮਾਤਾ ਸੁੰਦਰ ਕੌਰ ਜੀ ਦੇ ਦਿੱਲੀ ਆ ਕੇ ਦੋ ਥਾਵਾਂ ਤੇ ਰਹਿਣ ਪਿਛੋਂ ਇਹ ਜ਼ਮੀਨ ਦਿੱਲੀ ਦੀ ਸਿੱਖ ਸੰਗਤ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ 'ਤੇ ਖ਼ਰੀਦ ਕੇ ਇੱਥੇ ਮਕਾਨ ਬਣਾ ਕੇ ਦਿੱਤਾ। ਅੱਜ ਵੀ ਗੁਰਦੁਆਰਾ ਮਾਤਾ ਸੁੰਦਰ ਕੌਰ ਦੇ ਅੰਦਰ ਕੁਝ ਪਉੜੀਆਂ ਉਤਰ ਕੇ ਉਹ ਕਮਰਾ ਕਾਇਮ ਹੈ ਜਿੱਥੇ ਮਾਤਾ ਜੀ ਦੀ ਰਿਹਾਇਸ਼ ਸੀ। ਜਦੋਂ ਰਹਿਣ ਲਈ ਹੋਰ ਕਮਰਾ ਤਿਆਰ ਹੋ ਗਿਆ ਤਾਂ ਇਸ ਕਮਰੇ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਬਖ਼ਸ਼ੇ ਹੋਏ ਸ਼ਸਤਰ ਸਜਾਏ ਹੋਏ ਸਨ, ਜਿਨ੍ਹਾਂ ਦੀ ਰੋਜ਼ ਸੇਵਾ-ਸੰਭਾਲ ਹੁੰਦੀ ਤੇ ਕਿੰਨਾ-ਕਿੰਨਾ ਚਿਰ ਇਕਟਕ ਬੈਠ ਕੇ ਮਾਤਾ ਜੀ ਸ਼ਸਤਰਾਂ ਦੇ ਦਰਸ਼ਨ ਕਰਦੇ ਰਹਿੰਦੇ।

ਜਦੋਂ ਪਰਲੋਕ ਗਮਨ ਦਾ ਸਮਾਂ ਨੇੜੇ ਆਇਆ ਤਾਂ ਮਾਤਾ ਸੁੰਦਰੀ ਜੀ ਨੇ ਆਪਣੇ ਪਤੀ ਦੀ ਅੰਤਮ ਨਿਸ਼ਾਨੀ ਪੰਜ ਸ਼ਸਤਰ ਆਪਣੇ ਸੇਵਕ ਜੀਵਨ ਸਿੰਘ ਨੂੰ ਸੌਂਪ ਦਿੱਤੇ ਤੇ ਉਹਨਾਂ ਨੂੰ ਕਿਹਾ ਕਿ ਇਹਨਾਂ ਦੀ ਸੰਭਾਲ ਕਰਨੀ। ਕੁਝ ਇਤਿਹਾਸਕ ਸ਼ਸਤਰ ਪਹਿਲਾਂ ਹੀ ਸ. ਜੱਸਾ ਸਿੰਘ ਆਹਲੂਵਾਲੀਆ ਨੂੰ ਦੇ ਕੇ ਪੰਜਾਬ ਭੇਜਿਆ ਸੀ। ਗੁਰੂ ਹਰਿਗੋਬਿੰਦ ਸਾਹਿਬ ਦੇ ਸ਼ਸਤਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਰੱਖਣ ਲਈ ਭਾਈ ਮਨੀ ਸਿੰਘ ਜੀ ਹੱਥ ਅੰਮ੍ਰਿਤਸਰ ਭੇਜ ਦਿੱਤੇ ਸਨ। ਭਾਈ ਜੀਵਨ ਸਿੰਘ ਤੋਂ ਪਿਛੋਂ ਉਹਨਾਂ ਦਾ ਪੁੱਤਰ ਸ਼ਸਤਰਾਂ ਦੀ ਸੰਭਾਲ ਕਰਦਾ ਰਿਹਾ ਤੇ ਇਸ ਸਥਾਨ ਤੇ ਪਹਿਲੀ ਵਾਰ ਗੁਰਦੁਆਰੇ ਦੀ ਉਸਾਰੀ ਪੰਥ ਦੇ ਜਰਨੈਲ ਬਾਬਾ ਬਘੇਲ ਸਿੰਘ ਨੇ ਹੀ ਕੀਤੀ। ਉਨ੍ਹੀਵੀਂ ਸਦੀ ਵਿੱਚ ਪੰਜਾਬ ਦੀਆਂ ਕਈ ਰਿਆਸਤਾਂ ਦੇ ਸਿੱਖ ਰਾਜਿਆਂ ਨੇ ਗੁਰਦੁਆਰਾ ਮਾਤਾ ਸੁੰਦਰੀ ਦੇ ਨਾਮ ਕੁਝ ਜਾਗੀਰ ਲਗਵਾ ਦਿੱਤੀ। ਇਹ ਜਾਗੀਰ ਨਕਦ ਰੁਪਏ ਦੇ ਰੂਪ ਵਿੱਚ ਵੀ ਸੀ ਤੇ ਜ਼ਮੀਨ ਦੇ ਰੂਪ ਵਿੱਚ ਵੀ। ਮਹੰਤ ਇਸ ਗੁਰਦੁਆਰੇ ਦਾ ਪ੍ਰਬੰਧ ਕਰਦੇ ਰਹੇ।

ਜਦੋਂ 1911 ਈ. ਵਿੱਚ ਅੰਗਰੇਜ਼ਾਂ ਨੇ ਭਾਰਤ ਦੀ ਰਾਜਧਾਨੀ ਕਲਕੱਤੇ ਤੋਂ ਦਿੱਲੀ ਲੈ ਆਂਦੀ ਤੇ ਨਵੀਂ ਦਿੱਲੀ ਦਾ ਸ਼ਹਿਰ ਵਸਾਇਆ ਜਾਣ ਲੱਗਾ ਤਾਂ 1915 ਈ. ਵਿੱਚ ਗੁਰਦੁਆਰਾ ਮਾਤਾ ਸੁੰਦਰੀ ਦੇ ਛੱਤੇ ਹੋਏ ਸਥਾਨ ਤੋਂ ਬਗੈਰ ਖ਼ਾਲੀ ਸਾਰੀ ਜ਼ਮੀਨ ਐਕਵਾਇਰ ਕਰ ਲਈ। ਰੀਕਾਰਡ ਮੌਜੂਦ ਹੈ ਕਿ ਉਸ ਸਮੇਂ ਸਿੱਖਾਂ ਨੇ ਇਸ ਵਿਰੁੱਧ ਅਦਾਲਤ ਵਿੱਚ ਮੁਕੱਦਮਾ ਕੀਤਾ, ਪਰ ਅਦਾਲਤ ਨੇ ਸਰਕਾਰ ਦੇ ਜ਼ਮੀਨ ਐਕਵਾਇਰ ਕਰਨ ਦੇ ਫ਼ੈਸਲੇ ਨੂੰ ਠੀਕ ਕਹਿ ਦਿੱਤਾ। ਸਰਕਾਰ ਨੇ ਜ਼ਮੀਨ ਦੀ ਜੋ ਕੀਮਤ ਦੇਣੀ ਚਾਹੀ, ਸਿੱਖ ਸੰਗਤ ਨੇ

ਇਨਕਾਰ ਕਰ ਦਿੱਤਾ ਤੇ ਕਿਹਾ ਕਿ ਮਾਤਾ ਸੁੰਦਰ ਕੌਰ ਦੀ ਹਵੇਲੀ ਦੀ ਥਾਂ ਵਿਕਾਊ ਨਹੀਂ। ਐਕਵਾਇਰ ਜ਼ਮੀਨ ਤੇ ਕਬਜ਼ਾ ਸਿੰਘਾਂ ਦਾ ਹੀ ਰਿਹਾ। ਸਰਕਾਰ ਨੇ ਗੁਰਦੁਆਰੇ ਦੇ ਨਾਮ ਇਕ ਰੁਪਏ ਸਲਾਨਾ ਲੀਜ਼ ਤੇ ਜ਼ਮੀਨ ਦੇਣ ਦੇ ਕਾਗਜ਼ ਬਣਾਏ। 1947 ਵਿੱਚ ਦਿੱਲੀ ਗੁਰਦੁਆਰਾ ਕਮੇਟੀ ਨੇ ਸਾਰੀ ਚਾਰਦੀਵਾਰੀ ਕਰ ਲਈ ਤੇ ਇਸ ਬਾਰੇ ਕੇਸ ਚਲਦਾ ਰਿਹਾ। ਜੱਥੇਦਾਰ ਸੰਤੋਖ ਸਿੰਘ ਦੇ ਸਕੱਤਰ ਹੁੰਦਿਆਂ ਨਹਿਰੂ ਸਰਕਾਰ ਨੇ ਗੁਰਦੁਆਰੇ ਨੂੰ ਜ਼ਮੀਨ ਦਾ ਮਾਲਕ ਮੰਨ ਲਿਆ ਤੇ 1967 ਵਿੱਚ ਗੁਰਦੁਆਰੇ ਦੇ ਨਾਲ ਮਾਤਾ ਸੁੰਦਰੀ ਕਾਲਜ ਸਥਾਪਤ ਹੋਇਆ।

ਕੁਝ ਪ੍ਰਸ਼ਨ, ਕੁਝ ਸੁਝਾਅ

ਮਾਤਾ ਸੁੰਦਰ ਕੌਰ ਜੀ ਦੀ ਜੀਵਨ-ਯਾਤਰਾ ਨਾਲ ਸਬੰਧਤ ਕੁਝ ਪ੍ਰਸ਼ਨ ਅਜੇ ਹੱਲ ਨਹੀਂ ਹੋਏ। ਪਿਛਲੇਰੇ ਇਤਿਹਾਸਕਾਰ ਤੇ ਜੀਵਨੀ ਲੇਖਕ ਚਾਨਣਾ ਨਹੀਂ ਪਾ ਸਕੇ। ਅਸੀਂ ਇਤਿਹਾਸਕਾਰ ਨਹੀਂ, ਇਤਿਹਾਸ ਦੇ ਪਾਠਕ ਹਾਂ ਤੇ ਸਾਨੂੰ ਜਨ-ਸਾਧਾਰਨ ਨੂੰ ਇਨ੍ਹਾਂ ਪ੍ਰਸ਼ਨਾਂ ਦਾ ਖੋਜ ਭਰਪੂਰ ਉੱਤਰ ਲੋੜੀਂਦਾ ਹੈ। ਮੈਂ ਮਨ ਵਿੱਚ ਉਠੇ ਕੁਝ ਪ੍ਰਸ਼ਨ ਬੁੱਧੀਜੀਵੀਆਂ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ :

1. ਮਾਤਾ ਸੁੰਦਰ ਕੌਰ ਜੀ ਨੂੰ ਦਿੱਲੀ ਕਿਉਂ ਭੇਜਿਆ ਗਿਆ ? ਕੀ ਭਾਈ ਨੰਦ ਲਾਲ ਗੋਇਆ ਦੇ ਮਿੱਤਰ ਤੇ ਔਰੰਗਜ਼ੇਬ ਦੇ ਪੁੱਤਰ ਮੁਅੱਜਮ ਰਾਹੀਂ ਮੁਗਲ ਰਾਜ ਨਾਲ ਗੁਪਤ ਗੱਲਬਾਤ ਚਲ ਪਈ ਸੀ ? ਕੀ ਇਸ ਗੱਲਬਾਤ ਲਈ ਭਾਈ ਮਨੀ ਸਿੰਘ ਜੀ ਨਾਲ ਮਾਤਾਵਾਂ ਨੂੰ ਭੇਜਿਆ ਗਿਆ ? ਕੀ ਮਾਤਾ ਜੀ ਦੇ ਯਤਨਾਂ ਨਾਲ ਔਰੰਗਜ਼ੇਬ ਨੇ ਗੁਰੂ ਸਾਹਿਬ ਵਿਰੁੱਧ ਜੰਗੀ ਮੁਹਿੰਮ ਵਾਪਸ ਲੈ ਲਈ ਸੀ ? ਕੀ ਦਿੱਲੀ ਦੇ ਸਿੱਖ ਭਾਈ ਧੰਨਾ ਸਿੰਘ ਤੇ ਭਾਈ ਜਵਾਹਰ ਸਿੰਘ ਦਿੱਲੀ ਸਰਕਾਰ ਤੋਂ ਕੋਈ ਸੁਝਾਅ ਲਿਆਏ ਸਨ ? ਕੀ ਉਹਾ ਗੁਰੂ ਸਾਹਿਬ ਨੂੰ ਮਿਲ ਕੇ ਸੁਝਾਅ ਦਿੱਤਾ ਸੀ ਕਿ ਗੱਲਬਾਤ ਦੀ ਮੁਢਲੀ ਤਿਆਰ ਲਈ ਪ੍ਰਤੀਨਿਧੀ ਭੇਜੋ ? ਕੀ ਉਹ ਦਿੱਲੀ ਸਰਕਾਰ ਦਾ ਕੋਈ ਪੱਤਰ ਜਾਂ ਸੁਨੇਹਾ ਲਿਆਏ ਸਨ ? ਇਸ ਬਾਰੇ ਲਿਖੇ ਇਤਿਹਾਸ ਵਿੱਚ ਕੋਈ ਸਪੱਸ਼ਟ ਵੇਰਵਾ ਨਹੀਂ। ਇਸ ਬਾਰੇ ਖੋਜ ਕਰਨੀ ਪਵੇਗੀ ?

2. ਮਾਤਾ ਸੁੰਦਰ ਕੌਰ ਜੀ ਨੂੰ ਕਿਉਂ ਲਗਾਤਾਰ ਦਿੱਲੀ ਰਹਿਣ ਦੀ ਹਦਾਇਤ ਹੋਈ। ਉਹਨਾਂ ਦੀ ਪੱਕੀ ਰਿਹਾਇਸ਼ ਦਿੱਲੀ ਰੱਖਣ ਪਿੱਛੇ ਕਿਹੜੀ ਲੋੜ ਸੀ ? ਉਹ ਸ਼ਾਂਤੀ ਹੋ ਜਾਣ ਪਿਛੋਂ ਦਮਦਮਾ ਸਾਹਿਬ ਗਏ ਪਰ ਗੁਰੂ ਸਾਹਿਬ ਨੇ ਤੁਰੰਤ ਵਾਪਸ ਕਿਹੜੇ ਜ਼ਰੂਰੀ ਕਾਰਜ ਲਈ ਦਿੱਲੀ ਭੇਜ ਦਿੱਤਾ ? ਦਿੱਲੀ ਤੋਂ ਦੱਖਣ ਵੱਲ ਜਾਂਦਿਆਂ ਗੁਰੂ ਸਾਹਿਬ ਮਾਤਾ ਸਾਹਿਬ ਦੇਵਾਂ ਨੂੰ ਨਾਲ ਲੈ ਗਏ, ਪਰ ਮਾਤਾ ਸੁੰਦਰ ਕੌਰ ਜੀ ਨੂੰ ਕਿਹੜੇ ਮਿਸ਼ਨ ਦੀ ਪੂਰਤੀ ਲਈ ਦਿੱਲੀ ਛੱਡ ਗਏ ? ਅਜੇ ਖੋਜ ਦਾ ਵਿਸ਼ਾ ਹੈ।

3. ਬਾਬਾ ਬੰਦਾ ਸਿੰਘ ਬਹਾਦਰ ਨਾਲ ਮੁਲਾਕਾਤ ਤੇ ਸੰਪਰਕ ਬਾਰੇ ਇਤਿਹਾਸ ਚੁੱਪ ਹੈ, ਕਿਉਂ ? ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਵੱਲ ਚੜ੍ਹਾਈ ਕਰਨ ਤੋਂ ਪਹਿਲਾਂ ਦਿੱਲੀ ਨੇੜੇ ਆਪਣਾ ਕੈਂਪ ਲਾਇਆ ਜਿੱਥੇ ਅੱਜ ਕਲ੍ਹ ਬੜ੍ਹ-ਖ਼ਾਲਸਾ ਪਿੰਡ ਹੈ। ਮੇਰਾ ਕਿਆਸ ਹੈ ਕਿ ਜ਼ਰੂਰ ਮਿਲੇ ਹੋਣਗੇ ਜਾਂ ਚਿੱਠੀ ਪੱਤਰ ਹੋਇਆ ਹੋਵੇਗਾ ? ਬੰਦਾ ਸਿੰਘ ਬਹਾਦਰ ਨੇ ਗੁਰੂ ਤੇਗ ਬਹਾਦਰ ਨੂੰ ਸ਼ਹੀਦ ਕਰਨ ਵਾਲਿਆਂ ਨੂੰ ਸਮਾਣੇ ਜਾ ਕੇ ਤੇ ਛੋਟੇ ਸਾਹਿਬਜ਼ਾਦਿਆਂ ਦੇ ਕਾਤਲਾਂ ਨੂੰ ਕੀਤੇ ਦੀ ਸਜ਼ਾ ਸਰਹੰਦ ਜਾ ਕੇ ਦੇਣ ਦੀ ਯੋਜਨਾ ਤਿਆਰ ਕਰਨ

ਸਮੇਂ ਮਾਤਾ ਸੁੰਦਰ ਕੌਰ ਜੀ ਦਾ ਅਸ਼ੀਰਵਾਦ ਲਿਆ ਹੋਵੇਗਾ ? ਇਸੇ ਤਰ੍ਹਾਂ ਬੰਦਾ ਸਿੰਘ ਬਹਾਦਰ ਤੇ ਉਨ੍ਹਾਂ ਨਾਲ 760 ਸਿੰਘਾਂ ਨੂੰ ਦਿੱਲੀ ਵਿੱਚ ਜਦ 1716 ਈ. ਨੂੰ ਸ਼ਹੀਦ ਕੀਤਾ ਗਿਆ ਤਾਂ ਮਾਤਾ ਸੁੰਦਰ ਕੌਰ ਜੀ ਨੇ ਦਿੱਲੀ ਵਿੱਚ ਰਹਿੰਦਿਆਂ ਕੀ ਤੇ ਕਿਸ ਤਰ੍ਹਾਂ ਸਰਕਾਰ ਪਾਸ ਪ੍ਰੋਟੈਸਟ ਕੀਤਾ ਹੋਵੇਗਾ ? ਇਹ ਹੋ ਨਹੀਂ ਸਕਦਾ ਕਿ ਉਹ ਚੁੱਪ ਰਹੇ ਹੋਣ ? ਉਨ੍ਹਾਂ ਦੀ ਰੋਸ-ਵਿਧੀ ਬਾਰੇ ਪ੍ਰਸ਼ਨ ਅਜੇ ਤੱਕ ਹਲ ਗੋਚਰੇ ਹਨ।

4. ਮਾਤਾ ਸੁੰਦਰ ਕੌਰ ਜੀ ਦੋ ਵਾਰ ਦਿੱਲੀ ਤੋਂ ਮਥਰਾ ਚਲੀ ਗਈ ਤੇ ਇਕ ਵਾਰ ਤਾਂ ਦੋ ਸਾਲ ਦਾ ਸਮਾਂ ਉਨ੍ਹਾਂ ਮਥਰਾ ਬਿਤਾਇਆ। ਇਹ ਕਿਉਂ ? ਲੈ-ਪਾਲਕ ਪੁੱਤਰ ਅਜੀਤ ਸਿੰਘ ਦੀਆਂ ਕਾਰਵਾਈਆਂ ਤੋਂ ਡਰ ਕੇ ਜਾਂ ਘਬਰਾ ਕੇ ਮਾਤਾ ਦਿੱਲੀ ਛੱਡਣ ਵਾਲੀ ਨਹੀਂ ਸੀ ? ਕੇਵਲ ਸੰਗਤ ਦੇ ਸੱਦੇ ਤੇ ਉਹ ਮਥਰਾ ਜਾਣ ਵਾਲੀ ਵੀ ਨਹੀਂ ਸੀ। ਜੋ ਭਾਈ ਮਨੀ ਸਿੰਘ ਨਾਲ ਅੰਮ੍ਰਿਤਸਰ ਨਹੀਂ ਗਈ, ਉਹ ਹੋਰ ਕਿਧਰੇ ਕਿਉਂ ਗਈ ? ਇਤਿਹਾਸਕ ਤੱਥ ਸੰਤੋਸ਼-ਜਨਕ ਨਹੀਂ। ਮਨ ਨਹੀਂ ਮੰਨਦਾ ਕਿ ਇਤਨੀ ਛੋਟੀ ਜਿਹੀ ਗੱਲ ਕਾਰਨ ਉਹ ਮਧਰਾ ਗਏ ਹੋਣ ?

5. ਮਾਤਾ ਸੁੰਦਰ ਕੌਰ ਜੀ ਦੇ ਪਿਤਾ ਭਾਈ ਰਾਮ ਸਰਨ ਵਿਆਹ ਤੋਂ ਪਿਛੋਂ ਅਲੋਪ ਹੋ ਗਏ ਜਾਪਦੇ ਹਨ ? ਉਹਨਾਂ ਦਾ ਪਰਿਵਾਰ ਆਪਣੀ ਧੀ ਦੇ ਸੰਕਟ ਸਮੇਂ ਜ਼ਰੂਰ ਆਇਆ ਹੋਵੇਗਾ ? ਉਹਨਾਂ ਨੂੰ ਦਿੱਲੀ ਤੋਂ ਲਾਹੌਰ ਲਿਜਾਣ ਦਾ ਯਤਨ ਕੀਤਾ ਹੋਏਗਾ ? ਉਹਨਾਂ 'ਚੋਂ ਕੋਈ ਦਿੱਲੀ ਮਾਤਾ ਜੀ ਪਾਸ ਰਹਿਣ ਲੱਗ ਪਿਆ ਹੋਵੇਗਾ, ਸੰਭਵ ਹੈ। ਇਹਨੂੰ ਛੋਟੀ ਗੱਲ ਸਮਝ ਕੇ ਚਰਚਾ ਨਾ ਕਰਨਾ ਮਾਤਾ ਸੁੰਦਰ ਕੌਰ ਜੀ ਨਾਲ ਵਧੀਕੀ ਹੋਵੇਗੀ ?

6. ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਤੇ ਮਾਤਾ ਸੁੰਦਰ ਕੌਰ ਨੇ ਦਿੱਲੀ ਵਿੱਚ ਸਕਰਾਰ ਪਾਸ ਜ਼ਰੂਰ ਰੋਸ ਪ੍ਰਗਟ ਕੀਤਾ ਹੋਵੇਗਾ। ਉਸ ਬਾਰੇ ਇਤਿਹਾਸ ਵਿੱਚ ਕੋਈ ਸੰਕੇਤ ਕਿਉਂ ਨਹੀਂ ਮਿਲਦਾ ? ਪੰਜਾਬ ਵਿੱਚ ਉਨ੍ਹਾਂ ਬਹੁਤ ਕੁਝ ਕਰਵਾਇਆ ਤੇ ਸ. ਜੱਸਾ ਸਿੰਘ ਆਹਲੂਵਾਲੀਆ ਨੂੰ ਸਰਕਾਰ ਦੇ ਜਬਰ ਵਿਰੁੱਧ ਸੰਘਰਸ਼ ਵਿੱਚ ਭਾਗ ਲੈਣ ਲਈ ਉਚੇਚੇ ਤੌਰ ਤੇ ਨਵਾਬ ਕਪੂਰ ਸਿੰਘ ਜੀ ਪਾਸ ਭੇਜਿਆ। ਦਿੱਲੀ ਵਿੱਚ ਉਹਨਾਂ ਕੀ ਕੀਤਾ ? ਇਸ ਪ੍ਰਸ਼ਨ ਦਾ ਉੱਤਰ ਅਜੇ ਤੱਕ ਸਪੱਸ਼ਟ ਨਹੀਂ।

7. ਜਦ ਨਾਦਰਸ਼ਾਹ ਦਿੱਲੀ ਵਿੱਚ ਚੜ੍ਹ ਕੇ ਆ ਗਿਆ ਤੇ ਇਥੇ ਉਹਨੇ ਕਤਲੇ-ਆਮ ਦਾ ਹੁਕਮ ਦੇ ਦਿੱਤਾ ਤਾਂ ਮਾਤਾ ਸੁੰਦਰ ਕੌਰ ਜੀ ਉਸ ਸਮੇਂ ਦਿੱਲੀ ਵਿੱਚ ਹੀ ਸਨ। ਉਹਨਾਂ ਦੀ ਆਯੂ 68 ਸਾਲ ਦੀ ਹੋ ਗਈ ਸੀ। ਉਹਨਾਂ ਦਾ ਨਾਦਰਸ਼ਾਹੀ .ਗਦਰ ਵਿਰੁੱਧ ਪ੍ਰਭਾਵ ਜ਼ਰੂਰ ਇਤਿਹਾਸ ਵਿੱਚ ਅੰਕਿਤ ਮਿਲਣਾ ਚਾਹੀਦਾ ਹੈ। ਉਹ ਭਾਵੇਂ ਕਿਸੇ ਥਾਂ ਦੀ ਸੰਗਤ ਦੇ ਨਾਮ ਚਿੱਠੀ ਦੇ ਰੂਪ ਵਿੱਚ ਹੋਵੇ, ਕਿਸੇ ਦੀਵਾਨ ਵਿੱਚ ਪ੍ਰਗਟਾਏ ਵਿਚਾਰ ਹੋਣ।

ਅਜੇ ਮਾਤਾ ਸੁੰਦਰ ਕੌਰ ਜੀ ਬਾਰੇ ਬਹੁਤ ਸਾਰੀ ਖੋਜ ਹੋਣ ਵਾਲੀ ਹੈ ਤੇ ਮੈਂ ਇਸ ਲਈ ਆਪਣੇ ਮਨ ਵਿੱਚ ਪੈਦਾ ਹੋਏ ਪ੍ਰਸ਼ਨ ਸਭ ਦੇ ਸਾਹਮਣੇ ਰੱਖੇ ਹਨ। ਭਾਈ ਵੀਰ ਸਿੰਘ ਜੀ ਦਾ ਇਹ ਨਿਰਨਾ ਠੀਕ ਹੀ ਸੀ ਕਿ ਸਿੱਖਾਂ ਨੇ ਇਤਿਹਾਸ ਬਹੁਤ ਬਣਾਇਆ ਹੈ, ਪਰ ਉਸ ਨੂੰ ਸੰਭਾਲਿਆ ਨਹੀਂ। ਜਿਤਨਾ ਵਧੇਰੇ ਕੁਰਬਾਨੀਆਂ ਦੇ ਕੇ ਸਿੱਖਾਂ ਨੇ ਇਤਿਹਾਸ ਪੈਦਾ ਕੀਤਾ, ਉਤਨੀ ਵਧ ਅਣਗਹਿਲੀ ਇਤਿਹਾਸ ਆਪ ਲਿਖਣ ਤੇ ਲਿਖਾਣ ਵੱਲ ਵਰਤੀ ਹੈ।

ਸਿੱਖ ਇਤਿਹਾਸ ਖੋਜ ਵਿਭਾਗ ਸਥਾਪਤ ਕਰਕੇ ਇਤਿਹਾਸ ਸੰਭਾਲਣ ਦੀ ਘਾਟ ਨੂੰ ਪੂਰਿਆਂ ਕਰਨਾ ਚਾਹੀਦਾ ਹੈ।

ਮਾਤਾ ਸਾਹਿਬ ਕੌਰ ਜੀ

ਗੁਰੂ ਮਹਿਲਾਂ ਦੇ ਇਤਿਹਾਸ ਵਿੱਚ ਆਖ਼ਰੀ ਤੇ ਤੇਰ੍ਹਵੇਂ ਗੁਰੂ ਮਹਿਲ ਹਨ, ਮਾਤਾ ਸਾਹਿਬ ਕੌਰ। ਪਿਛਲੇ 500 ਸਾਲਾਂ ਦੇ ਸਿੱਖ ਇਤਿਹਾਸ ਵਿੱਚ ਗੁਰੂ ਮਹਿਲਾਂ, ਗੁਰੂ ਪਰਿਵਾਰ ਦੀਆਂ ਨਾਰੀਆਂ ਤੇ ਸਿੱਖ ਜਗਤ ਦੀਆਂ ਹੋਰ ਇਤਿਹਾਸਕ ਨਾਰੀਆਂ ਵਿੱਚ ਸਾਹਿਬ ਕੌਰ ਦਾ ਸਥਾਨ ਨਿਵੇਕਲੇ ਕਿਸਮ ਦਾ ਹੈ। ਮਾਤਾ ਸਾਹਿਬ ਕੌਰ ਨੂੰ ਇਤਿਹਾਸ ਲੇਖਕ ਨੇ ਕੁਆਰਾ ਡੋਲਾ ਵੀ ਆਖਿਆ ਹੈ। ਇਹ ਅਨੋਖੀ ਕਿਸਮ ਦਾ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਜੋਗ ਹੈ। ਸੰਸਾਰ ਦੇ ਇਤਿਹਾਸ ਵਿੱਚ ਸ਼ਾਇਦ ਹੀ ਹੋਰ ਕੋਈ ਅਜਿਹੀ ਨਾਰੀ ਮਿਲੇ, ਜਿਸ ਦਾ ਇਸ ਤਰ੍ਹਾਂ ਦਾ ਗ੍ਰਿਹਸਥੀ ਜੀਵਨ ਹੋਵੇ। ਇਹਦੇ ਨਾਲ ਹੀ ਹੋਰ ਕਿਸੇ ਗੁਰੂ ਮਹਿਲ ਨੂੰ ਖ਼ਾਲਸੇ ਦੀ ਮਾਤਾ ਦਾ ਵਰ ਮਿਲਿਆ ਹੋਵੇ। ਉਂਜ ਤਾਂ ਲਗਭਗ ਸਾਰੇ ਗੁਰੂ ਮਹਿਲਾਂ ਦੇ ਵੇਰਵੇ ਸਹਿਤ ਸਮਾਚਾਰ ਕਿਸੇ ਨੇ ਇਕੱਤਰ ਨਹੀਂ ਕੀਤੇ, ਜਿਸ ਕਾਰਨ ਕਈ ਪੱਖਾਂ ਤੋਂ ਅਧੂਰੀ ਜਾਣਕਾਰੀ ਪੁਰਾਣੀਆਂ ਇਤਿਹਾਸਕ ਲਿਖਤਾਂ ਵਿਚੋਂ ਮਿਲਦੀ ਹੈ। ਮਾਤਾ ਸਾਹਿਬ ਕੌਰ ਬਾਰੇ ਸਿੱਖ ਇਤਿਹਾਸ ਦੇ ਸਾਰਿਆਂ ਸੋਮਿਆਂ ਵਿੱਚ ਮਿਲਦਾ ਹੈ ਪਰ ਇਸ ਸਾਰੀ ਜਾਣਕਾਰੀ ਵਿੱਚ ਇਕ ਦੂਜੇ ਨਾਲੋਂ ਫ਼ਰਕ ਹੈ। ਮਾਤਾ ਸਾਹਿਬ ਕੌਰ ਦੇ ਜਨਮ, ਮਾਪਿਆਂ, ਗੁਰੂ ਮਹਿਲ ਬਣਨ, ਅੰਮ੍ਰਿਤ ਤਿਆਰ ਕਰਨ ਵੇਲੇ ਪਤਾਸੇ ਪਾਉਣ ਤੋਂ ਲੈ ਕੇ ਅਕਾਲ ਚਲਾਣੇ ਤੱਕ ਸਭ ਲੇਖਕ ਇਕ ਮਤ ਨਹੀਂ।

ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿੱਚ ਲਿਖਿਆ ਹੈ ਕਿ ਸਾਹਿਬ ਕੌਰ ਦਾ ਜਨਮ ਪਿਤਾ ਰਾਮਾ (ਗੋਤ ਬਸੀ) ਦੇ ਘਰ ਰੋਹਤਾਸ ਵਿੱਚ ਹੋਇਆ। 'ਗੁਰ ਪ੍ਰਤਾਪ ਸੂਰਜ ਗ੍ਰੰਥ' ਵਿੱਚ ਪਿਤਾ ਦਾ ਨਾਂ ਭਾਈ ਸੰਤੋਖ ਸਿੰਘ ਨੇ ਭਾਈ ਰਾਵਾ ਲਿਖਿਆ ਹੈ। ਭਾਈ ਕਰਮ ਸਿੰਘ ਹਿਸਟੋਰੀਅਨ ਨੇ ਪਿਤਾ ਦਾ ਨਾਂ ਰਾਮ ਖੱਤਰੀ ਰੋਹਤਾਸ ਵਿੱਚ ਵਪਾਰ ਦਾ ਕੰਮ ਕਰਦਾ ਲਿਖਿਆ ਹੈ। ਗਿਆਨੀ ਹਰੀ ਸਿੰਘ 'ਮਾਤਾ ਸਾਹਿਬ ਕੌਰ' ਪੁਸਤਕ ਵਿੱਚ ਲਿਖਦਾ ਹੈ ਕਿ ਮਾਤਾ ਸਾਹਿਬ ਕੌਰ ਦਾ ਜਨਮ 18 ਕੱਤਕ ਸੰਮਤ 1738 ਬਿਕਰਮੀ (1681 ਈ.) ਬੁਧਵਾਰ ਅੰਮ੍ਰਿਤ ਵੇਲੇ ਭਾਈ ਰਾਮੂ ਦੇ ਘਟ ਮਾਤਾ ਜਸਦੇਵੀ ਦੀ ਪਵਿੱਤਰ ਕੁਖੋਂ ਰੋਹਤਾਸ ਨਗਰ, ਜ਼ਿਲ੍ਹਾ ਜੇਹਲਮ (ਪਾਕਿਸਤਾਨ) ਵਿੱਚ ਹੋਇਆ। ਉਹਨਾਂ ਦਾ ਨਾਂ ਗੁਰੂ ਕੀ ਸੰਗਤ ਵਿੱਚ ਸਾਹਿਬ ਦੇਵੀ ਰੱਖਿਆ ਗਿਆ, ਜੋ ਅੰਮ੍ਰਿਤ ਛੱਕ ਕੇ ਗੁਰੂ ਮਹਿਲ ਬਣਨ ਸਮੇਂ ਸਾਹਿਬ ਕੌਰ ਬਣ ਗਏ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਲੋਂ ਪ੍ਰਕਾਸ਼ਤ 'ਸਿੱਖ ਇਤਿਹਾਸ' ਵਿੱਚ ਇਹ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਤੀਜਾ ਵਿਆਹ ਰੋਹਤਾਸ ਨਿਵਾਸੀ ਸ੍ਰੀ ਰਾਮ ਬੱਸੀ ਖਤਰੀ ਦੀ ਸਪੁਤਰੀ ਮਾਤਾ ਸਾਹਿਬ ਦੇਵੀ ਜੀ ਨਾਲ ਸੰਮਤ 1757 ਵਿੱਚ

ਹੋਇਆ। ਇਹਨਾਂ ਦੀ ਮਾਤਾ ਜੀ ਤੇ ਜਨਮ ਸਾਲ ਦਾ ਕੋਈ ਜ਼ਿਕਰ ਨਹੀਂ ਕੀਤਾ।

ਸਾਹਿਬ ਕੌਰ ਦੇ ਜਨਮ ਦਾ ਪਿਛੋਕੜ ਤੇ ਮਾਪਿਆਂ ਦੇ ਵਚਨ ਦੀ ਵਿਸਥਾਰ ਨਾਲ ਵਿਥਿਆ ਸ੍ਰ. ਕਰਮ ਸਿੰਘ ਹਿਸਟੋਰੀਅਨ ਨੇ ਹੀ ਬਿਆਨ ਕੀਤੀ ਹੈ। ਭਾਈ ਕਰਮ ਸਿੰਘ ਹਿਸਟੋਰੀਅਨ ਨੇ 'ਗੁਰੂ ਕੇ ਮਹਿਲ' ਵਿੱਚ ਉਨ੍ਹਾਂ ਦੇ ਜਨਮ ਦੀ ਸਾਖੀ ਇਸ ਤਰ੍ਹਾਂ ਲਿਖੀ ਹੈ ਕਿ : "ਭਾਈ ਰਾਮਾ ਖੱਤਰੀ ਰੋਹਤਾਸ ਵਿੱਚ ਵਪਾਰ ਦਾ ਕੰਮ ਕਰਦਾ ਸੀ। ਉਸ ਦੇ ਘਰ ਸਭ ਸੁੱਖ ਸਨ ਪਰ ਔਲਾਦ ਨਹੀਂ ਸੀ। ਉਹ ਮੰਨਤਾਂ ਮਨੌਤਾਂ ਮੰਨਦੇ। ਧਨੀ ਪੋਠੋਹਾਰ ਦੀ ਸੰਗਤ ਨਾਲ ਕੱਤਕ ਸੰਮਤ 1736 ਵਿੱਚ ਗੁਰ ਦਰਸ਼ਨ ਲਈ ਅਨੰਦਪੁਰ ਸਾਹਿਬ ਆਏ। ਪ੍ਰਸ਼ਾਦ ਕਰਕੇ ਗੁਰੂ ਦਰਬਾਰ ਵਿੱਚ ਹਾਜ਼ਰੀ ਭਰ ਕੇ ਸੰਤਾਨ ਪ੍ਰਾਪਤੀ ਲਈ ਅਰਦਾਸ ਕੀਤੀ ਅਤੇ ਕਿਹਾ ਕਿ ਆਪ ਦੀ ਬਖ਼ਸ਼ੀ ਹੋਈ ਸੰਤਾਨ ਆਪ ਨੂੰ ਆਪ ਦੇ ਦਰ ਤੇ ਭੇਟ ਕੀਤੀ ਜਾਏਗੀ। ਗੁਰੂ ਜੀ ਮੁਸਕਰਾਏ ਤੇ ਵਰ ਬਖ਼ਸ਼ਿਆ, "ਤੇਰੀ ਭਾਵਨਾ ਪੂਰੀ ਹੋਵੇਗੀ।" ਗੁਰੂ ਜੀ ਦੇ ਵਰ ਸਦਕਾ ਉਹਨਾਂ ਦੇ ਘਰ ਇਕ ਪੁੱਤਰੀ ਤੇ ਪੁੱਤਰ ਦਾ ਜਨਮ ਹੋਇਆ।" 'ਗੁਰੂ ਕੇ ਮਹਿਲ' ਅਨੁਸਾਰ ਬੱਚੀ ਦਾ ਨਾਂ ਰਖਣ ਸਮੇਂ ਭਾਈ ਰਾਮਾ ਨੇ ਸੰਗਤ ਵਿੱਚ ਸੰਕਲਪ ਕੀਤਾ ਕਿ ਇਹ ਬੱਚੀ ਸਾਹਿਬਾਂ ਨੇ ਬਖ਼ਸ਼ੀ ਹੈ ਅਤੇ ਇਸ ਦਾ ਡੋਲਾ ਵੀ ਗੁਰੂ ਜੀ ਨੂੰ ਭੇਟ ਕੀਤਾ ਜਾਵੇਗਾ। ਉਹਨਾਂ ਦੇ ਸੰਕਲਪ ਕਾਰਨ ਸੰਗਤ ਤੇ ਪਰਿਵਾਰ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ ਅਤੇ ਉਹ ਉਸ ਨੂੰ ਉਸੇ ਦਿਨ ਤੋਂ ਹੀ ਮਾਤਾ ਕਰਕੇ ਸੰਬੋਧਨ ਕਰਨ ਲੱਗ ਪਏ। ਜਦੋਂ ਪੁੱਤਰ ਜੰਮਿਆ ਤਾਂ ਉਸ ਦਾ ਨਾਂ ਵੀ ਸਾਹਿਬ ਰਾਇ ਰੱਖਿਆ। ਅੰਮ੍ਰਿਤ ਛੱਕਣ ਪਿਛੋਂ ਸਾਹਿਬ ਦੇਵਾਂ ਦਾ ਨਾਂ ਸਾਹਿਬ ਕੌਰ ਅਤੇ ਸਾਹਿਬ ਰਾਇ ਦਾ ਨਾਂ ਸਾਹਿਬ ਸਿੰਘ ਹੋ ਗਿਆ।"

ਇਸੇ ਤਰ੍ਹਾਂ ਦੇ ਵਿਚਾਰ 'ਪੋਥੀ ਗੁਰ ਬਿਲਾਸ ਸਾਖੀ 100' (ਪੰਨਾ 326) ਵਿੱਚ ਪ੍ਰਗਟ ਕੀਤੇ ਹਨ। ਪੁਰਾਤਨ ਸਾਖੀਕਾਰਾਂ ਅਨੁਸਾਰ ਸਾਹਿਬ ਦੇਵਾਂ ਸਰਬ ਗੁਣ ਭਰਪੂਰ ਸੀ। ਅੰਗ ਮੌਕਲੇ, ਸੁਡੌਲ ਸਰੀਰ, ਨੂਰਾਨੀ ਚਿਹਰਾ ਤੇ ਨਕਸ਼ ਸੁੰਦਰ ਸਨ। ਆਪ ਮਿਠਬੋਲੇ ਹੋਣ ਦੇ ਨਾਲ ਨਾਲ ਨਿਮਰਤਾ, ਸਬਰ ਤੇ ਸੰਤੋਖ ਦੀ ਮੂਰਤ ਸਨ। ਸ਼ਖ਼ਸੀਅਤ ਪਰਿਵਾਰ ਤੇ ਸੰਗਤ ਵਿੱਚ ਹਰਮਨ ਪਿਆਰੀ ਸੀ।

ਗਿਆਨੀ ਹਰੀ ਸਿੰਘ ਚੰਡੀਗੜ੍ਹ, ਸਾਹਿਬ ਦੇਵਾਂ ਦੇ ਬਾਲਪਨ ਦਾ ਜ਼ਿਕਰ ਕਰਦਿਆਂ ਲਿਖਦੇ ਹਨ : "ਸਾਹਿਬ ਦੇਵਾਂ ਨੂੰ ਬਾਲ ਅਵਸਥਾ ਵਿੱਚ ਹੀ ਪੰਜਾਬੀ (ਗੁਰਮੁਖੀ ਅੱਖਰ) ਪੜ੍ਹਨ ਲਾਇਆ ਸੀ। ਗੁਰਬਾਣੀ ਤੇ ਗੁਰ-ਇਤਿਹਾਸ ਦਾ ਬੋਧ ਉਨ੍ਹਾਂ ਨੂੰ ਛੋਟੀ ਉਮਰ ਵਿੱਚ ਹੀ ਹੋ ਗਿਆ ਸੀ। ਜਦੋਂ ਉਹ ਸੰਗਤ ਵਿੱਚ ਬਾਣੀ ਦਾ ਪਾਠ ਕਰਦੇ ਤਾਂ ਸਰੋਤੇ ਝੂਮ ਉਠਦੇ ਸਨ। ਉਹ ਘਟ ਬੋਲਦੇ ਪਰ ਵਧੇਰੇ ਸਮਾਂ ਆਪਣੀ ਮਾਤਾ ਨਾਲ ਗੁਰ ਅਸਥਾਨ ਉਤੇ ਸੇਵਾ ਵਿੱਚ ਜਾਂ ਪਾਠ ਕਰਦਿਆਂ ਬਿਤਾਉਂਦੇ ਸਨ।

ਸਾਰੇ ਇਤਿਹਾਸਕਾਰ ਇਸ ਤੱਥ ਨਾਲ ਸਹਿਮਤ ਹਨ ਕਿ ਸਾਹਿਬ ਦੇਵਾਂ ਜੀ ਦਾ ਗੁਰੂ ਮਹਿਲ ਬਣਨ ਦਾ ਸਾਲ ਸੰਨ 1702 ਈ. ਹੈ। ਕਈਆਂ ਨੇ ਇਸ ਨੂੰ ਉਸੇ ਅਨੁਸਾਰ ਲਿਖਿਆ ਹੈ। ਇਹ ਸਮਾਂ ਕਿਵੇਂ ਸੰਪੂਰਨ ਹੋਇਆ, ਇਸ ਬਾਰੇ 'ਸਿੱਖ ਇਤਿਹਾਸ' (ਭਾਗ ਪਹਿਲਾ) ਵਿੱਚ ਬਿਆਨ ਕਰਦੇ ਹਨ : "1757 ਸੰਮਤ ਵਿੱਚ ਮਾਤਾ ਜੀਤੋ ਜੀ ਦੇ ਅਕਾਲ ਚਲਾਣੇ ਪਿਛੋਂ ਮਾਤਾ ਸਾਹਿਬ ਦੇਵਾਂ ਜੀ ਦੇ ਪਿਤਾ ਨੇ ਗੁਰੂ ਜੀ ਅਗੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ ! ਮੈਂ ਆਪਣੀ ਧੀ ਸਾਹਿਬ ਦੇਵੀ ਜੰਮਦੀ ਨੂੰ ਹੀ ਆਪ ਦੇ ਅਰਪਣ ਕੀਤਾ ਹੋਇਆ

ਹੈ। ਆਪ ਇਹ ਸਾਕ ਪ੍ਰਵਾਨ ਕਰੋ। ਲੋਕ ਸਭ ਇਸ ਨੂੰ ਮਾਤਾ ਜੀ ਕਹਿੰਦੇ ਹਨ। ਆਪ ਬਿਨਾਂ ਇਹਨੂੰ ਹੋਰ ਕੋਈ ਨਹੀਂ ਵਰੇ ਵਿਆਹੇਗਾ।" ਗੁਰੂ ਦਸਮੇਸ਼ ਜੀ ਨੇ ਉੱਤਰ ਦਿੱਤਾ, "ਅਸਾਂ ਹੁਣ ਬ੍ਰਹਮਚਰਜ ਧਾਰ ਲਿਆ ਹੈ, ਤਾਂ ਜੁ ਅਸੀਂ ਆਪਣਾ ਪੂਰਾ ਵਿਤ ਧਰਮ ਤੇ ਦੇਸ਼ ਦੀ ਸੇਵਾ ਉਪਰ ਖ਼ਰਚ ਕਰ ਸਕੀਏ। ਇਸ ਕਰਕੇ ਹੁਣ ਵਿਆਹਵਾਂ ਵਰਗਾ ਵਿਆਹ ਤਾਂ ਨਹੀਂ ਕਰਾ ਸਕਦੇ। ਹਾਂ ਜੇ ਤੁਹਾਡੀ ਧੀ ਵੀ ਸਾਰੀ ਉਮਰ ਇਕ ਤਰ੍ਹਾਂ ਦਾ ਕੁਆਰਾਪਨ ਧਾਰ ਸਕਦੀ ਹੈ, ਸਰੀਰਕ ਮੇਲ ਦੀ ਥਾਂ ਸਾਡੇ ਨਾਲ ਆਤਮਕ ਮੇਲ ਪ੍ਰਵਾਨ ਕਰਦੀ ਹੈ ਤਾਂ ਸਾਨੂੰ ਤੁਹਾਡੀ ਪ੍ਰਸੰਨਤਾ ਲਈ ਉਸ ਨੂੰ ਵਰਨ ਵਿੱਚ ਕੋਈ ਇਤਰਾਜ਼ ਨਹੀਂ।" ਇਹਨਾਂ ਸ਼ਰਤਾਂ ਉਤੇ ਮਾਤਾ ਸਾਹਿਬ ਦੇਵਾਂ ਜੀ ਨਾਲ ਗੁਰੂ ਗੋਬਿੰਦ ਸਿੰਘ ਜੀ ਦਾ ਵਿਆਹ ਹੋਇਆ। ਮਾਤਾ ਸਾਹਿਬ ਦੇਵਾਂ ਜੀ ਨੂੰ ਸਿੱਖ ਤੇ ਗੈਰ-ਸਿੱਖ ਇਤਿਹਾਸਕਾਰਾਂ ਨੇ 'ਕੁਆਰਾ ਡੋਲਾ' ਕਰਕੇ ਲਿਖਿਆ ਹੈ, ਆਪ ਵਿਆਹ ਹੋਏ ਵੀ ਕੁਆਰੇ ਹੀ ਰਹੇ।"

ਇਤਿਹਾਸਕਾਰਾਂ ਤੇ ਸਾਖੀਕਾਰਾਂ ਨੂੰ ਇਕ ਵੱਡਾ ਟੱਪਲਾ ਇਹ ਲੱਗਾ ਹੈ ਕਿ ਜਦੋਂ 1699 ਵਿੱਚ ਕਲਗੀਧਰ ਪਾਤਸ਼ਾਹ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਨ ਲੱਗੇ ਤਾਂ ਮਾਤਾ ਸਾਹਿਬ ਦੇਵਾਂ ਜੀ ਨੇ ਆ ਕੇ ਅੰਮ੍ਰਿਤ ਜਲ ਵਿੱਚ ਪਤਾਸੇ ਪਾਏ। ਜਦਕਿ ਉਹਨਾਂ ਦਾ ਵਿਆਹ ਹੀ ਇਕ ਸਾਲ ਪਿਛੋਂ ਹੋਇਆ। ਪਿਛਲੇ ਕੁਝ ਸਾਲਾਂ ਵਿੱਚ ਜਿੱਥੇ ਹੋਰ ਕਈ ਇਤਿਹਾਸਕ ਭੁਲੇਖਿਆਂ ਬਾਰੇ ਸਪੱਸ਼ਟੀਕਰਨ ਆ ਗਿਆ ਹੈ। ਉਥੇ ਇਹ ਵੀ ਸਾਫ਼ ਹੋ ਗਿਆ ਹੈ ਕਿ ਖੰਡੇ ਬਾਟੇ ਦਾ ਅੰਮ੍ਰਿਤ ਹੋਣ ਸਮੇਂ ਪਤਾਸੇ ਪਾਣ ਦੀ ਸੇਵਾ ਮਾਤਾ ਜੀਤੋ (ਜੀਤ ਕੌਰ) ਜੀ ਨੇ ਕੀਤੀ ਸੀ। ਫਿਰ ਵੀ ਕਈ ਇਤਿਹਾਸਕਾਰ ਅਜੇ ਵੀ ਦੋ ਪਾਸੜ ਗੱਲਾਂ ਕਰ ਰਹੇ ਹਨ। ਦਿੱਲੀ ਦੇ ਪ੍ਰਸਿੱਧ ਇਤਿਹਾਸ ਲੇਖਕ ਹਰਬੰਸ ਸਿੰਘ ਚਾਵਲਾ ਦਾ ਇਕ ਲੇਖ ਮਾਤਾ ਸਾਹਿਬ ਕੌਰ ਬਾਰੇ 'ਪੰਜਾਬੀ ਡਾਇਜੈਸਟ' ਦੇ ਜੂਨ 1999 ਦੇ ਅੰਕ ਵਿੱਚ ਪ੍ਰਕਾਸ਼ਤ ਹੋਇਆ, ਸਾਡੀ ਨਜ਼ਰੀਂ ਗੁਜ਼ਰਿਆ। ਉਸ ਵਿੱਚ ਉਹ ਸੰਨ 1699 ਨੂੰ ਅੰਮ੍ਰਿਤ ਦੀ ਤਿਆਰੀ ਸਮੇਂ ਪਤਾਸੇ ਮਾਤਾ ਸਾਹਿਬ ਕੌਰ ਨੇ ਪਾਏ ਲਿਖਦੇ ਹਨ। ਪਰ ਇਸੇ ਲੇਖ ਵਿੱਚ ਉਹ ਇਹ ਵੀ ਮੰਨਦੇ ਹਨ ਕਿ ਮਾਤਾ ਸਾਹਿਬ ਕੌਰ ਦਾ ਵਿਆਹ 1700 ਈ. ਨੂੰ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਇਆ। ਇਸੇ ਲੇਖ ਉਪਰ ਦਿੱਤੀ ਤਸਵੀਰ ਹੇਠਾਂ ਦਿੱਤੀ ਕੈਪਸ਼ਨ "ਪਤਾਸੇ ਪਾਉਂਦੀ ਹੋਈ ਮਾਤਾ ਸਾਹਿਬ ਕੌਰ" ਦਿਖਾਈ ਹੈ। ਹੋ ਸਕਦਾ ਹੈ ਉਹ ਚਾਵਲਾ ਜੀ ਦੀ ਲਿਖਤ ਨਾ ਹੋਵੇ ਸਗੋਂ ਸੰਪਾਦਕ ਦੀ ਆਪਣੇ ਵਲੋਂ ਦਿੱਤੀ ਜਾਣਕਾਰੀ ਹੋਵੇ।

ਸਾਹਿਬ ਕੌਰ ਦੇ ਗੁਰੂ ਗੋਬਿੰਦ ਸਿੰਘ ਜੀ ਨਾਲ ਅਨੰਦ ਕਾਰਜ ਬਾਰੇ ਕਵੀ ਸੈਨਾਪਤੀ 'ਸ੍ਰੀ ਗੁਰੂ ਸੋਭਾ ਗ੍ਰੰਥ' ਸੰਪਾਦਿਤ ਡਾ. ਗੰਡਾ ਸਿੰਘ ਵਿੱਚ ਲਿਖਦਾ ਹੈ ਕਿ, "ਜਦੋਂ ਗੁਰੂ ਗੋਬਿੰਦ ਸਿੰਘ ਜੀ ਦੱਖਣ ਵੱਲ ਕੂਚ ਕਰਦੇ-ਕਰਦੇ ਰਾਜਪੁਤਾਨੇ ਪੁੱਜੇ ਤਾਂ ਕੁਝ ਸਿੱਖਾਂ ਦੇ ਕਹਿਣ ਤੇ ਉਹਨਾਂ ਦਾ ਅਨੰਦ ਕਾਰਜ ਕਰਵਾਇਆ ਗਿਆ, ਕਿਉਂਕਿ ਮਾਤਾ ਸਾਹਿਬ ਕੌਰ ਦੇ ਜੀਵਨ ਬਾਰੇ ਭੁਲੇਖੇ ਮੁੱਢ ਤੋਂ ਹੀ ਪੈਣੇ ਸ਼ੁਰੂ ਹੋ ਗਏ ਸਨ।"

ਅਨੰਦਪੁਰ ਸਾਹਿਬ ਗੁਰੂ ਕੇ ਮਹਿਲ ਬਣਨ ਪਿਛੋਂ ਉਹਨਾਂ ਦੇ ਨਿੱਤ-ਕਰਮ ਬਾਰੇ ਲਿਖਿਆ ਮਿਲਦਾ ਹੈ ਕਿ ਵਿਆਹ ਪਿਛੋਂ ਗੁਰੂ ਕੇ ਮਹਿਲਾਂ ਵਿੱਚ ਪਹੁੰਚਦਿਆਂ ਹੀ ਮਾਤਾ ਜੀ ਨੇ ਪ੍ਰਣ ਕਰ ਲਿਆ ਸੀ ਕਿ ਉਹ ਗੁਰਦੇਵ ਪਤੀ ਦੇ ਦਰਸ਼ਨ ਕੀਤੇ ਬਿਨਾਂ ਅੰਨ ਜਲ ਮੂੰਹ ਨਹੀਂ ਲਗਾਣਾ। 1704 ਈ. ਵਿੱਚ ਅਨੰਦਪੁਰ ਦਾ ਕਿਲ੍ਹਾ ਛੱਡਣ ਤੇ ਸਰਸਾ ਨਦੀ ਤੇ ਪਰਿਵਾਰ ਵਿਛੋੜੇ ਤੱਕ ਆਪ ਇਸ ਪ੍ਰਣ ਤੇ ਕਾਇਮ ਰਹੇ। ਜਿਸ ਦਿਨ ਆਪ ਗੁਰੂ

ਗੋਬਿੰਦ ਸਿੰਘ ਜੀ ਦੇ ਦਰਸ਼ਨ ਨਾ ਕਰ ਸਕਦੇ, ਉਸ ਦਿਨ ਅੰਨ ਜਲ ਦਾ ਸੇਵਨ ਨਹੀਂ ਸਨ ਕਰਦੇ। ਆਪ ਮਾਤਾ ਗੁਜਰੀ ਜੀ ਤੇ ਸਿੱਖ ਸੰਗਤਾਂ ਦੀ ਸੇਵਾ ਕਰਕੇ ਬੇਹੱਦ ਖ਼ੁਸ਼ੀ ਮਹਿਸੂਸ ਕਰਦੇ। ਮਾਤਾ ਜੀ ਦਾ ਬਹੁਤਾ ਸਮਾਂ ਨਾਮ ਸਿਮਰਨ, ਮਾਤਾ ਗੁਜਰੀ ਜੀ ਦੀ ਸੇਵਾ ਅਤੇ ਗੁਰੂ ਦਰਸ਼ਨ ਨੂੰ ਆਈਆਂ ਸੰਗਤਾਂ ਦੀ ਸੇਵਾ ਤੇ ਦੇਖਭਾਲ ਵਿੱਚ ਜੁਟੇ ਰਹਿੰਦੇ, ਹਮੇਸ਼ਾ ਨਿਤਾਪ੍ਰਤੀ ਇਸ ਕੰਮ ਵਿੱਚ ਇਹਨਾਂ ਦਾ ਸਮਾਂ ਬੀਤਦਾ। ਮਾਤਾ ਸਾਹਿਬ ਕੌਰ ਜੀ ਮਾਤਾ ਸੁੰਦਰੀ (ਸੁੰਦਰ ਕੌਰ) ਜੀ ਨੂੰ ਵੱਡੀ ਭੈਣ ਸਮਝਦੇ ਸੀ, ਉਹਨਾਂ ਦਾ ਸਤਿਕਾਰ ਕਰਦੇ। ਆਪ ਦਾ ਚਿਹਰਾ ਹਸੂੰ ਹਸੂੰ ਕਰਦਾ ਤੇ ਫੁੱਲਾਂ ਵਾਂਗ ਖਿੜਿਆ ਰਹਿੰਦਾ। ਘਰ ਵਿੱਚ ਛੋਟੀ ਨੂੰਹ ਹੋਣ ਕਰਕੇ ਮਾਤਾ ਗੁਜਰੀ ਜੀ ਦਾ ਆਪ ਨਾਲ ਅਥਾਹ ਪਿਆਰ ਸੀ। ਮਾਤਾ ਸਾਹਿਬ ਕੌਰ ਹਮੇਸ਼ਾ ਗੁਰੂ ਘਰ ਦੇ ਸੇਵਾਦਾਰਾਂ ਤੇ ਟਹਿਲਣਾਂ ਨਾਲ ਹਮਦਰਦੀ ਨਾਲ ਪੇਸ਼ ਆਉਂਦੇ।

ਮਾਤਾ ਸਾਹਿਬ ਕੌਰ ਨੂੰ ਖ਼ਾਲਸੇ ਦੀ ਮਾਤਾ ਹੋਣ ਦਾ ਵਰ ਮਿਲਣ ਬਾਰੇ ਡਾ. ਹਰਬੰਸ ਸਿੰਘ ਚਾਵਲਾ ਲਿਖਦੇ ਹਨ : "ਮਾਤਾ ਸਾਹਿਬ ਕੌਰ ਦੁਆਰਾ ਸੰਤਾਨ ਦੀ ਲਾਲਸਾ ਪ੍ਰਗਟ ਕਰਨਾ, ਗੁਰੂ ਜੀ ਵਲੋਂ ਖ਼ਾਲਸਾ ਪੁੱਤਰ ਉਹਨਾਂ ਦੀ ਝੋਲੀ ਵਿੱਚ ਪਾ ਦੇਣਾ, ਦਰਅਸਲ ਗੁਰੂ ਜੀ ਵਲੋਂ ਮਿਥੇ ਨਿਸ਼ਾਨੇ ਦਾ ਮਹੱਤਵ ਪੂਰਨ ਅੰਗ ਸੀ। ਜੁਗਾਂ-ਜੁਗਾਂਤਰਾਂ ਤਕ ਕਾਇਮ ਰਹਿਣ ਵਾਲੇ, ਖ਼ਾਲਸਾ ਪੁੱਤਰ ਦੀ ਮਾਂ ਕੋਈ ਆਦਰਸ਼ਕ ਪਤਨੀ ਹੀ ਹੋ ਸਕਦੀ ਸੀ। ਇਹ ਮਾਣ ਮਾਤਾ ਸਾਹਿਬ ਕੌਰ ਨੂੰ ਬਖ਼ਸ਼ ਕੇ ਸਦਾ ਸਦਾ ਲਈ ਪੁੱਤਰਾਂ ਵਾਲੀ ਬਣਾ ਦਿੱਤਾ ਸੀ। ਕਿਸੇ ਨੇ ਇਸ ਘਟਨਾ ਨੂੰ ਅਨੰਦਪੁਰ, ਕਿਸੇ ਨੇ ਦਿੱਲੀ ਅਤੇ ਕਿਸੇ ਨੇ ਤਲਵੰਡੀ ਸਾਬੋ ਦਮਦਮਾ ਸਾਹਿਬ ਵਿਖੇ ਹੋਈ ਲਿਖਿਆ ਹੈ। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਕਦੋਂ ਨਾਦੀ-ਪੁੱਤਰ ਖ਼ਾਲਸਾ ਮਾਤਾ ਜੀ ਦੀ ਝੋਲੀ ਪਾਇਆ, ਇਸ ਬਾਰੇ ਕੋਈ ਇਕ ਤਿਥੀ ਨੀਯਤ ਕਰ ਸਕਣੀ ਸੰਭਵ ਨਹੀਂ।"

ਗਿਆਨੀ ਹਰੀ ਸਿੰਘ ਚੰਡੀਗੜ੍ਹ ਇਹ ਘਟਨਾ ਅਨੰਦਪੁਰ ਵਿੱਚ ਹੋਈ ਇਸ ਤਰ੍ਹਾਂ ਬਿਆਨ ਕਰਦੇ ਹਨ : "ਇਕ ਦਿਨ ਗੁਰੂ ਜੀ ਮਹਿਲੀਂ ਆਏ, ਜਦੋਂ ਪਲੰਘ ਕੋਲ ਬੈਠੇ ਤਾਂ ਉਹਨਾਂ ਦੇ ਚਰਨਾਂ ਕੋਲ ਬੈਠ ਕੇ ਸਾਹਿਬ ਕੌਰ ਰੋਣ ਲੱਗ ਪਈ। ਗੁਰੂ ਜੀ ਨੇ ਦਿਲਾਸਾ ਦੇ ਕੇ ਪੁੱਛਿਆ ਕਿ, "ਕੀ ਗੱਲ ਹੈ, ਖੁਲ੍ਹ ਕੇ ਦੱਸ ਰੋਣ ਦੀ ਕੀ ਗੱਲ ਹੈ ?" ਮਾਤਾ ਜੀ ਨੇ ਕਿਹਾ ਕਿ, "ਮੇਰੀ ਇਹ ਰੀਝ ਹੈ ਕਿ ਮੈਨੂੰ ਇਕ ਪੁੱਤਰ ਦੀ ਦਾਤ ਬਖ਼ਸ਼ ਦਿਉ।" ਦਸਮੇਸ਼ ਪਿਤਾ ਇਹ ਬੇਨਤੀ ਸੁਣ ਕੇ ਹੱਸ ਪਏ ਅਤੇ ਕਿਹਾ, "ਭਲੀਏ ਲੋਕੇ ਇਹ ਸੰਸਾਰਕ ਕੱਚੀ ਤੰਦ ਲਈ ਪ੍ਰਣ ਨਹੀਂ ਤੋੜਿਆ ਜਾ ਸਕਦਾ, ਪਰ ਤੇਰੀ ਇੱਛਾ ਵੀ ਟਾਲੀ ਨਹੀਂ ਜਾਂਦੀ, ਇਸ ਲਈ ਮੈਂ ਆਪਣਾ ਧਰਮ ਪੁੱਤਰ ਖ਼ਾਲਸਾ ਪੰਥ ਤੇਰੀ ਝੋਲੀ ਵਿੱਚ ਪਾਉਂਦਾ ਹਾਂ, ਜੋ ਸਦਾ ਅਮਰ ਰਹੇਗਾ ਤੇ ਉਸ ਨਾਲ ਤੇਰਾ ਨਾਂ ਵੀ ਅਟੱਲ ਰਹੇਗਾ।" ਮਹਿਲਾਂ ਤੋਂ ਪਰਤ ਕੇ ਦਸਮੇਸ਼ ਪਿਤਾ ਸਜੇ ਹੋਏ ਦੀਵਾਨ ਵਿੱਚ ਆਏ ਸਮੂਹ ਸੰਗਤ ਵਿੱਚ ਐਲਾਨ ਕੀਤਾ ਕਿ, "ਅੱਜ ਤੋਂ ਹਰੇਕ ਅੰਮ੍ਰਿਤਧਾਰੀ ਸਿੰਘ ਦੀ ਮਾਤਾ ਸਾਹਿਬ ਕੌਰ ਜੀ ਹੋਣਗੇ। ਪੰਥ ਉਹਨਾਂ ਦੀ ਗੋਦੀ ਵਿੱਚ ਪਾ ਦਿੱਤਾ ਹੈ। ਅੱਜ ਤੋਂ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਆਪਾ ਵਾਰਨ ਦਾ ਪ੍ਰਣ ਲੈਣ ਵਾਲੇ ਸਿੰਘਾਂ ਨੂੰ ਦਸਿਆ ਜਾਵੇ ਕਿ ਉਹਨਾਂ ਦੀ ਧਰਮ ਮਾਤਾ ਸਾਹਿਬ ਕੌਰ ਹੈ।" ਗੁਰੂ ਸਾਹਿਬ ਦਾ ਹੁਕਮ ਸੁਣ ਕੇ ਸੰਗਤਾਂ ਨੇ ਜੈਕਾਰੇ ਗਜਾਏ ਅਤੇ ਅਰਦਾਸ ਕੀਤੀ ਕਿ ਜਦ ਤੱਕ ਖ਼ਾਲਸਾ ਕਾਇਮ ਰਹੇਗਾ, ਉਸ ਨੂੰ ਆਪਣੀ ਧਰਮ-ਮਾਤਾ ਦਾ ਪਿਆਰ ਤੇ

ਅਸ਼ੀਰਵਾਦ ਪ੍ਰਾਪਤ ਰਹੇਗਾ। ਸੰਗਤ ਨੇ ਉੱਠ ਕੇ ਮਾਤਾ ਅੱਗੇ ਸੀਸ ਝੁਕਾਇਆ। ਗੁਰੂ ਸਾਹਿਬ ਜੀ ਦੇ ਇਸ ਹੁਕਮ ਸਦਕਾ ਅੱਜ ਤੱਕ ਪੰਜ ਪਿਆਰੇ ਜਦੋਂ ਸਿੱਖ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਖ਼ਾਲਸਾ ਰੂਪ ਦਿੰਦੇ ਹਨ ਅਤੇ ਗੁਰੂ ਮਰਿਆਦਾ ਦਸਦੇ ਹਨ, ਨਾਲ ਹੀ ਇਹ ਕਹਿੰਦੇ ਹਨ ਕਿ ਅੱਜ ਤੋਂ ਉਨ੍ਹਾਂ ਦੇ ਪਿਤਾ ਗੁਰੂ ਗੋਬਿੰਦ ਸਿੰਘ ਅਤੇ ਮਾਤਾ ਸਾਹਿਬ ਕੌਰ ਜੀ ਹਨ ਤੇ ਉਨ੍ਹਾਂ ਦਾ ਜਨਮ ਅਨੰਦਪੁਰ ਸ਼ਹਿਰ ਦਾ ਹੈ।"

ਜਦੋਂ 1704 ਈ. ਨੂੰ ਗੁਰੂ ਪਰਿਵਾਰ ਅਨੰਦਪੁਰ ਛੱਡ ਕੇ ਸਰਸਾ ਨਦੀ ਦੇ ਕੰਢੇ ਪਹੁੰਚਿਆ ਤਾਂ ਚੁਫੇਰਿਉਂ ਦੁਸ਼ਮਣਾਂ ਦੇ ਹਮਲੇ ਨੂੰ ਦੇਖਦਿਆਂ ਰਾਤ ਦੇ ਹਨੇਰੇ ਵਿੱਚ ਪਰਿਵਾਰ ਸਰਸਾ ਨਦੀ ਪਾਰ ਕਰਦਿਆਂ ਕਈ ਹਿੱਸਿਆਂ ਵਿੱਚ ਵੰਡਿਆ ਗਿਆ। ਚਾਵਾਂ ਮਲਾਰਾਂ ਤੇ ਲਾਡਾਂ-ਮਲਾਰਾਂ ਨਾਲ ਪੱਲੇ ਤੇ ਸੁਖੀ ਜੀਵਨ ਗੁਜ਼ਾਰਨ ਵਾਲੇ ਮਾਤਾ ਸਾਹਿਬ ਕੌਰ ਤੇ ਮਾਤਾ ਸੁੰਦਰ ਕੌਰ ਜੀ ਲਈ ਪੋਹ ਦੀ ਕੜਾਕੇ ਭਰੀ ਠੰਡ ਸਰਸਾ ਨਦੀ ਵਿੱਚ ਆਏ ਹੜ੍ਹ ਅਤੇ ਪਿੱਛਾ ਕਰਦੇ ਵੈਰੀਆਂ ਕਾਰਨ ਇਹ ਕਹਿਰ ਭਰਿਆ ਦਿਨ ਸੀ। ਇਸ ਭਿਆਨਕ ਵਾਤਾਵਰਨ ਵਿੱਚ ਉਹਨਾਂ ਨੇ ਸਿੱਖਾਂ ਦੀ ਮਦਦ ਨਾਲ ਨਦੀ ਪਾਰ ਕੀਤੀ ਤੇ ਉਹ ਅਗੋਂ ਕਿਧਰ ਜਾਣ ਬਾਰੇ ਸੋਚ ਰਹੇ ਸਨ ਕਿ ਇਕ ਸਿੱਖ ਧੰਨਾ ਸਿੰਘ ਉਥੇ ਆ ਗਿਆ, ਉਹ ਸੈਦ ਬਰਾਦਰੀ ਨਾਲ ਸਬੰਧ ਰੱਖਦਾ ਸੀ। ਉਸ ਨੇ ਗੁਰੂ ਜੀ ਤੋਂ ਸੇਵਾ ਦੀ ਮੰਗ ਕੀਤੀ ਤਾਂ ਉਹਨਾਂ ਨੇ ਕਿਹਾ ਕਿ, "ਤੁਸੀਂ ਦੋਵੇਂ ਮਹਿਲਾਂ ਨੂੰ ਆਪਣੇ ਨਾਲ ਰੋਪੜ ਲੈ ਜਾਉ ਅਤੇ ਠੀਕ ਸਮਾਂ ਦੇਖ ਕੇ ਇਨ੍ਹਾਂ ਨੂੰ ਦਿੱਲੀ ਪਹੁੰਚਾਉਣ ਦਾ ਪ੍ਰਬੰਧ ਕਰਨਾ।" ਇਕ ਰਾਤ ਰੋਪੜ ਠਹਿਰ ਕੇ ਦੂਜੇ ਦਿਨ ਉਹ ਸਾਰੇ ਇਕ ਬੈਲ ਗੱਡੀ ਲੈ ਕੇ ਉਸ ਵਿੱਚ ਮਾਤਾਵਾਂ ਸੁੰਦਰ ਕੌਰ ਤੇ ਸਾਹਿਬ ਕੌਰ ਅਤੇ ਦੋ ਦਾਸੀਆਂ ਤੇ ਭਾਈ ਮਨੀ ਸਿੰਘ ਸਮੇਤ ਦਿੱਲੀ ਵੱਲ ਚਲ ਪਏ।

ਕੁਝ ਇਤਿਹਾਸਕ ਲਿਖਤਾਂ ਅਨੁਸਾਰ 1704 ਵਿੱਚ ਗੁਰੂ ਜੀ ਤੇ ਮੁਗਲ ਸਰਕਾਰ ਵਿਚਕਾਰ ਚੱਲ ਰਹੀ ਗੱਲਬਾਤ ਦੌਰਾਨ ਮੁਗਲ ਬਾਦਸ਼ਾਹ ਨੇ ਗੁਰੂ ਜੀ ਨੂੰ ਦਿੱਲੀ ਦੇ ਦੋ ਸਿੱਖਾਂ ਰਾਹੀਂ ਸੁਨੇਹਾ ਭੇਜਿਆ ਕਿ ਤੁਸੀਂ ਗੱਲਬਾਤ ਲਈ ਆਪਣੇ ਪ੍ਰਤੀਨਿਧ ਦਿੱਲੀ ਭੇਜੋ, ਸਬੰਧਤ ਮਸਲਿਆਂ ਦੇ ਨਿਪਟਾਰੇ ਲਈ ਗੱਲਬਾਤ ਕੀਤੀ ਜਾ ਸਕੇ। ਇਹ ਸੁਨੇਹਾ ਲਿਆਉਣ ਵਾਲੇ ਸਰਸਾ ਨਦੀ ਦੇ ਕੰਢੇ ਹੀ ਗੁਰੂ ਜੀ ਨੂੰ ਮਿਲੇ ਤੇ ਉਹਨਾਂ ਹਕੂਮਤ ਨਾਲ ਗੱਲਬਾਤ ਲਈ ਦੋਵੇਂ ਮਾਤਾਵਾਂ ਤੇ ਭਾਈ ਮਨੀ ਸਿੰਘ ਨੂੰ ਦਿੱਲੀ ਭੇਜਣ ਦੀ ਆਗਿਆ ਕੀਤੀ ਤੇ ਹੁਕਮ ਕੀਤਾ ਕਿ ਭਾਈ ਮਨੀ ਸਿੰਘ ਹਕੂਮਤ ਨਾਲ ਗੱਲਬਾਤ ਕਰਨਗੇ ਤੇ ਮਾਤਾਵਾਂ ਕਿਸੇ ਸਮਝੌਤੇ ਤੇ ਮੋਹਰ ਲਾਉਣਗੀਆਂ, ਪਰ ਉਹ ਰਾਜ ਦਰਬਾਰ ਵਿੱਚ ਨਹੀਂ ਜਾਣਗੀਆਂ। ਇਸ ਅਨੁਸਾਰ ਹੀ ਗੁਰੂ ਜੀ ਨੇ ਸਰਸਾ ਨਦੀ ਪਾਰ ਕਰਕੇ ਮਾਤਾਵਾਂ ਨੂੰ ਦਿੱਲੀ ਪਹੁੰਚਾਉਣ ਦਾ ਆਦੇਸ਼ ਦਿੱਤਾ।

'ਗੁਰ ਪ੍ਰਣਾਲੀ' ਕਿਰਤ ਕਵੀ ਗੁਲਾਬ ਸਿੰਘ ਅਨੁਸਾਰ ਦੋਵੇਂ ਮਾਤਾਵਾਂ ਪਹਿਲਾਂ ਦਿੱਲੀ ਵਿੱਚ ਇਕ ਸਿੱਖ ਦੇ ਘਰ, ਪੰਡਤ ਕੂਚਾ ਪਿੱਪਲ ਵਾਲੀ ਗਲੀ ਵਿੱਚ ਠਹਿਰੀਆਂ ਤੇ ਫਿਰ ਅਜਮੇਰੀ ਗੇਟ ਨੇੜੇ ਕੂਚਾ ਦਿਲਵਾਲੀ ਸਿੰਘ ਵਿੱਚ ਰਿਹਾਇਸ਼ ਰੱਖੀ। ਇਥੇ ਸਿੱਖ ਸੰਗਤਾਂ ਮਾਤਾਵਾਂ ਦੇ ਦਰਸ਼ਨ ਕਰਨ ਲਈ ਆਉਣ ਲੱਗ ਪਈਆਂ। ਮਾਤਾਵਾਂ ਨੂੰ ਖੁਲ੍ਹੀ ਥਾਂ ਦੀ ਲੋੜ ਸੀ, ਇਸ ਲਈ ਦਿੱਲੀ ਦੀ ਸਿੱਖ ਸੰਗਤ ਨੇ ਦਿੱਲੀ ਦੀ ਚਾਰਦੀਵਾਰੀ ਤੋਂ ਬਾਹਰ ਤੁਰਕਮਾਨ ਗੇਟ ਦੇ ਸਾਹਮਣੇ ਖੁਲ੍ਹੀ ਥਾਂ ਖ਼ਰੀਦ ਕੇ ਉਥੇ ਮਾਤਾਵਾਂ ਦੀ ਰਿਹਾਇਸ਼ ਲਈ ਲਾਲ ਪੱਥਰ ਦੀ ਪੱਕੀ ਹਵੇਲੀ ਬਣਵਾ ਦਿੱਤੀ। ਅਗਲੇ ਚਾਲ੍ਹੀ ਸਾਲ ਦੋਵੇਂ ਮਾਤਾਵਾਂ ਇਸੇ ਹਵੇਲੀ ਵਿੱਚ

ਹੀ ਆਪਣੀ ਜਗਤ ਫੇਰੀ ਦੀ ਸੰਪੂਰਨਤਾ ਤੱਕ ਰਹੀਆਂ। ਅੱਜ ਕਲ੍ਹ ਉਸੇ ਹਵੇਲੀ ਦੇ ਅਸਥਾਨ ਤੇ ਸ਼ਾਨਦਾਰ ਗੁਰਦੁਆਰਾ ਮਾਤਾ ਸੁੰਦਰੀ ਬਣਿਆ ਹੋਇਆ ਹੈ। ਇਸ ਅਸਥਾਨ ਤੇ ਰਿਹਾਇਸ਼ ਰੱਖ ਕੇ ਇਹ ਮਾਤਾਵਾਂ ਗੁਰੂ ਜੀ ਤੋਂ ਪਿਛੋਂ ਖ਼ਾਲਸਾ ਪੰਥ ਦੀ ਹਰ ਸੰਕਟ ਸਮੇਂ ਅਗਵਾਈ ਕਰਦੀਆਂ ਰਹੀਆਂ। ਕੁਝ ਸਮੇਂ ਪਿਛੋਂ ਮਾਤਾਵਾਂ ਨੂੰ ਸੂਚਨਾ ਮਿਲੀ ਕਿ ਉਹਨਾਂ ਦੇ ਗੁਰਦੇਵ ਪਤੀ ਗੁਰੂ ਗੋਬਿੰਦ ਸਿੰਘ ਜੀ ਮਾਲਵੇ ਵਿੱਚ ਖਿਦਰਾਣੇ ਦੀ ਢਾਬ ਦੀ ਜੰਗ ਜਿੱਤ ਕੇ ਸਾਬੋ ਕੀ ਤਲਵੰਡੀ ਵਿੱਚ ਹਨ, ਤਾਂ ਇਹ ਦੋਵੇਂ ਭਾਈ ਮਨੀ ਸਿੰਘ ਨੂੰ ਨਾਲ ਲੈ ਕੇ ਦਰਸ਼ਨ ਕਰਨ ਤੇ ਬੀਤੇ ਸਮੇਂ ਦੇ ਸਮਾਚਾਰ ਜਾਣਨ ਲਈ ਦਿੱਲੀ ਤੋਂ ਸਾਬੋ ਕੀ ਤਲਵੰਡੀ, ਵਰਤਮਾਨ ਦਮਦਮਾ ਸਾਹਿਬ ਦੇ ਅਸਥਾਨ 'ਤੇ ਪਹੁੰਚੀਆਂ। ਗੁਰਦੇਵ ਪਤੀ ਤੋਂ ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਸਮਾਚਾਰ ਸੁਣ ਕੇ ਮਾਂ ਦਿਲ ਉਦਾਸ ਹੋ ਕੇ ਵਿਛੋੜੇ ਦੀ ਤੜਪ ਨਾਲ ਬਹਿਬਲ ਹੋ ਉਠਿਆ। ਤਾਂ ਗੁਰੂ ਜੀ ਨੇ ਮਾਤਾਵਾਂ ਨੂੰ ਧੀਰਜ ਦਿੱਤਾ ਅਤੇ ਜੋ ਬਚਨ ਆਖੇ ਉਹ ਇਕ ਕਵੀ ਅਨੁਸਾਰ ਇਸ ਤਰ੍ਹਾਂ ਹਨ :

ਚਾਰੇ ਲਾਲ (ਤੁਹਾਡੇ) ਤੇਰੇ ਹੱਥੀਂ ਬੰਨ ਸਿਹਰੇ
ਲਾੜੀ ਮੌਤ ਦੇ ਨਾਲ ਪਰਨਾ ਆਇਆਂ।
ਸੀਗਾ ਕੌਣ ਤੁਹਾਡਾ ਅਤੇ ਕੌਣ ਮੇਰਾ,
ਜਿਸ ਦੀ ਵਸਤੂ ਉਸ ਪਾਸ ਪਹੁੰਚਾ ਆਇਆ।

ਮਾਤਾ ਸਾਹਿਬ ਕੌਰ ਦੀ ਇੱਛਾ ਸੀ ਕਿ ਉਹ ਇਥੇ ਹੀ ਗੁਰੂ ਜੀ ਦੀ ਸੇਵਾ ਵਿੱਚ ਰਹਿਣ ਪਰ ਗੁਰੂ ਜੀ ਨੇ ਉਹਨਾਂ ਨੂੰ ਆਦੇਸ਼ ਦਿੱਤਾ ਕਿ ਜਿਸ ਕਾਰਜ ਦੀ ਪੂਰਤੀ ਲਈ ਤੁਹਾਨੂੰ ਦਿੱਲੀ ਭੇਜਿਆ ਗਿਆ ਸੀ, ਉਸ ਲਈ ਤੁਸੀਂ ਉਥੇ ਰਹਿ ਕੇ ਹੀ ਸੇਵਾ ਕਰੋ। ਇਸ ਤੇ ਦੋਵੇਂ ਮਾਤਾਵਾਂ ਮੁੜ ਦਿੱਲੀ ਆਪਣੀ ਹਵੇਲੀ ਆ ਗਈਆਂ।

ਗੁਰੂ ਗੋਬਿੰਦ ਸਿੰਘ ਜੀ ਦੇ ਔਰੰਗਜ਼ੇਬ ਨੂੰ ਲਿਖੇ ਫ਼ਾਰਸੀ ਦੇ ਪੱਤਰ ਜ਼ਫ਼ਰਨਾਮੇ ਨੇ ਔਰੰਗਜ਼ੇਬ ਬਾਦਸ਼ਾਹ ਦੇ ਦਿਲ ਤੇ ਸਿੱਧਾ ਅਸਰ ਕੀਤਾ ਤੇ ਉਹਨੂੰ ਆਪਣੀਆਂ ਗਲਤੀਆਂ ਦਾ ਅਹਿਸਾਸ ਹੋਇਆ। ਭਾਈ ਦਇਆ ਸਿੰਘ ਰਾਹੀਂ ਬਾਦਸ਼ਾਹ ਨੇ ਦੱਖਣ ਤੋਂ ਹੀ ਗੁਰੂ ਜੀ ਨੂੰ ਸੱਦਾ ਦਿੱਤਾ ਕਿ ਉਹ ਮਿਲਣ ਲਈ ਆਉਣ। ਗੁਰੂ ਜੀ ਔਰੰਗਜ਼ੇਬ ਨੂੰ ਮਿਲਣ ਲਈ ਸਾਬੋ ਕੀ ਤਲਵੰਡੀ ਤੋਂ ਚਲ ਪਏ। ਇਹ ਗੱਲ 1707 ਦੇ ਮੁਢਲੇ ਦਿਨਾਂ ਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੱਖਣ ਵੱਲ ਜਾਂਦਿਆਂ ਰਾਜਪੁਤਾਨੇ ਵਿਚੋਂ ਲੰਘ ਰਹੇ ਸਨ ਤਾਂ ਉਹਨਾਂ ਨੂੰ ਖ਼ਬਰ ਮਿਲੀ ਕਿ ਔਰੰਗਜ਼ੇਬ ਮਰ ਗਿਆ ਹੈ ਤੇ ਉਸ ਦੇ ਪੁੱਤਰਾਂ ਵਿਚਕਾਰ ਰਾਜ ਭਾਗ ਦੇ ਕਬਜ਼ੇ ਲਈ ਤਨਾਅ ਵਧ ਗਿਆ ਹੈ। ਬਹਾਦਰ ਸ਼ਾਹ ਗੁਰੂ ਜੀ ਦਾ ਪ੍ਰੇਮੀ ਤੇ ਮਿੱਤਰ ਸੀ, ਉਹਨੇ ਗੁਰੂ ਜੀ ਨੂੰ ਸੱਦਾ ਭੇਜਿਆ ਕਿ ਤੁਸੀਂ ਤੁਰੰਤ ਦਿੱਲੀ ਆਉ। ਇਸ ਤਰ੍ਹਾਂ ਗੁਰੂ ਜੀ ਰਾਜਪੁਤਾਨੇ ਤੋਂ ਹੀ ਦਿੱਲੀ ਵੱਲ ਆ ਗਏ। ਗੁਰੂ ਜੀ ਨਾਲ ਉਸ ਵੇਲੇ ਪੰਜ ਸੌ ਸਿੰਘਾਂ ਦਾ ਘੋੜਸਵਾਰ ਜੱਥਾ ਸੀ। ਦਿੱਲੀ ਤੋਂ ਪੰਜ ਕੁ ਮੀਲ ਬਾਹਰਵਾਰ ਗੁਰੂ ਜੀ ਦੇ ਸ਼ਰਧਾਲੂ ਮੋਤੀ ਸ਼ਾਹ ਦਾ ਪਿੰਡ ਸੀ, ਜਿਸ ਪਾਸ ਖੁਲ੍ਹੀ ਜ਼ਮੀਨ ਤੇ ਲੋੜੀਂਦੇ ਸਾਧਨ ਹੋਣ ਕਾਰਨ ਗੁਰੂ ਜੀ ਉਹਦੀ ਹਵੇਲੀ ਵਿੱਚ ਠਹਿਰ ਗਏ ਤੇ ਨਾਲ ਦੇ ਖੁਲ੍ਹੇ ਮੈਦਾਨ ਵਿੱਚ ਘੋੜਸਵਾਰ ਜੱਥੇ ਦੇ ਠਹਿਰਣ ਦਾ ਪ੍ਰਬੰਧ ਹੋ ਗਿਆ। ਇਥੋਂ ਹੀ ਗੁਰੂ ਜੀ ਨੇ ਤੀਰ ਛੱਡ ਕੇ ਬਹਾਦਰ ਸ਼ਾਹ ਨੂੰ ਲਾਲ ਕਿਲ੍ਹੇ ਵਿੱਚ ਆਪਣੇ ਪਹੁੰਚਣ ਦੀ ਸੂਚਨਾ ਦਿੱਤੀ। ਅੱਜ ਗੁਰੂ ਚਰਨਾਂ ਦੀ ਛੋਹ ਪ੍ਰਾਪਤ ਉਸ ਥਾਂ 'ਤੇ ਇਤਿਹਾਸਕ ਗੁਰਦੁਆਰਾ ਮੋਤੀ

ਬਾਗ ਹੈ। ਇਹ ਗੁਰਦੁਆਰਾ ਨਵੀਂ ਦਿੱਲੀ ਵਿੱਚ ਰਿੰਗ ਰੋਡ 'ਤੇ ਸਥਿਤ ਹੈ।

ਮਾਤਾ ਸਾਹਿਬ ਕੌਰ ਤੇ ਮਾਤਾ ਸੁੰਦਰ ਕੌਰ ਦਿੱਲੀ ਦੀ ਸਿੱਖ ਸੰਗਤ ਸਮੇਤ ਮੋਤੀ ਸ਼ਾਹ ਦੀ ਹਵੇਲੀ ਵਿੱਚ ਗੁਰੂ ਸਾਹਿਬ ਦੇ ਦਰਸ਼ਨ ਕਰਨ ਪਹੁੰਚੇ ਤੇ ਉਹਨਾਂ ਨੂੰ ਬੇਨਤੀ ਕੀਤੀ ਕਿ, "ਤੁਸੀਂ ਸਾਡੀ ਹਵੇਲੀ ਵਿੱਚ ਆ ਕੇ ਠਹਿਰੋ।" ਪਰ ਗੁਰੂ ਜੀ ਨੇ ਸਮਝਾਇਆ ਕਿ, "ਉਹਨਾਂ ਨਾਲ ਘੋੜਸਵਾਰਾਂ ਦਾ ਜੋ ਵੱਡਾ ਜੱਥਾ ਹੈ, ਉਹਨੂੰ ਉਥੇ ਨਹੀਂ ਠਹਿਰਾਇਆ ਜਾ ਸਕਦਾ। ਅਸੀਂ ਸਿੰਘਾਂ ਦੇ ਨਾਲ ਹੀ ਉਥੇ ਠਹਿਰਾਂਗੇ। ਜਦ ਸਮਾਂ ਮਿਲਿਆ ਤਾਂ ਆਉਂਦੇ ਜਾਂਦੇ ਤੁਹਾਡੇ ਨਿਵਾਸ ਅਸਥਾਨ ਤੇ ਹੋ ਜਾਵਾਂਗੇ। ਤੁਸੀਂ ਹਰ ਦੂਜੇ ਚੌਥੇ ਦਿਨ ਇੱਥੇ ਸੰਗਤ ਸਮੇਤ ਆਉਂਦੇ ਰਹਿਣਾ।"

ਬਹਾਦਰ ਸ਼ਾਹ ਨੇ ਗੁਰੂ ਜੀ ਦੀ ਮਦਦ ਨਾਲ ਦਿੱਲੀ ਦਾ ਰਾਜਭਾਗ ਸੰਭਾਲ ਲਿਆ। ਗੁਰੂ ਜੀ ਨੂੰ ਦਿੱਲੀ ਦਰਬਾਰ ਵਿੱਚ ਸੱਦ ਕੇ ਸਨਮਾਨਤ ਕੀਤਾ। ਅਨੰਦਪੁਰ ਵਿੱਚ ਹੋਏ ਨੁਕਸਾਨ ਬਦਲੇ ਸੱਤ ਲੱਖ ਰੁਪਿਆ ਮੁਆਵਜ਼ਾ ਦੇਣ ਦਾ ਫ਼ੈਸਲਾ ਕੀਤਾ, ਪਰ ਗੁਰੂ ਜੀ ਨੇ ਉਹ ਰਕਮ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਬਹਾਦਰ ਸ਼ਾਹ ਨੂੰ ਕਿਹਾ ਕਿ, "ਸਿੱਖਾਂ ਨਾਲ ਮੁਗਲ ਰਾਜ ਵਿੱਚ ਜੋ ਅਤਿਆਚਾਰ ਹੋਏ ਹਨ, ਉਹਨਾਂ ਦੇ ਜ਼ਿੰਮੇਵਾਰਾਂ ਨੂੰ ਪਹਿਲੇ ਸਜ਼ਾ ਦਿੱਤੀ ਜਾਏ ਤੇ ਜਨਤਾ ਦੀਆਂ ਹੋਰ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾਏ।" ਭਾਈ ਨੰਦ ਲਾਲ ਰਾਹੀਂ ਇਹ ਰਕਮ ਮਾਤਾ ਸਾਹਿਬ ਕੌਰ ਨੂੰ ਦੇਣ ਦੀ ਪੇਸ਼ਕਸ਼ ਹੋਈ ਤਾਂ ਉਹਨਾਂ ਨਾਂਹ ਕਰ ਦਿੱਤੀ। ਇਤਿਹਾਸ ਵਿੱਚ ਲਿਖਿਆ ਮਿਲਦਾ ਹੈ ਕਿ ਨੰਦ ਲਾਲ, ਭਾਈ ਮਨੀ ਸਿੰਘ, ਸਾਹਿਬ ਸਿੰਘ ਤੇ ਮਾਤਾ ਸੁੰਦਰ ਕੌਰ ਨਾਲ ਸਲਾਹ ਕਰਕੇ ਇਹ ਰਕਮ ਲੈ ਲਈ ਗਈ। ਅੱਧੀ ਰਕਮ ਸਿੱਖ ਸੈਨਾਂ ਵਿੱਚ ਵੰਡੀ ਗਈ ਤੇ ਕੁਝ ਰਕਮ ਮਾਤਾ ਸੁੰਦਰ ਕੌਰ ਜੀ ਦੇ ਲੈ-ਪਾਲਕ ਪੁੱਤਰ ਅਜੀਤ ਸਿੰਘ ਨੂੰ ਦੇ ਦਿੱਤੀ ਗਈ। ਜਦ ਗੁਰੂ ਜੀ ਨੂੰ ਇਸ ਗੱਲ ਦੀ ਇਤਲਾਹ ਮਿਲੀ ਤਾਂ ਉਹਨਾਂ ਇਸ ਫ਼ੈਸਲੇ ਨੂੰ ਚੰਗਾ ਨਾ ਸਮਝਿਆ ਤੇ ਇਸ ਉਪਰ ਅਸੰਤੁਸ਼ਟਤਾ ਪ੍ਰਗਟ ਕੀਤੀ। ਗੁਰੂ ਗੋਬਿੰਦ ਸਿੰਘ ਜੀ ਚਾਹੁੰਦੇ ਸਨ ਕਿ ਹਕੂਮਤ ਨਾਲ ਛੇਤੀ ਮਸਲਿਆਂ ਬਾਰੇ ਨਿਪਟਾਰਾ ਕਰਕੇ ਉਹ ਵਾਪਸ ਅਨੰਦਪੁਰ ਸਾਹਿਬ ਪਹੁੰਚ ਜਾਣ। ਡਾ. ਗੰਡਾ ਸਿੰਘ ਦੇ ਸੰਪਾਦਿਤ ਕੀਤੇ ਹੁਕਮਨਾਮਿਆਂ ਤੋਂ ਇਹ ਸਪੱਸ਼ਟ ਹੈ। ਮਾਲਵੇ ਦੇ ਸਿੰਘਾਂ ਦੇ ਨਾਂ ਹੁਕਮਨਾਮਿਆਂ ਵਿੱਚ ਇਹ ਵੀ ਲਿਖਿਆ ਹੈ ਕਿ ਸ਼ਸਤਰਧਾਰੀ ਤਿਆਰ ਹੋ ਕੇ ਸਾਡੇ ਪਾਸ ਪਹੁੰਚਣ।

ਜਦ ਬਹਾਦਰਸ਼ਾਹ ਨੂੰ ਇਸ ਦੀ ਇਤਲਾਹ ਮਿਲੀ ਤਾਂ ਉਹਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਉਹਨੂੰ ਉੱਠ ਰਹੀ ਬਗਾਵਤ ਦਬਾਉਣ ਲਈ ਤੁਰੰਤ ਦੱਖਣ ਜਾਣਾ ਪੈ ਰਿਹਾ ਹੈ। ਇਸ ਲਈ ਤੁਸੀਂ ਨਾਲ ਚਲੋ ਤੇ ਰਸਤੇ ਵਿੱਚ ਤੁਹਾਡੀਆਂ ਸਮੱਸਿਆਵਾਂ ਬਾਰੇ ਗੱਲਬਾਤ ਕਰਕੇ ਕੋਈ ਹੱਲ ਕੱਢਿਆ ਜਾਵੇਗਾ। ਇਸ 'ਤੇ ਗੁਰੂ ਗੋਬਿੰਦ ਸਿੰਘ ਜੀ ਨੇ ਬਹਾਦਰ ਸ਼ਾਹ ਨਾਲ ਦੱਖਣ ਜਾਣ ਦਾ ਮਨ ਬਣਾ ਲਿਆ।

ਮਾਤਾ ਸਾਹਿਬ ਕੌਰ ਨੂੰ ਪਤਾ ਲੱਗਾ ਤਾਂ ਉਨ੍ਹਾਂ ਗੁਰਦੇਵ ਪਤੀ ਨੂੰ ਬੇਨਤੀ ਕੀਤੀ ਕਿ, "ਸਾਨੂੰ ਵੀ ਨਾਲ ਲੈ ਚਲੋ, ਤੁਹਾਡੇ ਦਰਸ਼ਨ ਕਰਕੇ, ਬਚਨ ਸੁਣ ਕੇ ਤੇ ਸੇਵਾ ਵਿੱਚ ਆਪਣਾ ਸਮਾਂ ਲਾ ਕੇ ਸਾਨੂੰ ਆਤਮਕ ਤੇ ਮਾਨਸਿਕ ਖ਼ੁਸ਼ੀ ਪ੍ਰਾਪਤ ਹੁੰਦੀ ਹੈ। ਹੁਣ ਮਾਹੌਲ ਬਦਲ ਰਿਹਾ ਹੈ ਤੇ ਪਹਿਲੇ ਵਾਲੀ ਸੰਕਟ ਵਾਲੀ ਸਥਿਤੀ ਨਹੀਂ।" ਗੁਰੂ ਜੀ ਨੇ ਮਾਤਾ ਸਾਹਿਬ ਕੌਰ ਨੂੰ ਦੱਖਣ ਵੱਲ ਨਾਲ ਲਿਜਾਣ ਦਾ ਆਦੇਸ਼ ਦੇ ਦਿੱਤਾ। ਕੁਝ ਸਾਖੀਕਾਰ ਲਿਖਦੇ ਹਨ ਕਿ

ਮਾਤਾ ਸੁੰਦਰ ਕੌਰ ਜੀ ਨੂੰ ਦੱਖਣ ਵੱਲ ਨਾ ਲਿਜਾਣ ਦਾ ਫ਼ੈਸਲਾ ਕੀਤਾ। ਕੁਝ ਇਤਿਹਾਸਕਾਰਾਂ ਅਨੁਸਾਰ ਮਾਤਾ ਸੁੰਦਰ ਕੌਰ ਜੀ ਤੋਂ ਗੁਰੂ ਜੀ ਨਾਖ਼ੁਸ਼ ਸਨ, ਇਸ ਦੇ ਉਹ ਦੋ ਕਾਰਨ ਦਸਦੇ ਹਨ, ਇਕ ਮਾਤਾ ਸੁੰਦਰ ਕੌਰ ਨੇ ਲੈ-ਪਾਲਕ ਪੁੱਤਰ ਅਜੀਤ ਸਿੰਘ ਪਾਲ ਲਿਆ ਸੀ, ਜੋ ਗੁਰੂ ਜੀ ਨੂੰ ਪਸੰਦ ਨਹੀਂ ਸੀ। ਦੂਜਾ ਉਹਨਾਂ ਨੇ ਜੋ ਸਰਕਾਰੀ ਖ਼ਜ਼ਾਨੇ ਤੋਂ ਆਈ ਰਕਮ ਸਵੀਕਾਰ ਕਰ ਲਈ ਸੀ, ਉਸ ਤੋਂ ਗੁਰੂ ਜੀ ਅਸੰਤੁਸ਼ਟ ਸਨ। ਕੁਝ ਇਤਿਹਾਸਕ ਲਿਖਤਾਂ ਵਿੱਚ ਸੰਕੇਤ ਹੈ ਕਿ ਪਹਿਲਾਂ ਸੌਂਪੀਆਂ ਜ਼ਿੰਮੇਵਾਰੀਆਂ ਪੂਰੀਆਂ ਕਰਨ ਲਈ ਮਾਤਾ ਸੁੰਦਰ ਕੌਰ ਜੀ ਨੂੰ ਦਿੱਲੀ ਰਹਿਣ ਦੀ ਆਗਿਆ ਹੋਈ। ਕਾਰਨ ਕੁਝ ਵੀ ਹੋਵੇ, ਇਹ ਇਤਿਹਾਸਕ ਸੱਚਾਈ ਹੈ ਕਿ ਕੇਵਲ ਮਾਤਾ ਸਾਹਿਬ ਕੌਰ ਨੂੰ ਹੀ ਨਾਲ ਦੱਖਣ ਜਾਣ ਦੀ ਆਗਿਆ ਮਿਲੀ।

ਦੱਖਣ ਵੱਲ ਜਾਂਦਿਆਂ ਗੁਰੂ ਜੀ ਨੇ ਜਦ ਮਹਿਸੂਸ ਕੀਤਾ ਕਿ ਬਹਾਦਰ ਸ਼ਾਹ ਨੂੰ ਬਹੁਤੀ ਚਿੰਤਾ ਦੱਖਣ ਵੱਲ ਬਗਾਵਤ ਦਬਾਉਣ ਦੀ ਹੈ ਤੇ ਸਾਡੇ ਨਾਲ ਸਾਡੇ ਮਸਲਿਆਂ ਤੇ ਨਿਪਟਾਰੇ ਨੂੰ ਉਹ ਲਗਾਤਾਰ ਪਿੱਛੇ ਪਾਈ ਜਾ ਰਿਹਾ ਹੈ, ਤਾਂ ਗੁਰੂ ਜੀ ਬਹਾਦਰ ਸ਼ਾਹ ਨਾਲ ਅਗੇ ਜਾਣ ਦੀ ਥਾਂ ਨਾਂਦੇੜ ਠਹਿਰ ਗਏ। ਨਾਂਦੇੜ ਵਿੱਚ ਕਲਗੀਧਰ ਪਾਤਸ਼ਾਹ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਵੀ ਆਏ ਸਨ ਤੇ ਉਥੋਂ ਦੀ ਵਸੋਂ ਵਿੱਚ ਸਿੱਖ ਸੰਗਤ ਕਾਫ਼ੀ ਗਿਣਤੀ ਵਿੱਚ ਸੀ। ਨਾਂਦੇੜ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਦੋ-ਤਿੰਨ ਕੇਂਦਰ ਬਣ ਗਏ। ਇਕ ਤਾਂ ਸਿੱਖ ਸੈਨਿਕ ਜੱਥੇ ਦਾ ਕੇਂਦਰ ਸੀ ਤੇ ਦੂਜਾ ਸਥਾਨਕ ਸਿੱਖ ਸੰਗਤਾਂ ਦਾ ਸਵੇਰੇ-ਸ਼ਾਮ ਕਥਾ ਕੀਰਤਨ ਤੇ ਗੁਰੂ ਸਾਹਿਬ ਦੇ ਇਲਾਹੀ ਬਚਨਾਂ ਦਾ ਵੱਖਰਾ ਕੇਂਦਰ ਸੀ। ਇਥੇ ਸਾਰਾ ਦਿਨ ਰੌਣਕਾਂ ਰਹਿੰਦੀਆਂ ਤੇ ਗੁਰੂ ਕਾ ਅਤੁੱਟ ਲੰਗਰ ਵਰਤਦਾ। ਇਸ ਲਈ ਉਹਨਾਂ ਨੇ ਮਾਤਾ ਸਾਹਿਬ ਕੌਰ ਲਈ ਇਕ ਵੱਖਰਾ ਅਸਥਾਨ ਬਣਵਾ ਦਿੱਤਾ ਤੇ ਆਗਿਆ ਕੀਤੀ ਕਿ, "ਤੁਸੀਂ ਇਸ ਸ਼ਾਂਤ ਤੇ ਇਕਾਂਤ ਥਾਂ ਤੇ ਆਪਣਾ ਸਮਾਂ ਭਜਨ-ਬੰਦਗੀ ਵਿੱਚ ਬਿਤਾਇਆ ਕਰੋ। ਜੋ ਮਾਈ ਭਾਈ ਤੁਹਾਨੂੰ ਮਿਲਣ ਆਉਣ ਉਹਨਾਂ ਦੀ ਸੇਵਾ ਸੰਭਾਲ ਦਾ ਪ੍ਰਬੰਧ ਕਰੋ।" ਕੁਝ ਸੇਵਾਦਾਰ ਤੇ ਸੇਵਾਦਾਰਨੀਆਂ ਮਾਤਾ ਜੀ ਪਾਸ ਰਹਿਣ ਲਈ ਇੰਤਜ਼ਾਮ ਕਰ ਦਿੱਤਾ ਗਿਆ। ਗੁਰੂ ਜੀ ਨੇ ਉਹਨਾਂ ਦੀ ਦਿਲੀ ਇੱਛਾ ਅਨੁਸਾਰ ਇਹ ਦਿਲਾਸਾ ਵੀ ਦਿੱਤਾ ਕਿ ਅਸੀਂ ਆਉਂਦੇ ਜਾਂਦੇ ਇਸ ਅਸਥਾਨ ਤੋਂ ਹੋ ਕੇ ਲੰਘਿਆ ਕਰਾਂਗੇ। ਨਾਂਦੇੜ ਵਿੱਚ ਜਿਸ ਅਸਥਾਨ 'ਤੇ ਮਾਤਾ ਜੀ ਰਹੇ, ਉਥੇ ਅੱਜ ਕਲ੍ਹ ਸ਼ਾਨਦਾਰ ਗੁਰਦੁਆਰਾ 'ਮਾਤਾ ਸਾਹਿਬ ਕੌਰ' ਬਣਿਆ ਹੋਇਆ ਹੈ। ਇਸ ਗੁਰਦੁਆਰੇ ਦਾ ਪ੍ਰਬੰਧ ਗੁਰਦੁਆਰਾ ਕਮੇਟੀ ਹਜ਼ੂਰਾ ਸਾਹਿਬ ਦੀ ਥਾਂ ਸੇਵਾ-ਸੰਭਾਲ ਦਾ ਕੰਮ 'ਗੁਰੂ ਕੀਆਂ ਲਾਡਲੀਆਂ ਫੌਜਾਂ' ਨਿਹੰਗ ਸਿੰਘ ਕਰ ਰਹੇ ਹਨ।

ਸੰਨ 1708 ਈ. ਦਾ ਅੱਧ ਬੀਤਣ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਚਾਰ ਮਹੱਤਵ ਪੂਰਨ ਫ਼ੈਸਲੇ ਕੀਤੇ। ਸਭ ਤੋਂ ਪਹਿਲਾਂ ਮਾਧੋ ਦਾਸ ਬੈਰਾਗੀ ਨੂੰ ਗੁਦਾਵਰੀ ਕੰਢੇ ਉਹਦੇ ਡੇਰੇ ਜਾ ਕੇ ਸਮਝਾਇਆ ਤੇ ਬੈਰਾਗੀਪੁਣਾ ਛੱਡ ਕੇ ਸਿੰਘ ਸਜਣ ਲਈ ਤਿਆਰ ਕਰ ਲਿਆ, ਉਸ ਬੈਰਾਗੀ ਤੋਂ ਬੰਦਾ ਸਿੰਘ ਬਣੇ ਵਿਅਕਤੀ ਨੇ ਖ਼ਾਲਸੇ ਦੀ ਅਗਲੀ ਜੱਦੋ-ਜਹਿਦ ਦੀ ਕਮਾਨ ਸੰਭਾਲੀ। ਦੂਜਾ ਮਹੱਤਵ ਪੂਰਨ ਫ਼ੈਸਲਾ ਇਹ ਕੀਤਾ ਕਿ ਗੁਰੂ ਨਾਨਕ ਦੀ ਗੁਰਗੱਦੀ ਪੰਜ ਭੂਤਕ ਸਰੀਰ ਵਾਲੇ ਮਨੁੱਖ ਨੂੰ ਸੌਂਪਣ ਦੀ ਥਾਂ ਬਾਣੀ ਦੇ ਬੋਹਿਥ ਗੁਰੂ ਗ੍ਰੰਥ ਸਾਹਿਬ ਨੂੰ ਸੌਂਪ ਦਿੱਤੀ। ਗੁਰਮਤਿ ਦੇ ਇਸ ਫ਼ੈਸਲੇ ਨੂੰ ਦਸਮੇਸ਼ ਪਿਤਾ ਨੇ ਅਮਲੀ ਰੂਪ ਦਿੱਤਾ ::

"ਬਾਣੀ ਗੁਰੂ, ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ॥"

ਗੁਰੂ ਜੀ ਦੇ ਇਸ ਫ਼ੈਸਲੇ ਦੀ ਚਸ਼ਮਦੀਦ ਗਵਾਹ ਮਾਤਾ ਸਾਹਿਬ ਕੌਰ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਗੁਰਿਆਈ ਗੁਰੂ ਗ੍ਰੰਥ ਸਾਹਿਬ ਨੂੰ ਸੌਂਪਣ ਦਾ ਨਿਰਣਾ ਉਸ ਸਮੇਂ ਲਿਆ, ਜਦੋਂ ਉਹਨਾਂ ਦੇ ਜੋਤੀ ਜੋਤ ਸਮਾਉਣ ਦਾ ਵਕਤ ਬਹੁਤ ਨੇੜੇ ਆ ਗਿਆ ਸੀ। ਚੌਥਾ ਮਹੱਤਵ ਪੂਰਨ ਫ਼ੈਸਲਾ ਮਾਤਾ ਸਾਹਿਬ ਕੌਰ ਦੇ ਭਵਿੱਖ ਬਾਰੇ ਸੀ। ਮਾਤਾ ਸਾਹਿਬ ਕੌਰ ਨੂੰ ਗੁਰਦੇਵ ਪਤੀ ਨੇ ਆਦੇਸ਼ ਦਿੱਤਾ ਕਿ, "ਤੁਸੀਂ ਦਿੱਲੀ ਜਾ ਕੇ ਸੁੰਦਰ ਕੌਰ ਜੀ ਪਾਸ ਪੰਥਕ ਕਾਰਜਾਂ ਵਿੱਚ ਸਹਾਇਤਾ ਕਰਨੀ।" ਮਾਤਾ ਸਾਹਿਬ ਕੌਰ ਨੇ ਨਿਮਰਤਾ ਸਹਿਤ ਬੇਨਤੀ ਕੀਤੀ ਕਿ, "ਹੁਣ ਤਾਂ ਤੁਹਾਡੇ ਦਰਸ਼ਨ ਬਿਨਾਂ ਜੀਊਣਾ ਅਤਿ ਔਖਾ ਹੋਵੇਗਾ।" ਇਤਿਹਾਸ ਵਿੱਚ ਲਿਖਿਆ ਮਿਲਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਪਾਸ ਗੁਰੂ ਹਰਿਗੋਬਿੰਦ ਸਾਹਿਬ ਦੇ ਦੋ-ਤਿੰਨ ਸ਼ਸਤਰ ਸਨ ਤੇ ਕੁਝ ਆਪਣੇ ਸ਼ਸਤਰ ਮਿਲਾ ਕੇ ਪੰਜ ਸ਼ਸਤਰ ਮਾਤਾ ਸਾਹਿਬ ਕੌਰ ਨੂੰ ਦਿੱਤੇ ਤੇ ਫ਼ੁਰਮਾਇਆ ਕਿ, "ਇਹਨਾਂ ਸ਼ਸਤਰਾਂ ਦੀ ਸੇਵਾ-ਸੰਭਾਲ ਕਰਨੀ। ਇਹਨਾਂ ਵਿਚੋਂ ਤੁਹਾਨੂੰ ਸਾਡੇ ਦਰਸ਼ਨ ਹੋਇਆ ਕਰਨਗੇ। ਸਿੱਖ ਸੰਗਤਾਂ ਨੂੰ ਇਹ ਦ੍ਰਿੜ੍ਹ ਕਰਵਾਉਣਾ ਕਿ ਦੇਹਧਾਰੀ ਗੁਰੂਆਂ ਦੀ ਪਰੰਪਰਾ ਸਮਾਪਤ ਹੋ ਗਈ ਹੈ ਤੇ ਹੁਣ ਤੋਂ ਜੁਗੋ-ਜੁਗ ਅਟੱਲ ਗੁਰੂ ਗ੍ਰੰਥ ਸਾਹਿਬ ਹੀ ਖ਼ਾਲਸਾ ਪੰਥ ਦੇ ਗੁਰੂ ਹਨ।"

ਭਾਈ ਸੰਤੋਖ ਸਿੰਘ ਅਨੁਸਾਰ ਇਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਦੇ ਪੰਜ ਸ਼ਸਤਰ ਮੰਗਵਾਏ ਅਤੇ ਮਾਤਾ ਜੀ ਨੂੰ ਸੌਂਪ ਕੇ ਕਿਹਾ ਕਿ, "ਇਹ ਸ਼ਸਤਰ ਲੈ ਜਾਉ, ਇਹਨਾਂ ਦੀ ਪੂਜਾ ਕਰੋ। ਇਹਨਾਂ ਦੇ ਦਰਸ਼ਨ ਮੇਰੇ ਦਰਸ਼ਨ ਹੋਣਗੇ। ਇਹ ਸੰਭਾਲ ਕੇ ਰੱਖਣਾ ਤੇ 'ਪੰਚ ਪਰਧਾਨੀ' ਖ਼ਾਲਸੇ ਦੇ ਸੰਕਲਪ ਨੂੰ ਦ੍ਰਿੜ੍ਹ ਕਰਕੇ ਰਖਣਾ।" ਗੁਰੂ ਜੀ ਨੇ ਮਾਤਾ ਜੀ ਨੂੰ ਆਪਣੀ ਮੋਹਰ ਸਮਝ ਕੇ ਅਧਿਕਾਰ ਦਿੱਤਾ ਕਿ ਉਹ ਪੰਥ ਪ੍ਰਤੀ ਇਸ ਮੋਹਰ ਦੁਆਰਾ ਲੋੜ ਅਨੁਸਾਰ ਪੁੱਤਰਾਂ ਨਾਲ ਵਿਹਾਰ ਕਰ ਸਕਣਗੇ।

ਗਿਆਨੀ ਹਰੀ ਸਿੰਘ ਚੰਡੀਗੜ੍ਹ ਲਿਖਦੇ ਹਨ ਕਿ ਗੁਰੂ ਜੀ ਨੇ ਇਸ ਸਮੇਂ ਦੋ ਪਾਲਕੀਆਂ ਮੰਗਵਾਈਆਂ ਇਕ ਵਿੱਚ ਸ਼ਸਤਰਾਂ ਨੂੰ ਰੱਖਿਆ ਤੇ ਦੂਜੀ ਪਾਲਕੀ ਵਿੱਚ ਮਾਤਾ ਸਾਹਿਬ ਕੌਰ ਨੂੰ ਬਿਠਾਇਆ। ਚਲਣ ਤੋਂ ਪਹਿਲਾਂ ਮਾਤਾ ਜੀ ਤੇ ਸੰਗਤ ਨੇ ਆਖ਼ਰੀ ਦਰਸ਼ਨ ਕਰਕੇ ਅੰਤਮ ਅਰਦਾਸਾ ਸੋਧਿਆ। ਮਾਤਾ ਸਾਹਿਬ ਕੌਰ ਨੇ ਸੇਜਲ ਨੇਤਰਾਂ ਨਾਲ ਗੁਰੂ ਜੀ ਤੋਂ ਅੰਤਿਮ ਵਿਦਾਇਗੀ ਲਈ ਅਤੇ ਮਨ ਤੇ ਹਿਰਦੇ ਨੂੰ ਸਦਾ ਲਈ ਚਰਨਾਂ ਨਾਲ ਜੋੜ ਲਿਆ। ਇਸ ਤਰ੍ਹਾਂ ਚੇਤ ਦੀ ਸੰਗਰਾਂਦ ਸੰਮਤ 1765 (1708 ਈ.) ਨੂੰ ਮਾਤਾ ਜੀ ਗੁਰੂ-ਪਤੀ ਦਾ ਦਿਲ ਵਿੱਚ ਨਿਵਾਸ ਕਰਕੇ ਸੀਲ-ਸੰਜਮ ਜੀਵਨ ਦੇ ਪ੍ਰਤੀਕ ਬਣ ਕੇ ਦਿੱਲੀ ਨੂੰ ਚੱਲ ਪਏ।

ਦਿੱਲੀ ਪਹੁੰਚ ਕੇ ਮਾਤਾ ਸੁੰਦਰ ਕੌਰ ਜੀ ਨੂੰ ਦੱਖਣ ਦੇ ਸਫ਼ਰ, ਨਾਂਦੇੜ ਵਿੱਚ ਗੁਰੂ ਸਾਹਿਬ ਦੇ ਕੌਤਕਾਂ ਬਾਰੇ ਬਿਆਨ ਕੀਤਾ। ਇਕ ਪਲੰਘ 'ਤੇ ਗੁਰੂ ਸਾਹਿਬ ਵਲੋਂ ਬਖ਼ਸ਼ੇ ਪੰਜ ਸ਼ਸਤਰ ਸਜਾਏ। ਮਾਤਾ ਜੀ ਨੇ ਸੰਗਤ ਨੂੰ ਦਸਿਆ ਕਿ ਗੁਰੂ ਜੀ ਦਾ ਹੁਕਮ ਹੈ, "ਜੋ ਕੋਈ ਇਹਨਾਂ ਸ਼ਸਤਰਾਂ ਦਾ ਅਦਬ ਤੇ ਸਤਿਕਾਰ ਨਾਲ ਦਰਸ਼ਨ ਕਰੇਗਾ, ਉਸ ਨੂੰ ਮੇਰੇ ਹੀ ਦਰਸ਼ਨ ਹੋਣਗੇ।" ਉਹਨਾਂ ਦੇ ਪੰਜ ਪ੍ਰਧਾਨੀ ਖ਼ਾਲਸੇ ਤੇ ਸ਼ਬਦ ਗੁਰੂ ਦੇ ਅਸਰ ਤੇ ਅਟੱਲ ਸਰੂਪ ਦੀ ਸੋਝੀ ਦਿੱਤੀ। ਮਾਤਾ ਸਾਹਿਬ ਕੌਰ ਜੀ ਆਮ ਤੌਰ ਤੇ ਅਕਾਲ ਪੁਰਖ ਨਾਲ ਲਿਵ ਜੋੜ ਗੁਰੂ ਚਰਨਾਂ ਨਾਲ ਬਿਰਤੀ ਲਾ ਕੇ ਸ਼ਸਤਰਾਂ ਵਾਲੇ ਪਲੰਘ ਕੋਲ ਹੀ ਬੈਠੇ

ਰਹਿੰਦੇ ਸਨ। ਉਹ ਜਪ-ਤਪ ਦੇ ਜੀਵਨ ਵਿੱਚ ਲੀਨ ਰਹਿੰਦੇ ਸਨ, ਤੇ ਖਾਣਾ-ਪੀਣਾ ਬਹੁਤ ਘਟਾ ਲਿਆ। ਸਤਿਗੁਰੂ ਦੀ ਦਿੱਬ-ਮੂਰਤ ਉਹਨਾਂ ਦੇ ਹਿਰਦੇ ਵਿੱਚ ਟਿਕ ਗਈ ਸੀ ਤੇ ਉਹ ਮਹਾਰਾਜ ਦੇ ਸੰਦੇਸ਼ ਸੁਣਨ ਲਈ ਇਕਾਗਰ ਚਿੱਤ ਰਹਿੰਦੇ ਸਨ।

ਭਾਈ ਸੰਤੋਖ ਸਿੰਘ ਤੇ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਕ ਦਿਨ ਮਾਤਾ ਸੁੰਦਰ ਕੌਰ ਜੀ ਦਾ ਲੈ-ਪਾਲਕ ਪੁੱਤਰ ਅਜੀਤ ਸਿੰਘ ਇਹਨਾਂ ਦੇ ਨਿਵਾਸ ਅਸਥਾਨ 'ਤੇ ਆਇਆ ਤੇ ਉਹਨੇ ਗੁਰੂ ਸਾਹਿਬਾਨ ਦੇ ਸ਼ਸਤਰ ਪਲੰਘ ਤੋਂ ਚੁੱਕ ਕੇ ਆਪਣੇ ਸਰੀਰ ਤੇ ਸਜਾ ਲਏ। ਦੋਹਾਂ ਮਾਤਾਵਾਂ ਨੇ ਸਿੱਖਾਂ ਦੇ ਰੌਲਾ ਪਾਉਣ ਤੇ ਆ ਕੇ ਉਹਨੂੰ ਸਮਝਾਉਣ ਦਾ ਯਤਨ ਕੀਤਾ, ਪਰ ਉਹ ਬਾਜ਼ ਨਾ ਆਇਆ। ਮਾਤਾ ਸਾਹਿਬ ਕੌਰ ਨੇ ਉਹਨੂੰ ਸਰਾਪ ਦਿਤਾ ਕਿ ਗੁਰੂ ਸਾਹਿਬ ਦੇ ਹੁਕਮ ਦੀ ਉਲੰਘਣਾ ਕਰਨ ਵਾਲੇ ਦਾ ਬੁਰਾ ਹਾਲ ਹੋਵੇਗਾ। ਹਾਜ਼ਰ ਸਿੰਘਾਂ ਨੂੰ ਕਿਹਾ ਕਿ ਇਸ ਅਭਿਮਾਨੀ ਤੋਂ ਸ਼ਸਤਰ ਲਏ ਜਾਣ। ਇਉਂ ਮਾਤਾਵਾਂ ਨੇ ਉਹਨੂੰ ਫਿਟਕਾਰ ਕੇ ਕੱਢ ਦਿੱਤਾ। ਉਹਨੇ ਗੁੱਸੇ ਵਿੱਚ ਆ ਕੇ ਕੇਸ ਕਤਲ ਕਰਵਾ ਦਿੱਤੇ। ਫਿਰ ਕੁਝ ਸਮੇਂ ਪਿਛੋਂ ਸਮੇਂ ਦੀ ਹਕੂਮਤ ਨੇ ਹਾਥੀ ਦੇ ਪੈਰਾਂ ਹੇਠ ਰੌਂਦ ਕੇ ਉਸ ਨੂੰ ਮੌਤ ਦੀ ਸਜ਼ਾ ਦਿੱਤੀ।

ਪੰਜਾਬ ਵਿੱਚ ਬਹਾਦਰ ਸ਼ਾਹ, ਬੰਦਾ ਸਿੰਘ ਬਹਾਦਰ ਦੀ ਚੜ੍ਹਤ ਦੇਖ ਕੇ ਸਿੱਖ ਵਿਰੋਧੀ ਹੋ ਗਿਆ ਤੇ ਸਿੱਖਾਂ ਤੇ ਜ਼ੁਲਮਾਂ ਦਾ ਨਵਾਂ ਚੱਕਰ ਚਲ ਪਿਆ। ਇਤਿਹਾਸ ਵਿੱਚ ਲਿਖਿਆ ਹੈ ਕਿ ਕੁਝ ਸਮਾਂ ਮਾਤਾਵਾਂ ਨੂੰ ਕੈਦ ਕਰ ਰੱਖਿਆ ਸੀ, ਕਿਉਂਕਿ ਉਹਨਾਂ ਬੰਦਾ ਸਿੰਘ ਵਿਰੁੱਧ ਹੁਕਮਨਾਮਾ ਜਾਰੀ ਕਰਨ ਜਾਂ ਉਸ ਨੂੰ ਉਸ ਦੀਆਂ ਸਰਗਰਮੀਆਂ ਨੂੰ ਰੋਕਣ ਤੋਂ ਇਨਕਾਰ ਕਰ ਦਿੱਤਾ ਸੀ। ਬਦਲੇ ਹੋਏ ਹਾਲਾਤ ਵਿੱਚ ਦੋਵੇਂ ਮਾਤਾਵਾਂ ਨੂੰ ਦੋ ਵਾਰ ਦਿੱਲੀ ਛੱਡ ਕੇ ਮਥਰਾ ਤੇ ਰਾਜਪੁਤਾਨੇ ਜਾਣਾ ਪਿਆ। ਦਿੱਲੀ ਤੋਂ ਬਾਹਰ ਜਾਣ ਤੋਂ ਪਹਿਲਾਂ ਮਾਤਾਵਾਂ ਗੁਰੂ ਸਾਹਿਬ ਦੇ ਸ਼ਸਤਰ ਜਵਾਹਰ ਸਿੰਘ ਦੀ ਹਵੇਲੀ ਵਿੱਚ ਸੁਰੱਖਿਅਤ ਰੱਖ ਕੇ ਗਈਆਂ। ਵਾਪਸ ਦਿੱਲੀ ਆ ਕੇ ਫਿਰ ਆਪਣੇ ਨਿਵਾਸ ਅਸਥਾਨ ਤੇ ਪਹਿਲੇ ਵਾਂਗ ਸਜਾ ਲਏ।

ਭਾਈ ਸੰਤੋਖ ਸਿੰਘ ਦੀ ਰਚਨਾ 'ਸੂਰਜ ਪ੍ਰਕਾਸ਼ ਗ੍ਰੰਥ' ਅਨੁਸਾਰ ਸੰਮਤ 1804 ਬਿਕਰਮੀ ਅਥਵਾ 1747 ਈ. ਨੂੰ ਮਾਤਾ ਸੁੰਦਰ ਕੌਰ ਜੀ ਨੂੰ ਦੱਸਿਆ ਸਾਡਾ ਸਰੀਰ ਅਕਾਲ ਪੁਰਖ ਦੀ ਬਖ਼ਸ਼ੀ ਉਮਰ ਭੋਗ ਚੁੱਕਿਆ ਹੈ। ਮੈਂ ਇਹ ਸਰੀਰ ਛੱਡ ਕੇ ਗੁਰੂ-ਪਤੀ ਦੇ ਚਰਨਾਂ ਵਿੱਚ ਜਾ ਰਹੀ ਹਾਂ, ਮੇਰੇ ਸਰੀਰ ਦਾ ਅੰਤਮ ਸਸਕਾਰ ਗੁਰੂ ਹਰਿਕਿਸ਼ਨ ਸਾਹਿਬ ਦੇ ਪਵਿੱਤਰ ਅਸਥਾਨ ਬਾਲਾ ਸਾਹਿਬ ਵਿੱਚ ਕੀਤਾ ਜਾਵੇ।" ਮਾਤਾ ਸਾਹਿਬ ਕੌਰ ਨੇ ਸਵੇਰੇ ਉੱਠ ਕੇ ਨਿੱਤ-ਕਿਰਿਆ ਕਰਕੇ ਇਸ਼ਨਾਨ ਕੀਤਾ ਤੇ ਪਾਠ ਕਰਕੇ ਗੁਰੂ ਸਾਹਿਬ ਦੇ ਸ਼ਸਤਰਾਂ ਦੀ ਪੂਜਾ ਕਰਕੇ ਸ਼ਸਤਰਾਂ ਨੂੰ ਪਰਸ ਕੇ ਆਪ ਪਲੰਘ ਦੇ ਪਾਸ ਹੀ ਚਾਦਰ ਤਾਣ ਕੇ ਲੇਟ ਗਏ ਤੇ ਸਦਾ ਲਈ ਸੌਂ ਗਏ। ਮਾਤਾ ਸੁੰਦਰ ਕੌਰ ਜੀ ਨੇ ਉਹਨਾਂ ਦੀ ਇੱਛਾ ਅਨੁਸਾਰ ਹੀ ਗੁਰੂ ਹਰਿਕਿਸ਼ਨ ਸਾਹਿਬ ਦੇ ਸਸਕਾਰ ਅਸਥਾਨ ਦੇ ਨੇੜੇ ਹੀ ਚਿੱਤਾ ਤਿਆਰ ਕਰਵਾਈ ਤੇ ਮਾਤਾ ਸਾਹਿਬ ਕੌਰ ਦਾ ਅੰਤਮ ਸਸਕਾਰ ਕੀਤਾ। ਅੰਗੀਠਾ ਸਮੇਟ ਕੇ ਇਕ ਗਾਗਰ ਵਿੱਚ ਰੱਖ ਕੇ ਉਸ ਥਾਂ ਦੱਬ ਕੇ ਉਪਰ ਥੜ੍ਹਾ ਬਣਵਾ ਦਿੱਤਾ। ਹੁਣ ਵੀ ਗੁਰਦੁਆਰਾ ਬਾਲਾ ਸਾਹਿਬ ਦੇ ਮੁਖ ਹਾਲ ਵਿੱਚ ਉਹ ਯਾਦਗਾਰ ਸਥਾਪਤ ਹੈ ਤੇ ਉਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ।

ਮਾਤਾ ਤ੍ਰਿਪਤਾ ਜੀ

ਬਾਣੀ ਵਿੱਚ ਫੁਰਮਾਨ ਹੈ : "ਜਨਨੀ ਜਣੇ ਤਾ ਭਗਤ ਜਨ ਕਿ ਦਾਤਾ ਕਿ ਸੂਰ, ਨਹੀ ਤਾਂ ਜਨਨੀ ਬਾਂਝ ਰਹੇ ਕਾਹਿ ਗਵਾਵੈ ਨੂਰ॥" ਉਹੀ ਨਾਰੀ ਭਾਗਾਂ ਵਾਲੀ ਏ, ਜਿਸ ਦੀਆਂ ਕੁੱਖੋਂ ਕੋਈ ਮਹਾਨ ਆਤਮਾ, ਭਗਤ ਜਨਮ ਲੈਂਦਾ ਹੈ। ਉਹ ਮਾਂ ਵੀ ਕਰਮਾਂ ਵਾਲੀ ਹੈ ਜੋ ਕਿਸੇ ਦਾਤੇ ਨੂੰ ਜਾਂ ਸੂਰਬੀਰ (ਬਹਾਦਰ) ਨੂੰ ਜਨਮ ਦੇਂਦੀ ਹੈ। ਆਮ ਮਨੁੱਖਾਂ ਵਿੱਚੋਂ ਕੋਈ ਵਿਰਲਾ ਇਹਨਾਂ ਤਿੰਨਾਂ ਗੁਣਾਂ ਵਿਚੋਂ ਇਕ ਗੁਣ ਦਾ ਗੁਣਵਾਨ ਹੁੰਦਾ ਹੈ। ਸਾਡੇ ਇਤਿਹਾਸ ਵਿੱਚ ਮਾਤਾ ਤ੍ਰਿਪਤਾ ਉਹ ਸੁਭਾਗੀ ਨਾਰੀ ਹੈ, ਜਿਸ ਨੇ ਇਹਨਾਂ ਤਿੰਨਾਂ ਵਿਸ਼ੇਸ਼ਤਾਈਆਂ ਭਰਪੂਰ ਆਤਮਾ ਗੁਰੂ ਨਾਨਕ ਦੇਵ ਜੀ ਨੂੰ ਜਨਮ ਦਿੱਤਾ। ਜਿੱਥੇ ਗੁਰੂ ਨਾਨਕ ਦੇਵ ਜੀ ਦਾ ਨਾਂ ਇਸ ਕਰਕੇ ਅਮਰ ਰਹੇਗਾ ਕਿ ਉਨ੍ਹਾਂ ਦੀ ਸ਼ਖ਼ਸੀਅਤ ਤੇ ਪਰਉਪਕਾਰ ਨੇ ਖੱਡ ਵਿੱਚ ਡਿੱਗੀ ਹੋਈ ਮਾਨਵਤਾ ਨੂੰ ਚੁੱਕ ਕੇ ਅਕਾਸ਼ ਦੀਆਂ ਉਚਾਈਆਂ ਤੱਕ ਪਹੁੰਚਾਇਆ, ਉਥੇ ਮਾਤਾ ਤ੍ਰਿਪਤਾ ਦਾ ਨਾਂ ਇਸ ਲਈ ਅਮਰ ਰਹੇਗਾ, ਕਿਉਂਕਿ ਉਨ੍ਹਾਂ ਦੀ ਪਵਿੱਤਰ ਕੁੱਖ ਨੇ ਇਸ ਰੱਬੀ ਨੂਰ ਨੂੰ ਸੰਸਾਰ ਦੀ ਅਗਵਾਈ ਲਈ ਜਨਮ ਦਿੱਤਾ।

ਸਦੀਆਂ ਤੋਂ ਸਾਡਾ ਸਮਾਜ ਮਰਦ ਪ੍ਰਧਾਨ ਸਮਾਜ ਹੈ, ਭਾਵੇਂ ਵਿੱਚ ਵਿੱਚ ਕੁਝ ਸਮਾਂ ਨਾਰੀ ਦੇ ਸਤਿਕਾਰ ਦਾ ਵੀ ਆਇਆ, ਪਰ ਬਹੁਤਾ ਸਮਾਂ ਇਹਨੂੰ ਘਰ ਦੀ ਚਾਰਦੀਵਾਰੀ ਵਿੱਚ ਰਹਿਣ, ਬੱਚਿਆਂ ਨੂੰ ਜਨਮ ਦੇਣ, ਪਾਲਣ ਤੇ ਘਰ ਗ੍ਰਿਹਸਥੀ ਨੂੰ ਚਲਾਉਣ ਵਿੱਚ ਸਹਾਇਕ ਤੇ ਅਧੀਨ ਹੀ ਸਮਝਿਆ ਗਿਆ। ਸਾਡੇ ਦੇਸ਼ ਨੇ ਬਹੁਤ ਚਿਰ ਉਹ ਦੌਰ ਵੀ ਦੇਖਿਆ, ਜਦੋਂ ਕੁੜੀਆਂ ਜੰਮਣ ਤੇ ਮਾਰ ਦੇਣ ਦੀ ਪ੍ਰਥਾ ਸੀ। ਹੁਣ ਵੀ ਕੁਝ ਖੇਤਰਾਂ ਵਿੱਚ ਜੇ ਪਤਾ ਲੱਗ ਜਾਏ ਕਿ ਬੱਚੀ ਦੀ ਹੋਂਦ ਨਿਸਚਿਤ ਹੈ ਤਾਂ ਉਸ ਨੂੰ ਜਨਮ ਤੋਂ ਪਹਿਲਾਂ ਹੀ ਸੰਸਾਰ ਤੇ ਆਉਣ ਤੋਂ ਰੋਕ ਦਿੱਤਾ ਜਾਂਦਾ ਹੈ। ਸਾਡੇ ਪੰਜਾਬੀ ਸਮਾਜ ਵਿੱਚ ਹੀ ਨਹੀਂ ਦੁਨੀਆਂ ਭਰ ਵਿੱਚ ਮਾਂ ਦਾ ਸਤਿਕਾਰ ਯੋਗ ਸਥਾਨ ਹੈ। ਕਿਉਂਕਿ ਮਾਂ ਵਿੱਚ ਪਿਆਰ ਕੁਰਬਾਨੀ ਤੇ ਸੇਵਾ ਦਾ ਜੋ ਜਜ਼ਬਾ ਹੁੰਦਾ ਹੈ, ਉਹ ਹੋਰ ਕਿਸੇ ਰਿਸ਼ਤੇ ਵਿੱਚ ਨਹੀਂ। ਪੰਜਾਬੀ ਵਿੱਚ ਅਖਾਣ ਪ੍ਰਸਿੱਧ ਹੈ "ਮਾਵਾਂ ਠੰਡੀਆਂ ਛਾਵਾਂ"। ਪਰ ਜਿਹੜੀ ਮਾਂ ਆਪਣੀ ਸੰਤਾਨ ਨੂੰ ਸੰਸਾਰ ਦੇ ਮਹਾਨ ਕਾਰਜ ਕਰਨ ਵਿੱਚ ਉਤਸਾਹਿਤ ਕਰੇ, ਉਹ ਵਡਭਾਗੀ ਮਾਂ ਹੈ। ਸੰਸਾਰ ਦੀਆਂ ਅਜਿਹੀਆਂ ਮਹਾਨ ਮਾਵਾਂ ਵਿਚੋਂ ਮਾਤਾ ਤ੍ਰਿਪਤਾ ਇਕ ਹੈ। ਜਿਸ ਦੇ ਕੋਮਲ ਹਿਰਦੇ ਨੇ ਗੁਰੂ ਨਾਨਕ ਦੇਵ ਜੀ ਵਰਗੀ ਨੂਰਾਨੀ ਸ਼ਖ਼ਸੀਅਤ ਨੂੰ ਜਨਮ ਦਿੱਤਾ, ਤੇ ਸਦਾ ਪਿਆਰ ਭਰੀਆਂ ਨਜ਼ਰਾਂ ਨਾਲ ਉਹਦੇ ਹਰ ਕਰਤੱਵ ਨੂੰ ਵੇਖਿਆ ਤੇ ਅਸੀਸਾਂ ਦਿੱਤੀਆਂ। ਆਪਣੀ ਇਲਾਹੀ ਜੋਤਿ ਸਪੁੱਤਰ ਨੂੰ ਦੇਖ ਦੇਖ ਕੇ ਹਿਰਦੇ ਵਿੱਚ ਠੰਡ ਪਈ ਤੇ ਸਾਲਾਂ ਬੱਧੀ ਪੁੱਤਰ ਤੋਂ ਵਿਛੜੀ ਮਾਂ ਬਿਰਹਾ ਵਿੱਚ ਉਹਨੂੰ ਯਾਦ ਕਰਦੀ ਰਹੀ ਅਤੇ ਜੀਵਨ ਦੇ ਆਖ਼ਰੀ

ਸਮੇਂ ਉਸੇ ਸਪੁੱਤਰ ਦੇ ਦਰਸ਼ਨ ਕਰਦਿਆਂ ਪਰਲੋਕ ਗਮਨ ਕੀਤਾ।

ਮਾਤਾ ਤ੍ਰਿਪਤਾ ਦੇ ਜਨਮ, ਸਥਾਨ ਤੇ ਮਾਪਿਆਂ ਬਾਰੇ ਬਹੁਤ ਘੱਟ ਜਾਣਕਾਰੀ ਮਿਲਦੀ ਹੈ। ਜਨਮ ਸਾਲ ਬਾਰੇ ਤਾਂ ਸ਼ਾਇਦ ਕਿਸੇ ਲੇਖਕ ਨੇ ਵੀ ਉਸ ਜ਼ਮਾਨੇ ਵਿੱਚ ਸੂਚਨਾ ਇਕੱਤਰ ਕਰਨ ਦਾ ਯਤਨ ਵੀ ਨਹੀਂ ਕੀਤਾ ਹੋਵੇਗਾ। ਭਾਈ ਕਾਨ੍ਹ ਸਿੰਘ ਨਾਭਾ ਨੇ 'ਗੁਰਸ਼ਬਦ ਰਤਨਾਕਰ ਮਹਾਨ ਕੋਸ਼' ਵਿੱਚ ਲਿਖਿਆ ਹੈ ਕਿ ਤ੍ਰਿਪਤਾ ਮਾਤਾ ਦਾ ਜਨਮ ਮਾਝੇ ਦੇ ਪਿੰਡ ਚਾਹਲ ਵਿੱਚ ਹੋਇਆ। ਇਹ ਚਾਹੁਲ ਲਾਹੌਰ ਛਾਉਣੀ ਤੋਂ ਲਗਭਗ ਅੱਠ ਮੀਲ ਹੈ। ਇਤਿਹਾਸਕਾਰਾਂ ਨੇ ਦਸਿਆ ਹੈ ਕਿ ਉਹਨਾਂ ਦੇ ਪਿਤਾ ਦਾ ਨਾਂ ਰਾਮਾ ਤੇ ਮਾਤਾ ਦਾ ਨਾਂ ਸਭਰਾਈ ਸੀ। ਤ੍ਰਿਪਤਾ ਮਾਤਾ ਦੇ ਵੀਰ ਦਾ ਨਾਂ ਕ੍ਰਿਸ਼ਣ ਲਿਖਿਆ ਮਿਲਦਾ ਹੈ। ਇਸ ਤੋਂ ਵਧ ਉਹਦੇ ਬਾਲਪਨ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਸਾਖੀਕਾਰਾਂ ਅਨੁਸਾਰ ਤ੍ਰਿਪਤਾ ਬਾਲਪਨ ਵਿੱਚ ਬੜੀ ਸੁੰਦਰ ਦੇ ਚੰਗੇ ਨੈਣ ਨਕਸ਼ਾਂ ਵਾਲੀ ਬੱਚੀ ਸੀ। ਮਾਨਸਿਕ ਤੌਰ 'ਤੇ ਸੰਤੁਸ਼ਟ ਸ਼ਾਂਤ ਸੁਭਾਅ ਤੇ ਮਿੱਠ ਬੋਲੜੀ ਸੀ। ਅਜਿਹੇ ਗੁਣਾਂ ਵਾਲੀਆਂ ਬੱਚੀਆਂ ਪਰਿਵਾਰ ਵਿੱਚ ਮਾਣ-ਸਤਿਕਾਰ ਤੇ ਪਿਆਰ ਪਾਉਂਦੀਆਂ ਹਨ। ਸੁਘੜ ਸਿਆਣੀ ਸਮਝ ਕੇ ਮਾਪਿਆਂ ਨੇ ਸਮੇਂ ਅਨੁਸਾਰ ਭਾਸ਼ਾ ਗਿਆਨ ਵੀ ਦਿਵਾਇਆ, ਘਰ ਦੇ ਕੰਮ ਕਾਜ ਲਈ ਵੀ ਸੁਚੇਤ ਰੂਪ ਵਿੱਚ ਪਰਪੱਕ ਕੀਤਾ। ਗ੍ਰਹਿਸਥ ਜੀਵਨ ਵਿੱਚ ਸਫਲ ਹੋਣ ਲਈ ਨਿਪੁੰਨ ਵੀ ਬਣਾਇਆ। ਕਹਿੰਦੇ ਹਨ ਕਿ ਧੀਆਂ ਤੇ ਬਹੁਤ ਵੱਡਾ ਅਸਰ ਮਾਂ ਦਾ ਹੁੰਦਾ ਹੈ, ਜਿਹੋ ਜਿਹਾ ਸੁਭਾਅ, ਵਤੀਰਾ ਤੇ ਰੁਚੀਆਂ ਮਾਂ ਦੀਆਂ ਹੋਣ, ਉਹੋ ਜਿਹੀਆਂ ਧੀ ਵਿੱਚ ਵੀ ਹੁੰਦੀਆਂ ਹਨ। ਮਾਂ ਸਭਰਾਈ ਧਾਰਮਕ ਬਿਰਤੀ ਵਾਲੀ ਔਰਤ ਸੀ। ਪ੍ਰਭੂ ਭਗਤੀ ਵਿੱਚ ਨਿਤ ਕੁਝ ਸਮਾਂ ਵੀ ਜ਼ਰੂਰ ਲਗਾਉਂਦੀ। ਇਸ ਤੇ ਪ੍ਰਭਾਵ ਨਾਲ ਹੀ ਤ੍ਰਿਪਤਾ ਈਸ਼ਵਰ ਭਗਤੀ ਨੂੰ ਤਰਜੀਹ ਦਿੰਦੀ। ਜੇ ਕੋਈ ਸਾਧੂ ਸੰਤ ਪਿੰਡ ਵਿੱਚ ਆ ਜਾਂਦਾ ਤਾਂ ਉਤਸ਼ਾਹ ਨਾਲ ਉਸ ਦੀ ਸੇਵਾ ਤੇ ਦਾਨ-ਪੁੰਨ ਕਰ ਕੇ ਖ਼ੁਸ਼ੀ ਹੁੰਦੀ।

ਜਦ ਬੱਚੀ ਤ੍ਰਿਪਤਾ ਜੁਆਨ ਹੋਈ ਤਾਂ ਪਿਤਾ ਰਾਮਾ ਜੀ ਨੇ ਉਹਦੇ ਲਈ ਵਰ ਲੱਭਣਾ ਸ਼ੁਰੂ ਕੀਤਾ। ਸਿਆਣੇ ਮਾਂ-ਪਿਉ ਇਹ ਦੇਖਦੇ ਹਨ ਕਿ ਸਮਾਨ ਗੁਣਾਂ ਵਾਲਾ ਵਰ ਉਹਨਾਂ ਦੀ ਬੱਚੀ ਨੂੰ ਮਿਲੇ ਤਾਂ ਕਿ ਜੀਵਨ ਸੁਖੀ ਬੀਤੇ। ਇਸੇ ਭਾਲ ਵਿੱਚ ਅਖ਼ੀਰ ਉਹਨਾਂ ਮਾਝੇ ਦੇ ਨੌਜਵਾਨ ਕਲਿਆਣ ਦਾਸ (ਕਾਲੂ ਜੀ) ਨਾਲ ਰਿਸ਼ਤਾ ਕਰ ਦਿੱਤਾ। ਮਹਿਤਾ ਕਲਿਆਣ ਦਾਸ ਦਾ ਬੇਦੀ ਖ਼ਾਨਦਾਨ ਸੀ ਤੇ ਉਹ ਮਹਿਤਾ ਅਖਵਾਂਦੇ ਸਨ। ਰਾਇ ਭੋਇੰ ਦੀ ਤਲਵੰਡੀ ਵਿੱਚ ਪਟਵਾਰੀ ਸਨ ਤੇ ਪੜ੍ਹੇ ਲਿਖੇ ਹੋਣ ਕਾਰਨ ਹਾਕਮ ਵਰਗ ਵਿੱਚ ਉਹਨਾਂ ਦਾ ਚੋਖਾ ਅਸਰ ਰਸੂਖ ਤੇ ਸਤਿਕਾਰ ਸੀ। ਤ੍ਰਿਪਤਾ ਜੀ ਦੁਲਹਨ ਬਣ ਕੇ ਥਾਣਾ ਬਰਕੀ ਤੋਂ ਰਾਇ ਭੋਇੰ ਦੀ ਤਲਵੰਡੀ ਆ ਗਏ। ਵਿਆਹ ਦੇ ਸਾਲ ਬਾਰੇ ਕਿਧਰੇ ਕੋਈ ਲਿਖਤ ਜਾਣਕਾਰੀ ਨਹੀਂ ਮਿਲੀ।

ਮਾਤਾ ਤ੍ਰਿਪਤਾ ਦੇ ਵਿਆਹ ਤੋਂ ਕੁਝ ਸਾਲ ਪਿੱਛੋਂ ਉਹਨਾਂ ਦੇ ਘਰ ਇਕ ਬੱਚੀ ਦਾ ਜਨਮ ਹੋਇਆ, ਇਸ ਬੱਚੀ ਦੇ ਜਨਮ ਸਮੇਂ ਤ੍ਰਿਪਤਾ ਜੀ ਆਪਣੇ ਪੇਕਿਆਂ ਦੇ ਘਰ ਪਿੰਡ ਚਾਹਲ ਆਏ ਹੋਏ ਸਨ। ਇੱਥੇ ਹੀ ਉਹਨਾਂ ਵਿਅੰਮ ਕੱਟਿਆ। ਨਾਨਕੇ ਘਰ ਵਿੱਚ ਜਿਸ ਬੱਚੀ ਦਾ ਜਨਮ ਹੋਇਆ, ਉਸ ਦਾ ਨਾਂ ਨਾਨਕੀ ਰੱਖਿਆ ਗਿਆ। ਇਹੀ ਨਾਨਕੀ ਸਿੱਖ ਇਤਿਹਾਸ ਵਿੱਚ ਬੇਬੇ ਨਾਨਕੀ ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਭੈਣ ਨਾਨਕੀ ਦੇ ਜਨਮ ਤੋਂ ਪੰਜ ਸਾਲ ਪਿਛੋਂ ਮਾਤਾ ਤ੍ਰਿਪਤਾ ਦੇ ਘਰ ਜਿਸ ਬਾਲਕ ਦਾ ਜਨਮ ਹੋਇਆ ਉਹਦਾ

ਨਾਂ ਖ਼ੁਸ਼ੀਆਂ ਤੇ ਮਲਾਰਾਂ ਨਾਲ ਨਾਨਕੀ ਦਾ ਵੀਰ ਨਾਨਕ ਰੱਖਿਆ ਗਿਆ। ਬੱਸ ਇਹੀ ਮਾਤਾ ਤ੍ਰਿਪਤਾ ਦੀ ਕੁਲ੍ਹ ਸੰਤਾਨ ਸੀ।

ਗੁਰੂ ਨਾਨਕ ਇਲਾਹੀ ਜੋਤ ਸੀ। ਉਹਨਾਂ ਦੇ ਜਨਮ ਸਮੇਂ ਉਸ ਕਮਰੇ ਵਿੱਚ ਇਲਾਹੀ ਨੂਰ ਦਾ ਇਕ ਅਨੋਖਾ ਜਿਹਾ ਪ੍ਰਕਾਸ਼ ਹੋ ਗਿਆ। ਗੁਰੂ ਨਾਨਕ ਸਾਹਿਬ ਜੀ ਦੇ ਜਨਮ ਦੇ ਸਮੇਂ ਦੇ ਇਸ ਪ੍ਰਭਾਵ ਨੂੰ ਕਈ ਜਨਮ ਸਾਖੀਆਂ ਦੇ ਲੇਖਕਾਂ ਨੇ ਆਪੋ ਆਪਣੇ ਢੰਗ ਨਾਲ ਬਿਆਨ ਕੀਤਾ ਹੈ। ਸਭ ਤੋਂ ਪਹਿਲਾਂ ਦਾਈ ਦੌਲਤਾਂ ਨੇ ਇਸ ਰੱਬੀ ਨੂਰ ਦੇ ਦਰਸ਼ਨ ਕਰਕੇ ਵਧਾਈ ਦਿੰਦਿਆਂ, ਮਾਤਾ ਤ੍ਰਿਪਤਾ ਨੂੰ ਦੱਸਿਆ ਕਿ ਇਹ ਜੱਗ ਤੋਂ ਨਿਆਰਾ ਬਾਲਕ ਹੈ ਅਤੇ ਹਸੂੰ ਹਸੂੰ ਕਰਦਾ ਸੰਸਾਰ 'ਤੇ ਆਇਆ ਹੈ।

ਪੰਦਰ੍ਹਵੀਂ ਸਦੀ ਵਿੱਚ ਸਰਦੇ-ਪੁਜਦੇ ਆਮ ਘਰਾਂ ਵਿੱਚ ਇਹ ਰਿਵਾਜ ਪ੍ਰਚਲਤ ਸੀ ਕਿ ਨਵ-ਜਨਮੇ ਬੱਚੇ ਬਾਰੇ ਅਨੁਮਾਨ ਲਾਉਣ ਵਾਲੇ ਪੰਡਤਾਂ ਸਿਆਣਿਆਂ ਨੂੰ ਬੁਲਾ ਕੇ ਬੱਚੇ ਬਾਰੇ ਜਨਮ-ਪੱਤਰੀ ਬਣਵਾਈ ਜਾਵੇ। ਇਹ ਅਨੁਮਾਨ ਲਾਉਂਦੇ ਕਿ ਵੱਡਾ ਹੋ ਕੇ ਉਹ ਬਾਲਕ ਘਰ-ਪਰਿਵਾਰ, ਸਮਾਜ ਤੇ ਧਰਮ ਬਾਰੇ ਕਿਹੋ ਜਿਹਾ ਨਿਕਲੇਗਾ। ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਪਿਛੋਂ ਛੇਤੀ ਹੀ ਤਲਵੰਡੀ ਦੇ ਪੰਡਤ ਹਰਿਦਿਆਲ ਨੂੰ ਬੁਲਾਇਆ ਗਿਆ। ਮਾਤਾ ਤ੍ਰਿਪਤਾ ਨੇ ਬੜੇ ਗਹੁ ਨਾਲ ਪੰਡਤ ਹਰਿਦਿਆਲ ਦੇ ਪ੍ਰਗਟਾਏ ਖਿਆਲਾਂ ਨੂੰ ਸੁਣਿਆ ਤੇ ਗੱਦ ਗੱਦ ਹੋ ਉੱਠੀ। ਉਸ ਦੀ ਅੰਤਰ-ਆਤਮਾ ਨੂੰ ਅਨੁਭਵ ਹੋਇਆ ਜਿਵੇਂ ਪ੍ਰਭੂ ਪ੍ਰਮਾਤਮਾ ਨੇ ਆਪਣੇ ਸੂਖਮ ਸਰੂਪ ਨੂੰ ਉਹਦੀ ਕੁੱਖ ਵਿੱਚ ਸਰੂਪ ਦਿੱਤਾ ਹੈ। ਭਾਈ ਬਾਲੇ ਵਾਲੀ ਜਨਮ ਸਾਖੀ ਅਨੁਸਾਰ ਪੰਡਤ ਹਰਦਿਆਲ ਨੇ ਬਾਲਕ ਨਾਨਕ ਜੀ ਦੇ ਦਰਸ਼ਨ ਕਰਕੇ ਕਿਹਾ, **"ਇਹ ਵੱਡਾ ਅਵਤਾਰ ਪੁਰਖ ਹੈ। ਏਵਡ ਅਵਤਾਰੀ ਅੱਗੇ ਕੋਈ ਨਾਹੀ ਹੋਇਆ। ਰਾਮ ਹੋਇਆ ਤੇ ਕਿਸ਼ਨ ਹੋਇਆ ਪਰ ਉਹਨਾਂ ਨੂੰ ਹਿੰਦੂ ਹੀ ਪੂਜਦੇ ਹੈਨਿ। ਇਸ ਨੂੰ ਹਿੰਦੂ ਮੁਸਲਮਾਨ ਪੂਜਣਗੇ। ਇਸ ਦਾ ਨਾਂਓ ਜ਼ਿਮੀ ਅਸਮਾਨ ਵਿੱਚ ਰਾਵਿ ਜਾਵੇਗਾ। ਵਣ ਤ੍ਰਿਣ ਨਾਨਕ ਨਾਨਕ ਹੋ ਜਾਵੇਗਾ। ਇਸ ਤਾਈਂ ਸਮੁੰਦਰ ਰਾਹੁ ਦੇਵੇਗਾ ਅਤੇ ਧਰਤੀ ਰਾਹ ਦੇਵੇਗੀ। ਅਸਮਾਨੁ ਰਾਹੁ ਦੇਵੈਗਾ। ਇਹ ਨਿਰੰਕਾਰ ਹੀ ਜਾਪੇਗਾ।"**

ਹਰ ਮਾਂ ਆਪਣੇ ਬੱਚਿਆਂ ਦੀ ਪਾਲਣਾ ਵੱਲ ਵਧੇਰੇ ਧਿਆਨ ਦਿੰਦੀ ਹੈ ਤੇ ਸਮਰੱਥਾ ਅਨੁਸਾਰ ਸੁੱਖ ਸਾਧਨ ਜੁਟਾਂਦੀ ਹੈ। ਪਰ ਤ੍ਰਿਪਤਾ ਦੇ ਮਨ ਵਿੱਚ ਇਹ ਪ੍ਰਭਾਵ ਘਰ ਕਰਦਾ ਜਾ ਰਿਹਾ ਸੀ ਕਿ ਉਹਦਾ ਸਪੁੱਤਰ ਸਾਧਾਰਣ ਬਾਲਕਾਂ ਵਰਗਾ ਨਹੀਂ, ਇਲਾਹੀ ਜੋਤ ਹੈ। ਇਸ ਲਈ ਉਹ ਪਲ ਪਲ ਪੁੱਤਰ ਦੇ ਦਰਸ਼ਨ ਕਰਕੇ ਉਹਦੇ ਕਲੇਜੇ ਨੂੰ ਠੰਢ ਪੈਂਦੀ, ਸੁਖ ਮਿਲਦਾ। ਬਾਲਕ ਨਾਨਕ ਜੀ ਅਸਾਧਾਰਣ ਰੁਚੀਆਂ ਵਾਲੇ ਹੋਣ ਕਾਰਨ ਨਾ ਆਮ ਬਾਲਕਾਂ ਵਾਂਗ ਖੇਡਦੇ, ਨਾ ਸ਼ਰਾਰਤਾਂ ਕਰਦੇ ਤੇ ਨਾ ਹੀ ਹਰ ਚੀਜ਼ ਚੁੱਕਦੇ, ਫੜਦੇ, ਖਾਂਦੇ। ਬਾਲ ਅਵਸਥਾ ਵਿੱਚ ਹੀ ਉਹ ਗਹਿਰ-ਗੰਭੀਰ ਤੇ ਸੋਚ ਸਮੁੰਦਰ ਵਿੱਚ ਟੁੱਬੀਆਂ ਲਾਉਂਦੇ ਰਹਿੰਦੇ। ਜਦ ਮੰਜੇ 'ਤੇ ਲੇਟੇ ਅਕਾਸ਼ ਵੱਲ ਟਿਕਟਿਕੀ ਲਾ ਕੇ ਵੇਖਦੇ ਤਾਂ ਮਾਂ ਤ੍ਰਿਪਤਾ ਨੂੰ ਉਦੋਂ ਧੂਹ ਪੈਂਦੀ। ਜਦੋ ਮਹਿਤਾ ਕਾਲੂ ਜੀ ਨੂੰ ਮਹਿਸੂਸ ਹੁੰਦਾ ਕਿ ਪੁੱਤਰ ਬਿਮਾਰ ਹੈ। ਇਸ ਦੇ ਰੋਗ ਦਾ ਪਤਾ ਲਾਣਾ ਚਾਹੀਦਾ ਹੈ ਤੇ ਇਲਾਜ ਕਰਵਾਣਾ ਚਾਹੀਦਾ ਹੈ। ਉਹਨਾਂ ਤੁਰੰਤ ਵੈਦ ਨੂੰ ਬੁਲਾਇਆ ਉਹਨੇ ਬਾਂਹ ਫੜ ਕੇ ਨਬਜ਼ ਵੇਖੀ ਤੇ ਉਹਨੂੰ ਕੋਈ ਰੋਗ ਨਾ ਲੱਭਾ। ਇਸ ਘਟਨਾ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿੱਚ ਆਪ ਵਰਨਣ ਕੀਤਾ ਹੈ :

"ਵੈਦ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਹਿ।
ਭੋਲਾ ਵੈਦ ਨਾ ਜਾਣਈ ਕਰਕ ਕਲੇਜੇ ਮਾਹਿ॥"

ਜਦੋਂ ਮਾਤਾ ਤ੍ਰਿਪਤਾ ਦਾ ਲਾਲ ਪੜ੍ਹਾਈ ਸ਼ੁਰੂ ਕਰਨ ਵਾਲੀ ਆਯੂ ਦਾ ਹੋਇਆ ਤਾਂ ਪਹਿਲਾਂ ਪਾਂਧੇ ਪਾਸ ਪੜ੍ਹਨ ਲਈ ਭੇਜਿਆ ਗਿਆ। ਉਹਨੇ ਵੀ ਛੇਤੀ ਅਨੁਮਾਨ ਲਾ ਲਿਆ ਕਿ ਇਹ ਤਾਂ ਧੁਰੋਂ ਸਭ ਕੁਝ ਸਿਖਿਆ ਸਿਖਾਇਆ ਆਇਆ, ਹੁਣ ਇਹ ਸਾਡੇ ਪਾਸ ਪੜ੍ਹਨ ਨਹੀਂ ਪੜ੍ਹਾਉਣ ਲਈ ਆਇਆ ਹੈ। ਹੁਣ ਵੀ ਮਹਿਤਾ ਕਾਲੂ ਜੀ ਨੂੰ ਇਹ ਗਿਆਨ ਨਾ ਹੋਇਆ ਕਿ ਉਹਨਾਂ ਦਾ ਪੁੱਤਰ ਅਵਤਾਰੀ ਪੁਰਸ਼ ਹੈ। ਇਸ ਲਈ ਉਹਦੀ ਸੰਸਾਰੀ ਆਯੂ ਵਿੱਚ ਅਜਿਹੇ ਕੌਤਕ ਵਰਤ ਰਹੇ ਹਨ। ਉਹ ਤਾਂ ਸੰਸਾਰੀ ਬਾਲਕਾਂ ਵਰਗੀ ਅਵਸਥਾ ਹੀ ਅਨੁਭਵ ਕਰ ਰਹੇ ਸਨ। ਨੌਂ ਸਾਲ ਦੇ ਗੁਰੂ ਨਾਨਕ ਦੇਵ ਜੀ ਹੋਏ ਤਾਂ ਉਹਨਾਂ ਨੂੰ ਜਨੇਊ ਪੁਆਉਣ ਲਈ ਆਪਣੀ ਪਰਿਵਾਰਿਕ ਰਸਮੋਂ ਰਿਵਾਜ ਅਨੁਸਾਰ ਮਹਿਤਾ ਕਾਲੂ ਜੀ ਨੇ ਬੁਲਾਇਆ, ਪਰ ਗੁਰੂ ਨਾਨਕ ਦੇਵ ਜੀ ਨੇ ਉਹ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤਾ। ਪੰਡਤ ਨੂੰ ਸੰਬੋਧਨ ਕਰਕੇ ਸੁਭਾਵਿਕ ਆਖਿਆ ਕਿ—ਮੈਂ ਤਾਂ ਆਚਰਨਿਕ ਗੁਣਾਂ ਦਾ ਜਨੇਊ ਪਾਉਣਾ ਚਾਹੁੰਦਾ ਹਾਂ। ਜੇ ਉਹ ਜਨੇਊ ਤੁਹਾਡੇ ਪਾਸ ਹੈ ਤਾਂ ਮੈਨੂੰ ਪੁਆ ਕੇ ਖ਼ੁਸ਼ੀ ਹੋਵੇਗੀ। ਗੁਰੂ ਨਾਨਕ ਦੇਵ ਜੀ ਦੀ ਆਪਣੀ ਰਚਨਾ ਵਿੱਚ ਉਹ ਵਿਚਾਰ ਅੰਕਿਤ ਹਨ :

"ਦਇਆ ਕਪਾਹ ਸੰਤੋਖ ਸੂਤ ਜਤੁ ਗੰਢੀ ਸਤ ਵੱਟ॥
ਇਹ ਜਨੇਊ ਜੀਅ ਕਾ ਹਈ ਤਾ ਪਾਂਡੇ ਘੱਤ॥"

ਭਾਵੇਂ ਮਾਈ ਦੌਲਤਾਂ ਦਾਈ ਤੋਂ ਲੈ ਕੇ ਹਰਦਿਆਲ ਪੰਡਤ ਤੇ ਪੜ੍ਹਾਉਣ ਵਾਲੇ ਪਾਂਧੇ ਤੱਕ ਸਭ ਨੇ ਇਸ ਇਲਾਹੀ ਨੂਰ ਨੂੰ ਕੁਝ ਕੁਝ ਸਮਝ ਲਿਆ, ਪਰ ਮਾਤਾ-ਪਿਤਾ ਅਜੇ ਵੀ ਪੂਰੀ ਤਰ੍ਹਾਂ ਉਹਨਾਂ ਉੱਚਾਈਆਂ ਤੱਕ ਨਾ ਪਹੁੰਚ ਸਕੇ, ਜਿੱਥੇ ਉਹਨਾਂ ਦਾ ਸਪੁੱਤਰ ਵਿਚਰ ਰਿਹਾ ਸੀ। ਪਰਿਵਾਰ ਵਿਚੋਂ ਜੇ ਸਭ ਤੋਂ ਪਹਿਲਾਂ ਅਵਤਾਰੀ ਪੁਰਸ਼ ਨੂੰ ਸਮਝਿਆ ਤਾਂ ਉਹ ਭੈਣ ਨਾਨਕੀ ਸੀ। ਜੇ ਪਿਤਾ ਨੇ ਮੱਝਾਂ ਚਰਾਉਣ ਦਾ ਕੰਮ ਸੌਂਪਿਆ ਤਾਂ ਰਾਇ ਬੁਲਾਰ ਨੇ ਅੱਖੀਂ ਵੇਖਿਆ ਕਿ ਨਾਨਕ ਜੀ ਇਕ ਰੁੱਖ ਹੇਠਾਂ ਸੁੱਤੇ ਪਏ ਨੇ ਤੇ ਧੁੱਪ ਆ ਜਾਣ ਤੇ ਇਕ ਵੱਡਾ ਫਨੀਅਰ ਸੱਪ ਫਨ ਖਿਲਾਰ ਕੇ ਉਹਨਾਂ ਨੂੰ ਛਾਂ ਕਰ ਰਿਹਾ ਹੈ। ਉਹਨੇ ਆ ਕੇ ਮਹਿਤਾ ਕਾਲੂ ਜੀ ਨੂੰ ਦੱਸਿਆ ਤੇ ਬੜੇ ਨਿਸਚੇ ਨਾਲ ਕਿਹਾ ਕਿ ਇਹ ਰੱਬੀ ਪੁਰਸ਼ ਹੈ। ਮਾਤਾ ਤ੍ਰਿਪਤਾ ਸੱਪ ਦੇ ਛਾਂ ਕਰਨ ਵਾਲੀ ਘਟਨਾ ਸੁਣ ਕੇ ਤ੍ਰੱਭਕ ਗਈ ਤੇ ਪ੍ਰਭੂ ਦੇ ਸ਼ੁਕਰਾਨੇ ਵਿੱਚ ਅੱਖਾਂ ਬੰਦ ਕਰਕੇ ਪ੍ਰਾਰਥਨਾ ਕਰਨ ਲੱਗੀ ਕਿ ਸ਼ੁਕਰ ਹੈ ਜੋ ਪ੍ਰਮਾਤਮਾ ਨੇ ਸੱਪ ਦੇ ਹਮਲੇ ਤੋਂ ਬਚਾ ਲਿਆ ਹੈ।

ਮਹਿਤਾ ਕਾਲੂ ਜੀ ਬੜੇ ਨੇਕ, ਦਿਆਲੂ ਤੇ ਜਨ ਸਾਧਾਰਨ ਦੇ ਦਰਦੀ ਮਨੁੱਖ ਸਨ। ਪਰ ਉਹਨਾਂ ਦੀ ਸਮਾਜਿਕ ਅਵਸਥਾ ਅੰਦਰੋਂ ਮੰਗ ਕਰ ਰਹੀ ਸੀ ਕਿ ਉਹਨਾਂ ਦਾ ਸਪੁੱਤਰ ਪਰਿਵਾਰਿਕ, ਆਰਥਿਕ ਅਵਸਥਾ ਨੂੰ ਬਲਵਾਨ ਬਣਾਉਣ ਦੇ ਯੋਗ ਹੋਵੇ। ਜਨਮ ਸਾਖੀਆਂ ਅਨੁਸਾਰ ਯੁਵਕ ਅਵਸਥਾ ਵਿੱਚ ਪ੍ਰਵੇਸ਼ ਕਰਦਿਆਂ ਵੀਹ ਰੁਪਏ ਦੇ ਕੇ ਸੌਦਾ ਖਰੀਦਣ ਲਈ ਸ਼ਹਿਰ ਭੇਜਿਆ ਤਾਂ ਕਿ ਉਹ ਛੋਟੇ ਨਗਰਾਂ ਵਿੱਚ ਵਸਤਾਂ ਵੇਚ ਕੇ ਕਮਾਈ ਕਰਨੀ ਸ਼ੁਰੂ ਕਰੇ। ਪਰ ਗੁਰੂ ਨਾਨਕ ਦੇਵ ਜੀ ਰਾਹ ਵਿੱਚ ਮਿਲੇ ਸੰਤਾਂ-ਸਾਧੂਆਂ ਨੂੰ ਭੋਜਨ ਛਕਾ ਕੇ ਉਹ ਰਕਮ ਖ਼ਰਚ ਕਰ ਆਏ ਤੇ ਮਰਦਾਨੇ ਸਮੇਤ ਤਲਵੰਡੀ ਪਰਤੇ। ਨਗਰ ਦੇ ਬਾਹਰ ਰੁੱਖਾਂ ਦੇ ਝੁੰਡ ਵਿੱਚ ਬੈਠ ਗਏ ਤੇ ਕੁਦਰਤ ਵਿਚੋਂ ਕਾਦਰ ਦੇ ਦਰਸ਼ਨ ਕਰਨ ਵਿੱਚ ਬਿਰਤੀ ਲੱਗ

ਗਈ। ਮਰਦਾਨੇ ਨੂੰ ਘਰ ਭੇਜ ਦਿੱਤਾ ਤੇ ਉਹਨੇ ਆ ਕੇ ਜਦ ਦੱਸਿਆ ਕਿ, "ਵਪਾਰ ਲਈ ਵਸਤਾਂ ਖ਼ਰੀਦਣ ਦੀ ਥਾਂ ਨਾਨਕ ਉਹ ਰਕਮ ਸੰਤਾਂ-ਸਾਧੂਆਂ ਨੂੰ ਲੰਗਰ ਛਕਾਉਣ 'ਤੇ ਖ਼ਰਚ ਆਏ ਹਨ, ਉਸ ਬਾਰੇ ਮੈਂ ਕੁਝ ਕਿਹਾ ਤਾਂ ਉਹਨਾਂ ਨੇ ਮੈਨੂੰ ਸਮਝਾਇਆ ਕਿ ਇਹ ਸੱਚਾ ਸੌਦਾ ਹੈ।" ਪਿਤਾ ਜੀ ਨੂੰ ਗੁੱਸਾ ਲੱਗਾ ਤੇ ਉਹ ਨਗਰ ਦੇ ਬਾਹਰ ਝੁੰਡ ਵੱਲ ਤਿੱਖੇ ਕਦਮ ਪੁੱਟਦੇ ਆਏ, ਉਹਨਾਂ ਦੇ ਪਿੱਛੇ ਪਿੱਛੇ ਭੈਣ ਨਾਨਕੀ ਤੇ ਮਾਤਾ ਤ੍ਰਿਪਤਾ ਵੀ ਦੌੜੀਆਂ ਆਈਆਂ। ਸਾਖੀਕਾਰ ਲਿਖਦੇ ਹਨ ਕਿ ਗੁੱਸੇ ਵਿੱਚ ਭਰੇ ਮਹਿਤਾ ਕਾਲੂ ਨੇ ਜਦੋਂ ਸਪੁੱਤਰ ਨੂੰ ਸਜ਼ਾ ਦੇਣ ਲਈ ਹੱਥ ਚੁੱਕਿਆ ਤਾਂ ਤੁਰੰਤ ਭੈਣ ਨਾਨਕੀ ਤੇ ਮਾਤਾ ਤ੍ਰਿਪਤਾ ਨੇ ਉਹਨਾਂ ਨੂੰ ਰੋਕਿਆ। ਭੈਣ ਨਾਨਕੀ ਨੇ ਕਿਹਾ, "ਮੇਰੇ ਰੱਬ ਵਰਗੇ ਵੀਰ ਨੂੰ ਕਿਉਂ ਚਪੇੜਾਂ ਮਾਰਨ ਲੱਗੇ ਓ।" ਮਾਤਾ ਤ੍ਰਿਪਤਾ ਨੇ ਪਤੀ ਨੂੰ ਸ਼ਾਂਤ ਕਰਨ ਲਈ ਪੰਡਤ ਹਰਦਿਆਲ ਦੇ ਸ਼ਬਦ ਯਾਦ ਕਰਾਏ ਕਿ ਇਹ ਅਵਤਾਰੀ ਪੁਰਸ਼ ਹੈ ਤੇ ਇਸ ਦਾ ਜੱਸ ਸਾਰੇ ਸੰਸਾਰ ਵਿੱਚ ਹੋਏਗਾ। ਅਜਿਹੇ ਕਈ ਮੌਕੇ ਆਏ ਜਦੋਂ ਮਹਿਤਾ ਕਾਲੂ ਜੀ ਅਸ਼ਾਂਤ ਹੋਏ, ਪਰ ਮਾਤਾ ਤ੍ਰਿਪਤਾ ਸਦਾ ਸ਼ਾਂਤ ਰਹਿ ਕੇ ਨਾਨਕ ਜੀ ਦੇ ਹਰ ਕੌਤਕਾਂ ਨੂੰ ਦੇਖ ਕੇ ਖ਼ੁਸ਼ ਹੁੰਦੀ ਰਹੀ।

ਜਦ ਬੇਬੇ ਨਾਨਕੀ ਦਾ ਵਿਆਹ ਹੋ ਗਿਆ ਤੇ ਉਹ ਆਪਣੇ ਪਤੀ ਜੈ ਰਾਮ ਨਾਲ ਸੁਲਤਾਨਪੁਰ ਲੋਧੀ ਰਹਿਣ ਲੱਗ ਪਈ, ਤਾਂ ਮਾਪਿਆਂ ਨਾਲ ਸਲਾਹ ਕਰਕੇ ਆਪਣੇ ਵੀਰ ਨਾਨਕ ਨੂੰ ਵੀ ਸੁਲਤਾਨਪੁਰ ਲੋਧੀ ਲੈ ਗਈ। ਮਰਦਾਨਾ ਜੋ ਉਹਨਾਂ ਦਾ ਬਚਪਨ ਵਿੱਚ ਖਿਡਾਵਾ ਤੇ ਸਾਥੀ ਸੀ, ਉਹ ਵੀ ਗੁਰੂ ਨਾਨਕ ਜੀ ਨਾਲ ਸੁਲਤਾਨਪੁਰ ਲੋਧੀ ਆ ਗਿਆ। ਮਾਤਾ ਤ੍ਰਿਪਤਾ ਹਰ ਆਏ ਗਏ ਤੋਂ ਆਪਣੀਆਂ ਅੱਖਾਂ ਦੇ ਨੂਰ ਸਪੁੱਤਰ ਬਾਰੇ ਸੁੱਖ-ਸਾਂਦ ਦਾ ਪਤਾ ਰੱਖਦੀ ਰਹੀ।

ਮਾਤਾ ਤ੍ਰਿਪਤਾ ਦੀਆਂ ਖ਼ੁਸ਼ੀਆਂ ਦਾ ਉਹ ਦਿਨ ਸਿਖਰ ਭਰਿਆ ਸੀ, ਜਦੋਂ ਉਹਨਾਂ ਦੇ ਸਪੁੱਤਰ ਦਾ ਵਿਆਹ ਹੋਇਆ। ਨੂੰਹ ਦੇ ਰੂਪ ਵਿੱਚ ਸੁਲੱਖਣੀ ਜੀ ਉਹਨਾਂ ਦੇ ਘਰ ਆਈ। ਬੜੇ ਚਾਵਾਂ-ਮਲਾਰਾਂ ਨਾਲ ਪੁੱਤਰ ਨੂੰ ਘਰ ਗ੍ਰਹਿਸਥੀ ਵਿੱਚ ਪ੍ਰਵੇਸ਼ ਕਰਦਿਆਂ ਵੇਖ ਕੇ ਮਾਤਾ ਤ੍ਰਿਪਤਾ ਖ਼ੁਸ਼ੀ ਨਾਲ ਫੁੱਲੀ ਨਹੀਂ ਸੀ ਸਮਾਉਂਦੀ। ਉਹਨੂੰ ਹੋਰ ਵੱਧ ਸੰਤੁਸ਼ਟਤਾ ਤੇ ਖ਼ੁਸ਼ੀ ਦੀ ਦਾਤ ਪ੍ਰਾਪਤ ਹੋਈ, ਜਦੋਂ ਉਹਨੂੰ ਪਰਿਵਾਰ ਵਿੱਚੋਂ ਦੋ ਪੋਤਰਿਆਂ ਸ੍ਰੀ ਚੰਦ ਤੇ ਲਖਮੀ ਦਾਸ ਦੀ ਦਾਤ ਪ੍ਰਾਪਤ ਹੋਈ। ਗੁਰੂ ਨਾਨਕ ਦੇਵ ਜੀ ਮਾਤਾ ਤ੍ਰਿਪਤਾ ਜੀ ਨੂੰ ਅਥਾਹ ਪਿਆਰ ਕਰਦੇ ਤੇ ਜਦ ਵੀ ਮਿਲਦੇ ਮਾਂ ਤ੍ਰਿਪਤਾ ਉਹਨਾਂ ਨੂੰ ਗਲਵੱਕੜੀ ਵਿੱਚ ਲੈਂਦੀ, ਮੱਥਾ ਚੁੰਮਦੀ ਤੇ ਅਸੀਸਾਂ ਦੇਂਦੀ। ਗੁਰੂ ਨਾਨਕ ਦੇਵ ਜੀ ਉਹਨਾਂ ਦੀ ਚਰਨ ਬੰਦਨਾ ਕਰਨ ਲੱਗਦੇ ਤਾਂ ਉਹ ਪਹਿਲਾਂ ਹੀ ਆਪਣੀਆਂ ਬਾਹਵਾਂ ਵਿੱਚ ਘੁੱਟ ਕੇ ਕਲੇਜੇ ਨਾਲ ਲਾ ਲੈਂਦੇ।

ਜਦ ਗੁਰੂ ਨਾਨਕ ਦੇਵ ਜੀ ਜਗਤ ਜਲੰਦੇ ਨੂੰ ਠਾਰਨ ਲਈ ਅਤੇ ਮਨੁੱਖ ਮਾਤਰ ਨੂੰ ਜੀਵਨ ਦੀ ਨਰੋਈ ਸੇਧ ਦਿਖਾਉਣ ਲਈ ਸੁਲਤਾਨਪੁਰ ਤੋਂ ਪਹਿਲੀ ਉਦਾਸੀ ਲਈ ਚਲੇ, ਤਾਂ ਸਭ ਤੋਂ ਪਹਿਲਾਂ ਉਹ ਰਾਇ ਭੋਇੰ ਦੀ ਤਲਵੰਡੀ ਪਹੁੰਚੇ। ਮਾਤਾ ਦੇ ਦਰਸ਼ਨ ਕੀਤੇ ਤਾਂ ਮਾਤਾ ਤਿਪ੍ਰਤਾ ਨੇ ਅਸ਼ੀਰਵਾਦ ਦਿੱਤੀ, ਨਾਂਹ ਨਹੀਂ ਪਾਈ ਸਗੋਂ ਸ਼ੁਭਕਾਮਨਾਂ ਨਾਲ ਸਫ਼ਰ ਲਈ ਤੋਰਿਆ। ਕਈ ਸਾਖੀਕਾਰ ਲਿਖਦੇ ਹਨ ਕਿ ਬਾਰਾਂ (12) ਸਾਲ ਦੀ ਲੰਮੀ ਉਦਾਸੀ ਤੋਂ ਪਿਛੋਂ ਜਦੋਂ ਗੁਰੂ ਨਾਨਕ ਦੇਵ ਜੀ ਘਰ ਪਰਤੇ ਤਾਂ ਤੁਰੰਤ ਮਾਤਾ ਤ੍ਰਿਪਤਾ ਨੂੰ ਮਿਲਣ ਲਈ ਤਲਵੰਡੀ ਆਏ। ਸਾਖੀਕਾਰ ਲਿਖਦੇ ਹਨ ਕਿ ਮਾਤਾ ਤ੍ਰਿਪਤਾ ਰੋਟੀ ਪਾਈ ਤੇ ਆਪਣੇ

ਸਪੁੱਤਰ ਨੂੰ ਯਾਦ ਕਰਦਿਆਂ ਮਨ ਵਿੱਚ ਕਹਿ ਰਹੀ ਸੀ ਕਿ ਅਜਿਹੀ ਰੋਟੀ ਤਾਂ ਮੇਰਾ ਲਾਡਲਾ ਬੜੀ ਪਸੰਦ ਕਰਦਾ ਸੀ। ਐਨ ਉਸੇ ਵੇਲੇ ਗੁਰੂ ਨਾਨਕ ਸਾਹਿਬ ਮਾਂ ਦੇ ਸਨਮੁਖ ਆ ਪਹੁੰਚੇ, ਕੋਈ ਅੰਦਾਜ਼ਾ ਨਹੀਂ ਲਾ ਸਕਦਾ ਕਿ ਉਸ ਵੇਲੇ ਮਾਂ ਨੂੰ ਕਿੰਨੀ ਖ਼ੁਸ਼ੀ ਹੋਈ ਹੋਵੇਗੀ। ਗੁਰੂ ਨਾਨਕ ਸਾਹਿਬ ਜੀ ਦੀ ਇਸ ਲੰਮੀ ਉਦਾਸੀ ਸਮੇਂ ਮਾਤਾ ਤ੍ਰਿਪਤਾ ਜੀ ਕਈ ਵਾਰ ਸੁਲਤਾਨਪੁਰ ਲੋਧੀ ਗਈ, ਨੂੰਹ ਤੇ ਪੋਤਰਿਆਂ ਨੂੰ ਕਈ ਵਾਰ ਤਲਵੰਡੀ ਲਿਜਾਣ ਲਈ ਜ਼ੋਰ ਦਿੱਤਾ ਪਰ ਬੇਬੇ ਨਾਨਕੀ ਨੇ ਨਾ ਜਾਣ ਦਿੱਤਾ। ਉਹ ਮਾਂ ਤ੍ਰਿਪਤਾ ਨੂੰ ਸਦਾ ਆਖਦੀ ਕਿ, "ਵੀਰ ਮੇਰਾ ਆਪਣੇ ਪਰਿਵਾਰ ਦੀ ਦੇਖਭਾਲ ਮੇਰੇ ਸਪੁਰਦ ਕਰ ਗਿਆ ਹੈ, ਮੈਂ ਇਹਨਾਂ ਨੂੰ ਇਕ ਪਲ ਨਹੀਂ ਨਿਖੇੜ ਸਕਦੀ। ਮੈਨੂੰ ਇਹਨਾਂ ਦੀ ਸੰਭਾਲ ਵਿੱਚ ਜੋ ਅਨੰਦ ਮਿਲ ਰਿਹਾ ਹੈ, ਮੈਂ ਉਸ ਤੋਂ ਬਿਨਾਂ ਨਹੀਂ ਰਹਿ ਸਕਦੀ।

ਆਪਣੀ ਦੂਜੀ ਉਦਾਸੀ ਪਿਛੋਂ ਗੁਰੂ ਨਾਨਕ ਦੇਵ ਜੀ ਨੇ ਰਾਵੀ ਦੇ ਪੱਛਮੀ ਕੰਢੇ ਤੇ ਇਕ ਨਵਾਂ ਨਗਰ ਕਰਤਾਰਪੁਰ ਵਸਾਇਆ। ਆਪਣੇ ਪਰਿਵਾਰ ਨੂੰ ਉਹ ਕਰਤਾਰਪੁਰ ਰਾਵੀ ਲੈ ਆਏ, ਉਸੇ ਸਮੇਂ ਆਪਣੇ ਬਜ਼ੁਰਗ ਮਾਤਾ ਪਿਤਾ—ਮਹਿਤਾ ਕਾਲੂ ਜੀ ਤੇ ਮਾਤਾ ਤ੍ਰਿਪਤਾ ਜੀ ਨੂੰ ਵੀ ਕਰਤਾਪੁਰ ਲੈ ਆਂਦਾ। ਬੇਬੇ ਨਾਨਕੀ ਅਕਾਲ ਚਲਾਣਾ ਕਰ ਚੁੱਕੀ ਸੀ। ਬਿਰਧ ਮਾਤਾ ਤ੍ਰਿਪਤਾ ਨੂੰ ਗੁਰੂ ਨਾਨਕ ਦੇਵ ਜੀ ਦੇ ਬੱਚਿਆਂ ਤੇ ਪਤਨੀ ਨਾਲ ਰਹਿਣ ਦਾ ਅਵਸਰ ਮਿਲ ਗਿਆ। ਗੁਰੂ ਨਾਨਕ ਦੇਵ ਜੀ ਵੀ ਆਪਣੀਆਂ ਚਾਰ ਉਦਾਸੀਆਂ ਪਿਛੋਂ ਕਰਤਾਰਪੁਰ ਹੀ ਆ ਕੇ ਰਹਿਣ ਲੱਗੇ। ਇਥੇ ਹੀ ਉਹਨਾਂ ਨੇ ਨਾਮ ਜਪਣ, ਕਿਰਤ ਕਰਨ ਤੇ ਵੰਡ ਛੱਕਣ ਦੇ ਤਿੰਨ ਸੂਤਰੀ ਪ੍ਰੋਗਰਾਮ ਨੂੰ ਅਮਲੀ ਰੂਪ ਦੇਣਾ ਸ਼ੁਰੂ ਕੀਤਾ।

ਕਰਤਾਰਪੁਰ ਵਿੱਚ ਹੀ ਮਾਤਾ ਤ੍ਰਿਪਤਾ ਗੁਰਪੁਰੀ ਸਿਧਾਰ ਗਏ। ਇਥੇ ਹੀ ਉਹਨਾਂ ਦਾ ਅੰਤਮ ਸਸਕਾਰ ਹੋਇਆ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਮਾਤਾ ਤ੍ਰਿਪਤਾ ਜੀ ਦਾ ਅਕਾਲ ਚਲਾਣਾ ਸੰਮਤ 1579 ਅਥਵਾ ਸੰਨ 1522 ਨੂੰ ਹੋਇਆ। ਭਾਈ ਸੰਤੋਖ ਸਿੰਘ ਨੇ 'ਨਾਨਕ ਪ੍ਰਕਾਸ਼' ਵਿੱਚ ਮਾਤਾ ਤ੍ਰਿਪਤਾ ਦਾ ਦੇਹਾਂਤ ਤਲਵੰਡੀ ਵਿੱਚ ਹੋਇਆ ਲਿਖਿਆ ਹੈ।

ਮਾਤਾ ਰਾਮੋ ਜੀ

ਦੂਜੀ ਨਾਨਕ-ਜੋਤ ਗੁਰੂ ਅੰਗਦ ਦੇਵ ਜੀ ਦੀ ਪੂਜਨੀਕ ਮਾਤਾ ਰਾਮੋ ਜੀ ਸਨ। ਕਈ ਇਤਿਹਾਸਕਾਰਾਂ ਅਤੇ ਸਾਖੀਕਾਰਾਂ ਨੇ ਗੁਰੂ ਅੰਗਦ ਦੇਵ ਜੀ ਦੀ ਮਾਤਾ ਦਾ ਨਾਮ ਦਯਾ ਕੌਰ ਲਿਖਿਆ ਹੈ। ਖ਼ਾਸ ਤੌਰ ਤੇ ਕਵੀ ਗੁਲਾਬ ਸਿੰਘ ਨੇ 'ਗੁਰ ਪ੍ਰਣਾਲੀ' ਵਿੱਚ ਗੁਰੂ ਅੰਗਦ ਦੇਵ ਜੀ ਦੀ ਮਾਤਾ ਦਾ ਨਾਂ ਦਯਾ ਕੌਰ ਲਿਖਿਆ ਹੈ। ਇਸੇ ਤਰ੍ਹਾਂ ਹੋਰ ਇਕ ਦੋ ਥਾਂ ਤੇ ਦੂਜੀ ਪਾਤਸ਼ਾਹੀ ਦੀ ਮਾਤਾ ਦਾ ਨਾਂ ਸਭਰਾਈ ਲਿਖਿਆ ਹੈ। ਅਸੀਂ ਇਸ ਸਬੰਧੀ ਕਿਤਨੀਆਂ ਹੀ ਰਚਨਾਵਾਂ ਵੇਖੀਆਂ ਤੇ ਪੜ੍ਹੀਆਂ-ਸੁਣੀਆਂ ਹਨ, ਉਹਨਾਂ ਵਿੱਚ ਗੁਰੂ ਅੰਗਦ ਸਾਹਿਬ ਜੀ ਦੇ ਪਿਤਾ ਸ੍ਰੀ ਫੇਰੂ ਮਲ ਜੀ ਦੀ ਧਰਮ ਪਤਨੀ ਦਾ ਨਾਂ ਰਾਮੋ ਜੀ ਹੀ ਪ੍ਰਤੀਤ ਹੁੰਦਾ ਹੈ। ਅਸਲ ਗੱਲ ਇਹ ਹੈ ਕਿ ਸਾਡੇ ਦੇਸ਼ ਵਿੱਚ ਹਰ ਬੱਚੀ ਦੇ ਕਈ ਕਈ ਨਾਂਅ ਰੱਖੇ ਜਾਂਦੇ ਹਨ। ਪਹਿਲਾਂ ਲਾਡ ਪਿਆਰ ਨਾਲ ਇਕ ਨਾਂ ਬੁਲਾਇਆ ਜਾਂਦਾ ਹੈ, ਫਿਰ ਬੱਚੀ ਦੇ ਗੁਣ ਵੇਖ ਕੇ ਉਹਦਾ ਨਾਂ ਹੋਰ ਰੱਖ ਲਿਆ ਜਾਂਦਾ ਹੈ। ਵਿਆਹ ਪਿੱਛੋਂ ਸਹੁਰੇ ਘਰ ਵਿੱਚ ਹੋਰ ਨਾਂਅ ਰੱਖ ਲੈਣ ਦੀ ਪ੍ਰਥਾ ਵੀ ਹੈ। ਇਸੇ ਲਈ ਰਾਮੋ ਜੀ ਦਾ ਨਾਂ ਉਹਨਾਂ ਦੇ ਗੁਣਾਂ ਦੇ ਆਧਾਰ 'ਤੇ ਦਯਾ ਕੌਰ ਵੀ ਪ੍ਰਚਲਤ ਹੋ ਸਕਦਾ ਹੈ।

ਸਾਡੇ ਦੇਸ਼ ਵਿੱਚ ਉਂਗਲਾਂ ਤੇ ਗਿਣੇ ਜਾਣ ਵਾਲੇ ਹੁਕਮਰਾਨਾਂ ਤੇ ਮਹਾਂਪੁਰਖਾਂ ਬਾਰੇ ਜਾਣਕਾਰੀ ਇਕੱਤਰ ਕਰਨ ਤੇ ਇਤਿਹਾਸਕ ਦ੍ਰਿਸ਼ਟੀ ਤੋਂ ਸੰਭਾਲਣ ਵਾਲੇ ਲੇਖਕ ਚੇਤੰਨ ਹੁੰਦੇ ਸਨ। ਆਮ ਸਾਧਾਰਨ ਜਨਤਾ ਬਾਰੇ ਕੋਈ ਵਿਸ਼ੇਸ਼ ਜਾਣਕਾਰੀ ਦੇਣੀ ਜ਼ਰੂਰੀ ਨਹੀਂ ਸੀ ਹੁੰਦੀ। ਜੇ ਰਾਮੋ ਜੀ ਦੇ ਉਦਰ ਤੋਂ ਗੁਰੂ ਅੰਗਦ ਦੇਵ ਜੀ ਵਰਗੀ ਮਹਾਨ ਆਤਮਾ ਦਾ ਜਨਮ ਹੋਇਆ ਤਾਂ ਹੀ ਉਹਨਾਂ ਦੇ ਨਾਂ ਨੂੰ ਦੁਨੀਆ ਜਾਣਨ ਲੱਗੀ, ਨਹੀਂ ਤੇ ਕਰੋੜਾਂ ਹੋਰ ਮਾਵਾਂ ਦੇ ਨਾਂ ਨੂੰ ਵੀ ਕੋਈ ਨਹੀਂ ਯਾਦ ਰਖਦਾ। ਰਾਮੋ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ, ਇਸ ਬਾਰੇ ਇਤਿਹਾਸ ਦੇ ਪੰਨਿਆਂ 'ਤੇ ਕਿਧਰੇ ਜਾਣਕਾਰੀ ਨਹੀਂ ਲੱਭੀ। ਇਹਨਾਂ ਦੇ ਪਿਤਾ ਤੇ ਮਾਤਾ ਕਿਸ ਨਗਰ ਦੇ ਵਸਨੀਕ ਸਨ ਤੇ ਕਿਹੜੀ ਕੁੱਲ ਵਿਚੋਂ ਸਨ, ਇਹ ਅਜੇ ਖੋਜਣ ਦੀ ਲੋੜ ਹੈ। ਸਰਾਏ ਨਾਂਗਾ ਦੇ ਫੇਰੂ ਮੱਲ ਨਾਲ ਵਿਆਹ ਪਿਛੋਂ ਇਹਨਾਂ ਦਾ ਗ੍ਰਹਿਸਥ ਜੀਵਨ ਸ਼ੁਰੂ ਹੁੰਦਾ ਹੈ। ਇਹ ਵੀ ਕਿਸੇ ਲੇਖਕ ਨੇ ਸਾਲ ਤੇ ਮਿਤੀ ਨਹੀਂ ਲਿਖੀ ਕਿ ਕਦੋਂ ਰਾਮੋ ਜੀ ਵਿਆਹੇ ਗਏ। ਕਿਸੇ ਲੇਖਕ ਨੇ ਵਿਆਹ ਤੋਂ ਪਹਿਲਾਂ ਦੇ ਜੀਵਨ ਬਾਰੇ ਸੰਕੇਤ ਨਹੀਂ ਕੀਤਾ। ਸਰਾਏ ਨਾਂਗਾ ਮਾਲਵੇ ਦਾ ਇਤਿਹਾਸਕ ਨਗਰ ਹੈ, ਜੋ ਮੁਕਤਸਰ ਤੇ ਕੋਟਕਪੂਰੇ ਤੋਂ ਨੇੜੇ ਹੀ ਹੈ। ਅੱਜ ਵੀ ਉਸ ਨਗਰ ਵਿੱਚ ਦੋ ਗੁਰੂ ਸਾਹਿਬਾਨ ਦੇ ਇਤਿਹਾਸਕ ਗੁਰਦੁਆਰੇ ਹਨ। ਪਹਿਲਾ ਗੁਰੂ ਨਾਨਕ ਦੇਵ ਜੀ ਦੀ ਯਾਦ ਵਿੱਚ ਗੁਰਦੁਆਰਾ ਹੈ ਅਤੇ ਦੂਜਾ ਗੁਰੂ ਅੰਗਦ ਦੇਵ ਜੀ ਦਾ ਜਨਮ ਅਸਥਾਨ ਹੈ।

ਫੇਰੂ ਮੱਲ ਜੀ ਇਸ ਨਗਰ ਦੇ ਉੱਘੇ ਵਪਾਰੀ ਸਨ ਤੇ ਹਾਕਮ ਵਰਗ ਦੇ ਮੁਖੀ ਅਹਿਲਕਾਰ ਸਨ। ਉਹ ਬੜੇ ਧਰਮਾਤਮਾ, ਸੱਚ ਤੇ ਪਹਿਰਾ ਦੇਣ ਵਾਲੇ, ਦਇਆਵਾਨ ਤੇ ਨੇਕ ਮਨੁੱਖ ਸਨ। ਰਾਮੋ ਜੀ ਉਹਨਾਂ ਨਾਲ ਵਿਆਹ ਪਿੱਛੋਂ ਇਹਨਾਂ ਸਾਰੇ ਮਾਨਵੀ ਗੁਣਾਂ ਦੇ ਧਾਰਨੀ ਬਣ ਗਏ। ਬਹੁਤਾ ਸਮਾਂ ਨਾਮ ਸਿਮਰਨ ਤੇ ਪ੍ਰਭੂ ਭਗਤੀ ਵਿੱਚ ਗੁਜ਼ਾਰ ਰਹੇ ਸਨ, ਜਦੋਂ ਈਸ਼ਵਰ ਨੇ ਉਹਨਾਂ ਤੇ ਮੇਹਰਬਾਨ ਹੋ ਕੇ ਉਹਨਾਂ ਦੀ ਕੁੱਖ ਹਰੀ ਕਰ ਦਿੱਤੀ। ਜਿਸ ਬਾਲਕ ਨੇ 31 ਮਾਰਚ 1504 ਸੰਨ ਨੂੰ ਜਨਮ ਲਿਆ—ਉਹਦਾ ਨਾਂ ਲਹਿਣਾ ਰੱਖਿਆ ਗਿਆ। ਇਹੀ ਲਹਿਣਾ ਜੀ ਸੇਵਾ, ਸਿਮਰਨ ਤੇ ਗੁਰਮਤਿ ਦੇ ਗਿਆਤਾ ਹੋਣ ਤੇ ਦੂਜੀ ਨਾਨਕ-ਜੋਤ ਬਣ ਕੇ ਗੁਰੂ ਅੰਗਦ ਦੇਵ ਜੀ ਦੇ ਨਾਂ ਨਾਲ ਪ੍ਰਸਿੱਧ ਹੋਏ।

16ਵੀਂ ਸਦੀ ਸਾਡੇ ਦੇਸ਼ ਵਿੱਚ ਜੁਗਗਰਦੀ ਦਾ ਸਮਾਂ ਸੀ। ਮੁਗਲਾਂ ਤੇ ਪਠਾਣਾਂ ਦੀਆਂ ਸਥਾਨਕ ਲੜਾਈਆਂ ਵਿੱਚ ਸਰਾਏ ਨਾਂਗਾ ਤਬਾਹ ਹੋ ਗਿਆ ਤੇ ਬਹੁਤੇ ਪਰਿਵਾਰ ਇਥੋਂ ਉੱਠ ਕੇ ਹੋਰ ਥਾਂ ਜਾ ਵੱਸੇ। ਬਾਬਾ ਫੇਰੂ ਮੱਲ ਜੀ ਵੀ ਇਸ ਨਗਰ ਤੋਂ ਉੱਠ ਕੇ ਹਰੀਕੇ ਪੱਤਣ ਆ ਵੱਸੇ। ਮਾਤਾ ਪਿਤਾ ਦੇ ਸੁਭਾਅ ਤੇ ਪ੍ਰਭੂ ਭਗਤੀ ਦੀ ਜਾਗ ਸਪੁੱਤਰ ਨੂੰ ਮਾਤਾ ਦੇ ਗਰਭ ਤੋਂ ਹੀ ਲੱਗ ਗਈ ਸੀ। ਜੁਆਨ ਹੋਣ ਤੇ ਮਾਤਾ ਰਾਮੋ ਜੀ ਨੇ ਬੜੇ ਪਿਆਰ ਤੇ ਰੀਝ ਨਾਲ ਆਪਣੇ ਸਪੁੱਤਰ ਦਾ ਵਿਆਹ ਮਾਤਾ ਖੀਵੀ ਜੀ ਨਾਲ ਕਰ ਦਿੱਤਾ। ਬਾਬਾ ਫੇਰੂ ਮੱਲ ਜੀ ਹਰੀਕੇ ਪੱਤਣ ਰਹਿੰਦੇ ਹੋਏ ਅਕਾਲ ਚਲਾਣਾ ਕਰ ਗਏ। ਮਾਤਾ ਰਾਮੋ ਜੀ ਆਪਣੇ ਪਰਿਵਾਰ ਨਾਲ ਖਡੂਰ ਆ ਗਏ। ਜਿੱਥੇ ਉਹਨਾਂ ਦੀ ਨਨਾਣ ਦਾ ਘਰ ਸੀ। ਲਹਿਣਾ ਜੀ ਜਿਥੇ ਕਿਰਤ ਕਰਦੇ, ਉਥੇ ਪ੍ਰਭੂ ਭਗਤੀ ਲਈ ਵੀ ਵਧ ਤੋਂ ਵਧ ਸਮਾਂ ਕੱਢਦੇ। ਕੋਈ ਵੀ ਸਾਧੂ-ਸੰਤ ਤੇ ਪ੍ਰਭੂ ਭਗਤ ਨਗਰ ਵਿੱਚ ਆਉਂਦਾ ਤਾਂ ਉਹ ਆਪਣੇ ਘਰ ਬੁਲਾਉਂਦੇ, ਜਿੱਥੇ ਮਾਤਾ ਰਾਮੋ ਜੀ ਤੇ ਉਹਨਾਂ ਦੀ ਨੂੰਹ ਖੀਵੀ ਜੀ ਬੜੇ ਪਿਆਰ-ਸਤਿਕਾਰ ਨਾਲ ਸੇਵਾ ਕਰਦੀਆਂ। ਲਹਿਣਾ ਜੀ ਜੱਥੇ ਲੈ ਕੇ ਧਰਮ ਅਸਥਾਨਾਂ ਦੀ ਤੀਰਥ ਯਾਤਰਾ ਵੀ ਕਰਦੇ। ਖਡੂਰ ਵਿੱਚ ਭਾਈ ਜੋਧਾ ਜੀ ਤੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਸੁਣ ਕੇ ਤੀਰਥਾਂ ਦਾ ਰੱਟਣ ਛੱਡ ਦਿੱਤਾ ਤੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਲਈ ਕਰਤਾਰਪੁਰ ਪੁੱਜ ਗਏ। ਫਿਰ ਸਦਾ ਲਈ ਅਜਿਹੇ ਗੁਰੂ ਨਾਨਕ ਦੇਵ ਜੀ ਸੰਗ ਜੁੜੇ ਕਿ ਸੰਨ 1539 ਵਿੱਚ ਲਹਿਣਾ ਜੀ ਤੋਂ ਗੁਰੂ ਅੰਗਦ ਦੇਵ ਜੀ ਬਣ ਗਏ। ਪਰ ਕਿਸੇ ਇਤਿਹਾਸਕਾਰ ਦੀ ਰਚਨਾ ਵਿੱਚ ਇਹ ਨਹੀਂ ਮਿਲਿਆ ਕਿ ਰਾਮੋ ਜੀ ਇਸ ਸੁਭਾਗੇ ਦਿਨ ਜੀਉਂਦੇ ਸਨ ਜਾਂ ਨਹੀਂ। ਰਾਮੋ ਜੀ ਅਜੇਹੀ ਗੁਣਵੰਤੀ, ਸ਼ੋਭਾਵੰਤੀ ਤੇ ਸ਼ੀਲਵੰਤੀ ਮਾਤਾ ਇਤਹਾਸ ਵਿੱਚ ਅਮਰ ਹੋ ਗਈ ਹੈ, ਕਿ ਉਹਦਾ ਨਾਂ ਸਦਾ ਸਤਿਕਾਰ ਨਾਲ ਯਾਦ ਕੀਤਾ ਜਾਏਗਾ।

ਮਾਤਾ ਸੁਲੱਖਣੀ (ਲਖਮੀ) ਜੀ

ਤੀਜੀ ਨਾਨਕ-ਜੋਤ ਗੁਰੂ ਅਮਰਦਾਸ ਜੀ ਦੀ ਸਤਿਕਾਰਯੋਗ ਮਾਤਾ ਜੀ ਦਾ ਨਾਂ ਸ੍ਰੀ ਲਖਮੀ ਜੀ ਉਨ੍ਹਾਂ ਦੇ ਮਾਪਿਆਂ ਨੇ ਰੱਖਿਆ ਸੀ ਤੇ ਵਿਆਹ ਪਿਛੋਂ ਉਨ੍ਹਾਂ ਦੇ ਸ੍ਰੀ ਤੇਜਭਾਨ ਦੇ ਘਰ ਆਉਣ ਤੇ ਉਹਨਾਂ ਦਾ ਨਾਂ ਸੁਲੱਖਣੀ ਪ੍ਰਚਲਤ ਹੋਇਆ। ਪੰਦਰ੍ਹਵੀਂ ਸਦੀ ਵਿੱਚ ਸਾਡੇ ਸਮਾਜਿਕ ਪ੍ਰਬੰਧ ਵਿੱਚ ਇਹੀ ਰਿਵਾਜ ਪ੍ਰਚਲਤ ਸੀ ਕਿ ਕੁੜੀਆਂ ਦੇ ਮਾਪੇ ਜੋ ਨਾਂ ਰੱਖਦੇ ਸਨ, ਉਸ ਤੋਂ ਉਲਟ ਸਹੁਰੇ ਘਰ ਆ ਕੇ ਉਸ ਦਾ ਨਾਂ ਬਦਲ ਦਿੱਤਾ ਜਾਂਦਾ ਸੀ। ਜੇ ਲੜਕੇ ਵਾਲਿਆਂ ਦੇ ਘਰ ਵਿੱਚ ਧੀਆਂ ਦੇ ਉਹੀ ਨਾਮ ਹੋਣ ਤਾਂ ਨੂੰਹਾਂ ਦੇ ਘਰ ਆਉਣ ਤੇ ਉਹਨਾਂ ਦਾ ਨਾਂ ਹੋਰ ਰੱਖ ਲਿਆ ਜਾਂਦਾ ਸੀ। ਇਹੀ ਜਾਪਦਾ ਹੈ ਕਿ ਲਖਮੀ ਜੀ ਦਾ ਨਾਂ ਵੀ ਉਹਦੇ ਗੁਣਾਂ ਕਰਕੇ ਤੇ ਸੁੰਦਰ ਸਰੂਪ ਹੋਣ ਕਾਰਨ ਸੁਲੱਖਣੀ ਜੀ ਬੁਲਾਇਆ ਜਾਣ ਲੱਗਾ। ਕਈ ਲੇਖਕਾਂ ਨੇ ਇਸ ਤੋਂ ਵੀ ਭੁਲੇਖਾ ਖਾਧਾ ਕਿ ਸ੍ਰੀ ਤੇਜਭਾਨ ਦੇ ਦੋ ਵਿਆਹ ਹੋਏ ਸਨ, ਇਕ-ਲਖਮੀ ਜੀ ਤੇ ਦੂਜਾ-ਸੁਲੱਖਣੀ ਜੀ ਨਾਲ। ਸ਼੍ਰੋਮਣੀ ਗੁਰਦੁਆਰਾ ਕਮੇਟੀ, ਅੰਮ੍ਰਿਤਸਰ ਵਲੋਂ ਪ੍ਰਕਾਸ਼ਤ 'ਸਿੱਖ ਇਤਿਹਾਸ' ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਸ੍ਰੀ ਤੇਜਭਾਨ ਦੀ ਸੁਪਤਨੀ ਇਕੋ ਸੀ। ਪ੍ਰੋ. ਕਰਤਾਰ ਸਿੰਘ ਨੇ ਉਹਦਾ ਨਾਂ ਸੁਲੱਖਣੀ ਜੀ ਲਿਖ ਕੇ ਬਚਪਨ ਦਾ ਨਾਂ ਲਖਮੀ ਜੀ ਬਰੈਕਟ ਵਿੱਚ ਦਰਜ ਕੀਤਾ ਹੈ।

ਜਿਵੇਂ ਦੂਜੇ ਗੁਰੂ ਸਾਹਿਬਾਨਾਂ ਦੀਆਂ ਮਾਤਾਵਾਂ ਬਾਰੇ ਵੀ ਘੱਟ ਲਿਖਿਆ ਮਿਲਦਾ ਹੈ ਉਸੇ ਤਰ੍ਹਾਂ ਸੁਲੱਖਣੀ ਜੀ ਬਾਰੇ ਵੀ ਕਿਧਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੋ ਸਕੀ। ਗੁਰੂ ਅਮਰਦਾਸ ਜੀ ਦੀ ਮਾਤਾ ਹੋਣ ਕਾਰਨ ਇਤਿਹਾਸ ਵਿੱਚ ਜ਼ਿਕਰ ਆਇਆ ਹੈ। ਕਰਤਾਰੀ ਪੁਰਖ ਦੀ ਜਨਮ ਦਾਤੀ ਹੋਣ ਕਾਰਨ ਉਸ ਦਾ ਨਾਂ ਵੀ ਇਤਿਹਾਸ ਵਿੱਚ ਅੰਕਿਤ ਹੋ ਗਿਆ ਹੈ। ਇਹ ਕਿਧਰੇ ਲਿਖਿਆ ਨਹੀਂ ਕਿ ਸੁੱਲਖਣੀ ਜੀ ਦੇ ਮਾਤਾ-ਪਿਤਾ ਕੌਣ ਸਨ, ਉਹ ਕਿਹੜੇ ਪਿੰਡ ਜਾਂ ਨਗਰ ਦੇ ਵਸਨੀਕ ਸਨ, ਜਿੱਥੋਂ ਸ੍ਰੀ ਤੇਜਭਾਨ ਜੀ ਉਨ੍ਹਾਂ ਨੂੰ ਵਿਆਹ ਕੇ ਆਪਣੇ ਪਿੰਡ ਬਾਸਰਕੇ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਲੈ ਆਏ ਸਨ। ਉਹਨਾਂ ਦੇ ਬਾਲਪਨ ਦੇ ਸਮਾਚਾਰ ਵੀ ਕਿਸੇ ਲੇਖਕ ਨੇ ਕਲਮਬੰਦ ਨਹੀਂ ਕੀਤੇ। ਇਉਂ ਗ੍ਰਿਹਸਥ ਜੀਵਨ ਵਿੱਚ ਪ੍ਰਵੇਸ਼ ਕਰਨ ਨਾਲ ਹੀ ਇਹਨਾਂ ਦੀ ਜੀਵਨ ਕਹਾਣੀ ਸ਼ੁਰੂ ਹੁੰਦੀ ਹੈ। ਇਹਨਾਂ ਦੇ ਸੁਭਾਅ, ਰੁਚੀਆਂ ਤੇ ਵਤੀਰਾ ਸਹੁਰੇ ਘਰ ਆ ਕੇ ਬਹੁਤ ਨਿਖਰ ਗਿਆ।

ਸ੍ਰੀ ਤੇਜਭਾਨ ਜੀ ਭੱਲੇ ਖੱਤਰੀ ਬਰਾਦਰੀ ਵਿਚੋਂ ਸਨ। ਜੋ ਬਾਸਰਕੇ ਵਿੱਚ ਇਕ ਤਾਂ ਦੁਕਾਨਦਾਰੀ ਕਰਦੇ ਸਨ ਤੇ ਦੂਜਾ ਉਨ੍ਹਾਂ ਦੀ ਜ਼ਮੀਨ ਸੀ, ਜਿਸ ਵਿੱਚ ਉਹ ਖੇਤੀਬਾੜੀ ਵੀ ਕਰਦੇ ਸਨ। ਸ੍ਰੀ ਤੇਜਭਾਨ ਜੀ ਸੁਭਾਅ ਦੇ ਨਿੱਘੇ ਤੇ ਮਿੱਠ ਬੋਲੜੇ ਸਨ। ਕਈ ਸਾਖੀਆਂ ਵਿੱਚ ਜ਼ਿਕਰ ਆਇਆ ਹੈ ਕਿ ਉਹ ਵਰਤੋਂ-ਵਿਹਾਰ ਵਿੱਚ ਸੁੱਚੇ ਤੇ ਕਾਰ-ਵਿਹਾਰ ਵਿੱਚ ਸੱਚੇ

ਸਨ। ਇਸੇ ਸੁਭਾਅ ਕਾਰਨ ਉਹਨਾਂ ਨੂੰ ਆਪਣੀ ਬਰਾਦਰੀ, ਆਂਢ-ਗੁਆਂਢ ਤੇ ਬਾਸਰਕੇ ਵਿੱਚ ਚੋਖਾ ਮਾਣ ਪ੍ਰਾਪਤ ਸੀ। ਉਹ ਬੜੇ ਧਾਰਮਕ ਰੁਚੀਆਂ ਵਾਲੇ ਸਨ। ਵੈਸ਼ਨੌ ਧਰਮ ਅਨੁਸਾਰ ਪ੍ਰਭੂ ਭਗਤੀ ਵਿੱਚ ਸਮਾਂ ਬਿਤਾਂਦੇ ਸਨ। ਸੁਲੱਖਣੀ ਜੀ ਨੂੰ ਵੀ ਕੁਦਰਤ ਨੇ ਅਜਿਹੀ ਬਿਰਤੀ ਦਿੱਤੀ ਸੀ ਕਿ ਉਹ ਸ੍ਰੀ ਤੇਜਭਾਨ ਜੀ ਦੇ ਸਾਰੇ ਗੁਣਾਂ ਨੂੰ ਤੁਰੰਤ ਆਪਣੀ ਸੋਚ ਤੇ ਰਹਿਣੀ ਬਹਿਣੀ ਵਿੱਚ ਢਾਲਣ ਵਿੱਚ ਸਫਲ ਹੋ ਗਈ।

ਕੁਦਰਤ ਦੇ ਮਾਲਕ ਕਾਦਰ ਨੇ ਇਨ੍ਹਾਂ ਦੀ ਤੱਪ ਤਪੱਸਿਆ ਤੇ ਨੇਕ-ਕਿਰਤ ਕਮਾਈ ਨੂੰ ਭਾਗ ਲਾਏ ਤੇ ਇਹਨਾਂ ਦੇ ਘਰ ਅਵਤਾਰੀ ਪੁਰਸ਼ ਸ੍ਰੀ ਅਮਰਦਾਸ ਜੀ ਨੇ ਜਨਮ ਲਿਆ। ਲਖਮੀ ਤੋਂ ਸੁਲੱਖਣੀ ਬਣੀ ਮਾਤਾ ਦੇ ਘਰ ਸ੍ਰੀ ਅਮਰਦਾਸ ਜੀ ਦਾ ਜਨਮ ਵਿਸਾਖ ਸੁਦੀ 14 ਸੰਮਤ 1536 ਨੂੰ ਹੋਇਆ। ਅੰਗਰੇਜ਼ੀ ਸਾਲ ਅਨੁਸਾਰ ਉਸ ਦਿਨ ਸੰਨ 1479 ਦੇ ਮਈ ਮਹੀਨੇ ਦੀ ਪੰਜ ਤਰੀਕ ਸੀ।

ਹਰ ਮਾਤਾ ਦਾ ਆਪਣੀ ਸੰਤਾਨ ਉਤੇ ਕਿਸੇ ਨਾ ਕਿਸੇ ਰੂਪ ਵਿੱਚ ਜ਼ਰੂਰ ਅਸਰ ਹੁੰਦਾ ਹੈ। ਮਾਤਾ ਪਿਤਾ ਦੇ ਧਾਰਮਕ ਜਜ਼ਬੇ ਤੇ ਪ੍ਰਭੂ ਭਗਤੀ ਦੀ ਲਗਨ ਗੁਰੂ ਅਮਰਦਾਸ ਨੂੰ ਬਾਲਪਨ ਵਿੱਚ ਹੀ ਲੱਗ ਗਈ। ਜਦ ਉਹ ਯੁਵਕ ਅਵਸਥਾ ਵਿੱਚ ਪਿਤਾ ਦੇ ਕਾਰੋਬਾਰ ਸੰਭਾਲਣ ਦੇ ਯੋਗ ਹੋਏ ਤਾਂ ਮਾਤਾ ਨੇ ਉਤਸਾਹਿਤ ਕੀਤਾ ਕਿ ਧਾਰਮਿਕ ਕਰਮ ਧਰਮ ਲਈ ਜ਼ਰੂਰ ਸਮਾਂ ਕੱਢਿਆ ਕਰੋ। ਮਾਂ ਨੇ ਬੜੇ ਚਾਅ-ਮਲਾਰ ਨਾਲ ਸਪੁੱਤਰ ਦਾ ਵਿਆਹ ਸਨਖਤਰੇ ਪਿੰਡ ਦੇ ਸ੍ਰੀ ਚੰਦ ਬਹਿਲ ਦੀ ਸਪੁੱਤਰੀ ਨਾਲ ਕੀਤਾ। ਪੁੱਤਰ ਦਾ ਖਿੜਿਆ ਪਰਿਵਾਰ ਤੇ ਪੋਤਰੀਆਂ-ਪੋਤਰਿਆਂ ਨੂੰ ਖਿਡਾਉਂਦੀ ਹੋਈ ਸੁਲੱਖਣੀ ਜੀ ਫੁੱਲੀ ਨਾ ਸਮਾਉਂਦੀ। ਸਪੁੱਤਰ ਦੇ ਗੁਰੂ-ਮਿਲਾਪ ਲਈ ਖਡੂਰ ਜਾਣ ਤੋਂ ਪਹਿਲਾਂ ਹੀ ਮਾਤਾ ਸੁਲੱਖਣੀ ਜੀ ਅਕਾਲ ਚਲਾਣਾ ਕਰ ਗਏ। ਬਾਸਰਕੇ ਵਿੱਚ ਹੀ ਉਹਨਾਂ ਦਾ ਅੰਤਮ ਸਸਕਾਰ ਹੋਇਆ।

ਮਾਤਾ ਦਯਾ ਕੌਰ

ਪੰਜਾਬ ਵਿੱਚ ਸਦੀਆਂ ਤੋਂ ਨਵੀਆਂ ਜੰਮੀਆਂ ਦੇ ਨਾਂ ਉਹਨਾਂ ਦੀ ਜਨਮ ਸਮੇਂ ਦੀ ਸੁੰਦਰਤਾ, ਤਿੱਖੇ ਨੈਣ-ਨਕਸ਼ ਤੇ ਬਚਪਨ ਦੇ ਪ੍ਰਗਟ ਸੁਭਾਵਾਂ ਅਨੁਸਾਰ ਰੱਖੇ ਜਾਂਦੇ ਸਨ। ਇਸੇ ਲਈ ਅਣਗਿਣਤ ਔਰਤਾਂ ਦੇ ਨਾਂ ਸੁਲੱਖਣੀ, ਸੁੰਦਰੀ, ਕੰਵਲ ਨੈਣੀ ਰੱਖੇ ਜਾਂਦੇ ਸੀ। ਨਾਰੀ ਜਾਤੀ ਵਧੇਰੇ ਕੋਮਲ ਤੇ ਦਯਾਵਾਨ ਹਿਰਦੇ ਵਾਲੀ ਹੋਣ ਕਾਰਨ ਉਹਨਾਂ ਵਿਚੋਂ ਚੋਖੀਆਂ ਦਾ ਨਾਂ ਦਯਾਵੰਤੀ ਤੇ ਦਯਾ ਕੌਰ ਵੀ ਪ੍ਰਚਲਤ ਸੀ।

ਚੌਥੀ ਨਾਨਕ-ਜੋਤ ਸ੍ਰੀ ਗੁਰੂ ਰਾਮਦਾਸ ਜੀ ਦੀ ਮਾਤਾ ਦਾ ਨਾਂ ਵੀ ਬਚਪਨ ਵਿੱਚ ਮਾਪਿਆਂ ਨੇ ਦਯਾ ਕੌਰ ਰੱਖਿਆ। ਸਮੇਂ ਦਾ ਆਮ ਰਿਵਾਜ ਸੀ ਕਿ ਵਿਆਹ ਪਿਛੋਂ ਸਹੁਰੇ ਘਰ ਕੁੜੀਆਂ ਦੇ ਹੋਰ ਨਾਂ ਪ੍ਰਚਲਤ ਕਰ ਲਏ ਜਾਂਦੇ ਸਨ। ਜਿਸ ਕਾਰਨ ਕਈ ਸਾਖੀਕਾਰ ਵੱਖ-ਵੱਖ ਪ੍ਰਚਲਤ ਨਾਵਾਂ ਦੇ ਆਧਾਰ 'ਤੇ ਵੱਖੋ-ਵੱਖ ਨਾਂ ਦੀਆਂ ਨਾਰੀ ਗੁਰੂ ਮਹਿਲ ਗਿਣ ਲਿਆ ਕਰਦੇ ਸਨ। ਮਾਤਾ ਦਯਾ ਕੌਰ ਜੀ ਬਾਰੇ ਅਜਿਹਾ ਭੁਲੇਖਾ ਨਹੀਂ ਪੈ ਸਕਿਆ, ਕਿਉਂਕਿ ਉਹਨਾਂ ਦਾ ਪੇਕਿਆਂ ਦਾ ਤੇ ਸਹੁਰਿਆਂ ਵਿੱਚ ਨਾਂ ਇਕੋ ਹੀ ਸੀ। ਇਹ ਸਾਡੇ ਇਤਿਹਾਸ ਦੀ ਉਹ ਸੁਭਾਗੀ ਨਾਰੀ ਸੀ, ਜਿਸ ਦੀ ਕੁੱਖੋਂ ਚੌਥੀ ਨਾਨਕ-ਜੋਤ ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ ਹੋਇਆ। ਸਾਰੇ ਇਤਿਹਾਸਕਾਰ ਤੇ ਸਾਖੀਕਾਰ ਇਸੇ ਕਰਕੇ ਮਾਤਾ ਦਯਾ ਕੌਰ ਨੂੰ ਆਪਣੀਆਂ ਲਿਖਤਾਂ ਰਾਹੀਂ ਯਾਦ ਕਰਦੇ ਹਨ।

ਇਤਿਹਾਸ ਦੀ ਇਸ ਅਦੁੱਤੀ ਨਾਰੀ ਦਾ ਜਨਮ ਮਾਝੇ ਦੇ ਘੁੱਗ ਵਸਦੇ ਨਗਰ ਬਾਸਰਕੇ ਵਿੱਚ ਇਕ ਪਤਵੰਤੇ ਘਰਾਣੇ ਵਿੱਚ ਹੋਇਆ। ਦਯਾ ਕੌਰ ਜੀ ਦੇ ਮਾਤਾ ਪਿਤਾ ਦਾ ਨਾਮ ਕਿਧਰੇ ਲਿਖਿਆ ਨਹੀਂ ਮਿਲਿਆ। ਉਂਜ ਸਾਰੇ ਇਤਿਹਾਸਕਾਰ ਜ਼ਿਕਰ ਕਰਦੇ ਹਨ ਕਿ ਦਯਾ ਕੌਰ ਦੇ ਅਕਾਲ ਚਲਾਣੇ ਪਿਛੋਂ ਉਹਨਾਂ ਦੀ ਨਾਨੀ ਆਪਣੀ ਧੀ ਦੀ ਸੰਤਾਨ ਨੂੰ ਲਾਹੌਰ ਤੋਂ ਆਪਣੇ ਨਗਰ ਬਾਸਰਕੇ ਲੈ ਆਈ। ਇਸ ਤੋਂ ਵੱਧ ਹੋਰ ਜਾਣਕਾਰੀ ਕਿਧਰੇ ਵੇਖਣ ਵਿੱਚ ਨਹੀਂ ਆਈ। ਅੰਮ੍ਰਿਤਸਰ ਜ਼ਿਲ੍ਹੇ ਦੀ ਤਹਿਸੀਲ ਵਿੱਚ ਛੇਹਰਟੇ ਨੇੜੇ ਬਾਸਰਕੇ ਨਗਰ, ਜੋ ਗੁਰੂ ਅਮਰਦਾਸ ਜੀ ਦਾ ਨਗਰ ਕਰਕੇ ਪ੍ਰਸਿੱਧ ਹੈ, ਉਹ ਗੁਰੂ ਰਾਮਦਾਸ ਜੀ ਦਾ ਨਾਨਕਾ ਪਿੰਡ ਹੋਣ ਕਰਕੇ ਵੀ ਮਸ਼ਹੂਰ ਹੈ। ਭਾਈ ਜੇਠਾ ਜੀ ਨੇ (ਗੁਰੂ ਰਾਮਦਾਸ) ਨਾਨੀ ਦੀ ਸਰਪ੍ਰਸਤੀ ਹੇਠ ਬਾਲਪਨ ਬਾਸਰਕੇ ਵਿੱਚ ਹੀ ਗੁਜ਼ਾਰਿਆ।

ਜਦੋਂ ਦਯਾ ਕੌਰ ਨੇ ਜਵਾਨੀ ਵਿੱਚ ਪੈਰ ਧਰਿਆ ਤਾਂ ਮਾਪਿਆਂ ਨੇ ਉਹਦੇ ਲਈ ਵਰ-ਘਰ ਲਭਣਾ ਸ਼ੁਰੂ ਕੀਤਾ। ਧੁਰੋਂ ਲਿਖੇ ਸੰਜੋਗ ਅਨੁਸਾਰ ਉਸ ਦਾ ਵਿਆਹ ਲਾਹੌਰ ਦੇ ਸੋਢੀ ਪਰਿਵਾਰ ਵਿੱਚ ਕਰ ਦਿੱਤਾ ਅਤੇ ਸ੍ਰੀ ਹਰਿਦਾਸ ਸੋਢੀ ਜੀ ਦੀ ਪਤਨੀ ਰੂਪ, ਚੂਨਾ ਮੰਡੀ ਵਿੱਚ ਲਾਹੌਰ ਵਿੱਚ ਆ ਕੇ ਰਹਿਣ ਲੱਗ ਪਏ। ਇਹਨਾਂ ਦੇ ਘਰ ਜਦ ਪੁੱਤਰ ਦੀ ਦਾਤ

ਆਈ ਤਾਂ ਸੋਢੀ ਵੰਸ਼ ਦਾ ਸਰੂਪ ਹੀ ਹੋਰ ਦਾ ਹੋਰ ਹੋ ਗਿਆ। ਗੁਰੂ ਰਾਮਦਾਸ ਜੀ ਦੇ ਜਨਮ ਦਾ ਜ਼ਿਕਰ ਕਰਦਿਆਂ ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਵਿੱਚ ਲਿਖਦੇ ਹਨ : "ਸਿੱਖ ਕੌਮ ਦੇ ਚੌਥੇ ਪਾਤਸ਼ਾਹ, ਜਿਨ੍ਹਾਂ ਦਾ ਜਨਮ ਸੋਢੀ ਹਰਦਾਸ ਜੀ ਦੇ ਘਰ ਮਾਤਾ ਦਯਾ ਕੌਰ ਦੇ ਉਦਰ ਤੋਂ 26 ਅਸੂ ਕਤਕ ਵਦੀ ਦੀ ਸੰਮਤ 1591 (ਸੰਨ 1534) ਨੂੰ ਲਾਹੌਰ ਚੂਨਾ ਮੰਡੀ ਵਿੱਚ ਹੋਇਆ।" ਸ਼੍ਰੋਮਣੀ ਕਮੇਟੀ, ਅੰਮ੍ਰਿਤਸਰ ਵਲੋਂ ਪ੍ਰਕਾਸ਼ਿਤ 'ਸਿੱਖ ਇਤਿਹਾਸ' ਪੁਸਤਕ ਵਿੱਚ ਵੀ ਇਸ ਦੀ ਪ੍ਰੋੜਤਾ ਹੋਈ ਹੈ।

ਜੇਠਾ ਜੀ (ਗੁਰੂ ਰਾਮਦਾਸ) ਪੰਜ ਕੁ ਸਾਲ ਦੇ ਸਨ, ਜਦੋਂ ਭਰ ਜਵਾਨੀ ਵਿੱਚ ਮਾਤਾ ਦਯਾ ਕੌਰ ਜੀ ਥੋੜਾ ਸਮਾਂ ਬਿਮਾਰ ਰਹਿ ਕੇ ਅਕਾਲ ਚਲਾਣਾ ਕਰ ਗਏ। ਬੜਾ ਥੋੜਾ ਸਮਾਂ ਉਹਨਾਂ ਨੂੰ ਆਪਣੀ ਸੰਤਾਨ ਨੂੰ ਲਾਡ-ਪਿਆਰ ਨਾਲ ਲੋਰੀਆਂ ਤੇ ਅਸੀਸਾਂ ਦੇਣ ਦਾ ਮਿਲਿਆ। ਉਸ ਸਮੇਂ ਦਯਾ ਕੌਰ ਜੀ ਦੇ ਮਾਤਾ-ਪਿਤਾ ਬਾਸਰਕੇ ਤੋਂ ਆਏ ਤੇ ਪਰਿਵਾਰ ਨੂੰ ਦਿਲਾਸ਼ਾ ਦੇ ਕੇ ਚਲੇ ਗਏ। ਬੱਚਿਆਂ ਦੀ ਪਾਲਣਾ ਦਾ ਪ੍ਰਬੰਧ ਸੋਢੀ ਹਰਦਾਸ ਜੀ ਨੇ ਕਰਨਾ ਸ਼ੁਰੂ ਕਰ ਦਿੱਤਾ। ਭਾਣਾ ਕਰਤਾਰ ਦਾ ਕਿ ਮਾਤਾ ਦਯਾ ਕੌਰ ਦੇ ਵਿਛੋੜੇ ਪਿਛੋਂ ਦੋ ਕੁ ਸਾਲ ਮਸੀਂ ਬੀਤੇ ਸਨ ਕਿ ਸੋਢੀ ਹਰਦਾਸ ਜੀ ਵੀ ਸੰਸਾਰ ਦੀ ਯਾਤਰਾ ਪੂਰੀ ਕਰਕੇ ਪ੍ਰਭੂ ਦੇ ਚਰਨਾਂ ਵਿੱਚ ਜਾ ਬਿਰਾਜੇ। ਇਸ ਸਮੇਂ ਫਿਰ ਦਯਾ ਕੌਰ ਦੇ ਮਾਤਾ ਪਿਤਾ ਲਾਹੌਰ ਆਏ ਤੇ ਯਤੀਮ ਦੋਹਤਰੇ ਨੂੰ ਆਪਣੇ ਨਾਲ ਆਪਣੇ ਪਿੰਡ ਬਾਸਰਕੇ ਲੈ ਗਏ। ਜੇਠਾ ਜੀ ਦੇ ਨਾਨੇ ਦੀ ਉਮਰ ਵਡੇਰੀ ਸ਼ੀ, ਜਿਸ ਕਰਕੇ ਪਰਿਵਾਰ ਦੀ ਆਰਥਕ ਹਾਲਤ ਕਮਜ਼ੋਰ ਸੀ। ਮਾਤਾ ਪਿਤਾ ਵਲੋਂ ਮਿਲੀ ਗੁੜ੍ਹਤੀ ਅਨੁਸਾਰ ਜੇਠਾ ਜੀ ਬਾਸਰਕੇ ਵਿੱਚ ਹੀ ਘੁੰਗਣੀਆਂ ਵੇਚ ਕੇ ਕਿਰਤ ਕਮਾਈ ਕਰਨ ਲੱਗ ਪਏ। ਇਸ ਤਰ੍ਹਾਂ ਆਰੰਭਿਕ ਤੌਰ ਤੇ ਨਾਨੀ ਨਾਨਾ ਜੀ ਨਾਲ ਹੱਥ ਵਟਾਉਣ ਲੱਗ ਪਏ। ਮਾਤਾ ਦਯਾ ਕੌਰ ਦੇ ਜੀਵਨ ਦੀ ਇਕੋ ਵਿਸ਼ੇਸ਼ ਪ੍ਰਾਪਤੀ ਹੈ, ਕਿ ਉਸਨੇ ਕਰਤਾਰੀ ਪੁਰਖ ਗੁਰੂ ਰਾਮਦਾਸ ਜੀ ਨੂੰ ਜਨਮ ਦਿੱਤਾ।

ਮਾਤਾ ਅਨੰਤੀ ਜੀ

ਸਤਵੀਂ ਨਾਨਕ-ਜੋਤ ਸ੍ਰੀ ਗੁਰੂ ਹਰਿਰਾਇ ਜੀ ਦੀ ਸਤਿਕਾਰਯੋਗ ਮਾਤਾ ਦਾ ਨਾਂ ਅਨੰਤੀ ਜੀ ਸੀ। ਸਮੇਂ ਦੀ ਸਮਾਜਿਕ ਦਸ਼ਾ ਦੇ ਫਲਸਰੂਪ ਇਸ ਵਿਸ਼ੇਸ਼ ਜਨਨੀ ਦੇ ਵੀ ਕਈ ਨਾਂ ਪ੍ਰਚਲਤ ਹੋਏ। ਇਤਿਹਾਸਕਾਰਾਂ, ਸਾਖੀਕਾਰਾਂ ਤੇ ਅਜਿਹੀਆਂ ਕਈ ਰਚਨਾਵਾਂ ਵਿੱਚ ਅਨੰਤੀ ਜੀ ਦੇ ਕਈ ਨਾਵਾਂ ਦਾ ਜ਼ਿਕਰ ਆਇਆ ਹੈ। ਉਹਨਾਂ ਵਿੱਚੋਂ ਨਿਹਾਲ ਕੌਰ ਨਾਂ ਵੀ ਦੱਸਿਆ ਗਿਆ ਹੈ। ਪ੍ਰੋ. ਸਤਿਬੀਰ ਸਿੰਘ ਨੇ 'ਨਿਰਭਉ ਨਿਰਵੈਰ' ਪੁਸਤਕ ਵਿੱਚ ਅਨੰਤੀ ਜੀ ਦਾ ਨਾਂ ਰਾਜ ਕੌਰ ਲਿਖਿਆ ਹੈ। ਨਾਵਾਂ ਦੇ ਇਸ ਚੱਕਰ ਵਿੱਚ ਕੋਈ ਇਹ ਵੀ ਕਹਿ ਸਕਦਾ ਹੈ ਕਿ ਬਾਬਾ ਗੁਰਦਿੱਤਾ ਜੀ ਦੇ ਕਈ ਵਿਆਹ ਸਨ। ਪਰ ਇਹ ਭੁਲੇਖੇ ਉਦੋਂ ਦੂਰ ਹੋ ਜਾਂਦੇ ਹਨ, ਜਦੋਂ ਇਹ ਸਭ ਨਾਵਾਂ ਵਾਲੀ ਅਨੰਤੀ ਜੀ ਦੇ ਮਾਪਿਆਂ ਅਤੇ ਪੇਕੇ ਸ਼ਹਿਰ ਦਾ ਵਰਨਣ ਸਭ ਨੇ ਉਹੀ ਕੀਤਾ ਹੈ, ਜੋ ਅਨੰਤੀ ਜੀ ਦੇ ਨਾਲ ਹੀ ਮੇਲ ਖਾਂਦਾ ਹੈ।

'ਗੁਰਸ਼ਬਦ ਰਤਨਾਕਰ ਮਹਾਨ ਕੋਸ਼' ਵਿੱਚ ਭਾਈ ਕਾਨ੍ਹ ਸਿੰਘ ਨਾਭਾ ਨੇ ਅਨੰਤੀ ਜੀ ਬਾਰੇ ਲਿਖਿਆ ਹੈ ਕਿ—ਨਗਰ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਦੇ ਵਸਨੀਕ ਰਾਮੇ ਮੱਲ ਖੱਤਰੀ ਦੀ ਸਪੁੱਤਰੀ ਸੁਖਦੇਵੀ ਮਾਤਾ ਦੇ ਉਦਰੋਂ ਉਪਜੀ ਬੇਟੀ, ਜਿਸ ਦਾ ਵਿਆਹ 21 ਵਿਸਾਖ ਸੰਮਤ 1681 ਨੂੰ ਬਾਬਾ ਗੁਰਦਿੱਤਾ ਜੀ ਨਾਲ ਹੋਇਆ, ਇਸ ਦੇ ਉਦਰੋਂ ਬਾਬਾ ਧੀਰਮੱਲ ਤੇ ਗੁਰੂ ਹਰਿਰਾਇ ਸਾਹਿਬ ਜੀ ਜਨਮੇ, ਮਾਤਾ ਜੀ ਦਾ ਸੰਖੇਪ ਨਾਂ ਨੱਤੀ ਭੀ ਹੈ। ਇਤਿਹਾਸਕ ਰਚਨਾਵਾਂ ਵਿਚੋਂ ਇਹੀ ਸੰਕੇਤ ਮਿਲਦਾ ਹੈ ਕਿ ਬਟਾਲਾ ਨਿਵਾਸੀ ਰਾਮੇ ਮੱਲ ਤੇ ਉਹਦੀ ਪਤਨੀ ਸੁਖਦੇਵੀ ਸਿੱਖ ਲੋਕ-ਲਹਿਰ ਨਾਲ ਜੁੜੇ ਹੋਏ, ਗੁਰੂ ਘਰ ਦੇ ਪ੍ਰੇਮੀ ਸਨ। ਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਪਰਿਵਾਰ ਨਾਲ ਬਟਾਲੇ ਤੋਂ ਅੰਮ੍ਰਿਤਸਰ ਆਇਆ ਕਰਦੇ ਸਨ। ਖ਼ਾਸ ਕਰਕੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪਿਛੋਂ ਜਦੋਂ ਗੁਰੂ ਹਰਿਗੋਬਿੰਦ ਜੀ ਨੂੰ ਗੁਰਿਆਈ ਮਿਲੀ, ਉਦੋਂ ਵੀ ਉਹ ਯਾਤਰਾ ਤੇ ਆਏ ਹੋਏ ਸਨ। ਉਹਨਾਂ ਦੇ ਘਰ ਢਲਦੀ ਉਮਰੇ ਜਿਸ ਬੱਚੀ ਦਾ ਜਨਮ ਹੋਇਆ, ਉਸ ਦਾ ਨਾਂ ਅਨੰਤੀ ਰੱਖਿਆ। ਉਹਨਾਂ ਦੀ ਬਾਕੀ ਸੰਤਾਨ ਦਾ ਕਿਸੇ ਲੇਖਕ ਨੇ ਕੋਈ ਜ਼ਿਕਰ ਨਹੀਂ ਕੀਤਾ ਕਿ ਉਹ ਕਿਤਨੇ ਭੈਣ-ਭਰਾ ਸਨ। ਨਾ ਹੀ ਮਾਤਾ ਜੀ ਦੇ ਬਾਲਪਨ ਦਾ ਕੋਈ ਹਾਲ ਦੱਸਿਆ ਗਿਆ ਹੈ। ਇਹ ਅਨੁਮਾਨ ਹੀ ਲਾਇਆ ਜਾ ਸਕਦਾ ਹੈ ਕਿ ਸੋਲ੍ਹਵੀਂ-ਸਤਾਰ੍ਹਵੀਂ ਸਦੀ ਵਿੱਚ ਗੁਰੂ ਨਾਨਕ ਦੀ ਗੁਰਮਤਿ ਵਿਚਾਰਧਾਰਾ ਨਾਲ ਜੁੜੇ ਬਹੁਤੇ ਪਰਿਵਾਰ ਆਪਣੇ ਬਚਿਆਂ ਨੂੰ ਗੁਰਮਤਿ ਦੇ ਗਾਡੀ ਰਾਹ ਹੀ (ਪਾਉਣ) ਚਲਾਉਣ ਦਾ ਯਤਨ ਕਰਦੇ ਸਨ। ਘਰ ਦੀ ਇਸ ਮਰਿਆਦਾ ਦਾ ਨਿਸਚੇ ਹੀ ਅਨੰਤੀ ਜੀ ਉਤੇ ਵੀ ਬਾਲਪਨ ਵਿੱਚ ਹੀ ਪ੍ਰਭਾਵ ਪਿਆ ਹੋਏਗਾ। ਸੁਘੜ ਸਿਆਣੀਆਂ

ਬੱਚੀਆਂ ਮਾਪਿਆਂ ਦੀ ਦਸੀ ਉਸਾਰੂ ਜੀਵਨ-ਜਾਚ ਨੂੰ ਛੇਤੀ ਅਪਨਾ ਲੈਂਦੀਆਂ ਸਨ। ਮਾਪਿਆਂ ਦੀ ਸਿਖਿਆ ਅਨੁਸਾਰ ਅਨੰਤੀ ਜੀ ਸੁੰਦਰ ਸਰੂਪ, ਮਿਠ ਬੋਲੜੀ ਤੇ ਧਾਰਮਕ ਰੁਚੀਆਂ ਵਾਲੀ, ਕਿਸ਼ੋਰ ਅਵਸਥਾ ਵਿੱਚ ਪਹੁੰਚੀ, ਤਾਂ ਮਾਪਿਆਂ ਨੇ ਉਹਦੇ ਲਈ ਵਰ ਦੇਖਣਾ ਸ਼ੁਰੂ ਕੀਤਾ।

ਸੰਨ 1624 ਵਿੱਚ ਅਨੰਤੀ ਜੀ ਦਾ ਵਿਆਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਭ ਤੋਂ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਨਾਲ ਕਰ ਦਿੱਤਾ ਗਿਆ। ਇਉਂ ਅਨੰਤੀ ਜੀ ਬਟਾਲੇ ਤੋਂ ਸਹੁਰੇ ਨਗਰ ਅੰਮ੍ਰਿਤਸਰ ਗੁਰੂ ਕੇ ਮਹਿਲਾਂ ਵਿੱਚ ਗੁਰੂ ਪਰਿਵਾਰ ਵਿੱਚ ਆ ਗਈ। ਜਦੋਂ ਬਾਬਾ ਗੁਰਦਿੱਤਾ ਜੀ ਦਾ ਵਿਆਹ ਅਨੰਤੀ ਜੀ ਨਾਲ ਹੋਇਆ ਤਾਂ ਬਾਬਾ ਗੁਰਦਿੱਤਾ ਜੀ ਦੇ ਸਭ ਤੋਂ ਛੋਟੇ ਭਰਾ ਸ੍ਰੀ ਤੇਗ ਬਹਾਦਰ ਜੀ ਤਿੰਨ ਸਾਲ ਦੇ ਸਨ। ਵਿਆਹ ਸਮੇਂ ਬਾਬਾ ਗੁਰਦਿੱਤਾ ਜੀ ਗਿਆਰਾਂ ਸਾਲ ਦੇ ਸਨ। ਇਥੋਂ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਵਿਆਹ ਸਮੇਂ ਅਨੰਤੀ ਜੀ ਦੀ ਆਯੂ ਵਧ ਤੋਂ ਵਧ 9-10 ਸਾਲ ਹੋਵੇਗੀ। ਇਹਨਾਂ ਦੇ ਵਿਆਹ ਦਾ ਜ਼ਿਕਰ ਗਿਆਨੀ ਗਿਆਨ ਸਿੰਘ ਤੇ ਭਾਈ ਸੰਤੋਖ ਸਿੰਘ ਨੇ ਵੀ ਆਪਣੀਆਂ ਇਤਿਹਾਸਕ ਰਚਨਾਵਾਂ ਵਿੱਚ ਕੀਤਾ ਹੈ।

ਬਾਬਾ ਗੁਰਦਿੱਤਾ ਜੀ ਦੀ ਜੰਞ (ਬਰਾਤ) ਬਟਾਲੇ ਜਾਣ ਦਾ ਜ਼ਿਕਰ ਕਰਦਿਆਂ ਕਈ ਇਤਿਹਾਸਕ ਰਚਨਾਵਾਂ ਵਿੱਚ ਜ਼ਿਕਰ ਆਇਆ ਹੈ ਕਿ ਪਹਿਲਾਂ ਗੁਰੂ ਨਾਨਕ ਦੇਵ ਜੀ ਦੀ ਬਰਾਤ ਵੀ ਪੰਜਾਬ ਦੇ ਇਸ ਇਤਿਹਾਸਕ ਨਗਰ ਬਟਾਲੇ ਵਿੱਚ ਆਈ ਸੀ। ਉਸ ਸਮੇਂ ਦੀ ਬਰਾਤ ਵਿੱਚ ਸਾਧੂ-ਸੰਤ ਤੇ ਰੱਬ ਦੇ ਰੰਗ ਵਿੱਚ ਰੰਗੇ ਹੋਏ ਮਹਾਂਪੁਰਖ ਬਹੁਤੇ ਸਨ। ਹੁਣ ਬਾਬਾ ਗੁਰਦਿੱਤਾ ਜੀ ਦੀ ਬਰਾਤ ਨਾਲ ਵੀ ਅਜਿਹੇ ਵਿਅਕਤੀ ਹੀ ਬਰਾਤੀ ਸਨ। ਉਂਜ ਵੀ ਇਤਿਹਾਸਕ ਰਚਨਾਵਾਂ ਵਾਲੇ ਕਵੀਆਂ ਦਾ ਕਹਿਣਾ ਹੈ ਕਿ ਬਾਬਾ ਗੁਰਦਿੱਤਾ ਜੀ ਦੀ ਸ਼ਕਲ ਸੂਰਤ, ਰੰਗ ਤੇ ਨੈਣ-ਨਕਸ਼ ਗੁਰੂ ਨਾਨਕ ਦੇਵ ਜੀ ਵਰਗੇ ਸਨ। ਇਸੇ ਕਰਕੇ ਇਸ ਵਿਆਹ ਸਮੇਂ ਗੁਰੂ ਨਾਨਕ ਦੇਵ ਜੀ ਦੇ ਵਿਆਹ ਦੀ ਵਿਥਿਆ ਆਮ ਚਰਚਾ ਦਾ ਵਿਸ਼ਾ ਬਣੀ ਰਹੀ।

ਗੁਰੂ ਪਰਿਵਾਰ ਵਿੱਚ ਵੱਡੀ ਨੂੰਹ ਨੂੰ ਜਿੱਥੇ ਮਾਣ-ਸਤਿਕਾਰ ਚੋਖਾ ਮਿਲਿਆ, ਉਥੇ ਮਾਤਾ ਦਮੋਦਰੀ ਜੀ ਦੀ ਛੱਤਰ ਛਾਇਆ ਹੇਠ ਗੁਰੂ ਘਰ ਦੀ ਸੇਵਾ-ਸੰਭਾਲ ਤੇ ਨਾਮ ਬਾਣੀ ਦੇ ਅਭਿਆਸ ਦਾ ਵੀ ਖੁਲ੍ਹਾ ਸਮਾਂ ਮਿਲਦਾ ਰਿਹਾ। ਗੁਰੂ ਘਰ ਦੀਆਂ ਰੌਣਕਾਂ, ਦਰਬਾਰ ਸਾਹਿਬ ਦੇ ਇਲਾਹੀ ਕੀਰਤਨ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਸਾਹਮਣੇ ਖ਼ੂਨ ਗਰਮਾਉਣ ਵਾਲੀਆਂ ਬੀਰ-ਰਸੀ ਵਾਰਾਂ ਸੁਣਨ ਦਾ ਨਿੱਤ ਅਵਸਰ ਮਿਲਦਾ ਰਿਹਾ। ਇਸ ਦੇ ਫਲਸਰੂਪ ਜਿੱਥੇ ਆਤਮਕ ਸ਼ਕਤੀ ਬਲਵਾਨ ਹੋਈ, ਉਥੇ ਮਾਨਸਿਕ ਸ਼ਕਤੀ ਵਿੱਚ ਵੀ ਚੜ੍ਹਦੀ ਕਲਾ ਆਈ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਆਪਣੇ ਜੀਵਨ ਕਾਲ ਦਾ ਪਹਿਲਾ ਯੁੱਧ ਸਮੇਂ ਦੀ ਹਾਕਮ ਸ਼ਕਤੀ ਨਾਲ ਅੰਮ੍ਰਿਤਸਰ ਵਿੱਚ ਲੜਨਾ ਪਿਆ ਤਾਂ ਅਨੰਤੀ ਜੀ ਗੁਰੂ ਮਹਿਲਾਂ ਨਾਲ ਇਨ੍ਹਾਂ ਦਿਨਾਂ ਵਿੱਚ ਸੇਵਾ ਵਿੱਚ ਜੁੱਟੇ ਰਹੇ ਅਤੇ ਪਤੀ ਦੀ ਭੈਣ ਵੀਰੋ ਜੀ ਦੇ ਝਬਾਲ ਜਾ ਕੇ ਵਿਆਹ ਦੇ ਕਾਰਜ ਸਫਲਤਾਪੂਵਕ ਸਿਰੇ ਚੜ੍ਹਾਉਣ ਵਿੱਚ ਪੂਰਾ ਪੂਰਾ ਸਹਿਯੋਗ ਦਿੱਤਾ।

ਗੁਰੂ ਪਰਿਵਾਰ ਨਾਲ ਅੰਮ੍ਰਿਤਸਰ ਛੱਡ ਕੇ ਕਰਤਾਰਪੁਰ ਦੁਆਬਾ ਜਲੰਧਰ ਨੇੜੇ ਆ ਗਏ ਤੇ ਇਥੇ ਕੁਝ ਸਾਲ ਬਿਤਾਏ। ਫਿਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਆਦੇਸ਼

ਅਨੁਸਾਰ ਜਦ ਬਾਬਾ ਗੁਰਦਿੱਤਾ ਜੀ ਕੀਰਤਪੁਰ ਸ਼ਹਿਰ ਵਸਾਉਣ ਲਈ ਕੀਰਤਪੁਰ ਗਏ ਤਾਂ ਮਾਤਾ ਅਨੰਤੀ ਜੀ ਉਹਨਾਂ ਨਾਲ ਕੀਰਤਪੁਰ ਆ ਗਏ। ਉਹਨਾਂ ਆਪਣੇ ਜੀਵਨ ਦਾ ਬਾਕੀ ਸਮਾਂ ਇੱਥੇ ਬਿਤਾਇਆ।

ਮਾਤਾ ਅਨੰਤੀ ਜੀ ਦੇ ਘਰ ਦੋ ਬਾਲਕਾਂ ਨੇ ਜਨਮ ਲਿਆ, ਵੱਡੇ ਲੜਕੇ ਦਾ ਨਾਂ ਧੀਰਮੱਲ ਅਤੇ ਛੋਟੇ ਦਾ ਨਾਂ ਹਰਿਰਾਇ ਸੀ। ਇਹਨਾਂ ਦੋਹਾਂ ਸਪੁੱਤਰਾਂ ਵਿਚਕਾਰ ਉਮਰ ਦਾ ਚਾਰ ਸਾਲ ਦਾ ਫ਼ਰਕ ਹੈ। ਇਕ ਇਤਿਹਾਸਕ ਹਵਾਲੇ ਅਨੁਸਾਰ ਧੀਰਮੱਲ ਦਾ ਜਨਮ 1626 ਅਤੇ ਹਰਿਰਾਇ ਸਾਹਿਬ ਦਾ ਜਨਮ 1630 ਦਾ ਹੈ। ਪਰ ਦੋਹਾਂ ਸਪੁੱਤਰਾਂ ਦੇ ਸੁਭਾਅ ਤੇ ਰੁਚੀਆਂ ਵਿੱਚ ਜ਼ਿਮੀ-ਅਸਮਾਨ ਦਾ ਫ਼ਰਕ ਸੀ। ਮਾਤਾ ਅਨੰਤੀ ਨੇ ਬੜਾ ਯਤਨ ਕੀਤਾ ਕਿ ਉਹਨਾਂ ਦਾ ਵੱਡਾ ਸਪੁੱਤਰ ਧੀਰਮੱਲ ਪਿਤਾ ਵਾਂਗ ਗੁਰਦੇਵ ਦਾਦਾ ਦਾ ਆਗਿਆਕਾਰ ਤੇ ਉੱਚ ਆਤਮਕ ਜੀਵਨ ਵਾਲਾ ਬਣੇ, ਪਰ ਉਹ ਦੁਨਿਆਵੀ ਪਦਾਰਥਾਂ ਤੇ ਪਦਵੀਆਂ ਦੇ ਲਾਲਚ ਵਿੱਚ ਕੁਰਾਹੇ ਪੈ ਗਿਆ। ਜਿਸ ਕਾਰਨ ਉਹ ਛੇਤੀ ਹੀ ਗੁਰੂ ਪਰਿਵਾਰ ਤੋਂ ਵੱਖਰਾ ਹੋ ਕੇ ਗੁਰੂ ਘਰ ਵਿਰੁੱਧ ਸਰਗਰਮੀਆਂ ਵਿੱਚ ਲੱਗ ਗਿਆ। ਮਾਤਾ ਅਨੰਤੀ ਜੀ ਲਈ ਇਹ ਅਤਿ ਦੁਖਦਾਇਕ ਤੇ ਆਤਮਿਕ ਪੀੜਾ ਦਾ ਸਮਾਂ ਸੀ। ਪਰ ਉਹਨਾਂ ਨੂੰ ਸੰਤੁਸ਼ਟਤਾ ਸੀ ਕਿ ਉਹਨਾਂ ਦੇ ਦੂਜੇ ਸਪੁੱਤਰ ਹਰਿਰਾਇ ਜੀ ਬੜੇ ਪਵਿੱਤਰ ਤੇ ਉਚੇ ਜੀਵਨ ਵਾਲੇ, ਨਾਮ ਭਗਤੀ ਵਿੱਚ ਲੀਨ ਤੇ ਦਾਦੇ ਦੇ ਆਗਿਆਕਾਰ ਹੋਣ ਕਾਰਨ ਸਤਵੀਂ ਨਾਨਕ-ਜੋਤ ਬਣਨ ਦੇ ਸਮਰਥ ਹੋਣ ਕਾਰਨ ਗੁਰਗੱਦੀ 'ਤੇ ਬੈਠੇ। ਮਾਤਾ ਨੇ ਆਪਣਾ ਬਾਕੀ ਦਾ ਜੀਵਨ ਗੁਰਦੇਵ ਸਪੁੱਤਰ ਨਾਲ ਰਹਿੰਦਿਆਂ ਕੀਰਤਪੁਰ ਵਿੱਚ ਹੀ ਬਿਤਾਇਆ ਤੇ ਗੁਰੂ ਹਰਿਰਾਇ ਜੀ ਦੇ ਪਰਿਵਾਰ ਨੂੰ ਵਧਦੇ ਫੁਲਦੇ ਵੇਖਿਆ। ਕੀਰਤਪੁਰ ਵਿੱਚ ਹੀ ਮਾਤਾ ਅਨੰਤੀ ਜੀ ਅਕਾਲ ਚਲਾਣਾ ਕਰ ਗਏ। ਸਤਲੁਜ ਦੇ ਕੰਢੇ ਪਤਾਲਪੁਰੀ ਦੇ ਅਸਥਾਨ ਤੇ ਹੀ ਉਹਨਾਂ ਦਾ ਅੰਤਮ ਸਸਕਾਰ ਹੋਇਆ।

ਬੇਬੇ ਨਾਨਕੀ

ਬੇਬੇ ਨਾਨਕੀ ਸਾਡੇ ਪੰਜ ਸੌ ਸਾਲ ਦੇ ਇਤਿਹਾਸ ਦੀ ਉਹ ਬਲਵਾਨ ਨਾਰੀ ਏ, ਜਿਸ ਨੇ ਸਿੱਖ ਲੋਕ-ਲਹਿਰ ਅਥਵਾ ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਰਮੇਸ਼ਰ ਰੂਪ ਨੂੰ ਸਭ ਤੋਂ ਪਹਿਲੇ ਪਛਾਣਿਆ ਤੇ ਪਰਿਵਾਰਕ ਜੀਵਨ ਵਿੱਚ ਸਹਿਯੋਗ ਦਿੱਤਾ, ਭਾਵੇਂ ਦੁਨਿਆਵੀ ਰਿਸ਼ਤੇ ਵਿੱਚ ਉਹ ਗੁਰੂ ਨਾਨਕ ਦੇਵ ਜੀ ਦੀ ਵੱਡੀ ਭੈਣ ਸੀ, ਪਰ ਜੀਵਨ ਕਾਲ ਵਿੱਚ ਉਹ ਗੁਰੂ ਨਾਨਕ ਦੀ ਵੱਡੀ ਪ੍ਰਸੰਸਕ ਸੀ ਤੇ ਉਹਨਾਂ ਦੇ ਕਾਰਜ ਦੇ ਵਿਚਾਰਾਂ ਨੂੰ ਉਤਸਾਹ ਭਰਿਆ ਹੁੰਗਾਰਾ ਦੇਣ ਵਾਲੀ ਵੀ ਸੀ। ਮਾਪੇ ਤਾਂ ਗੁਰੂ ਨਾਨਕ ਦੇਵ ਜੀ ਨੂੰ ਛੋਟਾ ਬਾਲ ਹੀ ਸਮਝ ਕੇ, ਧੰਦਿਆਂ ਵੱਲ ਪ੍ਰੇਰਦੇ ਰਹੇ ਪਰ ਬੇਬੇ ਨਾਨਕੀ ਇਹ ਅਨੁਭਵ ਕਰ ਚੁੱਕੀ ਸੀ ਕਿ ਬਾਬਾ ਨਾਨਕ ਰੱਬ ਦਾ ਵਿਸ਼ੇਸ਼ ਨੂਰ ਹੈ, ਉਹ ਆਮ ਬਾਲਕਾਂ ਵਰਗਾ ਨਹੀਂ। ਹਰ ਭੈਣ ਨੂੰ ਭਰਾ, ਵਿਸ਼ੇਸ਼ ਕਰਕੇ ਛੋਟਾ ਭਰਾ ਬਹੁਤ ਪਿਆਰਾ ਹੁੰਦਾ ਹੈ। ਪਰ ਨਾਨਕੀ ਨੂੰ ਜਦ ਇਹ ਅਨੁਭਵ ਹੋ ਗਿਆ ਕਿ ਉਹਦਾ ਪਿਆਰਾ ਇਕਲੌਤਾ ਵੀਰ ਪ੍ਰਮੇਸ਼ਰ ਰੂਪ ਹੈ ਤਾਂ ਉਹ ਵੀਰ ਪਿਆਰ ਦੇ ਨਾਲ ਨਾਲ ਸ਼ਰਧਾਵਾਨ ਵੀ ਬਣ ਗਈ। ਉਹਨੇ ਆਪਣਾ ਸਾਰਾ ਜੀਵਨ ਵੀਰ ਅਤੇ ਵੀਰ ਦੇ ਪਰਿਵਾਰ ਦੇ ਲੇਖੇ ਲਾ ਦਿੱਤਾ।

ਸਿੱਖ ਇਤਿਹਾਸ ਵਿੱਚ ਦੋ ਤਿੰਨ ਨਾਨਕੀ ਨਾਮ ਦੀਆਂ ਨਾਰੀਆਂ ਹੋਈਆਂ ਹਨ। ਇਕ ਗੁਰੂ ਹਰਿਗੋਬਿੰਦ ਸਾਹਿਬ ਦੀ ਧਰਮ ਪਤਨੀ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਾਂ ਸੀ, ਜਿਸ ਨੂੰ ਮਾਤਾ ਜੀ ਕਹਿ ਕੇ ਯਾਦ ਕੀਤਾ ਜਾਂਦਾ ਹੈ। ਉਸ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੀ ਭੈਣ ਨਾਨਕੀ ਹੋਈ ਹੈ, ਜਿਸ ਨੂੰ ਬੇਬੇ ਨਾਨਕੀ (ਪੰਜਾਬ ਦੇ ਵੱਡੇ ਇਲਾਕੇ ਵਿੱਚ) ਦੇ ਨਾਂ ਨਾਲ ਪੁਕਾਰਿਆ ਜਾਂਦਾ ਹੈ। ਬੇਬੇ ਸ਼ਬਦ ਮਾਂ ਲਈ ਵਰਤਿਆ ਜਾਂਦਾ ਹੈ। ਸ੍ਰੀ ਜਨਮ ਸਾਖੀਆਂ ਵਿੱਚ ਜ਼ਿਕਰ ਆਉਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਮਿਲਦੇ ਜਾਂ ਬੁਲਾਂਦੇ ਤਾਂ ਹਮੇਸ਼ਾ ਹੀ ਬੇਬੇ ਹੀ ਕਹਿੰਦੇ।

ਬੇਬੇ ਨਾਨਕੀ ਦਾ ਜਨਮ ਮਹਿਤਾ ਕਲਿਆਣ ਦਾਸ (ਮਹਿਤਾ ਕਾਲੂ) ਜੀ ਦੇ ਘਰ ਮਾਤਾ ਤ੍ਰਿਪਤਾ ਦੀ ਕੁਖੋਂ ਸੰਨ 1464 ਨੂੰ ਹੋਇਆ। ਉਦੋਂ ਇਹ ਮਾਪਿਆਂ ਦੀ ਪਹਿਲੀ ਸੰਤਾਨ ਸੀ। ਪੰਜ ਸਾਲ ਪਿਛੋਂ ਮਹਿਤਾ ਕਾਲੂ ਤੇ ਤ੍ਰਿਪਤਾ ਦੀ ਜੋੜੀ ਨੂੰ ਸਪੁੱਤਰ ਦੀ ਦਾਤ ਪ੍ਰਾਪਤ ਹੋਈ। ਇਹ ਦਾਤ ਗੁਰੂ ਨਾਨਕ ਦੇਵ ਜੀ ਸੀ। ਨਾਨਕੀ ਦਾ ਇਹ ਅਤਿ ਪਿਆਰਾ ਵੀਰ ਸੀ। ਪੰਜਾਬ ਦੇ ਕੇਂਦਰੀ ਇਲਾਕੇ ਵਿੱਚ ਪ੍ਰਚਲਤ ਸਮਾਜਿਕ ਰਿਵਾਜ ਅਨੁਸਾਰ ਧੀਆਂ ਆਪਣਾ ਪਹਿਲਾ ਵਿਅੰਮ ਸਹੁਰੇ ਨਹੀਂ, ਪੇਕੇ ਆ ਕੇ ਕੱਟਦੀਆਂ ਸਨ। ਇਸ ਰੀਤੀ ਰਿਵਾਜ ਅਨੁਸਾਰ ਮਾਤਾ ਤ੍ਰਿਪਤਾ ਵੀ ਆਪਣੇ ਪੇਕੇ ਪਰਿਵਾਰ ਵਿੱਚ ਪਿੰਡ ਚਾਹਲ ਤਹਿਸੀਲ ਤੇ ਜ਼ਿਲ੍ਹਾ ਲਾਹੌਰ ਆਈ ਹੋਈ ਸੀ। ਇਥੇ ਹੀ ਉਹਨਾਂ ਦੇ ਘਰ ਬੱਚੀ ਦਾ ਜਨਮ ਹੋਇਆ।

ਨਾਨਕੇ ਘਰ ਵਿੱਚ ਜਨਮ ਲੈਣ ਵਾਲੀ ਇਸ ਬੱਚੀ ਦਾ ਨਾਂ ਨਾਨਕੀ ਰੱਖਿਆ ਗਿਆ। ਵਰਤਮਾਨ ਸਿੱਖੀ ਦੀ ਮਰਿਆਦਾ ਅਨੁਸਾਰ ਬੱਚੇ ਬੱਚੀ ਦਾ ਨਾਂ ਗੁਰੂ ਗ੍ਰੰਥ ਸਾਹਿਬ ਤੋਂ ਹੁਕਮਨਾਮਾ ਲੈ ਕੇ ਵਾਕ ਦੇ ਪਹਿਲੇ ਅੱਖਰ ਦੇ ਆਧਾਰ 'ਤੇ ਰਖਿਆ ਜਾਂਦਾ ਹੈ। ਪਰ ਪੰਦਰ੍ਹਵੀਂ-ਸੋਲ੍ਹਵੀਂ ਸਦੀ ਵਿੱਚ ਘਰ ਦੇ ਕਿਸੇ ਸਿਆਣੇ ਜੀਅ ਦੇ ਲਾਡ ਪਿਆਰ ਨਾਲ ਬੁਲਾਏ ਨਾਮ ਨੂੰ ਹੀ ਬੱਚਿਆਂ ਦਾ ਪੱਕਾ ਨਾਂਅ ਰੱਖ ਲਿਆ ਜਾਂਦਾ ਸੀ। ਸਮੇਂ ਦੇ ਰਿਵਾਜ ਅਨੁਸਾਰ ਹੀ ਨਾਨਕੀ ਜੀ ਦਾ ਨਾਂ ਪ੍ਰਚਲਤ ਹੋ ਗਿਆ। ਫਿਰ ਨਾਨਕੀ ਦੇ ਵੀਰ ਨਾਨਕ ਦਾ ਨਾਂ ਵੀ ਇਸੇ ਤਰ੍ਹਾਂ ਰੱਖਿਆ ਗਿਆ। ਹੁਣ ਤਾਂ ਭਾਸ਼ਾ-ਵਿਗਿਆਨੀ ਨਾਨਕ ਸ਼ਬਦ ਦੇ ਅੱਖਰਾਂ ਦੀ ਵਿਆਖਿਆ ਕਰਦਿਆਂ ਇਸ ਨਾਂ ਦੀ ਮਹੱਤਤਾ ਨੂੰ ਹੋਰ ਤਰ੍ਹਾਂ ਉਜਾਗਰ ਕਰਨ ਲੱਗ ਪਏ ਹਨ। ਮਹਿਤਾ ਕਾਲੂ ਦਾ ਖ਼ਾਨਦਾਨ ਜ਼ਿਲ੍ਹਾ ਅੰਮ੍ਰਿਤਸਰ ਦੀ ਤਹਿਸੀਲ ਤਰਨ ਤਾਰਨ ਦੇ ਪਿੰਡ ਡੇਹਰਾ ਜਾਮਾਰਾਇ ਦਾ ਰਹਿਣ ਵਾਲਾ ਸੀ। ਪੜ੍ਹ ਲਿਖ ਕੇ ਮਹਿਤਾ ਕਾਲੂ ਜੀ ਰਾਇ ਭੋਇੰ ਦੀ ਤਲਵੰਡੀ ਆ ਗਏ ਤੇ ਇੱਥੇ ਹਾਕਮ ਰਾਇ ਬੁਲਾਰ ਦੇ ਪਟਵਾਰੀ ਲੱਗ ਗਏ। ਵਿਆਹ ਪਿਛੋਂ ਮਾਤਾ ਤ੍ਰਿਪਤਾ ਵੀ ਤਲਵੰਡੀ ਰਹਿੰਦੀ ਰਹੀ। ਫਿਰ ਬੱਚੀ ਦੇ ਜਨਮ ਸਮੇਂ ਪੇਕੇ ਪਿੰਡ ਰਹੀ ਅਤੇ ਸਵਾ ਮਹੀਨੇ ਪਿਛੋਂ ਰਾਇ ਭੋਇੰ ਦੀ ਤਲਵੰਡੀ ਆ ਗਈ। ਜਨਮ ਸਾਖੀਆਂ ਅਨੁਸਾਰ ਬਚਪਨ ਵਿੱਚ ਹੀ ਨਾਨਕੀ ਚੇਤੰਨ ਤੇ ਸੂਝ ਬੂਝ ਵਾਲੀ ਸਪੁੱਤਰੀ ਸੀ। ਲਗਭਗ ਪੰਜ ਸਾਲ ਪਿਛੋਂ ਜਦੋਂ ਨਾਨਕੀ ਨੂੰ ਕੁਦਰਤ ਦੇ ਮਾਲਕ ਕਾਦਰ ਨੇ ਵੀਰ ਬਖ਼ਸ਼ਿਆ ਤਾਂ ਉਹ ਬੇਹੱਦ ਖ਼ੁਸ਼ ਹੋਈ। ਵੀਰ ਦੇ ਜਨਮ ਸਮੇਂ ਦੌਲਤਾਂ ਦਾਈ ਨੇ ਜੋ ਪ੍ਰਭਾਵ ਪ੍ਰਗਟਾਇਆ ਤੇ ਫਿਰ ਪੰਡਤ ਹਰਦਿਆਲ ਨੇ ਜਨਮ ਪੱਤਰੀ ਬਨਾਉਣ ਵੇਲੇ ਜੋ ਦੱਸਿਆ, ਉਹ ਪੰਜ ਸਾਲ ਦੀ ਨਾਨਕੀ ਦੇ ਦਿਲ ਦਿਮਾਗ 'ਤੇ ਡੂੰਘਾ ਅਸਰ ਕਰ ਗਿਆ। ਉਹਨੂੰ ਵੀ ਵੀਰ ਪ੍ਰਮੇਸ਼ਰ ਦਾ ਰੂਪ ਦਿੱਸਣ ਲੱਗ ਪਿਆ।

ਇਤਿਹਾਸ ਦੇ ਲੇਖਕਾਂ ਦਾ ਇਹੀ ਨਿਰਣਾ ਹੈ ਕਿ ਬੇਬੇ ਨਾਨਕੀ ਗੁਰੂ ਨਾਨਕ ਦੇਵ ਜੀ ਦੀ ਵੱਡੀ ਭੈਣ ਹੀ ਨਹੀਂ ਸੀ, ਸਗੋਂ ਗੁਰੂ ਜੀ ਦੀ ਸਲਾਹਕਾਰ, ਪਾਲਣ-ਪੋਸਣ ਕਰਨ ਵਾਲੀ ਮਾਤਾ ਸਮਾਨ, ਵੀਰ ਨਾਨਕ ਦੇ ਦਿਲ ਦੀ ਗੱਲ ਜਾਣਨ ਵਾਲੀ, ਦੁਖਾਂ-ਸੁਖਾਂ ਦੀ ਭਾਈਵਾਲ। ਵੀਰ ਦੀ ਗੈਰ ਹਾਜ਼ਰੀ ਵਿੱਚ ਉਸ ਦੇ ਪਰਿਵਾਰ ਦੀ ਸਾਂਭ-ਸੰਭਾਲ ਕਰਨ ਵਾਲੀ ਸੀ। ਸਿਰਫ਼ ਵੱਡੀ ਭੈਣ ਹੀ ਨਹੀਂ ਸੀ, ਸਭ ਤੋਂ ਪਹਿਲਾਂ ਵੀਰ ਦੇ ਧਰਮ ਨੂੰ ਧਾਰਨ ਕਰਨ ਵਾਲੀ ਵੀ ਬੇਬੇ ਨਾਨਕੀ ਜੀ ਹੀ ਸਨ। ਬੇਬੇ ਨਾਨਕੀ ਜੀ ਦਾ ਵੀਰ ਨਾਨਕ ਨਾਲ ਅਤਿ ਨਿਕਟਤਾ ਦਾ ਸਬੰਧ ਸੀ ਅਤੇ ਰਿਹਾ ਵੀ। ਵੀਰ ਨਾਨਕ ਦਾ ਦਿਲ ਜਾਣਨ ਵਾਲੇ ਸਨ। ਬੇਬੇ ਨਾਨਕੀ ਜੀ ਦਾ ਸਿੱਖ ਇਤਿਹਾਸ ਵਿੱਚ ਬਹੁਤਾ ਵੱਡਾ (ਸ੍ਰੇਸ਼ਟ) ਅਸਥਾਨ ਹੈ।

ਸਾਖੀਕਾਰ ਲਿਖਦੇ ਹਨ ਕਿ ਮਾਪਿਆਂ ਦੇ ਘਰ ਰਹਿ ਕੇ ਨਾਨਕੀ ਨੇ ਆਪਣੇ ਸੋਹਣੇ ਵੀਰ ਦੇ ਬਚਪਨ ਦੇ ਕੌਤਕ ਵੇਖੇ। ਉਹ ਆਪਣੇ ਵੀਰ ਨਾਨਕ ਜੀ ਨੂੰ ਵੇਖ ਕੇ ਆਪਣੇ ਦਿਲ ਦੀਆਂ ਡੂੰਘਾਈਆਂ ਤੋਂ ਬਲਿਹਾਰ ਹੁੰਦੀ। ਆਪਣੇ ਵੀਰ ਨਾਨਕ ਨੂੰ ਗੋਦੀ ਚੁੱਕ ਕੇ ਲਾਡ ਲਡਾਂਦੀ ਰਹਿੰਦੀ। ਜ਼ਰਾ ਪਲ ਛਿਨ ਵੀ ਨਜ਼ਰ ਨਾ ਆਉਂਦਾ ਤਾਂ ਅਵਾਜ਼ਾਂ ਮਾਰਦੀ ਰਹਿੰਦੀ, ਤਰਲੋ ਮੱਛੀ ਹੁੰਦੀ ਤੇ ਅਵਾਜ਼ਾਂ ਦੇਂਦੀ, "ਵੀਰ ਨਾਨਕ, ਨਾਨਕ ਵੀਰ ਕਿਥੇ ਵੇਂ ?" ਜਦੋਂ ਪਾਂਧੇ ਪਾਸ ਜਾਂਦੇ ਤਾਂ, ਮੱਝੀਆਂ ਚਾਰਨ ਜਾਂਦੇ, ਜਦੋਂ ਸੱਪ ਨੇ ਛਾਂ ਕੀਤੀ, ਜਦੋਂ ਵੀਰ ਨਾਨਕ ਜੀ ਨੇ (ਪੈਲੀ ਬੀਜੀ) ਖੇਤੀ ਕੀਤੀ ਜਾਂ ਖਰਾ ਸੌਦਾ ਕੀਤਾ ਤਾਂ ਭੈਣ ਨਾਨਕੀ ਸਾਰੇ ਕੌਤਕ ਬੜੇ ਧਿਆਨ ਚਿਤ ਵੇਖਦੀ ਰਹਿੰਦੀ ਤੇ ਆਪਣੇ ਵੀਰ ਤੋਂ ਵਾਰੇ ਬਲਿਹਾਰੇ ਜਾਂਦੀ।

ਛੋਟੀ ਉਮਰ ਵਿੱਚ ਉਹ ਵੀਰ ਨੂੰ ਕੁਛੜ ਚੁੱਕ ਕੇ ਹੀ ਖਿਡਾਉਂਦੀ ਰਹਿੰਦੀ, ਲਾਡਲਾ ਤੇ ਸੋਹਣਾ ਵੀਰ ਉਹਦੇ ਲਈ ਘਰ ਦਾ ਸ਼ਿੰਗਾਰ ਸੀ। ਵੀਰ ਦੇ ਸ਼ਗਨ ਕਰਦੀ ਤੇ ਉਸ ਦੇ ਕੰਮ ਕਰਦੀ ਕਦੇ ਨਾ ਥੱਕਦੀ। ਜਦੋਂ ਵੀਰ ਨੇ ਚਲਣਾ ਸਿਖਿਆ ਤਾਂ ਵੀਰ ਅਗੇ ਅਗੇ ਤੇ ਬੇਬੇ (ਭੈਣ) ਨਾਨਕੀ ਨਾਲ ਨਾਲ ਪਿਛੇ-ਪਿਛੇ ਚਲਦੀ ਰਹਿੰਦੀ। ਥੱਕ ਜਾਂਦਾ ਤਾਂ ਚੁੱਕ ਲੈਂਦੀ ਤੇ ਲੋਰੀਆਂ ਦੇ ਕੇ ਸੁਆ ਦੇਂਦੀ।

ਨਾਨਕੀ ਜੀ ਦਾ ਵਿਆਹ ਵੀ 11 ਸਾਲ ਦੀ ਉਮਰ ਵਿੱਚ ਹੀ ਹੋ ਗਿਆ। ਉਸ ਜ਼ਮਾਨੇ ਵਿੱਚ ਕੁੜੀਆਂ ਦੇ ਵਿਆਹ ਬਚਪਨ ਵਿੱਚ ਹੀ ਕਰਨ ਦਾ ਰਿਵਾਜ ਸੀ ਤੇ ਮਾਪਿਆਂ ਨੂੰ ਕਾਹਲ ਹੁੰਦੀ ਸੀ। ਨਾਨਕੀ ਜੀ ਦਾ ਵਿਆਹ ਉੱਪਲ (ਖੱਤਰੀ) ਭਾਈ ਜੈ ਰਾਮ ਜੀ ਨਾਲ ਹੋਇਆ। ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿੱਚ ਨਾਨਕੀ ਜੀ ਦੇ ਵਿਆਹ ਬਾਰੇ ਲਿਖਿਆ ਹੈ ਕਿ ਇਹ 1532 ਸੰਮਤ ਨੂੰ ਸੰਪੰਨ ਹੋਇਆ। ਇਸ ਰਿਸ਼ਤੇ ਦਾ ਪਿਛੋਕੜ ਇਤਿਹਾਸਕਾਰਾਂ ਨੇ ਵਰਨਣ ਕੀਤਾ ਹੈ ਕਿ ਜੈ ਰਾਮ ਜੀ ਖ਼ਾਨਪੁਰ ਦੇ ਜੰਮਪਲ, ਪੜ੍ਹੇ ਲਿਖੇ ਤੇ ਹੁਸ਼ਿਆਰ ਨੌਜਵਾਨ ਸਨ। ਨਵਾਬ ਦੌਲਤ ਖ਼ਾਨ ਲੋਧੀ ਪਾਸ ਮਾਲ ਦੇ ਮਹਿਕਮੇ ਵਿੱਚ ਇਕ ਅਧਿਕਾਰੀ ਸਨ। ਮਹਿਤਾ ਕਾਲੂ ਜੀ ਉਸ ਸਮੇਂ ਰਾਇ ਭੋਇੰ ਦੀ ਤਲਵੰਡੀ ਦੇ ਪਟਵਾਰੀ ਸਨ। ਇਹੋ ਵੇਖ ਕੇ ਸਾਂਝ ਬਣਦੀ ਗਈ। ਅਖ਼ੀਰ ਇਹੀ ਸਾਂਝ ਨਾਨਕੀ ਜੀ ਦੇ ਵਿਆਹ ਦੇ ਰੂਪ ਵਿੱਚ ਪ੍ਰਵਾਨ ਚੜ੍ਹੀ। ਵਿਆਹ ਪਿਛੋਂ ਆਪਣੇ ਪਤੀ ਦੇ ਨਗਰ ਸੁਲਤਾਨਪੁਰ ਲੋਧੀ ਆ ਗਏ। ਆਪਣਾ ਸਾਰਾ ਜੀਵਨ ਸੁਲਤਾਨਪੁਰ ਲੋਧੀ ਵਿੱਚ ਹੀ ਬਿਤਾਇਆ। ਗੁਰੂ ਨਾਨਕ ਦੇਵ ਜੀ ਬਾਰੇ ਅਧੀ ਦਰਜਨ ਜਨਮ ਸਾਖੀਆਂ ਪਹਿਲੇ ਦੋ ਸਾਲਾਂ ਵਿੱਚ ਹੀ ਲਿਖੀਆਂ ਗਈਆਂ। ਪੁਰਾਤਨ ਜਨਮ ਸਾਖੀ, ਭਾਈ ਬਾਲੇ ਵਾਲੀ ਜਨਮ ਸਾਖੀ, ਮੇਹਰਬਾਨ ਵਾਲੀ ਜਨਮ ਸਾਖੀ ਤੇ ਹੋਰ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਨਾਲ ਸਬੰਧਤ ਜਨਮ ਸਾਖੀਆਂ ਵਿੱਚ ਸਮੇਂ ਦੇ ਲੇਖਕਾਂ ਨੇ ਵਰਨਣ ਕੀਤਾ ਹੈ ਕਿ ਭੈਣ ਭਰਾ ਵਿੱਚ ਅਥਾਹ ਪਿਆਰ ਸੀ। ਭੈਣ ਨਾਨਕੀ ਤਲਵੰਡੀ ਤੋਂ ਜਾ ਕੇ ਭਰਾ ਕੇ ਵਿਛੋੜੇ ਨੂੰ ਬਹੁਤ ਮਹਿਸੂਸ ਕਰਦੀ ਸੀ। ਮਾਪਿਆਂ ਨੇ ਵਿਆਹ ਪਿਛੋਂ ਭੈਣ ਨੂੰ ਲਿਆਉਣ ਲਈ ਵੀਰ ਨਾਨਕ ਨੂੰ ਸੁਲਤਾਨਪੁਰ ਲੋਧੀ ਭੇਜਿਆ। ਲਾਡਲਾ ਵੀਰ ਭੈਣ ਨੂੰ ਲੈਣ ਵਾਸਤੇ ਬੜੇ ਚਾਅ ਨਾਲ ਗਿਆ। ਭੈਣ ਭਰਾ ਧਾਹ ਕੇ ਇਕ ਦੂਜੇ ਨੂੰ ਮਿਲੇ। ਵੀਰ ਨਾਲ ਨਾਨਕੀ ਤਲਵੰਡੀ ਆ ਗਈ। ਕੁਝ ਸਮੇਂ ਪਿਛੋਂ ਭਾਈ ਜੈ ਰਾਮ ਜੀ ਤਲਵੰਡੀ ਆਏ ਅਤੇ ਨਾਨਕੀ ਜੀ ਦਾ ਮੁਕਲਾਵਾ ਲੈ ਗਏ। ਭੈਣ ਭਰਾ ਦੀ ਤਾਰ ਸਾਂਝੀ ਸੀ। ਇਹਨਾਂ ਭੈਣ ਭਰਾਵਾਂ ਦਾ ਕੋਈ ਇਲਾਹੀ ਪਿਆਰ ਸੀ। ਭੈਣ ਨਾਨਕੀ ਚਾਹੁੰਦੀ ਸੀ ਕਿ ਮੇਰਾ ਵੀਰ ਹਮੇਸ਼ਾ ਮੇਰੀਆਂ ਨਜ਼ਰਾਂ ਅਗੇ ਹੀ ਰਹੇ।

ਸੁਲਤਾਨਪੁਰ ਲੋਧੀ ਆ ਕੇ ਉਹ ਵੀਰ ਦੇ ਵਿਛੋੜੇ ਨੂੰ ਜ਼ਿਆਦਾ ਮਹਿਸੂਸ ਕਰਦੀ ਰਹਿੰਦੀ। ਜੈ ਰਾਮ ਜੀ ਉਸ ਦੇ ਮਨ ਦੀ ਅਵਸਥਾ ਨੂੰ ਅਨੁਭਵ ਕਰਕੇ ਉਦਾਸੀ ਦਾ ਕਾਰਨ ਪੁੱਛਦੇ ਰਹਿੰਦੇ। ਅਖ਼ੀਰ ਕੁਝ ਸਮੇਂ ਪਿਛੋਂ ਨਾਨਕੀ ਜੀ ਨੇ ਉਹਨਾਂ ਨੂੰ ਦੱਸ ਹੀ ਦਿੱਤਾ ਕਿ ਉਹਨਾਂ ਦੀ ਇੱਛਾ ਹੈ ਉਹਨਾਂ ਦਾ ਵੀਰ ਨਾਨਕ ਸੁਲਤਾਨਪੁਰ ਲੋਧੀ ਕਿਸੇ ਤਰ੍ਹਾਂ ਆ ਜਾਏ ਤੇ ਉਹਨਾਂ ਪਾਸ ਹੀ ਰਹੇ। ਜੈ ਰਾਮ ਜੀ ਨੇ ਕੁਝ ਸਮਾਂ ਤਾਂ ਇਹ ਕਹਿ ਕੇ ਟਾਲਿਆ ਕਿ ਭੈਣ ਦੇ ਘਰ ਭਰਾ ਆ ਕੇ ਰਹੇ ਸਮਾਜ ਇਸ ਗੱਲ ਨੂੰ ਚੰਗਾ ਨਹੀਂ ਸਮਝਦਾ। ਦੂਜਾ ਮਹਿਤਾ ਕਾਲੂ ਤੇ ਮਾਤਾ ਤ੍ਰਿਪਤਾ ਵੀ ਪੁੱਤਰ ਨੂੰ ਆਪਣੇ ਤੋਂ ਵਿਛੋੜਨ ਲਈ ਤਿਆਰ ਨਹੀਂ ਹੋਣਗੇ। ਪਰ ਫਿਰ ਕੁਝ ਹੋਰ ਸਮਾਂ ਲੰਘ ਜਾਣ ਤੇ ਭਾਈ ਜੈ ਰਾਮ ਜੀ ਤੇ ਨਾਨਕੀ ਜੀ

ਨੇ ਮਹਿਸੂਸ ਕੀਤਾ ਕਿ ਮਹਿਤਾ ਕਾਲੂ ਜੀ ਕੁਝ ਸਖ਼ਤ ਸੁਭਾਅ ਦੇ ਹੋਣ ਕਾਰਨ ਇਸ ਗਲੋਂ ਚਿੰਤਾਤੁਰ ਹਨ ਕਿ ਨਾਨਕ ਜੀ ਉਹਨਾਂ ਦੀ ਇੱਛਾ ਅਨੁਸਾਰ ਧੰਨਵਾਨ ਬਣਨ ਲਈ ਕੋਈ ਕਾਰੋਬਾਰ ਸ਼ੁਰੂ ਕਰਨ ਵਿੱਚ ਦਿਲਚਸਪੀ ਨਹੀਂ ਲੈ ਰਹੇ। ਇਹ ਦੇਖ ਕੇ ਉਹਨਾਂ ਸਲਾਹ ਕੀਤੀ ਕਿ ਵੀਰ ਨਾਨਕ ਨੂੰ ਸੁਲਤਾਨਪੁਰ ਲੋਧੀ ਲਿਆਂਦਾ ਜਾਵੇ ਤੇ ਇਥੇ ਉਹਨਾਂ ਦੇ ਰੋਜ਼ਗਾਰ ਦਾ ਪ੍ਰਬੰਧ ਕੀਤਾ ਜਾਵੇ। ਇਸ ਬਹਾਨੇ ਮਾਤਾ-ਪਿਤਾ ਵੀ ਉਹਨਾਂ ਨੂੰ ਤਲਵੰਡੀ ਤੋਂ ਭੇਜਣ ਲਈ ਤਿਆਰ ਹੋ ਸਕਦੇ ਹਨ। ਭੈਣ ਨਾਨਕੀ ਜੀ ਨੇ ਮਾਪਿਆਂ ਨੂੰ ਸੁਝਾਅ ਭੇਜਿਆ ਕਿ ਵੀਰ ਦੇ ਰੋਜ਼ਗਾਰ ਦਾ ਪ੍ਰਬੰਧ ਇਥੇ ਤੁਰੰਤ ਹੋ ਜਾਏਗਾ, ਇਸ ਲਈ ਛੇਤੀ ਮੇਰੇ ਵੀਰ ਨੂੰ ਸਾਡੇ ਪਾਸ ਭੇਜ ਦਿਓ। ਵੀਰ ਨਾਨਕ ਜੀ ਵੀ ਇਸ ਲਈ ਤਿਆਰ ਸਨ ਅਤੇ ਉਹ ਸੁਲਤਾਨਪੁਰ ਲੋਧੀ ਆ ਗਏ। ਭਾਈ ਜੈ ਰਾਮ ਜੀ ਨੇ ਦੌਲਤ ਖ਼ਾਨ ਲੋਧੀ ਦੇ ਮੋਦੀਖ਼ਾਨੇ ਵਿੱਚ ਮੋਦੀ ਲੁਆ ਦਿੱਤਾ। ਉਸ ਜ਼ਮਾਨੇ ਵਿੱਚ ਹਾਕਮ ਵਰਗ ਵਲੋਂ ਲੋੜੀਂਦੇ ਅਨਾਜ ਤੇ ਹੋਰ ਵਸਤਾਂ ਲਈ ਮੋਦੀਖ਼ਾਨਾ ਬਣਾਇਆ ਜਾਂਦਾ ਸੀ, ਜਿੱਥੋਂ ਜਨਤਾ ਨਿੱਤ ਦੀਆਂ ਵਸਤਾਂ ਲੈ ਸਕਦੀ ਸੀ। ਗੁਰੂ ਨਾਨਕ ਦੇਵ ਜੀ ਕੁਝ ਸਮਾਂ ਤਾਂ ਭੈਣ ਦੇ ਘਰ ਹੀ ਰਹੇ ਅਤੇ ਘਰ ਦੇ ਸਾਂਝੇ ਖ਼ਰਚ ਵਿੱਚ ਕਮਾਈ ਦਾ ਬਹੁਤਾ ਹਿੱਸਾ ਪਾਂਦੇ ਰਹੇ।

ਮਰਦਾਨੇ ਨੂੰ ਉਹ ਤਲਵੰਡੀ ਤੋਂ ਹੀ ਆਪਣੇ ਨਾਲ ਲੈ ਆਏ ਸਨ। ਇਥੇ ਉਹਨੂੰ ਰਬਾਬ ਵੀ ਬਣਵਾ ਦਿੱਤੀ ਤੇ ਸਵੇਰੇ ਸ਼ਾਮ ਇਲਾਹੀ ਬਾਣੀ ਦਾ ਕੀਰਤਨ ਕਰਨ ਲੱਗੇ। ਦਿਨ ਦੇ ਸਮੇਂ ਮੋਦੀਖ਼ਾਨੇ ਵਿੱਚ ਸਰਵਿਸ ਦੌਰਾਨ ਵੀ ਉਹ ਪ੍ਰਭੂ ਦੀ ਯਾਦ ਵਿੱਚ ਆਪਣਾ ਹਰ ਪਲ ਗੁਜ਼ਾਰਦੇ। ਕਹਿੰਦੇ ਹਨ ਕਿ ਉਹ ਤੱਕੜੀ ਤੋਲਦੇ ਤੋਲਦੇ ਜਦੋਂ ਤੇਰ੍ਹਾਂ ਤੇ ਆਉਂਦੇ ਤਾਂ 'ਤੇਰਾ ਤੇਰਾ' ਦੀ ਧੁਨੀ ਲਾ ਦਿੰਦੇ। ਨਵਾਬ ਪਾਸ ਸ਼ਿਕਾਇਤਾਂ ਹੋਣ ਲੱਗੀਆਂ ਕਿ ਨਾਨਕ ਜੀ ਮੋਦੀਖ਼ਾਨੇ ਦਾ ਮਾਲ ਲੁਟਾਈ ਜਾਂਦੇ ਹਨ। ਗਰੀਬਾਂ ਅਤੇ ਲੋੜਵੰਦਾਂ ਵਿੱਚ ਬੇਹਿਸਾਬਾ ਅੰਨ ਵੰਡੀ ਜਾ ਰਹੇ ਸਨ। ਜੈ ਰਾਮ ਜੀ ਨੂੰ ਜਦ ਇਹਨਾਂ ਸ਼ਿਕਾਇਤਾਂ ਦਾ ਪਤਾ ਲੱਗਾ ਤੇ ਉਹ ਕੁਝ ਚਿੰਤਤ ਹੋਏ। ਉਹਨਾਂ ਆਪਣੀ ਪਤਨੀ ਨਾਨਕੀ ਜੀ ਨਾਲ ਜਦ ਇਸ ਬਾਰੇ ਗੱਲ ਕੀਤੀ ਤਾਂ ਨਾਨਕੀ ਜੀ ਨੇ ਬੜੇ ਵਿਸ਼ਵਾਸ ਨਾਲ ਕਿਹਾ ਕਿ, "ਮੇਰੇ ਵੀਰ ਦੇ ਕੌਤਕਾਂ ਨੂੰ ਇਹ ਆਮ ਲੋਕ ਨਹੀਂ ਜਾਣਦੇ-ਪਛਾਣਦੇ। ਮੈਂ ਅਜਿਹੀਆਂ ਸ਼ਿਕਾਇਤਾਂ ਕਈਆਂ ਪਾਸੋਂ ਤਲਵੰਡੀ ਵੀ ਸੁਣੀਆਂ ਸਨ, ਪਰ ਉਹ ਸਾਰੀਆਂ ਝੂਠੀਆਂ ਨਿਕਲੀਆਂ। ਤੁਸੀਂ ਨਵਾਬ ਨੂੰ ਆਖੋ ਕਿ ਉਹ ਮੋਦੀਖ਼ਾਨੇ ਦੀ ਪੜਤਾਲ ਕਰਵਾ ਲਏ। ਮੈਨੂੰ ਪੂਰਾ ਨਿਸਚਾ ਹੈ ਕਿ ਇਹ ਸ਼ਿਕਾਇਤਾਂ ਵੀ ਪੂਰੀਆਂ ਗਲਤ ਸਾਬਤ ਹੋਣਗੀਆਂ।" ਨਾਨਕੀ ਜੀ ਨੇ ਨਵਾਬ ਨੂੰ ਕਹਿ ਕੇ ਜਦ ਮੋਦੀਖ਼ਾਨੇ ਦੀ ਪੂਰੀ ਪੜਤਾਲ ਕਰਵਾਈ ਤਾਂ ਪਤਾ ਲੱਗਾ ਕਿ 135 ਰੁਪਏ ਗੁਰੂ ਨਾਨਕ ਜੀ ਦੀ ਰਕਮ ਨਿਕਲੀ। ਭਾਈ ਜੈ ਰਾਮ ਜੀ ਨੂੰ ਸਮਝ ਆ ਗਈ ਕਿ ਨਾਨਕ ਜੀ ਆਪਣੀ ਤਨਖ਼ਾਹ ਵੀ ਮੋਦੀਖ਼ਾਨੇ ਵਿਚੋਂ ਪੂਰੀ ਨਹੀਂ ਸਨ ਲੈਂਦੇ ਅਤੇ ਨਾ ਹੀ ਤੋਲਣ ਵਾਲੇ ਦਾ ਵੱਟਾ ਆਪਣੇ ਲਈ ਰਾਖਵਾਂ ਰਖਦੇ ਸਨ। ਆਪਣੀ ਤਨਖ਼ਾਹ ਤੇ ਆਪਣੇ ਹਿੱਸੇ ਦਾ ਮਾਲ ਹੀ ਗਰੀਬਾਂ ਵਿੱਚ ਵਰਤਾਂਦੇ ਸਨ। ਗੁਰੂ ਨਾਨਕ ਦੇਵ ਜੀ ਨੇ ਮੋਦੀਖ਼ਾਨੇ ਦਾ ਕੰਮ ਛੱਡ ਦਿੱਤਾ।

ਭੈਣ ਨਾਨਕੀ ਨੂੰ ਬੜਾ ਮਹਿਸੂਸ ਹੋਇਆ ਕਿ ਜੇ ਉਹਦੇ ਵੀਰ ਨਾਨਕ ਨੇ ਮੋਦੀ ਦਾ ਕੰਮ ਛੱਡ ਦਿੱਤਾ ਤਾਂ ਮਹਿਤਾ ਕਾਲੂ ਜੀ ਉਹਨਾਂ ਨੂੰ ਫਿਰ ਤਲਵੰਡੀ ਬੁਲਾ ਲੈਣਗੇ। ਉਹ ਚਾਹੁੰਦੀ ਸੀ ਕਿ ਉਹਦਾ ਵੀਰ ਸੁਲਤਾਨਪੁਰ ਹੀ ਰਹੇ। ਇਸ ਬਾਰੇ ਉਹਨੇ ਆਪਣੇ ਪਤੀ ਨਾਲ ਵੀ ਗੱਲ ਕੀਤੀ। ਦੋਹਾਂ ਦੀ ਇਕੋ ਰਾਇ ਬਣੀ ਕਿ ਵੀਰ ਨਾਨਕ ਨੂੰ ਗ੍ਰਿਹਸਥੀ

ਬਣਾ ਦੇਈਏ ਤੇ ਉਹਦਾ ਵਿਆਹ ਕਰਵਾ ਦੇਈਏ। ਭੈਣ ਨਾਨਕੀ ਨੇ ਤਲਵੰਡੀ ਮਾਤਾ ਤ੍ਰਿਪਤਾ ਤੇ ਮਹਿਤਾ ਕਾਲੂ ਨੂੰ ਵੀ ਇਸ ਬਾਰੇ ਸੁਨੇਹਾ ਭੇਜਿਆ। ਉਹਨਾਂ ਦੀ ਪ੍ਰਵਾਨਗੀ ਲੈ ਕੇ ਭਾਈ ਜੈ ਰਾਮ ਜੀ ਨੇ ਆਸੇ-ਪਾਸੇ ਰਿਸ਼ਤੇ ਬਾਰੇ ਨਜ਼ਰ ਦੁੜਾਈ ਤੇ ਉਹਨਾਂ ਦੇ ਉਪਰਾਲੇ ਸਦਕਾ ਹੀ ਗੁਰੂ ਨਾਨਕ ਦੇਵ ਜੀ ਦਾ ਰਿਸ਼ਤਾ ਬਟਾਲੇ ਨੇੜੇ ਪਖੋਕੇ ਰੰਧਾਵੇ ਵਿੱਚ ਮੂਲ ਚੰਦ ਚੋਣੇ ਦੀ ਸਪੁੱਤਰੀ ਸੁਲੱਖਣੀ ਨਾਲ ਕਰ ਦਿੱਤਾ ਗਿਆ। ਭੈਣ ਨਾਨਕੀ ਜੀ ਤੇ ਜੈ ਰਾਮ ਜੀ ਨੇ ਇਸ ਸਬੰਧੀ ਵਧਾਈ ਦਾ ਸੁਨੇਹਾ ਤੇ ਸ਼ਗਨ ਦੀਆਂ ਵਸਤਾਂ ਮਾਪਿਆਂ ਪਾਸ ਤਲਵੰਡੀ ਭੇਜ ਦਿੱਤੀਆਂ। ਉਹ ਬੜੇ ਖ਼ੁਸ਼ ਹੋਏ ਕਿ ਸ਼ੁਕਰ ਏ ਸਾਡਾ ਸਪੁੱਤਰ ਨਾਨਕ ਗ੍ਰਿਹਸਥੀ ਜੀਵਨ ਵਿੱਚ ਪ੍ਰਵੇਸ਼ ਕਰਨ ਲਈ ਰਾਜ਼ੀ ਹੋ ਗਿਆ ਹੈ। ਤਲਵੰਡੀ ਤੇ ਸੁਲਤਾਨਪੁਰ ਲੋਧੀ ਦੋਹਾਂ ਥਾਵਾਂ ਤੇ ਘਰ ਅਨੰਦ ਮੰਗਲਾਚਾਰ ਹੋਣ ਲੱਗਾ।

ਜਦ ਵਿਆਹ ਦਾ ਫ਼ੈਸਲਾ ਕਰਨ ਲੱਗੇ ਤਾਂ ਭੈਣ ਨਾਨਕੀ ਨੇ ਇੱਛਾ ਪ੍ਰਗਟ ਕੀਤੀ ਕਿ ਮੇਰੇ ਵੀਰ ਦੀ ਜੰਞ ਸੁਲਤਾਨਪੁਰ ਤੋਂ ਬਟਾਲੇ ਜਾਏ। ਮਹਿਤਾ ਕਾਲੂ ਜੀ ਚਾਹੁੰਦੇ ਸਨ ਕਿ ਇਹ ਜੰਞ ਤਲਵੰਡੀ ਤੋਂ ਚਲੇ। ਅਖ਼ੀਰ ਫ਼ੈਸਲਾ ਹੋਇਆ ਕਿ ਪਹਿਲਾਂ ਮਹਿਤਾ ਕਾਲੂ ਜੀ ਤਲਵੰਡੀ ਤੋਂ ਚਲ ਕੇ ਬਰਾਤ ਸਮੇਤ ਸੁਲਤਾਨਪੁਰ ਆਉਣ ਤੇ ਇਥੋਂ ਮਿਲ ਕੇ ਬਟਾਲੇ ਜਾਇਆ ਜਾਏ। ਹਾੜ ਸੁਦੀ ਸਤਵੀਂ ਸੰਮਤ 1545 ਨੂੰ ਗੁਰੂ ਨਾਨਕ ਦੇਵ ਜੀ ਦਾ ਵਿਆਹ ਸੁਲੱਖਣੀ ਜੀ ਨਾਲ ਹੋਇਆ। ਭੈਣ ਨਾਨਕੀ ਦੀ ਇੱਛਾ ਅਨੁਸਾਰ ਡੋਲੀ ਸੁਲਤਾਨਪੁਰ ਲੋਧੀ ਵਿੱਚ ਪਹਿਲਾਂ ਉਹਨਾਂ ਦੇ ਨਿਵਾਸ ਅਸਥਾਨ ਤੇ ਆਈ। ਫਿਰ ਡੋਲੀ ਤਲਵੰਡੀ ਲੈ ਗਏ। ਭੈਣ ਨਾਨਕੀ ਨੇ ਪਹਿਲਾਂ ਪੂਰੇ ਉਤਸ਼ਾਹ ਨਾਲ ਸ਼ਗਨ ਮਨਾਏ। ਕੁਝ ਦਿਨ ਤਲਵੰਡੀ ਰਹਿ ਕੇ ਗੁਰੂ ਨਾਨਕ ਆਪਣੀ ਸੁਪਤਨੀ ਸੁਲੱਖਣੀ ਨਾਲ ਫਿਰ ਸੁਲਤਾਨਪੁਰ ਆ ਗਏ।

ਇਕ ਜਨਮ ਸਾਖੀ ਵਿੱਚ ਲਿਖਿਆ ਮਿਲਦਾ ਹੈ ਕਿ ਭਾਈ ਜੈ ਰਾਮ ਜੀ ਦੇ ਜ਼ੋਰ ਦੇਣ ਤੇ ਗੁਰੂ ਨਾਨਕ ਦੇਵ ਜੀ ਨੇ ਫਿਰ ਮੋਦੀਖ਼ਾਨੇ ਦਾ ਕੰਮ ਸੰਭਾਲਿਆ। ਸੁਲਤਾਨਪੁਰ ਰਹਿੰਦਿਆਂ ਗੁਰੂ ਜੀ ਨੇ ਮਨੁੱਖ ਮਾਤਰ ਨੂੰ ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ ਦਾ ਉਪਦੇਸ਼ ਦਿੰਦੇ ਰਹੇ। ਇਸ ਸਿਧਾਂਤ ਅਨੁਸਾਰ ਹੀ ਉਹ ਆਪ ਵੀ ਕਿਰਤ ਕਮਾਈ ਵਿੱਚ ਪੂਰੀ ਦਿਲਚਸਪੀ ਲੈਂਦੇ ਰਹੇ। ਨਾਲ ਨਾਲ ਉਹ ਪ੍ਰਭੂ ਦੇ ਨਾਮ ਸਿਮਰਨ ਵਿੱਚ ਵੀ ਸਮਾਂ ਬਿਤਾਉਂਦੇ ਰਹੇ। ਆਪਣੀ ਕਿਰਤ ਕਮਾਈ ਦਾ ਕੁਝ ਹਿੱਸਾ ਸਾਧੂਆਂ-ਸੰਤਾਂ ਤੇ ਗਰੀਬ ਪਿਛੜੇ ਲੋਕਾਂ ਵਿੱਚ ਵੀ ਵੰਡਦੇ ਰਹੇ। ਭੈਣ ਨਾਨਕੀ ਤੇ ਜੈ ਰਾਮ ਜੀ ਨੇ ਉਹਨਾਂ ਦੀ ਰਿਹਾਇਸ਼ ਲਈ ਵੱਖਰਾ ਪ੍ਰਬੰਧ ਕਰ ਦਿੱਤਾ। ਤਾਂ ਕਿ ਉਹ ਘਰ ਪਰਿਵਾਰ ਵਿੱਚ ਪੂਰਾ ਅਨੰਦਮਈ ਜੀਵਨ ਬਤੀਤ ਕਰ ਸਕਣ। ਸਮਾਂ ਬੀਤਦਾ ਗਿਆ। ਅਖ਼ੀਰ ਉਹ ਦਿਨ ਵੀ ਆ ਗਿਆ ਜਦੋਂ ਗੁਰੂ ਨਾਨਕ ਜੀ ਦੇ ਘਰ ਮਾਤਾ ਸੁਲੱਖਣੀ ਦੀ ਕੁੱਖੋਂ ਇਕ ਸਪੁੱਤਰ ਸ੍ਰੀ ਚੰਦ ਦਾ ਜਨਮ ਹੋਇਆ। ਫਿਰ ਦੋ ਢਾਈ ਸਾਲ ਪਿਛੋਂ ਦੂਜੇ ਸਪੁੱਤਰ ਲਖਮੀ ਦਾਸ ਨੇ ਜਨਮ ਲਿਆ। ਮਾਂ ਸੁਲੱਖਣੀ ਨੂੰ ਮਾਂ ਬਣਨ ਦੀ ਖ਼ੁਸ਼ੀ ਤੇ ਸੰਤੁਸ਼ਟਤਾ ਸੀ ਹੀ, ਪਰ ਬੇਬੇ ਨਾਨਕੀ ਨੂੰ ਦੋਹਾਂ ਬੱਚਿਆਂ ਦੀ ਭੂਆ ਬਣਨ ਦੀ ਅਤਿਅੰਤ ਖ਼ੁਸ਼ੀ ਹੋਈ। ਉਹਨੇ ਬੜਾ ਦਾਨ-ਪੁੰਨ ਕੀਤਾ ਤੇ ਜਿਹੜਾ ਵੀ ਵਧਾਈ ਦੇਣ ਆਇਆ ਉਹਦਾ ਮੂੰਹ ਮਿੱਠਾ ਕਰਾਇਆ ਤੇ ਬੜੇ ਚਾਅ ਨਾਲ ਲੱਡੂ ਮਠਿਆਈਆਂ ਵੰਡੀਆਂ। ਉਹਨਾਂ ਬੱਚਿਆਂ ਨੂੰ ਨੁਹਾਉਣ, ਧੁਆਉਣ, ਖਿਡਾਉਣ ਤੇ ਲੋਰੀਆਂ ਦੇਣ ਵਿੱਚ ਬੇਬੇ ਨਾਨਕੀ ਹਰ ਵੇਲੇ ਰੁਝੀ ਰਹਿੰਦੀ। ਆਪਣੇ ਘਰ ਦਾ ਕੰਮ ਕਾਜ

ਛੇਤੀ ਛੇਤੀ ਕਰਕੇ ਉਹ ਵਧੇਰੇ ਸਮਾਂ ਭਰਜਾਈ ਤੇ ਭਤੀਜਿਆਂ ਦੀ ਸੇਵਾ ਕਰਨ ਵਿੱਚ ਬਿਤਾਉਣ ਲੱਗੀ।

ਬੇਬੇ ਨਾਨਕੀ ਉਮਰ ਵਿੱਚ ਵੀਰ ਨਾਨਕ ਨਾਲੋਂ ਭਾਵੇਂ ਪੰਜ ਸਾਲ ਵੱਡੀ ਸੀ ਪਰ ਵਿਆਹ ਉਹਦਾ ਵੀਰ ਨਾਲੋਂ 13-14 ਸਾਲ ਪਹਿਲਾਂ ਹੋ ਗਿਆ ਸੀ, ਪਰ ਭਾਣਾ ਕਰਤਾਰ ਦਾ ਬੇਬੇ ਨਾਨਕੀ ਦੇ ਘਰ ਕੋਈ ਸੰਤਾਨ ਨਾ ਹੋਈ। ਉਹਨੇ ਆਪਣੇ ਮਨ ਦੀਆਂ ਉਮੰਗਾਂ ਗੁਰੂ ਨਾਨਕ ਦੇਵ ਜੀ ਦੇ ਸਪੁੱਤਰਾਂ ਨਾਲ ਪੂਰੀਆਂ ਕੀਤੀਆਂ। ਭਰਜਾਈ ਨੂੰ ਵੀ ਰਜਵਾਂ ਪਿਆਰ ਦਿੱਤਾ। ਭਾਈ ਜੈ ਰਾਮ ਜੀ ਉਹਦੀ ਦਿਲਚਸਪੀ ਇਧਰ ਵੇਖ ਕੇ ਪ੍ਰਸੰਨ ਸਨ। ਇਸ ਤਰ੍ਹਾਂ ਵੀਰ ਦੀ ਘਰ ਗ੍ਰਿਹਸਥੀ ਪ੍ਰਫੁਲਤ ਹੁੰਦੀ ਵੇਖ ਵੇਖ ਬੇਬੇ ਨਾਨਕੀ ਫੁਲੀ ਨਾ ਸਮਾਉਂਦੀ।

ਇਕ ਦਿਨ ਗੁਰੂ ਨਾਨਕ ਦੇਵ ਜੀ ਮਰਦਾਨੇ ਨਾਲ ਸਵੇਰੇ ਸਵੇਰੇ ਵੇਈਂ ਨਦੀ ਤੇ ਇਸ਼ਨਾਨ ਕਰਨ ਗਏ। ਵੇਈਂ ਵਿੱਚ ਟੁੱਭੀ ਲਾਈ ਤੇ ਫਿਰ ਪਾਣੀ ਤੋਂ ਬਾਹਰ ਨਾ ਆਏ। ਮਰਦਾਨਾ ਘਬਰਾ ਗਿਆ ਕਿ ਉਹ ਕਿਧਰ ਗਏ। ਨਦੀ ਵਿੱਚ ਡੁੱਬ ਗਏ ਨੇ ? ਉਹ ਛੇਤੀ ਛੇਤੀ ਦੌੜਦਾ ਘਰ ਆਇਆ ਤੇ ਭਾਈ ਜੈ ਰਾਮ ਜੀ ਨੂੰ ਦੱਸਿਆ ਕਿ ਬਾਬਾ ਨਾਨਕ ਦੇਵ ਜੀ ਵੇਈਂ ਨਦੀ ਵਿੱਚ ਇਸ਼ਨਾਨ ਕਰਦੇ ਡੁੱਬ ਗਏ ਹਨ। ਜੈ ਰਾਮ ਜੀ ਚਿੰਤਤ ਹੋ ਗਏ ਤੇ ਉਹਨਾਂ ਤੁਰੰਤ ਬੰਦਿਆਂ ਨੂੰ ਨਦੀ ਵਿੱਚ ਅਗੇ ਜਾ ਕੇ ਭਾਲ ਕਰਨ ਲਈ ਭਜਾਇਆ। ਜਦ ਬੇਬੇ ਨਾਨਕੀ ਨੂੰ ਇਹ ਅਫ਼ਸੋਸਨਾਕ ਖ਼ਬਰ ਸੁਣਾਈ ਤਾਂ ਬੇਬੇ ਨਾਨਕੀ ਨੇ ਕਿਹਾ ਕਿ, "ਮੇਰਾ ਪਰਮੇਸ਼ਰ ਰੂਪ ਵੀਰ ਵੇਈਂ ਨਦੀ ਵਿੱਚ ਡੁੱਬ ਨਹੀਂ ਸਕਦਾ। ਇਹ ਜ਼ਰੂਰ ਕੋਈ ਕੌਤਕ ਵਰਤਾ ਰਿਹਾ ਹੈ।" ਫ਼ਿਕਰਮੰਦ ਹੋਏ ਭਾਈ ਜੈ ਰਾਮ ਜੀ ਨੇ ਤੁਰੰਤ ਤਲਵੰਡੀ ਇਹ ਸੂਚਨਾ ਭੇਜਣ ਲਈ ਸਲਾਹ ਦਿੱਤੀ ਤਾਂ ਬੜੇ ਵਿਸ਼ਵਾਸ ਨਾਲ ਬੇਬੇ ਨਾਨਕੀ ਬੋਲੀ ਕਿ, "ਅਜੇ ਠਹਿਰ ਜਾਉ। ਮੇਰਾ ਵੀਰ ਅਵੱਸ਼ ਘਰ ਆਏਗਾ। ਮੈਂ ਕਈ ਅਜਿਹੇ ਕੌਤਕ ਵੇਖ ਚੁੱਕੀ ਹਾਂ।" ਪਹਿਲਾਂ ਤਾਂ ਮਾਤਾ ਸੁਲੱਖਣੀ ਵੀ ਕੁਝ ਘਬਰਾਈ ਪਰ ਬੇਬੇ ਨਾਨਕੀ ਨੇ ਉਹਨੂੰ ਵੀ ਤਸੱਲੀ ਦਿੱਤੀ ਕਿ, "ਮੇਰੇ ਪਿਆਰੇ ਵੀਰ ਨੂੰ ਸੱਤੀਂ ਵੀਹੀਂ ਖ਼ੈਰ ਏ। ਪਰਮੇਸ਼ਰ ਉਹਦੀ ਕੰਡ 'ਤੇ ਹੈ। ਉਹਨੇ ਅਜੇ ਦੁਨੀਆਂ 'ਤੇ ਬਹੁਤ ਨਰੋਏ ਜੀਵਨ ਦੇ ਕਾਰਜ ਕਰਨੇ ਹਨ।" ਉਹੋ ਗੱਲ ਹੋਈ ਦੂਜੇ ਤੀਜੇ ਦਿਨ ਸੁਲਤਾਨਪੁਰ ਦੇ ਬਾਹਰ ਵਾਰ ਵੇਈਂ ਨਦੀ ਦੇ ਕੰਢੇ ਤੇ ਗੁਰੂ ਨਾਨਕ ਦੇਵ ਜੀ ਪ੍ਰਭੂ-ਪਿਆਰ ਵਿੱਚ ਲੀਨ ਹੋਏ ਬੈਠੇ ਮਿਲੇ। ਬੇਬੇ ਨਾਨਕੀ ਦੀ ਭਵਿੱਖਵਾਣੀ ਠੀਕ ਸਿੱਧ ਹੋਈ। ਅੱਜ ਵੀ ਸੁਲਤਾਨਪੁਰ ਲੋਧੀ ਵਿੱਚ ਉਹਨਾਂ ਦੋਹਾਂ ਥਾਵਾਂ 'ਤੇ, ਜਿਥੇ ਅਲੋਪ ਹੋਏ ਤੇ ਜਿੱਥੋਂ ਪ੍ਰਗਟ ਹੋਏ, ਬੜੇ ਵੱਡੇ ਸ਼ਾਨਦਾਰ ਗੁਰਦੁਆਰੇ ਬਣੇ ਹੋਏ ਹਨ। ਸੂਚਨਾ ਮਿਲਦੇ ਸਾਰ ਭਰਜਾਈ ਸੁਲੱਖਣੀ ਜੀ ਤੇ ਭਤੀਜਿਆਂ ਨੂੰ ਨਾਲ ਲੈ ਕੇ ਵੀਰ ਦੇ ਦਰਸ਼ਨਾਂ ਲਈ ਤੇਜ਼ ਕਦਮ ਪੁਟਦੀ ਪਹੁੰਚੀ। ਵੀਰ ਨੂੰ ਗਲਵੱਕੜੀ ਵਿੱਚ ਲੈ ਕੇ ਆਪਣੀ ਸ਼ਰਧਾ ਤੇ ਪਿਆਰ ਦਾ ਪ੍ਰਗਟਾਵਾ ਕੀਤਾ। ਵੀਰ ਨੂੰ ਬੜੇ ਗਹਿਰ ਗੰਭੀਰ ਅਵਸਥਾ ਵਿੱਚ ਵੇਖਿਆ ਅਤੇ ਇਹੀ ਆਖਿਆ ਕਿ, "ਮੇਰੇ ਵੀਰ ਬਾਰੇ ਮੇਰਾ ਅਨੁਮਾਨ ਠੀਕ ਨਿਕਲਿਆ ਏ।"

ਮਾਤਾ ਸੁਲੱਖਣੀ ਜੀ ਬਾਰਾਂ ਸਾਲ ਗੁਰੂ ਨਾਨਕ ਸਾਹਿਬ ਦੇ ਨਾਲ ਸੁਲਤਾਨਪੁਰ ਵਿੱਚ ਰਹੇ। ਬੇਬੇ ਨਾਨਕੀ ਜੀ ਹੀ ਉਨ੍ਹਾਂ ਕੋਲ ਵੱਡੇ ਸਨ। ਸੱਸ ਤੇ ਨਨਾਣ ਦੇ ਰੂਪ ਵਿੱਚ ਉਹ ਸਦਾ ਆਪਣੀ ਭਰਜਾਈ ਦੇ ਦੁਖ-ਸੁਖ ਦੇ ਭਾਈਵਾਲ ਬਣੇ ਰਹੇ। ਜਦੋਂ ਗੁਰੂ ਨਾਨਕ ਸਾਹਿਬ

ਮੋਦੀਖ਼ਾਨੇ ਚਲੇ ਜਾਂਦੇ ਤੇ ਭਾਈ ਜੈ ਰਾਮ ਆਪਣੇ ਕੰਮ 'ਤੇ ਹੁੰਦੇ ਤਾਂ ਨਨਾਣ-ਭਰਜਾਈ ਰਲ ਬਹਿੰਦੀਆਂ ਤੇ ਗੱਲਾਂਬਾਤਾਂ ਕਰਦੀਆਂ ਰਹਿੰਦੀਆਂ। ਬੇਬੇ ਨਾਨਕੀ ਨੇ ਭਰਜਾਈ ਨੂੰ ਵੀਰ-ਨਾਨਕ ਦੀਆਂ ਬੇਪਰਵਾਹੀਆਂ ਦੀਆਂ ਗੱਲਾਂ ਸੁਣਾਈਆਂ। ਮੋਦੀ ਦਾ ਕੰਮ ਕਰਦਿਆਂ ਗਰੀਬਾਂ ਤੇ ਲੋੜਵੰਦਾਂ ਦੀ ਸਹਾਇਤਾ ਕਰਦਿਆਂ ਦੀਆਂ ਵਿਥਿਆਵਾਂ ਵੀ ਦਸੀਆਂ।

ਇਕ ਦਿਨ ਗੁਰੂ ਨਾਨਕ ਦੇਵ ਜੀ ਭੈਣ ਨਾਨਕੀ ਦੇ ਘਰ ਮਿਲਣ ਗਏ, ਤਾਂ ਬੇਬੇ ਨਾਨਕੀ ਨੇ ਕਿਹਾ, "ਅੱਜ ਤਾਂ ਪ੍ਰਮੇਸ਼ਵਰ ਨੇ ਸਾਡੇ ਤੇ ਬੜੀ ਕ੍ਰਿਪਾ ਕੀਤੀ ਹੈ ਜੋ ਤੁਸੀਂ ਦਰਸ਼ਨ ਦੇਣ ਆਏ ਹੋ।" ਤਾਂ ਅੱਗੋਂ ਜੋ ਗੱਲਬਾਤ ਦੋਹਾਂ ਭੈਣ ਭਰਾਵਾਂ ਵਿੱਚ ਹੋਈ, ਉਸ ਤੋਂ ਇਕ ਦੂਜੇ ਪ੍ਰਤੀ ਉਹਨਾਂ ਦਾ ਪਿਆਰ ਤੇ ਸਤਿਕਾਰ ਪ੍ਰਗਟ ਹੁੰਦਾ ਹੈ।

ਗੁਰੂ ਨਾਨਕ ਜੀ ਨੇ ਕਿਹਾ, "ਬੇਬੇ ਜੀ ਤੂੰ ਸੱਚੀ ਹੈਂ ਪਰ ਇਹ ਪ੍ਰਮੇਸ਼ਰ ਨੇ ਤੁਧੁ ਨੂੰ ਬੁਝਾਈ ਹੈ, ਤੇਰੇ ਉਤੇ ਪ੍ਰਮੇਸ਼ਰ ਮਿਹਰਵਾਨ ਹੈ।"

ਬੇਬੇ ਨਾਨਕੀ ਨੇ ਕਿਹਾ, "ਭਾਈ ਜੀ ਪ੍ਰਮੇਸ਼ਰ ਮੇਰੇ ਉਤੇ ਮਿਹਰਵਾਨ ਤਦ ਜਾਣਾਂਗੀ ਜਾ ਤੂੰ ਮੇਰਾ ਕਿਹਾ ਮੰਨੇਗਾ।"

ਗੁਰੂ ਨਾਨਕ ਜੀ ਕਿਹਾ, "ਆਖ ਬੇਬੇ, ਜੋ ਕੁਝ ਤੂੰ ਆਖੇਂਗੀ ਮੈਂ ਮੰਨਾਗਾਂ। ਤੂੰ ਮੇਰੀ ਵੱਡੀ ਭੈਣ ਹੈਗੀ, ਤੇਰਾ ਮੇਰਾ ਪਿਛਲਾ ਸਾਕ ਭੈਣ ਭਰਾਉ ਦਾ ਆਹ, ਤੂੰ ਮੇਰੀ ਸੇਵਾ ਪਿਛੇ ਭੀ ਬਹੁਤ ਕੀਤੀ ਆਹੀ। ਤੇਰਾ ਭਾਰ ਮੇਰੇ ਸਿਰ ਤੇ ਹੈਗਾ। ਜੋ ਤੂੰ ਇਹ ਮੂੰਹੋਂ ਕਹੇਂਗੀ ਸੋ ਮੈਂ ਮੰਨਾਗਾਂ।"

ਜਦੋਂ ਗੁਰੂ ਸਾਹਿਬ ਸੰਸਾਰ ਦੇ ਕਲਿਆਣ ਹਿਤ ਉਦਾਸੀਆਂ ਤੇ ਨਿਕਲਣ ਲੱਗੇ ਤਾਂ ਬੇਬੇ ਨਾਨਕੀ ਵੈਰਾਗਵਾਨ ਹੋ ਕੇ ਕਹਿਣ ਲੱਗੀ, "ਤੁਸੀਂ ਮੇਰੇ ਪਾਸ ਰਹੋ, ਬਾਹਰ ਨਾ ਜਾਉ।"

ਤਾਂ ਗੁਰੂ ਨਾਨਕ ਜੀ ਕਿਹਾ, "ਬੇਬੇ ਜੀ ਅਸੀਂ ਤੁਹਾਡੇ ਪਾਸ ਹਾਂ ਜਿਤ ਵੇਲੇ ਤੁਸੀਂ ਯਾਦ ਕਰੋਗੇ, ਤਿਤ ਵੇਲੇ ਹਾਜ਼ਰ ਹੀ ਰਹਾਂਗੇ।"

ਗੁਰੂ ਨਾਨਕ ਆਪਣੀ ਪਹਿਲੀ ਉਦਾਸੀ ਤੇ ਸੁਲਤਾਨਪੁਰ ਤੋਂ ਚੱਲਣ ਤੋਂ ਪਹਿਲਾਂ ਬੇਬੇ ਨਾਨਕੀ ਨੂੰ ਆਪਣੇ ਪਰਿਵਾਰ ਦੀ ਸੌਂਪਣੀ ਕੀਤੀ ਤੇ ਕਿਹਾ ਕਿ, "ਇਹਨਾਂ ਦਾ ਖ਼ਿਆਲ ਰੱਖਣਾ, ਪ੍ਰਮੇਸ਼ਰ ਸਭ ਦਾ ਰਾਖਾ ਹੈ, ਇਹਨਾਂ ਦੀ ਰੱਖਿਆ ਵੀ ਉਹੀ ਕਰੇਗਾ। ਉਸੇ ਨੇ ਇਸ ਕਾਰਜ ਲਈ ਤੁਹਾਡੇ ਅੰਦਰ ਮੋਹ ਪਿਆਰ ਪਾਇਆ ਹੈ।"

ਬੇਬੇ ਨਾਨਕੀ ਅਗੋਂ ਬੋਲੀ, "ਤੁਸੀਂ ਇਹਨਾਂ ਵਲੋਂ ਨਿਸਚਿਤ ਰਹੋ। ਮੈਨੂੰ ਇਹ ਆਪਣੀ ਜਾਨ ਨਾਲੋਂ ਪਿਆਰੇ ਨੇ, ਇਹਨਾਂ ਨੂੰ ਤਾਂ ਮੈਂ ਵੇਖ ਵੇਖ ਕੇ ਜਿਉਨੀ ਪਈ ਹਾਂ।"

ਮਾਤਾ ਸੁਲੱਖਣੀ ਆਪਣੇ ਦੋਹਾਂ ਸਪੁੱਤਰਾਂ ਨੂੰ ਲੈ ਕੇ ਪਤੀ ਪ੍ਰਮੇਸ਼ਰ ਦੇ ਨੇੜੇ ਖੜੀ ਸੀ। ਪਹਿਲਾਂ ਤਾਂ ਉਹ ਕੁਝ ਉਦਾਸ ਜਿਹੀ ਸੀ, ਕਿਉਂਕਿ ਉਹਨੂੰ ਇਹ ਨਹੀਂ ਸੀ ਪਤਾ ਕਿ ਪਤੀ ਜੀ ਕਿਤਨੇ ਸਮੇਂ ਲਈ ਜਾ ਰਹੇ ਨੇ ਤੇ ਕਦੋਂ ਵਾਪਸ ਆਉਣਗੇ। ਪਰ ਗੁਰੂ ਨਾਨਕ ਦੇਵ ਜੀ ਦੇ ਭੈਣ ਨਾਨਕੀ ਨੂੰ ਦਿੱਤੇ ਇਸ ਵਚਨ ਨੂੰ ਸੁਣ ਕੇ ਉਹਨੂੰ ਸੰਤੁਸ਼ਟਤਾ ਜਿਹੀ ਹੋ ਗਈ ਕਿ ਜਦੋਂ ਭੈਣ ਯਾਦ ਕਰੇਗੀ, ਉਹ ਜ਼ਰੂਰ ਆ ਮਿਲਣਗੇ।

ਆਪਣੀ ਪਹਿਲੀ ਉਦਾਸੀ ਵਿੱਚ ਗੁਰੂ ਨਾਨਕ ਦੇਵ ਜੀ ਜਦ ਕਈ ਸਾਲ ਵਾਪਸ ਨਾ ਮੁੜੇ ਤਾਂ ਭੈਣ ਨਾਨਕੀ ਵੀਰ ਮਿਲਾਪ ਲਈ ਉਹਦੀ ਯਾਦ ਵਿੱਚ ਡੁੱਬੀ ਰਹਿਣ ਲੱਗੀ। ਉਹ ਆਪ ਭਾਵੇਂ ਵਿਛੋੜਾ ਬਹੁਤ ਜ਼ਿਆਦਾ ਮਹਿਸੂਸ ਕਰ ਰਹੀ ਸੀ, ਪਰ ਉਹਨੇ ਭਰਜਾਈ ਅਤੇ ਭਤੀਜਿਆਂ ਨੂੰ ਕਦੇ ਉਦਾਸ ਨਾ ਹੋਣ ਦਿੱਤਾ। ਹਰ ਵੇਲੇ ਆਸ ਦੀ ਕਿਰਨ ਜਗਾਈ

ਰੱਖੀ ਕਿ ਵੀਰ ਛੇਤੀ ਆ ਜਾਵੇਗਾ। ਮੇਰਾ ਮਨ ਕਹਿੰਦਾ ਹੈ ਕਿ ਉਹ ਆਉਣ ਹੀ ਵਾਲਾ ਹੈ। ਜਿਸ ਦਿਨ ਗੁਰੂ ਨਾਨਕ ਦੇਵ ਜੀ ਆਪਣੀ ਭਾਰਤ ਦੀ ਲੰਮੀ ਯਾਤਰਾ ਤੋਂ ਵਾਪਸ ਸੁਲਤਾਨਪੁਰ ਆਏ ਤਾਂ ਉਸ ਵੇਲੇ ਵੀ ਬੇਬੇ ਨਾਨਕੀ ਵੀਰ ਨੂੰ ਯਾਦ ਕਰ ਰਹੀ ਸੀ। ਰੋਟੀ ਪਕਾਉਂਦਿਆਂ ਵੀ ਵੀਰ ਦੀ ਯਾਦ ਵਿੱਚ ਸੀ, ਫੁਲਿਆ ਫੁੱਲਕਾ ਵੇਖ ਕੇ ਸੋਚਣ ਲੱਗੀ, 'ਜੇ ਵੀਰ ਅੱਜ ਇੱਥੇ ਹੁੰਦਾ ਤਾਂ ਇਹ ਫੁਲਕਾ ਕਿੰਨਾ ਖ਼ੁਸ਼ ਹੋ ਕੇ ਖਾਂਦਾ।' ਐਨ ਉਸੇ ਵੇਲੇ 'ਸਤਿ ਕਰਤਾਰ' ਦੀ ਆਵਾਜ਼ ਆਈ ਤੇ ਗੁਰੂ ਨਾਨਕ ਦੇਵ ਉਹਦੇ ਵਿਹੜੇ ਵਿੱਚ ਆ ਪਧਾਰੇ।

ਸੰਮਤ 1575 ਅਥਵਾ ਸੰਨ 1518 ਈ. ਦੇ ਮੁਢਲੇ ਹਿੱਸੇ (ਮਹੀਨਿਆਂ) ਵਿੱਚ ਹੀ ਭਾਣਾ ਕਰਤਾਰ ਦਾ ਵਰਤਿਆ ਕਿ ਬੇਬੇ ਨਾਨਕੀ ਦੇ ਪਤੀ ਭਾਈ ਜੈ ਰਾਮ ਜੀ ਦਾ ਦੇਹਾਂਤ ਹੋ ਗਿਆ ਅਤੇ ਕੁਝ ਦਿਨਾਂ ਪਿਛੋਂ ਬੇਬੇ ਨਾਨਕੀ ਜੀ ਵੀ ਅਕਾਲ ਚਲਾਣਾ ਕਰ ਗਈ। ਗੁਰੂ ਨਾਨਕ ਸਾਹਿਬ ਉਸ ਸਮੇਂ ਉਦਾਸੀ ਤੇ ਗਏ ਸਨ। ਉਹਨਾਂ ਦੀ ਅੰਤਿਮ ਸੰਭਾਲ ਸ੍ਰੀ ਚੰਦ ਜੀ ਨੇ ਕੀਤੀ। ਮਾਤਾ ਸੁਲੱਖਣੀ ਜੀ ਨੇ ਭਾਵੇਂ ਇਸ ਤੋਂ ਪਿਛੋਂ 20 ਸਾਲ ਉਮਰ ਭੋਗੀ। ਉਹ 24 ਮੱਘਰ ਸੰਮਤ 1596 ਅਥਵਾ ਸੰਨ 1539 ਨੂੰ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ, ਪਰ ਜੋ ਧੀਰਜ ਹੌਂਸਲਾ ਤੇ ਪਿਆਰ ਸਤਿਕਾਰ ਉਹਨਾਂ ਨੂੰ ਬੇਬੇ ਨਾਨਕੀ ਜੀ ਤੋਂ ਮਿਲਿਆ, ਉਸ ਨੂੰ ਆਪਣੇ ਅੰਤਲੇ ਸੁਆਸਾਂ ਤੱਕ ਨਾ ਭੁਲਾ ਸਕੇ।

ਡਾ. ਮਹਿੰਦਰ ਕੌਰ ਗਿੱਲ ਨੇ ਆਪਣੇ ਇਕ ਲੇਖ ਵਿੱਚ ਮਾਤਾ ਨਾਨਕੀ ਬਾਰੇ ਲਿਖਿਆ ਹੈ : "ਬੀਬੀ ਨਾਨਕੀ ਨੇ ਵੀਰ ਦੇ ਮਨ ਵਿੱਚ ਇਹ ਅਹਿਸਾਸ ਹੀ ਕਦੀ ਨਹੀਂ ਸੀ ਆਉਣ ਦਿੱਤਾ ਕਿ ਉਹਦੀ ਬੀਵੀ ਬੱਚੇ ਉਹਦੀ ਗੈਰ-ਹਾਜ਼ਰੀ ਵਿੱਚ ਕਿਸੇ ਗੱਲੋਂ ਤੰਗ ਹਨ। ਇਕ ਤਰ੍ਹਾਂ ਨਾਲ ਗੁਰੂ ਸਾਹਿਬ ਦੀਆਂ ਉਦਾਸੀਆਂ ਵਿੱਚ ਭੈਣ ਨਾਨਕੀ ਦਾ ਪ੍ਰਸਪਰ ਸਪੱਸ਼ਟ ਹੱਥ ਸੀ। ਉਹਨੇ ਦੂਰ ਦੇਸ਼ ਵਿੱਚ ਜਾਣ ਵਾਲੇ ਭਰਾ ਦੀ ਘਰ ਸਬੰਧੀ ਚਿੰਤਾ ਮਿਟਾ ਦਿੱਤੀ ਸੀ।

ਗੁਰੂ ਨਾਨਕ ਦੇਵ ਜੀ ਦੇ ਬੱਚਿਆਂ ਨੂੰ ਪਿਤਾ ਦਾ ਸਨੇਹ ਜੈ ਰਾਮ ਜੀ ਨੇ ਦਿੱਤਾ ਅਤੇ ਬੇਬੇ ਨਾਨਕੀ ਨੇ ਬਜ਼ੁਰਗਾਂ ਵਾਲਾ। ਮਾਤਾ ਸੁਲੱਖਣੀ ਪਤੀ ਦੀ ਗੈਰ ਹਾਜ਼ਰੀ ਵਿੱਚ ਉਦਾਸ ਤਾਂ ਰਹੀ ਪਰ ਕਿਸੇ ਵਸਤੂ ਦੇ ਵਗੋਚੇ ਦਾ ਦੁੱਖ ਕਦੇ ਮਹਿਸੂਸ ਨਾ ਹੋਇਆ।

ਬੇਬੇ ਨਾਨਕੀ ਪਹਿਲੀ ਇਸਤ੍ਰੀ ਸੀ ਜਿਸ ਨੇ ਗੁਰੂ ਨਾਨਕ ਦੇਵ ਜੀ ਦੇ ਧਰਮ ਨੂੰ ਧਾਰਨ ਕੀਤਾ। ਸਾਖੀਆਂ ਗਵਾਹ ਹਨ। ਬੇਬੇ ਨਾਨਕੀ ਵੀਰ ਨਾਨਕ ਦੀ ਰਚਿਤ ਬਾਣੀ ਦਾ ਪਾਠ ਕਰਦੀ ਸੀ। ਜਪੁਜੀ ਸਾਹਿਬ ਉਸ ਨੂੰ ਜ਼ਬਾਨੀ ਯਾਦ ਸੀ, ਉਹ ਵੀ ਗਿਆਨਵਾਨ ਸੀ, ਨਾਮ ਸਿਮਰਨ ਕਰਦੀ ਸੀ, ਸੇਵਾ ਸੰਭਾਲ ਕਰਦੀ ਸੀ। ਜਦੋਂ ਵੀ ਸਨੇਹਵਸ ਵੀਰ ਨੂੰ ਯਾਦ ਕਰਦੀ ਤਾਂ ਵੀਰ ਨਾਨਕ ਸਨੇਹ ਭਿੱਜੇ ਖਿੱਚੇ ਆਉਂਦੇ। ਮਾਪਿਆਂ ਨੂੰ ਕਦੀ ਸ਼ਿਕਵਾ ਆਂਦਾ ਵੀ ਕਿ ਉਹਨਾਂ ਦਾ ਪੁੱਤਰ ਦਾ ਮਾਇਆ ਵੱਲ ਝੁਕਾ ਨਹੀਂ ਆਇਆ ਤਾਂ ਉਹ ਸਿਆਣੀ ਧੀ ਵਾਂਗ ਸਮਝਾਂਦੀ, ਧੀਰਜ ਬੰਨ੍ਹਾਉਂਦੀ। ਆਪਣੇ ਵੀਰ ਨੂੰ ਉਸ ਦੇ ਮਨ ਮੁਤਾਬਕ ਧਰਮ ਉਪਦੇਸ਼ ਦਾ ਪ੍ਰਚਾਰ ਕਰਨ ਦਾ ਮੌਕਾ ਦਿੱਤਾ। ਵੀਰ ਮਸਤਾਨਿਆਂ ਵਾਂਗ ਬੰਦਗੀ ਵਿੱਚ ਲੀਨ ਰਹਿਣਾ ਚਾਹੁੰਦਾ ਤਾਂ ਸੁਖਾਵਾਂ ਮਾਹੌਲ ਪੈਦਾ ਕੀਤਾ। ਜੇ ਵੀਰ ਲੋਕ ਦਰਦ ਵੰਡਾਣ ਗਿਆ ਤਾਂ ਬੇਬੇ ਨਾਨਕੀ ਜੀ ਨੇ ਅਸੀਸ ਦੇ ਕੇ ਤੋਰਿਆ।

ਬੀਬੀ ਅਮਰੋ ਤੇ ਬੀਬੀ ਅਣੋਖੀ

ਦੂਜੀ ਨਾਨਕ-ਜੋਤ ਗੁਰੂ ਅੰਗਦ ਦੇਵ ਜੀ ਦੇ ਘਰ ਮਾਤਾ ਖੀਵੀ ਜੀ ਦੀ ਕੁਖੋਂ ਦੋ ਸਪੁੱਤਰ ਤੇ ਦੋ ਸਪੁੱਤਰੀਆਂ ਦਾ ਜਨਮ ਹੋਇਆ। ਦੋਹਾਂ ਸਪੁੱਤਰਾਂ ਦਾ ਨਾਂ ਦਾਤੂ ਜੀ ਅਤੇ ਦਾਸੂ ਜੀ ਸਨ। ਦੋਹਾਂ ਸਪੁੱਤਰੀਆਂ ਦਾ ਨਾਂ ਬੀਬੀ ਅਮਰੋ ਤੇ ਬੀਬੀ ਅਣੋਖੀ ਜੀ ਸਨ। ਪਹਿਲਾਂ ਇਸ ਪਰਿਵਾਰ ਵਿੱਚ ਸਪੁੱਤਰ ਦਾਤੂ ਜੀ ਦਾ ਜਨਮ ਹੋਇਆ, ਫਿਰ ਬੀਬੀ ਅਮਰੋ ਜੀ ਤੇ ਤੀਜੀ ਸੰਤਾਨ ਬੀਬੀ ਅਣੋਖੀ ਜੀ ਸੀ, ਫਿਰ ਦਾਸੂ ਜੀ ਦਾ ਜਨਮ ਹੋਇਆ। ਗੁਰੂ ਅੰਗਦ ਦੇਵ ਜੀ ਦੀ ਇਸ ਸੰਤਾਨ ਵਿਚੋਂ ਇਤਿਹਾਸਕਾਰਾਂ ਦੀ ਦ੍ਰਿਸ਼ਟੀ ਅਨੁਸਾਰ ਬੀਬੀ ਅਮਰੋ ਸਭ ਤੋਂ ਵਧ ਸਿਆਣੀ, ਗੁਰਮਤਿ ਦੀ ਗਿਆਤਾ ਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਸੀ। ਗੁਰੂ ਅਮਰ ਦਾਸ ਜੀ ਇਸ ਰਾਹੀਂ ਹੀ ਗੁਰੂ ਅੰਗਦ ਦੇਵ ਤੱਕ ਪਹੁੰਚੇ।

ਬੀਬੀ ਅਮਰੋ ਦਾ ਜਨਮ ਸੰਮਤ 1589 ਅਥਵਾ ਸੰਨ 1532 ਈ. ਨੂੰ ਗੁਰੂ ਅੰਗਦ ਦੇਵ ਜੀ ਦੇ ਗ੍ਰਿਹਿ ਵਿਖੇ ਮਾਤਾ ਖੀਵੀ ਜੀ ਦੀ ਕੁਖੋਂ ਹੋਇਆ। ਗੁਰੂ ਅੰਗਦ ਦੇਵ, ਲਹਿਣਾ ਜੀ ਦੇ ਰੂਪ ਵਿੱਚ ਗੁਰੂ ਨਾਨਕ ਦੇਵ ਜੀ ਦਰਸ਼ਨ ਕਰਕੇ ਕਰਤਾਰਪੁਰ ਆਪਣਾ ਬਹੁਤਾ ਸਮਾਂ ਗੁਰੂ ਸੰਗਤ ਵਿੱਚ ਗੁਜ਼ਾਰਨ ਲੱਗ ਪਏ। ਸਾਖੀਕਾਰਾਂ ਅਨੁਸਾਰ ਸਾਲ ਵਿੱਚ ਦੋ ਤਿੰਨ ਵਾਰ ਖਡੂਰ ਸਾਹਿਬ ਵਿੱਚ ਪਰਿਵਾਰ ਦੀ ਦੇਖਭਾਲ ਤੇ ਕੰਮ-ਕਾਰ ਦੀ ਦੇਖ-ਰੇਖ ਲਈ ਆਇਆ ਕਰਦੇ ਸਨ। ਗੁਰੂ ਨਾਨਕ ਦੇਵ ਜੀ ਦੇ ਇਸ ਉਪਦੇਸ਼ ਨੂੰ ਉਹਨਾਂ ਅਮਲੀ ਤੌਰ 'ਤੇ ਜੀਵਨ ਵਿੱਚ ਵਸਾ ਲਿਆ ਸੀ ਕਿ ਨਾਮ ਜਪੋ, ਕਿਰਤ ਕਰੋ, ਵੰਡ ਛਕੋ। ਜਦ ਉਹਨਾਂ ਦਾ ਆਪਣਾ ਜੀਵਨ ਵੀ ਗੁਰਮੁਖਾਂ ਵਾਲਾ ਹੋ ਗਿਆ ਤਾਂ ਭਾਈਚਾਰੇ ਤੇ ਆਸੇ-ਪਾਸੇ ਵੀ ਗੁਰਮਤਿ ਗਾਡੀ ਰਾਹ ਦਾ ਪ੍ਰਚਾਰ ਕੀਤਾ। ਸਭ ਤੋਂ ਪਹਿਲਾਂ ਉਹਨਾਂ ਦੀ ਸੁਪਤਨੀ ਖੀਵੀ ਜੀ ਅਧਿਆਤਮਿਕ ਰੰਗ ਵਿੱਚ ਰੰਗੇ ਗਏ। ਫਿਰ ਉਹਨਾਂ ਨੇ ਸੰਤਾਨ ਨੂੰ ਇਸੇ ਰੰਗ ਵਿੱਚ ਰੰਗਣਾ ਸ਼ੁਰੂ ਕਰ ਦਿੱਤਾ। ਸੰਨ 1539 ਵਿੱਚ ਗੁਰੂ ਨਾਨਕ ਦੇਵ ਜੀ ਨੇ ਲਹਿਣਾ ਜੀ ਨੂੰ ਗਰਗੱਦੀ ਦੇ ਕੇ ਗੁਰੂ ਅੰਗਦ ਦੇਵ ਬਣਾ ਦਿੱਤਾ। ਇਸ ਤਰ੍ਹਾਂ ਨਾਨਕ-ਜੋਤ ਦਾ ਖਡੂਰ ਸਾਹਿਬ ਵਿੱਚ ਪ੍ਰਕਾਸ਼ ਹੋਣ ਲੱਗ ਪਿਆ।

ਇਤਿਹਾਸ ਦੇ ਲਗਪਗ ਸਾਰੇ ਲੇਖਕ ਤੇ ਕਵੀ ਗੁਰੂ ਅੰਗਦ ਸਾਹਿਬ ਦੀ ਜਗਤ ਫੇਰੀ ਦਾ ਜ਼ਿਕਰ ਕਰਦਿਆਂ ਦੋ ਗੱਲਾਂ ਵਿਸ਼ੇਸ਼ ਤੌਰ ਤੇ ਬਿਆਨ ਕਰਦੇ ਹਨ। ਪਹਿਲੀ ਵਿਸ਼ੇਸ਼ ਗੱਲ ਗੁਰੂ ਅੰਗਦ ਸਾਹਿਬ ਨੇ ਖਡੂਰ ਸਾਹਿਬ ਵਿੱਚ ਸਿੱਖ ਸੰਗਤਾਂ ਤੇ ਗੁਰੂ ਘਰ ਆਉਣ ਵਾਲਿਆਂ ਲਈ ਖੁੱਲ੍ਹੇ ਲੰਗਰ ਦੀ ਪ੍ਰਥਾ ਨੂੰ ਜਾਰੀ ਰੱਖਿਆ। ਖਡੂਰ ਸਾਹਿਬ ਵਿੱਚ ਗੁਰੂ ਕੇ ਲੰਗਰ ਵਿੱਚ ਬਹੁਤਾ ਸਮਾਂ ਮਾਤਾ ਖੀਵੀ ਆਪ ਸੇਵਾ ਵਿੱਚ ਹੱਥ ਵਟਾਉਂਦੀ, ਨਿਗਰਾਨੀ ਕਰਦੀ ਤੇ ਚੰਗੇ ਤੋਂ ਚੰਗਾ ਲੰਗਰ ਬਣਾਉਣ ਤੇ ਬਣਵਾਉਣ ਵਿੱਚ ਦਿਲਚਸਪੀ

ਰੱਖਦੀ। ਲੇਖਕ ਵਿਸ਼ੇਸ਼ ਤੌਰ 'ਤੇ ਬਿਆਨ ਕਰਦੇ ਹਨ ਕਿ ਮਾਤਾ ਖੀਵੀ ਜੀ ਦਾਲ ਰੋਟੀ ਦੇ ਨਾਲ ਨਾਲ ਜਦ ਵੀ ਹੋ ਸਕੇ ਖੀਰ ਜ਼ਰੂਰ ਤਿਆਰ ਕਰਦੀ ਜਾਂ ਕਰਵਾਉਂਦੀ। ਗੁਰੂ ਅੰਗਦ ਦੇਵ ਜੀ ਬਾਰੇ ਇਹ ਲਿਖਿਆ ਵੀ ਮਿਲਦਾ ਹੈ ਕਿ ਉਹ ਕਿਰਤ ਕਰਨ ਦਾ ਉਪਦੇਸ਼ ਦੇਣ ਦੇ ਨਾਲ ਨਾਲ ਆਪ ਵੀ ਕਿਰਤ ਕਰਕੇ ਖਟਿਆ ਕਰਦੇ ਸਨ। ਸਿੱਖ ਸੰਗਤਾਂ ਤੇ ਗੁਰੂ ਘਰ ਵਲੋਂ ਆਈ ਰਸਦ ਗੁਰੂ ਘਰ ਆਉਣ ਵਾਲੀਆਂ ਸੰਗਤਾਂ ਲਈ ਵਰਤਾਉਣ ਦੀ ਨੀਤੀ ਵਿੱਚ ਵਿਸ਼ਵਾਸ ਕਰਦੇ ਸਨ। 'ਬੰਸਾਵਲੀਨਾਮਾ' ਵਿੱਚ ਕੇਸਰ ਸਿੰਘ ਛਿੱਬਰ ਲਿਖਦਾ ਹੈ : "ਵਾਣ ਵਟ ਕਰਨ ਗੁਜਰਾਨ। ਬਿਨਾਂ ਆਪਨੀ ਕਿਰਤ ਬਾਨ ਨਾ ਖਾਨ।" 20ਵੀਂ ਸਦੀ ਦੇ ਪ੍ਰਸਿੱਧ ਇਤਿਹਾਸਕ ਹਰੀ ਰਾਮ ਗੁਪਤਾ ਨੇ ਵੀ ਅੰਗਰੇਜ਼ੀ ਵਿੱਚ ਇਹੀ ਜ਼ਿਕਰ ਕੀਤਾ ਹੈ ਕਿ ਗੁਰੂ ਅੰਗਦ ਦੇਵ ਜੀ ਵਾਣ ਵੱਟਿਆ ਕਰਦੇ ਸਨ, ਜੋ ਮੰਜੀਆਂ ਬਣਾਉਣ ਲਈ ਵਰਤਿਆ ਜਾਂਦਾ ਸੀ।

ਮਾਤਾ ਖੀਵੀ ਬੜੇ ਠੰਡੇ-ਮਿੱਠੇ ਸੁਭਾਅ ਵਾਲੀ, ਸੁਘੜ, ਸਿਆਣੀ, ਗੁਰਦੇਵ ਪਤੀ ਦੇ ਕਾਰਜ ਖੇਤਰ ਵਿੱਚ ਸਹਿਯੋਗ ਕਰਨ ਵਾਲੀ ਨਾਰੀ ਸੀ। ਆਪਣੀਆਂ ਦੋਹਾਂ ਸੁਪੱਤਰੀਆਂ ਨੂੰ ਇਹਨਾਂ ਮਨੁੱਖੀ ਗੁਣ ਭਰਪੂਰ ਬਣਾਉਣ ਦਾ ਵੀ ਬੜਾ ਯੋਗਦਾਨ ਪਾਇਆ। ਬਾਲ ਅਵਸਥਾ ਵਿੱਚ ਉਹਨਾਂ ਨੂੰ ਸਿਆਣੇ ਅਧਿਆਪਕਾਂ ਪਾਸੋਂ ਸਿਖਿਆ ਦਿਲਵਾਈ। ਉਹਨਾਂ ਨੂੰ ਭਾਸ਼ਾ ਗਿਆਨ ਦਿੱਤਾ ਤੇ ਅੰਮ੍ਰਿਤ ਵੇਲੇ ਉੱਠ ਕੇ ਗੁਰਬਾਣੀ ਪੜ੍ਹਨ ਲਈ ਉਤਸਾਹਿਤ ਕੀਤਾ। ਸਿਆਣੀਆਂ ਮਾਵਾਂ ਦੀ ਤਰ੍ਹਾਂ ਹੀ ਉਹ ਜਾਣਦੀ ਸੀ ਕਿ ਧੀਆਂ ਪਰਾਇਆ ਧੰਨ ਹੈ ਤੇ ਉਹਨਾਂ ਨੂੰ ਅਵੱਸ਼ ਸਹੁਰੇ ਤੋਰਨਾਂ ਹੈ। ਇਸ ਲਈ ਉਹਨਾਂ ਨੂੰ ਕੰਮ ਕਾਜ, ਰਸੋਈ ਵਿਦਿਆ ਤੇ ਸਿਲਾਈ ਕਢਾਈ ਬਾਰੇ ਪੂਰਾ ਗਿਆਨ ਦਿੱਤਾ ਤੇ ਅਮਲੀ ਤਜਰਬੇ ਨਾਲ ਪਰਪੱਕ ਕੀਤਾ।

ਕਿਸ਼ੋਰ ਅਵਸਥਾ ਵਿੱਚ ਹੀ ਉਹਨਾਂ ਬੱਚੀਆਂ ਨੂੰ ਕੁਝ ਮਾਂ ਕੋਲੋਂ ਸੁਣ ਕੇ ਤੇ ਕੁਝ ਸੰਗਤ ਵਿੱਚ ਬੈਠ ਕੇ ਗੁਰਬਾਣੀ ਕੰਠ ਕਰ ਲਈ। ਇਸ ਦੇ ਫਲਸਰੂਪ ਉਹਨਾਂ ਦਾ ਗ੍ਰਹਿਸਥੀ ਜੀਵਨ ਸੁਖਾਵਾਂ, ਸਤਿਕਾਰ ਭਰਿਆ ਤੇ ਘਰ ਬਾਹਰ ਪ੍ਰੇਮ ਪਿਆਰ ਵਿੱਚ ਬੀਤਿਆ।

ਜਵਾਨੀ ਵਿੱਚ ਪੈਰ ਰੱਖਦਿਆਂ ਹੀ ਬੀਬੀ ਅਮਰੋ ਜੀ ਦਾ ਵਿਆਹ ਬਾਸਰਕੇ ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਮਾਣਕ ਚੰਦ ਦੇ ਸਪੁੱਤਰ ਜੱਸ ਨਾਲ ਕਰ ਦਿੱਤਾ ਗਿਆ। ਮਾਣਕ ਚੰਦ ਬਾਬਾ ਅਮਰਦਾਸ ਦੇ ਭਰਾ ਸਨ ਤੇ ਜੱਸ ਭਤੀਜਾ ਸੀ। ਜਦੋਂ ਇਹ ਵਿਆਹ ਹੋਇਆ ਉਦੋਂ ਬਾਬਾ ਅਮਰਦਾਸ ਜੀ ਤੀਰਥ ਯਾਤਰਾ ਤੇ ਗੰਗਾ ਇਸ਼ਨਾਨ ਤੇ ਗਏ ਹੋਏ ਸਨ। ਉਹ ਜਦੋਂ ਵੀ ਤੀਰਥ ਯਾਤਰਾ ਲਈ ਨਿਕਲਦੇ ਤਾਂ ਛੇ-ਛੇ ਮਹੀਨੇ ਲਾ ਆਉਂਦੇ। ਉਹਨਾਂ ਦੀ ਗੈਰ ਹਾਜ਼ਰੀ ਵਿੱਚ ਹੀ ਇਹ ਵਿਆਹ ਹੋਇਆ ਤੇ ਬੀਬੀ ਅਮਰੋ ਉਹਨਾਂ ਦੀ ਨੂੰਹ (ਭਤੀਜ ਨੂੰਹ) ਬਣ ਕੇ ਬਾਸਰਕੇ ਆ ਗਈ। ਬਾਬਾ ਅਮਰਦਾਸ ਦੇ ਘਰ ਦੇ ਨਾਲ ਜੋੜਵਾਂ ਹੀ ਉਹਨਾਂ ਦੇ ਭਰਾ ਦਾ ਮਕਾਨ ਸੀ। ਸ੍ਰੀ ਅਮਰਦਾਸ ਜੀ ਇਸ ਯਾਤਰਾ ਤੋਂ ਮੁੜ ਕੇ ਆਏ ਤਾਂ ਫਿਰ ਬਹੁਤ ਬੇਚੈਨ ਹੋ ਗਏ, ਕਿਉਂਕਿ ਜਿਸ ਸਾਧੂ ਬ੍ਰਹਮਚਾਰੀ ਨਾਲ ਘਰ ਆਏ ਸਨ ਉਹ ਇਹਨਾਂ ਨੂੰ ਨਿਗੁਰਾ ਕਹਿ ਕੇ ਚਲਾ ਗਿਆ। ਇਹਨਾਂ ਦੇ ਮਨ ਨੂੰ ਗੁਰੂ ਧਾਰਨ ਕਰਨ ਦੀ ਲਗਨ ਲੱਗ ਗਈ। ਭਤੀਜੇ ਦੇ ਵਿਆਹ ਦੀ ਵਧਾਈ ਭਰਾ ਨੂੰ ਦਿੱਤੀ ਅਤੇ ਗੁਰੂ ਮਿਲਾਪ ਦਾ ਸਾਧਨ ਬੀਬੀ ਅਮਰੋ ਕਿਵੇਂ ਬਣੀ ਇਸ ਬਾਰੇ ਇਤਿਹਾਸ

ਲੇਖਕਾਂ ਨੇ ਇਹੀ ਬਿਆਨ ਕੀਤਾ ਹੈ ਕਿ ਬੀਬੀ ਅਮਰੋ ਤੋਂ ਬਾਣੀ ਸੁਣ ਕੇ ਆਪ ਪ੍ਰਭਾਵਤ ਹੋਏ। 'ਸਿੱਖ ਇਤਿਹਾਸ' ਵਿੱਚ ਪ੍ਰੋ. ਕਰਤਾਰ ਸਿੰਘ ਨੇ ਲਿਖਿਆ ਹੈ : "ਇਕ ਦਿਨ ਅੰਮ੍ਰਿਤ ਵੇਲੇ ਸ੍ਰੀ ਅਮਰਦਾਸ ਜੀ ਨੂੰ ਨਾਲ ਦੇ ਆਪਣੇ ਛੋਟੇ ਭਰਾ ਦੇ ਘਰੋਂ ਮਿੱਠੀ-ਮਿੱਠੀ ਆਵਾਜ਼ ਸੁਣਾਈ ਦਿੱਤੀ, ਕੰਨ ਲਾ ਕੇ ਸੁਣਿਆ ਤਾਂ ਇਹ ਸੁਣਾਈ ਦਿੱਤਾ :

"ਕਰਣੀ ਕਾਗਦੁ ਮਨ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥
ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤ ਹਰੇ॥
ਚਿਤ ਚੇਤਸਿ ਕੀ ਨਹੀ ਬਾਵਰਿਆ॥ ਹਰਿ ਬਿਸਰਤ ਤੇਰੇ ਗੁਣ ਗਲਿਆ॥੧॥ਰਹਾਉ॥
ਜਾਲੀ ਰੈਨਿ ਜਲਿ ਦਿਨ ਹੂਆ ਜੇਤੀ ਘੜੀ ਫਾਹੀਤੇਤੀ।
ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜ ਕਵਨ ਗੁਣੀ॥"

ਇਕ ਹੋਰ ਇਤਿਹਾਸਕਾਰ ਲਿਖਦਾ ਹੈ ਕਿ ਬੀਬੀ ਅਮਰੋ ਅੰਮ੍ਰਿਤ ਵੇਲੇ ਉੱਠ ਕੇ ਘਰ ਦਾ ਕੰਮ ਕਾਜ ਕਰਦਿਆਂ ਕੰਠਿ ਕੀਤੀ ਬਾਣੀ ਦਾ ਪਾਠ ਕਰਦੀ ਰਹਿੰਦੀ। ਦੂਜੇ ਦਿਨ ਬੀਬੀ ਅਮਰੋ ਦੁੱਧ ਰਿੜਕਣ ਲਈ ਮਧਾਣੀ ਪਾਈ ਤੇ ਨਾਲ ਬਾਣੀ ਪੜ੍ਹਨੀ ਸ਼ੁਰੂ ਕਰ ਦਿੱਤੀ :

"ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ,
ਜਿਨ੍ਹ ਮਾਨਸੁ ਤੇ ਦੇਵਤੇ ਕੀਏ ਕਰਤ ਨਾ ਲਾਗੀ ਬਾਰਿ॥

ਬਾਬਾ ਅਮਰਦਾਸ ਜੀ ਝਟ ਭਰਾ ਦੇ ਘਰ ਪਹੁੰਚੇ ਤੇ ਪੁੱਛਿਆ ਅਜ ਸਵੇਰ ਕੌਣ ਤੇ ਕਿਸ ਦੀ ਬਾਣੀ ਪੜ੍ਹ ਰਿਹਾ ਸੀ। ਬੀਬੀ ਅਮਰੋ ਵੀ ਅੰਦਰੋਂ ਬਾਹਰ ਆ ਗਈ ਤੇ ਬਾਬਾ ਅਮਰਦਾਸ ਜੀ ਨੂੰ ਨਿਮਸਕਾਰ ਕੀਤਾ। ਉਸ ਨੇ ਉਹਨਾਂ ਦੇ ਪ੍ਰਸ਼ਨ ਦਾ ਉੱਤਰ ਦੇਂਦਿਆਂ ਦੱਸਿਆ ਕਿ ਇਹ ਬਾਣੀ ਗੁਰੂ ਨਾਨਕ ਦੇਵ ਜੀ ਦੀ ਹੈ। ਦੂਜਾ ਪ੍ਰਸ਼ਨ ਹੋਇਆ। ਇਸ ਸ਼ਬਦ ਦੇ ਰਚਣਹਾਰ ਗੁਰੂ ਨਾਨਕ ਕਿੱਥੇ ਨੇ, ਤਾਂ ਬੀਬੀ ਅਮਰੋ ਨੇ ਦੱਸਿਆ ਕਿ ਉਹ ਸੰਸਾਰ ਯਾਤਰਾ ਪੂਰੀ ਕਰਕੇ ਪ੍ਰਭੂ ਪ੍ਰਮਾਤਮਾ ਵਿੱਚ ਲੀਨ ਹੋ ਗਏ ਹਨ। ਤੀਜਾ ਸਵਾਲ ਸੀ ਕਿ ਤੁਸੀਂ ਇਹ ਬਾਣੀ ਕਿੱਥੋਂ ਪ੍ਰਾਪਤ ਕੀਤੀ। ਬੀਬੀ ਅਮਰੋਂ ਨਿਮਰਤਾ ਸਹਿਤ ਬੋਲੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਅੱਜ ਕਲ੍ਹ ਮੇਰੇ ਪਿਤਾ ਬਿਰਾਜਮਾਨ ਹਨ, ਮੈਂ ਇਹ ਬਾਣੀ ਉਹਨਾਂ ਤੋਂ ਸੁਣੀ ਹੈ। ਉਹ ਅੱਜ ਕਲ੍ਹ ਖਡੂਰ ਵਿੱਚ ਹਨ ਅਤੇ ਗੁਰੂ ਨਾਨਕ ਦੇਵ ਜੀ ਦੇ ਦੱਸੇ ਮਾਰਗ ਤੇ ਹੀ ਚੱਲਣ ਦੇ ਰਾਹ ਦੱਸ ਰਹੇ ਨੇ। ਬਾਬਾ ਅਮਰਦਾਸ ਜੀ ਨੇ ਤਾਂਘ ਨਾਲ ਪੁੱਛਿਆ ਤਾਂ ਬੀਬੀ ਅਮਰੋ ਨੇ ਗੁਰੂ ਅੰਗਦ ਦੇਵ ਜੀ ਦਾ ਇਹ ਸਲੋਕ ਸੁਣਾਇਆ :

"ਜੇ ਸਉ ਚੰਦਾ ਉਗਵਹਿ, ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਂਦਿਆ, ਗੁਰ ਬਿਨੁ ਘੋਰ ਅੰਧਾਰ॥

ਇਉਂ ਬਾਬਾ ਅਮਰਦਾਸ ਜੀ, ਬੀਬੀ ਅਮਰੋ ਨੂੰ ਨਾਲ ਲੈ ਕੇ ਖਡੂਰ ਸਾਹਿਬ ਆਏ। ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਕੇ ਅਜਿਹੇ ਅਧਿਆਤਮਿਕ ਰੰਗ ਵਿੱਚ ਰੰਗੇ ਗਏ ਕਿ ਹਮੇਸ਼ਾ ਲਈ ਨਾਮ ਸਿਮਰਨ ਤੇ ਸੇਵਾ ਨਾਲ ਅਖ਼ੀਰ ਤੀਜੀ ਨਾਨਕ-ਜੋਤ ਬਣਨ ਦੇ ਸਮਰੱਥ ਹੋ ਗਏ। ਬੀਬੀ ਅਮਰੋ ਨੇ ਨਾ ਕੇਵਲ ਗੁਰੂ ਅਮਰਦਾਸ ਜੀ ਨੂੰ ਗੁਰਮਤਿ ਵੱਲ ਪ੍ਰੇਰਿਆ ਸਗੋਂ ਆਪਣੇ ਸਮੁੱਚੇ ਜੀਵਨ ਕਾਲ ਵਿੱਚ ਸੈਂਕੜੇ ਨਰ-ਨਾਰੀਆਂ ਤੇ ਸਮੁੱਚੇ ਸਹੁਰੇ ਪਰਿਵਾਰ ਨੂੰ ਗੁਰਮਤਿ ਦੇ ਗਾੜੀ ਰਾਹ ਲਾਇਆ।

ਬੀਬੀ ਅਮਰੋ ਦੇ ਜੀਵਨ ਕਾਲ ਬਾਰੇ ਹੋਰ ਵਧੇਰੇ ਜਾਣਕਾਰੀ ਕਿਸੇ ਰਚਨਾ ਵਿੱਚ ਸਾਡੀ ਨਜ਼ਰੀਂ ਨਹੀਂ ਪਈ। ਇਹ ਵੀ ਕਿਧਰੇ ਲਿਖਿਆ ਨਹੀਂ ਮਿਲਦਾ ਕਿ ਉਹਨਾਂ

ਦੀ ਕਿਤਨੀ ਸੰਤਾਨ ਸੀ, ਕਿਤਨੀ ਆਯੂ ਭੋਗ ਕੇ, ਕਦੋਂ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ।

ਗੁਰੂ ਅੰਗਦ ਦੇਵ ਜੀ ਤੇ ਮਾਤਾ ਖੀਵੀ ਜੀ ਦੀ ਦੂਜੀ ਸਪੁੱਤਰੀ ਦਾ ਨਾਂ ਬੀਬੀ ਅਣੋਖੀ ਸੀ, ਜੋ ਬੀਬੀ ਅਮਰੋ ਤੋਂ ਦੋ ਸਾਲ ਛੋਟੀ ਸੀ। ਬੀਬੀ ਅਣੋਖੀ ਦਾ ਜਨਮ ਸੰਮਤ 1591 ਅਥਵਾ ਸੰਨ 1534 ਈ. ਨੂੰ ਹੋਇਆ ਸੀ। ਪੰਜਾਬ ਯੂਨੀਵਰਸਿਟੀ ਪਟਿਆਲਾ ਵਲੋਂ ਸਿੱਖ ਇਤਿਹਾਸ ਬਾਰੇ ਛਪੀ ਪੁਸਤਕ ਵਿੱਚ ਬੀਬੀ ਅਣੋਖੀ ਦਾ ਜਨਮ 1592 ਸੰਮਤ ਅਥਵਾ ਸੰਨ 1535 ਵਿੱਚ ਹੋਇਆ ਲਿਖਿਆ ਹੈ। ਉਹ ਗੁਰੂ ਅੰਗਦ ਦੇਵ ਤੇ ਮਾਤਾ ਖੀਵੀ ਜੀ ਦੀ ਤੀਜੀ ਸੰਤਾਨ ਸੀ। ਪ੍ਰੋ. ਸ੍ਰ. ਹਰਬੰਸ ਸਿੰਘ ਚਾਵਲਾ ਦਿੱਲੀ ਨੇ ਬੀਬੀ ਅਣੋਖੀ ਬਾਰੇ ਇਕ ਲੇਖ ਵਿੱਚ ਲਿਖਿਆ ਹੈ ਕਿ ਜਦੋਂ ਬੀਬੀ ਅਣੋਖੀ ਦਾ ਜਨਮ ਹੋਇਆ ਉਦੋਂ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਨਾਨਕ ਦੇਵ ਜੀ ਦੀ ਸ਼ਰਨ ਵਿੱਚ ਆਇਆਂ ਅਜੇ ਕੇਵਲ ਤਿੰਨ ਸਾਲ ਹੀ ਹੋਏ ਸਨ, ਉਹਨਾਂ ਦਾ ਪਰਿਵਾਰ ਖਡੂਰ ਸਾਹਿਬ ਵਿੱਚ ਸੀ। ਗੁਰੂ ਨਾਨਕ ਆਪਣੀ ਸੰਸਾਰਕ ਯਾਤਰਾਵਾਂ ਤੋਂ ਵਾਪਸ ਆ ਕੇ ਕਰਤਾਰਪੁਰ ਵਿੱਚ ਦੈਵੀ-ਜੋਤ ਦਾ ਪ੍ਰਕਾਸ਼ ਵੰਡ ਰਹੇ ਸਨ। ਗੁਰੂ ਸੇਵਾ ਵਿੱਚ ਰਹਿੰਦਿਆਂ ਭਾਈ ਲਹਿਣਾ ਜੀ ਕਈ ਵਾਰ ਕਰਤਾਰਪੁਰ ਤੋਂ ਖਡੂਰ ਸਾਹਿਬ ਆ ਕੇ ਆਪਣੇ ਪਰਿਵਾਰ ਨੂੰ ਮਿਲ ਜਾਇਆ ਕਰਦੇ। ਇਸ ਤਰ੍ਹਾਂ ਸਾਰੇ ਪਰਿਵਾਰ ਤੇ ਬੱਚਿਆਂ ਦੀ ਦੇਖਭਾਲ ਦੀ ਜ਼ਿੰਮੇਵਾਰੀ ਮਾਤਾ ਖੀਵੀ ਜੀ 'ਤੇ ਸੀ। ਬੀਬੀ ਅਮਰੋ ਤੇ ਬੀਬੀ ਅਣੋਖੀ ਉਪਰ ਮਾਤਾ ਖੀਵੀ ਜੀ ਦੇ ਨਿੱਘੇ ਤੇ ਮਿੱਠੇ ਸੁਭਾਅ ਦਾ ਜ਼ਿਆਦਾ ਅਸਰ ਸੀ। ਉਹ ਆਪਣੀਆਂ ਬੱਚੀਆਂ ਨੂੰ ਸੰਸਾਰਕ ਤੌਰ ਤੇ ਉਮਰ ਦੇ ਹਰ ਲਿਹਾਜ਼ ਨਾਲ ਸਫਲ ਤੇ ਖ਼ੁਸ਼ ਵੇਖਣਾ ਚਾਹੁੰਦੇ ਸੀ। ਇਹਨਾਂ ਬੱਚੀਆਂ ਨੇ ਪੰਜਾਬੀ ਬੋਲੀ ਤੇ ਗੁਰਬਾਣੀ ਦਾ ਗਿਆਨ ਆਪਣੇ ਗੁਰੂ ਪਿਤਾ ਅੰਗਦ ਦੇਵ ਜੀ ਤੋਂ ਪ੍ਰਾਪਤ ਕੀਤਾ। ਦੋਹਾਂ ਭੈਣਾਂ ਨੂੰ ਗੁਰੂ ਨਾਨਕ ਦੇਵ ਜੀ ਦੀ ਬਹੁਤ ਸਾਰੀ ਬਾਣੀ ਕੰਠ ਸੀ।

ਬੀਬੀ ਅਣੋਖੀ ਸ਼ੀਲ-ਸੰਜਮ ਤੇ ਸੰਜੀਦਾ ਬਿਰਤੀ ਵਾਲੀ ਬੱਚੀ ਸੀ। ਘਰ ਗ੍ਰਿਹਸਥੀ ਦੇ ਸਾਰੇ ਗੁਣ ਤੇ ਚੱਜ ਅਚਾਰ ਉਸ ਨੇ ਆਪਣੀ ਮਾਤਾ ਖੀਵੀ ਜੀ ਤੋਂ ਸਿੱਖੇ ਸਨ। ਉਹ ਅਧਿਆਤਮਕ ਮਾਹੌਲ ਵਿੱਚ ਪਲੀ ਸੀ। ਸੇਵਾ ਦੀ ਬਿਰਤੀ ਵੀ ਉਸ ਨੇ ਆਪਣੀ ਮਾਤਾ ਖੀਵੀ ਤੋਂ ਪ੍ਰਾਪਤ ਕੀਤੀ। ਬੀਬੀ ਅਣੋਖੀ ਦਾ ਛੋਟੀ ਉਮਰ ਵਿੱਚ ਹੀ ਵਿਆਹ ਕਰ ਦਿੱਤਾ ਗਿਆ, ਕਿਉਂਕਿ ਉਸ ਸਮੇਂ ਦੇ ਰਿਵਾਜ ਅਨੁਸਾਰ ਬੱਚੀਆਂ ਦਾ ਵਿਆਹ ਛੋਟੀ ਉਮਰ ਵਿੱਚ ਕਰ ਦਿੱਤਾ ਜਾਂਦਾ ਸੀ।

ਕੇਸਰ ਸਿੰਘ ਛਿੱਬਰ ਲਿਖਦਾ ਹੈ : "ਬੀਬੀ ਅਣੋਖੀ ਮੰਗੀ ਸੀ ਖਤਰੀ ਸੂਰੀਆਂ ਦੇ ਘਰਿ ਸੰਮਤ 16 ਸੌ ਪੂਰੇ ਕਾਰਜ ਉਭੀ ਦਿੱਤਾ ਕਰ॥

ਇਸ ਤੋਂ ਵਧ ਉਸ ਦੇ ਵਿਆਹੁਤਾ ਜੀਵਨ ਬਾਰੇ ਕਿਸੇ ਲੇਖਕ ਨੇ ਜਾਣਕਾਰੀ ਨਹੀਂ ਦਿੱਤੀ। ਅਸਲ ਗੱਲ ਇਹ ਹੈ ਕਿ ਜਿੰਨਾਂ ਵੱਡਾ ਕੋਈ ਇਤਿਹਾਸਕ ਰੋਲ ਅਦਾ ਕਰੇ, ਉਨੀਂ ਜ਼ਿਆਦਾ ਉਸ ਬਾਰੇ ਲੇਖਕ ਜਾਣਕਾਰੀ ਇਕੱਠੀ ਕਰਦੇ ਹਨ। ਬੀਬੀ ਅਮਰੋ ਦਾ ਸਿੱਖੀ ਦੇ ਵਿਕਾਸ ਵਿੱਚ ਮਹੱਤਵ ਪੂਰਨ ਯੋਗਦਾਨ ਹੋਣ ਕਾਰਨ ਉਸ ਬਾਰੇ ਜਾਣਕਾਰੀ ਕੁਝ ਹੱਦ ਤਕ ਹੈ। ਅਣੋਖੀ ਜੀ ਬਾਰੇ ਅਮਰੋ ਜੀ ਨਾਲੋਂ ਜਾਣਕਾਰੀ ਬਹੁਤ ਘੱਟ ਹੈ।

ਕੁਝ ਇਤਹਾਸਕਾਰਾਂ ਨੇ ਬੀਬੀ ਅਣੋਖੀ ਬਾਰੇ ਇਹੀ ਸੰਕੇਤ ਦਿੱਤਾ ਹੈ ਕਿ ਅਣੋਖੀ ਬੜੀ ਸੀਲ-ਸੰਜਮ ਬਿਰਤੀ ਵਾਲੀ ਸੀ। ਗ੍ਰਿਹਸਥੀ ਦੇ ਸਾਰੇ ਚੱਜ-ਅਚਾਰ ਉਸ ਨੇ ਮਾਤਾ

ਖੀਵੀ ਜੀ ਕੋਲੋਂ ਹੀ ਸਿੱਖੇ ਸਨ। ਉਹ ਅਧਿਆਤਮਕ ਖ਼ਿਆਲਾਂ ਦੀ ਸੀ। ਆਈਆਂ ਸੰਗਤਾਂ ਦੀ ਉਹ ਦਿਲ ਲਾ ਕੇ ਸੇਵਾ ਕਰਦੀ। ਬੀਬੀ ਅਣੋਖੀ ਨੂੰ ਘਰ ਪਰਿਵਾਰ ਤੇ ਸੰਗਤਾਂ ਵਿੱਚ ਬਹੁਤ ਜ਼ਿਆਦਾ ਲੋਕਪ੍ਰਿਅਤਾ ਮਿਲੀ ਸੀ। ਬੜੇ ਉੱਚੇ ਤੇ ਸੁੱਚੇ ਕਿਰਦਾਰ ਦੀ ਮਾਲਕ ਸੀ। ਗੁਰੂ ਅੰਗਦ ਦੇਵ ਜੀ ਦੀ ਸੇਵਾ ਮਨ ਲਾ ਕੇ ਕਰਦੀ ਤੇ ਆਪਣੇ ਗੁਰੂ-ਪਿਤਾ ਦੇ ਸੁੱਖ ਆਰਾਮ ਦਾ ਹਮੇਸ਼ਾ ਬਹੁਤ ਜ਼ਿਆਦਾ ਧਿਆਨ ਰੱਖਦੀ। ਪਰਿਵਾਰ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਵੀ ਪੂਰੀ ਤਰ੍ਹਾਂ ਨਿਭਾਉਂਦੀ ਰਹਿੰਦੀ।

ਇਹ ਸੱਚ ਹੈ ਕਿ ਸਾਡੇ ਪੁਰਾਤਨ ਲੇਖਕਾਂ ਨੇ ਖ਼ਾਸ ਕਰਕੇ ਭਾਈ ਗੁਰਦਾਸ, ਸੱਤਾ ਬਲਵੰਡ, ਭੱਟਾਂ ਤੇ ਬਾਬਾ ਸੁੰਦਰ ਜਿੱਥੇ ਗੁਰੂ ਸਾਹਿਬਾਨ ਬਾਰੇ ਤਾਂ ਕੁਝ ਜਾਣਕਾਰੀ ਦਿੱਤੀ ਹੈ, ਉਥੇ ਗੁਰੂ ਪੁੱਤਰੀਆਂ ਬਾਰੇ ਕੁਝ ਨਹੀਂ ਲਿਖਿਆ। 18ਵੀਂ, 19ਵੀਂ ਤੇ 20ਵੀਂ ਸਦੀ ਵਿੱਚ ਗੁਰੂ ਪੁੱਤਰੀਆਂ ਬਾਰੇ ਕੁਝ ਜਾਣਕਾਰੀ ਮਿਲਦੀ ਹੈ ਪਰ ਸਾਡੇ ਇਤਿਹਾਸਕਾਰਾਂ ਨੇ ਪਰ ਵਿਸਥਾਰ ਵਰਨਣ ਨਹੀਂ ਕੀਤਾ।

ਬੀਬੀ ਦਾਨੀ ਤੇ ਬੀਬੀ ਭਾਨੀ

ਕੌਮਾਂ ਅਤੇ ਵਿਅਕਤੀਆਂ ਦੇ ਜੀਵਨ ਵਿੱਚ ਆਪਣੇ ਇਤਿਹਾਸਕ ਵਿਰਸੇ ਦੀ ਬੜੀ ਮਹੱਤਤਾ ਹੈ। ਖ਼ਾਸ ਕਰਕੇ ਬੀਤੇ ਸਮੇਂ ਦਾ ਸੁਨਹਿਰੀ ਇਤਿਹਾਸ ਰੋਸ਼ਨ-ਮੁਨਾਰੇ ਦਾ ਕੰਮ ਦਿੰਦਾ ਹੈ। ਜਿਸ ਤਰ੍ਹਾਂ ਸਮੁੰਦਰ ਵਿੱਚ ਜਾ ਰਹੇ ਜਹਾਜ਼ਾਂ ਨੂੰ ਸਮੁੰਦਰੀ ਚਟਾਨ ਤੇ ਬਣੇ ਚਾਨਣ ਮੁਨਾਰੇ ਅਗੋਂ ਆ ਰਹੇ ਪਹਾੜੀ ਚਟਾਨਾਂ ਤੋਂ ਬਚਣ ਦੀ ਚੇਤਾਵਨੀ ਦਿੰਦੇ ਹਨ, ਇਸੇ ਤਰ੍ਹਾਂ ਇਤਿਹਾਸਕ ਘਟਨਾਵਾਂ ਤੇ ਵਿਅਕਤੀਆਂ ਦਾ ਜੀਵਨ ਸਾਨੂੰ ਸਬਕ ਸਿਖਾਉਂਦਾ ਤੇ ਗਿਆਨ ਦਿੰਦਾ ਹੈ। ਸਿੱਖ ਜਗਤ ਜਿਤਨਾ ਬਲਵਾਨ ਇਤਿਹਾਸ ਸ਼ਾਇਦ ਹੀ ਹੋਰ ਕਿਸੇ ਸੰਸਾਰ ਦੀ ਕੌਮ ਪਾਸ ਹੋਵੇ। ਪਰ ਇਤਿਹਾਸ ਦੀ ਸੰਭਾਲ ਤੇ ਇਤਿਹਾਸਕ ਵਿਅਕਤੀਆਂ ਦੇ ਚਾਨਣ ਮੁਨਾਰਾ ਬਣਨ ਵਾਲੇ ਇਤਿਹਾਸ ਨੂੰ ਸੰਭਾਲਣ ਵਿੱਚ ਅਸੀਂ ਅਣਗਹਿਲੀ ਕੀਤੀ ਹੈ। ਸਾਡਾ ਇਤਿਹਾਸ ਬਹੁਤਾ ਕਰਕੇ ਵਿਦੇਸ਼ੀਆਂ, ਹਾਕਮ ਵਰਗ ਤੇ ਸਿੱਖ ਵਿਰੋਧੀਆਂ ਦਾ ਲਿਖਿਆ ਮਿਲਦਾ ਹੈ। ਸਾਡੇ ਆਪਣੇ ਲੇਖਕਾਂ ਵਿਚੋਂ ਬਹੁਤ ਕਵੀ ਹਨ ਜੋ ਇਤਿਹਾਸ ਦੀ ਦ੍ਰਿਸ਼ਟੀ ਨਾਲੋਂ ਸ਼ਰਧਾਵਾਨ ਵਧੇਰੇ ਸਨ। ਉਹ ਵੀ ਕੁਝ ਸੁਣੀ ਸੁਣਾਈ ਤੇ ਕੁਝ ਪ੍ਰਚਲਤ ਕਥਾ-ਕਹਾਣੀਆਂ ਤੇ ਅਧਾਰਤ ਹੈ। ਪੰਦਰ੍ਹਵੀਂ ਸੋਲ੍ਹਵੀਂ ਸਦੀ ਵਿੱਚ ਤੇ ਕੁਝ ਹੱਦ ਤੱਕ ਸਤਾਰ੍ਹਵੀਂ ਸਦੀ ਵਿੱਚ ਗੁਰੂ ਸਾਹਿਬਾਨ ਬਾਰੇ ਤਾਂ ਲਿਖਿਆ ਮਿਲਦਾ ਹੈ, ਪਰ ਗੁਰੂ ਪਰਿਵਾਰ ਪੁੱਤਰਾਂ ਤੇ ਪੁੱਤਰੀਆਂ: ਬਾਰੇ ਬਹੁਤ ਘੱਟ ਜ਼ਿਕਰ ਹੈ। 19ਵੀਂ ਤੇ 20ਵੀਂ ਸਦੀ ਵਿੱਚ ਵਿਗਿਆਨਕ ਦ੍ਰਿਸ਼ਟੀ ਨਾਲ ਇਤਿਹਾਸ ਦੀ ਖੋਜ ਤੇ ਸੰਭਾਲ ਦੇ ਉੱਦਮ ਹੋਏ ਹਨ। ਇਸੇ ਕਾਰਨ ਗੁਰੂ ਕਾਲ ਬਾਰੇ ਕਈ ਭੁਲੇਖੇ ਪਏ ਹਨ ਤੇ ਕਈ ਇਤਿਹਾਸਕ ਤਾਰੀਖ਼ਾਂ ਦਾ ਝੰਮੇਲਾ ਪਿਆ ਹੋਇਆ ਹੈ। ਕਦੀ ਕੱਤਕ ਤੇ ਵਿਸਾਖ ਦਾ ਵਿਵਾਦ ਚਲ ਪੈਂਦਾ ਹੈ। ਕਦੇ ਭਾਈ ਬਾਲੇ ਬਾਰੇ ਵੱਖ ਵੱਖ ਰਾਵਾਂ ਬਣਦੀਆਂ ਹਨ। ਹਨੇਰੇ ਵਿੱਚ ਪਏ ਇਤਿਹਾਸਕ ਵਿਰਸੇ ਨੂੰ ਚਾਨਣ ਵਿੱਚ ਲਿਆਉਣ ਦਾ ਕਾਰਜ ਇਤਿਹਾਸ ਬੁੱਧੀਜੀਵੀਆਂ ਨੇ ਕਰਨਾ ਹੈ। ਗੁਰੂ ਸਾਹਿਬਾਨ ਦੇ ਪਰਿਵਾਰਾਂ ਤੇ ਖ਼ਾਸ ਕਰਕੇ ਧੀਆਂ-ਭੈਣਾਂ ਬਾਰੇ ਅਜੇ ਬਹੁਤ ਕੁਝ ਲੱਭਣ ਵਾਲਾ ਹੈ। ਇਸ ਪਾਸੇ ਪੰਥਕ ਜੱਥੇਬੰਦੀਆਂ, ਗੁਰਦੁਆਰਾ ਕਮੇਟੀਆਂ ਤੇ ਸਿੱਖੀ ਸਿਦਕ ਨਾਲ ਭਰਪੂਰ ਧਨਵਾਨ ਵਿਅਕਤੀਆਂ ਨੂੰ ਆਪਣੇ ਇਸ ਵਿਰਸੇ ਦੀ ਸੰਭਾਲ ਵੱਲ ਵਿਸ਼ੇਸ਼ ਉਪਰਾਲੇ ਕਰਨੇ ਚਾਹੀਦੇ ਹਨ। ਕੌਮਾਂਤਰੀ ਪੱਧਰ ਤੇ ਮਨਾਏ ਜਾ ਰਹੇ ਨਾਰੀ ਦਿਵਸ ਤੇ ਸਾਨੂੰ ਆਪਣੀ ਨਾਰੀ ਜਗਤ ਦੇ ਵਿਰਸੇ ਨੂੰ ਸਾਹਮਣੇ ਲਿਆਉਣਾ ਚਾਹੀਦਾ ਹੈ।

ਗੁਰੂ ਅੰਗਦ ਦੇਵ ਜੀ ਵਾਂਗ ਤੀਜੀ ਨਾਨਕ-ਜੋਤ ਗੁਰੂ ਅਮਰਦਾਸ ਜੀ ਦੀ ਸੰਤਾਨ ਵਿੱਚ ਦੋ ਸਪੁੱਤਰ ਤੇ ਦੋ ਸਪੁੱਤਰੀਆਂ ਸਨ। ਗੁਰੂ ਅਮਰਦਾਸ ਜੀ ਦੇ ਗ੍ਰਿਹ ਵਿਖੇ ਮਾਤਾ ਮਨਸਾ ਦੇਵੀ ਦੀ ਕੁਖੋਂ ਪੈਦਾ ਹੋਏ। ਸਪੁੱਤਰਾਂ ਦੇ ਨਾਂ ਬਾਬਾ ਮੋਹਨ ਜੀ, ਬਾਬ

ਮੋਹਰੀ ਜੀ ਹਨ। ਇਸੇ ਤਰ੍ਹਾਂ ਦੋ ਸਪੁੱਤਰੀਆਂ ਬੀਬੀ ਦਾਨੀ ਜੀ ਅਤੇ ਬੀਬੀ ਭਾਨੀ ਜੀ ਹਨ। ਅਗੋਂ ਚੌਥੀ ਅਤੇ ਪੰਜਵੀਂ ਨਾਨਕ-ਜੋਤ ਜੀ ਦੀ ਸੰਤਾਨ ਵਿੱਚ ਕਿਸੇ ਪੁੱਤਰੀ ਦਾ ਨਾਂ ਨਹੀਂ ਆਉਂਦਾ।

ਗੁਰੂ ਅਮਰਦਾਸ ਜੀ ਦੀਆਂ ਇਹਨਾਂ ਦੋਹਾਂ ਪੁੱਤਰੀਆਂ ਵਿਚੋਂ ਸਿੱਖ ਇਤਿਹਾਸ ਵਿੱਚ ਕੁਝ ਜਾਣਕਾਰੀ ਤਾਂ ਬੀਬੀ ਭਾਨੀ ਬਾਰੇ ਮਿਲਦੀ ਹੈ। ਬੀਬੀ ਦਾਨੀ ਬਾਰੇ ਜੋ ਬੀਬੀ ਭਾਨੀ ਤੋਂ ਵੱਡੀ ਸੀ, ਬਾਰੇ ਬਹੁਤ ਘੱਟ ਇਤਿਹਾਸਕ ਲਿਖਤਾਂ ਵਿੱਚ ਜ਼ਿਕਰ ਆਉਂਦਾ ਹੈ। ਕਿਧਰੇ ਲਿਖਿਆ ਸਾਡੀ ਨਜ਼ਰੀਂ ਨਹੀਂ ਪਿਆ ਕਿ ਬੀਬੀ ਦਾਨੀ ਦਾ ਕਦੋਂ ਜਨਮ ਹੋਇਆ। ਕਿਤਨੀ ਉਮਰ ਦੀ ਹੋ ਕੇ ਉਸ ਦਾ ਵਿਆਹ, ਕਿਥੋਂ ਤੇ ਕਿਹੜੇ ਪਰਿਵਾਰ ਵਿੱਚ ਰਾਮਾ ਜੀ ਨਾਲ ਹੋਇਆ। ਇਸ ਲਈ ਇਸ ਬਾਰੇ ਬਹੁਤਾ ਅਨੁਮਾਨ ਹੀ ਲਾਇਆ ਜਾ ਸਕਦਾ ਹੈ। ਇਕ ਇਤਿਹਾਸਕ ਲਿਖਤ ਵਿੱਚ ਇਨਾਂ ਲਿਖਿਆ ਮਿਲਦਾ ਹੈ ਕਿ ਗੁਰੂ ਅਮਰਦਾਸ ਜੀ ਨੇ ਆਪਣੀਆਂ ਦੋਹਾਂ ਸਪੁੱਤਰੀਆਂ ਦਾ ਨਾਂ ਦਾਨੀ ਅਤੇ ਭਾਨੀ ਰੱਖਿਆ ਸੀ। ਇਹ ਨਾਂ ਉਹਨਾਂ ਦੇ ਗੁਣਾਂ ਦੇ ਆਧਾਰ ਤੇ ਰੱਖੇ ਗਏ ਸਨ। ਆਪਣੀ ਵੱਡੀ ਸਪੁੱਤਰੀ ਨੂੰ ਦਾਨੀ ਦਾ ਨਾਂ ਦਿੱਤਾ, ਦਾਨੀ ਦੋ ਅਰਥਕ ਸ਼ਬਦ ਹੈ, ਜਿਸ ਦਾ ਅਰਥ ਹੈ ਸਿਆਣੀ ਸਮਝਦਾਰ ਤੇ ਦੂਰ ਦ੍ਰਿਸ਼ਟੀ ਵਾਲੀ। ਸਮਾਜਿਕ ਤੌਰ ਤੇ ਚੱਜ-ਅਚਾਰ ਵਾਲੀ ਨੂੰ ਵੀ ਦਾਨੀ ਕਹਿੰਦੇ ਹਨ। ਦੂਜੇ ਅਰਥਾਂ ਵਿੱਚ ਦਾਨ ਪੁੰਨ ਕਰਨ ਵਾਲੀ ਨੂੰ ਵੀ ਦਾਨੀ ਹੀ ਕਿਹਾ ਜਾਂਦਾ ਹੈ। ਇਸ ਤੋਂ ਇਹੀ ਅਨੁਮਾਨ ਲੱਗਦਾ ਹੈ ਕਿ ਉਹ ਜਮਾਂਦਰੂ ਸਿਆਣੀ ਹੋਵੇਗੀ ਤਾਂ ਹੀ ਉਸ ਦੇ ਮਸਤਕ ਤੋਂ ਅਨੁਭਵ ਕਰਕੇ ਉਸ ਦਾ ਅਜਿਹਾ ਨਾਂ ਰੱਖਿਆ ਗਿਆ ਹੋਵੇਗਾ। ਕਹਿੰਦੇ ਹਨ ਧੀਆਂ ਤੇ ਸਭ ਤੋਂ ਵੱਡਾ ਅਸਰ ਮਾਂ ਦਾ ਹੁੰਦਾ ਹੈ। ਜਦ ਉਹ ਮਾਂ ਦੀ ਕੁੱਖ ਵਿੱਚ ਹੁੰਦੀ ਹੈ ਤਾਂ ਮਾਂ ਦੇ ਸੁਭਾਅ, ਰੁਚੀਆਂ ਤੇ ਸੋਚ ਦਾ ਬੱਚੀਆਂ 'ਤੇ ਅਸਰ ਸ਼ੁਰੂ ਹੋ ਜਾਂਦਾ ਹੈ।

ਮਾਤਾ ਮਨਸਾ ਦੇਵੀ ਬੜੀ ਸਿਆਣੀ, ਧਾਰਮਕ ਜਜ਼ਬੇ ਵਾਲੀ ਤੇ ਨਾਰੀ ਜਗਤ ਦੇ ਵਿਕਾਸ ਵਿੱਚ ਪੂਰੀ ਦਿਲਚਸਪੀ ਲੈਣ ਵਾਲੀ ਮਾਤਾ ਸੀ। ਅਵੱਸ਼ ਹੀ ਉਹਦੇ ਗੁਣਾਂ ਦਾ ਦੋਹਾਂ ਸਪੁੱਤਰੀਆਂ ਦੇ ਜੀਵਨ 'ਤੇ ਪ੍ਰਭਾਵ ਪ੍ਰਤੱਖ ਹੈ। ਗੁਰਦੇਵ ਪਿਤਾ ਦੀ ਰਹਿਣੀ ਬਹਿਣੀ ਤੇ ਅਧਿਆਤਮਕ ਜੀਵਨ ਇਹਨਾਂ ਨੂੰ ਬਚਪਨ ਵਿੱਚ ਮਿਲ ਗਿਆ। ਗੁਰੂ ਅਮਰਦਾਸ ਜੀ ਦੀ ਤੀਜੀ ਨਾਨਕ-ਜੋਤ ਬਣਨ ਤੋਂ ਪਹਿਲਾਂ ਦੀ ਘਾਲ ਕਮਾਈ ਦੀ ਮੋਹਰ-ਛਾਪ ਇਹਨਾਂ ਦੇ ਜੀਵਨ ਦੇ ਕਰਮ ਖੇਤਰ ਵਿੱਚ ਸਾਫ਼ ਦਿਖਾਈ ਦਿੰਦੀ ਹੈ। ਬੀਬੀ ਦਾਨੀ ਦਾ ਵਿਆਹ ਕਿੰਨੇ ਸਾਲ ਦੀ ਉਮਰ ਵਿੱਚ ਹੋਇਆ, ਇਹ ਸਪੱਸ਼ਟ ਨਹੀਂ। ਅਨੁਮਾਨ ਹੈ ਕਿ ਬੀਬੀ ਭਾਨੀ ਜੀ ਤੋਂ ਦੋ ਚਾਰ ਸਾਲ ਪਹਿਲਾਂ ਦਾਨੀ ਜੀ ਦਾ ਵਿਆਹ ਹੋਇਆ ਹੋਵੇਗਾ। ਆਮ ਤੌਰ ਤੇ ਗੁਰੂ ਘਰ ਸੰਗਤ ਰੂਪ ਵਿੱਚ ਆਉਣ ਵਾਲੇ ਸਿੱਖ ਪਰਿਵਾਰਾਂ ਵਿਚੋਂ ਹੀ ਗੁਰੂ ਪੁੱਤਰੀਆਂ ਦੇ ਵਰ ਲੱਭ ਲਏ ਜਾਂਦੇ ਸਨ। ਰਾਮਾ ਜੀ ਦਾ ਪਰਿਵਾਰ ਵੀ ਨਿਸਚੇ ਹੀ ਗੁਰੂ ਘਰ ਨਾਲ ਸ਼ਰਧਾ ਤੇ ਪਿਆਰ ਰੱਖਣ ਵਾਲਾ ਪਰਿਵਾਰ ਸੀ। ਵਿਆਹ ਪਿਛੋਂ ਇਹ ਦੰਪਤੀ ਰਾਮਾ ਜੀ ਤੇ ਦਾਨੀ ਜੀ ਗੋਇੰਦਵਾਲ ਹੀ ਰਹੇ। ਜਦ ਭਾਨੀ ਜੀ ਦਾ ਜੇਠਾ (ਗੁਰੂ ਰਾਮਦਾਸ) ਜੀ ਨਾਲ ਵਿਆਹ ਹੋ ਗਿਆ ਤਾਂ ਦੋਵੇਂ ਸਪੁੱਤਰੀਆਂ ਤੇ ਦੋਵੇਂ ਜਵਾਈ ਗੋਇੰਦਵਾਲ ਦੇ ਵਾਸੀ ਬਣ ਗਏ। ਗੁਰੂ ਰਾਮਦਾਸ ਬਾਰੇ ਤਾਂ ਇਹ ਸਾਫ਼ ਲਿਖਿਆ ਮਿਲਦਾ ਹੈ ਕਿ ਉਹ ਗੁਰੂ ਘਰ ਦੀ ਸੇਵਾ ਤੇ ਗੁਰੂ ਦਰਬਾਰ ਵਿੱਚ ਹਾਜ਼ਰੀ ਭਰਨ ਤੋਂ ਛੁੱਟ ਆਪਣੀ ਉਪਜੀਵਕਾ ਲਈ ਘੁੰਗਣੀਆਂ ਵੇਚ ਕੇ ਕਿਰਤ-ਕਮਾਈ ਨਾਲ ਆਪਣਾ ਗੁਜ਼ਾਰਾ ਚਲਾਉਂਦੇ ਸਨ। ਪਰ ਰਾਮਾ

ਜੀ ਬਾਰੇ ਕੁਝ ਪਤਾ ਨਹੀਂ ਕਿ ਕੋਈ ਵਪਾਰ ਕਰਦੇ ਸਨ ਜਾਂ ਗੋਇੰਦਵਾਲ ਵਿੱਚ ਦੁਕਾਨਦਾਰੀ ਜਾਂ ਖੇਤੀ ਦਾ ਰੁਝਾਨ ਸੀ। ਇਤਨਾਂ ਜ਼ਰੂਰ ਪਤਾ ਲਗਦਾ ਹੈ ਕਿ ਉਹ ਗੁਰੂ ਦਰਬਾਰ ਤੇ ਨਾਮ ਸਿਮਰਨ ਵਿੱਚ ਚੋਖਾ ਸਮਾਂ ਗੁਜ਼ਾਰਦੇ ਸਨ। ਪਰ ਸਰਬ-ਸੰਤੋਖ ਤੇ ਭਾਣਾ ਮੰਨਣ ਵਿੱਚ ਉਹ ਗੁਰੂ ਰਾਮਦਾਸ ਜੀ ਨਾਲੋਂ ਪੱਛੜੇ ਹੋਏ ਸਨ, ਇਸ ਦਾ ਪਤਾ ਉਸ ਪ੍ਰੀਖਿਆ ਦੇ ਸਮੇਂ ਤੋਂ ਲਗਦਾ ਹੈ, ਜਦ ਗੁਰਦੇਵ ਪਿਤਾ ਗੁਰੂ ਅਮਰਦਾਸ ਜੀ ਨੇ ਉਹਨਾਂ ਨੂੰ ਗੁਰਗੱਦੀ ਦੇਣ ਸਮੇਂ ਪਰਚਾ ਪਾਇਆ ਸੀ।

'ਸਿੱਖ ਇਤਿਹਾਸ' ਵਿੱਚ ਪ੍ਰੋ. ਕਰਤਾਰ ਸਿੰਘ ਲਿਖਦੇ ਹਨ : "ਇਕ ਦਿਨ ਗੁਰੂ ਅਮਰਦਾਸ ਜੀ ਆਪਣੀ ਵੱਡੀ ਸਪੁੱਤਰੀ ਦਾਨੀ ਜੀ ਦੇ ਘਰ ਵਾਲੇ, ਸ੍ਰੀ ਰਾਮਾ ਜੀ ਨੂੰ ਕਿਹਾ ਕਿ ਬਾਉਲੀ ਦੀ ਇਮਾਰਤ ਬਣਦੀ ਵੇਖਣ ਲਈ ਇਸ ਟਿਕਾਣੇ ਇਕ ਥੜ੍ਹਾ ਬਣਾਓ, ਜਿਥੇ ਆ ਕੇ ਅਸੀਂ ਬਹਿ ਜਾਇਆ ਕਰੀਏ ਅਤੇ ਥੜ੍ਹਾ ਨਮੂਨੇ ਦਾ ਬਣੇ। ਇਸੇ ਤਰ੍ਹਾਂ ਇਕ ਹੋਰ ਟਿਕਾਣਾ ਦੱਸ ਕੇ ਆਪ ਨੇ ਸ੍ਰੀ ਰਾਮਦਾਸ ਜੀ ਨੂੰ ਆਗਿਆ ਕੀਤੀ ਕਿ ਏਥੇ ਥੜ੍ਹਾ ਬਣਾਓ ਅਤੇ ਇਸ ਤਰ੍ਹਾਂ ਦਾ ਬਣਾਓ। ਦੋਹਾਂ ਨੇ ਸਾਰਾ ਜ਼ੋਰ ਲਾ ਕੇ ਥੜ੍ਹੇ ਬਣਾਏ। ਸ਼ਾਮ ਨੂੰ ਗੁਰੂ ਜੀ ਨੇ ਥੜ੍ਹੇ ਵੇਖੇ ਤੇ ਕਿਹਾ, ਇਹ ਥੜ੍ਹੇ ਠੀਕ ਨਹੀਂ ਬਣੇ। ਇੰਨਾਂ ਨੂੰ ਢਾਹ ਕੇ ਨਵੇਂ ਸਿਰਿਓਂ ਇਸ ਪ੍ਰਕਾਰ ਬਣਾਓ। ਥੜ੍ਹੇ ਫੇਰ ਬਣਾਏ ਗਏ। ਦੂਜੇ ਦਿਨ ਫੇਰ ਗੁਰੂ ਜੀ ਨੇ ਇੰਨਾਂ ਨੂੰ ਪਸੰਦ ਨਾ ਕੀਤਾ ਤੇ ਢਾਹ ਕੇ ਮੁੜ ਬਣਾਉਣ ਦਾ ਹੁਕਮ ਦਿੱਤਾ। ਪੰਜ-ਛੇ ਦਿਨ ਇਹੋ ਖੇਡ ਜਾਰੀ ਰਹੀ।

ਰਾਮਾ ਜੀ ਅੱਕ ਗਏ। ਉਹ ਕਹਿਣ ਲੱਗੇ, "ਗੁਰੂ ਜੀ ਦੀ ਅਵਸਥਾ ਵਡੇਰੀ ਹੋ ਗਈ ਏ, ਚੇਤਾ ਨਹੀਂ ਰਹਿੰਦਾ, ਜਿਵੇਂ ਉਹ ਆਖ ਜਾਂਦੇ ਹਨ, ਮੈਂ ਉਸੇ ਤਰ੍ਹਾਂ ਥੜ੍ਹਾ ਉਸਾਰਦਾ ਹਾਂ, ਪਰ ਉਹ ਅਗਲੇ ਦਿਨ ਹੋਰ ਕੁਝ ਕਹਿ ਦਿੰਦੇ ਹਨ ਕਿ ਅਸਾਂ ਤਾਂ ਇਸ ਤਰ੍ਹਾਂ ਕਿਹਾ ਸੀ, ਇਹ ਆਖ ਕੇ ਥੜ੍ਹਾ ਢੁਹਾ ਦਿੰਦੇ ਹਨ। ਬਿਰਧ ਜੁ ਹੋਏ ਉਹਨਾਂ ਦੇ ਵੱਸ ਦੀ ਗੱਲ ਨਹੀਂ।" ਜਦ ਕਿਸੇ ਨੇ ਗੁਰੂ ਰਾਮਦਾਸ ਜੀ ਨੂੰ ਕਿਹਾ ਤਾਂ ਉਹ ਕਹਿਣ ਲੱਗੇ ਮੈਂ ਅੰਜਾਣ ਹਾਂ ਗੱਲ ਸਮਝਣ ਵਿੱਚ ਕੋਈ ਨਾ ਕੋਈ ਕਸਰ ਰਹਿ ਜਾਂਦੀ ਹੈ। ਗੁਰੂ ਜੀ ਮਿਹਰ ਕਰਦੇ ਹਨ ਸਮਝਾਂਦੇ ਹਨ। ਮੈਂ ਹੁਕਮ ਮੰਨ ਕੇ ਖ਼ੁਸ਼ ਹੁੰਦਾ ਹਾਂ। ਉਹ ਥੜ੍ਹਾ ਢੁਹਾ ਕੇ ਖ਼ੁਸ਼ ਹੁੰਦੇ ਹਨ, ਤਾਂ ਮੈਂ ਵੀ ਖ਼ੁਸ਼ ਹੁੰਦਾ ਹਾਂ। ਇਸ ਤਰ੍ਹਾਂ ਗੁਰੂ ਰਾਮਦਾਸ ਜੀ ਨੇ ਸ਼ਰਧਾ, ਗੁਰੂ ਪ੍ਰੇਮ, ਸਿਦਕ ਤੇ ਆਗਿਆਕਾਰਤਾ ਦਾ ਸਬੂਤ ਦਿੱਤਾ। ਇਸ ਪ੍ਰੀਖਿਆ ਵਿੱਚ ਸਫਲ ਹੋ ਕੇ ਗੁਰੂ ਜੀ ਨੇ ਸੰਗਤਾਂ ਨੂੰ ਵੀ ਤਸੱਲੀ ਕਰਾ ਦਿੱਤੀ। ਗੁਰਗੱਦੀ ਗੁਰੂ ਰਾਮਦਾਸ ਜੀ ਨੂੰ ਦੇਣ ਦਾ ਐਲਾਨ ਹੋਣ ਤੇ ਰਾਮਾ ਜੀ ਨੇ ਕਿਵੇਂ ਮਹਿਸੂਸ ਕੀਤਾ, ਇਸ ਦਾ ਕਿਧਰੇ ਵਰਨਣ ਨਹੀਂ, ਅਨੁਮਾਨ ਲਾਇਆ ਜਾ ਸਕਦੈ ਕਿ ਉਹਨਾਂ ਮਹਿਸੂਸ ਕੀਤਾ ਹੋਵੇਗਾ ਕਿ ਗੁਰੂ ਦੀ ਆਗਿਆ ਪਾਲਣ ਵਿੱਚ ਉਹ ਗੁਰੂ ਰਾਮਦਾਸ ਜੀ ਤੋਂ ਪਿਛੇ ਰਹਿ ਗਏ ਹਨ। ਉਹਨਾਂ ਨੂੰ ਇਸ ਦਾ ਅਹਿਸਾਸ ਬੀਬੀ ਦਾਨੀ ਜੀ ਨੇ ਵੀ ਜ਼ਰੂਰ ਕਰਵਾਇਆ ਹੋਵੇਗਾ। ਸਬਰ ਸੰਤੋਖ ਨਾਲ ਗੁਰੂ ਘਰ ਦੀ ਘਾਲ ਕਮਾਈ ਕਰਨ ਲਈ ਜ਼ਰੂਰ ਪ੍ਰੇਰਿਆ ਹੋਵੇਗਾ। ਇਸ ਤੋਂ ਪਿਛੋਂ ਬੀਬੀ ਦਾਨੀ ਤੇ ਰਾਮਾ ਜੀ ਕਿਤਨੇ ਸਾਲ ਜੀਉਂਦੇ ਰਹੇ ਤੇ ਇਹਨਾਂ ਦਾ ਅਕਾਲ ਚਲਾਣਾ ਕਿਹੜੇ ਸਾਲ ਹੋਇਆ, ਇਸ ਬਾਰੇ ਕੋਈ ਜਾਣਕਾਰੀ ਨਹੀਂ ਪ੍ਰਾਪਤ ਹੋਈ। ਸ੍ਰੀ ਗੁਰੂ ਰਾਮਦਾਸ ਜੀ ਦੇ ਅੰਮ੍ਰਿਤਸਰ ਚੱਲੇ ਜਾਣ ਪਿਛੋਂ ਇਹ ਗੋਇੰਦਵਾਲ ਹੀ ਰਹੇ ਤੇ ਇਥੇ ਹੀ ਅਕਾਲ ਚਲਾਣਾ ਕੀਤਾ।

ਗੁਰੂ ਅਮਰਦਾਸ ਜੀ ਦੀ ਦੂਜੀ (ਛੋਟੀ) ਸਪੁੱਤਰੀ ਬੀਬੀ ਭਾਨੀ ਜੀ ਜੋ ਵੱਡੀ ਭੈਣ ਦਾਨੀ ਜੀ ਨਾਲੋਂ ਦੋ ਕੁ ਸਾਲ ਛੋਟੀ ਸੀ। ਸਿੱਖ ਇਤਿਹਾਸ ਵਿੱਚ ਜਿੰਨੀਆਂ ਗੁਰੂ ਸਪੁੱਤਰੀਆਂ ਦਾ ਜ਼ਿਕਰ ਆਇਆ ਹੈ, ਉਹਨਾਂ ਵਿਚੋਂ ਸਭ ਤੋਂ ਵਿਸ਼ੇਸ਼ ਅਸਥਾਨ ਬੀਬੀ ਭਾਨੀ ਜੀ ਨੂੰ ਮਿਲਦਾ ਹੈ। ਕਿਉਂਕਿ ਇਹ ਦਸ ਗੁਰੂ ਸਾਹਿਬਾਨ ਵਿਚੋਂ ਅੱਠ ਗੁਰੂ ਸਾਹਿਬਾਨ ਨਾਲ ਦੁਨਿਆਵੀ ਰਿਸ਼ਤੇਦਾਰੀ ਦੇ ਪੱਖੋਂ ਸਬੰਧਤ ਸੀ। ਇਹ ਪਹਿਲਾਂ ਗੁਰੂ ਅਮਰਦਾਸ ਜੀ ਦੀ ਸਪੁੱਤਰੀ ਦੇ ਰੂਪ ਵਿੱਚ ਮਾਤਾ ਮਨਸਾ ਦੇਵੀ ਦੀ ਕੁਖੋਂ ਜਨਮ ਲੈ ਕੇ ਬੀਬੀ ਭਾਨੀ ਅਖਵਾਈ। ਫਿਰ ਗੁਰੂ ਰਾਮਦਾਸ ਜੀ ਨਾਲ ਵਿਆਹ ਹੋਇਆ ਤੇ ਬੀਬੀ ਭਾਨੀ ਗੁਰੂ ਕੇ ਮਹਿਲ ਬਣੀ। ਜਦੋਂ ਇਹਨਾਂ ਦੇ ਛੋਟੇ ਸਪੁੱਤਰ ਗੁਰੂ ਅਰਜਨ ਦੇਵ ਜੀ ਗੁਰਗੱਦੀ ਤੇ ਬਿਰਾਜੇ ਤਾਂ ਇਹ ਮਾਤਾ ਭਾਨੀ ਜੀ ਬਣ ਗਈ। ਇਹ ਸਾਡੇ ਇਤਿਹਾਸ ਦੀ ਉਹ ਮਹਾਨ ਨਾਰੀ ਹੈ, ਜਿਸ ਦਾ ਪੋਤਰਾ ਗੁਰੂ ਹਰਿਗੋਬਿੰਦ ਸਾਹਿਬ ਛੇਵੀਂ ਨਾਨਕ-ਜੋਤ ਬਣੇ। ਗੁਰ ਇਤਿਹਾਸ ਵਿੱਚ ਫਿਰ ਪੋਤਰੇ ਦਾ ਪੋਤਰਾ ਹਰਿਰਾਇ ਸਾਹਿਬ ਗੁਰਗੱਦੀ ਤੇ ਬਿਰਾਜੇ। ਤੇ ਉਹਨਾਂ ਤੋਂ ਬਾਅਦ ਮਾਤਾ ਭਾਨੀ ਦੇ ਪੋਤਰੇ ਦਾ ਪੜਪੋਤਰਾ ਸ੍ਰੀ ਹਰਿਕਿਸ਼ਨ ਸਾਹਿਬ ਅਠਵੀਂ ਨਾਨਕ-ਜੋਤ ਬਣੇ, ਇਸੇ ਤਰ੍ਹਾਂ ਨੌਵੇਂ ਸਤਿਗੁਰੂ ਮਾਤਾ ਭਾਨੀ ਦੇ ਪੜਪੋਤਰੇ ਤੇ ਦਸਮ ਪਾਤਸ਼ਾਹ ਮਾਤਾ ਭਾਨੀ ਜੀ ਦੇ ਪੋਤਰੇ ਦਾ ਪੋਤਰਾ ਸੀ।

ਬੀਬੀ ਭਾਨੀ ਬਾਰੇ 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਵਿੱਚ ਭਾਈ ਕਾਨ੍ਹ ਸਿੰਘ ਨਾਭਾ ਇਹ ਜਾਣਕਾਰੀ ਦਿੰਦੇ ਹਨ : "ਸ੍ਰੀ ਗੁਰੂ ਅਮਰਦਾਸ ਜੀ ਦੀ ਸਪੁੱਤਰੀ ਜਿਸ ਦਾ ਜਨਮ 21 ਮਾਘ ਸੰਮਤ 1591 ਨੂੰ ਬਾਸਰਕੇ ਹੋਇਆ, 22 ਫਗਣ ਸੰਮਤ 1610 ਨੂੰ ਗੁਰੂ ਰਾਮਦਾਸ ਜੀ ਨਾਲ ਵਿਆਹ ਹੋਇਆ। ਇਸ ਦੀ ਕੁਖੋਂ ਪ੍ਰਿਥੀਚੰਦ, ਮਹਾਂਦੇਵ ਤੇ ਗੁਰੂ ਅਰਜਨ ਦੇਵ ਜੀ ਤਿੰਨ ਪੁੱਤਰ ਹੋਏ। ਸੰਮਤ 1655 ਵਿੱਚ ਗੋਇੰਦਵਾਲ ਦੇਹਾਂਤ ਹੋਇਆ। ਇਹ ਪਿਤਾ ਦੀ ਸੇਵਾ ਕਰਨ ਅਤੇ ਸਿੱਖੀ ਦੇ ਨਿਯਮਾਂ ਦੇ ਪਾਲਨ ਵਿੱਚ ਅਦੁੱਤੀ ਸੀ। ਇਸ ਦੀ ਸੇਵਾ ਤੋਂ ਰੀਝ ਕੇ ਗੁਰੂ ਅਮਰਦਾਸ ਜੀ ਨੇ ਸੋਢੀ ਵੰਸ਼ ਵਿੱਚ ਗੁਰਤਾ ਰਹਿਣ ਦਾ ਵਰ ਦਿੱਤਾ। ਗੁਰੂ ਅਰਜਨ ਦੇਵ ਜੀ ਦਾ ਮਾਤਾ ਭਾਨੀ ਦੀ ਯਾਦ ਵਿੱਚ ਤਰਨ ਤਾਰਨ ਵਿੱਚ ਲਗਵਾਇਆ ਖੂਹ, ਜੋ ਅਕਾਲੀ ਫੂਲਾ ਸਿੰਘ ਜੀ ਦੇ ਭਾਈ ਸੰਤ ਸਿੰਘ ਦੀ ਔਲਾਦ ਸਰਦਾਰ ਬਿਸ਼ਨ ਤੇ ਜਸਵੰਤ ਸਿੰਘ ਦੇ ਕਬਜ਼ੇ ਵਿੱਚ ਹੈ।"

'ਧੰਨ ਸੁ ਮਾਤਾ' ਪੁਸਤਕ ਵਿੱਚ ਜਸਵੰਤ ਸਿੰਘ ਵਿਰਦੀ ਮਾਤਾ ਭਾਨੀ ਦੇ ਗੁਣਾਂ ਤੇ ਵਿਸ਼ੇਸ਼ਤਾਈਆਂ ਦਾ ਵਰਨਣ ਕਰਦਿਆਂ ਲਿਖਦਾ ਹੈ : "ਮਾਤਾ ਭਾਨੀ ਜੀ ਇਸ ਸੰਸਾਰ ਦੀਆਂ ਅਤਿਅੰਤ ਖ਼ੁਸ਼ਕਿਸਮਤ ਸੁਆਣੀਆਂ ਵਿੱਚੋਂ ਸੀ। ਜੇਕਰ ਕਿਸੇ ਨੂੰ ਇਹ ਸ਼ੰਕਾ ਹੈ ਕਿ ਅਕਾਲ ਪੁਰਖ ਦਾ ਸਿਮਰਨ ਕਰਨ ਤੇ ਲੋਕ ਸੇਵਾ ਵਿੱਚ ਜੀਵਨ ਬਿਤਾਉਣ ਨਾਲ ਕੁਝ ਵੀ ਪ੍ਰਾਪਤ ਨਹੀਂ ਹੁੰਦਾ, ਤਾਂ ਉਹ ਮਾਤਾ ਭਾਨੀ ਜੀ ਦੇ ਚਰਿੱਤਰ ਨੂੰ ਗਹੁ ਨਾਲ ਵੇਖੇ। ਮਾਤਾ ਭਾਨੀ ਜੀ ਦੇ ਜੀਵਨ ਨੂੰ ਸਮਝ ਕੇ ਇਸ ਗੱਲ ਦਾ ਗਿਆਨ ਹੋ ਸਕਦਾ ਹੈ ਕਿ ਸਿਮਰਨ ਤੇ ਸੇਵਾ ਨਾਲ ਬੰਦੇ ਨੂੰ ਕੀ ਕੁਝ ਨਹੀਂ ਪ੍ਰਾਪਤ ਹੋ ਸਕਦਾ। ਪਰ ਨਿਮਰਤਾ ਦਾ ਗੁਣ ਹੀ ਬੰਦੇ ਨੂੰ ਪ੍ਰਵਾਨ ਚੜ੍ਹਾਂਦਾ ਹੈ। ਜੇਕਰ ਮਾਪੇ ਧੀਆਂ ਨੂੰ ਜਨਮ ਦੇ ਸਕਦੇ ਹਨ ਤਾਂ ਆਪਣੀ ਕਰਨੀ ਨਾਲ ਉਹਨਾਂ ਦੇ ਲੇਖ ਵੀ ਸੁਆਰ ਸਕਦੇ ਹਨ। ਮਾਤਾ ਭਾਨੀ ਦੇ ਜੀਵਨ ਤੋਂ ਇਹ ਗੱਲ ਪੂਰੀ ਤਰ੍ਹਾਂ ਸਿੱਧ ਹੋ ਜਾਂਦੀ ਹੈ। ਭਾਨੀ ਸ਼ਬਦ ਦਾ ਅਰਥ : ਚੰਗੇਰੀ, ਭਾਣੇ ਵਿੱਚ ਰਹਿਣ ਵਾਲੀ ਅਤੇ ਸੂਰਜ (ਭਾਨੂ) ਵਾਂਗ ਲਿਸ਼ਕਣ ਵਾਲੀ ਹੋ ਸਕਦਾ ਹੈ।"

ਪ੍ਰਿੰਸੀਪਲ ਮਹਿੰਦਰ ਕੌਰ ਗਿੱਲ ਆਪਣੀ ਪੁਸਤਕ 'ਗੁਰੂ ਮਹਿਲ ਗਾਥਾ' * ਵਿੱਚ ਲਿਖਦੇ ਹਨ : "ਬੀਬੀ ਭਾਨੀ ਦੇ ਜੀਵਨ ਕ੍ਰਮ ਨੂੰ ਤਿੰਨ ਹਿੱਸਿਆਂ ਵਿੱਚ ਵੰਡ ਕੇ ਵਿਚਾਰਿਆ ਜਾ ਸਕਦਾ ਹੈ। ਮੁਟਿਆਰ ਬੀਬੀ ਭਾਨੀ, ਪਤਨੀ ਬੀਬੀ ਭਾਨੀ ਤੇ ਮਾਂ ਬੀਬੀ ਭਾਨੀ। ਬਚਪਨ ਦਾ ਸਬੰਧ ਵਧੇਰੇ ਕਰਕੇ ਪਿਤਾ ਗੁਰੂ ਅਮਰਦਾਸ ਜੀ ਨਾਲ, ਜਵਾਨੀ ਦਾ ਪਤੀ ਗੁਰੂ ਰਾਮਦਾਸ ਜੀ ਨਾਲ ਤੇ ਢਲਦੀ ਵਰੇਸ ਦਾ ਪੁੱਤਰ ਗੁਰੂ ਅਰਜਨ ਦੇਵ ਜੀ ਨਾਲ ਵਿਸ਼ੇਸ਼ ਨਜ਼ਰੀਂ ਆਉਂਦਾ ਹੈ। ਉਪਰੋਕਤ ਤਿੰਨਾਂ ਰੂਪਾਂ ਦੇ ਬਾਵਜੂਦ ਭਾਨੀ ਜੀ ਗੁਰ-ਇਤਿਹਾਸ ਵਿੱਚ ਕੇਵਲ ਬੀਬੀ ਦੇ ਵਿਸ਼ੇਸ਼ਨ ਨਾਲ ਹੀ ਪਛਾਣੇ ਜਾਂਦੇ ਹਨ।"

ਬੀਬੀ ਭਾਨੀ ਦੇ ਜਨਮ ਸਾਲ ਤੇ ਜਨਮ ਸਥਾਨ ਬਾਰੇ ਪੁਰਾਤਨ ਲਿਖਤਾਂ ਵਿੱਚੋਂ ਵੱਖ-ਵੱਖ ਜਾਣਕਾਰੀ ਮਿਲਦੀ ਹੈ। ਇਤਿਹਾਸ ਵਿੱਚ ਗੁਰਗੱਦੀ ਸੋਢੀ ਖ਼ਾਨਦਾਨ ਵਿੱਚ ਰਹਿਣ ਦਾ ਵਰ ਬੀਬੀ ਭਾਨੀ ਨੇ ਪ੍ਰਾਪਤ ਕੀਤਾ। ਇਸੇ ਗੁਰੂ ਰਾਮਦਾਸ ਜੀ ਨੂੰ ਆਪਣੇ ਜੀਵਨ ਸਾਲ ਗੁਰੂ ਅਮਰਦਾਸ ਜੀ ਨੇ ਦਿੱਤੇ। ਇਹ ਸਾਰੀ ਚਰਚਾ ਅਜੇ ਬਹਿਸਯੋਗ ਹੈ ਤੇ ਗੁਰਮਤਿ ਸਿਧਾਂਤਾਂ ਨਾਲ ਕਿਥੋਂ ਤੱਕ ਮੇਲ ਖਾਂਦੀ ਹੈ, ਇਸ ਦਾ ਨਿਰਣਾ ਬੁੱਧੀਜੀਵੀਆਂ ਨੂੰ ਅਜੇ ਕਰਨਾ ਹੋਵੇਗਾ।

---

* (ਬੀਬੀ ਭਾਨੀ ਦੇ ਜੀਵਨ ਸਮਾਚਾਰ ਤੇ ਇਤਿਹਾਸ ਮਹੱਤਤਾ ਬਾਰੇ ਇਸੇ ਪੁਸਤਕ ਦੇ ਗੁਰੂ ਮਹਿਲਾਂ ਦੇ ਭਾਗ ਵਿੱਚ ਦਿੱਤੇ ਹੋਏ ਹਨ। ਉਥੋਂ ਵੇਖੇ ਜਾ ਸਕਦੇ ਹਨ।)

ਬੀਬੀ ਵੀਰੋ ਜੀ

ਛੇਵੀਂ ਨਾਨਕ-ਜੋਤ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸੰਤਾਨ ਵਿੱਚ ਪੰਜ ਸਪੁੱਤਰ ਅਤੇ ਇਕ ਸਪੁੱਤਰੀ ਸੀ। ਪੰਜ ਸਪੁੱਤਰਾਂ ਵਿੱਚ ਬਾਬਾ ਗੁਰਦਿੱਤਾ ਜੀ, ਅਣੀ ਰਾਇ ਜੀ, ਬਾਬਾ ਅਟੱਲ ਜੀ, ਸੂਰਜਮੱਲ ਜੀ ਤੇ ਗੁਰੂ ਤੇਗ ਬਹਾਦਰ ਜੀ ਸਨ। ਸਪੁੱਤਰੀ ਬੀਬੀ ਵੀਰੋ ਜੀ ਸਨ। ਜੋ ਗੁਰੂ ਤੇਗ ਬਹਾਦਰ ਜੀ ਦੀ ਵੱਡੀ ਭੈਣ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਭੂਆ ਸੀ। ਸਿੱਖ ਇਤਿਹਾਸ ਵਿੱਚ ਦੋ ਘਟਨਾਵਾਂ ਬੀਬੀ ਵੀਰੋ ਦੀ ਯਾਦ ਨੂੰ ਸਾਹਮਣੇ ਲਿਆਉਂਦੀਆਂ ਹਨ। ਇਕ ਉਸ ਦੇ ਵਿਆਹ ਦੀ ਘਟਨਾ ਹੈ, ਦੂਜੀ ਉਸ ਦੇ ਪੰਜ ਸਪੁੱਤਰਾਂ ਦਾ ਭੰਗਾਣੀ ਦੇ ਯੁੱਧ ਵਿੱਚ ਗੁਰੂ ਗੋਬਿੰਦ ਸਿੰਘ ਦੀ ਸਿੱਖ ਫੌਜ ਵਿੱਚ ਸ਼ਾਮਲ ਹੋ ਕੇ ਲੜਨਾ ਅਤੇ ਦੋ ਭਰਾਵਾਂ ਦਾ ਉਥੇ ਸ਼ਹੀਦ ਹੋ ਜਾਣਾ ਹੈ। ਕੁਝ ਇਤਿਹਾਸਕ ਰਚਨਾਵਾਂ ਵਿੱਚ ਬੀਬੀ ਵੀਰੋ ਦਾ ਨਾਂ ਬੀਬੀ ਬੀਰੋ ਵੀ ਲਿਖਿਆ ਮਿਲਦਾ ਹੈ। ਇਸੇ ਲਈ ਭਾਈ ਕਾਨ੍ਹ ਸਿੰਘ ਨਾਭਾ ਤੇ 'ਮਹਾਨ ਕੋਸ਼' ਵਿੱਚ ਦੋਹਾਂ ਨਾਵਾਂ ਦੀ ਵਰਤੋਂ ਕੀਤੀ ਹੈ। ਪੰਜਾਬ ਵਿੱਚ ਕੁਝ ਇਲਾਕੇ ਅਜਿਹੇ ਹਨ, ਜਿੱਥੋਂ ਦੀ ਉਪਭਾਸ਼ਾ ਵਿੱਚ ਵ ਨੂੰ ਬ ਕਰਕੇ ਉਚਾਰਿਆ ਜਾਂਦਾ ਹੈ। ਇਸੇ ਕਰਕੇ ਬੀਬੀ ਵੀਰੋ ਦੇ ਵੀ ਦੋਹਾਂ ਨਾਵਾਂ ਦਾ ਕੁਝ ਥਾਂ ਤੇ ਅੰਤਰ ਨਾਲ ਵਰਨਣ ਹੈ।

ਬੀਬੀ ਵੀਰੋ ਦਾ ਜਨਮ ਸੰਮਤ 1672 ਅਥਵਾ ਸੰਨ 1615 ਈ. ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘਰ ਮਾਤਾ ਦਮੋਦਰੀ ਜੀ ਦੀ ਕੁਖੋਂ ਅੰਮ੍ਰਿਤਸਰ ਸ਼ਹਿਰ ਵਿੱਚ, ਗੁਰੂ ਜੀ ਦੇ ਨਿਵਾਸ ਅਸਥਾਨ 'ਤੇ ਹੋਇਆ। ਅੱਜ ਕਲ੍ਹ ਉਸੇ ਅਸਥਾਨ 'ਤੇ ਗੁਰਦੁਆਰਾ ਗੁਰੂ ਕੇ ਮਹਿਲ ਸਥਿਤ ਹੈ। ਇਹ ਅਸਥਾਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਸ ਸਮੇਂ ਆਪਣੇ ਪਰਿਵਾਰ ਦੇ ਨਿਵਾਸ ਲਈ ਬਣਵਾਇਆ ਸੀ, ਜਦੋਂ ਉਹ ਅੰਮ੍ਰਿਤਸਰ ਦੇ ਪਵਿੱਤਰ ਅੰਮ੍ਰਿਤ ਸਰੋਵਰ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾ ਰਹੇ ਸਨ। ਇਹ ਅਸਥਾਨ ਦਰਬਾਰ ਸਾਹਿਬ ਤੋਂ ਬਹੁਤ ਨੇੜੇ ਹੈ। ਹੁਣ ਦਰਬਾਰ ਸਾਹਿਬ ਤੋਂ ਗੁਰੂ ਕੇ ਮਹਿਲ ਤੱਕ ਗੁਰੂ ਬਾਜ਼ਾਰ ਬਣ ਗਿਆ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪਿਛੋਂ ਜਦ ਗੁਰੂ ਹਰਿਗੋਬਿੰਦ ਸਾਹਿਬ ਗੁਰਗੱਦੀ 'ਤੇ ਬੈਠੇ ਤਾਂ ਇਥੇ ਹੀ ਉਹਨਾਂ ਦੇ ਪਰਿਵਾਰ ਦਾ ਨਿਵਾਸ ਵੀ ਰਿਹਾ। ਇਹਨਾਂ ਗੁਰੂ ਕੇ ਮਹਿਲਾਂ ਵਿੱਚ ਹੀ ਸਾਰੀ ਸੰਤਾਨ ਦਾ ਜਨਮ ਹੋਇਆ।

ਭਾਈ ਕਾਨ੍ਹ ਸਿੰਘ ਨਾਭਾ ਤੋਂ ਪਹਿਲਾਂ ਭਾਈ ਸੰਤੋਖ ਸਿੰਘ ਜੀ ਨੇ ਬੀਬੀ ਵੀਰੋ ਜੀ ਦੇ ਜਨਮ ਸਾਲ ਦਾ ਜ਼ਿਕਰ ਕਰਦਿਆਂ ਆਪਣੀ ਰਚਨਾਂ ਵਿੱਚ ਲਿਖਿਆ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਦੀ ਸਪੁੱਤਰੀ ਬੀਬੀ ਵੀਰੋ ਦਾ ਵਿਆਹ ਸੰਮਤ 1679 ਵਿਚ ਹੋਇਆ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਭਾਈ ਸੰਤੋਖ ਸਿੰਘ ਦਾ ਬਿਆਨ ਕੀਤਾ ਵਿਆਹ ਸਾਲ

ਪ੍ਰਵਾਨ ਨਹੀਂ ਕੀਤਾ, ਸਗੋਂ ਦਲੀਲਾਂ ਨਾਲ ਇਹ ਸਿੱਧ ਕੀਤਾ ਹੈ ਕਿ ਬੀਬੀ ਵੀਰੋ ਦਾ ਵਿਆਹ ਉਹਨਾਂ ਦੀ ਦੱਸੇ ਸਾਲ ਹੀ ਹੋਇਆ ਹੈ। ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਵਿੱਚ ਅੰਕਿਤ ਹੈ : "ਸੰਮਤ 1679 ਵਿੱਚ ਜਹਾਂਗੀਰ ਰਾਜ ਕਰਦਾ ਸੀ, ਜਿਸ ਨਾਲ ਕੋਈ ਜੰਗ ਨਹੀਂ ਹੋਇਆ। ਬਾਦਸ਼ਾਹ ਸ਼ਾਹਜਹਾਂ ਸੰਮਤ 1685 ਵਿੱਚ ਤਖ਼ਤ ਉਤੇ ਬੈਠਾ, ਉਸ ਦੇ ਬਾਜ਼ ਪਿਛੇ ਝਗੜਾ ਹੋਣ ਕਰਕੇ ਅੰਮ੍ਰਿਤਸਰ ਦਾ ਜੰਗ 1686 ਸੰਮਤ ਵਿੱਚ ਹੋਇਆ ਸੀ ਅਤੇ ਜੰਗ ਸਮਾਪਤ ਕਰਕੇ ਝਬਾਲ ਦੇ ਮੁਕਾਮ ਤੇ ਬੀਬੀ ਜੀ ਦਾ ਵਿਆਹ ਕੀਤਾ ਗਿਆ ਸੀ।'

ਬੀਬੀ ਵੀਰੋ ਦੇ ਬਾਲਪਨ ਦੀਆਂ ਘਟਨਾਵਾਂ ਦਾ ਕਿਸੇ ਇਤਿਹਾਸਕਾਰ ਨੇ ਵਰਨਣ ਨਹੀਂ ਕੀਤਾ। ਅਨੁਮਾਨ ਹੀ ਲਾਇਆ ਜਾ ਸਕਦਾ ਹੈ ਕਿ ਜਿਸ ਤਰ੍ਹਾਂ ਪਹਿਲਾਂ ਗੁਰੂ ਸਪੁੱਤਰੀਆਂ ਦੀ ਪਾਲਣਾ ਪੋਸਣਾ ਗੁਰੂ ਅੰਗਦ ਦੇਵ ਜੀ ਤੇ ਗੁਰੂ ਅਮਰਦਾਸ ਜੀ ਦੇ ਪਰਿਵਾਰਾਂ ਵਿੱਚ ਹੋਈ ਸੀ, ਉਸੇ ਤਰ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਦੇ ਗ੍ਰਹਿ ਵੀ ਵੀਰੋ ਦੀ ਹੋਈ ਸੀ। ਸਗੋਂ ਪਹਿਲਾਂ ਦੀਆਂ ਗੁਰੂ ਪੁੱਤਰੀਆਂ ਨਾਲੋਂ ਦੋ ਪ੍ਰਭਾਵ ਬੀਬੀ ਵੀਰੋ ਨੂੰ ਘਰ ਵਿੱਚ ਵਧੇਰੇ ਮਿਲੇ। ਇਕ ਤਾਂ ਮਾਤਾ ਗੰਗਾ ਦਾ ਪਿਆਰ ਤੇ ਗੁਰਮਤਿ ਰਹਿਣੀ ਵਿੱਚ ਪਰਪੱਕ ਹੋਣ ਦਾ ਅਸ਼ੀਰਵਾਦ ਮਿਲਿਆ, ਗੁਰੂ ਅਰਜਨ ਦੇਵ ਜੀ ਦੀ ਧਰਮ ਸੁਪਤਨੀ ਮਾਤਾ ਗੰਗਾ, ਵੀਰੋ ਜੀ ਦੀ ਦਾਦੀ ਸੀ, ਉਹਨਾਂ ਨੂੰ ਆਪਣੇ ਪੋਤਰਿਆਂ ਤੇ ਪੋਤਰੀ ਨੂੰ ਗੋਦੀ ਵਿੱਚ ਖਿਡਾਣ, ਉਨ੍ਹਾਂ ਦੇ ਸਰੀਰਿਕ ਤੇ ਮਾਨਸਿਕ ਵਿਕਾਸ ਵਿੱਚ ਯੋਗ ਪਾਉਣ ਦਾ ਅਵਸਰ ਮਿਲਿਆ। ਦੂਜਾ ਪ੍ਰਭਾਵ ਆਪਣੇ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਦੀ ਬੀਰ-ਰਸ ਭਰਪੂਰ ਸ਼ਖ਼ਸੀਅਤ ਦਾ ਸੀ। ਪਹਿਲੇ ਗੁਰੂ ਸਾਹਿਬਾਨ ਦੇ ਸਮੇਂ ਸ਼ਾਂਤ-ਰਸ ਪ੍ਰਧਾਨ ਸੀ, ਪਰ ਛੇਵੀਂ ਨਾਨਕ-ਜੋਤ ਨੇ ਇਕ ਪਾਸੇ ਢਾਡੀਆਂ ਤੋਂ ਬੀਰ-ਰਸੀ ਵਾਰਾਂ ਸੁਣਾ ਕੇ ਸਿੱਖ ਸੰਗਤਾਂ ਦਾ ਖ਼ੂਨ ਗਰਮਾਇਆ ਤੇ ਦੂਜੇ ਪਾਸੇ ਸਿੱਖ ਸੈਨਾਂ ਦੀ ਨੀਂਹ ਰੱਖ ਕੇ ਸਿੱਖਾਂ ਨੂੰ ਸੰਤ-ਸਿਪਾਹੀ ਬਣਾਇਆ। ਬੀਬੀ ਵੀਰੋ ਨੂੰ ਘਰ ਤੇ ਗੁਰੂ ਦਰਬਾਰ ਦੋਹੀਂ ਥਾਈਂ ਇਹ ਸ਼ਕਤੀ ਮਿਲੀ।

ਬੀਬੀ ਵੀਰੋ ਦਾ ਵਿਆਹ ਸੰਮਤ 1686 ਅਥਵਾ ਸੰਨ 1629 ਈ. ਵਿੱਚ ਹੋਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਿਤ 'ਸਿੱਖ ਇਤਿਹਾਸ' (ਭਾਗ ਪਹਿਲਾ) ਵਿੱਚ ਵਿਆਹ ਦਾ ਇਹ ਸਾਲ ਲਿਖਿਆ ਹੈ।

ਸਾਖੀਕਾਰ ਲਿਖਦੇ ਹਨ ਕਿ ਜਦ ਬੀਬੀ ਵੀਰੋ 13 ਸਾਲ ਦੀ ਆਯੂ ਦੀ ਹੋਈ ਤਾਂ ਜਵਾਨ ਅਵਸਥਾ ਵਿੱਚ ਪ੍ਰਵੇਸ਼ ਕਰ ਚੁੱਕੀ ਸੀ। ਸੁੰਦਰ, ਸੁਡੌਲ ਸਰੀਰ, ਸੁਹਣੀ ਕਾਇਆ ਤੇ ਪ੍ਰਭਾਵਸ਼ਾਲੀ ਕੱਦ ਕਾਠ ਸੀ। ਬੜੀ ਸੂਝਵਾਨ ਤੇ ਉੱਚੀ ਆਤਮਿਕ ਅਵਸਥਾ ਵਿੱਚ ਰਹਿਣ ਵਾਲੀ ਮੁਟਿਆਰ ਸੀ। ਜਦੋਂ ਉਹਨਾਂ ਸ਼ਸਤਰਧਾਰੀ ਸਿੱਖਾਂ ਦੀ ਪਹਿਲੀ ਟੁਕੜੀ ਤਿਆਰ ਕੀਤੀ ਤੇ ਸ਼ਸਤਰ ਵਿਦਿਆ ਦੇਣੀ ਸ਼ੁਰੂ ਕੀਤੀ ਤਾਂ ਇਕ ਵਾਰ ਬੀਬੀ ਵੀਰੋ ਨੇ ਵੀ ਆਪਣੇ ਗੁਰਦੇਵ ਪਿਤਾ ਸਾਹਮਣੇ ਇਹ ਇੱਛਾ ਪ੍ਰਗਟ ਕੀਤੀ ਕਿ, "ਸਾਨੂੰ ਵੀ ਸ਼ਸਤਰ ਵਿਦਿਆ ਸਿਖਾਓ, ਜੇ ਸਾਡੇ ਭਰਾ ਇਸ ਵਿਦਿਆ ਨਾਲ ਚੜ੍ਹਦੀ ਕਲਾ ਵਿੱਚ ਆਉਂਦੇ ਹਨ ਤਾਂ ਅਸੀਂ ਉਹਨਾਂ ਤੋਂ ਪਿਛੇ ਕਿਉਂ ਰਹੀਏ।" ਗੁਰੂ ਸਾਹਿਬ ਨੇ ਉਦੋਂ ਅਸੀਸ ਦਿੱਤੀ ਕਿ ਉਹ ਸਮਾਂ ਵੀ ਆਏਗਾ ਜਦੋਂ ਸਾਡੀਆਂ ਨਾਰੀਆਂ ਸ਼ਸਤਰ ਵਿਦਿਆ ਵਿੱਚ ਨਿਪੁੰਨ ਹੋ ਕੇ ਆਪਣਾ ਫ਼ਰਜ਼ ਨਿਭਾਉਣਗੀਆਂ।

ਇਹਨਾਂ ਦਿਨਾਂ ਵਿੱਚ ਹੀ ਅਕਾਲ ਬੁੰਗੇ ਸਾਹਮਣੇ ਗੁਰੂ ਦਰਬਾਰ ਵਿੱਚ ਜਾਣ ਤੋਂ

ਪਹਿਲਾਂ ਮਾਤਾ ਗੰਗਾ ਜੀ ਨੇ ਮੀਰੀ-ਪੀਰੀ ਦੇ ਮਾਲਕ ਨੂੰ ਇਹ ਸੁਝਾਅ ਦਿੱਤਾ ਕਿ ਬੱਚੀ ਵੀਰੋ (ਸਪੁੱਤਰੀ) ਦਾ ਹੁਣ ਵਿਆਹ ਕਰਨਾ ਚਾਹੀਦਾ ਹੈ, ਇਸ ਲਈ ਉਹਦੇ ਯੋਗ ਵਰ ਲੱਭਣ ਵੱਲ ਵੀ ਹੁਣ ਧਿਆਨ ਦਿਓ। ਗੁਰੂ ਹਰਿਗੋਬਿੰਦ ਸਾਹਿਬ ਦੀਵਾਨ ਵਿੱਚ ਆਏ ਤੇ ਦੀਵਾਨ ਦੀ ਸਮਾਪਤੀ ਪਿਛੋਂ ਜਦ ਦੂਰ-ਨੇੜਿਓਂ ਆਈਆਂ ਸਿੱਖ ਸੰਗਤਾਂ ਨਿਮਸਕਾਰ ਕਰਕੇ ਜਾਣ ਦੀ ਆਗਿਆ ਲੈ ਰਹੀਆਂ ਸਨ ਤਾਂ ਇਕ ਪਿਉ-ਪੁੱਤਰ ਉਤੇ ਗੁਰੂ ਸਾਹਿਬ ਦੀ ਨਜ਼ਰ ਟਿਕ ਗਈ ਤੇ ਉਹਨਾਂ ਨੂੰ ਕਹਿਣ ਲੱਗੇ, "ਸਾਨੂੰ ਮਿਲ ਕੇ ਜਾਣਾ।" ਇਹ ਪਿਉ-ਪੁੱਤਰ ਧਰਮਾ ਖੋਸਲਾ ਤੇ ਉਸ ਦਾ ਸਪੁੱਤਰ ਸਾਧੂ ਸਨ। ਇਹ ਮਾਝੇ ਦੇ ਘੁੱਗ ਵਸਦੇ ਪਿੰਡ ਮੱਲੇ, ਜੋ ਝਬਾਲ ਦੇ ਨੇੜੇ ਹੈ, ਦੇ ਵਸਨੀਕ ਸਨ। ਉਹਨਾਂ ਦਾ ਪਰਿਵਾਰ ਸੱਚੀ-ਸੁੱਚੀ ਕਿਰਤ ਕਰਨ ਵਾਲਾ ਅਤੇ ਗੁਰੂ ਘਰ ਦਾ ਪ੍ਰੇਮੀ ਸੀ। ਭਾਵੇਂ ਘਰ ਵਿੱਚ ਗਰੀਬੀ ਸੀ ਪਰ ਜੀਵਨ ਸੱਚਾ ਸੁੱਚਾ ਸੀ। ਗੁਰੂ ਸਾਹਿਬ ਉਹਨਾਂ ਨੂੰ ਕਈ ਸਾਲਾਂ ਤੋਂ ਜਾਣਦੇ ਸਨ। ਉਹ ਹੈਰਾਨ ਹੋਏ ਕਿ ਗੁਰੂ ਸਾਹਿਬ ਨੇ ਸਾਨੂੰ ਇਥੇ ਰੁਕਣ ਦਾ ਆਦੇਸ਼ ਕਿਉਂ ਦਿੱਤਾ ਹੈ। ਜਦ ਸੰਗਤ ਵਿਦਾ ਹੋਈ ਤਾਂ ਗੁਰੂ ਸਾਹਿਬ ਨੇ ਧਰਮੇ ਤੋਂ ਸਾਧੂ ਦੀ ਉਮਰ ਪੁੱਛੀ ਤੇ ਹੋਰ ਕੁਝ ਕੁ ਜਾਣਕਾਰੀ ਲੈ ਕੇ ਫੁਰਮਾਇਆ ਕਿ, "ਅਸੀਂ ਆਪਣੀ ਪੁੱਤਰੀ ਦਾ ਰਿਸ਼ਤਾ ਸਾਧੂ ਨਾਲ ਕਰਨਾ ਚਾਹੁੰਦੇ ਹਾਂ।" ਤੇ ਪੁੱਛਿਆ ਕਿ, "ਤੁਸੀਂ ਇਸ ਲਈ ਤਿਆਰ ਹੋ।" ਭਾਈ ਧਰਮੇ ਦੀ ਖ਼ੁਸ਼ੀ ਦੀ ਹੱਦ ਨਾ ਰਹੀ, ਉਹ ਕਦੀ ਸੋਚ ਵੀ ਨਹੀਂ ਸੀ ਸਕਦਾ ਕਿ ਸੱਚੇ ਪਾਤਸ਼ਾਹ ਉਹਨਾਂ ਨੂੰ ਆਪਣਾ ਸੰਬੰਧੀ ਬਣਾਉਣ ਦੀ ਗੱਲ ਕਹਿਣਗੇ। ਮਾਤਾ ਗੰਗਾ ਜੀ ਅਤੇ ਮਾਤਾ ਦਮੋਦਰੀ ਜੀ ਵੀ ਸ੍ਰੀ ਦਰਬਾਰ ਸਾਹਿਬ ਤੋਂ ਨਿਮਸਕਾਰ ਕਰਕੇ ਜਦ ਆਏ ਤਾਂ ਗੁਰੂ ਜੀ ਨੇ ਉਹਨਾਂ ਨੂੰ ਦੱਸਿਆ ਕਿ ਅਸੀਂ ਵਿਚਾਰ ਬਣਾਇਆ ਹੈ ਕਿ ਆਪਣੀ ਪੁੱਤਰੀ ਨੂੰ ਇਸ ਗੁਰਸਿੱਖ ਪਰਿਵਾਰ ਘਰ ਵਿਆਹੀਏ। ਉਸੇ ਵਕਤ ਸ਼ਗਨ ਦਾ ਸਮਾਨ ਮੰਗਵਾ ਕੇ ਉਹਨਾਂ ਦੀ ਝੋਲੀ ਪਾਇਆ ਤੇ ਕਿਹਾ ਕਿ, "ਵਿਆਹ ਦੀ ਤਿਆਰੀ ਕਰੋ, ਕਰਤਾਰ ਭਲੀ ਕਰੇਗਾ। ਉਹ ਆਪਣੇ ਭਗਤਾਂ ਦੀ ਆਪੇ ਲਾਜ ਰੱਖਦਾ ਹੈ।"

ਇਹਨਾਂ ਦਿਨਾਂ ਵਿੱਚ ਹੀ ਹਾਕਮ ਵਰਗ ਨਾਲ ਗੁਰੂ ਸਾਹਿਬ ਦਾ ਵਿਗਾੜ ਪੈਦਾ ਹੋ ਗਿਆ। ਇਕ ਦਿਨ ਇਕ ਸ਼ਾਹੀ ਬਾਜ਼ ਜ਼ਖ਼ਮੀ ਹਾਲਤ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦੇ ਬਾਜ਼ ਨੇੜੇ ਆ ਗਿਆ। ਉਹ ਸਿੱਖਾਂ ਨੇ ਫੜ ਲਿਆ। ਜਦ ਸ਼ਾਹੀ ਫੌਜ ਉਹ ਬਾਜ਼ ਲੈਣ ਆਈ ਤਾਂ ਗੁਰੂ ਸਾਹਿਬ ਨੇ ਨਾ ਦਿਤਾ। ਉਹਨਾਂ ਨੂੰ ਆਖਿਆ ਕਿ, ਇਹ ਜ਼ਖ਼ਮੀ ਤੇ ਨਿਤਾਣਾ ਹੋ ਕੇ ਸਾਡੇ ਪਾਸ ਆ ਗਿਆ ਏ ਹੁਣ ਅਸੀਂ ਉਹਨੂੰ ਤੁਹਾਡੇ ਹਵਾਲੇ ਨਹੀਂ ਕਰ ਸਕਦੇ। ਅਸੀਂ ਹਰ ਗਰੀਬ ਤੇ ਨਿਤਾਣੇ ਦੇ ਸਹਾਇਕ ਹਾਂ।" ਉਹ ਫੌਜੀ ਇਹ ਧਮਕੀਆਂ ਦਿੰਦੇ ਮੁੜ ਗਏ ਕਿ ਅਸੀਂ ਲੜ ਕੇ ਵੀ ਲੈ ਲਵਾਂਗੇ। ਇਸ ਤੋਂ ਤਨਾਅ ਵਧ ਗਿਆ। ਸਾਫ਼ ਪਤਾ ਲੱਗਦਾ ਹੈ ਕਿ ਹੁਣ ਅੰਮ੍ਰਿਤਸਰ ਤੇ ਹਮਲਾ ਹੋਵੇਗਾ। ਗੁਰੂ ਸਾਹਿਬ ਨੇ ਇਸ ਯੁੱਧ ਦੀ ਤਿਆਰੀ ਦਾ ਸਿੱਖਾਂ ਨੂੰ ਆਦੇਸ਼ ਦਿੱਤਾ। ਕੁਝ ਸਿੱਖਾਂ ਨੇ ਬੇਨਤੀ ਕੀਤੀ ਕਿ ਇਕ ਪਾਸੇ ਸਪੁੱਤਰੀ ਬੀਬੀ ਵੀਰੋ ਦਾ ਵਿਆਹ ਰੱਖ ਲਿਆ ਏ ਤੇ ਦੂਜੇ ਪਾਸੇ ਯੁੱਧ ਦੇ ਬੱਦਲ ਮੰਡਰਾ ਰਹੇ ਹਨ। ਗੁਰੂ ਸਾਹਿਬ ਨੇ ਪਰਿਵਾਰ ਨੂੰ ਝਬਾਲ ਭੇਜ ਦਿੱਤਾ ਤੇ ਉਧਰ ਭਾਈ ਧਰਮੇ ਨੂੰ ਸੰਦੇਸ਼ਾ ਭੇਜਿਆ ਕਿ ਇਹ ਵਿਆਹ ਝਬਾਲ ਵਿੱਚ ਹੋਵੇਗਾ, ਤੁਹਾਨੂੰ ਅੰਮ੍ਰਿਤਸਰ ਜੰਞ ਲੈ ਕੇ ਨਹੀਂ ਆਣਾ ਪਵੇਗਾ। ਝਬਾਲ ਵਿੱਚ ਭਾਈ ਲੰਗਾਹ ਜੀ ਨੇ ਆਪਣੀ ਹਵੇਲੀ ਵਿੱਚ ਗੁਰੂ ਪਰਵਾਰ ਨੂੰ ਰੱਖਿਆ ਤੇ ਇਥੇ ਹੀ ਬੀਬੀ ਵੀਰੋ ਦਾ ਵਿਆਹ ਹੋਇਆ।

'ਸਿੱਖ ਇਤਿਹਾਸ' ਦੇ ਕਰਤਾ ਡਾ. ਕਰਤਾਰ ਸਿੰਘ ਨੇ ਬੀਬੀ ਵੀਰੋ ਦਾ ਵਿਆਹ ਸੰਮਤ 1686 ਵਿੱਚ ਝਬਾਲ ਭਾਈ ਲੰਗਾਹ ਦੇ ਘਰ ਵਿੱਚ ਹੋਇਆ ਲਿਖਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਵੀ 'ਮਹਾਨ ਕੋਸ਼' ਵਿੱਚ ਵਿਆਹ ਇਸੇ ਸਾਲ ਹੋਇਆ ਵਰਨਣ ਕਰਦਾ ਹੈ। ਵਿਆਹ ਤੋਂ ਕੁਝ ਦਿਨ ਪਹਿਲਾਂ ਹੀ ਮੁਖ਼ਲਸ ਖ਼ਾਂ ਦੀ ਅਗਵਾਈ ਵਿੱਚ ਮੁਗ਼ਲ ਰਾਜ ਦਾ ਫੌਜੀ ਦਸਤਾ ਅੰਮ੍ਰਿਤਸਰ ਤੇ ਚੜ੍ਹ ਆਇਆ। ਗੁਰੂ ਹਰਿਗੋਬਿੰਦ ਸਾਹਿਬ ਇਸ ਯੁੱਧ ਲਈ ਪੂਰੀ ਤਰ੍ਹਾਂ ਤਿਆਰ ਸਨ ਤੇ ਉਹਨਾਂ ਅੰਮ੍ਰਿਤਸਰ ਸ਼ਹਿਰ ਤੋਂ ਬਾਹਰਵਾਰ ਹੀ ਹਕੂਮਤ ਦੀਆਂ ਫੌਜਾਂ ਨੂੰ ਰੋਕਿਆ। ਇਹ ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਦਾ ਪਹਿਲਾ ਯੁੱਧ ਸੀ। ਹਾਕਮ ਦੀਆਂ ਫੌਜਾਂ ਨੂੰ ਪਹਿਲੀ ਵਾਰ ਪੰਜਾਬ ਦੀ ਧਰਤੀ ਤੇ ਇਉਂ ਸਿੱਖ ਜੱਥੇ ਨੇ ਸ਼ਸਤਰ ਵਿਦਿਆ ਦੇ ਹੱਥ ਵਿਖਾਏ। ਕਈ ਦਿਨ ਇਹ ਟਾਕਰਾ ਚੱਲਿਆ। ਇਕ ਪਾਸੇ ਹਕੂਮਤ ਦੇ ਤਨਖ਼ਾਹਦਾਰ ਫੌਜੀ ਜਵਾਨ ਸਨ, ਜੋ ਨੌਕਰੀ ਦੀ ਮਜਬੂਰੀ ਕਾਰਨ ਯੁੱਧ ਕਰ ਰਹੇ ਸਨ। ਪਰ ਦੂਜੇ ਪਾਸੇ ਬਹੁਤੇ ਉਹ ਧਰਮੀ ਜਵਾਨ ਸਨ ਜੋ ਗੁਰੂ ਦੇ ਅਸ਼ੀਰਵਾਦ ਨਾਲ ਸੱਚ ਧਰਮ ਦੀ ਖ਼ਾਤਰ ਬਿਨਾਂ ਕਿਸੇ ਲੋਭ ਲਾਲਚ ਦੇ ਖ਼ੁਸ਼ੀ ਖ਼ੁਸ਼ੀ ਜਾਨਾਂ ਵਾਰਨ ਲਈ ਨਿੱਤਰ ਰਹੇ ਸਨ। ਇਤਿਹਾਸ ਗਵਾਹ ਹੈ ਕਿ ਸਮੇਂ ਦੀ ਸਰਕਾਰ ਦੀ ਫੌਜ ਹਾਰ ਗਈ ਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਸਿੱਖ ਸੈਨਾ ਜਿੱਤ ਗਈ। ਗੁਰੂ ਹਰਿਗੋਬਿੰਦ ਸਾਹਿਬ ਇਸ ਯੁੱਧ ਤੋਂ ਪਿਛੋਂ ਪਰਿਵਾਰ ਪਾਸ ਝਬਾਲ ਆਏ ਅਤੇ ਸਪੁੱਤਰੀ ਵੀਰੋ ਦਾ ਵਿਆਹ ਕੀਤਾ।

ਛੇਵੀਂ ਨਾਨਕ-ਜੋਤ ਗੁਰੂ ਹਰਿਗੋਬਿੰਦ ਸਾਹਿਬ ਇਸ ਵਿਆਹ ਤੋਂ ਪਿਛੋਂ ਦੂਰ-ਦ੍ਰਿਸ਼ਟੀ ਨਾਲ ਹਾਲਾਤ ਦਾ ਜਾਇਜ਼ਾ ਲੈ ਕੇ ਪਰਿਵਾਰ ਸਮੇਤ ਕਰਤਾਰਪੁਰ, ਜ਼ਿਲ੍ਹਾ ਜਲੰਧਰ ਆ ਨਿਵਾਸ ਕੀਤਾ। ਇਹ ਕਰਤਾਰਪੁਰ ਉਹਨਾਂ ਦੇ ਗੁਰਦੇਵ ਪਿਤਾ ਗੁਰੂ ਅਰਜਨ ਦੇਵ ਜੀ ਦਾ ਵਸਾਇਆ ਨਗਰ ਸੀ। ਬੀਬੀ ਵੀਰੋ ਆਪਣੇ ਸਹੁਰੇ ਪਰਿਵਾਰ ਨਾਲ ਝਬਾਲ ਰਹੀ ਤੇ ਆਪਣਾ ਸਾਰਾ ਜੀਵਨ ਘਰ ਗ੍ਰਿਹਸਥੀ ਵਿੱਚ ਬਿਤਾਇਆ।

ਬੀਬੀ ਵੀਰੋ ਦੇ ਪਤੀ ਸਾਧੂ ਜੀ ਦਾ ਇਲਾਕੇ ਵਿੱਚ ਬੜਾ ਮਾਣ ਸਤਿਕਾਰ ਵਧ ਗਿਆ, ਕਿਉਂਕਿ ਉਹ ਗੁਰੂ ਸਾਹਿਬ ਦੇ ਪਰਿਵਾਰ ਨਾਲ ਸਬੰਧਤ ਹੋ ਗਏ ਸਨ। ਆਪਣੇ ਪਿੰਡ ਤੋਂ ਝਬਾਲ ਵਿੱਚ ਆ ਕੇ ਕਾਰੋਬਾਰ ਸ਼ੁਰੂ ਕੀਤਾ, ਜਿਸ ਵਿੱਚ ਦਿਨ ਦੁਗਣੀ ਤੇ ਰਾਤ ਚੌਗੁਣੀ ਤਰੱਕੀ ਹੋਣ ਲੱਗੀ। ਆਰਥਿਕ ਤੌਰ 'ਤੇ ਘਰ ਦੀ ਹਾਲਤ ਬਹੁਤ ਸੁਧਰੀ। ਪਰਿਵਾਰ ਦਾ ਧਾਰਮਕ ਜੀਵਨ ਤਾਂ ਪਹਿਲਾਂ ਹੀ ਸੀ, ਪਰ ਬੀਬੀ ਵੀਰੋ ਜੀ ਦੇ ਆਉਣ ਨਾਲ ਘਰ ਵਿੱਚ ਅਧਿਆਤਮਕਤਾ ਤੇ ਬੀਰ-ਰਸ ਦਾ ਵਾਯੂਮੰਡਲ ਹੋਰ ਵਧਿਆ। ਝਬਾਲ ਦੇ ਆਸ-ਪਾਸ ਦੇ ਪਿੰਡਾਂ ਦੇ ਲੋਕ ਗੁਰੂ ਪੁੱਤਰੀ ਹੋਣ ਦੇ ਨਾਲ ਨਾਲ ਉਸ ਦੀ ਰਹਿਣੀ-ਬਹਿਣੀ ਸੋਚ ਵਿਚਾਰ ਮਿੱਠ ਬੋਲੜੀ ਤੇ ਸੁੱਚੇ-ਸੁੱਚੇ ਵਿਅਕਤਿਤਵ ਜੀਵਨ ਦਾ ਪ੍ਰਭਾਵ ਤੇ ਚਰਚਾ ਵਧਦਾ ਗਿਆ। ਇਹਨੇ ਝਬਾਲ ਦੇ ਆਸ ਪਾਸ ਦੀਆਂ ਨਾਰੀਆਂ ਨੂੰ ਇਕੱਠੇ ਕਰਕੇ ਇਸਤਰੀ ਸਤਿਸੰਗ ਚਲਾਉਣ ਦਾ ਰਿਵਾਜ ਚਲਾਇਆ। ਜੋ ਹੌਲੀ ਹੌਲੀ ਮਾਝੇ ਦੇ ਹੋਰ ਕਈ ਨਗਰਾਂ ਵਿੱਚ ਦੇਖਾ-ਦੇਖੀ ਇਸਤਰੀ ਸਤਿਸੰਗ ਹੋਣ ਲੱਗੇ। ਸਾਧੂ ਜੀ ਦੀ ਧਾਰਮਿਕ ਬਿਰਤੀ ਵਧਦੀ ਗਈ ਅਤੇ ਉਹਨਾਂ ਦਾ ਸਾਧੂ ਸੁਭਾਅ ਬੀਬੀ ਵੀਰੋ ਦੇ ਵੱਡੇ ਵੀਰ ਬਾਬਾ ਗੁਰਦਿੱਤਾ ਜੀ ਦਾ ਰੰਗ ਸਮਾਂ ਪਾ ਕੇ ਉਹਨਾਂ 'ਤੇ ਚੜ੍ਹਦਾ ਗਿਆ।

ਗੁਰੂ ਸਾਹਿਬ ਕਰਤਾਰਪੁਰ ਦੁਆਬਾ ਤੋਂ ਕੀਰਤਪੁਰ ਆ ਗਏ ਅਤੇ ਪਰਿਵਾਰ ਸਮੇਤ ਬੀਬੀ ਵੀਰੋ ਕੀਰਤਪੁਰ ਆਈ। ਗੁਰੂ ਸਾਹਿਬ ਦੇ ਚਾਰੇ ਲੜੇ ਯੁੱਧਾਂ ਦਾ ਵਿਸਥਾਰ

ਨਾਲ ਸਮਾਚਾਰ ਸੁਣਿਆ। ਗੁਰੂ ਹਰਿਗੋਬਿੰਦ ਸਾਹਿਬ ਨੇ ਵੀ ਬੀਬੀ ਵੀਰੋ ਦੀ ਕਥਨੀ ਤੇ ਕਰਨੀ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ, "ਸਿੱਖੀ ਦੇ ਵਿਕਾਸ ਲਈ ਆਪਣਾ ਪੂਰਾ ਯੋਗਦਾਨ ਪਾਣਾ ਗੁਰੂ ਘਰ ਨਾਲ ਆਪਣੀ ਸਾਂਝ ਬਣਾਈ ਰੱਖਣੀ।" ਜਦ ਦੂਜੀ ਵਾਰ ਬੀਬੀ ਵੀਰੋ ਕੀਰਤਪੁਰ ਆਈ ਤਾਂ ਤਿੰਨ ਘਟਨਾਵਾਂ ਉਹਦੇ ਇਥੇ ਰਹਿੰਦਿਆਂ ਬੀਤੀਆਂ। ਇਕ ਤਾਂ ਬਾਬਾ ਸ੍ਰੀ ਚੰਦ ਜੀ ਕੀਰਤਪੁਰ ਆਏ। ਉਹਨਾਂ ਦੀ ਮੰਗ ਅਨੁਸਾਰ ਬਾਬਾ ਗੁਰਦਿੱਤਾ ਜੀ ਉਦਾਸੀ ਸੰਪਰਦਾਇ ਦੀ ਅਗਵਾਈ ਲਈ ਚੁਣੇ ਗਏ। ਦੂਜਾ ਉਹਦੇ ਇਥੇ ਹੁੰਦਿਆਂ ਹੀ ਗੁਰੂ ਹਰਿਗੋਬਿੰਦ ਸਾਹਿਬ ਨੇ ਬਾਬਾ ਗੁਰਦਿੱਤਾ ਜੀ ਦੇ ਛੋਟੇ ਸਪੁੱਤਰ ਹਰਿਰਾਇ ਨੂੰ ਸਤਵੀਂ ਨਾਨਕ-ਜੋਤ ਬਣਾ ਕੇ ਗੁਰਗੱਦੀ 'ਤੇ ਬਿਠਾਇਆ, ਭਾਵੇਂ ਹਰਿਰਾਇ ਜੀ ਬੀਬੀ ਵੀਰੋ ਦੇ ਭਤੀਜੇ ਸਨ ਪਰ ਗੁਰੂ ਬਣਨ ਤੇ ਇਹਨਾਂ ਪਰਿਵਾਰ ਸਮੇਤ ਉਹਨਾਂ ਨੂੰ ਨਿਮਸਕਾਰ ਕੀਤੀ। ਤੀਜੀ ਗੱਲ ਉਦੋਂ ਹੀ ਵਾਪਰੀ ਜਦ ਗੁਰਦੇਵ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੋਤੀ ਜੋਤ ਸਮਾਏ ਤੇ ਸਤਿਲੁਜ ਦੇ ਕੰਢੇ ਉਹਨਾਂ ਦਾ ਅੰਤਮ ਸਸਕਾਰ ਹੋਇਆ।


ਭਾਈ ਸਾਧੂ ਜੀ ਇਸੇ ਸਮੇਂ ਉਦਾਸੀ ਸੰਪਰਦਾਇ ਨਾਲ ਵੀ ਜੁੜ ਗਏ। ਉਹਨਾਂ ਵੀ ਆਪਣਾ ਸਾਰਾ ਅਗਲਾ ਜੀਵਨ ਸਿੱਖ ਵਿਚਾਰਧਾਰਾ ਦੇ ਅਰਪਣ ਕਰ ਦਿੱਤਾ। ਗੁਰੂ ਹਰਿਰਾਇ ਸਾਹਿਬ ਦੀ ਆਗਿਆ ਤੇ ਪ੍ਰੇਰਣਾ ਨਾਲ ਬੀਬੀ ਵੀਰੋ ਪਰਿਵਾਰ ਸਮੇਤ ਝਬਾਲ ਆ ਗਈ।

ਬੀਬੀ ਵੀਰੋ ਦੇ ਜੀਵਨ ਦੇ ਹੋਰ ਸਮਾਚਾਰ ਬਹੁਤ ਘੱਟ ਇਤਿਹਾਸਕ ਲਿਖਤਾਂ ਵਿਚੋਂ ਮਿਲਦੇ ਹਨ। ਸਿਰਫ਼ ਇਤਨਾ ਲਿਖਿਆ ਮਿਲਦਾ ਹੈ ਕਿ ਬੀਬੀ ਵੀਰੋ ਦੀ ਸੰਤਾਨ ਵਿੱਚ ਪੰਜ ਸਪੁੱਤਰ ਸਨ ਤੇ ਉਹ ਵੀ ਸਿੱਖ ਲੋਕ-ਲਹਿਰ ਨਾਲ ਤਨੋ-ਮਨੋ ਜੁੜੇ ਹੋਏ ਸਨ। ਉਹਨਾਂ ਦੇ ਨਾਮ ਭਾਈ ਕਾਨ੍ਹ ਸਿੰਘ ਨਾਭਾ ਨੇ ਸਿਰਫ਼ ਦੋ ਹੀ ਦਸੇ ਹਨ ਜੋ ਭੰਗਾਣੀ ਦੇ ਯੁੱਧ ਵਿੱਚ ਲੜਦੇ ਹੋਏ ਸ਼ਹੀਦ ਹੋਏ। ਸ਼੍ਰੋਮਣੀ ਗੁਰਦੁਆਰਾ ਕਮੇਟੀ ਅੰਮ੍ਰਿਤਸਰ ਵਲੋਂ ਪ੍ਰਕਾਸ਼ਤ 'ਸਿੱਖ ਇਤਿਹਾਸ' ਵਿੱਚ ਬੀਬੀ ਵੀਰੋ ਦੇ ਪੰਜਾਂ ਸਪੁੱਤਰਾਂ ਦੇ ਨਾਂ ਇਹ ਪੰਜ ਦਸੇ ਹਨ। ਸ੍ਰੀ ਸੰਗੋ ਸ਼ਾਹ, ਸ੍ਰੀ ਜੀਤ ਮੱਲ, ਸ੍ਰੀ ਗੋਪਾਲ ਚੰਦ, ਸ੍ਰੀ ਗੰਗਾ ਰਾਮ ਤੇ ਸ੍ਰੀ ਮੋਹਰੀ ਚੰਦ ਸਨ। ਇਹਨਾਂ ਦੇ ਜਨਮ ਤੇ ਪਰਿਵਾਰਕ ਜੀਵਨ ਬਾਰੇ ਹੋਰ ਕੋਈ ਜਾਣਕਾਰੀ ਨਹੀਂ ਮਿਲਦੀ। (ਬੀਬੀ) ਮਾਤਾ ਵੀਰੋ ਨੇ ਇਹਨਾਂ ਸਪੁੱਤਰਾਂ ਨੂੰ ਗੁਰਮਤਿ ਗਿਆਨ ਨਾਲ ਭਰਪੂਰ ਕੀਤਾ ਤੇ ਸਿੱਖੀ ਦੀ ਲੋਕ-ਲਹਿਰ ਵਿੱਚ ਭਰਪੂਰ ਯੋਗਦਾਨ ਪਾਉਣ ਲਈ ਤਿਆਰ ਕੀਤਾ।

ਗੁਰੂ ਹਰਿਰਾਇ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦੇ ਸਮੇਂ ਇਹ ਗੁਰੂ ਘਰ ਨਾਲ ਜੁੜੇ ਰਹੇ। ਕਦੇ ਗੁਰੂ ਪਰਿਵਾਰ ਨਾਲ ਨਾ ਦੂਰੀ ਹੋਣ ਦਿੱਤੀ ਤੇ ਨਾ ਕਦੇ ਬਖੇੜੇ ਪਾਉਣ ਵਾਲਿਆਂ ਦਾ ਸਾਥ ਦਿੱਤਾ। ਭਾਵ ਇਹ ਕਿ ਨਾ ਕਦੀ ਪ੍ਰਿਥੀਚੰਦ ਦੀ ਸੰਤਾਨ ਨਾਲ ਸਾਂਝ ਬਣਾਈ, ਨਾ ਕਦੇ ਧੀਰਮੱਲ ਦੀਆਂ ਸਰਗਰਮੀਆਂ ਦਾ ਸਾਥ ਦਿੱਤਾ। ਰਾਮਰਾਇ ਦੀਆਂ ਸਰਗਰਮੀਆਂ ਨਾਲ ਵੀ ਉਹਨਾਂ ਦਾ ਕੋਈ ਵਾਸਤਾ ਨਹੀਂ ਸੀ। ਉਹ ਆਪਣੇ ਮਾਮੇ ਗੁਰੂ ਤੇਗ ਬਹਾਦਰ ਜੀ ਨੂੰ ਵੀ ਮਿਲੇ ਤੇ ਜੋ ਸੇਵਾ ਉਹਨਾਂ ਲਾਈ ਉਹ ਕਰਦੇ ਰਹੇ।

ਜਦ ਗੁਰੂ ਗੋਬਿੰਦ ਸਿੰਘ ਜੀ 1685 ਈ. ਨੂੰ ਅਨੰਦਪੁਰ ਸਾਹਿਬ ਤੋਂ ਚੱਲ ਕੇ ਨਾਹਨ ਰਿਆਸਤ ਵਿੱਚ ਆਏ ਤਾਂ ਪਾਉਂਟਾ ਸਾਹਿਬ ਵਸਾਉਣ ਪਿਛੋਂ ਬਾਈਧਾਰ ਦੇ ਰਾਜਿਆਂ ਨਾਲ

ਯੁੱਧ ਦੇ ਬੱਦਲ ਮੰਡਲਾਏ ਤਾਂ ਇਹ ਮਾਤਾ (ਬੀਬੀ) ਵੀਰੋ ਦੇ ਪੰਜੇ ਪੁੱਤਰ ਮਾਝੇ ਵਿਚੋਂ ਉੱਠ ਕੇ ਪਾਉਂਟਾ ਸਾਹਿਬ ਪਹੁੰਚੇ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰ ਆਪਣੇ ਆਪ ਨੂੰ ਪੇਸ਼ ਕੀਤਾ। ਉਹਨਾਂ ਦੱਸਿਆ ਕਿ ਅਸੀਂ ਆਪਣੇ ਨਾਨਾ ਗੁਰੂ ਹਰਿਗੋਬਿੰਦ ਸਾਹਿਬ ਦੇ ਆਦੇਸ਼ ਅਨੁਸਾਰ ਮਾਤਾ ਵੀਰੋ ਜੀ ਦੀ ਸਰਪ੍ਰਸਤੀ ਹੇਠ ਸ਼ਸਤਰ ਵਿਦਿਆ ਪ੍ਰਾਪਤ ਕੀਤੀ ਹੈ। ਹੁਣ ਜਦੋਂ ਸਾਨੂੰ ਪਤਾ ਲੱਗਾ ਹੈ ਕਿ ਬਾਈਧਾਰ ਦੇ ਰਾਜੇ ਯੁੱਧ ਦੀ ਸਥਿਤੀ ਪੈਦਾ ਕਰ ਰਹੇ ਹਨ ਤਾਂ ਅਸੀਂ ਆਪਣਾ ਫ਼ਰਜ਼ ਨਿਭਾਉਣ ਆ ਗਏ ਹਾਂ। 'ਸਿੱਖ ਇਤਿਹਾਸ' ਅਨੁਸਾਰ ਭੰਗਾਣੀ ਦੇ ਯੁੱਧ ਵਿੱਚ ਇਹਨਾਂ ਪੰਜਾਂ ਨੇ ਬੀਰਤਾ ਦੇ ਕਮਾਲ ਦਿਖਾਏ ਤੇ ਇਹਨਾਂ ਪੰਜਾਂ ਵਿਚੋਂ ਦੋ ਸੰਗੋ ਜੀ ਤੇ ਜੀਤ ਮੱਲ ਭੰਗਾਣੀ ਦੇ ਯੁੱਧ ਵਿੱਚ ਲੜਦੇ-ਲੜਦੇ ਸ਼ਹੀਦ ਹੋ ਗਏ। ਬਾਕੀ ਦੇ ਤਿੰਨ ਦਸ ਸਾਲ ਪਿਛੋਂ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਕੇ ਸਿੰਘ ਸੱਜ ਗਏ। ਉਹਨਾਂ ਤਿੰਨਾਂ ਦੇ ਇਤਿਹਾਸਕ ਯੋਗਦਾਨ ਬਾਰੇ ਅਜੇ ਇਤਿਹਾਸਕ ਹਵਾਲੇ ਲੱਭਣੇ ਰਹਿੰਦੇ ਹਨ। ਬੀਬੀ ਵੀਰੋ ਨੇ ਕਿੰਨੀ ਆਯੂ ਭੋਗੀ ਤੇ ਕਦੋਂ ਅਕਾਲ ਚਲਾਣਾ ਕੀਤਾ, ਇਸ ਬਾਰੇ ਵੀ ਇਤਿਹਾਸਕ ਲਿਖਤਾਂ ਵਿਚੋਂ ਅਜੇ ਭਾਲ ਕਰਨੀ ਰਹਿੰਦੀ ਹੈ।



ਇਤਿਹਾਸਕ ਸਿੱਖ ਨਾਰੀਆਂ

ਡਾ. ਗਿਆਨੀ ਭਜਨ ਸਿੰਘ
ਗਿਆਨੀ ਪ੍ਰੀਤਮ ਕੌਰ

ਭਾਗ ਦੂਜਾ

ਵਿਸ਼ੇਸ਼ ਬੀਰ ਨਾਰੀਆਂ ਤੇ ਰਾਣੀਆਂ

1. ਮਾਈ ਭਾਗੋ (ਭਾਗ ਕੌਰ)
2. ਬੀਬੀ ਅਨੂਪ ਕੌਰ
3. ਮਾਤਾ ਦੀਪ ਕੌਰ
4. ਸਰਦਾਰਨੀ ਸਦਾ ਕੌਰ
5. ਮਹਾਰਾਣੀ ਚੰਦ ਕੌਰ
6. ਮਹਾਰਾਣੀ ਜਿੰਦ ਕੌਰ (ਜਿੰਦਾਂ)
7. ਰਾਣੀ ਸਾਹਿਬ ਕੌਰ

ਮਾਈ ਭਾਗੋ (ਭਾਗ ਕੌਰ)

ਮਾਈ ਭਾਗ ਕੌਰ, ਜੋ ਇਤਿਹਾਸ ਵਿੱਚ ਮਾਈ ਭਾਗੋ ਨਾਮ ਨਾਲ ਵਧੇਰੇ ਪ੍ਰਸਿੱਧ ਹੈ, ਸਾਡੇ ਇਤਿਹਾਸ ਦੀ ਉਹ ਮਹੱਤਵ ਪੂਰਨ ਨਾਰੀ ਹੈ, ਜਿਸ ਨੇ ਆਪਣੇ ਜੀਵਨ ਕਾਲ ਵਿੱਚ ਚੜ੍ਹਦੀ ਕਲਾ ਕੁਰਬਾਨੀ ਤੇ ਸੇਵਾ ਦੇ ਖੇਤਰ ਵਿੱਚ ਮਰਦਾਂ ਦੇ ਬਰਾਬਰ ਸਿੱਖ ਨਾਰੀ ਦਾ ਆਚਰਣ ਤੇ ਬੀਰਤਾ ਦਿਖਾ ਕੇ ਸਿੱਖ ਇਤਿਹਾਸ ਵਿੱਚ ਅਮਰ ਅਸਥਾਨ ਪ੍ਰਾਪਤ ਕੀਤਾ ਹੈ। ਉਹਨੇ ਜੀਵਨ ਦੀ ਕਥਨੀ ਤੇ ਕਰਨੀ ਤੋਂ ਇਹ ਸਿੱਧ ਕੀਤਾ ਹੈ ਕਿ ਨਾਰੀ ਜਗਤ ਕਮਜ਼ੋਰ ਵਰਗ ਨਹੀਂ, ਉਹ ਜੀਵਨ ਦੇ ਹਰ ਸੰਘਰਸ਼ ਵਿੱਚ ਮਹੱਤਵ ਪੂਰਨ ਯੋਗਦਾਨ ਪਾਉਣ ਦੇ ਸਮਰੱਥ ਹੈ। ਸਾਡੇ ਇਤਿਹਾਸ ਲੇਖਕਾਂ ਵਿੱਚੋਂ ਗਿਆਨੀ ਗਿਆਨ ਸਿੰਘ, ਭਾਈ ਸੰਤੋਖ ਸਿੰਘ, ਭਾਈ ਵੀਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ ਤੇ ਪ੍ਰੋ. ਸਤਿਬੀਰ ਸਿੰਘ ਨੇ ਭਾਈ ਭਾਗੋ ਦੇ ਜੀਵਨ ਤੇ ਵਿਸ਼ੇਸ਼ ਚਾਨਣਾ ਪਾਇਆ ਹੈ। ਅਠਾਰ੍ਹਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਮਾਈ ਭਾਗੋ ਦਾ ਯੋਗਦਾਨ ਬਹੁਤੇ ਇਤਿਹਾਸਕਾਰਾਂ ਨੇ ਜ਼ਰੂਰ ਬਿਆਨ ਕੀਤਾ ਹੈ। ਮਾਈ ਭਾਗੋ ਘੁੱਗ ਵਸਦੇ ਮਾਝੇ ਦੇ ਨਗਰ ਝਬਾਲ ਦੀ ਜੰਮਪਲ ਸੂਰਬੀਰ ਨਾਰੀ ਸੀ। ਕਿਸੇ ਇਤਿਹਾਸਕਾਰ ਨੇ ਉਹਦੀ ਜਨਮ ਤਾਰੀਖ਼ ਦਾ ਜ਼ਿਕਰ ਨਹੀਂ ਕੀਤਾ। ਉਦੋਂ ਜਨਮ ਤਾਰੀਖ਼ਾਂ ਇਕ ਤਾਂ ਨੋਟ ਕਰਕੇ ਜਾਂ ਸੰਭਾਲ ਕੇ ਰੱਖਣ ਦਾ ਰਿਵਾਜ਼ ਘੱਟ ਸੀ, ਦੂਜਾ ਲੇਖਕਾਂ ਦੀ ਦ੍ਰਿਸ਼ਟੀ ਵਿੱਚ ਇਤਿਹਾਸਕ ਜੀਵਨੀ ਕਿਸੇ ਇਤਿਹਾਸਕ ਘਟਨਾ ਤੋਂ ਹੀ ਸ਼ੁਰੂ ਕਰਨ ਨੂੰ ਮਹੱਤਤਾ ਦਿੱਤੀ ਜਾਂਦੀ ਸੀ। ਇਤਨਾ ਲਿਖਿਆ ਮਿਲਦਾ ਹੈ ਕਿ ਇਸ ਦੇ ਪਿਤਾ ਦਾ ਨਾਂ ਮਾਲੋ ਸ਼ਾਹ ਸੀ। ਮਾਲੋ ਸ਼ਾਹ ਦੇ ਖ਼ਾਨਦਾਨੀ ਪਿਛੋਕੜ ਬਾਰੇ ਇਤਿਹਾਸ ਵਿੱਚ ਲਿਖਿਆ ਮਿਲਦਾ ਹੈ ਕਿ ਝਬਾਲ ਨਗਰ ਵਿੱਚ ਚੌਧਰੀ ਅਬਲ ਖ਼ੈਰ ਮੰਨਿਆ ਪ੍ਰਮੰਨਿਆ ਸਖੀ ਸਰਵਰ ਸੀ। ਇਹ ਮੁਲਤਾਨੀ ਮੱਤ ਨਾਲ ਸਬੰਧ ਰੱਖਦਾ ਸੀ। ਜਿਸ ਦੇ ਪੰਜ ਪੁੱਤਰ ਸਨ-ਜੱਸਤ੍ਰੀਆ, ਬਿੰਨਾਂ, ਸੁੰਦਰ, ਪੈਰੋ ਸ਼ਾਹ ਅਤੇ ਬਾਬਾ ਲੰਗਾਹ। ਪਹਿਲੇ ਤਿੰਨ ਭਰਾਵਾਂ ਨੂੰ ਲੋਕੀਂ ਘੱਟ ਜਾਣਦੇ ਸੀ, ਪੈਰੋ ਸ਼ਾਹ ਤੇ ਬਾਬਾ ਲੰਗਾਹ ਨਾਲ ਲੋਕਾਂ ਦੀ ਜਾਣ-ਪਛਾਣ ਸੀ। ਇਹਨਾਂ ਦੇ ਨਾਂ ਤੇ ਸ਼ਕਲਾਂ ਮੁਸਲੱਕੀਆ ਸਨ ਜੋ ਉਹਨਾਂ ਨੇ ਉਸ ਵੇਲੇ ਹਕੂਮਤ ਦੇ ਜ਼ੁਲਮਾਂ ਤੋਂ ਬਚਣ ਲਈ ਧਾਰੀਆਂ ਹੋਈਆਂ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੇਲੇ ਦੋਹਾਂ ਉਤੇ ਸਿੱਖੀ ਦਾ ਅਸਰ ਹੋਇਆ। ਗੁਰੂ ਹਰਿਗੋਬਿੰਦ ਸਾਹਿਬ ਛੇਵੀਂ ਨਾਨਕ-ਜੋਤ ਦੇ ਸਮੇਂ ਝਬਾਲ ਦੀ ਬਹੁਤੀ ਵੱਸੋਂ ਗੁਰੂ ਘਰ ਨਾਲ ਜੁੜ ਚੁੱਕੀ ਸੀ। ਖ਼ਾਸ ਕਰਕੇ ਭਾਈ ਲੰਗਾਹ ਇਸ ਇਲਾਕੇ ਵਿੱਚ ਗੁਰਮਤਿ ਵਿਚਾਰਧਾਰਾ ਦੇ ਉੱਘੇ ਪ੍ਰਚਾਰਕ ਗਿਣੇ ਜਾਣ ਲੱਗੇ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਪੁੱਤਰੀ ਬੀਬੀ ਵੀਰੋ ਦੇ ਵਿਆਹ ਦਾ ਸਮਾਂ ਆਇਆ ਤਾਂ ਰਾਜਸੀ ਅਣਸੁਖਾਵੇਂ ਹਾਲਾਤ ਦੇ ਕਾਰਨ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਪਰਿਵਾਰ ਨੂੰ ਅੰਮ੍ਰਿਤਸਰ ਤੋਂ ਝਬਾਲ

ਭੇਜ ਦਿੱਤਾ ਤੇ ਫਿਰ ਉਥੇ ਹੀ ਬੀਬੀ ਵੀਰੋ ਦਾ ਵਿਆਹ ਕੀਤਾ। ਬੀਬੀ ਵੀਰੋ ਆਪਣੇ ਪਿਤਾ ਅਤੇ ਭਰਾਵਾਂ ਵਾਂਗ ਅਧਿਆਤਮਕ ਜੀਵਨ ਵਾਲੀ ਬੀਰਤਾ ਭਰਪੂਰ ਨਾਰੀ ਸੀ। ਉਹਨੇ ਵੀ ਆਪਣਾ ਜੀਵਨ ਇਲਾਕੇ ਦੀਆਂ ਨਾਰੀਆਂ ਨੂੰ ਅਗਾਂਹਵਧੂ ਤੇ ਨਿਰਬਲ ਤੋਂ ਬਲਵਾਨ ਬਣਾਉਣ ਲਈ ਲਾ ਦਿੱਤਾ। ਉਹਦੀ ਇਲਾਕੇ ਦੇ ਨਾਰੀ ਜਗਤ ਵਿੱਚ ਚਲਾਈ ਲਹਿਰ ਦਾ ਇਕ ਨਮੂਨਾ ਤੇ ਫੁਲਵਾੜੀ ਦਾ ਫੁੱਲ ਸੀ ਮਾਈ ਭਾਗੋ।

ਸਿੱਖ ਇਤਿਹਾਸ ਵਿੱਚ ਅਣਗਿਣਤ ਸ਼ਖ਼ਸੀਅਤਾਂ ਨੂੰ ਝਬਾਲ ਨੇ ਜਨਮ ਦਿੱਤਾ ਤੇ ਇਤਿਹਾਸ ਵਿੱਚ ਉਭਰੇ ਇਹਨਾਂ ਵਿਚੋਂ ਕੁਝ ਕੁ ਨਾਂ ਇਹ ਹਨ : ਬਾਬਾ ਲੰਗਾਹ, ਜੈ ਸਿੰਘ ਕੁਮੇਦਾਨ, ਸ੍ਰ. ਗੁਰਬਖ਼ਸ਼ ਸਿੰਘ ਸ਼ਮਸ਼ੇਰ, ਸ. ਕਰਮ ਸਿੰਘ ਹਿਸਟੋਰੀਅਨ, ਤੇ ਝਬਾਲੀਏ ਵੀਰ ਸ. ਅਮਰ ਸਿੰਘ ਸ. ਸਰਮੁਖ ਸਿੰਘ ਤੇ ਸ੍ਰ. ਜਸਵੰਤ ਸਿੰਘ। ਨਾਰੀਆਂ ਵਿੱਚ ਬੀਬੀ ਵੀਰੋ ਤੇ ਮਾਈ ਭਾਗੋ ਇਤਹਾਸਕ ਨਾਰੀਆਂ ਹਨ।

ਮਾਈ ਭਾਗੋ ਦੇ ਬਚਪਨ ਦੇ ਸਮਾਚਾਰ ਘੱਟ ਮਿਲਦੇ ਹਨ। ਸਿਰਫ਼ ਇਤਨਾ ਜ਼ਿਕਰ ਹੈ ਕਿ ਉਹ ਗੁਰਮੁਖ ਖ਼ਾਨਦਾਨ ਦੀ ਬੱਚੀ ਹੋਣ ਕਾਰਨ ਬਚਪਨ ਵਿੱਚ ਹੀ ਬਾਣੀ ਪੜ੍ਹਨ ਤੇ ਕੀਰਤਨ ਸੁਣਨ ਵਿੱਚ ਵਧੇਰੇ ਰੁਚੀ ਰੱਖਦੀ ਅਤੇ ਖੇਡਣ-ਕੁੱਦਣ ਵੱਲ ਉਹਦਾ ਧਿਆਨ ਘੱਟ ਸੀ। ਬੜੀ ਛੋਟੀ ਉਮਰੇ ਉਹਨੇ ਪੰਜਾਬੀ (ਗੁਰਮੁਖੀ) ਭਾਸ਼ਾ ਦਾ ਗਿਆਨ ਪ੍ਰਾਪਤ ਕਰ ਲਿਆ। ਕਿਸ਼ੋਰ ਅਵਸਥਾ ਵਿੱਚ ਉਹਨੇ ਸ਼ਸਤਰ ਵਿਦਿਆ ਵੀ ਪ੍ਰਾਪਤ ਕਰ ਲਈ, ਖ਼ਾਸ ਕਰਕੇ ਬਰਛਾ ਚਲਾਣਾ ਅਤੇ ਨੇਜ਼ੇ ਬਾਜ਼ੀ ਉਹਦੇ ਮਨ ਭਾਉਂਦੀ ਖੇਡ ਸਨ। ਜਦ ਵੀ ਝਬਾਲ ਤੋਂ ਸੰਗਤਾਂ ਦਾ ਜੱਥਾ ਗੁਰੂ ਦਰਸ਼ਨਾਂ ਲਈ ਜਾਂਦਾ ਤਾਂ ਉਹ ਝੱਟ ਤਿਆਰ ਹੋ ਜਾਂਦੀ ਤੇ ਬੜੇ ਚਾਅ ਨਾਲ ਯਾਤਰਾ ਕਰਦੀ। ਗੁਰੂ ਤੇਗ ਬਹਾਦਰ ਸਾਹਿਬ ਦੇ ਅਨੰਦਪੁਰ ਸਾਹਿਬ ਦਰਬਾਰ ਵਿੱਚ ਉਹ ਮਾਪਿਆਂ ਨਾਲ ਗਈ। ਜਦ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਦਸਵੀਂ ਨਾਨਕ-ਜੋਤ ਬਣੇ ਤਾਂ ਦੂਜੀ ਵਾਰ ਅਨੰਦਪੁਰ ਦਰਸ਼ਨਾਂ ਲਈ ਪਰਿਵਾਰ ਤੇ ਸੰਗਤਾਂ ਨਾਲ ਗਈ। ਚਾਂਦ ਬੀਬੀ ਤੇ ਰਜ਼ੀਆ ਸੁਲਤਾਨਾ ਵਾਂਗ ਬੀਬੀ ਮਰਦਾਵੇਂ ਸੁਭਾਅ ਦੀ ਹਿੰਮਤੀ ਤੇ ਨਿੱਡਰ ਸੁਭਾਅ ਦੀ ਸੀ।

ਇਤਿਹਾਸ ਵਿੱਚ ਵਰਨਣ ਹੈ ਕਿ ਅਨੰਦਪੁਰ ਦੀ ਇਕ ਲੜਾਈ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਦੁਸ਼ਮਣ ਦੇ ਇਕ ਜੰਗੀ ਮਸਤ ਹਾਥੀ ਦਾ ਟਾਕਰਾ ਕਰਨ ਲਈ ਬਚਿੱਤਰ ਸਿੰਘ ਤੋਂ ਪਹਿਲਾਂ ਦੁਨੀ ਚੰਦ ਵੱਲ ਇਸ਼ਾਰਾ ਕੀਤਾ ਪਰ ਉਹ ਅੱਖ ਬਚਾ ਕੇ ਅਨੰਦਪੁਰ ਤੋਂ ਭੱਜ ਕੇ ਅੰਮ੍ਰਿਤਸਰ ਆ ਗਿਆ। ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਭਾਈ ਕਰਮ ਸਿੰਘ ਨੂੰ ਜਦ ਦੁਨੀ ਚੰਦ ਦੀ ਇਸ ਕਮਜ਼ੋਰੀ ਤੇ ਗੁਰੂ ਘਰ ਨੂੰ ਪਿੱਠ ਦੇਣ ਦੀ ਖ਼ਬਰ ਹੋਈ ਤਾਂ ਉਹਨਾਂ ਨੇ ਅਕਾਲ ਬੁੰਗੇ (ਸ੍ਰੀ ਅਕਾਲ ਤਖ਼ਤ ਸਾਹਿਬ) ਵਿੱਖੇ ਇਕੱਠ ਕੀਤਾ। ਉਸ ਵਿੱਚ ਫ਼ੈਸਲਾ ਹੋਇਆ ਕਿ ਗੁਰੂ ਸਾਹਿਬ ਦੀ ਸੇਵਾ ਵਿੱਚ ਦੋ ਸੌ ਸਿੰਘਾਂ ਦਾ ਜੱਥਾ ਅਨੰਦਪੁਰ ਸਾਹਿਬ ਭੇਜਿਆ ਜਾਏ। ਜਿਸ ਦੀ ਅਗਵਾਈ ਦੁਨੀ ਚੰਦ ਦੇ ਦੋ ਪੋਤਰੇ ਅਨੂਪ ਸਿੰਘ ਤੇ ਸਰੂਪ ਸਿੰਘ ਕਰਨ। ਉਹ ਆਪਣੇ ਦਾਦੇ ਦਾ ਕਲੰਕ ਧੋਣ ਲਈ ਨਿੱਤਰੇ। ਭਾਗੋ ਵੀ ਇਸ ਜੱਥੇ ਵਿੱਚ ਜਾਣ ਲਈ ਤਿਆਰ ਹੋ ਗਈ, ਪਰ ਉਹਦੇ ਮਾਪਿਆਂ ਨੇ ਨਾ ਜਾਣ ਦਿੱਤਾ। ਜੱਥੇ ਦੇ ਮੁਖੀ ਵੀ ਇਕੱਲੀ ਬੀਬੀ ਨੂੰ ਜੱਥੇ ਨਾਲ ਲਿਜਾਣ ਲਈ ਤਿਆਰ ਨਾ ਹੋਏ। ਮਾਈ ਭਾਗੋ ਨੇ ਇਸ ਸਮੇਂ ਜੋਸ਼ ਨਾਲ ਰੋਸ ਪ੍ਰਗਟ ਕੀਤਾ ਕਿ ਇਕ ਨਾਰੀ ਹੋਣ ਕਰਕੇ ਉਹਨੂੰ ਜਾਣ ਤੋਂ ਕਿਉਂ ਰੋਕਿਆ ਜਾ ਰਿਹਾ ਹੈ। ਇਹ ਕਿਉਂ ਸਮਝਿਆ ਜਾ ਰਿਹਾ ਹੈ ਕਿ

ਨਾਰੀ ਬੀਰਤਾ ਭਰਪੂਰ ਪੰਥ ਦੀ ਸੇਵਾ ਨਹੀਂ ਕਰ ਸਕਦੀ।

ਭਾਗੋ ਜੁਆਨ ਹੋ ਗਈ ਤੇ ਮਾਪਿਆਂ ਨੇ ਉਹਦਾ ਵਿਆਹ ਕਰ ਦਿੱਤਾ। ਉਹਦਾ ਵਿਆਹ ਬੜੇ ਗੁਰਸਿੱਖ ਪਰਿਵਾਰ ਦੇ ਨੌਜਵਾਨ ਨਾਲ ਹੋਇਆ। ਕੁਝ ਸਾਲ ਤਾਂ ਪਹਿਲਾਂ ਇਹ ਹੀ ਸਪੱਸ਼ਟ ਨਹੀਂ ਸੀ ਹੁੰਦਾ ਕਿ ਮਾਈ ਭਾਗੋ ਵਿਆਹੀ ਹੋਈ ਸੀ ਜਾਂ ਅਣਵਿਆਹੀ ਨਾਰੀ। ਜੇ ਵਿਆਹੀ ਹੋਈ ਸੀ ਤਾਂ ਕਿੱਥੇ ਉਹਦੇ ਸਹੁਰੇ ਸਨ ਤੇ ਉਹਦੇ ਪਤੀ ਦਾ ਕੀ ਨਾਂ ਸੀ। ਇਸ ਬਾਰੇ ਲਿਖਾਰੀਆਂ ਨੇ ਵੱਖੋ-ਵੱਖ ਸੰਕੇਤ ਦਿੱਤੇ ਹਨ। ਭਾਈ ਵੀਰ ਸਿੰਘ ਨੇ 'ਕਲਗੀਧਰ ਚਮਤਕਾਰ' ਵਿੱਚ ਲਿਖਿਆ ਹੈ ਕਿ ਮਾਈ ਭਾਗੋ ਦਾ ਪੇਕਾ ਨਗਰ ਝਬਾਲ ਸੀ. ਸਹੁਰੇ ਪੱਟੀ ਵਿੱਚ ਕਿਸੇ ਚੰਗੇ ਘਰਾਣੇ 'ਚ ਸਨ। ਗਿਆਨੀ ਪ੍ਰਤਾਪ ਸਿੰਘ ਲਿਖਦੇ ਹਨ ਕਿ ਬੀਬੀ ਭਾਗੋ ਖੇਮਕਰਨ ਲਾਗੇ ਨਗਰ ਭੂਰੇ ਵਿੱਚ ਵਿਆਹੀ ਹੋਈ ਸੀ। ਕੁਝ ਲਿਖਾਰੀ ਲਿਖਦੇ ਹਨ ਕਿ ਬੀਬੀ ਸੁਰ ਸਿੰਘ ਵਿੱਚ ਵਿਆਹੀ ਹੋਈ ਸੀ, ਜੋ ਝਬਾਲ ਤੋਂ 8 ਕਿਲੋਮੀਟਰ 'ਤੇ ਹੈ।

1704 ਈ. ਦੇ ਮੁਢਲੇ ਮਹੀਨੇ ਜਨਵਰੀ ਨੂੰ ਮੁਗਲ ਸਰਕਾਰ ਦੇ ਸੂਬਾ ਸਰਹੰਦ ਤੇ ਲਾਹੌਰ ਦੀਆਂ ਫੌਜਾਂ ਨੇ ਅਨੰਦਪੁਰ ਨੂੰ ਘੇਰਾ ਪਾ ਲਿਆ, ਉਧਰੋਂ ਬਾਈਧਾਰ ਦੇ ਹਿੰਦੂ ਰਾਜਿਆਂ ਨੇ ਵੀ ਆਪਣੀ ਸਾਰੀ ਤਾਕਤ ਇਸ ਜੰਗ ਵਿੱਚ ਲੈ ਆਂਦੀ ਤੇ ਘਮਸਾਨ ਦੀ ਜੰਗ ਸ਼ੁਰੂ ਹੋਈ। ਘੇਰਾ ਇਹੋ ਜਿਹਾ ਸੀ ਕਿ ਅਨੰਦ ਗੜ੍ਹ ਦੇ ਕਿਲ੍ਹੇ ਵਿੱਚ ਅੰਨ ਦਾਣਾ ਵੀ ਪਹੁੰਚਣਾ ਕਠਿਨ ਹੋ ਗਿਆ, ਤਾਂ ਕੁਝ ਸਿੰਘਾਂ ਵਿੱਚ ਢਹਿੰਦੀ ਕਲਾ ਤੇ ਨਿਰਾਸਤਾ ਵਧਣ ਲੱਗੀ। ਮਾਝੇ ਦੇ ਸਿੰਘਾਂ ਦਾ ਇਕ ਜੱਥਾ ਗੁਰੂ ਗੋਬਿੰਦ ਸਿੰਘ ਜੀ ਨੂੰ ਯੁੱਧ ਦੀ ਇਸ ਸਥਿਤੀ ਵਿੱਚ ਛੱਡਣ ਲਈ ਤਿਆਰ ਹੋ ਗਿਆ। ਉਹਨਾਂ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਸਾਨੂੰ ਕਿਲ੍ਹੇ ਵਿਚੋਂ ਨਿਕਲ ਜਾਣ ਦੀ ਆਗਿਆ ਦਿਉ। ਕਲਗੀਧਰ ਪਾਤਸ਼ਾਹ ਨੇ ਉਹਨਾਂ ਨੂੰ ਬੇਦਾਵਾ ਲਿਖ ਕੇ ਦੇਣ ਲਈ ਆਖਿਆ, ਉਹਨਾਂ ਝੱਟ ਲਿਖ ਦਿੱਤਾ, "ਨਾ ਤੁਸੀਂ ਸਾਡੇ ਗੁਰੂ ਤੇ ਨਾ ਅਸੀਂ ਤੁਹਾਡੇ ਸਿੱਖ।" ਜਦ ਉਹ ਕਿਲ੍ਹੇ ਤੋਂ ਬਾਹਰ ਆਏ ਤਾਂ ਦੁਸ਼ਮਣ ਦੀਆਂ ਫੌਜਾਂ ਨੇ ਇਹ ਜਾਣ ਕੇ ਰਾਹ ਦੇ ਦਿੱਤਾ ਕਿ ਇਹ ਗੁਰੂ ਜੀ ਦਾ ਸਾਥ ਛੱਡ ਕੇ ਜਾ ਰਹੇ ਹਨ।

ਜਦੋਂ ਇਹ ਮਾਝੇ ਵਿੱਚ ਪਹੁੰਚੇ ਤਾਂ ਗੁਰੂ ਘਰ ਦੇ ਪ੍ਰੇਮੀਆਂ ਵਿੱਚ ਗਮ ਤੇ ਗੁੱਸੇ ਦੀ ਲਹਿਰ ਫੈਲ ਗਈ। ਭਾਈ ਵੀਰ ਸਿੰਘ ਜੀ ਨੇ 'ਕਲਗੀਧਰ ਚਮਤਕਾਰ ਵਿੱਚ ਮਾਈ ਭਾਗੋ ਤੇ ਉਹਦੇ ਪਤੀ ਵਿਚਕਾਰ ਹੋਈ ਗੱਲਬਾਤ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਮਾਈ ਭਾਗੋ ਨੇ ਪਤੀ ਨੂੰ ਆਖਿਆ, ਚਲੋ ਸਿੰਘ ਜੀ ਆਪਣਾ ਸਰੀਰ ਗੁਰੂ ਦੇ ਅਰਪਨ ਕਰੀਏ। ਘਰ ਵਾਲਾ ਗੁਰੂ ਘਰ ਦਾ ਪ੍ਰੇਮੀ ਸੀ। ਕਹਿਣ ਲੱਗਾ ਭਾਗਵਾਨੇ ਹੁਣ ਤਾਂ ਹੱਦ ਮੁੱਕ ਗਈ। ਹੁਣ ਜੀਊਣਾ ਹਰਾਮ ਹੈ। ਮਾਈ ਭਾਗੋ ਤੁਰਤ ਆਪਣੇ ਪੇਕੇ ਨਗਰ ਝਬਾਲ ਆ ਗਈ। ਝਬਾਲ ਵਿੱਚ ਉਸ ਨੇ ਪੰਥ ਦਰਦੀਆਂ ਨੂੰ ਇਕੱਠਾ ਕੀਤਾ ਤੇ ਉਥੇ ਇਹ ਵਿਚਾਰ ਪ੍ਰਗਟ ਕੀਤਾ ਕਿ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਦੇ ਆਉਣ ਵਾਲੇ ਸਿੰਘਾਂ ਨੇ ਇਲਾਕੇ ਦੀ ਸੂਰਬੀਰਤਾ ਨੂੰ ਦਾਗ ਲਾਇਆ ਹੈ, ਇਹਨਾਂ ਨੂੰ ਇਸ ਸੰਕਟ ਸਮੇਂ ਗੁਰੂ ਜੀ ਦੀ ਸੇਵਾ ਵਿੱਚ ਹਾਜ਼ਰ ਰਹਿਣਾ ਚਾਹੀਦਾ ਸੀ। ਹੁਣ ਜੇ ਇਹ ਗੁਰੂ ਜੀ ਦਾ ਸਾਥ ਛੱਡ ਆਏ ਹਨ ਤਾਂ ਸਾਨੂੰ ਇਹਨਾਂ ਦੀ ਥਾਂ ਆਪਾ ਵਾਰਨ ਲਈ ਗੁਰੂ ਜੀ ਪਾਸ ਪਹੁੰਚਣਾ ਚਾਹੀਦਾ ਹੈ। ਸਿਆਣਿਆਂ ਨੇ ਇਹ ਸੁਝਾਅ ਦੀ ਤਾਈਦ ਕੀਤੀ। ਅਤੇ ਫੈਸਲਾ ਹੋਇਆ ਕਿ ਬੇਦਾਵਾ ਲਿਖ ਕੇ ਦੇ ਆਉਣ ਵਾਲਿਆਂ ਦੀ ਇਕੱਤਰਤਾ ਬੁਲਾਈ ਜਾਏ। ਜੱਥੇਦਾਰ ਮਹਾਂ ਸਿੰਘ ਤੋਂ ਗੁਰੂ ਜੀ ਦਾ ਸਾਥ ਛੱਡ ਕੇ

ਆਉਣ ਵਾਲਿਆਂ ਦੀ ਸੂਚੀ ਲਈ ਗਈ ਤੇ ਸਾਰੇ ਇਲਾਕੇ ਵਿਚੋਂ ਉਹਨਾਂ ਨੂੰ ਇਕੱਠਾ ਕੀਤਾ। ਮਾਈ ਭਾਗੋ ਨੇ ਉਸ ਇਕੱਠ ਵਿੱਚ ਵੀ ਸ਼ਰਧਾ ਤੇ ਜੋਸ਼ ਭਰਪੂਰ ਭਾਸ਼ਣ ਦੇਂਦਿਆਂ ਉਹਨਾਂ ਸਿੰਘਾਂ ਦੀ ਅਣਖ ਨੂੰ ਝੰਜੋੜਿਆ ਤੇ ਇਥੋਂ ਤਕ ਕਿਹਾ ਕਿ, "ਤੁਸੀਂ ਮਰਦਾਊਪੁਣਾ ਨਹੀਂ ਵਿਖਾਇਆ। ਘਰ ਤੇ ਬੱਚਿਆਂ ਦੇ ਮੋਹ ਵਿੱਚ ਆ ਕੇ ਤੁਸੀਂ ਜਾਨਾਂ ਬਚਾ ਕੇ ਆ ਗਏ ਹੋ। ਤੁਸੀਂ ਔਰਤਾਂ ਵਾਲੀਆਂ ਚੂੜੀਆਂ ਪਾ ਲਓ ਤੇ ਬਾਲ ਬੱਚਿਆਂ ਦੀ ਸੰਭਾਲ ਕਰੋ, ਅਸੀਂ ਕਲਗੀਧਰ ਜੀ ਦੀਆਂ ਸਪੁੱਤਰੀਆਂ ਤੁਹਾਡੀ ਥਾਂ ਕਿਰਪਾਨਾਂ ਤੇ ਬਰਛੇ ਲੈ ਕੇ ਗੁਰੂ ਜੀ ਦਾ ਸਾਥ ਦੇਣ ਲਈ ਜੰਗ ਲੜਨ ਜਾਂਦੀਆਂ ਹਾਂ।" ਅਜਿਹੇ ਪ੍ਰਭਾਵਸ਼ਾਲੀ ਵਿਚਾਰਾਂ ਨੇ ਉਹਨਾਂ ਸੂਰਬੀਰਾਂ ਨੂੰ ਮੁੜ ਗੁਰੂ ਜੀ ਦੀ ਸੈਨਾਂ ਵਿੱਚ ਸ਼ਾਮਲ ਹੋਣ ਲਈ ਤਿਆਰ ਕਰ ਲਿਆ।

ਮਾਈ ਭਾਗੋ ਆਪ ਮਰਦਾਵੇਂ ਲਿਬਾਸ ਵਿੱਚ ਸਿੰਘਾਂ ਵਾਂਗ ਗਾਤਰੇ ਵੱਡੀ ਕਿਰਪਾਨ ਸਜਾ ਕੇ ਹੱਥ ਵਿੱਚ ਵੱਡੇ ਫਾਲੇ ਵਾਲਾ ਬਰਛਾ ਲੈ ਕੇ ਵੰਗਾਰਦੀ ਹੋਈ ਅੱਗੇ ਲੱਗ ਤੁਰੀ। ਬੇਦਾਵਾ ਦੇਣ ਵਾਲੇ ਸਾਰੇ ਸਿੰਘ ਆਪਣੇ ਸ਼ਸਤਰ ਸਜਾ ਕੇ ਤੁਰ ਪਏ।

ਪਤਾ ਲੱਗਾ ਕਿ ਗੁਰੂ ਜੀ ਅਨੰਦਪੁਰ ਛੱਡ ਕੇ ਚਮਕੌਰ ਦੀ ਗੜ੍ਹੀ ਵਿੱਚ ਇਕ ਯੁੱਧ ਲੜਨ ਪਿਛੋਂ ਤੇ ਦੋ ਸਾਹਿਬਜ਼ਾਦਿਆਂ ਅਜੀਤ ਸਿੰਘ ਤੇ ਜੁਝਾਰ ਸਿੰਘ ਦੀ ਸ਼ਹੀਦੀ ਪਿਛੋਂ ਮਾਲਵੇ ਵਿੱਚ ਵਿਚਰ ਰਹੇ ਹਨ। ਜਦ ਇਹ ਜੱਥਾ ਮਾਲਵੇ ਵਿੱਚ ਪਹੁੰਚਿਆ ਤਾਂ ਖ਼ਬਰ ਮਿਲੀ ਕਿ ਗੁਰੂ ਗੋਬਿੰਦ ਸਿੰਘ ਜੀ ਖਿਦਰਾਣੇ ਦੀ ਢਾਬ ਤੇ ਪੁੱਜ ਚੁੱਕੇ ਹਨ ਤੇ ਦੁਸ਼ਮਣ ਦੀ ਲੱਖਾਂ ਦੀ ਗਿਣਤੀ ਵਿੱਚ ਸੈਨਾਂ ਉਹਨਾਂ ਨੂੰ ਘੇਰਨ ਦਾ ਯਤਨ ਕਰ ਰਹੀ ਹੈ। ਜੰਗ ਦਾ ਮੈਦਾਨ ਗਰਮ ਹੈ। ਇਹ ਵਾਹੋ-ਦਾਹੀ ਜੰਗ ਦੇ ਮੈਦਾਨ ਨੇੜੇ ਪਹੁੰਚੇ ਤੇ ਜੈਕਾਰੇ ਗੁੰਜਾਦਿਆਂ ਮੁਗਲਈ ਫੌਜ 'ਤੇ ਟੁੱਟ ਪਏ। ਇਹਨਾਂ ਦੇ ਜੈਕਾਰੇ ਸੁਣ ਕੇ ਖਿਦਰਾਣੇ ਦੀ ਢਾਬ ਤੋਂ ਸਿੰਘਾਂ ਨੇ ਜੁਆਬੀ ਜੈਕਾਰੇ ਛੱਡਣੇ ਸ਼ੁਰੂ ਕਰ ਦਿੱਤੇ। ਇਸ ਨਾਲ ਮੁਗਲਈ ਫੌਜ ਵਿੱਚ ਕੁਝ ਘਬਰਾਹਟ ਤੇ ਹਫੜਾ ਦਫੜੀ ਮੱਚ ਗਈ। ਉਹ ਆਪਣੇ ਆਪ ਨੂੰ ਦੁਪਾਸੜ ਜੰਗ ਵਿੱਚ ਘਿਰੇ ਮਹਿਸੂਸ ਕਰਨ ਲੱਗੇ। ਲੱਖਾਂ ਦੀ ਗਿਣਤੀ ਵਿੱਚ ਇਕੱਠੀ ਹੋਈ ਸ਼ਾਹੀ ਫੌਜ ਮਝੈਲ ਸਿੰਘਾਂ ਨਾਲ ਯੁੱਧ ਵਿੱਚ ਜੁੱਟ ਗਈ। ਬੜੀ ਲਹੂ ਵੀਟਵੀਂ ਲੜਾਈ ਹੋਈ। ਮਝੈਲ ਸਿੰਘਾਂ ਦਾ ਸਾਰਾ ਜੱਥਾ ਅਤਿ ਜ਼ਖ਼ਮੀ ਹੋ ਗਿਆ। ਦੂਜੇ ਪਾਸਿਓਂ ਕਲਗੀਧਰ ਦੇ ਸੂਰਬੀਰਾਂ ਦੀ ਅਜਿਹੀ ਚੜ੍ਹਤ ਹੋਈ ਕਿ ਮੁਗਲਈ ਫੌਜ ਦੇ ਵੱਡੇ ਵੱਡੇ ਜਰਨੈਲ ਮਾਰੇ ਗਏ ਤੇ ਬਾਕੀ ਜੰਗ ਦੇ ਮੈਦਾਨ ਵਿਚੋਂ ਭੱਜ ਉਠੇ। ਗੁਰੂ ਜੀ ਦੀ ਇਸ ਜੰਗ ਵਿਚ ਫਤਹਿ ਹੋਈ। ਇਸ ਪਿਛੋਂ ਮੁਗਲਈ ਫੌਜ ਗੁਰੂ ਗੋਬਿੰਦ ਸਿੰਘ ਜੀ ਨਾਲ ਯੁੱਧ ਕਰਨ ਲਈ ਨਹੀਂ ਆਈ।

ਗੁਰੂ ਗੋਬਿੰਦ ਸਿੰਘ ਜੀ ਯੁੱਧ ਤੋਂ ਤੁਰਤ ਬਾਅਦ ਜੰਗ ਦੇ ਮੈਦਾਨ ਵਿੱਚ ਸ਼ਹੀਦ ਤੇ ਜ਼ਖ਼ਮੀ ਹੋਣ ਵਾਲੇ ਸਿੰਘਾਂ ਪਾਸ ਪੁੱਜੇ ਤੇ ਉਹਨਾਂ ਦੇ ਚਿਹਰਿਆਂ 'ਤੇ ਪਿਆਰ ਨਾਲ ਹੱਥ ਰੱਖ ਕੇ ਅਸੀਸਾਂ ਦੇਂਦੇ ਗਏ। ਉਸ ਸਾਰੇ ਜੱਥੇ ਵਿੱਚੋਂ ਸਿਰਫ ਦੋ ਜ਼ਖ਼ਮੀ ਹਾਲੀਂ ਜਿੰਦਾ ਸਨ। ਗੁਰੂ ਜੀ ਨੇ ਤੁਰਤ ਜੱਥੇਦਾਰ ਮਹਾਂ ਸਿੰਘ ਦੇ ਮੂੰਹ ਵਿੱਚ ਪਾਣੀ ਪਾਇਆ, ਪਿਆਰ ਨਾਲ ਉਹਦਾ ਸਿਰ ਆਪਣੇ ਪੱਟਾਂ ਤੇ ਰੱਖ ਕੇ ਰੁਮਾਲ ਨਾਲ ਉਹਦਾ ਚਿਹਰਾ ਸਾਫ਼ ਕੀਤਾ। ਜਦ ਉਹਨੇ ਅੱਖਾਂ ਖੋਲ੍ਹੀਆਂ ਤਾਂ ਕਲਗੀਧਰ ਪਾਤਸ਼ਾਹ ਨੇ ਪੁੱਛਿਆ ਕਿ, "ਮੰਗ ਲੈ ਕੁਝ ?" ਮਹਾਂ ਸਿੰਘ ਨੇ ਬੜੀ ਹੌਲੀ ਆਵਾਜ਼ ਵਿੱਚ ਬੇਨਤੀ ਕੀਤੀ, "ਸੱਚੇ ਪਾਤਸ਼ਾਹ ! ਤੁਸੀਂ ਬਖ਼ਸ਼ਿੰਦ ਹੋ ਸਾਨੂੰ ਬਖ਼ਸ਼ ਲਓ ਤੇ ਜਿਹੜਾ ਅਸੀਂ ਅਨੰਦਪੁਰ ਵਿੱਚ ਬੇਦਾਵਾ ਦੇ ਆਏ ਸਾਂ, ਉਹ ਤੁਹਾਡੇ ਕੋਲ ਹੈ ਤਾਂ ਪਾੜ ਦਿਓ, ਨਹੀਂ ਤਾਂ ਸਾਡੀ ਆਤਮਾ ਨੂੰ ਮਰਨ ਪਿਛੋਂ ਵੀ ਸ਼ਾਂਤੀ ਨਹੀਂ

ਮਿਲੇਗੀ।" ਸਤਿਗੁਰੂ ਜੀ ਨੇ ਆਪਣੇ ਕਮਰਕੱਸੇ 'ਚੋਂ ਬੇਦਾਵਾ ਕੱਢਿਆ ਤੇ ਮਹਾਂ ਸਿੰਘ ਸਾਹਮਣੇ ਪਾੜ ਦਿੱਤਾ। ਸਤਿਗੁਰਾਂ ਨੇ ਫੁਰਮਾਇਆ ਕਿ, "ਅੱਜ ਇਸ ਜੰਗ ਵਿੱਚ ਸ਼ਹੀਦੀਆਂ ਪਾਣ ਵਾਲੇ ਮੁਕਤ ਹੋ ਗਏ ਹਨ।" ਇਸ ਬਚਨ ਸਦਕਾ ਖਿਦਰਾਣੇ ਦੀ ਇਸ ਢਾਬ ਨੇੜੇ ਵਸੇ ਨਗਰ ਦਾ ਨਾਂ ਮੁਕਤਸਰ ਪੈ ਗਿਆ।

ਇਸੇ ਜੰਗ ਵਿੱਚ ਮਾਈ ਭਾਗੋ ਨੇ ਆਪਣੇ ਬਰਛੇ ਨਾਲ ਗੁਰੂ ਜੀ ਦੇ ਅਨੇਕਾਂ ਵਿਰੋਧੀਆਂ ਨੂੰ ਮੌਤ ਦੀ ਘਾਟ ਉਤਾਰਿਆ। ਉਹ ਅਗੇ ਅਗੇ ਹੋ ਕੇ ਯੁੱਧ ਲੜਦੀ ਰਹੀ। ਜਦੋਂ ਉਹਦਾ ਘੋੜਾ ਜ਼ਖ਼ਮੀ ਹੋ ਕੇ ਡਿੱਗਣ ਲੱਗਾ ਤਾਂ ਮਾਈ ਭਾਗੋ ਛਾਲ ਮਾਰ ਕੇ ਤੇ ਕਿਰਪਾਨ ਮਿਆਨ ਵਿਚੋਂ ਕੱਢ ਕੇ ਗਤਕਾ ਖੇਡਦੀ ਰਹੀ। ਦੁਸ਼ਮਣ ਨੂੰ ਉਹਨੇ ਆਪਣੇ ਨੇੜੇ ਨਾ ਆਉਣ ਦਿੱਤਾ। ਅਖ਼ੀਰ ਉਹ ਸਖ਼ਤ ਜ਼ਖ਼ਮੀ ਹੋ ਕੇ ਡਿੱਗ ਪਈ। ਗੁਰੂ ਜੀ ਨੇ ਉਹਨੂੰ ਤੁਰਤ ਮਰਹੱਮ ਪੱਟੀ ਕਰਵਾ ਕੇ ਸੇਵਾ-ਸੰਭਾਲ ਦਾ ਪ੍ਰਬੰਧ ਕਰ ਦਿੱਤਾ। ਜਦ ਉਹ ਠੀਕ ਹੋਈ ਤਾਂ ਗੁਰੂ ਜੀ ਨੇ ਉਹਨੂੰ ਘਰ ਮੁੜ ਜਾਣ ਲਈ ਪੁੱਛਿਆ, ਤਾਂ ਮਾਈ ਭਾਗੋ ਕਹਿਣ ਲੱਗੀ, "ਮੈਂ ਘਰ ਤਿਆਗ ਆਈ ਹਾਂ, ਹੁਣ ਮੈਂ ਸਾਰਾ ਜੀਵਨ ਤੁਹਾਡੀ ਹਜ਼ੂਰੀ ਵਿੱਚ ਰਹਿ ਕੇ ਗੁਜ਼ਾਰਨਾ ਚਾਹੁੰਦੀ ਹਾਂ।"

ਕਿਸੇ ਇਤਿਹਾਸਕਾਰ ਨੇ ਮਾਈ ਭਾਗੋ ਦੇ ਗ੍ਰਿਹਸਥ ਜੀਵਨ ਦਾ ਵੇਰਵੇ ਸਹਿਤ ਵਰਨਣ ਨਹੀਂ ਕੀਤਾ। ਇਉਂ ਪ੍ਰਤੀਤ ਹੁੰਦਾ ਹੈ ਕਿ ਮਾਈ ਭਾਗੋ ਦੀ ਕੋਈ ਸੰਤਾਨ ਨਹੀਂ ਸੀ। ਇਹ ਵੀ ਕਿਧਰੇ ਲਿਖਿਆ ਨਹੀਂ ਮਿਲਦਾ ਕਿ ਉਹਦੇ ਪਤੀ ਪਿੱਛੇ ਆਪਣੇ ਪਿੰਡ ਹੀ ਰਹੇ ਜਾਂ ਸ਼ਹੀਦੀ ਜੱਥੇ ਨਾਲ ਆਏ ਤੇ ਸ਼ਹੀਦ ਹੋਏ। ਗੁਰੂ ਕਲਗੀਧਰ ਪਾਤਸ਼ਾਹ ਨਾਲ ਉਹ ਸਾਬੋ ਦੀ ਤਲਵੰਡੀ ਆਈ ਤੇ ਖ਼ਾਲਸੇ ਦੀ ਸੇਵਾ-ਸੰਭਾਲ ਅਥਵਾ ਗੁਰੂ ਕੇ ਲੰਗਰ ਨੂੰ ਚੰਗੇ ਤੋਂ ਚੰਗਾ ਬਣਾਉਣ ਲਈ ਸਹਿਯੋਗ ਦਿੰਦੀ ਰਹੀ। ਵੱਧ ਤੋਂ ਵੱਧ ਸਮਾਂ ਉਹ ਨਾਮ ਸਿਮਰਨ, ਕੀਰਤਨ ਤੇ ਗੁਰੂ ਜੀ ਦੇ ਵਿਚਾਰ ਪ੍ਰਵਾਹ ਵਿੱਚ ਸ਼ਾਮਲ ਹੋ ਕੇ ਬਿਤਾਉਂਦੀ ਰਹੀ। ਜਦ ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਦੇ ਸੱਦੇ ਤੇ ਦੱਖਣ ਵੱਲ ਚਲ ਪਏ ਤਾਂ ਮਾਈ ਭਾਗੋ ਵੀ ਉਹਨਾਂ ਦੇ ਨਾਲ ਹੀ ਜੱਥੇ ਵਿੱਚ ਚਲ ਪਈ। ਸਾਬੋ ਦੀ ਤਲਵੰਡੀ ਵਿੱਚ ਉਹਨੇ ਪੰਜ ਪਿਆਰਿਆਂ ਤੋਂ ਖੰਡੇ ਬਾਟੇ ਦਾ ਅੰਮ੍ਰਿਤਪਾਨ ਕੀਤਾ। ਉਹਦਾ ਨਾਂ ਭਾਗ ਕੌਰ ਰੱਖਿਆ ਗਿਆ। ਪਰ ਉਸ ਦਾ ਪ੍ਰਚਲਤ ਨਾਂ ਮਾਈ ਭਾਗੋ ਹੀ ਲੋਕਾਂ ਦੀ ਜ਼ਬਾਨ 'ਤੇ ਰਿਹਾ। ਗੁਰੂ ਜੀ ਰਾਜਪੂਤਾਨੇ ਵਿਚੋਂ ਲੰਘ ਰਹੇ ਸਨ, ਜਦੋਂ ਖ਼ਬਰ ਮਿਲੀ ਕਿ ਔਰੰਗਜ਼ੇਬ ਦੀ ਮੌਤ ਹੋ ਗਈ ਏ, ਤਾਂ ਗੁਰੂ ਜੀ ਦੱਖਣ ਵੱਲ ਜਾਣ ਦੀ ਥਾਂ ਦਿੱਲੀ ਆ ਗਏ। ਜਿਤਨਾ ਸਮਾਂ ਉਹ ਦਿੱਲੀ ਰਹੇ, ਮਾਈ ਭਾਗੋ ਵੀ ਦਿੱਲੀ ਵਿੱਚ ਰਹੀ ਤੇ ਫਿਰ ਦਸਮੇਸ਼ ਪਿਤਾ ਦੇ ਨਾਲ ਨਾਂਦੇੜ ਪਹੁੰਚ ਗਈ। ਨਾਂਦੇੜ ਵਿੱਚ ਮਾਤਾ ਸਾਹਿਬ ਕੌਰ ਦੇ ਡੇਰੇ ਤੇ ਨਾਮ ਸਿਮਰਨ ਤੇ ਸੇਵਾ-ਸੰਭਾਲ ਦੇ ਕਾਰਜ ਵਿੱਚ ਜੁੱਟੀ ਰਹੀ। ਉਹਦਾ ਨਿਤਾਪ੍ਰਤੀ ਨਿਯਮ ਸੀ ਕਿ ਗੁਰੂ ਕਲਗੀਧਰ ਪਾਤਸ਼ਾਹ ਦੇ ਸਵੇਰੇ ਦਰਸ਼ਨ ਕਰਨੇ, ਨਾਮ ਜਪਣਾ, ਸੰਗਤ ਵਿੱਚ ਬੈਠ ਕੇ ਕੀਰਤਨ ਸੁਣਨਾ ਤੇ ਗੁਰੂ ਸਾਹਿਬ ਦੇ ਬਚਨ ਸੁਣ ਕੇ ਫਿਰ ਕੁਝ ਅੰਨ ਪਾਣੀ ਛੱਕਣਾ। ਜਦੋਂ ਸੰਨ 1708 ਵਿੱਚ ਗੁਰੂ ਗੋਬਿੰਦ ਸਿੰਘ ਜੀ ਖ਼ਾਲਸੇ ਦੇ ਅਗਲੇ ਅੰਦੋਲਨ ਦੀ ਅਗਵਾਈ ਬੰਦਾ ਸਿੰਘ ਬਹਾਦਰ ਨੂੰ ਸੌਂਪ ਕੇ ਅਤੇ ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੇ ਕੇ ਜੋਤੀ ਜੋਤਿ ਸਮਾ ਗਏ ਤਾਂ ਮਾਈ ਭਾਗੋ ਵਿਆਕੁਲ ਤੇ ਉਦਾਸ ਹੋ ਗਈ। ਹਰ ਵੇਲੇ ਇਹ ਸ਼ਬਦ ਗੁਣਗੁਣਾਉਂਦੀ ਰਹਿੰਦੀ : "ਮੇਰਾ ਮਨ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ

ਕੀ ਨਿਆਈ॥" ਅਬਿਚਲ ਨਗਰ ਉਹਦਾ ਦਿਲ ਨਹੀਂ ਸੀ ਲਗਦਾ। ਇਸ ਲਈ ਉਹ ਹਜ਼ੂਰ ਸਾਹਿਬ ਤੋਂ ਚੱਲ ਕੇ ਨਾਨਕ ਝੀਰੇ ਬਿਦਰ ਆ ਗਈ। ਕੁਝ ਸਮਾਂ ਇਥੇ ਬਿਤਾਉਣ ਪਿਛੋਂ ਬਿਦਰ ਤੋਂ ਚੜ੍ਹਦੇ ਪਾਸੇ 10 ਕਿਲੋਮੀਟਰ ਜਨਵਾੜੇ ਆ ਗਈ। ਜਨਵਾੜੇ ਇਕ ਗੜ੍ਹੀ ਸੀ, ਜਿਸ 'ਤੇ ਗੁਰੂ ਨਾਨਕ ਨਾਮ ਲੇਵਾ, ਗੁਰੂ ਘਰ ਦੇ ਸ਼ਰਧਾਲੂਆਂ ਦਾ ਕਬਜ਼ਾ ਸੀ। ਉਹ ਮਾਈ ਭਾਗੋ ਦੇ ਜੀਵਨ, ਕਥਨੀ ਤੇ ਕਰਨੀ ਤੋਂ ਪ੍ਰਭਾਵਿਤ ਹੋ ਕੇ ਮਾਈ ਭਾਗੋ ਨੂੰ ਜਨਵਾੜੇ ਲੈ ਗਏ ਤੇ ਉਹਨੇ ਬਾਕੀ ਸਾਰਾ ਜੀਵਨ ਗੜ੍ਹੀ ਵਿੱਚ ਹੀ ਬਿਤਾਇਆ। ਆਪਣੇ ਜੀਵਨ ਦੀ ਇੱਛਾ ਇਹੀ ਪ੍ਰਗਟ ਕੀਤੀ ਕਿ ਮੇਰੇ ਅਕਾਲ ਚਲਾਣੇ ਪਿਛੋਂ ਸਸਕਾਰ ਭਾਵੇਂ ਇਥੇ ਜਨਵਾੜੇ ਹੀ ਕਰ ਦੇਣਾ, ਪਰ ਮੇਰੇ ਫੁੱਲ ਅਥਵਾ ਅੰਗੀਠਾ ਸਮੇਟ ਕੇ ਸ੍ਰੀ ਹਜ਼ੂਰ ਸਾਹਿਬ ਅਬਿਚੱਲ ਨਗਰ ਨਾਂਦੇੜ ਭੇਜ ਦੇਣਾ। ਇਸੇ ਤਰ੍ਹਾਂ ਹੀ ਕੀਤਾ ਗਿਆ। ਕਿਸੇ ਇਤਿਹਾਸਕਾਰ ਨੇ ਉਹਦੇ ਅਕਾਲ ਚਲਾਣੇ ਦੀ ਮਿਤੀ ਤੇ ਸਾਲ ਸਪੱਸ਼ਟ ਨਹੀਂ ਲਿਖਿਆ। ਜਨਵਾੜੇ ਦੀ ਉਸ ਗੜ੍ਹੀ ਵਿੱਚ ਜਿਥੇ ਮਾਈ ਭਾਗੋ ਰਹੀ, ਉਸ ਕਮਰੇ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਤੇ ਮਾਈ ਭਾਗੋ ਦੀ ਯਾਦਗਾਰ ਸਥਾਪਤ ਕੀਤੀ ਗਈ। ਸੰਨ 1984 ਵਿੱਚ ਬਿਦਰ ਦੇ ਦੰਗਿਆਂ ਸਮੇਂ ਇਸ ਗੁਰਦੁਆਰੇ ਨੂੰ ਅੱਗ ਲਾ ਦਿੱਤੀ ਗਈ ਸੀ, ਪਰ ਬਹੁਤਾ ਨੁਕਸਾਨ ਨਹੀਂ ਹੋਇਆ। ਇਸ ਥਾਂ ਸਰਕਾਰ ਦਾ ਕਬਜ਼ਾ ਸੀ। ਗੁਰਦੁਆਰਾ ਕਮੇਟੀ ਬਿਦਰ ਨਾਨਕ ਝੀਰਾ ਨੇ ਮੁਕੱਦਮਾ ਲੜ ਕੇ ਇਹ ਅਸਥਾਨ ਪ੍ਰਾਪਤ ਕੀਤਾ। ਹੁਣ ਇਹ ਥਾਂ ਗੁਰਦੁਆਰਾ ਕਮੇਟੀ ਬਿਦਰ ਨਾਨਕ ਝੀਰਾ ਦੇ ਪ੍ਰਬੰਧ ਹੇਠ ਹੈ।

ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਨੇੜੇ ਮਾਈ ਭਾਗੋ ਦੇ ਨਾਂ ਦਾ ਇਕ ਬੁੰਗਾ ਹੈ। ਜਿੱਥੇ ਨਾਂਦੇੜ ਵਿੱਚ ਰਹਿੰਦਿਆਂ ਮਾਈ ਭਾਗੋ ਦਾ ਨਿਵਾਸ ਸੀ। ਹੋ ਸਕਦਾ ਹੈ ਉਸ ਵਿੱਚ ਮਾਈ ਭਾਗੋ ਦੀਆਂ ਅਸਥੀਆਂ ਸੰਭਾਲੀਆਂ ਗਈਆਂ ਹੋਣ, ਫਿਰ ਸਮੇਂ ਦੇ ਗੇੜ ਨਾਲ ਉਹ ਗੋਦਾਵਰੀ ਵਿੱਚ ਜਲ-ਪ੍ਰਵਾਹ ਹੋਈਆਂ। ਮਾਈ ਭਾਗੋ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿੱਚ ਇਸ ਪ੍ਰਕਾਰ ਜਾਣਕਾਰੀ ਲਿਖੀ ਹੈ : "ਭਾਗੋ ਮਾਈ, ਢਿਲੋ ਗੋਤ ਦੀ ਉੱਚ ਅਚਾਰ ਵਾਲੀ ਇਸਤ੍ਰੀ ਪਿੰਡ ਝਬਾਲ ਜ਼ਿਲ੍ਹਾ ਅੰਮ੍ਰਿਤਸਰ ਦੀ ਵਸਨੀਕ, ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਨਿਨ ਸਿੱਖ ਭਾਈ ਲੰਗਾਹ ਦੇ ਭਾਈ ਪੇਰੋਸ਼ਾਹ ਦੀ ਔਲਾਦ ਵਿੱਚੋਂ ਸੀ, ਜਦ ਬਹੁਤ ਸਿੱਖ ਅਨੰਦਪੁਰ ਦੇ ਜੰਗ ਵਿੱਚ ਬੇਦਾਵਾ ਲਿਖ ਕੇ ਘਰੀਂ ਆ ਗਏ, ਤਦ ਇਸ ਨੇ ਉਹਨਾਂ ਨੂੰ ਧਿਕਾਰਿਆ ਤੇ ਆਪ ਘੋੜੇ ਤੇ ਸਵਾਰ ਹੋ ਕੇ ਸਿੰਘ ਭੇਸ ਧਾਰ ਕੇ ਅਜਿਹੇ ਤਰਕ ਵਾਕ ਕਹੇ, ਜਿਨ੍ਹਾਂ ਦੇ ਅਸਰ ਨਾਲ ਬਹੁਤ ਸਿੱਖ ਸਤਿਗੁਰੂ ਦੀ ਸੇਵਾ ਵਿੱਚ ਹਾਜ਼ਰ ਹੋਣ ਲਈ ਤਿਆਰ ਹੋ ਗਏ। ਸੰਮਤ 1762 ਵਿੱਚ ਭਾਗੋ ਮਾਈ ਸਿੰਘਾਂ ਨਾਲ ਸ਼ਾਮਲ ਹੋ ਕੇ ਮੁਕਤਸਰ ਦੀ ਜੰਗ ਵਿੱਚ ਵੱਡੀ ਬਹਾਦਰੀ ਨਾਲ ਲੜੀ ਤੇ ਬਹੁਤ ਘਾਇਲ ਹੋਈ। ਦਸਮੇਸ਼ ਜੀ ਨੇ ਇਸ ਦਾ ਇਲਾਜ ਕਰਵਾ ਕੇ ਰਾਜ਼ੀ ਕੀਤਾ ਅਤੇ ਅੰਮ੍ਰਿਤ ਛਕਾ ਕੇ ਭਾਗ ਕੌਰ ਬਣਾਈ, ਇਹ ਮਰਦਾਵਾਂ ਭੇਸ ਧਾਰ ਕੇ ਸਤਿਗੁਰੂ ਦੀ ਸਦਾ ਅੜਦਲ ਵਿੱਚ ਰਹਿੰਦੀ ਸੀ। ਜਦ ਗੁਰੂ ਜੀ ਅਬਿਚਲ ਨਗਰ ਅੰਤਰਧਾਨ (ਲੋਪ) ਹੋ ਗਏ। ਤਦ ਇਹ ਉਦਾਸ ਹੋ ਕੇ ਬਿਦਰ ਚਲੀ ਗਈ ਤੇ ਉਸੇ ਥਾਂ ਦੇਹ ਤਿਆਗੀ। ਇਸ ਦੇ ਨਾਮ ਦਾ ਅਬਿਚੱਲ ਨਗਰ ਵਿੱਚ ਇਕ ਬੁੰਗਾ ਹੈ, ਜਿਸ ਵਿੱਚ ਦਰਬਾਰ ਦਾ ਵੱਡਾ ਪੁਜਾਰੀ ਰਹਿੰਦਾ ਹੈ। ਇਸ ਦੇ ਬਰਛੇ ਦਾ ਫਲ ਗੁਰੂ ਸਾਹਿਬ ਦੇ ਸਿੰਘਾਸਨ 'ਤੇ ਹੁਣ ਤੱਕ ਸਨਮਾਨ ਪਾ ਰਿਹਾ ਹੈ। ਇਸ ਨੂੰ ਅਣਜਾਣ ਅਸੁਭੁਜੀ ਦੇਵੀ ਆਖਦੇ ਹਨ।"

ਸ਼੍ਰੋਮਣੀ ਕਮੇਟੀ ਵਲੋਂ ਪ੍ਰਕਾਸ਼ਤ 'ਸਿੱਖ ਇਤਿਹਾਸ' ਵਿਚ ਮਾਈ ਭਾਗੋ ਬਾਰੇ ਲਿਖਿਆ ਹੈ : "ਮੁਕਤਸਰ ਦੀ ਜੰਗ ਪਿਛੋਂ ਗੁਰੂ ਸਾਹਿਬ, ਭਾਈ ਮਹਾਂ ਸਿੰਘ ਦੇ ਸਾਹਮਣੇ ਬੇਦਾਵਾ ਪਾੜ ਕੇ ਜ਼ਖ਼ਮੀ ਪਈ ਮਾਈ ਭਾਗੋ ਪਾਸ ਪਹੁੰਚੇ, ਉਸ ਨੂੰ ਹੋਸ਼ ਵਿੱਚ ਲਿਆਂਦਾ ਤੇ ਭਾਈ ਮਹਾਂ ਸਿੰਘ ਜੀ ਦੀ ਟੁਟੀ ਗੰਢਣ ਦਾ ਹਾਲ ਦੱਸਿਆ। ਮਾਈ ਦਾ ਲੂੰ-ਲੂੰ ਖਿੜ ਗਿਆ। ਗੁਰੂ ਜੀ ਨੇ ਪ੍ਰਸੰਨ ਹੋ ਕੇ ਮਾਈ ਭਾਗੋ ਨੂੰ ਨਾਮਦਾਨ ਬਖ਼ਸ਼ਿਆ ਤੇ ਨਿੱਤ ਹਜ਼ੂਰੀ ਵਿੱਚ ਰਹਿਣ ਦੀ ਆਗਿਆ ਦਿੱਤੀ। ਜ਼ਖ਼ਮ ਰਾਜ਼ੀ ਹੋ ਜਾਣ ਪਿਛੋਂ ਗੁਰੂ ਜੀ ਨੇ ਮਾਈ ਭਾਗੋ ਨੂੰ ਅੰਮ੍ਰਿਤ ਛਕਾਇਆ ਤੇ ਮਾਈ ਭਾਗ ਕੌਰ ਬਣਾਇਆ। ਇਹ ਮਰਦਾਵੇਂ ਕੱਪੜੇ ਪਹਿਨ ਕੇ ਨਿੱਤ ਗੁਰੂ ਜੀ ਦੀ ਅਰਦਲ ਵਿੱਚ ਰਹਿੰਦੀ ਸੀ। ਨਾਂਦੇੜ ਵਿੱਚ ਆਪ ਜੀ ਦੇ ਜੋਤੀ ਜੋਤਿ ਸਮਾਉਣ ਤੱਕ ਆਪ ਜੀ ਦੀ ਹਜ਼ੂਰੀ ਵਿੱਚ ਰਹੀ। ਮਗਰੋਂ ਉਹ ਬਿਦਰ ਚਲੀ ਗਈ। ਉਥੇ ਉਸਦਾ ਦੇਹਾਂਤ ਹੋਇਆ। ਉਸ ਦੇ ਨਾਂ ਇਕ ਬੁੰਗਾ ਸ੍ਰੀ ਹਜ਼ੂਰ ਸਾਹਿਬ ਅਬਿਚਲ ਨਗਰ ਵਿੱਚ ਹੈ।"

ਡਾ. ਹਰਬੰਸ ਸਿੰਘ ਚਾਵਲਾ, ਭਾਗ ਕੌਰ ਮਾਈ ਨੂੰ ਪੰਜਾਬ ਦੀ ਪਹਿਲੀ ਸਿੱਖ ਵੀਰ ਨਾਇਕਾ ਸਿੱਧ ਕਰਦਾ ਹੈ। ਆਪਣੇ ਇਕ ਲੇਖ ਵਿੱਚ ਉਹ ਲਿਖਦੇ ਹਨ : "ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਇਹ ਅਜਿਹੀ ਕੌਮ ਨੂੰ ਜਨਮ ਦਿੱਤਾ, ਜਿਸ ਦੇ ਇਕ ਹੱਥ ਮਾਲਾ ਤੇ ਦੂਜੇ ਹੱਥ ਵਿੱਚ ਤਲਵਾਰ ਸੀ। ਭਗਤੀ ਤੇ ਸ਼ਕਤੀ ਦੇ ਸੁਮੇਲ ਨੇ ਆਣ ਵਾਲੀਆਂ ਸਦੀਆਂ ਵਿੱਚ ਅਨੇਕਾਂ ਸਿੱਖ ਸੂਰਬੀਰਾਂ ਤੇ ਸ਼ਹੀਦਾਂ ਨੂੰ ਜਨਮ ਦਿੱਤਾ। ਜਿਨ੍ਹਾਂ ਦੀਆਂ ਕੁਰਬਾਨੀਆਂ ਨੇ ਸਿੱਖ ਇਤਿਹਾਸਕ ਵਿਰਸੇ ਨੂੰ ਉਹ ਗੌਰਵ ਪ੍ਰਦਾਨ ਕੀਤਾ ਹੈ, ਜਿਸ ਦੀ ਮਿਸਾਲ ਜੇ ਅਸੰਭਵ ਨਹੀਂ ਤਾਂ ਕਠਿਨ ਜ਼ਰੂਰ ਹੈ। ਮਾਈ ਭਾਗ ਕੌਰ ਇਸ ਚੇਤਨਾ ਦੀ ਪਹਿਲੀ ਸਿੱਖ ਸੂਰਬੀਰ ਇਸਤ੍ਰੀ ਨਾਇਕਾ ਹੈ। ਜਿਸ ਨੂੰ ਡਾ. ਹਰੀ ਰਾਮ ਗੁਪਤਾ ਨੇ ਸੰਤ ਤੇ ਸਿੱਖ ਇਤਿਹਾਸ ਦੀ ਜੌਨ ਆਫ਼ ਆਰਕ ਕਹਿ ਕੇ ਸਨਮਾਨਿਆ ਤੇ ਵਡਿਆਇਆ ਹੈ। ਮਾਈ ਭਾਗੋ ਦੇ ਜੀਵਨ ਕਾਲ ਦੇ ਬਹੁਤੇ ਸਮਾਚਾਰ ਨਹੀਂ ਮਿਲਦੇ ਪਰ ਉਹ ਲੋਕ ਪਰੰਪਰਾ ਵਿੱਚ ਜੀਉਂਦੀ ਤੇ ਸਿੱਖ ਇਤਿਹਾਸ ਨੂੰ ਪ੍ਰਭਾਵਿਤ ਕਰਦੀ ਰਹੀ ਹੈ।"

ਬੀਬੀ ਅਨੂਪ ਕੌਰ

ਅਠਾਰ੍ਹਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਦੋ ਸਿੱਖ ਇਸਤਰੀਆਂ ਨੇ ਕਮਾਲ ਦੀ ਬੀਰਤਾ ਤੇ ਨਿਡਰਤਾ ਨਾਲ ਇਤਿਹਾਸ ਵਿੱਚ ਮਹੱਤਵ ਪੂਰਨ ਯੋਗਦਾਨ ਪਾਇਆ। ਗੁਰੂ ਸਾਹਿਬਾਨ ਦੀ ਬਖ਼ਸ਼ੀ ਚੜ੍ਹਦੀ ਕਲਾ ਤੇ ਮੌਤ ਤੋਂ ਨਿਡਰਤਾ ਦਾ ਸਬੂਤ ਦਿੱਤਾ ਤੇ ਇਹ ਸਾਬਤ ਕੀਤਾ ਕਿ ਗੁਰਮਤਿ ਸਿਧਾਂਤਾਂ ਅਨੁਸਾਰ ਸਿੱਖ ਨਾਰੀ ਮਰਦਾਂ ਦੇ ਬਰਾਬਰ ਹੈ ਤੇ ਜੀਵਨ ਵਿੱਚ ਹਰ ਚੁਣੌਤੀ ਤੇ ਵੰਗਾਰ ਦਾ ਟਾਕਰਾ ਕਰ ਸਕਦੀ ਹੈ। ਅਠਾਰ੍ਹਵੀਂ ਸਦੀ ਦੇ ਪਹਿਲੇ ਕੁਝ ਸਾਲਾਂ ਵਿੱਚ ਹੀ ਮਾਈ ਭਾਗੋ ਤੇ ਬੀਬੀ ਅਨੂਪ ਕੌਰ ਨੇ ਬੜੇ ਸਾਹਸ; ਤੇ ਬੀਰਤਾ ਭਰਪੂਰ ਸੰਕਟ ਦਾ ਟਾਕਰਾ ਕੀਤਾ। ਸਿੱਖਾਂ ਤੇ ਗੁਰੂ ਘਰ ਦੇ ਵਿਰੋਧੀਆਂ ਨਾਲ ਜੇ ਜੰਗ ਦੇ ਮੈਦਾਨ ਵਿੱਚ ਜੂਝਣਾ ਪਿਆ ਤਾਂ ਉਸ ਤੋਂ ਵੀ ਸੰਕੋਚ ਨਹੀਂ ਕੀਤਾ। ਸਿੱਖਾਂ ਦੇ ਸੁਨਹਿਰੀ ਇਤਿਹਾਸ ਵਿੱਚ ਇਹਨਾਂ ਦਾ ਨਾਂ ਅਮਰ ਹੋ ਗਿਆ। ਪਰ ਅਫ਼ਸੋਸ ਸਿੱਖ ਜਗਤ ਦੇ ਲਿਖਾਰੀਆਂ ਤੇ ਇਤਿਹਾਸਕਾਰਾਂ ਨੇ ਇਹਨਾਂ ਨਾਰੀਆਂ ਦੇ ਜੀਵਨ ਦੇ ਵਿਕਾਸ, ਉਚ-ਆਚਰਨ ਤੇ ਕੁਰਬਾਨੀ ਬਾਰੇ ਬਹੁਤ ਘੱਟ ਰੌਸ਼ਨੀ ਪਾਈ ਹੈ।

ਮਾਈ ਭਾਗੋ ਵਾਂਗ ਬੀਬੀ ਅਨੂਪ ਕੌਰ ਦੇ ਜਨਮ ਤੇ ਖ਼ਾਨਦਾਨੀ ਪਿਛੋਕੜ ਬਾਰੇ ਕੁਝ ਲਿਖਿਆ ਨਹੀਂ ਮਿਲਦਾ, ਸੰਕੇਤ ਮਾਤਰ ਕਿਧਰੇ ਕਿਧਰੇ ਕੋਈ ਹਵਾਲਾ ਮਿਲਦਾ ਹੈ, ਜਿਸ ਤੋਂ ਅਨੁਮਾਨ ਲਾਇਆ ਜਾ ਸਕਦਾ ਹੈ। ਜੇ ਬੀਬੀ ਅਨੂਪ ਕੌਰ ਦੀ ਆਪਾ ਵਾਰਨ ਵਾਲੀ ਕੁਰਬਾਨੀ ਪਿਛੋਂ ਮਲੇਰ ਕੋਟਲੇ ਦਾ ਨਵਾਬ ਉਸ ਨੂੰ ਕਬਰ ਵਿੱਚ ਦਫਨਾਉਣ ਦੀ ਗਲਤੀ ਨਾ ਕਰਦਾ ਤਾਂ ਸ਼ਾਇਦ ਬੰਦਾ ਸਿੰਘ ਬਹਾਦਰ ਮਲੇਰ ਕੋਟਲੇ 'ਤੇ ਹਮਲਾ ਕਰਕੇ ਅਨੂਪ ਕੌਰ ਦੀ ਲਾਸ਼ ਕਬਰ ਵਿਚੋਂ ਕੱਢ ਕੇ ਸਿੱਖ ਰਹੁ-ਰੀਤੀ ਅਨੁਸਾਰ ਉਹਦਾ ਅੰਤਮ ਸਸਕਾਰ ਨਾ ਕਰਵਾਉਂਦਾ, ਤਾਂ ਸ਼ਾਇਦ ਇਤਿਹਾਸ ਵਿੱਚ ਅਨੂਪ ਕੌਰ ਦੇ ਨਾਂ ਦਾ ਜ਼ਿਕਰ ਵੀ ਨਾ ਹੁੰਦਾ। ਆਪਣੇ ਅਣਖੀ, ਸੂਰਬੀਰ ਤੇ ਸਿੱਖੀ ਆਚਰਨ ਦਾ ਵਧੀਆ ਸਬੂਤ ਦੇਣ ਵਾਲੇ ਸਿੰਘਾਂ ਤੇ ਸਿੰਘਣੀਆਂ ਦੇ ਇਤਿਹਾਸ ਨੂੰ ਲਿਖਣ ਤੇ ਸੰਭਾਲਣ ਵੱਲ ਸਿੱਖ ਕੌਮ ਨੇ ਬੜੀ ਅਣਗਹਿਲੀ ਵਰਤੀ ਹੈ। ਅਸੀਂ ਸਿੱਖ ਵਿਰੋਧੀ ਸ਼ਕਤੀਆਂ ਦੇ ਲਿਖਾਰੀਆਂ ਦੀਆਂ ਰਿਪੋਰਟਾਂ 'ਤੇ ਹੀ ਬਹੁਤਾ ਨਿਰਭਰ ਕਰਦੇ ਰਹੇ ਹਾਂ। ਸਿੱਖਾਂ ਜਿਤਨੇ ਸੁਨਹਿਰੀ ਇਤਿਹਾਸ ਤੇ ਕਾਰਨਾਮੇ ਸ਼ਾਇਦ ਹੀ ਦੁਨੀਆਂ ਵਿੱਚ ਕਿਸੇ ਹੋਰ ਕੌਮ ਨੇ ਕੀਤੇ ਹੋਣ। ਅਨੂਪ ਕੌਰ ਵੀ ਸਾਡੀ ਇਸੇ ਅਣਗਹਿਲੀ ਦਾ ਸ਼ਿਕਾਰ ਹੋਈ ਹੈ।

ਅਨੂਪ ਕੌਰ ਜਿਸ ਪਰਿਵਾਰ ਵਿੱਚ ਜਨਮੀ ਉਹ ਅਨੰਦਪੁਰ ਨੇੜੇ ਮਾਲਵੇ ਦਾ ਗੁਰਸਿੱਖ ਪਰਿਵਾਰ ਸੀ। ਅਸੀਂ ਉਸ ਨਗਰ ਦਾ ਨਾਂ ਤੇ ਅਨੂਪ ਕੌਰ ਦੇ ਪਿਤਾ ਦਾ ਨਾਂ ਜਾਣਨ ਲਈ ਅਨੇਕਾਂ ਰਚਨਾਵਾਂ ਵੇਖੀਆਂ ਪਰ ਕਿਧਰੇ ਉਹਨਾਂ ਦੇ ਖ਼ਾਨਦਾਨੀ ਪਿਛੋਕੜ

ਦਾ ਵੇਰਵਾ ਨਜ਼ਰੀਂ ਨਹੀਂ ਪਿਆ। ਇਥੋਂ ਤੱਕ ਕਿ ਮਹਾਨ ਕੋਸ਼ ਵਿੱਚ ਭਾਈ ਕਾਨ੍ਹ ਸਿੰਘ ਨਾਭਾ ਵੀ ਇਸ ਬਾਰੇ ਕੁਝ ਬਿਆਨ ਨਹੀਂ ਕਰ ਸਕਿਆ। 1961 ਵਿੱਚ ਅਸੀਂ ਪ੍ਰਿੰਸੀਪਲ ਗੰਗਾ ਸਿੰਘ ਨਾਲ ਇਸ ਬਾਰੇ ਗੱਲ ਕੀਤੀ ਤਾਂ ਉਹਨਾਂ 'ਅੰਮ੍ਰਿਤ' ਰਸਾਲੇ ਵਿੱਚ ਛਪੇ ਇਕ ਲੇਖ ਦੇ ਆਧਾਰ 'ਤੇ ਇਹ ਜਾਣਕਾਰੀ ਦਿੱਤੀ ਕਿ ਅਨੂਪ ਕੌਰ ਦੇ ਮਾਪੇ ਦੁਆਬੇ ਨਾਲ ਲਗਦੇ ਮਾਲਵੇ ਦੇ ਇਕ ਨਗਰ ਦੇ ਰਹਿਣ ਵਾਲੇ ਸਨ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਉਹ ਸਿੱਖੀ ਦੀ ਲੋਕ-ਲਹਿਰ ਨਾਲ ਜੁੜੇ ਤੇ ਗੁਰਮਤਿ ਦੇ ਦਸੇ ਜੀਵਨ ਮਾਰਗ ਵਿੱਚ ਨਿਸਚਾ ਰਖਣ ਲੱਗ ਪਏ। ਜਦੋਂ 1664 ਈ. ਨੂੰ ਗੁਰੂ ਤੇਗ ਬਹਾਦਰ ਜੀ ਨੌਵੀਂ ਨਾਨਕ-ਜੋਤ ਬਣ ਕੇ ਬਾਬੇ ਬਕਾਲੇ ਤੋਂ ਕੀਰਤਪੁਰ ਪਹੁੰਚੇ ਤਾਂ ਉਹਨਾਂ ਸਿੱਖੀ ਦਾ ਨਵਾਂ ਕੇਂਦਰ ਮਾਖੋਵਾਲ ਦੀ ਧਰਤੀ ਖ਼ਰੀਦ ਕੇ ਅਨੰਦਪੁਰ ਨਗਰ ਵਸਾਉਣ ਦੀ ਯੋਜਨਾ ਬਣਾਈ। ਤਾਂ ਇਸ ਪਰਿਵਾਰ ਦੇ ਤਿੰਨ-ਚਾਰ ਮੁਖੀ ਗੁਰੂ ਤੇਗ ਬਹਾਦਰ ਸਾਹਿਬ ਦੇ ਦਰਸ਼ਨਾਂ ਲਈ ਅਨੰਦਪੁਰ ਆਏ। ਗੁਰੂ ਤੇਗ ਬਹਾਦਰ ਜੀ ਨੇ ਉਹਨੀਂ ਦਿਨੀਂ ਕਈ ਸਿੱਖ ਪਰਿਵਾਰਾਂ ਨੂੰ ਪ੍ਰੇਰਨਾ ਕੀਤੀ ਕਿ ਉਹ ਅਨੰਦਪੁਰ ਦੀ ਇਸ ਧਰਤੀ ਤੇ ਆਪਣੇ ਮਕਾਨ ਬਣਾਉਣ ਤੇ ਇੱਥੇ ਕਾਰੋਬਾਰ ਸ਼ੁਰੂ ਕਰਨ। ਇਸੇ ਪ੍ਰੇਰਨਾ ਦੇ ਫਲਸਰੂਪ ਤਿੰਨਾਂ ਮਲਵਈ ਸਿੱਖ ਪਰਿਵਾਰਾਂ ਨੇ ਅਨੰਦਪੁਰ ਵਿੱਚ ਆਪਣੀਆਂ ਹਵੇਲੀਆਂ ਉਸਾਰਨੀਆਂ ਅਰੰਭ ਦਿੱਤੀਆਂ ਤੇ ਅਨੰਦਪੁਰ ਦੇ ਪੱਕੇ ਵਸਨੀਕ ਬਣ ਗਏ। ਇਸ ਵਿੱਚ ਉਹਨਾਂ ਨੂੰ ਕਈ ਲਾਭ ਪ੍ਰਤੀਤ ਹੋਏ। ਇਕ ਤਾਂ ਨਵੇਂ ਨਗਰ ਵਿੱਚ ਕਾਰੋਬਾਰ ਦੀ ਵੱਧ ਸੰਭਾਵਨਾ ਸੀ ਤੇ ਦੂਜਾ ਸਤਿਗੁਰਾਂ ਦੇ ਦਰਸ਼ਨ ਦੀਦਾਰ ਨਿੱਤ ਕਰਨ ਦੀ ਤੇ ਸੰਗਤ ਵਿੱਚ ਨਾਮ ਬਾਣੀ ਦਾ ਅਨੰਦ ਮਾਣਨ ਦਾ ਮੌਕਾ ਮਿਲਣ ਦੀ ਆਸ ਪੂਰੀ ਹੁੰਦੀ ਸੀ। ਇਹਨਾਂ ਤਿੰਨ ਭਰਾਵਾਂ ਵਿਚੋਂ ਸਭ ਤੋਂ ਵੱਡਾ ਨਿਹਾਲ ਚੰਦ ਸੀ। ਤਿੰਨਾਂ ਭਰਾਵਾਂ ਦੇ ਘਰ ਕੋਈ ਸੰਤਾਨ ਨਹੀਂ ਸੀ। ਧਾਰਮਕ ਰੰਗ ਵਿੱਚ ਰੰਗੇ ਇਹ ਵਿਸ਼ਵਾਸ ਨਾਲ ਜੀਵਨ ਜੀਅ ਰਹੇ ਸਨ ਕਿ ਪ੍ਰਭੂ ਦੇ ਘਰ ਦੇਰ ਤਾਂ ਹੋ ਸਕਦੀ ਹੈ—ਹਨੇਰ ਨਹੀਂ। ਸੱਚਮੁਚ ਸਮਾਂ ਪਾ ਕੇ ਗੁਰੂ ਮਹਾਰਾਜ ਦੀ ਅਸ਼ੀਰਵਾਦ ਨਾਲ ਉਹਨਾਂ ਦੀਆਂ ਹਵੇਲੀਆਂ ਵਿੱਚ ਬਾਲ ਖੇਡਣ ਲੱਗੇ।

ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿੱਚ ਇਹਨਾਂ ਤੇ ਸਿੱਖੀ ਦਾ ਰੰਗ ਰੂਪ ਹੋਰ ਚੜ੍ਹਿਆ ਤੇ ਗੁਰਬਾਣੀ ਪੜ੍ਹਨ ਦੀ ਲਗਨ ਵਧਦੀ ਗਈ, ਪਰ ਜਦੋਂ ਕਸ਼ਮੀਰੀ ਪੰਡਤਾਂ ਦੇ ਆਉਣ ਪਿਛੋਂ ਗੁਰੂ ਤੇਗ ਬਹਾਦਰ ਸਾਹਿਬ ਨੇ ਧਰਮ ਵਿਸ਼ਵਾਸ ਦੀ ਅਜ਼ਾਦੀ ਲਈ ਆਪਣਾ ਬਲੀਦਾਨ ਦੇਣ ਦਾ ਫ਼ੈਸਲਾ ਕੀਤਾ ਤੇ ਦਿੱਲੀ ਜਾ ਕੇ ਚਾਂਦਨੀ ਚੌਂਕ ਵਿੱਚ ਸ਼ਹੀਦ ਹੋ ਗਏ, ਤਾਂ ਇਹ ਪਰਿਵਾਰ ਹੋਰ ਸ਼ਰਧਾਵਾਨ ਹੋ ਕੇ ਗੁਰੂ ਘਰ ਦੀ ਸੇਵਾ ਨੂੰ ਸਮਰਪਤ ਹੋ ਗਿਆ। ਗੁਰੂ ਗੋਬਿੰਦ ਸਿੰਘ ਜੀ ਦਸਵੀਂ ਨਾਨਕ-ਜੋਤ ਬਣੇ ਤੇ ਉਹਨਾਂ ਨੇ ਜਦ ਕੌਮ ਵਿੱਚ ਬੀਰ-ਰਸ ਪੈਦਾ ਕਰਨ ਲਈ ਢਾਡੀਆਂ ਤੇ ਕਵੀਆਂ ਨੂੰ ਠੰਡੇ ਪਏ ਖ਼ੂਨ ਨੂੰ ਗਰਮਾਉਣ ਦਾ ਕੰਮ ਸੌਂਪਿਆ ਤਾਂ ਇਹ ਕਾਰੋਬਾਰੀ ਤੇ ਵਪਾਰੀ ਪਰਿਵਾਰ ਵੀ ਸ਼ਸਤਰ ਵਿਦਿਆ ਸਿੱਖਣ ਤੇ ਘੋੜਸਵਾਰੀ ਕਰਨ ਵੱਲ ਪ੍ਰੇਰਿਤ ਹੋਇਆ।

1699 ਦੀ ਵਿਸਾਖੀ ਨੂੰ ਅਨੰਦਪੁਰ ਸਾਹਿਬ ਵਿੱਚ ਜੋ ਮਹਾਨ ਇਕੱਠ ਹੋਇਆ, ਉਸ ਲਈ ਇਹਨਾਂ ਤਿੰਨਾਂ ਪਰਿਵਾਰਾਂ ਦੀਆਂ ਹਵੇਲੀਆਂ ਸਿੱਖ ਸੰਗਤਾਂ ਦੀ ਸੇਵਾ-ਸੰਭਾਲ ਲਈ ਖੋਹਲ ਦਿੱਤੀਆਂ। ਇਹ ਉਸ ਸੰਗਤ ਵਿੱਚ ਸਾਰਾ ਪਰਿਵਾਰ ਸ਼ਾਮਲ ਸੀ, ਜਿੰਨਾਂ ਸਾਹਮਣੇ ਕਲਗੀਧਰ ਪਾਤਸ਼ਾਹ ਨੇ ਪੰਜ ਸਿਰ ਭੇਂਟ ਕਰਨ ਵਾਲੇ ਸਿੱਖਾਂ ਨੂੰ ਲਲਕਾਰਿਆ

ਤੇ ਫਿਰ ਸੀਸ ਭੇਟ ਕਰਨ ਵਾਲਿਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਪੰਜ ਪਿਆਰਿਆਂ ਦਾ ਰੂਪ ਦਿੱਤਾ। ਫਿਰ ਉਹਨਾਂ ਪੰਜਾਂ ਪਿਆਰਿਆਂ ਤੋਂ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਅੰਮ੍ਰਿਤਪਾਨ ਕੀਤਾ। ਇਉਂ ਸਿੱਖਾਂ ਨੂੰ ਸਿੰਘ ਸਜਾਉਣ ਦੀ ਲਹਿਰ ਸ਼ੁਰੂ ਹੋਈ। ਇਹ ਦ੍ਰਿਸ਼ ਇਤਨਾ ਪ੍ਰਭਾਵਸ਼ਾਲੀ ਸੀ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਨਰ-ਨਾਰੀਆਂ ਨੇ ਕੁਝ ਹੀ ਦਿਨਾਂ ਵਿੱਚ ਅੰਮ੍ਰਿਤਪਾਨ ਕੀਤਾ। ਇਹਨਾਂ ਦਿਨਾਂ ਵਿੱਚ ਹੀ ਇਹਨਾਂ ਭਰਾਵਾਂ ਨੇ ਵੀ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਤੇ ਨਿਹਾਲ ਚੰਦ ਨਿਹਾਲ ਸਿੰਘ ਬਣ ਗਿਆ। ਬਾਕੀ ਭਰਾ ਵੀ ਸਿੰਘ ਸਜ ਗਏ।

ਨਿਹਾਲ ਸਿੰਘ ਦੀ ਇਕੋ ਸੰਤਾਨ ਅਨੂਪ ਕੌਰ ਸੀ। ਬਾਕੀ ਭਰਾਵਾਂ ਦੇ ਘਰ ਸਪੁੱਤਰ ਸਨ। ਇਉਂ ਸਾਰੇ ਪਰਿਵਾਰ ਵਿੱਚ ਇਕੋ ਪੁੱਤਰੀ ਸੀ, ਜੋ ਅਤਿ ਸੁੰਦਰ ਤੇ ਪ੍ਰਭਾਵਸ਼ਾਲੀ ਨੈਣ-ਨਕਸ਼ਾਂ ਦੀ ਮਾਲਕ ਸੀ। ਇਹ ਉਦੋਂ ਕਿਸ਼ੋਰ ਅਵਸਥਾ ਵਿੱਚ ਸੀ। ਪਰ ਪਰਿਵਾਰ ਵਿੱਚ ਧਾਰਮਿਕ ਕਸ਼ਿਸ਼ ਤੇ ਗੁਰੂ ਦਰਬਾਰ ਦੀਆਂ ਸੰਗਤਾਂ ਵਿੱਚ ਜਾ ਕੇ ਕੀਤੀ ਸੇਵਾ-ਸੰਭਾਲ ਇਸ ਉਤੇ ਬਾਲਪਨ ਤੋਂ ਹੀ ਬਹੁਤ ਅਸਰ ਸੀ। ਜਦ ਪਰਿਵਾਰ ਦੇ ਮਰਦ ਅੰਮ੍ਰਿਤਧਾਰੀ ਹੋ ਗਏ ਤੇ ਉਹਨਾਂ ਦੀਆਂ ਨਾਰੀਆਂ ਵੀ ਅੰਮ੍ਰਿਤ ਛੱਕਣ ਲਈ ਤਿਆਰ ਹੋਈਆਂ ਤਾਂ ਅਨੂਪ ਕੌਰ ਨੇ ਵੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਲਈ ਮਾਪਿਆਂ ਨੂੰ ਜ਼ੋਰ ਦਿੱਤਾ ਤੇ ਇਹਨੇ ਵੀ 1699 ਵਿੱਚ ਹੀ ਅੰਮ੍ਰਿਤ ਛੱਕ ਲਿਆ। ਉਹਨਾਂ ਨੂੰ ਬੜਾ ਫ਼ਖ਼ਰ ਸੀ ਕਿ ਸੀਸ ਭੇਟ ਕਰਨ ਵਾਲਿਆਂ ਤੋਂ ਹੀ ਉਸ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਹੈ। ਉਹਦੇ ਮਨ ਨੂੰ ਵਧੇਰੇ ਖ਼ੁਸ਼ੀ ਤੇ ਸੰਤੁਸ਼ਟਤਾ ਇਸ ਕਰਕੇ ਵੀ ਸੀ ਕਿ ਉਸ ਦਿਨ ਸਮਾਗਮ ਵਿੱਚ ਗੁਰੂ ਗੋਬਿੰਦ ਸਿੰਘ ਜੀ ਸਾਹਮਣੇ ਸਨ ਤੇ ਉਹਨਾਂ ਦੀ ਰਹਿਮਤ ਭਰੀ ਨਜ਼ਰ ਉਸ ਨੂੰ ਨਸੀਬ ਹੋਈ ਸੀ। ਉਹ ਬੜੀ ਜਜ਼ਬਾਤੀ ਪਰ ਤੀਖਣ ਬੁੱਧੀ ਵਾਲੀ ਸੁੰਦਰਤਾ ਭਰਪੂਰ ਮੁਟਿਆਰ ਬਣਨ ਵੱਲ ਤੇਜ਼ੀ ਨਾਲ ਵਧ ਰਹੀ ਸੀ। ਘਰ ਦੇ ਚਾਹੁੰਦੇ ਸਨ ਕਿ ਉਹ ਔਰਤਾਂ ਵਾਲੇ ਘਰੋਗੀ ਜੀਵਨ ਵਿੱਚ ਵਧੇਰੇ ਪਰਪੱਕ ਹੋਵੇ, ਪਰ ਉਹਦੀ ਰੁਚੀ ਬੀਰ-ਰਸ ਭਰਪੂਰ ਜੀਵਨ ਜੀਉਣ ਵੱਲ ਵਧੇਰੇ ਸੀ। ਇਸੇ ਲਈ ਉਹ ਨਾਰੀਆਂ ਵਾਲੇ ਚਮਕੀਲੇ ਤੇ ਭੜਕੀਲੇ ਕਪੜੇ ਪਾਉਣ ਦੀ ਥਾਂ ਮਰਦਾਵੇਂ ਕੱਪੜੇ ਪਾਉਣ ਵੱਲ ਵਧੇਰੇ ਰੁਚਿਤ ਹੋ ਗਈ। ਘੇਟਵੇ ਪਜਾਮੇ ਤੇ ਲੰਮਾ ਕੁੜਤਾ ਪਾ ਕੇ ਗਾਤਰੇ ਕਿਰਪਾਨ ਦੇ ਕੱਮਰਕੱਸਾ ਰੱਖਣ ਲੱਗ ਪਈ। ਸੁੰਦਰ ਸਰੂਪ ਹੋਣ ਕਰਕੇ ਸਾਰੇ ਨਗਰ ਵਿੱਚ ਉਸ ਦਾ ਪਹਿਲਾਂ ਹੀ ਬੜਾ ਚਰਚਾ ਸੀ, ਪਰ ਇਸ ਨਵੇਂ ਪਹਿਰਾਵੇ ਨਾਲ ਉਹ ਸੈਂਕੜੇ ਨਾਰੀਆਂ ਵਿੱਚ ਖੜੀ ਤੁਰਤ ਪਛਾਣੀ ਜਾਂਦੀ ਤੇ ਅਨੰਦਪੁਰ ਦੀਆਂ ਔਰਤਾਂ ਵਿੱਚ ਉਹ ਖ਼ਾਲਸਈ ਸਰੂਪ ਦੀ ਮੁਖੀਆ ਜਾਪਣ ਲੱਗ ਪਈ।

ਅਨੰਦਪੁਰ ਦੀਆਂ ਛੋਟੀਆਂ ਛੋਟੀਆਂ ਲੜਾਈਆਂ ਵਿੱਚ ਉਹ ਗੁਰੂ ਮਹਾਰਾਜ ਦੇ ਦਰਬਾਰ ਵਿੱਚ ਆ ਕੇ ਸੇਵਾ ਲਈ ਆਪਣੇ ਆਪ ਨੂੰ ਹਾਜ਼ਰ ਕਰਦੀ। ਗੁਰੂ ਗੋਬਿੰਦ ਸਿੰਘ ਜੀ ਉਹਦਾ ਸਿੱਖੀ ਸਿਦਕ, ਭਰੋਸੇ ਤੇ ਸੇਵਾ ਭਾਵ ਦੇਖ ਕੇ ਬਹੁਤ ਖ਼ੁਸ਼ ਹੁੰਦੇ। ਉਹਨੂੰ ਪਹਿਲਾਂ ਕਈ ਮੌਕਿਆਂ ਤੇ ਜ਼ਖ਼ਮੀਆਂ ਦੀ ਸੇਵਾ ਸੰਭਾਲ ਦਾ ਕੰਮ ਸੌਂਪਿਆ ਗਿਆ। ਕਈ ਵਾਰ ਲੰਗਰ ਵਿੱਚ ਸੇਵਾ ਕਰਨ ਦਾ ਅਵਸਰ ਮਿਲਿਆ, ਪਰ ਉਹਦੇ ਮਨ ਦੀ ਇੱਛਾ ਸੀ ਕਿ ਉਹ ਯੁੱਧ ਦੇ ਮੈਦਾਨ ਵਿੱਚ ਜਾ ਕੇ ਲੜੇ ਅਤੇ ਵੈਰੀ ਦਾ ਟਾਕਰਾ ਕਰਨ ਲਈ ਨਿੱਤਰੇ। ਉਹ ਗੁਰੂ ਸੰਗਤ ਵਿੱਚ ਜਾ ਕੇ ਨਿਰਭਉ ਨਾਰੀ ਬਣ ਗਈ ਸੀ। ਸਵੈ-ਭਰੋਸਾ ਉਹਦੇ ਅੰਦਰੋਂ ਐਨਾ ਬਲਵਾਨ ਹੋ ਚੁੱਕਿਆ ਸੀ ਕਿ ਉਹਨੂੰ ਕੋਈ ਡਰ ਨਹੀਂ ਸੀ ਕਿ ਉਹ ਔਰਤ ਹੈ ਤੇ ਕੋਈ

ਉਹਦੀ ਇਜ਼ਤ ਨੂੰ ਹੱਥ ਪਾ ਸਕਦਾ ਹੈ। ਇਸੇ ਲਈ ਉਹ ਇਕ ਪਾਸੇ ਕਿਰਪਾਨ ਪਾਈ ਤੇ ਦੂਜੇ ਪਾਸੇ ਬਰਛਾ ਫੜੀ ਗੁਰੂ ਦਰਬਾਰ ਵਿੱਚ ਹਾਜ਼ਰੀ ਭਰਨ ਵੀ ਆਉਂਦੀ।

ਹਰ ਮਾਤਾ-ਪਿਤਾ ਦੀ ਇੱਛਾ ਹੁੰਦੀ ਹੈ ਕਿ ਉਹਨਾਂ ਦੇ ਜੁਆਨ ਬੱਚੇ ਬੱਚੀਆਂ ਗ੍ਰਿਹਸਥ ਜੀਵਨ ਵਿੱਚ ਪ੍ਰਵੇਸ਼ ਕਰਨ ਤੇ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਣ ਲਈ ਅੱਗੇ ਆਉਣ ਤੇ ਪਰਿਵਾਰ ਦੀ ਖ਼ੁਸ਼ਹਾਲੀ ਲਈ ਅੱਗੇ ਵੱਧਣ। ਬੱਚੀਆਂ ਬਾਰੇ ਮਾਪੇ ਵਧੇਰੇ ਚਿੰਤਤ ਹੁੰਦੇ ਹਨ, ਤਾਂ ਕਿ ਸਮੇਂ ਸਿਰ ਉਹਨਾਂ ਦਾ ਵਿਆਹ ਹੋਵੇ ਤੇ ਜੁਆਨੀ ਵਿੱਚ ਉਹ ਜ਼ਿੰਮੇਵਾਰੀਆਂ ਤੇ ਪਰਿਵਾਰਕ ਜੀਵਨ ਖ਼ੁਸ਼ੀ ਖ਼ੁਸ਼ੀ ਬਿਤਾਉਣ। ਇਹੀ ਗੱਲ ਨਿਹਾਲ ਸਿੰਘ ਦੇ ਪਰਿਵਾਰ ਵਿੱਚ ਚਰਚੇ ਦਾ ਵਿਸ਼ਾ ਸੀ। ਉਹ ਚਾਹੁੰਦੇ ਸਨ ਕਿ ਯੋਗ ਵਰ ਘਰ ਲੱਭ ਕੇ ਅਨੂਪ ਕੌਰ ਦਾ ਵਿਆਹ ਕਰਨ। ਜਦੋਂ ਮਾਪਿਆਂ ਦੇ ਇਸ ਵਿਚਾਰ ਦਾ ਅਨੂਪ ਕੌਰ ਨੂੰ ਪਤਾ ਲੱਗਾ ਤਾਂ ਉਹਨੇ ਮਾਪਿਆਂ ਨੂੰ ਸਾਫ ਕਿਹਾ ਕਿ ਉਹ ਅਜੇ ਵਿਆਹ ਨਹੀਂ ਕਰਵਾਉਣਾ ਚਾਹੁੰਦੀ। ਉਸ ਦੀ ਸਾਰੀ ਰੁਚੀ ਪੰਥਕ ਕਾਰਜਾਂ ਨੂੰ ਸਮਰਪਿਤ ਹੈ। ਨਾਮ ਬਾਣੀ ਦੇ ਸਦਕੇ ਉਹਦੀ ਅਤਿ ਸੁੰਦਰਤਾ ਵਾਲੇ ਚਿਹਰੇ ਤੇ ਲਾਲੀ ਭਾਅ ਮਾਰ ਰਹੀ ਸੀ। ਉਹਦੀ ਡੀਲ ਡੌਲ ਤੇ ਨੈਣ-ਨਕਸ਼ਾਂ ਨੂੰ ਦੇਖਦਿਆਂ ਕਈ ਗੁਰਸਿੱਖ ਪਰਿਵਾਰਾਂ ਵਲੋਂ ਵੀ ਉਹਦੇ ਲਈ ਰਿਸ਼ਤੇ ਦੀ ਪੇਸ਼ਕਸ਼ ਹੋਈ ਤੇ ਸਮੇਂ ਦੇ ਹਾਕਮ ਵਰਗ ਵਿੱਚ ਵੀ ਉਹਦੀ ਸੁੰਦਰਤਾ ਦੇ ਚਰਚੇ ਹੋਣ ਲੱਗੇ।

ਸੰਨ 1704 ਦੇ ਅਰੰਭ ਵਿੱਚ ਹੀ ਲੱਖਾਂ ਦੀ ਗਿਣਤੀ ਵਿੱਚ ਮੁਗਲ ਫੌਜ ਨੇ ਸੂਬਾ ਸਰਹੰਦ ਦੇ ਨਵਾਬ ਵਜ਼ੀਰ ਖ਼ਾਂ ਤੇ ਸੂਬਾ ਲਾਹੌਰ ਦੀਆਂ ਫੌਜਾਂ ਨੇ ਅਨੰਦਪੁਰ 'ਤੇ ਹਮਲਾ ਕਰ ਦਿੱਤਾ। ਬਾਈਧਾਰ ਦੇ ਹਿੰਦੂ ਰਾਜੇ ਵੀ ਉਹਨਾਂ ਨਾਲ ਮਿਲ ਗਏ। ਇਧਰੋਂ ਖ਼ਾਲਸੇ ਨੇ ਅਨੰਦਪੁਰ ਵਿੱਚ ਮੋਰਚੇ ਸੰਭਾਲ ਲਏ। ਚਾਰੇ ਪਾਸੇ ਬਣਾਏ ਛੋਟੇ ਛੋਟੇ ਕਿਲ੍ਹਿਆਂ ਵਿੱਚ ਸ਼ਸਤਰਧਾਰੀ ਸਿੰਘ ਡਟ ਗਏ। ਕਈ ਮਹੀਨੇ ਇਹ ਯੁੱਧ ਜਾਰੀ ਰਿਹਾ, ਪਰ ਅਨੰਦਪੁਰ ਨੂੰ ਹਕੂਮਤ ਦੀਆਂ ਫੌਜਾਂ ਫਤਹਿ ਨਾ ਕਰ ਸਕੀਆਂ। ਗੁਰੂ ਗੋਬਿੰਦ ਸਿੰਘ ਜੀ ਆਪ ਕਿਲ੍ਹਾ ਅਨੰਦਗੜ੍ਹ ਵਿੱਚ ਮੌਜੂਦ ਸਨ ਅਤੇ ਚਾਰੇ ਪਾਸੇ ਸਿੰਘਾਂ ਨੂੰ ਸਮੇਂ ਸਮੇਂ ਸਿਰ ਆਦੇਸ਼ ਦੇ ਰਹੇ ਸਨ। ਅਨੂਪ ਕੌਰ ਨੇ ਇਸ ਸਮੇਂ ਸਿੰਘਣੀਆਂ ਨੂੰ ਇਕੱਤਰ ਕਰਕੇ ਮੋਰਚਿਆਂ ਵਿੱਚ ਬੈਠਿਆਂ ਸਿੰਘਾਂ ਨੂੰ ਰਸਦ ਪਾਣੀ ਪਹੁੰਚਾਣ ਵਿੱਚ ਜੁੱਟੀ ਰਹੀ। ਉਹਨੂੰ ਉਦੋਂ ਬੜਾ ਦੁੱਖ ਲੱਗਾ ਜਦੋਂ ਮਾਝੇ ਦੇ ਸਿੰਘਾਂ ਦਾ ਇਕ ਜਥਾ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਦੇ ਕੇ ਅਨੰਦਪੁਰ ਛੱਡ ਕੇ ਨਿਕਲ ਗਿਆ। ਉਹ ਹੈਰਾਨ ਸੀ ਕਿ ਗੁਰੂ ਮਹਾਰਾਜ ਦੇ ਸਿੰਘ ਜ਼ੁਲਮ ਵਿਰੁੱਧ ਸੰਘਰਸ਼ ਵਿੱਚ ਆਪਾ-ਵਾਰਨ ਵਾਲੇ ਚੜ੍ਹਦੀ ਕਲਾ ਨਾਲ ਡੱਟੇ ਹੋਏ ਹਨ।

ਅਖ਼ੀਰ ਉਹ ਦਿਨ ਆਇਆ ਜਦੋਂ ਹਾਕਮ ਸ਼੍ਰੇਣੀ ਦੇ ਜਰਨੈਲਾਂ, ਕਾਜ਼ੀਆਂ ਤੇ ਬਾਈਧਾਰ ਦੇ ਰਾਜਿਆਂ ਤੇ ਪੰਡਤਾਂ ਨੇ ਕਸਮਾਂ ਖਾ ਕੇ ਇਹ ਵਚਨ ਕੀਤਾ ਕਿ ਜੇ ਗੁਰੂ ਸਾਹਿਬ ਇਕ ਵਾਰ ਅਨੰਦਪੁਰ ਛੱਡ ਦੇਣ ਤਾਂ ਅਸੀਂ ਬਾਦਸ਼ਾਹ ਨੂੰ ਕਹਿਣ ਵਾਲੇ ਬਣਾਂਗੇ ਤੇ ਲੜਾਈ ਖ਼ਤਮ ਹੋ ਜਾਏਗੀ।

ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਤੋਂ ਇਕ ਰਾਤ ਚਲੇ ਜਾਣ ਦਾ ਫ਼ੈਸਲਾ ਕੀਤਾ। ਅਨੂਪ ਕੌਰ ਨੇ ਗੁਰੂ ਮਹਾਰਾਜ ਦੀ ਸੇਵਾ ਵਿੱਚ ਹਾਜ਼ਰ ਹੋ ਕੇ ਇੱਛਾ ਪ੍ਰਗਟ ਕੀਤੀ ਕਿ ਉਹ ਵੀ ਗੁਰੂ ਮਹਾਰਾਜ ਦੇ ਪਰਿਵਾਰ ਨਾਲ ਅਨੰਦਪੁਰੋਂ ਜਾਏਗੀ ਤੇ ਗੁਰੂ ਪਰਿਵਾਰ ਦੀ ਸੇਵਾ ਵਿੱਚ ਹੀ ਹਰ ਸਮੇਂ ਰਹਿਣਾ ਚਾਹੁੰਦੀ ਹੈ। ਉਸ ਦੇ ਮਾਪੇ ਨਹੀਂ ਸੀ ਚਾਹੁੰਦੇ ਕਿ

ਉਹ ਪਰਿਵਾਰ ਨਾਲੋਂ ਨਿਖੜ ਕੇ ਰਹੇ। ਉਹਦੇ ਮਾਪੇ ਚਾਹੁੰਦੇ ਸਨ ਕਿ ਜੇ ਮੁਗਲਈ ਫੌਜ ਅਨੰਦਪੁਰ ਦੇ ਸਿੰਘਾਂ ਤੇ ਅਤਿਆਚਾਰ ਕਰਨ ਲੱਗੇ ਤਾਂ ਉਹ ਆਪਣੇ ਜੱਦੀ ਪਿੰਡ ਚਲੇ ਜਾਣ, ਪਰ ਅਨੂਪ ਕੌਰ ਗੁਰੂ ਪਰਿਵਾਰ ਦੀ ਸੇਵਾ ਵਿੱਚ ਹਾਜ਼ਰ ਰਹਿਣ ਦੀ ਇੱਛੁਕ ਸੀ। ਸੋ ਉਸੇ ਰਾਤ ਉਹ ਗੁਰੂ ਜੀ ਦੇ ਨਾਲ ਅਨੰਦਪੁਰ ਤੋਂ ਚਲ ਕੇ ਸਰਸਾ ਨਦੀ ਦੇ ਕੰਢੇ ਪਹੁੰਚੀ।

ਖਾਧੀਆਂ ਕਸਮਾਂ ਤੇ ਦਿੱਤੇ ਵਚਨਾਂ ਨੂੰ ਤੋੜ ਕੇ ਮੁਗਲਈ ਫੌਜ ਨੇ ਗੁਰੂ ਸਹਿਬ ਉਤੇ ਹਮਲਾ ਕਰ ਦਿੱਤਾ। ਬਦਲੇ ਹਾਲਾਤ ਵਿੱਚ ਗੁਰੂ ਕਲਗੀਧਰ ਪਾਤਸ਼ਾਹ ਨੇ ਤੁਗਿਆਨੀ ਭਰੀ ਸਰਸਾ ਨਦੀ ਪਾਰ ਕਰਨ ਦਾ ਫ਼ੈਸਲਾ ਕੀਤਾ। ਮਾਤਾ ਗੁਜਰੀ ਜੀ ਤੇ ਦੋ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਤੇ ਫਤਹਿ ਸਿੰਘ ਦੀ ਸੇਵਾ ਸੰਭਾਲ ਤੇ ਰਾਖੀ ਦਾ ਕਾਰਜ ਅਨੂਪ ਕੌਰ ਤੇ ਇਕ ਹੋਰ ਸਿੰਘਣੀ ਨੂੰ ਸੌਂਪਿਆ। ਇਹਨਾਂ ਦੇ ਪਿੱਛੇ ਸਿੰਘਾਂ ਦਾ ਇੱਕ ਜੱਥਾ ਸੁਰੱਖਿਆ ਲਈ ਤੋਰਿਆ ਗਿਆ। ਨਦੀ ਵਿੱਚ ਆਏ ਤੂਫ਼ਾਨ ਨੇ ਤੇ ਪਾਣੀ ਦੀ ਤੇਜ਼ ਧਾਰ ਨੇ ਜੱਥੇ ਦੇ ਪੈਰ ਨਾ ਲੱਗਣ ਦਿੱਤੇ ਤੇ ਇਹ ਜੱਥਾ ਖਿੰਡਰ ਪੁੰਡਰ ਗਿਆ। ਰਾਤ ਦੇ ਹਨੇਰੇ ਵਿੱਚ ਅਨੇਕਾਂ ਸਿੰਘ ਦਰਿਆ ਵਿੱਚ ਰੁੜ ਗਏ ਜਾਂ ਡੁੱਬ ਗਏ। ਜ਼ਖ਼ਮੀ ਹਾਲਤ ਵਿੱਚ ਅਨੂਪ ਕੌਰ ਕੁਝ ਦੂਰ ਜਾ ਕੇ ਕੰਢੇ ਲੱਗੀ ਤੇ ਰੁੱਖਾਂ ਦੇ ਇਕ ਝੁੰਡ ਵਿੱਚ ਪਈ ਰਹੀ। ਦਿਨ ਚੜ੍ਹੇ ਉਹਨੂੰ ਕਿਸੇ ਤੋਂ ਖ਼ਬਰ ਮਿਲੀ ਕਿ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਰਸੋਈਆ ਗੰਗੂ ਕਿਸੇ ਸੁਰੱਖਿਅਕ ਥਾਂ 'ਤੇ ਲੈ ਗਿਆ ਹੈ। ਫਿਰ ਉਹਨੂੰ ਕਿਸੇ ਤਰ੍ਹਾਂ ਇਹ ਸੂਚਨਾ ਵੀ ਮਿਲ ਗਈ ਕਿ ਗੁਰੂ ਗੋਬਿੰਦ ਸਿੰਘ ਜੀ ਸਿੰਘਾਂ ਦੇ ਇਕ ਜੱਥੇ ਨਾਲ ਚਮਕੌਰ ਪਹੁੰਚ ਗਏ ਹਨ। ਮੁਗਲਈ ਫੌਜ ਲੱਖਾਂ ਦੀ ਗਿਣਤੀ ਵਿੱਚ ਗੁਰੂ ਮਹਾਰਾਜ ਜੀ ਦਾ ਪਿੱਛਾ ਕਰਦੀ ਹੋਈ, ਚਮਕੌਰ ਨੂੰ ਘੇਰ ਰਹੀ ਏ। ਗੁਰੂ ਮਹਾਰਾਜ ਦਾ ਪਤਾ ਕਰਦੇ ਇਕੜ-ਦੁਕੜ ਸਿੰਘ ਅਨੂਪ ਕੌਰ ਨੂੰ ਹੋਰ ਮਿਲ ਗਏ। ਇਹਨਾਂ ਨੇ ਗੁਰੂ ਸਾਹਿਬ ਤਕ ਪਹੁੰਚ ਕੇ ਉਹਨਾਂ ਦੀ ਸੇਵਾ ਵਿੱਚ ਹਾਜ਼ਰ ਹੋਣ ਦਾ ਮਨ ਬਣਾਇਆ ਤੇ ਪੁੱਛਦੇ ਪੁਛਾਂਦੇ ਚਮਕੌਰ ਦੇ ਰਾਹ ਪੈ ਗਏ। ਚਮਕੌਰ ਨੇੜੇ ਜਾ ਕੇ ਇਕ ਬਿਰਧ ਮੁਸਲਮਾਨ ਨੇ ਇਹਨਾਂ ਨੂੰ ਰੋਕਿਆ ਤੇ ਕਿਹਾ ਕਿ, "ਤੁਸੀਂ ਅੱਗੇ ਨਾ ਜਾਉ, ਤੁਹਾਨੂੰ ਗੁਰੂ ਜੀ ਤੱਕ ਕਿਸੇ ਨਹੀਂ ਪਹੁੰਚਣ ਦੇਣਾ। ਹਕੂਮਤ ਦੀਆਂ ਫੌਜਾਂ ਨੇ ਚਮਕੌਰ ਨੂੰ ਘੇਰਿਆ ਹੋਇਆ ਏ, ਤੁਹਾਡੀ ਜਾਨ ਨੂੰ ਖ਼ਤਰਾ ਹੈ।" ਪਰ ਇਹਨਾਂ ਇਕ ਨਾ ਸੁਣੀ ਤੇ ਚਮਕੌਰ ਦੀ ਗੜ੍ਹੀ ਵੱਲ ਰਾਤ ਦੇ ਹਨੇਰੇ ਵਿੱਚ ਵਧਦੇ ਗਏ। ਮਲੇਰ ਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖ਼ਾਂ ਦੀ ਸੈਨਿਕ ਟੁਕੜੀ ਨਾਲ ਇਹਨਾਂ ਦਾ ਟਾਕਰਾ ਹੋ ਗਿਆ। ਕਈ ਪਠਾਣਾਂ ਨੂੰ ਮੌਤ ਦੇ ਘਾਟ ਉਤਾਰ ਕੇ ਦੋ ਸਿੰਘ ਸ਼ਹੀਦ ਹੋ ਗਏ ਤੇ ਅਨੂਪ ਕੌਰ ਸਖ਼ਤ ਜ਼ਖ਼ਮੀ ਹੋ ਕੇ ਬੇਹੋਸ਼ ਹੋ ਗਈ। ਦਿਨ ਦਾ ਚਾਨਣ ਹੋਇਆ, ਲਾਸ਼ਾਂ ਇਕੱਠੀਆਂ ਕਰਦਿਆਂ ਬੇਹੋਸ਼ ਅਨੂਪ ਕੌਰ ਨੂੰ ਚੁੱਕ ਕੇ ਮਲੇਰ ਕੋਟੀਏ ਨਵਾਬ ਦੇ ਤੰਬੂ ਵਿੱਚ ਲਿਆ ਕੇ ਇਹਦੀ ਮਰਹੱਮ ਪੱਟੀ ਕੀਤੀ ਗਈ ਤੇ ਹੋਸ਼ ਵਿੱਚ ਲਿਆਂਦਾ ਗਿਆ।

ਨਵਾਬ ਨੇ ਅਨੂਪ ਕੌਰ ਨੂੰ ਦੱਸਿਆ ਕਿ, "ਤੁਹਾਡੇ ਗੁਰੂ ਤਾਂ ਰਾਤ ਦੇ ਹਨੇਰੇ ਵਿੱਚ ਚਮਕੌਰ ਤੋਂ ਨਿਕਲ ਗਏ ਹਨ ਤੇ ਬਾਕੀ ਉਹਨਾਂ ਦੇ ਸਾਥੀ ਸਭ ਮਾਰੇ ਗਏ ਹਨ। ਤੂੰ ਖ਼ੁਸ਼ਕਿਸਮਤੀ ਨਾਲ ਬਚ ਗਈ ਏਂ। ਮੈਨੂੰ ਤੇਰੀ ਸੁੰਦਰਤਾ ਅਤੇ ਜੁਆਨੀ ਵੇਖ ਕੇ ਤਰਸ ਆਉਂਦਾ ਹੈ। ਇਸ ਲਈ ਮੈਂ ਤੈਨੂੰ ਆਪਣੇ ਹਰਮ ਵਿੱਚ ਰੱਖਣ ਲਈ ਮਲੇਰ ਕੋਟਲੇ ਕਰੜੇ ਪਹਿਰੇ ਵਿੱਚ ਭੇਜਦਾ ਹਾਂ। ਮੈਂ ਜਦ ਜੰਗ ਤੋਂ ਵਿਹਲਾ ਹੋ ਕੇ ਮਲੇਰ ਕੋਟਲੇ ਆਇਆ ਤਾਂ ਤੇਰੇ ਨਾਲ ਨਿਕਾਹ ਕਰਾਂਗਾ।"

ਅਨੂਪ ਕੌਰ ਨੂੰ ਸਖ਼ਤ ਪਹਿਰੇ ਵਿੱਚ ਕੈਦੀ ਬਣਾ ਕੇ, ਮਲੇਰ ਕੋਟਲੇ ਭੇਜ ਦਿੱਤਾ ਗਿਆ। ਉਥੇ ਉਹਨੂੰ ਨਵਾਬ ਦੇ ਸਾਥੀਆਂ ਨੇ ਧਰਮ ਬਦਲਣ ਲਈ ਪ੍ਰੇਰਿਆ, ਪਰ ਉਹ ਨਾ ਮੰਨੀ। ਫਿਰ ਉਹਨੂੰ ਡਰਾਵੇ ਤੇ ਧਮਕੀਆਂ ਦਿੱਤੀਆਂ, ਪਰ ਉਹ ਨਾ ਡੋਲੀ। ਨਵਾਬ ਦੇ ਵਾਪਸ ਆਉਣ ਤੇ ਉਹਦਾ ਸੱਤ ਭੰਗ ਕਰਨ ਲਈ ਵਿਉਂਤ ਬਣਾਈ ਗਈ। ਉਹਨੇ ਇਸ ਤੋਂ ਪਹਿਲਾਂ ਹੀ ਖੰਜਰ ਆਪਣੇ ਸੀਨੇ ਵਿੱਚ ਖੋਭ ਕੇ ਆਤਮ-ਹੱਤਿਆ ਕਰ ਲਈ, ਪਰ ਦੁਸ਼ਮਣਾਂ ਦੀ ਸਾਜ਼ਿਸ਼ ਨੂੰ ਨਾਕਾਮਯਾਬ ਬਣਾ ਦਿੱਤਾ। ਹਾਕਮ ਵਰਗ ਨੇ ਅਨੂਪ ਕੌਰ ਦੀ ਲਾਸ਼ ਨੂੰ ਇਲਸਾਮੀ ਢੰਗ ਨਾਲ ਕਬਰ ਖੋਦ ਕੇ ਦਫਨਾ ਦਿੱਤਾ। ਪੰਜ-ਛੇ ਸਾਲ ਪਿਛੋਂ ਬੰਦਾ ਸਿੰਘ ਬਹਾਦਰ ਨੇ ਮਲੇਰ ਕੋਟਲੇ 'ਤੇ ਹਮਲਾ ਕਰਕੇ ਅਨੂਪ ਕੌਰ ਦੀ ਲਾਸ਼ ਨੂੰ ਕਬਰ ਵਿੱਚੋਂ ਕੱਢ ਕੇ ਸਿੱਖਾਂ ਦੀ ਰਹੁ-ਰੀਤ ਅਨੁਸਾਰ ਉਹਦਾ ਅੰਤਮ ਸਸਕਾਰ ਕੀਤਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਲੋਂ ਪ੍ਰਕਾਸ਼ਤ 'ਸਿੱਖ ਇਤਿਹਾਸ' ਵਿੱਚ ਇਸ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਗਿਆ ਹੈ। "ਬੰਦਾ ਸਿੰਘ ਬਹਾਦਰ ਨੇ ਮਲੇਰਕੋਟਲੇ 'ਤੇ ਹਮਲਾ ਕੀਤਾ। ਮਲੇਰਕੋਟਲੇ ਦੇ ਪਠਾਣ ਤੇ ਹਾਕਮ ਗੁਰੂ ਜੀ ਵਿਰੁਧ ਸਨ। ਅਨੰਦਪੁਰ ਤੇ ਚਮਕੌਰ ਦੀਆਂ ਲੜਾਈਆਂ ਵਿੱਚ ਲੜੇ। ਨਾਲੇ ਅਨੰਦਪੁਰ ਛੱਡਣ ਪਿਛੋਂ ਜੋ ਜੰਗ ਸਰਸਾ ਦੇ ਕੰਢੇ ਹੋਈ, ਉਸ ਸਮੇਂ ਮਲੇਰ ਕੋਟੀਏ ਸ਼ੇਰ ਮੁਹੰਮਦ ਨੇ ਇਕ ਸਿੱਖ ਬਚੀ ਫੜ ਲਈ ਸੀ, ਉਹ ਉਸਨੂੰ ਜ਼ੋਰ ਨਾਲ ਮੁਸਲਮਾਨ ਬਣਾ ਕੇ ਘਰ ਵਸਾਉਣਾ ਚਾਹੁੰਦਾ ਸੀ। ਉਸ ਨੇ ਅਨੂਪ ਕੌਰ ਨੂੰ ਬਥੇਰੇ ਡਰ, ਦੁੱਖ ਤੇ ਲਾਲਚ ਦਿੱਤੇ ਪਰ ਉਸ ਨੇ ਸਿੱਖੀ ਸਿਦਕ ਨਾ ਹਾਰਿਆ ਤੇ ਆਪਣਾ ਸੱਤ ਨਾ ਭੰਗ ਹੋਣ ਦਿੱਤਾ। ਅਖ਼ੀਰ ਜਦ ਉਸ ਵੇਖਿਆ ਕਿ ਹੁਣ ਬਚਾਅ ਦੀ ਕੋਈ ਸੂਰਤ ਨਹੀਂ ਤਾਂ ਕਲਗੀਧਰ ਦੀ ਇਸ ਬੀਰ ਪੁੱਤਰੀ ਨੇ ਆਪਣੇ ਪੇਟ ਵਿੱਚ ਕਿਰਪਾਨ ਮਾਰ ਕੇ ਆਪਾਘਾਤ ਕਰ ਲਿਆ। ਇਸ ਤੋਂ ਬਿਨਾਂ ਸਰਹੰਦ ਦੀ ਲੜਾਈ ਵਿੱਚ ਵੀ ਇਹੋ ਸ਼ੇਰ ਮੁਹੰਮਦ ਮਲੇਰ ਕੋਟੀਏ ਤੇ ਹੋਰ ਸਿਰਕੱਢ ਪਠਾਣ ਵਜ਼ੀਰ ਖ਼ਾਂ ਦੀ ਸੱਜੀ ਬਾਂਹ ਸਨ। ਬਾਬਾ ਬੰਦਾ ਇਨ੍ਹਾਂ ਗੱਲਾਂ ਦਾ ਵੀ ਬਦਲਾ ਲੈਣਾ ਚਾਹੁੰਦੇ ਸਨ। ਇਸ ਲਈ ਮਲੇਰ ਕੋਟਲੇ 'ਤੇ ਹਮਲਾ ਕੀਤਾ ਕੁਝ ਨਵਾਬ ਤੇ ਮਾਰੇ ਗਏ ਤੇ ਕੁਝ ਨੱਠ ਗਏ। ਸ਼ਹਿਰ ਤਬਾਹ ਨਾ ਕੀਤਾ ਗਿਆ। ਬੀਬੀ ਅਨੂਪ ਕੌਰ ਦੀ ਲਾਸ਼ ਕਬਰ ਵਿਚੋਂ ਕੱਢੀ ਗਈ ਅਤੇ ਉਸ ਦਾ ਸਿੱਖ ਰਹੁ-ਰੀਤ ਮੁਜਬ ਸਸਕਾਰ ਕੀਤਾ ਗਿਆ।"

ਹੁਣ ਵੀਹਵੀਂ ਸਦੀ ਵਿੱਚ ਕੁਝ ਕਵੀਸ਼ਰਾਂ ਤੇ ਢਾਡੀਆਂ ਨੇ ਬੀਬੀ ਅਨੂਪ ਕੌਰ ਦੀ ਬੀਰਤਾ ਤੇ ਵਾਰਾਂ ਲਿਖੀਆਂ ਤੇ ਗਾਈਆਂ। ਹਰਨਾਮ ਦਾਸ ਸਹਿਰਾਈ ਨੇ ਅਨੂਪ ਕੌਰ ਦੀ ਜੀਵਨ-ਕਥਾ ਤੇ ਆਧਾਰਤ ਇਕ ਨਾਵਲ ਲਿਖਿਆ, ਪਰ ਇਸ ਦੇ ਜੀਵਨ ਤੇ ਇਤਿਹਾਸਕ ਬਿਰਤਾਂਤ ਬਾਰੇ ਅਜੇ ਬਹੁਤ ਸਾਰੀ ਖੋਜ ਕਰਨੀ ਬਾਕੀ ਹੈ।

ਮਾਤਾ ਦੀਪ ਕੌਰ

ਸਿੱਖ ਇਤਿਹਾਸ ਦੀਆਂ ਉਘੀਆਂ ਨਾਰੀਆਂ ਵਿੱਚ ਮਾਤਾ ਦੀਪ ਕੌਰ ਦਾ ਨਾਂ ਸਦਾ ਯਾਦ ਰਹੇਗਾ, ਜਿਸ ਨੇ 18ਵੀਂ ਸਦੀ ਦੇ ਪਹਿਲੇ ਦੋ-ਤਿੰਨ ਦਹਾਕਿਆਂ ਵਿੱਚ ਆਪਣੀ ਕਥਨੀ ਤੇ ਕਰਨੀ ਨਾਲ ਪੰਥ ਤੇ ਪੰਜਾਬ ਦੀ ਮਹਾਨ ਸੇਵਾ ਕੀਤੀ। ਮਨ ਦੀ ਦ੍ਰਿੜ੍ਹਤਾ, ਸਿਦਕ, ਭਰੋਸਾ ਤੇ ਗੁਰੂ ਉਪਰ ਵਿਸ਼ਵਾਸ ਨਾਲ ਉਹ ਮਰਦਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਸੰਘਰਸ਼ ਵਿੱਚ ਜਿੱਤਾਂ ਪ੍ਰਾਪਤ ਕਰਕੇ ਉਹਨੇ ਸਾਬਤ ਕੀਤਾ ਕਿ ਨਾਰੀ ਕਮਜ਼ੋਰ ਨਹੀਂ। ਦੀਪ ਕੌਰ, ਗੁਰੂ ਤੇਗ ਬਹਾਦਰ ਜੀ ਦੀ ਧਰਮ ਸੁਪਤਨੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਗੁਜਰੀ ਜੀ ਦੇ ਪੇਕੇ ਪਰਿਵਾਰ ਵਿਚ ਸ੍ਰੀ ਲਾਭ ਚੰਦ ਦੇ ਸਪੁੱਤਰ ਕਰਮ ਸਿੰਘ ਦੀ ਪਤਨੀ ਬਣ ਕੇ ਕਰਤਾਰਪੁਰ ਦੁਆਬਾ ਵਿੱਚ ਆਈ। ਆਉਂਦਿਆਂ ਹੀ ਸਿੱਖ ਲੋਕ-ਲਹਿਰ ਵਿੱਚ ਅਨੇਕਾਂ ਘੱਲੂਘਾਰਿਆਂ ਵਿੱਚ ਉਸ ਨੇ ਆਪਣੇ ਪਤੀ ਤੇ ਉਸ ਵੇਲੇ ਦੀਆਂ ਸਿੱਖ ਮਿਸਲਾਂ ਦੀ ਜੱਦੋ-ਜਹਿਦ ਵਿੱਚ ਬੜਾ ਯੋਗਦਾਨ ਪਾਇਆ, ਜੋ ਪੰਜਾਬ ਦੇ ਇਤਿਹਾਸ ਦੀ ਅਮਿਟ ਯਾਦਗਾਰ ਬਣ ਗਿਆ। ਇਸ ਦੇ ਨਾਲ ਹੀ ਇਸ ਦਾ ਪਤੀ ਕਰਮ ਸਿੰਘ ਦੁਆਬੇ ਵਿੱਚ ਉਸ ਵੇਲੇ ਦੀ ਜੱਥੇ ਬੰਦੀ ਜੋ ਮਿਸਲਾਂ ਦੇ ਰੂਪ ਵਿੱਚ ਉੱਭਰ ਰਹੀ ਸੀ, ਦਾ ਜੱਥੇਦਾਰ ਬਣ ਗਿਆ। ਨੌਜਵਾਨ ਬੀਬੀ ਦੀਪ ਕੌਰ ਦੇ ਦੋ ਕੰਮ ਸਦਾ ਯਾਦ ਰਹਿਣਗੇ। ਇਕ ਉਹਨੇ ਸਿੱਖ ਔਰਤਾਂ ਦੀ ਜੱਥੇਬੰਦੀ ਬਣਾ ਕੇ ਇਕ ਪਾਸੇ ਸ਼ਸਤਰ ਵਿਦਿਆ ਦੇਣ ਦੀ ਪਰੰਪਰਾ ਸ਼ੁਰੂ ਕਰ ਲਈ ਤੇ ਦੂਜੇ ਪਾਸੇ ਸਮੇਂ ਦੇ ਹਾਕਮਾਂ ਵਲੋਂ ਉਜਾੜੇ ਤੇ ਸ਼ਰਨਾਰਥੀ ਬਣਾਏ ਪਰਿਵਾਰਾਂ ਨੂੰ ਅਨੰਦਪੁਰ, ਕੀਰਤਪੁਰ ਵਿੱਚ ਮੁੜ ਵਸਾਉਣ ਸਮੇਂ ਮਹੱਤਵ ਪੂਰਣ ਸੇਵਾ ਕੀਤੀ। ਜਿਸ ਦੇ ਫਲਸਰੂਪ ਸ਼ਹੀਦਾਂ ਦੇ ਪਰਿਵਾਰ ਮੁੜ ਜੀਵਨ ਦੀਆਂ ਖ਼ੁਸ਼ੀਆਂ ਲੈਣ ਦੇ ਯੋਗ ਹੋ ਗਏ। ਇਸ ਦੇ ਨਾਲ ਹੀ 1704 ਈ. ਵਿੱਚ ਤਬਾਹ ਹੋਏ ਅਨੰਦਪੁਰ ਦੀ ਨਗਰੀ ਵਿੱਚ ਮੁੜ ਰੌਣਕਾਂ ਹੋਣ ਲੱਗ ਪਈਆਂ।

ਜਿਸ ਨਗਰ ਕਰਤਾਰਪੁਰ ਦੁਆਬਾ ਵਿੱਚ ਦੀਪ ਕੌਰ ਨੇ ਵਿਸ਼ੇਸ਼ ਸੇਵਾ ਕਾਰਜ ਕੀਤਾ, ਇਹ ਕਰਤਾਰਪੁਰ ਗੁਰੂ ਅਰਜਨ ਦੇਵ ਜੀ ਦਾ ਵਸਾਇਆ ਨਗਰ ਹੈ। ਗੁਰੂ ਅਰਜਨ ਦੇਵ ਜੀ ਨੇ ਦੁਆਬੇ ਵਿੱਚ ਸਿੱਖੀ ਪ੍ਰਚਾਰ ਦਾ ਇਹ ਕੇਂਦਰ ਸਥਾਪਤ ਕਰਦਿਆਂ ਇਥੇ ਇਕ ਵੱਡਾ ਲੱਕੜ ਦਾ ਥੰਮ੍ਹ ਗੱਡ ਕੇ ਜਿਸ ਅਸਥਾਨ ਦੀ ਉਸਾਰੀ ਕੀਤੀ, ਉਥੇ ਅੱਜ ਕਲ੍ਹ ਇਤਿਹਾਸਕ ਗੁਰਧਾਮ ਗੁਰਦੁਆਰਾ ਥੰਮ੍ਹ ਸਾਹਿਬ ਬਣਿਆ ਹੋਇਆ ਹੈ। ਉਸ ਦੇ ਨਾਲ ਹੀ ਫਿਰ ਛੇਵੀ ਨਾਨਕ-ਜੋਤ ਗੁਰੂ ਹਰਿਗੋਬਿੰਦ ਸਾਹਿਬ ਨੇ ਇਕ ਵਿਸ਼ੇਸ਼ ਫੌਜੀ ਦ੍ਰਿਸ਼ਟੀਕੋਣ ਨਾਲ ਕਿਲ੍ਹਾ ਉਸਾਰਿਆ ਤੇ ਦਸ ਸਾਲ ਇਸ ਕਿਲ੍ਹੇ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦਾ ਨਿਵਾਸ ਰਿਹਾ। ਕਿਲ੍ਹੇ ਅੰਦਰ ਉਹ ਨਿਵਾਸ ਅਸਥਾਨ ਸ਼ੀਸ਼ ਮਹੱਲ ਹੁਣ ਤੱਕ ਮੌਜੂਦ ਹੈ। ਇਸੇ ਕਿਲ੍ਹੇ ਵਿੱਚ ਗੁਰੂ ਪਰਿਵਾਰ ਦੇ ਮੋਢੀਆਂ ਪਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉਹ ਆਦਿ

ਬੀੜ ਹੁਣ ਤੱਕ ਸੰਭਾਲੀ ਹੋਈ ਹੈ। ਜਿਸ ਬੀੜ ਦੀ ਲਿਖਾਈ ਦਾ ਕਾਰਜ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਵਿੱਚ ਗੁ. ਰਾਮਸਰ ਦੇ ਕੰਢੇ ਬੈਠ ਕੇ ਭਾਈ ਗੁਰਦਾਸ ਜੀ ਤੋਂ ਕਰਵਾਇਆ ਸੀ। ਇਸੇ ਕਰਤਾਰਪੁਰ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੀਆਂ ਚਾਰ ਇਤਿਹਾਸਕ ਲੜਾਈਆਂ ਵਿਚੋਂ ਆਖ਼ਰੀ ਲੜਾਈ ਸਮੇਂ ਦੇ ਹਾਕਮਾਂ ਨਾਲ ਲੜੀ ਤੇ ਜਿੱਤ ਪ੍ਰਾਪਤ ਕੀਤੀ। ਇਸੇ ਕਰਤਾਰਪੁਰ ਦੇ ਯੁੱਧ ਸਮੇਂ ਗੁਰੂ ਕੀਆਂ ਫੌਜਾਂ ਸਾਹਿਬਜ਼ਾਦਾ ਤੇਗ ਬਹਾਦਰ ਦੀ ਕਮਾਨ ਹੇਠ ਲੜੀਆਂ ਸਨ। ਗੁਰਦੁਆਰਾ ਥੰਮ੍ਹ ਸਾਹਿਬ ਦੇ ਲਹਿੰਦੇ ਪਾਸੇ ਥੋੜ੍ਹੀ ਵਿੱਥ ਤੇ ਭਾਈ ਲਾਭ ਚੰਦ ਜੀ ਦਾ ਮਕਾਨ ਸੀ, ਜਿਸ ਦੀ ਭੈਣ ਗੁਜਰੀ ਜੀ ਦਾ ਵਿਆਹ (ਗੁਰੂ) ਤੇਗ ਬਹਾਦਰ ਜੀ ਨਾਲ ਹੋਇਆ। ਉਸੇ ਘਰ ਦੀਪ ਕੌਰ ਵਿਆਹੀ ਆਈ।

ਦੀਪ ਕੌਰ ਦਾ ਜਨਮ ਕਰਤਾਰਪੁਰ ਨੇੜੇ ਦਿਆਲਪੁਰ ਸ਼ਾਮੂ ਸ਼ਾਹ ਦੇ ਘਰ ਰੁਕਮਣੀ ਦੀ ਕੁਖੋਂ ਹੋਇਆ। ਮਾਪਿਆਂ ਨੇ ਲਾਡ ਪਿਆਰ ਨਾਲ ਉਸ ਦਾ ਨਾਂ ਦੀਪੋ ਰੱਖਿਆ। ਇਹ ਬਹੁਤ ਸੁੰਦਰ, ਸੋਹਣੇ ਨੈਣ-ਨਕਸ਼ ਤੇ ਚੇਤੰਨ ਬੁੱਧੀ ਵਾਲੀ ਸੀ। ਜਦ ਯੁਵਕ ਅਵਸਥਾ ਵਿੱਚ ਆਈ ਤਾਂ ਮਾਪਿਆਂ ਨੇ ਕਰਤਾਰਪੁਰ ਦੇ ਲਾਭ ਚੰਦ ਦੇ ਸਪੁੱਤਰ ਕਰਮੇ ਨਾਲ ਇਸ ਦਾ ਰਿਸ਼ਤਾ ਕਰ ਦਿੱਤਾ। ਉਸ ਸਮੇਂ ਗੱਲਬਾਤ ਪੱਕੀ ਹੋਈ ਤੇ ਵਧਾਈਆਂ ਲਈਆਂ ਦਿਤੀਆਂ ਗਈਆਂ। ਇਹ ਗੱਲ 1704 ਈ. ਦੀ ਹੈ। ਇਤਿਹਾਸਕ ਘਟਨਾਵਾਂ ਦੇ ਵੇਰਵੇ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ 1704 ਈ. ਦੇ ਅਖ਼ੀਰ ਵਿੱਚ ਅਨੰਦਪੁਰ ਛੱਡਿਆ। ਉਸ ਤੋਂ ਤੁਰੰਤ ਪਿਛੋਂ ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਗਏ ਤੇ ਸਰਹੰਦ ਵਿੱਚ ਮਾਤਾ ਗੁਜਰੀ ਜੀ ਵੀ ਸ਼ਹੀਦ ਕਰ ਦਿੱਤੀ ਗਈ। ਇਨ੍ਹਾਂ ਸ਼ਹੀਦੀਆਂ ਦਾ ਬਹੁਤ ਵੱਡਾ ਦੁੱਖ ਮਾਤਾ ਗੁਜਰੀ ਜੀ ਦੇ ਪੇਕੇ ਪਰਿਵਾਰ ਨੇ ਮਹਿਸੂਸ ਕੀਤਾ। ਇਹ ਸਾਰਾ ਸਹਿਜਧਾਰੀ ਸਿੱਖ ਪਰਿਵਾਰ ਸੀ। ਭਾਈ ਲਾਭ ਚੰਦ ਨੇ ਆਪਣੇ ਪੁੱਤਰ ਕਰਮੇ ਨੂੰ ਤਿਆਰ ਕੀਤਾ ਕਿ ਉਹ ਮਾਲਵੇ ਵਿੱਚ ਜਾ ਕੇ ਗੁਰੂ ਗੋਬਿੰਦ ਸਿੰਘ ਜੀ ਦਾ ਪਤਾ ਕਰੇ। ਗੁਜਰੀ ਜੀ ਤੇ ਚਾਰ ਸਾਹਿਬਜ਼ਾਦਿਆਂ ਦੇ ਵਿਛੋੜੇ ਤੇ ਰਜ਼ਾ ਬੁਲਾ ਕੇ ਆਏ। ਕਰਮਾ ਗੁਰੂ ਗੋਬਿੰਦ ਸਿੰਘ ਜੀ ਦਾ ਮਾਲਵੇ ਵਿੱਚ ਪਤਾ ਕਰਦਾ-ਕਰਦਾ ਸਾਬੋ ਕੀ ਤਲਵੰਡੀ ਪਹੁੰਚ ਗਿਆ। ਉਥੇ ਉਹਨੇ ਨਿਰਾਸ਼ਾ ਤੇ ਢਹਿੰਦੀ ਕਲਾ ਦੀ ਥਾਂ ਜਿਸ ਚੜ੍ਹਦੀ ਕਲਾ ਦਾ ਦ੍ਰਿਸ਼ ਵੇਖਿਆ, ਉਸ ਤੋਂ ਪ੍ਰਭਾਵਿਤ ਹੋ ਕੇ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰ ਲਿਆ। ਇਸ ਤਰ੍ਹਾਂ ਕੁਝ ਮਹੀਨਿਆਂ ਮਗਰੋਂ ਸ਼ਸਤਰਧਾਰੀ ਸਿੰਘ ਬਣ ਕੇ ਕਰਮ ਸਿੰਘ ਵਾਪਸ ਕਰਤਾਰਪੁਰ ਆਇਆ। ਸ਼ਾਮੂ ਸ਼ਾਹ ਤੇ ਉਸ ਦੇ ਭਰਾ-ਭਤੀਜਿਆਂ ਨੇ ਜਦ ਕਰਮੇ ਨੂੰ ਸਿੰਘ ਸੱਜਿਆ ਵੇਖਿਆ ਤਾਂ ਉਹ ਰਿਸ਼ਤਾ ਤੋੜ ਕੇ ਵਾਪਸ ਆਪਣੇ ਪਿੰਡ ਦਿਆਲਪੁਰ ਚਲੇ ਗਏ। ਰਿਸ਼ਤਾ ਟੁੱਟਣ ਦੀ ਗੱਲ ਦਾ ਰੁਕਮਣੀ ਅਤੇ ਦੀਪੋ ਦੇ ਮਨ 'ਤੇ ਬੜਾ ਡੂੰਘਾ ਅਸਰ ਹੋਇਆ। ਦੀਪੋ ਨੇ ਮਨ ਵਿੱਚ ਧਾਰ ਲਿਆ ਕਿ ਉਹ ਕਰਮ ਸਿੰਘ ਨੂੰ ਦਿਲੋਂ-ਮਨੋਂ ਆਪਣਾ ਪਤੀ ਸਵੀਕਾਰ ਕਰ ਚੁੱਕੀ ਹੈ, ਇਸ ਲਈ ਉਸੇ ਨਾਲ ਵਿਆਹ ਕਰਵਾਏਗੀ। ਕੋਈ ਹੋਰ ਉਸ ਦਾ ਜੀਵਨ ਸਾਥੀ ਨਹੀਂ ਬਣ ਸਕਦਾ, ਪਰ ਸਮਾਜਿਕ ਬੰਧਨ ਉਸ ਦੀ ਇੱਛਾ ਪੂਰਤੀ ਵਿੱਚ ਰੁਕਾਵਟ ਬਣ ਰਹੇ ਸਨ। ਉਹ ਆਪਣੀ ਇਕ ਸਹੇਲੀ ਨਾਲ ਉਹਦੀ ਭੈਣ ਦੇ ਘਰ ਕਰਤਾਰਪੁਰ ਗਈ, ਜਿਥੇ ਉਹਨੂੰ ਵਿਸ਼ਵਾਸ ਹੋ ਗਿਆ ਕਿ ਕਰਮ ਸਿੰਘ ਉਹਨੂੰ ਆਪਣੇ ਦਿਲ ਤੋਂ ਦੂਰ ਨਹੀਂ ਕਰ ਸਕਿਆ।

ਕਰਤਾਰਪੁਰ ਤੋਂ ਮੁੜਦਿਆਂ ਰਾਹ ਵਿੱਚ ਪਠਾਣ ਚੌਧਰੀ ਦੇ ਬੰਦਿਆਂ ਨੇ ਦੀਪੋ ਨੂੰ ਜ਼ਬਰਦਸਤੀ ਚੁੱਕ ਲਿਆ ਤੇ ਰਾਮਗੜ੍ਹ ਲੈ ਗਏ। ਜਿੱਥੋਂ ਸਿੰਘਾਂ ਦੇ ਇਕ ਜੱਥੇ ਨੇ ਉਸੇ ਦਿਨ

ਉਸ ਨੂੰ ਛੁਡਾ ਕੇ ਦਿਆਲਪੁਰ ਪੁਚਾ ਦਿੱਤਾ। ਇਸ ਨਾਲ ਦੀਪੋ ਦੇ ਪੇਕੇ ਪਰਿਵਾਰ ਨੂੰ ਸਿੰਘਾਂ ਦੀ ਬੀਰਤਾ ਤੇ ਸੇਵਾ ਨੇ ਅਜਿਹਾ ਪ੍ਰਭਾਵਤ ਕੀਤਾ ਕਿ ਉਹਨਾਂ ਦੀ ਸਿੰਘਾਂ ਬਾਰੇ ਸੋਚ ਬਦਲ ਗਈ। ਪਰ ਪਠਾਣ ਚੌਧਰੀ ਤੋਂ ਡਰਦਿਆਂ ਸ਼ਾਮੂ ਸ਼ਾਹ ਹੋਰੀਂ ਪਿੰਡ ਛੱਡ ਕੇ ਦੂਰ ਫਗਵਾੜੇ ਜਾ ਲੁੱਕੇ। ਜਿਥੋਂ ਉਹਨਾਂ ਨੂੰ ਕਰਮ ਸਿੰਘ ਦੇ ਜੱਥੇ ਦੇ ਸਿੰਘਾਂ ਨੇ ਲੱਭ ਕੇ ਮੁੜ ਦਿਆਲਪੁਰ ਲੈ ਆਂਦਾ। ਇਉਂ ਦੀਪੋ ਕਰਮ ਸਿੰਘ ਨਾਲ ਵਿਆਹ ਪਿਛੋਂ ਕਰਤਾਰਪੁਰ ਆ ਗਈ ਅਤੇ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਦੀਪੋ ਤੋਂ ਦੀਪ ਕੌਰ ਬਣ ਗਈ।

ਜੱਥੇਦਾਰ ਕਰਮ ਸਿੰਘ ਦੁਆਬੇ ਦੀ ਸਿੱਖ-ਲਹਿਰ ਦਾ ਜੱਥੇਦਾਰ ਚੁਣਿਆ ਗਿਆ। ਜਿਸ ਕਾਰਨ ਉਹਨੂੰ ਬਹੁਤਾ ਸਮਾਂ ਜੱਥੇਬੰਦੀ ਨੂੰ ਮਜਬੂਤ ਕਰਨ ਲਈ ਦੇਣਾ ਪਿਆ। ਪੂਰੀ ਚੜ੍ਹਦੀ ਕਲਾ ਨਾਲ ਪਤੀ ਦੇ ਇਸ ਕਾਰਜ ਵਿੱਚ ਪੂਰਾ ਯੋਗਦਾਨ ਪਾਣਾ ਸ਼ੁਰੂ ਕਰ ਦਿੱਤਾ। ਦੁਆਬੇ ਵਿੱਚ ਹੀ ਨਹੀਂ ਮਾਝੇ ਤੇ ਮਾਲਵੇ ਵਿੱਚ ਵੀ ਸਿੰਘਾਂ ਦੇ ਸਾਰੇ ਚੱਕਰਵਰਤੀ ਜੱਥਿਆਂ ਨੂੰ ਇਹ ਪਤਾ ਸੀ ਕਿ ਕਰਤਾਰਪੁਰ ਇਸ ਪਰਿਵਾਰ ਕਾਰਨ ਪੰਥਕ ਸੰਘਰਸ਼ ਦਾ ਕੇਂਦਰ ਹੈ। ਇਸ ਲਈ ਦੁਆਬੇ ਵਿਚੋਂ ਲੰਘਦੇ ਸਿੰਘ ਕਰਤਾਰਪੁਰ ਜ਼ਰੂਰ ਰੁਕਦੇ। ਦੀਪ ਕੌਰ ਉਹਨਾਂ ਦੀ ਸੇਵਾ ਸੰਭਾਲ ਦਾ ਕੰਮ ਆਪ ਕਰਦੀ। ਬਾਹਰਲੀ ਹਵੇਲੀ ਵਿੱਚ ਜੱਥੇ ਠਹਿਰਦੇ ਤੇ ਘਰ ਤੋਂ ਲੰਗਰ ਤਿਆਰ ਕਰਕੇ ਉਹ ਬਾਹਰਲੀ ਹਵੇਲੀ ਵਿੱਚ ਭੇਜਦੀ। ਕਰਮ ਸਿੰਘ ਆਪਣੇ ਘਰ ਕਰਤਾਰਪੁਰ ਹੋਵੇ ਜਾਂ ਨਾ, ਆਏ ਗਏ ਸਿੰਘਾਂ ਦੀ ਪੂਰੀ ਸੇਵਾ-ਸੰਭਾਲ ਹੁੰਦੀ। ਦੀਪ ਕੌਰ ਦੀ ਪ੍ਰੇਰਨਾ ਨਾਲ ਗਲੀ-ਮੁਹੱਲੇ ਦੀਆਂ ਕਈ ਇਸਤ੍ਰੀਆਂ ਇਸ ਸੇਵਾ ਵਿੱਚ ਉਸ ਦਾ ਹੱਥ ਵਟਾਉਣ ਲੱਗ ਪਈਆਂ।

ਉਸ ਨੇ ਆਸਪਾਸ ਦੀਆਂ ਹਮ-ਉਮਰ ਔਰਤਾਂ ਨੂੰ ਆਪਣੀ ਕਥਨੀ ਤੇ ਕਰਨੀ ਨਾਲ ਅਜਿਹਾ ਪ੍ਰਭਾਵਿਤ ਕੀਤਾ ਕਿ ਸਿੱਖਾਂ ਤੋਂ ਬਿਨਾਂ ਗੈਰ ਸਿੱਖ ਔਰਤਾਂ ਵੀ ਇਸ ਸੇਵਾ ਵਿੱਚ ਯੋਗਦਾਨ ਪਾਉਣ ਲੱਗ ਪਈਆਂ। ਉਹਨੇ ਆਪ ਸਿੱਖੀ ਜੀਵਨ ਦੀਆਂ ਜੋ ਵਿਸ਼ੇਸ਼ਤਾਈਆਂ ਗ੍ਰਹਿਣ ਕੀਤੀਆਂ, ਉਹਨਾਂ ਨੂੰ ਬੜੇ ਸੁਆਦਲੇ ਢੰਗ ਨਾਲ ਆਢਣਾਂ-ਗੁਆਢਣਾਂ ਵਿੱਚ ਵੰਡਿਆ। ਉਹਨੇ ਇਹ ਯਕੀਨ ਦੁਆ ਦਿੱਤਾ ਕਿ ਨਾਰੀ ਕੋਈ ਕਮਜ਼ੋਰ ਵਰਗ ਨਹੀਂ। ਇਹ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਜੀਵਨ ਵਿਕਾਸ ਵੱਲ ਕਦਮ ਪੁੱਟ ਸਕਦੀ ਹੈ। ਇਹ ਆਪਣੀ ਰੱਖਿਆ ਦੇ ਸਮਰੱਥ ਹੈ। ਆਮ ਨਾਰੀਆਂ ਵਿੱਚ ਸਵੈ- ਵਿਸ਼ਵਾਸ ਦੀ ਘਾਟ ਹੈ। ਜੇ ਉਹ ਆਪਣੇ ਆਤਮ ਵਿਸ਼ਵਾਸ ਨੂੰ ਤਕੜਾ ਕਰ ਲਵੇ ਤੇ ਚੜ੍ਹਦੀ ਕਲਾ ਨਾਲ ਜੀਵਨ ਦੇ ਹਰ ਸੰਕਟ ਦਾ ਟਾਕਰਾ ਕਰਨ ਦਾ ਦ੍ਰਿੜ੍ਹ ਇਰਾਦਾ ਕਰ ਲਵੇ, ਤਾਂ ਉਹ ਹਰ ਮੈਦਾਨ ਫਤਹਿ ਕਰਨ ਦੇ ਸਮਰੱਥ ਹੋ ਸਕਦੀ ਹੈ। ਉਹਦੀਆਂ ਇਹਨਾਂ ਗੱਲਾਂ ਦਾ ਬੜਾ ਚੰਗਾ ਅਸਰ ਹੁੰਦਾ ਗਿਆ।

ਜੱਥੇਦਾਰ ਕਰਮ ਸਿੰਘ ਜਦ ਵੀ ਕਿਸੇ ਮੁਹਿੰਮ 'ਤੇ ਜਾਂਦਾ ਜਾਂ ਕਿਸੇ ਯੁੱਧ ਖੇਤਰ ਵਿੱਚ ਭਾਗ ਲੈਣ ਲਈ ਤੁਰਦਾ ਤਾਂ ਦੀਪ ਕੌਰ ਉਹਨੂੰ ਖ਼ੁਸ਼ੀ ਖ਼ੁਸ਼ੀ ਵਿਦਾ ਕਰਦੀ। ਉਸ ਨੇ ਉਹਦੇ ਘਰੋ ਜਾਣ ਲੱਗਿਆਂ ਕਦੇ ਮਨ ਹੌਲਾ ਨਹੀਂ ਸੀ ਕੀਤਾ। ਕਦੀ ਉਦਾਸੀ ਪ੍ਰਗਟ ਨਹੀਂ ਕੀਤੀ। ਸਗੋਂ ਮੁਸਕਰਾਉਂਦਿਆਂ ਖਿੜੇ ਮਥੇ ਗੁਰਬਾਣੀ ਦੀਆਂ ਤੁੱਕਾਂ ਰਾਹੀਂ ਸ਼ੁਭ ਕਾਮਨਾਵਾਂ ਭੇਟ ਕਰਦਿਆਂ ਤੋਰਦੀ ਰਹੀ। ਪਹਿਲਾਂ ਪਹਿਲ ਉਹ ਬਾਹਰਲੀ ਹਵੇਲੀ ਤੱਕ ਵੀ ਨਹੀਂ ਸੀ ਜਾਂਦੀ, ਕਿਉਂਕਿ ਸਮੇਂ ਦੇ ਰਿਵਾਜ ਅਨੁਸਾਰ ਔਰਤਾਂ ਘਰ ਦੀ ਚਾਰਦੀਵਾਰੀ ਵਿੱਚ ਹੀ ਰਹਿੰਦੀਆਂ ਸਨ। ਹਨੇਰੇ ਸਵੇਰੇ ਹੀ ਬਾਹਰ ਖੇਤਾਂ ਵਿੱਚ ਜਾਂਦੀਆਂ। ਦੀਪ ਕੌਰ ਨੂੰ ਇਹ ਗੱਲ ਪਸੰਦ ਨਹੀਂ ਸੀ। ਉਹ ਸਮਝਦੀ ਸੀ ਕਿ ਇਹ ਰਿਵਾਜ ਉਹਨਾਂ ਦੇ ਸੇਵਾ ਕਾਰਜ

ਵਿੱਚ ਰੁਕਾਵਟ ਹੈ। ਉਹਨੇ ਪਹਿਲਾਂ ਕਰਮ ਸਿੰਘ ਨਾਲ ਗੱਲ ਕਰਕੇ ਇਹਦੀ ਆਗਿਆ ਲਈ ਤੇ ਫਿਰ ਸੱਸ-ਸਹੁਰੇ ਦੀ ਪ੍ਰਵਾਨਗੀ ਨਾਲ ਉਹ ਬਾਹਰਲੀ ਹਵੇਲੀ ਵਿੱਚ ਜਾਣ ਲੱਗ ਪਈ। ਜੱਥਿਆਂ ਨਾਲ ਗੱਲਬਾਤ ਕਰਦੀ। ਕਈ ਮਾਮਲਿਆਂ ਵਿੱਚ ਉਹਨਾਂ ਨੂੰ ਸਲਾਹ ਵੀ ਦਿੰਦੀ, ਇਉਂ ਉਹਦਾ ਮਰਦ ਜਾਤੀ ਤੋਂ ਦੂਰ ਰਹਿਣ ਦਾ ਝਾਕਾ ਖ਼ਤਮ ਹੋ ਗਿਆ। ਉਹਦੀ ਦੇਖਾ-ਦੇਖੀ ਕਈ ਮੁਟਿਆਰਾਂ ਵੀ ਖੁਲ੍ਹ ਕੇ ਜੀਵਨ ਵਿੱਚ ਵਿਚਰਨ ਲੱਗ ਪਈਆਂ। ਇਸ ਤਰ੍ਹਾਂ ਦੀਪ ਕੌਰ ਦਾ ਜੀਵਨ ਨਾਰੀ ਜਾਤੀ ਨੂੰ ਸਮਾਜਕ ਕਾਰਜਾਂ ਵਿੱਚ ਸੁਤੰਤਰ ਵਿਚਰਨ ਦਾ ਇਕ ਇਨਕਲਾਬੀ ਕਦਮ ਬਣ ਗਿਆ।

ਦੂਜਾ ਕਦਮ ਦੀਪ ਕੌਰ ਦਾ ਸਿੱਖ ਨਾਰੀਆਂ ਨੂੰ ਸਿੰਘਾਂ ਵਾਂਗ ਹੀ ਹਥਿਆਰਬੰਦ ਤੇ ਜੱਥੇਬੰਦ ਕਰਨ ਦਾ ਸੀ। ਉਹ ਸਮਝਦੀ ਸੀ ਕਿ ਕਿਸੇ ਆ ਬਣੀ ਭੀੜ ਸਮੇਂ ਜਾਂ ਵੈਰੀਆਂ ਦੇ ਹਮਲੇ ਸਮੇਂ ਸਵੈ-ਰੱਖਿਆ ਲਈ ਜ਼ਰੂਰੀ ਹੈ ਕਿ ਨਾਰੀਆਂ ਨੂੰ ਸ਼ਸਤਰ ਚਲਾਉਣਾ ਆਉਂਦਾ ਹੋਵੇ। ਇਸ ਲਈ ਦੀਪ ਕੌਰ ਨੇ ਸਿੱਖ ਨੌਜਵਾਨ ਇਸਤ੍ਰੀਆਂ ਨੂੰ ਗਤਕਾ ਸਿਖਾਉਣ ਦੀ ਤਜਵੀਜ਼ ਰੱਖੀ ਤੇ ਇਸ ਤਰ੍ਹਾਂ ਪਹਿਲੀ ਵਾਰ ਕਰਤਾਰਪੁਰ ਵਿੱਚ ਹੀ ਸਿੱਖ ਬੀਬੀਆਂ ਦੀ ਗਤਕਾ ਪਾਰਟੀ ਤਿਆਰ ਕਰਨ ਦਾ ਕੰਮ ਸ਼ੁਰੂ ਹੋ ਗਿਆ। ਜਿਹਨਾਂ ਔਰਤਾਂ ਨੇ ਕਦੀ ਛੋਟੀ ਮੋਟੀ ਸੋਟੀ ਨਾਲ ਵੀ ਕਿਸੇ ਦਾ ਟਾਕਰਾ ਨਹੀਂ ਸੀ ਕੀਤਾ, ਉਹ ਹੁਣ ਵੱਡੀਆਂ ਵੱਡੀਆਂ ਡਾਗਾਂ ਚੁੱਕ ਕੇ ਵਾਰ ਰੋਕਣ ਤੇ ਵਾਰ ਕਰਨ ਦੇ ਸਮਰੱਥ ਹੋ ਗਈਆਂ। ਫਿਰ ਹੌਲੀ ਹੌਲੀ ਬਰਛੇ ਚੁੱਕਣ ਤੇ ਕ੍ਰਿਪਾਨਾਂ ਚੁੱਕ ਕੇ ਟਾਕਰੇ ਦੇ ਗੁਰ ਵੀ ਕਈਆਂ ਨੇ ਸਿੱਖ ਲਏ। ਇਸ ਤਰ੍ਹਾਂ ਨਾਰੀ ਜਾਤੀ ਅੰਦਰ ਸਵੈ-ਭਰੋਸੇ ਤੇ ਆਤਮ ਵਿਸ਼ਵਾਸ ਦੀ ਭਾਵਨਾ ਪ੍ਰਬਲ ਹੋਣ ਲੱਗ ਪਈ। ਦੀਪ ਕੌਰ ਸਿੱਖ ਨਾਰੀਆਂ ਵਿੱਚ ਸ਼ਸਤਰ ਵਿਦਿਆ ਪ੍ਰਚਲਤ ਕਰਨ ਦੀ ਸੂਚਨਾ ਨਾਲ ਜੱਥੇਦਾਰ ਕਰਮ ਸਿੰਘ ਤੇ ਸਿੱਖ ਲੋਕ-ਲਹਿਰ ਦੇ ਦੂਜੇ ਆਗੂਆਂ ਦੀ ਖ਼ੁਸ਼ੀ ਦਾ ਠਿਕਾਣਾ ਨਾ ਰਿਹਾ ਤੇ ਇਸ ਗੱਲ ਦਾ ਚਰਚਾ ਦੂਰ-ਦੁਰਾਡੇ ਤੱਕ ਸਿੱਖ ਤੇ ਗੈਰ ਸਿੱਖ ਹਲਕਿਆਂ ਵਿੱਚ ਹੋਣ ਲੱਗ ਪਿਆ।

ਇਲਾਕੇ ਦੀਆਂ ਕੁਝ ਵਡੇਰੀ ਉਮਰ ਦੀਆਂ ਔਰਤਾਂ ਨੇ ਇਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਉਹ ਪੁਰਾਤਨਵਾਦੀ ਵਿਚਾਰਾਂ ਦੀਆਂ ਤੇ ਵਹਿਮਾਂ-ਭਰਮਾਂ ਵਿੱਚ ਫਸੀਆਂ ਇਨ੍ਹਾਂ ਨਵੇਂ ਖ਼ਿਆਲਾਂ ਤੇ ਜੀਵਨ ਢੰਗ ਨੂੰ ਕਿਵੇਂ ਬਰਦਾਸ਼ਤ ਕਰਦੀਆਂ। ਉਨ੍ਹਾਂ ਨੂੰ ਇਉਂ ਜਾਪਣ ਲੱਗਾ ਕਿ ਦੀਪ ਕੌਰ ਨੂੰਹਾਂ-ਧੀਆਂ ਨੂੰ ਮਾਪਿਆਂ ਤੋਂ ਬਾਗੀ ਕਰਵਾ ਰਹੀ ਹੈ। ਕਈਆਂ ਔਰਤਾਂ ਦੀ ਇਸ ਜਾਗ੍ਰਤੀ ਲਹਿਰ ਨੂੰ ਤੇ ਇਸ ਵਿੱਚ ਸ਼ਾਮਲ ਹੋ ਰਹੀਆਂ ਨੌਜਵਾਨ ਔਰਤਾਂ ਨੂੰ ਬੇਸ਼ਰਮ ਤੇ ਬੇਹਯਾ ਤੱਕ ਦੀਆਂ ਗਾਲ੍ਹਾਂ ਵੀ ਕੱਢੀਆਂ, ਪਰ ਉਹ ਆਪਣੀ ਧੁੰਨ ਵਿੱਚ ਵਿਰੋਧਤਾ ਦੀ ਪ੍ਰਵਾਹ ਕੀਤੇ ਬਗੈਰ ਅਗੇ ਵਧਦੀਆਂ ਗਈਆਂ। ਇਸ ਨਵ-ਜਾਗ੍ਰਤੀ ਲਹਿਰ ਦੀ ਮੁਖੀ ਦੀਪ ਕੌਰ ਨਾ ਗੁੱਸਾ ਕਰਦੀ ਤੇ ਨਾ ਵਿਰੋਧਤਾ ਕਰਨ ਵਾਲਿਆਂ ਵਿਰੁੱਧ ਦੂਸ਼ਣਬਾਜ਼ੀ ਵਿੱਚ ਉਲਝਦੀ। ਉਸ ਦਾ ਵਿਸ਼ਵਾਸ ਸੀ ਕਿ ਜੇ ਤੁਸੀਂ ਨੇਕ ਨੀਅਤ ਹੋ ਕੇ, ਨਿਸ਼ਕਾਮ ਹੋ ਕੇ ਸਮਾਜ ਤੇ ਭਾਈਚਾਰੇ ਦੀ ਸੇਵਾ ਕਰਦੇ ਚਲੋ। ਜਦ ਇਸ ਸੇਵਾ ਨੂੰ ਫਲ ਲੱਗਾ, ਫਿਰ ਲੋਕਾਂ ਦੇ ਉਸਾਰੂ ਜੀਵਨ ਵਿੱਚ ਨਵੇਂ ਗੁਣਾਂ ਦਾ ਸੰਚਾਰ ਹੋਇਆ, ਤਾਂ ਆਪੇ ਉਹ ਵਿਰੋਧਤਾ ਕਰਨ ਵਾਲੇ ਪ੍ਰਸੰਸ਼ਕ ਬਣ ਜਾਣਗੇ। ਨਿੰਦਾ ਨੂੰ ਨਿੰਦਾ ਨਾਲ ਨਹੀਂ ਕੱਟਿਆ ਜਾ ਸਕਦਾ। ਗੁਣਾਂ ਦੀ ਬਹੁਲਤਾ ਨਿੰਦਕਾਂ ਲਈ ਢੁਕਵਾਂ ਉਤਰ ਹੋ ਸਕਦੀ ਹੈ। ਇਸ ਨੀਤੀ ਨਾਲ ਉਹ ਆਪਣੇ ਮਿਸ਼ਨ ਵਿੱਚ ਬੜੀ ਸਫਲ ਹੋਈ।

ਫਿਰ ਉਸ ਨੇ ਜੱਥਾ ਬਣਾ ਲਿਆ। ਜੋ ਅਮਨ ਸ਼ਾਂਤੀ ਦੇ ਦਿਨਾਂ ਵਿੱਚ ਲੋਕ-ਸੇਵਾ

ਦੇ ਕਾਰਜ ਕਰਦਿਆਂ ਬੀਮਾਰ ਤੇ ਬੁੱਢੀਆਂ ਔਰਤਾਂ ਦੀ ਸੇਵਾ-ਸੰਭਾਲ ਕਰਦੀਆਂ, ਦਵਾ ਦਾਰੂ ਲਿਆ ਦਿੰਦੀਆਂ ਤੇ ਜਿਨ੍ਹਾਂ ਦੀ ਰੋਟੀ ਪਾਣੀ ਤੇ ਖਾਣੇ ਦਾ ਪ੍ਰਬੰਧ ਕਰਨ ਵਾਲਾ ਪਰਿਵਾਰ ਵਿੱਚ ਹੋਰ ਕੋਈ ਜੀਅ ਨਹੀਂ ਸੀ, ਉਨ੍ਹਾਂ ਲਈ ਇਹ ਪ੍ਰਬੰਧ ਕਰਦੀਆਂ ਤੇ ਉਹ ਇਨ੍ਹਾਂ ਨੂੰ ਅਸੀਸਾਂ ਦਿੰਦੀਆਂ ਤੇ ਇਸ ਇਸਤਰੀ ਜੱਥੇ ਦੀ ਸੇਵਾ ਦੀ ਹਰ ਆਏ ਗਏ ਅੱਗੇ ਚਰਚਾ ਕਰਦੀਆਂ। ਇਕ ਅਧ ਵਾਰ ਅਜਿਹੀ ਘਟਨਾ ਵਾਪਰੀ ਕਿ ਦੋ-ਤਿੰਨ ਜੁਆਨ ਕੁੜੀਆਂ ਖੇਤਾਂ ਨੂੰ ਜਾਂਦੀਆਂ ਹੋਈਆਂ, ਜਦ ਕਰਤਾਰਪੁਰ ਦਾ ਬਾਹਰਲਾ ਖੁਲ੍ਹਾ ਰਾਹ ਪਾਰ ਕਰਨ ਲਗੀਆਂ ਤਾਂ ਦੋ ਸ਼ਰਾਬੀ ਤੇ ਨਸ਼ੇਈ ਅਵਾਰਾ ਬੰਦਿਆਂ ਨੇ ਉਹਨਾਂ ਦਾ ਰਾਹ ਰੋਕ ਕੇ ਗੰਦੇ ਮਖ਼ੌਲ ਕਰਨੇ ਸ਼ੁਰੂ ਕਰ ਦਿੱਤੇ। ਉਹਨਾਂ ਦੇਖਿਆ ਕਿ ਕੋਈ ਬੰਦਾ ਨੇੜੇ ਨਹੀਂ, ਇਸ ਲਈ ਉਹ ਜੋ ਚਾਹੁੰਣ ਇਹਨਾਂ ਨਾਲ ਛੇੜਖ਼ਾਨੀ ਕਰ ਸਕਦੇ ਹਨ। ਉਹ ਇਸਤਰੀ ਜੱਥੇ ਦੀਆਂ ਮੈਂਬਰਾਂ ਸਨ। ਉਹਨਾਂ ਨੇ ਬੜੀ ਹੁਸ਼ਿਆਰੀ ਨਾਲ ਉਹਨਾਂ ਦੋਹਾਂ ਨੂੰ ਵਸੋਂ ਦੇ ਨੇੜੇ ਲੈ ਆਂਦਾ, ਫਿਰ ਰੌਲਾ ਪਾ ਦਿੱਤਾ। ਸੱਚਮੁਚ ਪੰਜ-ਸੱਤ ਕੁੜੀਆਂ ਸੋਟੀਆਂ ਤੇ ਕ੍ਰਿਪਾਨਾਂ ਲੈ ਕੇ ਆ ਗਈਆਂ। ਭੱਜਣ ਦਾ ਯਤਨ ਕਰਨ ਵਾਲੇ ਦੋਹਾਂ ਬੰਦਿਆਂ ਨੂੰ ਅਜਿਹਾ ਕੁਟਾਪਾ ਚਾੜ੍ਹਿਆ ਕਿ ਸਾਰੇ ਇਲਾਕੇ ਦੇ ਸਮਾਜ ਵਿਰੋਧੀਆਂ ਨੂੰ ਕੰਨ ਹੋ ਗਏ ਕਿ ਹੁਣ ਸ਼ੇਰਨੀਆਂ ਤੋਂ ਬਦਮਾਸ਼ ਵਿਅਕਤੀ ਮਾਰ ਖਾਧੇ ਬਿਨਾਂ ਨਹੀਂ ਰਹਿ ਸਕਦਾ। ਇਸੇ ਤਰ੍ਹਾਂ ਇਕ ਦੋ ਘਰਾਂ ਵਿੱਚ ਜਦ ਚੋਰ ਚੋਰੀ ਕਰਨ ਲਈ ਆਏ ਤਾਂ ਇਹਨਾਂ ਨਾਰੀਆਂ ਦੇ ਜੱਥੇ ਨੇ ਘੇਰ ਕੇ ਅਜਿਹੀ ਸਜ਼ਾ ਦਿੱਤੀ, ਜਿਹੜੀ ਸ਼ਾਇਦ ਮਰਦ ਵੀ ਨਾ ਦੇ ਸਕਦੇ।

ਫਿਰ ਹਥਿਆਰਬੰਦ ਨਾਰੀਆਂ ਦਾ ਪਹਿਲਾ ਜੱਥਾ ਵੀ ਕਰਤਾਰਪੁਰ ਵਿੱਚ ਬਣ ਗਿਆ। ਜੋ ਚੌਧਰੀਆਂ ਤੇ ਫੌਜਦਾਰਾਂ ਦੀ ਛੋਟੀਆਂ ਮੋਟੀਆਂ ਟੁਕੜੀਆਂ ਨਾਲ ਲੜ ਪੈਣ ਤੇ ਮੁਕਾਬਲੇ ਲਈ ਵੀ ਤਿਆਰ ਰਹਿਣ ਲੱਗ ਪਈਆਂ। ਜਿਹੜੀਆਂ ਔਰਤਾਂ ਰਾਤ ਦੇ ਹਨੇਰੇ ਵਿੱਚ ਘਰ ਦੀ ਦਹਿਲੀਜ਼ ਟੱਪਣ ਦੀ ਦਲੇਰੀ ਨਹੀਂ ਸਨ ਕਰ ਸਕਦੀਆਂ, ਉਹਨਾਂ ਵਿੱਚ ਠੀਕਰੀ ਤੋੜਨ ਦਾ ਸਾਹਸ ਪੈਦਾ ਹੋ ਗਿਆ। ਮਰਦ ਹੈਰਾਨ ਸਨ ਕਿ ਜਿਹੜੀ ਔਰਤ ਜ਼ਾਤ ਨੂੰ ਹਰ ਵੇਲੇ ਆਪਣੀ ਇੱਜ਼ਤ ਦੀ ਚਿੰਤਾ ਲੱਗੀ ਰਹਿੰਦੀ ਸੀ, ਉਹ ਹੁਣ ਨਿਧੱੜਕ ਹੋ ਕੇ ਹਰ ਬਿਪਤਾ ਵਿੱਚ ਅਗੇ ਹੋ ਕੇ ਦਲੇਰੀ ਨਾਲ ਮੁਕਾਬਲੇ ਵੀ ਕਰਨ ਲੱਗ ਪਈਆਂ ਹਨ।

1727 ਈ. ਨੂੰ ਜਦੋਂ ਪੰਥ ਦੇ ਪ੍ਰਸਿੱਧ ਸੇਵਕ ਭਾਈ ਤਾਰਾ ਸਿੰਘ ਵਾਂ ਨੂੰ ਸਮੇਂ ਦੇ ਹਾਕਮਾਂ ਨੇ ਸ਼ਹੀਦ ਕਰ ਦਿੱਤਾ ਤਾਂ ਸਾਰੇ ਸਿੱਖ ਜਗਤ ਵਿੱਚ ਗੁੱਸੇ ਤੇ ਜੋਸ਼ ਦੀ ਲਹਿਰ ਫੈਲ ਗਈ ਅਤੇ ਜ਼ਾਲਮ ਵਰਗ ਦੀ ਇਸ ਬੇਇਨਸਾਫ਼ੀ ਵਿਰੁੱਧ ਸੰਘਰਸ਼ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਪੰਥਕ ਇਕੱਠ ਹੋਇਆ। ਇਸ ਇਕੱਠ ਨੇ ਇਹ ਫੈਸਲਾ ਕੀਤਾ ਕਿ ਹਕੂਮਤ ਦੀ ਆਰਥਕ ਨਾਕਾਬੰਦੀ ਕੀਤੀ ਜਾਏ, ਇਸ ਕਾਰਜ ਲਈ ਮੁੱਖ ਜੱਥੇਦਾਰ ਨਵਾਬ ਕਪੂਰ ਸਿੰਘ ਨੂੰ ਚੁਣਿਆ ਗਿਆ। ਉਸ ਨੇ ਸਤਲੁਜ ਤੇ ਬਿਆਸਾ ਵਿਚਕਾਰ ਆਉਂਦੇ ਖ਼ਜ਼ਾਨੇ ਨੂੰ ਗੁਰੀਲਾ ਹਮਲਿਆਂ ਨਾਲ ਖੋਹ ਲੈਣ ਦੀ ਸੇਵਾ ਜੱਥੇਦਾਰ ਕਰਮ ਸਿੰਘ ਦੇ ਸਪੁਰਦ ਕੀਤੀ ਅਤੇ ਉਹਨਾਂ ਨੇ ਢਿਲਵਾਂ ਤੇ ਸੁਲਤਾਨਪੁਰ ਲੋਧੀ ਵਿਚਕਾਰ ਸਰਕਾਰੀ ਖ਼ਜ਼ਾਨਾ ਫੌਜੀ ਦਸਤਿਆਂ ਤੋਂ ਖੋਹ ਲਿਆ। ਇਸ ਤੇ ਪੰਜਾਬ ਦੇ ਸੂਬੇਦਾਰ ਜ਼ਿਕਰੀਆ ਖ਼ਾਂ ਨੇ ਸੁਲਤਾਨ ਅਤੇ ਸਰਹੰਦ ਦੇ ਸੂਬਿਆਂ ਦੀ ਮਦਦ ਨਾਲ ਮਾਝੇ ਤੇ ਦੁਆਬੇ ਵਿੱਚ ਸਿੱਖਾਂ ਨੂੰ ਕਤਲ ਕਰਨਾ ਤੇ ਸਿੱਖ ਪਰਿਵਾਰਾਂ ਨੂੰ ਉਜਾੜਨਾ ਸ਼ੁਰੂ ਕਰ ਦਿੱਤਾ। ਸਿੰਘਾਂ ਦੇ ਪਰਿਵਾਰ ਝਟਪਟ ਜੰਗਲਾਂ ਅਤੇ ਪਹਾੜਾਂ ਵੱਲ ਸੁਰੱਖਿਅਤ ਥਾਵਾਂ 'ਤੇ

ਪਹੁੰਚਾ ਦਿਤੇ ਗਏ ਅਤੇ ਸਖਿਤੀ ਦਾ ਟਾਕਰਾ ਕਰਨ ਲਈ ਫੈਸਲਾ ਹੋਇਆ।

ਮਾਝੇ ਵਿਚੋਂ ਸੈਂਕੜੇ ਪਰਿਵਾਰ ਸਰਾਕਰੀ ਦਮਨ ਕਾਰਨ ਬਿਆਸਾ ਪਾਰ ਕਰਕੇ ਦੁਆਬੇ ਵਿੱਚ ਆਉਣ ਲੱਗ ਪਏ। ਇਹਨਾਂ ਦੇ ਮੁੜ ਵਸੇਬੇ ਲਈ ਜ਼ਿੰਮੇਵਾਰੀ ਦੁਆਬੇ ਦੇ ਸਿੰਘਾਂ ਨੂੰ ਲੈਣੀ ਪਈ। ਇਸ ਸਮੇਂ ਫੈਸਲਾ ਹੋਇਆ ਕਿ ਅਨੰਦਪੁਰ ਤੇ ਕੀਰਤਪੁਰ ਕੈਂਪ ਲਾਏ ਜਾਣ। ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਛੱਡਣ ਪਿਛੋਂ ਇਸ ਖੇਤਰ ਵਿੱਚ ਸਰਕਾਰੀ ਦਬਾਅ ਤੇ ਦਖ਼ਲ ਖ਼ਤਮ ਹੋ ਗਿਆ ਸੀ। ਖੁਲ੍ਹੀਆਂ ਥਾਵਾਂ ਤੇ ਹਵੇਲੀਆਂ ਆਦਿ ਕਾਫੀ ਸਨ। ਹੁਣ ਇਹ ਲੋਕ ਸਹਿਯੋਗ ਦੇਣਗੇ ਮੁੜ ਰੌਣਕਾਂ ਲੱਗਣ ਨਾਲ ਉਹਨਾਂ ਨੂੰ ਖ਼ੁਸ਼ੀ ਹੋਵੇਗੀ।

1704 ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਛੱਡਣ ਪਿਛੋਂ ਧੜਾਧੜ ਲੋਕ ਸਿੱਖ ਜੱਥਿਆਂ ਦੀ ਨਿਗਰਾਨੀ ਹੇਠ ਇਥੇ ਪੁੱਜਣ ਲੱਗ ਪਏ। ਦੁਆਬੇ ਦੇ ਸਿੰਘਾਂ ਦੇ ਇਕੱਠ ਨੇ ਫ਼ੈਸਲਾ ਕੀਤਾ ਕਿ ਇਹਨਾਂ ਪਰਿਵਾਰਾਂ ਦੀ ਸੇਵਾ-ਸੰਭਾਲ ਤੇ ਮੁੜ ਵਸੇਬੇ ਦੇ ਕੰਮ ਲਈ ਨਿਗਰਾਨੀ ਸੋਢੀ ਵਡਭਾਗ ਸਿੰਘ ਕਰਨ । ਫਿਰ ਸਵਾਲ ਪੈਦਾ ਹੋਇਆ ਕਿ ਔਰਤਾਂ ਸਿੱਖ ਬੱਚਿਆਂ ਤੇ ਬੱਚੀਆਂ ਦੀ ਸੇਵਾ-ਸੰਭਾਲ ਦਾ ਕਾਰਜ ਮਰਦ ਚੰਗੀ ਤਰ੍ਹਾਂ ਨਹੀਂ ਕਰ ਸਕਦੇ ਤੇ ਇਸ ਕਾਰਜ ਲਈ ਸਿੱਖ ਬੀਬੀਆਂ ਅੱਗੇ ਆਉਣ। ਤਾਂ ਇਸ ਮੌਕੇ ਤੇ ਦੀਪ ਕੌਰ ਨੇ ਇਹ ਪੇਸ਼ਕਸ਼ ਕੀਤੀ ਕਿ ਉਹਦਾ ਸਿੱਖ ਬੀਬੀਆਂ ਦਾ ਜੱਥੇ ਇਸ ਸੇਵਾ ਲਈ ਅਨੰਦਪੁਰ ਜਾ ਕੇ ਆਪਣਾ ਪੂਰਾ ਸਮਾਂ ਦੇਣ ਲਈ ਤਿਆਰ ਹੈ। ਉਹਨੇ ਇਹ ਸੁਝਾਅ ਆਪਣੇ ਪਤੀ ਜੱਥੇਦਾਰ ਕਰਮ ਸਿੰਘ ਰਾਹੀਂ ਜਦ ਭੇਜਿਆ, ਤਾਂ ਸਾਰੇ ਮੁਖੀ ਜੱਥੇਦਾਰਾਂ ਨੂੰ ਖ਼ੁਸ਼ੀ ਹੋਈ।

ਸੋਢੀ ਵਡਭਾਗ ਸਿੰਘ ਦੇ ਨਾਲ ਦੀਪ ਕੌਰ ਕਰਤਾਰਪੁਰ ਤੋਂ ਅਨੰਦਪੁਰ ਆ ਗਈ। ਜੱਥੇਦਾਰ ਕਰਮ ਸਿੰਘ ਤਾਂ ਪੱਕੇ ਤੌਰ ਤੇ ਅਨੰਦਪੁਰ ਠਹਿਰ ਨਹੀਂ ਸੀ ਸਕਦਾ। ਉਹਨੇ ਤਾਂ ਸਾਰੇ ਦੁਆਬੇ ਵਿੱਚ ਸਿੱਖ ਜੱਥਿਆਂ ਦੀਆਂ ਸਰਗਰਮੀਆਂ ਵੱਲ ਧਿਆਨ ਦੇਣਾ ਸੀ। ਦੂਜਾ ਕਰਤਾਰਪੁਰ ਦੇ ਮੁੱਖ ਕੇਂਦਰ ਨੂੰ ਵੀ ਸੰਭਾਲਣਾ ਸੀ। ਦੀਪ ਕੌਰ ਨੇ ਚਾਰ-ਪੰਜ ਸਾਲ ਅਨੰਦਪੁਰ ਰਹਿ ਕੇ ਜੋ ਬੇਘਰ ਹੋਏ ਪਰਿਵਾਰਾਂ ਦੀ ਸੇਵਾ ਸੰਭਾਲ ਕੀਤੀ, ਉਹ ਉਸ ਦੀ ਮਹਾਨ ਇਤਿਹਾਸਕ ਦੇਣ ਹੈ। ਅੱਜ ਦੇ ਯੁੱਗ ਵਿੱਚ ਫਸਟ-ਏਡ ਵਰਗੀਆਂ ਸੰਸਥਾਵਾਂ ਤਾਂ ਉਦੋਂ ਹੁੰਦੀਆਂ ਨਹੀਂ ਸਨ, ਪਰ ਜਿਵੇਂ ਸੇਵਾ-ਸੰਭਾਲ ਦਾ ਕੰਮ ਦੀਪ ਕੌਰ ਨੇ ਅਨੰਦਪੁਰ ਤੇ ਕੀਰਤਪੁਰ ਵਿੱਚ ਕੀਤਾ, ਉਹ ਅੱਜ ਦੇ ਯੁੱਗ ਦੀ ਮਦਰ ਟਰੇਸਾ ਦੀ ਸੇਵਾ ਜਿੰਨੀ ਹੀ ਮਹਾਨ ਹੈ। ਬਿਮਾਰਾਂ ਦੇ ਦਵਾ-ਦਾਰੂ ਲਈ ਤੇ ਸਿਹਤ ਦੀ ਸੰਭਾਲ ਲਈ ਜੋ ਸਾਧਨ ਦੀਪ ਕੌਰ ਨੇ ਪਹੁੰਚਾਏ ਉਹਨਾਂ ਦਾ ਲਾਭ ਵੀ ਬੇਹੱਦ ਰੋਗੀਆਂ ਨੂੰ ਪਹੁੰਚਿਆ। ਉਹਨਾਂ ਦੀ ਕੁੱਲੀ, ਗੁੱਲੀ, ਜੁੱਲੀ ਦੀ ਸਮੱਸਿਆ ਹੱਲ ਹੀ ਨਹੀਂ ਕੀਤੀ, ਸਗੋਂ ਵਿਸ਼ਵਾਸ ਦੀ ਭਾਵਨਾ ਵੀ ਪ੍ਰਬਲ ਕਰ ਦਿੱਤੀ। ਜਦ ਚੜ੍ਹਦੀ ਕਲਾ ਦਾ ਜਜ਼ਬਾ ਉਭਰ ਪਏ ਤਾਂ ਦੁੱਖਾਂ ਦਾ ਅਹਿਸਾਸ ਘਟ ਜਾਂਦਾ ਹੈ ਅਤੇ ਭਵਿੱਖ ਦੇ ਸੁੱਖ ਦੀ ਆਸ ਵਧਣ ਲੱਗ ਪੈਂਦੀ ਹੈ।

ਅੱਜ ਦੇ ਯੁੱਗ ਦੀ ਮਾਨਵ ਬੁਧੀ ਦੀ ਉਡਾਰੀ ਸਾਡੇ ਸਾਹਮਣੇ ਹੈ। ਅੱਜ ਦਾ ਮਨੁੱਖ ਜਿਵੇਂ ਤਕਨੀਕੀ ਸਿਖਲਾਈ ਲਈ ਪ੍ਰੇਰਿਤ ਹੋ ਰਿਹਾ ਹੈ ਅਤੇ ਨਰ-ਨਾਰੀ ਆਰਥਿਕ ਤੌਰ 'ਤੇ ਆਪਣੇ ਪੈਰੀਂ ਖੜੇ ਹੋਣ ਦਾ ਚਾਹਵਾਨ ਹੈ। ਇਸ ਤਰ੍ਹਾਂ ਦੀ ਸੋਚ ਤਿੰਨ ਸਦੀਆਂ ਪਹਿਲਾਂ ਸਾਡੇ ਸਮਾਜਕ ਜੀਵਨ ਵਿੱਚ ਨਹੀਂ ਸੀ। ਪਰ ਹੈਰਾਨੀ ਹੁੰਦੀ ਹੈ, ਜਦ ਅਸੀਂ ਵੇਖਦੇ ਹਾਂ ਕਿ 18ਵੀਂ ਸਦੀ ਦੇ ਪਹਿਲੇ ਅੱਧ ਵਿੱਚ ਹੀ, ਜੋ ਬੇਘਰ ਹੋਏ ਪਰਿਵਾਰਾਂ ਦੇ ਅਨੰਦਪੁਰ ਕੈਂਪ ਵਿੱਚ ਦੀਪ ਕੌਰ ਦੀ ਸੁਚੱਜੀ ਅਗਵਾਈ ਹੇਠ ਨਾਰੀ ਜਗਤ ਨੇ ਤਕਨੀਕੀ ਸਿਖਿਆ ਲੈ ਕੇ, ਕੁਝ ਅਜਿਹੇ

ਕੰਮ ਸਿੱਖ ਲਏ ਜੋ ਉਹਨਾਂ ਦੀ ਆਮਦਨ ਦਾ ਵਸੀਲਾ ਬਣ ਸਕਦੇ ਸਨ। ਪਹਿਲਾਂ ਇਹ ਕੈਂਪ ਬਾਹਰਲੀ ਮਦਦ ਨਾਲ ਖ਼ਰਚੇ ਪੂਰੇ ਕਰਦੇ ਸਨ, ਫਿਰ ਇਹਨਾਂ ਕੈਂਪਾਂ ਦੇ ਵਸਨੀਕ ਆਪਣਾ ਭਾਰ ਆਪ ਚੁੱਕਣ ਦੇ ਸਮਰੱਥ ਹੋ ਗਏ। ਬੱਚਿਆਂ ਲਈ ਪੰਜਾਬੀ, ਗੁਰਬਾਣੀ ਤੇ ਗਣਿਤ ਵਿਦਿਆ ਦੀ ਪੜ੍ਹਾਈ ਦਾ ਪ੍ਰਬੰਧ ਵੀ ਅਨੰਦਪੁਰ ਤੇ ਕੀਰਤਪੁਰ ਵਿੱਚ ਕਰ ਦਿੱਤਾ ਗਿਆ।

ਇਹਨਾਂ ਅਸਥਾਨਾਂ ਤੇ ਜੋ ਸਿੱਖ ਬੱਚੀਆਂ 8-10 ਸਾਲ ਦੀਆਂ ਪੁੱਜੀਆਂ, ਉਹ ਅਗਲੇ ਪੰਜ ਸਾਲਾਂ ਵਿੱਚ ਜਵਾਨ ਕੁੜੀਆਂ ਬਣ ਗਈਆਂ ਸਨ। ਮਾਵਾਂ ਲਈ ਇਹਨਾਂ ਦੇ ਰਿਸ਼ਤੇ ਤੇ ਵਿਆਹ ਵੱਡੀ ਸਮੱਸਿਆ ਹੁੰਦੀ ਏ। ਖ਼ਾਸ ਕਰਕੇ ਉਹਨਾਂ ਪਰਿਵਾਰਾਂ ਲਈ ਜਿਹਨਾਂ ਦੇ ਸਿਰ 'ਤੇ ਮਰਦ ਦਾ ਸਾਇਆ ਨਹੀਂ ਹੁੰਦਾ ਤੇ ਪਰਿਵਾਰਕ ਜੀਵਨ ਵੀ ਪਿੰਡਾਂ ਵਿੱਚ ਉਖੜਿਆ ਹੁੰਦਾ ਹੈ। ਦੀਪ ਕੌਰ ਨੇ ਇਹ ਸਮੱਸਿਆ ਵੀ ਕੁਝ ਹੱਦ ਤਕ ਹੱਲ ਕਰਨੀ ਸ਼ੁਰੂ ਕਰ ਦਿੱਤੀ। ਇਉਂ ਲੜਕੀਆਂ ਦੇ ਵਿਆਹ ਵੀ ਕੀਤੇ ਜਾਣ ਲੱਗ ਪਏ।

ਦੀਪ ਕੌਰ ਦੇ ਘਰ ਇਕੋ ਇਕ ਲੜਕਾ ਫਤਹਿ ਸਿੰਘ ਸੀ। ਜਿਸ ਦੀ ਪਾਲਣਾ ਵੱਲ ਵੀ ਦੀਪ ਕੌਰ ਨੇ ਪੂਰਾ ਧਿਆਨ ਦਿੱਤਾ। ਉਹ ਆਮ ਤੌਰ 'ਤੇ ਨਾਰੀਆਂ ਦੇ ਸਮੂਹ ਵਿੱਚ ਬੈਠੀ ਪ੍ਰਭੂ ਭਗਤੀ ਦੀਆਂ ਗੱਲਾਂ ਦੀ ਚਰਚਾ ਛੇੜ ਲੈਂਦੀ, ਜਦ ਵੀ ਕੋਈ ਗੁਣੀ ਗਿਆਨੀ ਆ ਜਾਂਦਾ ਤਾਂ ਉਹਦਾ ਯਤਨ ਹੁੰਦਾ ਕਿ ਔਰਤਾਂ ਦੀ ਇਕੱਤਰਤਾ ਕੀਤੀ ਜਾਏ ਤੇ ਸਭ ਨੂੰ ਕੰਠ ਬਾਣੀ ਸੁਣਾਈ ਜਾਏ। ਉਹਨਾਂ ਦਿਨਾਂ ਵਿੱਚ ਗੁਟਕੇ ਤੇ ਸਟੀਕ ਆਮ ਨਹੀਂ ਸੀ ਹੁੰਦੇ। ਇਸ ਲਈ ਜ਼ਬਾਨੀ ਕੰਠ ਕੀਤੀ ਬਾਣੀ ਹੀ ਪੜ੍ਹੀ ਸੁਣਾਈ ਜਾਂਦੀ ਸੀ। ਉਸ ਦਾ ਵਿਸ਼ਵਾਸ ਸੀ ਕਿ ਬਾਣੀ ਦੇ ਅਰਥ ਭਾਵ ਸਮਝ ਲੈਣ ਨਾਲ ਮਨ 'ਤੇ ਡੂੰਘਾ ਪ੍ਰਭਾਵ ਪੈਂਦਾ ਹੈ। ਮਨ ਬਾਣੀ ਨਾਲ ਜ਼ਿਆਦਾ ਚੰਗੀ ਤਰ੍ਹਾਂ ਜੁੜਦਾ ਹੈ। ਆਪਣਾ ਇਤਿਹਾਸ ਤੇ ਸਾਖੀਆਂ ਵੀ ਉਹ ਸੁਣਾਂਦੀ ਤੇ ਇਉਂ ਉਹਦੇ ਸੰਪਰਕ ਵਿੱਚ ਆਉਣ ਵਾਲੇ ਪਰਿਵਾਰ ਆਪਣੇ ਵਿਕਾਸ ਕਰਦੇ-ਕਰਦੇ ਵਿਰਸੇ ਨਾਲ ਜੁੜਨ ਲੱਗ ਪਏ। ਉਹ ਆਮ ਤੌਰ ਤੇ ਕਿਹਾ ਕਰਦੀ ਸੀ ਕਿ ਵਿਹਲਾ ਮਨ ਸ਼ੈਤਾਨੀ ਰੁਚੀਆਂ ਦਾ ਗੁਲਾਮ ਬਣ ਜਾਂਦਾ ਹੈ। ਇਸ ਲਈ ਵੱਧ ਤੋਂ ਵੱਧ ਸਮਾਂ ਮਨ ਨੂੰ ਚੰਗੇ ਪਾਸੇ ਲਾਈ ਰੱਖਣਾ ਹੀ ਲਾਹੇਵੰਦਾ ਹੁੰਦਾ ਹੈ, ਇਸ ਤਰ੍ਹਾਂ ਮਨ ਜੀਵਨ ਦੇ ਉਸਾਰੂ ਰਾਹ ਤੋਂ ਹੱਟ ਕੇ ਕੁਰਾਹੇ ਨਹੀਂ ਪੈਂਦਾ। ਉਹਦਾ ਪ੍ਰਚਾਰ ਸੀ ਕਿ ਚੁਗਲੀ ਨਿੰਦਾ ਤੇ ਦੂਜੀਆਂ ਔਰਤਾਂ ਦੀਆਂ ਕਮਜ਼ੋਰੀਆਂ ਤਰੁੱਟੀਆਂ ਦਾ ਚਰਚਾ ਕਰਨ ਨਾਲ ਈਰਖਾ ਵਿਰੋਧ ਤੇ ਨਫ਼ਰਤ ਪੈਦਾ ਹੁੰਦੀ ਹੈ, ਜਿਸ ਦਾ ਜੀਵਨ ਵਿੱਚ ਨੁਕਸਾਨ ਹੀ ਨੁਕਸਾਨ ਹੈ, ਲਾਭ ਕੋਈ ਨਹੀਂ। ਇਹੋ ਜਿਹੀਆਂ ਰੁਚੀਆਂ ਕਾਰਨ ਇਕ ਨਰੋਏ ਸਮਾਜਕ ਜੀਵਨ ਵੱਲ ਉਹਦੀ ਭਾਵਨਾ ਦਾ ਸੰਚਾਰ ਨਾਰੀ ਜਗਤ ਵਿੱਚ ਹੋਣ ਲੱਗ ਪਿਆ।

ਦੀਪ ਕੌਰ ਨੇ ਦੇਖਿਆ ਕਿ ਪੁਰਾਣੀ ਪੀੜ੍ਹੀ ਦੀਆਂ ਵਡੇਰੀਆਂ ਨਵੀਂ ਪੀੜ੍ਹੀ ਵਿਚਕਾਰ ਵਿੱਥਾਂ ਹੇਠ ਰੱਖਣ ਦਾ ਯਤਨ ਕਰਦੀਆਂ ਹਨ, ਉਹਨਾਂ ਨੂੰ ਸੁਤੰਤਰ ਵਿਚਰਨ ਨਹੀਂ ਦੇਂਦੀਆਂ ਤੇ ਉਹਨਾਂ ਦੀਆਂ ਭਾਵਨਾਵਾਂ ਤੇ ਜਜ਼ਬਾਤ ਦੀ ਪ੍ਰਵਾਹ ਨਹੀਂ ਕਰਦੀਆਂ। ਇਸੇ ਤਰ੍ਹਾਂ ਉਹਨੇ ਵੇਖਿਆ ਕਿ ਕੁਝ ਘਰਾਂ ਵਿੱਚ ਜੁਆਨ ਮੁਟਿਆਰਾਂ ਕਈ ਕਾਰਨਾਂ ਕਰਕੇ ਇਤਨੀਆਂ ਹਾਵੀ ਹੋ ਗਈਆਂ ਹਨ ਕਿ ਉਹ ਪਰਿਵਾਰ ਦੀਆਂ ਵਡੇਰੀ ਉਮਰ ਦੀਆਂ ਬਿਰਧ ਔਰਤਾਂ ਨਾਲ ਚੰਗਾ ਵਰਤਾਅ ਨਹੀਂ ਕਰਦੀਆਂ ਅਤੇ ਜਿਨ੍ਹਾਂ ਨੂੰ ਬੁਢੇਪੇ ਵਿੱਚ ਸੇਵਾ-ਸੰਭਾਲ ਦੀ ਅਤਿ ਲੋੜ ਹੈ, ਉਸ ਵਲੋਂ ਬੇਪਰਵਾਹ ਹਨ। ਇਉਂ ਜੀਵਨ ਵਿੱਚ ਸੁੱਖ ਤੇ ਸ਼ਾਂਤੀ ਦੀ ਥਾਂ ਕੁਝ ਪਰਿਵਾਰ ਵਿੱਚ ਬਿਲਕੁਲ ਅਸ਼ਾਂਤ ਤੇ ਦੁਖੀ ਵਾਤਾਵਰਣ ਬਣਿਆ ਹੋਇਆ ਹੈ। ਸਮਾਜ ਸੁਧਾਰ ਦੀ ਆਪਣੀ

ਇਸ ਲਹਿਰ ਵਿੱਚ ਦੀਪ ਕੌਰ ਨੇ ਇਸ ਪਾੜੇ ਨੂੰ ਵੀ ਘਟਾਉਣ ਦਾ ਯਤਨ ਕੀਤਾ। ਦੋਹਾਂ ਵਰਗਾਂ ਦੀਆਂ ਔਰਤਾਂ ਨੂੰ ਇਕ ਦੂਜੇ ਦੀਆਂ ਲੋੜਾਂ ਤੇ ਜਜ਼ਬਾਤ ਨੂੰ ਸਮਝਣ ਸਮਝਾਣ 'ਤੇ ਜ਼ੋਰ ਦਿੱਤਾ। ਇਸ ਦੇ ਕਈ ਚੰਗੇ ਨਤੀਜੇ ਸਾਹਮਣੇ ਆਏ। ਉਹ ਸ਼ਾਮ ਨੂੰ ਆਮ ਤੌਰ 'ਤੇ ਔਰਤਾਂ ਦਾ ਇਕੱਠ ਕਰਕੇ ਵਡੇਰੀ ਉਮਰ ਦੀਆਂ ਔਰਤਾਂ ਨੂੰ ਆਪਣੇ ਜੀਵਨ ਤਜਰਬੇ ਸੁਣਾਉਣ ਲਈ ਪ੍ਰੇਰਦੀ। ਜਿਸ ਤੋਂ ਜੁਆਨ ਔਰਤਾਂ ਨੂੰ ਆਪਣੀਆਂ ਕਈ ਸਮੱਸਿਆਵਾਂ ਦਾ ਹੱਲ ਮਿਲ ਜਾਂਦਾ। ਨਾਰੀ ਜਗਤ ਵਿੱਚ ਕਈ ਅਜਿਹੇ ਗੁਪਤ ਰੋਗ ਉਤਪੰਨ ਹੋ ਜਾਂਦੇ, ਤਾਂ ਵੀ ਉਹ ਸ਼ਰਮ ਦੇ ਮਾਰੇ ਕਿਸੇ ਨਾਲ ਛੇਤੀ ਕੀਤਿਆ ਗੱਲ ਨਹੀਂ ਕਰਦੀਆਂ। ਇਉਂ ਬਿਰਧ ਔਰਤਾਂ ਨਾਲ ਵਿਚਾਰ-ਵਟਾਂਦਰੇ ਵਿੱਚ ਆਪਣੇ ਆਪ ਉਹਨਾਂ ਨੂੰ ਆਪਣੇ ਸਰੀਰਿਕ ਰੋਗਾਂ ਦੀ ਪਛਾਣ ਹੋ ਜਾਂਦੀ ਤੇ ਨਾਲ ਹੀ ਦੇਸੀ ਟੋਟਕਿਆਂ ਰਾਹੀਂ ਇਲਾਜ ਦਾ ਪਤਾ ਵੀ ਲੱਗ ਜਾਂਦਾ।

ਕਈ ਵੱਡੀ ਉਮਰ ਦੀਆਂ ਔਰਤਾਂ ਕਈ ਵਾਰ ਪ੍ਰਸ਼ਨ ਕਰਦੀਆਂ ਕਿ ਜਿਨ੍ਹਾਂ ਦੇ ਇਕੋ ਇਕ ਪੁੱਤਰ ਹੈ, ਘਰ-ਬਾਰ ਛੱਡ ਕੇ ਸਮੇਂ ਦੇ ਹਾਕਮਾਂ ਨਾਲ ਲੜਾਈਆਂ ਛੇੜਨਾ ਕਿਥੋਂ ਦੀ ਸਿਆਣਪ ਹੈ। ਸਿੰਘ ਸਜਣ ਵਾਲਾ ਇਕ ਨਾ ਇਕ ਦਿਨ ਫੌਜ ਹੱਥੋਂ ਮਰ ਜਾਏਗਾ। ਦੀਪ ਕੌਰ ਅਜਿਹੇ ਵਿਚਾਰਾਂ ਦਾ ਬੜਾ ਢੁੱਕਵਾਂ ਉਤਰ ਦੇਂਦੀ ਤੇ ਸਮਝਾਉਂਦੀ ਕਿ ਸਿੰਘ ਨਾ ਸਜਣ ਵਾਲੇ ਸਦੀਆਂ ਤੱਕ ਜੀਉਂਦੇ ਰਹਿ ਸਕਦੇ ਹਨ, ਕੀ ਉਹਨਾਂ ਨੂੰ ਲੰਮੇਰੀ ਉਮਰ ਦਾ ਸਮਾਂ ਮਿਲ ਜਾਂਦਾ ਹੈ। ਮੌਤ ਦਾ ਕੋਈ ਪਤਾ ਨਹੀਂ ਉਹ ਬਾਲ ਅਵਸਥਾ ਵਿੱਚ ਵੀ ਆ ਸਕਦੀ ਹੈ ਅਤੇ ਜੁਆਨ ਉਮਰ ਵਿੱਚ ਵੀ। ਕੋਈ ਸੱਪ ਲੜਨ ਨਾਲ ਮਰ ਸਕਦਾ ਹੈ, ਕਿਸੇ ਦਾ ਜੀਵਨ ਜੰਗਲੀ ਜਾਨਵਰ ਆ ਕੇ ਮੁਕਾ ਦਿੰਦੇ ਹਨ। ਕੋਈ ਕਿਸੇ ਰੋਗ ਕਾਰਨ ਕਿਸੇ ਉਮਰ ਵਿੱਚ ਵੀ ਮਰ ਸਕਦਾ ਹੈ, ਇਸ ਤਰ੍ਹਾਂ ਦੀਪ ਕੌਰ ਸਮਝਾਉਂਦੀ ਕਿ ਜਮਣਾ ਮਰਨਾ ਮਨੁੱਖ ਦੇ ਵੱਸ ਨਹੀਂ। ਇਹ ਉਹ ਪ੍ਰਭੂ ਪ੍ਰਮਾਤਮਾ ਨੇ ਹੀ ਆਪਣੀ ਖੇਡ ਬਣਾਈ ਹੈ। ਮਨੁੱਖ ਦੇ ਆਪਣੇ ਵੱਸ ਕੁਝ ਨਹੀਂ, ਸਾਡੇ ਵਿਚੋਂ ਕਿਸੇ ਨੂੰ ਨਹੀਂ ਪਤਾ ਕਿ ਉਹਨੇ ਕਦੋਂ ਤੇ ਕਿਵੇਂ ਮਰਨਾ ਹੈ। ਇੰਝ ਦੀਪ ਕੌਰ ਨੇ ਮੌਤ ਦਾ ਭੈਅ ਘਟਾਉਣ ਦਾ ਪ੍ਰਚਾਰ ਕੀਤਾ।

ਜਦੋਂ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਇਕ ਹਮਲੇ ਸਮੇਂ ਇਸ ਧਰਮ ਅਸਥਾਨ ਦੀ ਰਾਖੀ ਲਈ ਲੜਦਿਆਂ ਜੱਥੇਦਾਰ ਕਰਮ ਸਿੰਘ ਸ਼ਹੀਦ ਹੋ ਗਿਆ, ਤਾਂ ਜਿਸ ਬਹਾਦਰੀ ਨਾਲ ਇਸ ਦੁੱਖ ਨੂੰ ਦੀਪ ਕੌਰ ਨੇ ਬਰਦਾਸ਼ਤ ਕੀਤਾ ਤੇ ਅਫ਼ਸੋਸ ਕਰਨ ਆਉਣ ਵਾਲੇ ਨਾਲ ਪ੍ਰਭੂ ਦੇ ਭਾਣੇ ਮੰਨਣ ਦੀ ਗੱਲ ਕਰਦੀ, ਉਸ ਤੋਂ ਸਾਫ਼ ਪ੍ਰਗਟ ਹੁੰਦਾ ਸੀ ਕਿ ਜੋ ਜੀਵਨ ਵਿੱਚ ਉਸ ਨੇ ਸਮਝਿਆ ਤੇ ਪਰਚਾਰਿਆ। ਉਸ ਤੋਂ ਸਾਫ਼ ਪ੍ਰਗਟ ਹੁੰਦਾ ਸੀ ਕਿ ਉਹ ਸਿੱਖੀ ਜੀਵਨ ਦੀਆਂ ਵਿਸ਼ੇਸ਼ਤਾਈਆਂ ਤੇ ਗੁਣ ਉਹਦੇ ਰੋਮ-ਰੋਮ ਵਿੱਚ ਰੱਚ ਚੁੱਕੇ ਸਨ। ਉਹ ਕਥਨੀ ਤੇ ਕਰਨੀ ਨੂੰ ਇਉਂ ਇਕਸਾਰ ਕਰ ਚੁੱਕੀ ਸੀ ਕਿ ਜੋ ਜੀਵਨ ਵਿੱਚ ਉਹਨੇ ਸਮਝਿਆ ਤੇ ਪ੍ਰਚਾਰਿਆ ਉਹਨੂੰ ਆਪਣੇ ਅਮਲੀ ਜੀਵਨ ਰਾਹੀਂ ਲੋਕਾਂ ਸਾਹਮਣੇ ਵੀ ਪੇਸ਼ ਕੀਤਾ। ਇਸ ਕਰਕੇ ਉਹਦੀ ਹਰ ਗੱਲ ਦਾ ਵੇਖਣ ਤੇ ਸੁਣਨ ਵਾਲਿਆਂ ਤੇ ਬੜਾ ਡੂੰਘਾ ਪ੍ਰਭਾਵ ਪੈਂਦਾ ਰਿਹਾ। ਜਿਹੋ ਜਿਹਾ ਉਸ ਦਾ ਜੀਵਨ ਸੀ, ਉਹੋ ਜਿਹੇ ਵਿੱਚ ਉਹਨੇ ਆਪਣੇ ਪੁੱਤਰ ਫਤਹਿ ਸਿੰਘ ਨੂੰ ਤੇ ਸੁੰਦਰਾਂ ਨੂੰ ਢਾਲ ਲਿਆ। ਉਸ ਨੇ ਆਪਣੇ ਪਤੀ ਨਮਿਤ ਅੰਤਮ ਅਰਦਾਸ ਦੇ ਮੌਕੇ 'ਤੇ ਫਤਹਿ ਸਿੰਘ ਨੂੰ ਪਿਤਾ ਦੇ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਪੰਥਕ ਸੇਵਾ ਲਈ ਤਤਪਰ ਰਹਿਣ ਲਈ ਆਗਿਆ ਕੀਤੀ। ਅਖ਼ੀਰ ਉਹ ਕਰਤਾਰਪੁਰ ਵਿੱਚ ਹੀ ਅਕਾਲ ਚਲਾਣਾ ਕਰ ਗਈ। ਆਪਣੇ ਜੀਵਨ ਦੇ ਇਸ ਯੋਗਦਾਨ ਕਾਰਨ ਇਤਿਹਾਸ ਵਿੱਚ ਉਹਨੂੰ ਅਮਰ ਅਸਥਾਨ ਪ੍ਰਾਪਤ ਹੋ ਗਿਆ।

ਸਰਦਾਰਨੀ ਸਦਾ ਕੌਰ

ਸਰਦਾਰਨੀ ਸਦਾ ਕੌਰ ਅਠਾਰ੍ਹਵੀਂ ਸਦੀ ਵਿੱਚ ਸਿੱਖ ਇਤਿਹਾਸ ਦੀ ਉਹ ਬੀਰ ਨਾਇਕਾ ਹੈ ਜੋ ਪੰਥ ਦੀ ਇਕ ਮਹੱਤਵ ਪੂਰਨ ਕਨ੍ਹੱਈਆ ਮਿਸਲ ਦੀ ਮਿਸਲਦਾਰ ਬਣੀ ਅਤੇ ਆਪਣੀ ਦੂਰ ਦ੍ਰਿਸ਼ਟੀ ਤੇ ਪੰਥਕ ਜਜ਼ਬੇ ਨਾਲ ਪੰਜਾਬ ਦੇ ਖ਼ਾਲਸਾ ਰਾਜ ਦੀ ਸਥਾਪਨਾ ਵਿੱਚ ਵਿਸ਼ੇਸ਼ ਯੋਗਦਾਨ ਪਾਇਆ। ਪੰਜਾਬ ਦੀਆਂ 12 ਉੱਘੀਆਂ ਮਿਸਲਾਂ ਵਿੱਚ ਇਕੋ ਮਿਸਲ ਦੀ ਮਿਸਲਦਾਰਨੀ ਦੇ ਰੂਪ ਵਿੱਚ ਇਸ ਨਾਰੀ ਨੇ ਇਤਿਹਾਸ ਰਚਿਆ। ਆਪਣੀ ਸੂਝ-ਬੂਝ ਤੇ ਰਾਜਨੀਤਕ ਚੇਤਨਾ ਸਦਕਾ ਮਿਸਲ ਕਨ੍ਹੱਈਆ ਦਾ ਨਾਮ ਰੌਸ਼ਨ ਕੀਤਾ। ਬੜੇ ਬੜੇ ਸੂਰਬੀਰ ਯੋਧੇ ਇਹਦੀ ਸਿਆਣਪ ਦਾ ਸਿੱਕਾ ਮੰਨਦੇ ਸਨ। ਇਹਨੂੰ ਪੰਜਾਬ ਦੀ ਸ਼ੇਰਨੀ ਸਮਝਿਆ ਜਾਂਦਾ ਸੀ। ਜਦ ਇਹ ਸਿੱਖ ਮਿਸਲਾਂ ਰਾਜ ਪ੍ਰਾਪਤੀ ਲਈ ਦੌੜ ਵਿੱਚ ਦੂਜਿਆਂ ਨੂੰ ਮੋਢਾ ਮਾਰ ਕੇ ਜਾਂ ਲਿਤਾੜ ਕੇ ਅੱਗੇ ਲੰਘ ਜਾਣਾ ਚਾਹੁੰਦੇ ਸਨ ਤਾਂ ਸਦਾ ਕੌਰ ਨੇ ਸਿੱਖ ਮਿਸਲਾਂ ਦੀ ਏਕਤਾ ਲਈ ਯਤਨਸ਼ੀਲ ਰਹੀ। ਜਦ ਕੋਈ ਇਹਦੇ ਨਾਲ ਲੋਹਾ ਲੈਣ ਲਈ ਨਿਕਲਿਆ ਤੇ ਇਹਨੇ ਰਣਭੂਮੀ ਵਿੱਚ ਉਹਦੀ ਪਿੱਠ ਲੁਆਈ।

ਸਦਾ ਕੌਰ ਦਾ ਜਨਮ ਕਦੋਂ ਤੇ ਕਿੱਥੇ ਹੋਇਆ, ਇਸ ਬਾਰੇ ਉਸ ਸਮੇਂ ਦੇ ਇਤਿਹਾਸਕਾਰਾਂ ਨੇ ਕੁਝ ਨਹੀਂ ਦੱਸਿਆ। ਇਸ ਦੇ ਮਾਪੇ ਕਿੱਥੋਂ ਦੇ ਰਹਿਣ ਵਾਲੇ ਸਨ, ਇਹ ਅਜੇ ਖੋਜ ਦਾ ਵਿਸ਼ਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿੱਚ ਤਿੰਨ ਨਾਰੀਆਂ ਦਾ ਸਦਾ ਕੌਰ ਨਾਂ ਦੱਸਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਕ ਸਦਾ ਕੌਰ ਲਾਹੌਰ ਦੇ ਮੁਗਲ ਰਾਜ ਵਿੱਚ ਦੀਵਾਨ ਚੰਦੂ ਲਾਲ ਦੀ ਪੁੱਤਰੀ ਸੀ, ਜਿਸ ਦਾ ਰਿਸ਼ਤਾ ਗੁਰੂ ਹਰਿਗੋਬਿੰਦ ਸਾਹਿਬ ਨਾਲ ਕਰਨ ਦੀ ਗੱਲ ਤੁਰੀ ਤੇ ਪ੍ਰਵਾਨ ਨਾ ਚੜ੍ਹੀ। ਦੂਜੀ ਸਦਾ ਕੌਰ ਮਹਾਰਾਜਾ ਰਣਜੀਤ ਸਿੰਘ ਦੀ ਸੱਸ ਤੇ ਮਹਾਰਾਜਾ ਰਣਜੀਤ ਸਿੰਘ ਦੀ ਪਤਨੀ ਮਹਿਤਾਬ ਕੌਰ ਦੀ ਮਾਂ ਸੀ। ਤੀਜੀ ਸਦਾ ਕੌਰ ਰਾਜਾ ਹਮੀਰ ਸਿੰਘ ਨਾਭਾਪਤਿ ਦੀ ਸਪੁੱਤਰੀ ਤੇ ਸਰਦਾਰ ਜੈ ਸਿੰਘ ਰਈਸ ਬਟਾਲਾ ਦੀ ਪਤਨੀ ਸੀ। ਭਾਈ ਕਾਨ੍ਹ ਸਿੰਘ ਨਾਭਾ ਨੇ ਸੌ ਸਾਲ ਪਿਛੋਂ ਆਪਣੀ ਰਚਨਾ ਵਿੱਚ ਸਰਦਾਰਨੀ ਸਦਾ ਕੌਰ ਦੇ ਪਿਤਾ ਦੇ ਨਾਂ ਬਾਰੇ ਤੇ ਖ਼ਾਨਦਾਨੀ ਪਿਛੋਕੜ ਤੇ ਕੋਈ ਚਾਨਣਾ ਨਹੀਂ ਪਾਇਆ।

ਅਠਾਰ੍ਹਵੀਂ ਸਦੀ ਵਿੱਚ ਸਿੱਖਾਂ ਦੀ ਉਭਰ ਰਹੀ ਸ਼ਕਤੀ ਨੂੰ ਕੁਚਲਣ ਦਾ ਯਤਨ ਕਰਦੇ ਮੁਗਲ ਹਾਕਮ ਆਪ ਨਿਰਬਲ ਹੁੰਦੇ ਗਏ, ਪਰ ਗੁਰੂ ਸਾਹਿਬਾਨ ਦੀ ਬਖ਼ਸ਼ੀ ਚੜ੍ਹਦੀ ਕਲਾ ਤੇ ਜੀਵਨ ਜਾਚ ਨੇ ਸਿੱਖਾਂ ਨੂੰ ਦਿਨ ਦੁਗਣੀ ਤੇ ਰਾਤ ਚੌਗੁਣੀ ਤਰੱਕੀ ਕਰਨ ਦੇ ਰਾਹੇ ਪਾਇਆ। ਸੁਚੱਜੀ ਲੀਡਰਸ਼ਿਪ, ਵਿਸ਼ੇਸ਼ ਕਰਕੇ ਨਵਾਬ ਕਪੂਰ ਸਿੰਘ ਦੀ ਸੁਘੜ ਅਗਵਾਈ ਵਿੱਚ ਪਹਿਲਾਂ ਬੁੱਢਾ ਦਲ ਅਤੇ ਤਰੁਣਾ ਦਲ ਬਣੇ ਤੇ ਫਿਰ ਰਾਖੀ ਸਿਸਟਮ

ਸ਼ੁਰੂ ਕਰਕੇ 35 ਜੱਥੇ ਵੱਖੋ-ਵੱਖ ਇਲਾਕਿਆਂ ਵਿੱਚ ਹੋਂਦ ਵਿੱਚ ਆ ਗਏ। ਸੰਨ 1748 ਨੂੰ ਨਵਾਬ ਕਪੂਰ ਸਿੰਘ ਦੀ ਰਾਜਨੀਤਕ ਸੂਝ-ਬੂਝ ਨੇ ਪਹਿਲਾਂ ਇਹਨਾਂ ਜੱਥਿਆਂ ਨੂੰ ਬਾਰਾਂ ਮਿਸਲਾਂ ਵਿੱਚ ਇਕੱਠਾ ਕੀਤਾ ਤੇ ਫਿਰ ਇਹਨਾਂ ਨੂੰ ਦਲ ਖ਼ਾਲਸੇ ਦਾ ਰੂਪ ਦੇ ਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਦਲ ਖ਼ਾਲਸੇ ਦਾ ਮੁਖੀ ਜੱਥੇਦਾਰ ਥਾਪਿਆ। ਇਹਨਾਂ ਬਾਰਾਂ ਮਿਸਲਾਂ ਵਿਚੋਂ ਇਕ ਮਿਸਲ ਕਨ੍ਹੱਈਆ ਮਿਸਲ ਸੀ। ਜਿਸ ਦਾ ਮੁੱਖੀ ਆਗੂ ਮਿਸਲਦਾਰ ਸ. ਜੈ ਸਿੰਘ ਸੀ, ਜੋ ਗੁਰਦਾਸਪੁਰ ਦੇ ਇਲਾਕੇ ਵਿੱਚ ਨਗਰ ਕਾਨ੍ਹਾਂ ਦਾ ਵਸਨੀਕ ਸੀ, ਉਹਨੇ ਇਲਾਕੇ ਦੇ ਸੂਰਬੀਰ ਸਿੰਘਾਂ ਦੀ ਮਿਸਲ ਬਣਾਈ ਤੇ ਬਟਾਲੇ ਦੇ ਇਲਾਕੇ ਵਿੱਚ ਰਾਜ ਪ੍ਰਬੰਧ ਸਥਾਪਤ ਕੀਤਾ। ਅਬਦਾਲੀ ਦੇ ਹਮਲਿਆਂ ਸਮੇਂ ਮਿਸਲ ਕਨ੍ਹੱਈਆ ਨੇ ਵਿਦੇਸ਼ੀ ਹਮਲਾਵਰਾਂ ਦੇ ਚੰਗੇ ਦੰਦ ਖੱਟੇ ਕੀਤੇ। ਜੈ ਸਿੰਘ ਦੇ ਅਕਾਲ ਚਲਾਣੇ ਪਿਛੋਂ ਮਿਸਲ ਦੀ ਕਮਾਨ ਉਸ ਦੇ ਸਪੁੱਤਰ ਸ. ਗੁਰਬਖ਼ਸ਼ ਸਿੰਘ ਨੇ ਸੰਭਾਲ ਲਈ। ਗੁਰਬਖ਼ਸ਼ ਸਿੰਘ ਦਾ ਵਿਆਹ ਸਦਾ ਕੌਰ ਨਾਲ ਹੋਇਆ। ਜਦ ਗੁਰਬਖ਼ਸ਼ ਸਿੰਘ ਨੇ ਮਿਸਲ ਦੀ ਜੱਥੇਦਾਰੀ ਸੰਭਾਲੀ, ਉਸ ਵੇਲੇ ਇਸ ਮਿਸਲ ਵਿੱਚ ਦੋ ਕੁ ਹਜ਼ਾਰ ਸਿੰਘ ਸ਼ਾਮਲ ਸਨ।

ਇਕ ਪਾਸੇ ਇਹ ਸਿੱਖ ਮਿਸਲਾਂ ਮੁਗਲ ਹਾਕਮਾਂ ਦੇ ਜ਼ੁਲਮਾਂ ਦਾ ਟਾਕਰਾ ਕਰ ਰਹੀਆਂ ਸਨ ਅਤੇ ਦੂਜੇ ਪਾਸੇ ਵਿਦੇਸ਼ੀ ਹਮਲਾਵਰਾਂ ਦੇ ਟਾਕਰੇ ਤੇ ਮਿਲਵੀਂ ਸ਼ਕਤੀ ਨਾਲ ਉਹਨਾਂ ਤੋਂ ਆਪਣਾ ਦੇਸ਼ ਬਚਾ ਰਹੀਆਂ ਸਨ। ਇਹਦੇ ਨਾਲ ਹੀ ਉਹ ਇਕ ਦੂਜੇ ਦੇ ਇਲਾਕੇ ਮੱਲਣ ਲਈ ਇਕ ਦੂਜੇ ਨਾਲ ਵੀ ਟਕਰਾ ਰਹੀਆਂ ਸਨ। ਅਜਿਹੇ ਮਿਸਲਾਂ ਦੇ ਇਕ ਗ੍ਰਹਿ-ਯੁੱਧ ਵਿੱਚ ਸ੍ਰ. ਗੁਰਬਖ਼ਸ਼ ਸਿੰਘ ਮਾਰੇ ਗਏ। ਮਿਸਲਾਂ ਦਾ ਇਹ ਗ੍ਰਹਿ-ਯੁੱਧ ਕਿੰਨ੍ਹਾਂ ਵਿਚਕਾਰ ਹੋਇਆ, ਇਸ ਬਾਰੇ ਇਤਿਹਾਸਕਾਰ ਦੀਆਂ ਦੋ ਰਾਵਾਂ ਸਾਹਮਣੇ ਆਉਂਦੀਆਂ ਹਨ। ਇਕ ਇਤਿਹਾਸਕ ਹਵਾਲੇ ਅਨੁਸਾਰ ਸ਼ੁਕਰਚੱਕੀਆ ਮਿਸਲ ਦਾ ਜੱਥੇਦਾਰ ਸ੍ਰ. ਮਹਾਂ ਸਿੰਘ ਕਿਸੇ ਕਾਰਨ ਕਨ੍ਹੱਈਆ ਮਿਸਲ 'ਤੇ ਚੜ੍ਹ ਆਇਆ ਤੇ ਇਸ ਯੁੱਧ ਵਿੱਚ ਗੁਰਬਖ਼ਸ਼ ਸਿੰਘ ਮਾਰਿਆ ਗਿਆ। ਡਾ. ਮਹਿੰਦਰ ਕੌਰ ਗਿੱਲ ਨੇ ਆਪਣੇ ਲੇਖ ਵਿੱਚ ਲਿਖਿਆ ਹੈ ਕਿ ਇਹ ਲੜਾਈ ਜੱਸਾ ਸਿੰਘ ਰਾਮਗੜ੍ਹੀਏ ਨਾਲ ਹੋਈ ਸੀ। ਕਿਉਂਕਿ ਰਾਮਗੜ੍ਹੀਏ ਸਰਦਾਰ ਇਸ ਇਲਾਕੇ 'ਤੇ ਆਪਣਾ ਹੱਕ ਦਰਸਾਉਣ ਦਾ ਯਤਨ ਕਰ ਰਹੇ ਸਨ।

ਕਿਸੇ ਜੀਵਨੀ ਲੇਖਕ ਅਤੇ ਇਤਿਹਾਸਕਾਰ ਨੇ ਇਹ ਨਹੀਂ ਦਸਿਆ ਕਿ ਮਿਸਲਦਾਰ ਗੁਰਬਖ਼ਸ਼ ਸਿੰਘ ਨਾਲ ਸਦਾ ਕੌਰ ਦਾ ਵਿਆਹ ਕਦੋਂ ਹੋਇਆ, ਪਰ ਜੀਵਨੀਕਾਰਾਂ ਅਨੁਸਾਰ ਉਹਦੀ ਇਕੋ ਇਕ ਸੰਤਾਨ ਸਪੁੱਤਰੀ ਮਹਿਤਾਬ ਕੌਰ ਸੀ। ਜਿਸ ਦਾ ਜਨਮ ਸੰਨ 1784-85 ਵਿੱਚ ਹੋਇਆ ਸਮਝਿਆ ਜਾਂਦਾ ਹੈ। ਕੁਝ ਪੁਰਾਣੀਆਂ ਲਿਖਤਾਂ ਅਨੁਸਾਰ ਇਸ ਤੋਂ ਛੇਤੀ ਪਿਛੋਂ ਸ੍ਰ. ਗੁਰਬਖ਼ਸ਼ ਸਿੰਘ ਅਕਾਲ ਚਲਾਣਾ ਕਰ ਗਿਆ। ਉਸ ਵੇਲੇ ਤਕ ਸਦਾ ਕੌਰ ਰਾਜ ਮਹੱਲਾਂ ਵਿੱਚ ਰਹਿਣ ਵਾਲੀ ਘਰੇਲੂ ਮੁਟਿਆਰ ਸੀ। ਜਦੋਂ ਉਹਨੂੰ ਪਤੀ ਦੇ ਜੰਗ ਵਿੱਚ ਮਾਰੇ ਜਾਣ ਦੀ ਸੂਚਨਾ ਮਿਲੀ ਤਾਂ ਉਹ ਤੁਰਤ ਕੁਝ ਸਿੰਘਾਂ ਤੇ ਘਰ ਦੀਆਂ ਸੇਵਾਦਾਰਨੀਆਂ ਸਮੇਤ ਯੁੱਧ ਦੇ ਮੈਦਾਨ ਵਿੱਚ ਪਹੁੰਚੀ ਤੇ ਪਤੀ ਦੀ ਲਾਸ਼ ਵੇਖ ਕੇ ਬੜੀ ਭਾਵੁਕ ਹੋ ਗਈ। ਮ੍ਰਿਤਕ ਸਰੀਰ ਨੂੰ ਨਿਮਸਕਾਰ ਕੀਤਾ। ਉਹਦੀ ਛਾਤੀ ਵਿੱਚ ਲੱਗੇ ਤੀਰ ਨੂੰ ਕੱਢ ਕੇ ਚੁੰਮਿਆ ਤੇ ਫਿਰ ਉਹਦੇ ਹੱਥ ਫੜੀ ਕ੍ਰਿਪਾਨ ਨੂੰ ਸੱਜੇ ਹੱਥ ਵਿੱਚੋਂ ਖਿੱਚ ਕੇ ਅਰਦਾਸਾ ਕੀਤਾ, ਜਿਸ ਵਿੱਚ ਪ੍ਰਣ ਕੀਤਾ ਕਿ ਉਹ ਪਤੀ ਦੇ ਕਾਰਜ ਨੂੰ ਨਿਭਾਏਗੀ। ਇਸੇ ਵੇਲੇ ਉਹਨੇ ਐਲਾਨ ਕੀਤਾ ਕਿ ਉਹ ਮਿਸਲ ਦੀ ਅਗਵਾਈ ਸੰਭਾਲ

ਰਹੀ ਏ। ਫਿਰ ਉਹਨੇ ਨਾਲ ਦੇ ਸਿੰਘਾਂ ਰਾਹੀਂ ਪਤੀ ਦਾ ਮ੍ਰਿਤਕ ਸਰੀਰ ਸਤਿਕਾਰ ਨਾਲ ਰਾਜ ਮਹੱਲਾਂ ਵਿੱਚ ਲਿਆ ਕੇ ਸਸਕਾਰ ਕੀਤਾ। ਕਨ੍ਹੱਈਆ ਮਿਸਲ ਦੇ ਸਰਦਾਰਾਂ ਤੇ ਜੁਆਨਾਂ ਦੀ ਇਕੱਤਰਤਾ ਬੁਲਾ ਕੇ ਜੱਥੇਬੰਦੀ ਨੂੰ ਸ਼ਕਤੀਸ਼ਾਲੀ ਬਣਾਉਣ ਦੀਆਂ ਯੋਜਨਾਵਾਂ ਉਲੀਕਣੀਆਂ ਸ਼ੁਰੂ ਕਰ ਦਿੱਤੀਆਂ।

ਡਾ. ਮਹਿੰਦਰ ਕੌਰ ਗਿੱਲ ਨੇ 'ਪੰਜਾਬ ਦੀ ਪਹਿਲੀ ਜਰਨੈਲ-ਰਾਣੀ ਸਦਾ ਕੌਰ' ਲੇਖ ਵਿੱਚ ਸਦਾ ਕੌਰ ਦੇ ਮਿਸਲ ਦੀ ਅਗਵਾਈ ਸੰਭਾਲਣ ਪਿਛੋਂ ਪਹਿਰਾਵੇ ਦਾ ਬਿਆਨ ਕਰਦਿਆਂ ਲਿਖਿਆ ਹੈ : "ਹੁਣ ਸਦਾ ਕੌਰ ਮੋਟੇ ਸਾਧਾਰਨ ਖੱਦਰ ਦੇ ਕੱਪੜੇ ਪਾਉਣ ਲੱਗ ਪਈ। ਘੁਟਵੇਂ ਪੌਂਹਚਿਆਂ ਵਾਲੀ ਸਲਵਾਰ ਤੇ ਕਲੀਆਂ ਵਾਲਾ ਕਮੀਜ਼ ਉਸ ਦਾ ਲਿਬਾਸ ਬਣ ਗਿਆ। ਉਹ ਲੱਕ ਉਤੇ ਕਮਰਕੱਸਾ ਬੰਨ੍ਹਣ ਲੱਗ ਪਈ। ਇਹਦੇ ਵਿੱਚ ਉਹ ਖੰਜਰ ਅੜੁੰਗਦੀ। ਉਪਰ ਖੁੱਲ੍ਹਾ ਚੋਗਾ ਪਾਉਂਦੀ ਤੇ ਸਿਰ ਉਤੇ ਕਾਲੀ ਨਿੱਕੀ ਜਿਹੀ ਦਸਤਾਰ ਬੰਨ੍ਹਦੀ ਸੀ। ਸਭ ਤੋਂ ਉਤੇ ਕਾਲੀ ਚਾਦਰ ਕਰਕੇ ਫਿਰ ਗੋਲ ਚੱਕਰ ਪਾਂਦੀ ਸੀ। ਠੀਕ ਉਸੇ ਤਰ੍ਹਾਂ ਜਿਵੇਂ ਅਰਬੀ ਲੋਕ ਸਿਰ ਤੇ ਕੱਪੜਾ ਕਰਕੇ ਉਪਰ ਕਾਲੀ ਰੱਸੀ ਬੰਨ੍ਹਦੇ ਹਨ। ਉਹ ਸਦਾ ਚੁਸਤ ਲਿਬਾਸ ਪਾਉਂਦੀ ਸੀ।"

ਇਸੇ ਤਰ੍ਹਾਂ ਉਸ ਦੀ ਸਰੀਰਕ ਬਣਤਰ ਤੇ ਸੁੰਦਰਤਾ ਬਾਰੇ ਇਹੀ ਲਿਖਿਆ ਮਿਲਦਾ ਹੈ ਕਿ ਉਸ ਦਾ ਰੰਗ ਗੋਰਾ, ਤਿੱਖੇ ਨੈਣ-ਨਕਸ਼, ਉੱਚੀ ਲੰਮੀ, ਹੁਸਨ ਦੀ ਮੂਰਤ ਸੀ। ਉਸਦੀਆਂ ਕਾਲੀਆਂ ਅੱਖਾਂ ਮੋਟੀਆਂ ਮੋਟੀਆਂ ਤੇ ਸੁੰਦਰ ਸਨ। ਅੱਖਾਂ ਦੇ ਆਨੇ ਲਾਲ ਸੂਹੇ ਅੰਗਾਰੇ ਵਾਂਗ ਲਿਸ਼ਕਦੇ ਸਨ। ਸੁੰਦਰ ਸੁਡੌਲ ਭੱਖਦਾ ਚਿਹਰਾ ਵੇਖਣ ਵਾਲੇ ਨੂੰ ਇਕ ਵਾਰ ਅਚੰਭੇ ਵਿੱਚ ਪਾ ਦਿੰਦਾ ਸੀ।

ਉਹਨੇ ਮਿਸਲ ਦੀ ਅਗਵਾਈ ਸੰਭਾਲਦਿਆਂ ਪਹਿਲਾ ਕੰਮ ਪਤੀ ਦੇ ਦੋਖੀਆਂ ਨਾਲ ਟੱਕਰ ਲੈ ਕੇ ਮਿਸਲ ਨੂੰ ਜਿੱਤ ਪ੍ਰਾਪਤੀ ਤੇ ਚੜ੍ਹਦੀ ਕਲਾ ਦਾ ਮਾਣ ਬਖ਼ਸ਼ਿਆ। ਉਹ ਸ਼ਿਕਾਰ ਖੇਡਣ ਵੀ ਜਾਣ ਲੱਗ ਪਈ। ਉਹ ਸੂਰਬੀਰਾਂ ਵਾਲੇ ਸ਼ਸਤਰ ਵੀ ਆਪ ਸਜਾਉਣ ਲੱਗ ਪਈ ਤੇ ਮਰਦਾਂ ਵਾਂਗ ਸਰਪਟ ਘੋੜਾ ਦੁੜਾਉਂਦੀ ਤੇ ਥੋੜ੍ਹੇ ਚਿਰ ਵਿੱਚ ਹੀ ਮਿਸਲ ਦੀ ਸ਼ਕਤੀ ਵਧਾ ਕੇ ਢਾਈ ਹਜ਼ਾਰ ਸਿੰਘਾਂ ਤਕ ਕਰ ਲਈ। ਉਹ ਸੁਪਨੇ ਲੈਣ ਲੱਗੀ ਕਿ ਸਿੱਖ ਮਿਸਲਾਂ ਵਿੱਚੋਂ ਕੁਝ ਨਾਲ ਸਾਂਝ ਬਣਾ ਕੇ ਉਹ ਸਾਰੇ ਪੰਜਾਬ ਦੀ ਰਾਜ ਸ਼ਕਤੀ ਉਤੇ ਕਾਬਜ਼ ਹੋ ਜਾਏ। ਪਰ ਕਈ ਮਿਸਲਾਂ ਦੇ ਜੁਆਨਾਂ ਦੀ ਗਿਣਤੀ ਦਸ ਹਜ਼ਾਰ ਤੋਂ ਵਧ ਸੀ, ਉਹ ਸਦਾ ਕੌਰ ਨੂੰ ਸਮੁੱਚੀ ਤਾਕਤ ਦਾ ਆਗੂ ਮੰਨਣ ਲਈ ਤਿਆਰ ਨਹੀਂ ਸਨ। ਦੂਰ-ਦ੍ਰਿਸ਼ਟੀ ਨਾਲ ਸਾਰੀ ਰਾਜਸੀ ਸਥਿਤੀ ਤੇ ਵਿਚਾਰ ਕਰਕੇ ਉਹ ਸ਼ੁਕਰਚੱਕੀਆ ਮਿਸਲ ਦੇ ਨੌਜਵਾਨ ਆਗੂ ਰਣਜੀਤ ਸਿੰਘ ਨਾਲ ਰਿਸ਼ਤੇਦਾਰੀ ਬਣਾ ਕੇ ਦੋਹਾਂ ਮਿਸਲਾਂ ਦੀ ਮਿਲਵੀਂ ਤਾਕਤ ਨਾਲ ਆਪਣੀਆਂ ਯੋਜਨਾਵਾਂ ਨੂੰ ਸਿਰੇ ਚਾੜ੍ਹਨ ਦਾ ਵਿਚਾਰ ਬਣਾਇਆ।

1796 ਵਿੱਚ ਆਪਣੀ ਸਪੁੱਤਰੀ ਮਹਿਤਾਬ ਕੌਰ ਦਾ ਵਿਆਹ ਰਣਜੀਤ ਸਿੰਘ ਨਾਲ ਕਰ ਦਿੱਤਾ। ਵਿਆਹ ਸਮੇਂ ਰਣਜੀਤ ਸਿੰਘ ਦੀ ਉਮਰ 16 ਸਾਲ ਤੇ ਮਹਿਤਾਬ ਕੌਰ ਦੀ ਉਮਰ 10 ਸਾਲ ਦੀ ਸੀ। ਉਸ ਸਮੇਂ ਲਾਹੌਰ ਤੇ ਅਬਦਾਲੀ ਦਾ ਪੋਤਰਾ ਸ਼ਾਹ ਜ਼ਮਾਨ ਕਾਬਜ਼ ਸੀ, ਪਰ ਆਸੇ ਪਾਸੇ ਸਿੱਖ ਮਿਸਲਾਂ ਨੇ ਇਲਾਕੇ ਮੱਲੇ ਹੋਏ ਸਨ ਤੇ ਉਹ ਭੈ-ਭੀਤ ਹੋ ਕੇ ਲਾਹੌਰ ਦੇ ਕਿਲ੍ਹੇ ਵਿੱਚ ਬੈਠਾ ਹੋਇਆ ਸੀ। ਸਿੱਖ ਮਿਸਲਾਂ ਉਹਨੂੰ ਚੁਣੌਤੀ ਦੇ ਰਹੀਆਂ ਸਨ। ਇਕ ਵਾਰ ਰਣਜੀਤ ਸਿੰਘ ਨੇ ਵੀ ਜੁਆਨਾਂ ਸਮੇਤ ਸਮਨ ਬੁਰਜ ਪਾਸ ਆ ਕੇ ਸ਼ਾਹ ਜ਼ਮਾਨ

ਨੂੰ ਲਲਕਾਰਿਆ ਤੇ ਉੱਚੀ ਅਵਾਜ਼ ਮਾਰ ਕੇ ਕਿਹਾ, "ਅਬਦਾਲੀ ਦੇ ਪੋਤਰੇ ਕਿਲ੍ਹੇ ਤੋਂ ਨਿਕਲ ਬਾਹਰ, ਚੜ੍ਹਤ ਸਿੰਘ ਦਾ ਪੋਤਰਾ ਤੈਨੂੰ ਵੰਗਾਰਦਾ ਹੈ।"

ਸ਼ਾਹ ਜ਼ਮਾਨ ਆਪਣੇ ਦੇਸ਼ ਵਿੱਚ ਬਗਾਵਤ ਦਾ ਖ਼ਤਰਾ ਅਨੁਭਵ ਕਰਕੇ ਤੇ ਪੰਜਾਬ ਵਿੱਚ ਸਿੱਖ ਮਿਸਲਾਂ ਦੀ ਚੜ੍ਹਤ ਤੋਂ ਘਬਰਾ ਕੇ ਵਾਪਸ ਆਪਣੇ ਦੇਸ਼ ਪਰਤ ਗਿਆ। ਲਾਹੌਰ ਖ਼ਾਲੀ ਵੇਖ ਕੇ ਭੰਗੀ ਮਿਸਲ ਦੇ ਦੋ-ਤਿੰਨ ਸਰਦਾਰਾਂ ਨੇ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਤੇ ਆ ਕਬਜ਼ਾ ਕੀਤਾ। ਟੈਕਸ ਉਗਰਾਹੀ ਤੇ ਆਪਣੀ ਆਮਦਨ ਵਧਾਉਣ ਦੇ ਉਪਰਾਲੇ ਕਰਨ ਲੱਗੇ। ਲਾਹੌਰ ਤੇ ਵਸਨੀਕਾਂ ਦੇ ਦੁਖ ਦਰਦ ਤੇ ਸਮੱਸਿਆਵਾਂ ਵੱਲ ਧਿਆਨ ਨਾ ਦਿੱਤਾ, ਜਿਸ ਕਾਰਨ ਪਰਜਾ ਅਸੰਤੁਸ਼ਟ ਤੇ ਦੁਖੀ ਹੋ ਗਈ। ਲਾਹੌਰ ਸ਼ਹਿਰ ਦੇ ਹਿੰਦੂ, ਮੁਸਲਮਾਨਾਂ ਤੇ ਸਿੱਖਾਂ ਨੇ ਰੱਲ ਕੇ ਗੁਜ਼ਰਾਂਵਾਲੇ ਸ੍ਰ. ਰਣਜੀਤ ਸਿੰਘ ਨੂੰ ਮਿਲਣ ਲਈ ਮੁਖੀਆਂ ਦਾ ਇਕ ਜੱਥਾ ਭੇਜਿਆ ਤੇ ਉਹਨਾਂ ਰਾਹੀਂ ਦਰਖ਼ਾਸਤ ਕੀਤੀ ਕਿ ਆ ਕੇ ਲਾਹੌਰ ਦੇ ਵਾਰਸ ਬਣੋ। ਸਾਰੇ ਵਸਨੀਕ ਤੁਹਾਨੂੰ ਜੀ ਆਇਆਂ ਕਹਿਣਗੇ। ਸ੍ਰ. ਰਣਜੀਤ ਸਿੰਘ ਤੁਰਤ ਬਟਾਲੇ ਆਇਆ ਤੇ ਆਪਣੀ ਸੱਸ ਸਦਾ ਕੌਰ ਨਾਲ ਸਾਰੀ ਸਥਿਤੀ ਦਾ ਜਾਇਜ਼ਾ ਲੈ ਕੇ ਲਾਹੌਰ 'ਤੇ ਕਬਜ਼ਾ ਕਰਨ ਦੀ ਵਿਉਂਤ ਬਣਾਈ। ਸਦਾ ਕੌਰ ਪਹਿਲਾਂ ਹੀ ਇਸ ਵਿਚਾਰ ਲਈ ਤਿਆਰ ਸੀ, ਇਸ ਲਈ ਉਹਨੇ ਹੱਲਾਸ਼ੇਰੀ ਦਿੱਤੀ ਤੇ ਆਪਣੀ ਸਾਰੀ ਮਿਸਲ ਦਾ ਸਾਥ ਦੇਣ ਦਾ ਭਰੋਸਾ ਦਿਵਾਇਆ। ਰਣਜੀਤ ਸਿੰਘ ਗੁਜਰਾਂਵਾਲੇ ਤੋਂ ਆਪਣੀ ਸੈਨਿਕ ਸ਼ਕਤੀ ਲੈ ਕੇ ਲਾਹੌਰ ਨੇੜੇ ਆਇਆ, ਦੂਜੇ ਪਾਸਿਓਂ ਬਟਾਲੇ ਤੋਂ ਸਦਾ ਕੌਰ ਆਪਣੀ ਮਿਸਲ ਸਮੇਤ ਲਾਹੌਰ ਦੇ ਦੂਜੇ ਗੇਟ ਸਾਹਮਣੇ ਆ ਪਹੁੰਚੀ। ਲਾਹੌਰ ਤੇ ਕਬਜ਼ਾ ਕਰੀ ਬੈਠੇ ਸਰਦਾਰਾਂ ਨੇ ਸ਼ਹਿਰ ਦੇ ਦਾਖ਼ਲੇ ਦੇ ਸਾਰੇ ਗੇਟ ਬੰਦ ਕਰਵਾ ਦਿੱਤੇ। ਪਰ ਵਸਨੀਕਾਂ ਨੇ ਗੇਟ ਖੋਲ੍ਹ ਦਿੱਤੇ ਤੇ ਜੈਕਾਰੇ ਬੁਲਾਂਦੇ ਰਣਜੀਤ ਸਿੰਘ ਤੇ ਸਦਾ ਕੌਰ ਦੇ ਜੱਥੇ ਸ਼ਹਿਰ ਵਿੱਚ ਦਾਖ਼ਲ ਹੋ ਗਏ। ਬਿਨਾਂ ਲਹੂ ਡੋਹਲੇ ਰਣਜੀਤ ਸਿੰਘ ਲਾਹੌਰ 'ਤੇ ਕਾਬਜ਼ ਹੋ ਗਿਆ। ਇਸ ਵਿਉਂਤ ਵਿੱਚ ਸਦਾ ਕੌਰ ਦਾ ਵੱਡਾ ਯੋਗਦਾਨ ਸੀ।

ਭੰਗੀ ਮਿਸਲ ਦੇ ਸਰਦਾਰ ਰਣਜੀਤ ਸਿੰਘ ਤੋਂ ਲਾਹੌਰ ਛੁਡਾਉਣ ਲਈ ਤਿਆਰ ਹੋ ਕੇ ਲਾਹੌਰ ਨੇੜੇ ਆ ਪਹੁੰਚੇ। ਕਸੂਰ ਦੇ ਪਠਾਣ ਨਵਾਬ ਨੇ ਵੀ ਇਸ ਵੇਲੇ ਰਣਜੀਤ ਸਿੰਘ ਵਿਰੁੱਧ ਚੜ੍ਹਾਈ ਕਰਨ ਵਾਲੇ ਸਿੱਖ ਜੱਥਿਆਂ ਦੀ ਮਦਦ ਤੇ ਆਪਣੀਆਂ ਸੈਨਿਕ ਟੁਕੜੀਆਂ ਲੈ ਕੇ ਲਾਹੌਰ ਵੱਲ ਆ ਗਿਆ। ਕਈ ਮਹੀਨੇ ਲਾਹੌਰ ਨੂੰ ਘੇਰੀਂ ਬੈਠੇ ਰਹੇ ਤਾਂ ਇਸ ਸਮੇਂ ਸਦਾ ਕੌਰ ਦੀ ਸਿਆਣਪ ਕੰਮ ਆਈ। ਉਹਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਅਕਾਲੀ ਫੂਲਾ ਸਿੰਘ ਪਾਸ ਸੁਨੇਹੇ ਭੇਜੇ ਕਿ ਉਹ ਮਿਸਲਾਂ ਦੀ ਆਪਸ ਵਿੱਚ ਲੜਾਈ ਨੂੰ ਟਾਲਣ ਤੇ ਕਸੂਰ ਦੇ ਨਵਾਬ ਦੇ ਦਖ਼ਲ ਨੂੰ ਰੋਕਣ ਲਈ ਕੁਝ ਕਰਨ। ਇਸ 'ਤੇ ਅਕਾਲੀ ਫੂਲਾ ਸਿੰਘ ਨੇ ਸਿੱਖਾਂ ਦੀਆਂ ਧਾਰਮਿਕ ਉੱਚੀਆਂ ਹਸਤੀਆਂ ਤੇ ਬੁੱਧੀ-ਜੀਵੀਆਂ ਦੀ ਇਕੱਤਰਤਾ ਬੁਲਾਈ ਤੇ ਉਸ ਇਕੱਤਰਤਾ ਦੇ ਫ਼ੈਸਲੇ ਅਨੁਸਾਰ ਪਹਿਲਾਂ ਸਭ ਨੂੰ ਆਦੇਸ਼ ਭੇਜਿਆ ਕਿ ਯੁੱਧ ਨਾ ਕੀਤਾ ਜਾਏ। ਫਿਰ ਰਣਜੀਤ ਸਿੰਘ ਦੇ ਕਬਜ਼ੇ ਨੂੰ ਯੋਗ ਕਰਾਰ ਦੇ ਕੇ ਉਹਦੇ ਪੰਜਾਬ ਦੇ ਮਹਾਰਾਜਾ ਬਣਨ ਦਾ ਰਾਹ ਸਾਫ਼ ਕਰਵਾ ਦਿੱਤਾ। ਇਸ ਤਰ੍ਹਾਂ ਸਦਾ ਕੌਰ ਦੀ ਦੂਰ-ਦ੍ਰਿਸ਼ਟੀ ਤੇ ਸਿਆਣਪ ਸਦਕਾ ਰਣਜੀਤ ਸਿੰਘ ਪੰਜਾਬ ਦਾ ਮਹਾਰਾਜਾ ਬਣ ਗਿਆ।

ਸਰਦਾਰਨੀ ਸਦਾ ਕੌਰ ਦਾ ਲੜਕਾ ਕੋਈ ਨਹੀਂ ਸੀ, ਇਸ ਲਈ ਉਹ ਆਪਣੇ

ਜਵਾਈ ਨੂੰ ਹੀ ਪੰਜਾਬ ਦਾ ਮਹਾਰਾਜਾ ਬਣਾ ਕੇ ਖ਼ੁਸ਼ ਹੋਈ। ਉਹਨੇ ਆਪਣੀ ਸਾਰੀ ਸੈਨਿਕ ਸ਼ਕਤੀ ਮਹਾਰਾਜਾ ਰਣਜੀਤ ਸਿੰਘ ਨੂੰ ਹਰ ਯੁੱਧ ਲਈ ਦਿੱਤੀ। ਬਾਗੀਆਂ ਨੂੰ ਦਬਾਉਣ ਤੇ ਹੋਰ ਮਿਸਲਾਂ ਨੂੰ ਪੰਜਾਬ ਰਾਜ ਵਿੱਚ ਮਿਲਾਉਣ ਲਈ ਸੰਨ 1809 ਈ. ਵਿੱਚ ਰਣਜੀਤ ਸਿੰਘ ਨੇ ਅੰਗਰੇਜ਼ਾਂ ਨਾਲ ਅੰਮ੍ਰਿਤਸਰ ਸੰਧੀ ਕਰਕੇ ਸਤਲੁਜ ਦਰਿਆ ਨੂੰ ਆਪਣੇ ਰਾਜ ਦੀ ਹੱਦ ਮਿਥ ਲਿਆ। ਇਸ ਸੰਧੀ ਅਨੁਸਾਰ ਜੋ ਲਾਹੌਰ ਰਾਜ ਦੇ ਸਹਿਯੋਗ ਦੇ ਇਲਾਕੇ ਅਥਵਾ ਪਿੰਡ ਤੇ ਜਾਗੀਰਾਂ ਸਤਲੁਜ ਤੋਂ ਪਾਰ ਸਨ, ਉਹਨਾਂ 'ਤੇ ਕਬਜ਼ਾ ਇਹਨਾਂ ਮਿਸਲਾਂ ਦਾ ਰਹੇਗਾ, ਪਰ ਅੰਗਰੇਜ਼ਾਂ ਨੇ ਲਾਵਾਰਿਸ ਜਾਣ ਵਾਲੇ ਜਗੀਰਦਾਰਾਂ ਦੀਆਂ ਜਗੀਰਾਂ 'ਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ। ਇਸ ਨਾਲ ਰਣਜੀਤ ਸਿੰਘ ਤੇ ਉਹਦੀ ਸੱਸ ਵਿਚਕਾਰ ਮਤਭੇਦ ਪੈਦਾ ਹੋ ਗਏ ਤੇ ਦੋਹਾਂ ਵਿੱਚ ਇਕ ਦੂਜੇ ਤੇ ਬੇ-ਭਰੋਸਗੀ ਵਧਣ ਲੱਗੀ। ਸਦਾ ਕੌਰ ਨੇ ਮਹਿਸੂਸ ਕੀਤਾ ਕਿ ਲਾਹੌਰ ਦਰਬਾਰ ਵਿੱਚ ਉਹਦਾ ਪਹਿਲੇ ਵਰਗਾ ਸਤਿਕਾਰ ਨਹੀਂ ਰਿਹਾ।

ਮਹਾਰਾਜਾ ਰਣਜੀਤ ਸਿੰਘ ਦਾ ਸੰਨ 1796 ਈ. ਵਿੱਚ ਸਰਦਾਰਨੀ ਸਦਾ ਕੌਰ ਦੀ ਸਪੁੱਤਰੀ ਮਹਿਤਾਬ ਕੌਰ ਨਾਲ ਵਿਆਹ ਹੋਇਆ। ਦੋ ਸਾਲ ਤੱਕ ਮਹਿਤਾਬ ਕੌਰ ਦੀ ਕੁੱਖੋਂ ਕੋਈ ਬੱਚਾ ਨਾ ਪੈਦਾ ਹੋਇਆ। ਸੰਨ 1798 ਵਿੱਚ ਰਣਜੀਤ ਸਿੰਘ ਦਾ ਵਿਆਹ ਨੱਕਈ ਮਿਸਲ ਦੇ ਮੁਖੀ ਗਿਆਨ ਸਿੰਘ ਦੀ ਭੈਣ ਦਤਾਰ ਕੌਰ ਨਾਲ ਹੋ ਗਿਆ। ਜਿਸ ਦੀ ਕੁਖੋਂ ਮਹਾਰਾਜਾ ਰਣਜੀਤ ਸਿੰਘ ਦੇ ਵੱਡੇ ਸਪੁੱਤਰ ਖੜਕ ਸਿੰਘ ਦਾ ਜਨਮ ਹੋਇਆ। ਉਸ ਤੋਂ ਕੁਝ ਚਿਰ ਪਿਛੋਂ ਮਹਿਤਾਬ ਕੌਰ ਦੀ ਕੁਖੋਂ ਸ਼ੇਰ ਸਿੰਘ ਦਾ ਜਨਮ ਹੋਇਆ। ਸਰਦਾਰਨੀ ਸਦਾ ਕੌਰ ਦਾ ਦੂਜਾ ਦੋਹਤਰਾ ਤਾਰਾ ਸਿੰਘ ਸੀ। ਸਮੇਂ ਦੀ ਪਰੰਪਰਾ ਅਨੁਸਾਰ ਵੱਡੇ ਸਪੁੱਤਰ ਦੇ ਹੀ ਰਾਜਗੱਦੀ ਨੂੰ ਸੰਭਾਲਣ ਦੀ ਪ੍ਰਥਾ ਸੀ। ਸਦਾ ਕੌਰ ਨੂੰ ਇਹ ਗੱਲ ਚੁਭਦੀ ਸੀ ਕਿ ਸ਼ੇਰ ਸਿੰਘ ਸ਼ਾਇਦ ਪੰਜਾਬ ਦਾ ਰਾਜਾ ਨਹੀਂ ਬਣ ਸਕੇਗਾ। ਉਸਨੇ ਬਟਾਲੇ ਰੱਖ ਕੇ ਹੀ ਸ਼ੇਰ ਸਿੰਘ ਦੀ ਪਾਲਣਾ ਪੋਸਣਾ ਕੀਤੀ। ਉਹਨੂੰ ਆਪਣੇ ਇਲਾਕੇ ਦਾ ਰਾਜਾ ਆਖਣ ਲੱਗ ਪਈ।

ਸਤਲੁਜ ਪਾਰ ਦਾ ਜਿਹੜਾ ਇਲਾਕਾ ਸਦਾ ਕੌਰ ਦੇ ਨਾਂ ਸੀ, ਉਸ ਦੇ ਸਦਾ ਕੌਰ ਦੇ ਚਲਾਣੇ ਪਿਛੋਂ ਅੰਗਰੇਜ਼ਾਂ ਦੇ ਕਬਜ਼ੇ ਵਿੱਚ ਚਲੇ ਜਾਣ ਦੇ ਖ਼ਤਰੇ ਨੂੰ ਮਹਿਸੂਸ ਕਰਦਿਆਂ ਲਾਹੌਰ ਦਰਬਾਰ ਵਲੋਂ ਸਦਾ ਕੌਰ ਨੂੰ ਸਲਾਹ ਦਿੱਤੀ ਗਈ ਕਿ ਉਹ ਇਹ ਇਲਾਕਾ ਸ਼ੇਰ ਸਿੰਘ ਦੇ ਨਾਂ ਲਾ ਦੇਵੇ, ਤਾਂਕਿ ਉਸ ਦੇ ਜ਼ਬਤ ਹੋਣ ਦੀ ਸੰਭਾਵਨਾ ਨਾ ਰਹੇ। ਸਦਾ ਕੌਰ ਨੇ ਇਸ ਨੂੰ ਰਾਜਸੀ ਚਾਲ ਸਮਝਿਆ ਤੇ ਇਸ ਸੁਝਾਅ ਨੂੰ ਠੁਕਰਾ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨਾਲ ਸਦਾ ਕੌਰ ਦੀ ਦੂਰੀ ਹੋਰ ਵੱਧ ਗਈ।

ਸੰਨ 1820 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਫ਼ੈਸਲਾ ਕੀਤਾ ਕਿ ਸ਼ੇਰ ਸਿੰਘ, ਸਦਾ ਕੌਰ ਦੀ ਰਿਆਸਤ ਦਾ ਕੰਮ ਕਾਜ ਖ਼ੁਦ ਸੰਭਾਲੇ, ਕਿਉਂਕਿ ਸਦਾ ਕੌਰ ਹੁਣ 70 ਸਾਲ ਦੀ ਹੋ ਗਈ ਹੈ ਤੇ ਉਸ ਨੂੰ ਹੁਣ ਆਰਾਮ ਦੀ ਜ਼ਰੂਰਤ ਹੈ। ਸਦਾ ਕੌਰ, ਰਣਜੀਤ ਸਿੰਘ ਨੂੰ ਚੰਗੀ ਤਰ੍ਹਾਂ ਜਾਣਦੀ ਸੀ ਕਿ ਉਸ ਨੇ ਕੋਈ ਅੱਛਾ ਫ਼ੈਸਲਾ ਨਹੀਂ ਕੀਤਾ। ਹੁਣ ਉਸ ਕੋਲ ਇਕੋ ਰਸਤਾ ਰਹਿ ਗਿਆ ਸੀ ਕਿ ਉਹ ਸਤਲੁਜ ਪਾਰ ਕਰਕੇ ਅੰਗਰੇਜ਼ਾਂ ਦੀ ਮਦਦ ਮੰਗਣ ਲਈ ਪਹੁੰਚੇ ਤਾਂ ਕਿ ਉਹ ਆਪਣੇ ਜਵਾਈ ਦੇ ਹੱਥੋਂ ਬੱਚ ਸਕੇ। ਉਸ ਨੇ ਬਹਾਨਾ ਬਣਾਇਆ ਕਿ ਉਹ ਆਪਣੀ ਜਾਇਦਾਦ ਦਾ ਮੁਆਇਨਾ ਕਰਨ ਜਾ ਰਹੀ ਹੈ, ਕਿਉਂਕਿ ਉਸ ਦੀ

ਜਾਇਦਾਦ ਸਤਲੁਜ ਦੇ ਦੋਵੇਂ ਪਾਸੇ ਸੀ। ਜਦੋਂ ਰਣਜੀਤ ਸਿੰਘ ਨੂੰ ਇਹ ਸਾਰਾ ਕੁਝ ਪਤਾ ਲੱਗਾ ਤਾਂ ਉਸ ਨੇ ਸਦਾ ਕੌਰ ਨੂੰ ਲਾਹੌਰ ਬੁਲਾ ਭੇਜਿਆ ਕਿ ਆ ਕੇ ਉਹ ਆਪਣੇ ਦੋਹਤਰਿਆਂ ਦੀ ਜਾਇਦਾਦ ਦਾ ਹਿਸਾਬ ਕਰੇ। ਸਦਾ ਕੌਰ ਨੂੰ ਇਹ ਤਾਂ ਉਮੀਦ ਨਹੀਂ ਸੀ ਕਿ ਰਣਜੀਤ ਸਿੰਘ ਜਿਸ ਨੂੰ, ਉਸ ਨੇ ਬਚਪਨ ਵਿੱਚ ਪਾਲਿਆ ਸੀ, ਉਸ ਨਾਲ ਭੈੜਾ ਸਲੂਕ ਕਰੇਗਾ। ਇਹ ਸੋਚ ਕੇ ਉਸ ਨੇ ਲਾਹੌਰ ਜਾਣਾ ਮੰਨ ਲਿਆ। ਉਹ ਲਾਹੌਰ ਪਹੁੰਚੀ ਤਾਂ ਅਗੋਂ ਰਣਜੀਤ ਸਿੰਘ ਦੇ ਤੌਰ-ਤਰੀਕੇ ਹੀ ਬਦਲੇ ਹੋਏ ਸਨ। ਉਸ ਨੇ ਬੜੇ ਕੁਰੱਖ਼ਤ ਤਰੀਕੇ ਨਾਲ ਕਿਹਾ ਕਿ ਸਦਾ ਕੌਰ ਦੀ ਜਾਇਦਾਦ ਉਸ ਦੇ ਦੋਹਤਰੇ ਸ਼ੇਰ ਸਿੰਘ ਨੂੰ ਦੇ ਦਿੱਤੀ ਹੈ ਅਤੇ ਸਦਾ ਕੌਰ ਨੂੰ ਗੱਦੀ ਤੋਂ ਉਤਾਰ ਦਿੱਤਾ ਹੈ। ਉਸ ਨੇ ਮਜਬੂਰ ਹੋ ਕੇ ਇਸ ਇਕਰਾਰਨਾਮੇ ਤੇ ਬੇਦਿਲੀ ਨਾਲ ਦਸਤਖ਼ਤ ਕੀਤੇ ਤੇ ਆਪ ਬਚ ਕੇ ਬਟਾਲੇ ਜਾ ਪਹੁੰਚੀ ਅਤੇ ਅੰਗਰੇਜ਼ਾਂ ਨੂੰ ਬੇਨਤੀ ਕੀਤੀ ਕਿ ਇਸ ਇਕਰਾਰਨਾਮੇ ਨੂੰ ਲਾਗੂ ਨਾ ਹੋਣ ਦੇਣ।

ਖੜਕ ਸਿੰਘ ਨੇ ਸਦਾ ਕੌਰ ਨੂੰ ਰੋਕ ਕੇ ਰਿਆਸਤ ਵਿੱਚ ਰੱਖ ਲਿਆ ਤੇ ਸ਼ੇਰ ਸਿੰਘ ਨੂੰ ਉਸ ਦੀ ਰਿਆਸਤ ਦਾ ਮਾਲਕ ਬਣਾਇਆ। ਸਰਦਾਰਨੀ ਸਦਾ ਕੌਰ ਬਟਾਲੇ ਭੇਜ ਦਿੱਤੀ, ਜਿਥੇ ਉਹ ਆਪਣੇ ਮਹੱਲ ਵਿੱਚ ਨਜ਼ਰਬੰਦ ਕੀਤੀ ਗਈ।

ਮਹਾਰਾਜਾ ਰਣਜੀਤ ਸਿੰਘ ਨੇ ਉਹਨੂੰ ਸੁਨੇਹੇ ਭੇਜੇ ਕਿ ਉਹ ਆਪਣੇ ਅੜੀਅਲ ਸੁਭਾਅ ਨੂੰ ਛੱਡ ਕੇ ਹਾਲਾਤ ਨਾਲ ਸਮਝੌਤਾ ਕਰੇ ਤੇ ਖ਼ਾਲਸਾ ਰਾਜ ਉਸਾਰਨ ਵਿੱਚ ਆਪਣੇ ਪਾਏ ਯੋਗਦਾਨ ਨੂੰ ਅਖ਼ੀਰ ਵੇਲੇ ਦਾਗਦਾਰ ਨਾ ਕਰੇ।

ਅਖ਼ੀਰ ਸੰਨ 1822 ਵਿੱਚ ਸਦਾ ਕੌਰ ਬਟਾਲੇ ਵਿੱਚ ਹੀ ਅਕਾਲ ਚਲਾਣਾ ਕਰ ਗਈ। ਬਾਬਾ ਪ੍ਰੇਮ ਸਿੰਘ ਹੋਤੀ 'ਖ਼ਾਲਸਾ ਰਾਜ ਦਾ ਇਤਿਹਾਸ' ਲਿਖਦਿਆਂ ਸਰਦਾਰਨੀ ਸਦਾ ਕੌਰ ਨੂੰ ਖ਼ਾਲਸਾ ਰਾਜ ਦੇ ਮਹਾਨ ਉਸਰੱਈਆਂ ਦੀ ਗਿਣਤੀ ਵਿੱਚ ਮੁੱਖ ਸਥਾਨ ਦਿੰਦਾ ਹੈ। ਸਦਾ ਕੌਰ ਜਰਨੈਲ ਨਾਰੀ ਸੀ। ਆਖ਼ਰੀ ਕੁਝ ਸਾਲਾਂ ਤੋਂ ਪਹਿਲਾਂ ਉਹਨੇ ਬੜੀ ਚੜ੍ਹਦੀ ਕਲਾ ਵਾਲਾ ਜੀਵਨ ਬਤੀਤ ਕੀਤਾ। ਇਤਿਹਾਸ ਵਿੱਚ ਉਹਦਾ ਨਾਂ ਸਦਾ ਯਾਦ ਰਹੇਗਾ।

ਮਹਾਰਾਣੀ ਚੰਦ ਕੌਰ

ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਪਿਛੋਂ ਜਦੋਂ ਖ਼ੂਨ-ਖ਼ਰਾਬੇ ਭਰੇ ਗ੍ਰਹਿ-ਯੁੱਧ ਵਿੱਚ, ਤੇ ਰਾਜ ਦੇ ਗੱਦਾਰਾਂ ਦੀਆਂ ਸਾਜ਼ਿਸ਼ਾਂ ਨਾਲ ਖ਼ਾਲਸਾ ਰਾਜ ਤਬਾਹੀ ਵੱਲ ਵਧਣ ਲੱਗਾ ਤਾਂ ਇਸ ਸਮੇਂ ਪਤੀ ਤੇ ਪੁੱਤਰ ਦੀ ਮੌਤ ਪਿਛੋਂ ਪੰਜਾਬ ਦੀ ਵਾਗਡੋਰ ਆਪਣੇ ਹੱਥ ਲੈਣ ਵਾਲੀ ਚੰਦ ਕੌਰ ਕੁਝ ਮਹੀਨਿਆਂ ਲਈ ਪੰਜਾਬ ਦੀ ਮਹਾਰਾਣੀ ਤੇ ਵਿਸ਼ਾਲ ਖ਼ਾਲਸਾ ਰਾਜ ਦੀ ਵਾਗਡੋਰ ਸੰਭਾਲਣ ਵਾਲੀ ਦਲੇਰ, ਤੁਰਤ ਫ਼ੈਸਲਾ ਕਰਨ ਦੀ ਸਮੱਰਥਾ ਵਾਲੀ ਔਰਤ ਸੀ। ਪਰ ਛੇਤੀ ਹੀ ਪਰਿਵਾਰਕ ਲੜਾਈ ਤੇ ਡੋਗਰਿਆਂ ਦੀ ਸਾਜ਼ਿਸ਼ ਦਾ ਸ਼ਿਕਾਰ ਹੋਣ ਕਰਕੇ ਨਾ ਕੇਵਲ ਰਾਜ ਭਾਗ ਸ਼ੇਰ ਸਿੰਘ ਦੇ ਹਵਾਲੇ ਕਰਨ ਲਈ ਮਜਬੂਰ ਹੋਈ, ਸਗੋਂ ਆਪਣੀ ਜਾਨ ਵੀ ਗੁਆ ਬੈਠੀ। ਇਹ ਚੰਦ ਕੌਰ ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਵੱਡੇ ਸਪੁੱਤਰ ਟਿੱਕਾ ਖੜਕ ਸਿੰਘ ਦੀ ਪਤਨੀ ਤੇ ਕੰਵਰ ਨੌਨਿਹਾਲ ਸਿੰਘ ਦੀ ਮਾਂ ਸੀ। ਜਿਸ ਹਾਲਾਤ ਵਿੱਚ ਇਹ ਪੰਜਾਬ ਦੀ ਮਹਾਰਾਣੀ ਬਣੀ, ਇਤਿਹਾਸ ਵਿੱਚ ਆਪਣੀ ਨਿਵੇਕਲੀ ਮੋਹਰ ਛਾਪ ਛੱਡ ਗਈ। ਚੰਦ ਕੌਰ ਬਾਰੇ ਇਤਿਹਾਸਕਾਰਾਂ ਨੇ ਉਹਦੀ ਨਿਭਾਈ ਭੂਮਿਕਾ ਦੀ ਸ਼ਲਾਘਾ ਵੀ ਕੀਤੀ ਹੈ ਤੇ ਉਸ ਦੇ ਔਗੁਣਾਂ ਨੂੰ ਨਿਖੇੜ ਕੇ ਬਿਆਨ ਵੀ ਕੀਤਾ ਹੈ।

ਚੰਦ ਕੌਰ ਕਨੱਈਆ ਮਿਸਲ ਦੇ ਸਰਦਾਰ ਜੈਮਲ ਸਿੰਘ ਦੀ ਸਪੁੱਤਰੀ ਸੀ। ਚੰਦ ਕੌਰ ਦੇ ਜਨਮ ਸਬੰਧੀ ਕੋਈ ਵਿਸ਼ੇਸ਼ ਤੇ ਨਿਰਣੇਜਨਕ ਤਾਰੀਖ਼ ਤੇ ਸਾਲ ਨਹੀਂ ਮਿਲਦਾ। ਅਨੁਮਾਨ ਅਨੁਸਾਰ ਇਸ ਦਾ ਜਨਮ ਸੰਨ 1803 ਈ. ਨੂੰ ਹੋਇਆ। 9 ਸਾਲ ਦੀ ਆਯੂ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਵੱਡੇ ਸਪੁੱਤਰ ਟਿੱਕਾ ਖੜਕ ਸਿੰਘ ਨਾਲ ਇਸ ਦਾ ਵਿਆਹ 6 ਫਰਵਰੀ, 1812 ਵਿੱਚ ਹੋਇਆ। ਉਸ ਵੇਲੇ ਟਿੱਕਾ ਖੜਕ ਸਿੰਘ ਦੀ ਆਯੂ 10 ਸਾਲ ਦੀ ਸੀ, ਇਹ ਖੜਕ ਸਿੰਘ ਨਾਲੋਂ ਉਮਰ ਵਿੱਚ ਇਕ ਸਾਲ ਛੋਟੀ ਸੀ। ਕਨੱਈਆ ਮਿਸਲ ਦੇ ਮੁਖੀਏ ਸ਼ਾਹੀ ਠਾਠ ਵਾਲੇ ਤੇ ਚੰਗੇ ਦਲੇਰ ਤੇ ਯੁੱਧ ਖੇਤਰ ਵਿੱਚ ਚੜ੍ਹਦੀ ਕਲਾ ਨਾਲ ਰਹਿਣ ਵਾਲੇ ਸਨ। ਚੰਦ ਕੌਰ ਨੂੰ ਬਾਲਪਨ ਵਿੱਚ ਵਿਰਸੇ ਵਿੱਚ ਰਾਜ ਕਰਨ ਦੇ ਗੁਣ-ਔਗੁਣ ਮਿਲ ਗਏ। ਬਚਪਨ ਵਿੱਚ ਇਹ ਸੁੰਦਰ, ਪ੍ਰਭਾਵਸ਼ਾਲੀ ਸ਼ਖ਼ਸੀਅਤ ਵਾਲੀ ਤੇ ਸੁਹਣੇ ਸੁਡੌਲ ਕੱਦ-ਕਾਠ ਵਾਲੀ ਮੁਟਿਆਰ ਸੀ। ਇਸ ਲਈ ਪਿਤਾ ਜੀ ਦੀ ਸੋਚ ਅਨੁਸਾਰ ਜੇ ਇਹ ਮਹਾਰਾਜਾ ਰਣਜੀਤ ਸਿੰਘ ਦੇ ਪਰਿਵਾਰ ਵਿੱਚ ਚਲੀ ਜਾਏ ਤਾਂ ਕਦੇ ਨਾ ਕਦੇ ਪੰਜਾਬ ਦੇ ਰਾਜ ਭਾਗ ਦੀ ਮਾਲਕ ਬਣ ਸਕਦੀ ਹੈ। ਮਹਾਰਾਜਾ ਰਣਜੀਤ ਸਿੰਘ ਦੀ ਨੇੜਤਾ ਕਰਕੇ ਜਦੋਂ ਖੜਕ ਸਿੰਘ ਨਾਲ ਇਹਦੇ ਰਿਸ਼ਤੇ ਦੀ ਗੱਲ ਤੁਰੀ ਤਾਂ ਝੱਟ ਪ੍ਰਵਾਨ ਹੋ ਗਈ। ਖੜਕ ਸਿੰਘ ਸਾਹਮਣੇ ਇਹ ਤਜਵੀਜ਼ ਆਈ, ਤਾਂ ਉਹਨੇ ਵੀ ਝੱਟ ਪ੍ਰਵਾਨਗੀ ਦੇ ਦਿੱਤੀ। ਸੰਨ

1812 ਦੀ ਬਸੰਤ ਰੁੱਤੇ ਸ਼ਾਹੀ ਠਾਠ ਨਾਲ ਇਹ ਵਿਆਹ ਸੰਪੰਨ ਹੋਇਆ। ਦੋਹਾਂ ਪਾਸਿਆਂ ਨੇ ਵੱਧ ਚੜ੍ਹ ਕੇ ਧੰਨ ਖ਼ਰਚਿਆ ਤੇ ਅਨੇਕਾਂ ਰਾਜਿਆਂ-ਮਹਾਰਾਜਿਆਂ ਨੂੰ ਵਿਆਹ ਵਿੱਚ ਸ਼ਾਮਲ ਹੋਣ ਲਈ ਸੱਦਾ-ਪੱਤਰ ਦਿੱਤਾ। ਪੰਜਾਬ ਦੀ ਮਹਾਰਾਣੀ ਬਣਨ ਦੇ ਸੁਪਨੇ ਲੈ ਕੇ ਲਾਹੌਰ ਦੇ ਕਿਲ੍ਹੇ ਅੰਦਰ ਚੰਦ ਕੌਰ ਨੇ ਪਹਿਲਾ ਪੜ੍ਹਾਅ ਪੂਰਾ ਕਰ ਲਿਆ।

ਭਾਵੇਂ ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਇਹ ਵਿਸ਼ਵਾਸ ਦਿਵਾਇਆ ਸੀ ਕਿ ਉਹ ਸਥਾਪਤ ਹੋ ਰਹੇ ਰਾਜ ਨੂੰ ਨਿੱਜੀ ਰਾਜ ਦੀ ਥਾਂ ਸਮੁੱਚੀ ਕੌਮ ਦਾ ਰਾਜ ਸਥਾਪਤ ਕਰੇਗਾ। ਨਿੱਜੀ ਸਿੱਕੇ ਦੀ ਥਾਂ ਨਾਨਕਸ਼ਾਹੀ ਸਿੱਕਾ ਚਾਲੂ ਕਰੇਗਾ ਅਤੇ ਪਹਿਲੇ ਰਾਜਿਆਂ ਵਾਂਗ ਤਾਜ ਤਖ਼ਤ ਨਹੀਂ ਰੱਖੇਗਾ। ਸ਼ੁਰੂ ਸ਼ੁਰੂ ਵਿੱਚ ਉਹਨੇ ਸਰਕਾਰ ਖ਼ਾਲਸਾ ਦਾ ਨਾਅਰਾ ਵੀ ਲਾਇਆ, ਪਰ ਫੇਰ ਉਹ ਨਿੱਜੀ ਰਾਜ ਦੀ ਖੁਲ੍ਹ ਕੇ ਗੱਲ ਕਰਨ ਲੱਗ ਪਿਆ। ਜਿਸ ਕਾਰਨ ਹਰ ਪਾਸੇ ਇਹ ਸਮਝਿਆ ਜਾਣ ਲੱਗ ਪਿਆ ਕਿ ਇਹ ਪਰਿਵਾਰਕ ਰਾਜ ਬਣਾਉਣ ਵੱਲ ਵਧ ਰਿਹਾ ਹੈ। ਪਰਿਵਾਰਕ ਰਾਜ ਦੀ ਪ੍ਰਥਾ ਵਿੱਚ ਇਹੀ ਪ੍ਰਧਾਨ ਰਿਵਾਜ਼ ਸੀ ਕਿ ਵੱਡਾ ਪੁੱਤਰ ਹੀ ਅਗੋਂ ਰਾਜ ਦਾ ਵਾਰਸ ਹੁੰਦਾ ਹੈ। ਮਹਾਰਾਜਾ ਰਣਜੀਤ ਸਿੰਘ ਦਾ ਵੱਡਾ ਪੁੱਤਰ ਖੜਕ ਸਿੰਘ ਭਾਵੇਂ ਬਹੁਤਾ ਸਿਆਣਾ, ਦੂਰ-ਅੰਦੇਸ਼ ਤੇ ਨੀਤੀਵਾਨ ਨਹੀਂ ਸੀ ਤਾਂ ਵੀ ਸਭ ਦਾ ਇਹੀ ਅਨੁਮਾਨ ਸੀ ਕਿ ਮਹਾਰਾਜਾ ਰਣਜੀਤ ਸਿੰਘ ਪਿਛੋਂ ਇਹੀ ਰਾਜ ਭਾਗ ਦਾ ਮਾਲਕ ਹੋਵੇਗਾ। ਮਹਾਰਾਣੀ ਚੰਦ ਕੌਰ, ਖੜਕ ਸਿੰਘ ਨਾਲ ਵਿਆਹ ਹੋਣ ਪਿਛੋਂ ਰਾਣੀ ਬਣਨ ਵਾਲੀ ਔਰਤ ਜਾਣ ਕੇ ਸਤਿਕਾਰੀ ਜਾਣ ਲੱਗੀ।

ਸੰਨ 1821 ਈ. ਨੂੰ ਖੜਕ ਸਿੰਘ ਦੇ ਘਰ ਚੰਦ ਕੌਰ ਦੀ ਕੁਖੋਂ ਕੰਵਰ ਨੌਨਿਹਾਲ ਸਿੰਘ ਦਾ ਜਨਮ ਹੋਇਆ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਪੋਤਰੇ ਦੇ ਜਨਮ ਦੀ ਬਹੁਤ ਖ਼ੁਸ਼ੀ ਮਨਾਈ। ਸਾਰੇ ਪੰਜਾਬ ਰਾਜ ਵਿੱਚ ਜਨਤਾ ਨੇ ਵੀ ਇਹਨਾਂ ਖ਼ੁਸ਼ੀਆਂ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ। ਕੰਵਰ ਨੌਨਿਹਾਲ ਸਿੰਘ ਦੀ ਪਾਲਣਾ-ਪੋਸਣਾ, ਵਿਦਿਆ ਤੇ ਜੰਗੀ ਮੈਦਾਨ ਦੀ ਫੌਜੀ ਸਿਖਲਾਈ ਤੋਂ ਇਲਾਵਾ ਰਾਜ ਪ੍ਰਬੰਧ ਵਿੱਚ ਵੀ ਯੋਗਤਾ ਤੇ ਨਿਪੁੰਨਤਾ ਹਾਸਲ ਕਰਵਾਈ। ਉਹ ਕਈ ਮੁਹਿੰਮਾਂ ਤੇ ਮੁਖੀ ਜਰਨੈਲ ਬਣ ਕੇ ਗਿਆ। ਕਈ ਇਲਾਕਿਆਂ ਦਾ ਰਾਜ ਪ੍ਰਬੰਧਕ ਵੀ ਬਣਿਆ। ਕੰਵਰ ਨੌਨਿਹਾਲ ਸਿੰਘ ਬਾਰੇ ਵੀ ਸਭ ਇਹੀ ਅਨੁਮਾਨ ਲਾਣ ਲੱਗੇ ਕਿ ਇਹ ਅਗਲਾ ਹੁਕਮਰਾਨ ਹੋ ਸਕਦਾ ਹੈ। ਚੰਦ ਕੌਰ ਦਾ ਇਸ ਕਰਕੇ ਵੀ ਮਾਣ ਸਤਿਕਾਰ ਹੋਰ ਵਧ ਗਿਆ। ਉਹ ਵਧ ਤੋਂ ਵਧ ਖ਼ਾਲਸਾ ਰਾਜ ਦੇ ਉਸਰੱਈਆਂ ਨੂੰ ਆਪਣੇ ਨਾਲ ਜੋੜਨ ਵੱਲ ਰੁਚਿਤ ਹੋਈ। ਇਸੇ ਦ੍ਰਿਸ਼ਟੀਕੋਣ ਨਾਲ ਕੰਵਰ ਨੌਨਿਹਾਲ ਸਿੰਘ ਦਾ ਵਿਆਹ ਸ੍ਰ. ਸ਼ਾਮ ਸਿੰਘ ਅਟਾਰੀ ਵਾਲੇ ਦੀ ਪੁੱਤਰੀ ਨਾਨਕੀ ਨਾਲ ਕੀਤਾ ਗਿਆ। ਇਹ ਵਿਆਹ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਪੁੱਤਰਾਂ ਦੇ ਵਿਆਹਾਂ ਨਾਲੋਂ ਵੀ ਵੱਡੀ ਪੱਧਰ 'ਤੇ ਕੀਤਾ। ਇਤਿਹਾਸਕਾਰ ਲਿਖਦੇ ਹਨ ਕਿ ਇਸ ਵਿਆਹ ਵਿੱਚ ਭਾਰਤ ਭਰ ਦੇ ਰਾਜੇ ਮਹਾਰਾਜੇ ਤੇ ਵਿਦੇਸ਼ੀ ਹਾਕਮ ਅੰਗਰੇਜ਼, ਫਰਾਂਸੀਸੀ ਤੇ ਪੁਰਤਗਾਲੀ ਵੀ ਸ਼ਾਮਿਲ ਹੋਏ। ਇਤਿਹਾਸਕ ਲਿਖਤਾਂ ਅਨੁਸਾਰ ਵਿਆਹ ਵਿੱਚ ਪੰਜ ਲੱਖ ਲੋਕ ਸ਼ਾਮਲ ਸਨ। ਮਹਾਰਾਣੀ ਚੰਦ ਕੌਰ ਫੁੱਲੀ ਨਹੀਂ ਸੀ ਸਮਾਉਂਦੀ। ਉਸ ਨੇ ਇਸ ਰਾਜਨੀਤਿਕ ਇਕੱਠ ਤੋਂ ਵੀ ਬਹੁਤ ਕੁਝ ਸਿਖਿਆ ਸਮਝਿਆ।

ਸੰਨ 1839 ਵਿੱਚ ਮਹਾਰਾਜਾ ਰਣਜੀਤ ਸਿੰਘ ਕੁਝ ਸਮਾਂ ਬਿਮਾਰ ਰਹਿ ਕੇ ਅਧਰੰਗ ਦੇ ਹੱਲੇ ਪਿੱਛੋਂ ਜੂਨ 1839 ਨੂੰ ਅਕਾਲ ਚਲਾਣਾ ਕਰ ਗਿਆ। ਉਹਦੀ ਬਿਮਾਰੀ ਦੇ ਦਿਨਾਂ

ਵਿੱਚ ਰਾਜ ਦੇ ਗੱਦਾਰ ਸਾਜ਼ਸ਼ੀ ਤੇ ਸਮੇਂ ਦੀ ਉਡੀਕ ਵਿੱਚ ਬੈਠੇ ਅੰਗਰੇਜ਼ ਅੰਦਰੋਂ ਅੰਦਰੀ ਘੁਣ ਵਾਂਗ ਰਾਜ ਨੂੰ ਖਾਣ ਲੱਗ ਪਏ। ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਕੁਝ ਦਿਨ ਪਹਿਲੇ ਹੀ ਰਾਜ ਦਾ ਅਧਿਕਾਰੀ ਕਹਿ ਕੇ ਖੜਕ ਸਿੰਘ ਨੂੰ ਮਹਾਰਾਜਾ ਬਣਾ ਦਿੱਤਾ। ਬਹੁਤੇ ਦਰਬਾਰੀ, ਫੌਜੀ ਜਰਨੈਲ ਤੇ ਵਜ਼ੀਰ ਸਮਝਦੇ ਸਨ ਕਿ ਖੜਕ ਸਿੰਘ ਯੋਗ ਨਹੀਂ, ਪਰ ਮਹਾਰਾਜਾ ਰਣਜੀਤ ਸਿੰਘ ਦੇ ਫੈਸਲੇ 'ਤੇ ਕਿਸੇ ਦਾ ਕਿੰਤੂ ਕਰਨ ਦਾ ਹੌਂਸਲਾ ਨਹੀਂ ਸੀ। ਖ਼ਾਸ ਕਰਕੇ ਡੋਗਰੇ ਭਰਾ ਖ਼ੁਸ਼ ਸਨ ਕਿ ਹੁਣ ਉਹਨਾਂ ਨੂੰ ਖੜਕ ਸਿੰਘ ਦੀ ਬਾਂਹ ਧਿਆਨ ਸਿੰਘ ਨੂੰ ਫੜਾਂਦਿਆਂ ਰਾਜਾ ਧਿਆਨ ਸਿੰਘ ਨੂੰ ਰਾਜ ਦੀ ਵਾਗਡੋਰ ਸੰਭਾਲ ਦਿੱਤੀ ਹੈ। ਚੰਦ ਕੌਰ ਵੀ ਪਤੀ ਦੇ ਮਹਾਰਾਜਾ ਬਣਨ ਤੇ ਕੁਦਰਤੀ ਤੌਰ 'ਤੇ ਬੜੀ ਪ੍ਰਸੰਨ ਹੋਈ, ਕਿਉਂਕਿ ਉਹ ਰਾਜ ਦੀ ਪ੍ਰਥਮ ਨਾਰੀ ਤੇ ਮਹਾਰਾਜੇ ਦੀ ਪਤਨੀ ਅਖਵਾਉਣ ਲੱਗੀ।

ਮਹਾਰਾਜਾ ਖੜਕ ਸਿੰਘ ਬਹੁਤ ਦੇਰ ਡੋਗਰੇ ਭਰਾਵਾਂ ਦੇ ਚੰਗੁਲ ਵਿੱਚ ਨਾ ਰਹਿ ਸਕਿਆ। ਉਸ ਨੇ ਆਪਣੇ ਰਾਜ ਕਾਜ ਲਈ ਜੋ ਨਵੇਂ ਸਲਾਹਕਾਰ ਬਣਾਏ। ਉਹਨਾਂ ਵਿੱਚ ਸ੍ਰ. ਚੇਤ ਸਿੰਘ ਬਾਜਵਾ ਸਿਰਕੱਢ ਸੀ। ਖੜਕ ਸਿੰਘ ਉਸ ਦੀ ਰਾਇ ਨੂੰ ਵਧੇਰੇ ਮਾਨਤਾ ਦੇਣ ਲੱਗਾ। ਚੰਦ ਕੌਰ ਦੀ ਰਾਇ ਲੈਣੀ ਉਹ ਜ਼ਰੂਰੀ ਨਹੀਂ ਸੀ ਸਮਝਦਾ। ਜਿਸ ਕਾਰਨ ਚੰਦ ਕੌਰ ਉਹਦੀ ਪ੍ਰਬੰਧਕ ਯੋਗਤਾ ਤੋਂ ਅਸੰਤੁਸ਼ਟ ਰਹਿਣ ਲੱਗੀ। ਡੋਗਰੇ ਭਰਾਵਾਂ ਨੇ ਰਾਜ ਸ਼ਕਤੀ ਹਥਿਆਉਣ ਲਈ ਪਹਿਲਾਂ ਚੇਤ ਸਿੰਘ ਬਾਜਵੇ ਦਾ ਕੰਢਾ ਕੱਢਣ ਦੀ ਸਾਜ਼ਸ਼ ਰੱਚੀ। ਰਾਣੀ ਚੰਦ ਕੌਰ ਤੇ ਕੰਵਰ ਨੌਨਿਹਾਲ ਸਿੰਘ ਨੂੰ ਵੀ ਗਲਤ ਸੂਚਨਾਵਾਂ ਭੇਜੀਆਂ। ਫੌਜ ਵਿੱਚ ਗਲਤ ਅਫ਼ਵਾਹਾਂ ਵੀ ਫੈਲਾਈਆਂ। ਜਿਸ ਦੇ ਫਲਸਰੂਪ ਫੌਜ ਵਿੱਚ ਬੁਰਛਾ-ਗਰਦੀ ਵਧੀ। ਕੰਵਰ ਨੌਨਿਹਾਲ ਸਿੰਘ ਉਹਨਾਂ ਸਲਾਹਕਾਰਾਂ ਦੇ ਵਿਰੁੱਧ ਹੋ ਗਿਆ, ਜੋ ਉਹਦੇ ਪਿਤਾ ਤੇ ਭਾਰੂ ਸਨ। ਇਸ ਤਰ੍ਹਾਂ ਰਾਜ ਵਿੱਚ ਗ੍ਰਹਿ-ਯੁੱਧ ਛਿੜ ਪਿਆ ਤੇ ਖ਼ੂਨੀ ਕਾਂਡ ਅਰੰਭ ਹੋ ਗਏ।

ਪਹਿਲਾਂ ਕਤਲ ਚੇਤ ਸਿੰਘ ਬਾਜਵੇ ਦਾ ਹੀ ਹੋਇਆ, ਦੂਜਾ ਬਿਮਾਰ ਖੜਕ ਸਿੰਘ ਤੋਂ ਰਾਜ ਪ੍ਰਬੰਧ ਦੀ ਸ਼ਕਤੀ ਕੰਵਰ ਨੌਨਿਹਾਲ ਸਿੰਘ ਨੇ ਆਪਣੇ ਹੱਥ ਲੈ ਲਈ। ਖੜਕ ਸਿੰਘ ਨੂੰ ਜ਼ਹਿਰੀਲੀਆਂ ਦਵਾਈਆਂ ਦੇ ਕੇ ਹੌਲੀ-ਹੌਲੀ ਨਿਢਾਲ ਕਰਕੇ ਮਾਰਿਆ ਗਿਆ। ਕੰਵਰ ਨੌਨਿਹਾਲ ਸਿੰਘ ਪਿਤਾ ਦਾ ਸਸਕਾਰ ਕਰਕੇ ਮੁੜਦਿਆਂ ਮਾਰਿਆ ਗਿਆ। ਉਸ ਪਿਛੋਂ ਖ਼ਾਲਸਾ ਰਾਜ ਦਾ ਤੇਜ਼ੀ ਨਾਲ ਦਮਨ ਹੋਣ ਲੱਗਾ।

ਸ੍ਰ. ਖੁਸ਼ਵੰਤ ਸਿੰਘ, ਸੀਤਾ ਰਾਮ ਕੋਹਲੀ ਅਤੇ ਹਰੀ ਰਾਮ ਗੁਪਤਾ ਦਾ ਵਿਚਾਰ ਹੈ ਕਿ ਕੰਵਲ ਨੌਨਿਹਾਲ ਸਿੰਘ ਦੀ ਮੌਤ ਇਕ ਦੁਰਘਟਨਾ ਸੀ, ਪਰ ਸਮਕਾਲੀ ਲੇਖਕਾਂ ਵਿਸ਼ੇਸ਼ ਕਰਕੇ ਗਾਡਨਰ ਅਤੇ ਸਮਿੱਥ ਵਰਗੇ ਵਿਦੇਸ਼ੀਆਂ ਦੀ ਰਾਇ ਸੀ ਕਿ ਕੰਵਰ ਨੌਨਿਹਾਲ ਸਿੰਘ ਦੀ ਮੌਤ ਇਕ ਪੂਰਵ ਨਿਸਚਿਤ ਯੋਜਨਾ ਸੀ। ਚੰਦ ਕੌਰ ਨੂੰ ਬੜਾ ਗਹਿਰਾ ਸਦਮਾ ਹੋਇਆ, ਜਦੋਂ ਸਾਜ਼ਸ਼ੀਆਂ ਨੇ ਨੌਨਿਹਾਲ ਸਿੰਘ ਨੂੰ ਕਮਰੇ ਵਿੱਚ ਬੰਦ ਕਰਕੇ ਇੱਟਾਂ ਮਾਰ-ਮਾਰ ਕੇ ਮਾਰ ਦਿੱਤਾ। ਚੰਦ ਕੌਰ ਤੇ ਨੌਨਿਹਾਲ ਸਿੰਘ ਦੀ ਪਤਨੀ ਨੂੰ ਜ਼ਖ਼ਮੀ ਕੰਵਰ ਨੌਨਿਹਾਲ ਸਿੰਘ ਪਾਸ ਨਾ ਜਾਣ ਦਿੱਤਾ। ਇਸ ਦੁਖਦਾਈ ਔਖੀ ਘੜੀ ਵੇਲੇ ਚੰਦ ਕੌਰ ਨੇ ਆਪਣੇ ਜਜ਼ਬਾਤ 'ਤੇ ਕਾਬੂ ਪਾਇਆ ਅਤੇ ਰਾਜ ਪ੍ਰਬੰਧ ਆਪਣੇ ਹੱਥ ਲੈਣ ਦੀ ਯੋਜਨਾ ਬਣਾਈ। ਡੋਗਰੇ ਉਹਨੂੰ ਖ਼ੁਸ਼ ਕਰਨ ਤੇ ਮਹਾਰਾਣੀ ਬਣਾਉਣ ਲਈ ਸਹਿਯੋਗ ਦੇਣ ਲੱਗ

ਪਏ। ਉਸ ਵੇਲੇ ਕੁਝ ਦਰਬਾਰੀ ਤੇ ਕੁਝ ਗੱਦਾਰ ਰੌਲਾ ਪਾਉਣ ਲੱਗ ਪਏ ਕਿ ਇਕ ਔਰਤ ਰਾਜ ਦੀ ਮਾਲਕ ਕਿਵੇਂ ਬਣ ਸਕਦੀ ਹੈ। ਉਸ ਵਕਤ ਚੰਦ ਕੌਰ ਦੀ ਇਹ ਦਲੀਲ ਕੰਮ ਆਈ ਕਿ ਕੰਵਰ ਨੌਨਿਹਾਲ ਸਿੰਘ ਦੀ ਪਤਨੀ ਗਰਭਵਤੀ ਹੈ ਤੇ ਉਸ ਦੀ ਸੰਤਾਨ ਹੀ ਵਾਰਿਸ ਹੈ, ਜਦ ਤਕ ਉਹ ਬੱਚਾ ਜਨਮ ਲੈ ਕੇ ਰਾਜ ਭਾਗ ਸੰਭਾਲਣ ਦੇ ਯੋਗ ਨਹੀਂ ਹੁੰਦਾ, ਉਸ ਵੇਲੇ ਤੱਕ ਉਹ ਰਾਜ ਦੀ ਵਾਗਡੋਰ ਸੰਭਾਲੇਗੀ। 7 ਨਵੰਬਰ 1840 ਨੂੰ ਚੰਦ ਕੌਰ ਖ਼ਾਲਸਾ ਰਾਜ ਦੀ ਮਹਾਰਾਣੀ ਬਣ ਗਈ, ਭਾਵੇਂ ਸ਼ੇਰ ਸਿੰਘ ਦਾ ਕਹਿਣਾ ਸੀ ਕਿ ਰਾਜ ਦਾ ਹੱਕਦਾਰ ਉਹ ਹੈ, ਕਿਉਂਕਿ ਖੜਕ ਸਿੰਘ ਤੋਂ ਬਾਅਦ ਉਹ ਖੜਕ ਸਿੰਘ ਦਾ ਵੱਡਾ ਸਪੁੱਤਰ ਹੈ। ਉਹਨੇ ਝਗੜਾ ਵੀ ਪਾਇਆ, ਪਰ ਇਸ ਵੇਲੇ ਚੰਦ ਕੌਰ ਨੇ ਬੜੀ ਰਾਜਸੀ ਸੂਝ-ਬੂਝ ਨਾਲ ਅਤਿ ਕਠਿਨ ਸਥਿਤੀ ਵਿੱਚ ਰਾਜ-ਭਾਗ ਆਪਣੇ ਹੱਥ ਲੈ ਲਿਆ।

ਰਾਣੀ ਚੰਦ ਕੌਰ ਨੇ 7 ਨਵੰਬਰ 1840 ਤੋਂ ਲੈ ਕੇ 17 ਜਨਵਰੀ 1841 ਤੱਕ ਰਾਜ ਕੀਤਾ। ਮਹਾਰਾਜਾ ਰਣਜੀਤ ਸਿੰਘ ਦਾ ਦੂਜਾ ਪੁੱਤਰ ਕੰਵਰ ਸ਼ੇਰ ਸਿੰਘ ਮਹਾਰਾਣੀ ਚੰਦ ਕੌਰ ਲਈ ਸਾਰੀ ਉਮਰ ਰਾਹ ਦਾ ਕੰਡਾ ਬਣਿਆ ਰਿਹਾ। ਇਕ ਪਾਸੇ ਤਾਂ ਸ਼ਕਤੀ ਪ੍ਰਾਪਤ ਕਰਨ ਵਿੱਚ ਉਹ ਰਾਣੀ ਚੰਦ ਕੋਰ ਦਾ ਸਭ ਤੋਂ ਵੱਡਾ ਦੁਸ਼ਮਣ ਸੀ, ਅਤੇ ਦੂਜੇ ਪਾਸੇ ਉਹ ਆਪਣੇ ਭਰਾ ਦੀ ਵਿਧਵਾ ਨਾਲ ਭਵਿੱਖ ਵਿੱਚ ਵਿਆਹ ਕਰਵਾਉਣਾ ਚਾਹੁੰਦਾ ਸੀ। ਪਹਿਲਾਂ ਉਹਨੇ ਗੋਬਿੰਦਗੜ੍ਹ ਕਿਲ੍ਹੇ ਦੇ ਖ਼ਜ਼ਾਨੇ 'ਤੇ ਧੱਕੇ ਨਾਲ ਕਬਜ਼ਾ ਕਰਨਾ ਚਾਹਿਆ ਪਰ ਸਫਲ ਨਾ ਹੋਇਆ। ਫਿਰ ਉਹਨੇ ਆਪਣੀ ਭਰਜਾਈ ਮਹਾਰਾਣੀ ਚੰਦ ਕੌਰ ਨਾਲ ਵਿਆਹ ਕਰਨ ਦੀ ਤਜਵੀਜ਼ ਰੱਖੀ, ਪਰ ਚੰਦ ਕੌਰ ਨੇ ਸ਼ੇਰ ਸਿੰਘ ਨਾਲ ਵਿਆਹ ਕਰਾਉਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਪਹਿਲਾਂ ਤਾਂ ਡੋਗਰੇ ਭਰਾਵਾਂ ਨੇ ਚੰਦ ਕੋਰ ਦੇ ਹੱਕ ਵਿੱਚ ਫੈਸਲਾ ਕਰਵਾਇਆ, ਪਰ ਫਿਰ ਛੇਤੀ ਉਹਨਾਂ ਨੂੰ ਅਹਿਸਾਸ ਹੋਇਆ ਕਿ ਚੰਦ ਕੌਰ ਆਪਣੇ ਪੁੱਤਰ ਦੀ ਮੌਤ ਨੂੰ ਨਹੀਂ ਭੁਲੇਗੀ ਤੇ ਰਾਜ ਪ੍ਰਬੰਧ ਸੰਭਾਲਣ ਪਿਛੋਂ ਛੇਤੀ ਉਹਨਾਂ ਤੋਂ ਰਾਜ ਸ਼ਕਤੀ ਖੋਹ ਲਵੇਗੀ। ਇਸ ਲਈ ਛੇਤੀ ਉਹਨਾਂ ਨੇ ਸ਼ੇਰ ਸਿੰਘ ਨਾਲ ਗੱਠਜੋੜ ਕਰ ਲਿਆ। ਸ਼ੇਰ ਸਿੰਘ ਨੇ ਧਿਆਨ ਸਿੰਘ ਰਾਹੀਂ ਹੀ ਚੰਦ ਕੌਰ ਨੂੰ ਵਿਆਹ ਦਾ ਸੁਨੇਹਾ ਭੇਜਿਆ। ਚੰਦ ਕੌਰ ਨੇ ਜਿਵੇਂ ਗੁੱਸਾ ਕੀਤਾ। ਉਸ ਦਾ ਵੀ ਅਸਰ ਹੋਇਆ।

ਕੰਵਰ ਸ਼ੇਰ ਸਿੰਘ ਨੇ ਪੂਰੀ ਤਿਆਰੀ ਕਰਕੇ ਪਹਿਲਾਂ ਮੁਕੇਰੀਆਂ ਦੇ ਇਲਾਕੇ 'ਤੇ ਕਬਜ਼ਾ ਕਰ ਲਿਆ, ਫਿਰ ਅੰਗਰੇਜ਼ਾਂ ਤੋਂ ਸਹਾਇਤਾ ਮੰਗੀ। ਖ਼ਾਲਸਾ ਫੌਜ ਨੂੰ ਆਪਣੇ ਨਾਲ ਮਿਲਾਉਣ ਲਈ ਯਤਨ ਸ਼ੁਰੂ ਕਰ ਦਿੱਤੇ। ਫੌਜ ਨੂੰ ਉਥਲ-ਪੁਥਲ ਦੇ ਸਮੇਂ ਦੀ ਤਨਖ਼ਾਹ ਨਹੀਂ ਸੀ ਮਿਲੀ, ਸ਼ੇਰ ਸਿੰਘ ਨੇ ਪੰਜ ਲੱਖ ਰੁਪਏ ਦੇ ਕੇ ਫੌਜ ਦੇ ਇਕ ਹਿੱਸੇ ਨੂੰ ਆਪਣੇ ਨਾਲ ਮਿਲਾ ਲਿਆ। ਫਿਰ ਲਾਹੌਰ 'ਤੇ ਚੜ੍ਹਾਈ ਕਰਕੇ ਆ ਘੇਰਿਆ। ਚੰਦ ਕੌਰ ਦੇ ਵੱਡੇ ਮਦਦਗਾਰ ਉਹਦੇ ਪੇਕੇ ਪਰਿਵਾਰ ਦੀ ਮਿਸਲ ਦੇ ਸੰਧਾਵਾਲੀਏ ਸਰਦਾਰ ਸਨ।

ਰਾਣੀ ਚੰਦ ਕੌਰ ਦੀਆਂ ਮੁਸ਼ਕਿਲਾਂ ਹੋਰ ਵੱਧ ਗਈਆਂ। ਲਾਹੌਰ ਦਰਬਾਰ ਵਿੱਚ ਵੀ ਜ਼ਬਰਦਸਤ ਧੜੇਬੰਦੀ ਉੱਭਰ ਕੇ ਸਾਹਮਣੇ ਆ ਗਈ। ਇਸ ਸਮੇਂ ਇਹ ਸੰਘਰਸ਼ ਮੁਖ ਤੌਰ 'ਤੇ ਗੁਲਾਬ ਸਿੰਘ, ਧਿਆਨ ਸਿੰਘ, ਅਜੀਤ ਸਿੰਘ ਤੇ ਲਹਿਣਾ ਸਿੰਘ ਤੇ ਸੰਧਾਵਲੀਆਂ ਦੇ ਵਿਚਕਾਰ ਸੀ। ਰਾਣੀ ਚੰਦ ਕੌਰ ਨੇ ਆਪਣੇ ਲਾਭ ਲਈ ਧਿਆਨ ਸਿੰਘ ਨੂੰ ਬੜਾ ਵਰਤਿਆ। ਚੰਦ ਕੌਰ ਨੇ ਪਹਿਲਾਂ ਇਕ ਉੱਚ ਪੱਧਰੀ ਕਮੇਟੀ ਬਣਾਈ, ਪਰ ਛੇਤੀ ਹੀ ਉਸ ਕਮੇਟੀ

ਨੂੰ ਅੱਖੋਂ ਓਹਲੇ ਕਰ ਦਿੱਤਾ, ਜਿਸ ਕਾਰਨ ਉਸ ਕਮੇਟੀ ਦੇ ਮੈਂਬਰ ਵੀ ਰਾਣੀ ਚੰਦ ਕੌਰ ਦੇ ਵਿਰੁੱਧ ਹੋ ਗਏ। ਧਿਆਨ ਸਿੰਘ, ਕੰਵਰ ਸ਼ੇਰ ਸਿੰਘ ਦੇ ਨੇੜੇ ਹੋ ਗਿਆ। ਪਰ ਗੁਲਾਬ ਸਿੰਘ ਚੰਦ ਕੌਰ ਦਾ ਸਹਾਇਕ ਬਣਿਆ ਰਿਹਾ।

ਸ਼ੇਰ ਸਿਘ ਦੀਆਂ ਫੌਜਾਂ ਨੇ ਲਾਹੌਰ ਦੇ ਕਿਲ੍ਹੇ 'ਤੇ ਜਦ ਆ ਕਬਜ਼ਾ ਕੀਤਾ ਤਾਂ ਧਿਆਨ ਸਿੰਘ ਨੇ ਕੰਵਰ ਸ਼ੇਰ ਸਿੰਘ ਤੇ ਰਾਣੀ ਚੰਦ ਕੌਰ ਵਿੱਚ ਸਮਝੌਤਾ ਕਰਵਾਉਣ ਦੀ ਮੁੱਖ ਭੂਮਿਕਾ ਨਿਭਾਈ। ਸਮਝੌਤੇ ਅਨੁਸਾਰ ਚੰਦ ਕੌਰ ਨੇ ਰਾਜਗੱਦੀ ਛੱਡਣੀ ਮੰਨ ਲਈ ਤੇ ਇਸ ਬਦਲੇ ਉਸ ਨੂੰ ਨੌਂ ਲੱਖ ਸਲਾਨਾ ਦੀ ਆਮਦਨ ਵਾਲੀ ਜਾਗੀਰ ਦੇਣੀ ਮੰਨ ਲਈ ਗਈ। ਇਸ ਸਮੇਂ ਗੁਲਾਬ ਸਿੰਘ ਡੋਗਰਾ, ਰਾਣੀ ਚੰਦ ਕੌਰ ਦੇ ਬੇਸ਼ੁਮਾਰ ਸੋਨਾ, ਚਾਂਦੀ ਦੇ ਗਹਿਣੇ ਲੈ ਕੇ ਜੰਮੂ-ਕਸ਼ਮੀਰ ਵੱਲ ਚਲਾ ਗਿਆ। ਚੰਦ ਕੌਰ ਦੀ ਫੌਜ ਇਸ ਸਮੇਂ ਤਨਖ਼ਾਹ ਨਾ ਮਿਲਣ ਕਾਰਨ ਇਕ ਤਾਂ ਸ਼ੇਰ ਸਿੰਘ ਨਾਲ ਮਿਲਦੀ ਗਈ, ਤੇ ਦੂਜਾ ਫੌਜਾਂ ਆਪ ਹੁਦਰੀਆਂ ਹੁੰਦੀਆਂ ਗਈਆਂ। ਚੰਦ ਕੌਰ ਨੇ ਸ਼ੇਰ ਸਿੰਘ ਨਾਲ ਉਦੋਂ ਸਮਝੌਤਾ ਕੀਤਾ, ਜਦੋਂ ਉਸਦੀਆਂ ਸਹਾਇਕ ਫੌਜਾਂ ਦੀ ਗਿਣਤੀ ਕੇਵਲ ਪੰਜ ਹਜ਼ਾਰ ਰਹਿ ਗਈ। ਦੂਜੇ ਪਾਸੇ ਕੰਵਰ ਸ਼ੇਰ ਸਿੰਘ ਦੀਆਂ ਫੌਜਾਂ ਦੀ ਗਿਣਤੀ 26 ਹਜ਼ਾਰ ਸੀ, ਉਸ ਦੇ ਨਾਲ 8 ਹਜ਼ਾਰ ਘੋੜਸਵਾਰ ਤੇ 43 ਬੰਦੂਕਾਂ ਵੀ ਸਨ।

ਇਤਿਹਾਸਕਾਰਾਂ ਦੀ ਰਾਇ ਹੈ ਕਿ ਇਸਤਰੀ ਹੋਣ ਦੇ ਕਾਰਨ ਉਹ ਆਪਣੇ ਆਪ ਨੂੰ ਕਿਸੇ ਪੁਰਸ਼ ਨਾਲੋਂ ਘੱਟ ਨਹੀਂ ਸੀ ਸਮਝਦੀ, ਪਰ ਜਿਹੜਾ ਕੁਝ ਸਮਾਂ ਉਸ ਨੇ ਰਾਜ ਭਾਗ ਚਲਾਇਆ, ਉਹ ਜ਼ਨਾਨਖ਼ਾਨੇ ਵਿੱਚ ਬੈਠ ਕੇ ਹਕੂਮਤ ਕਰਦੀ ਰਹੀ। ਸਿਰਫ਼ ਆਪਣੇ ਵਿਸ਼ਵਾਸ-ਪਾਤਰ ਬੰਦਿਆਂ ਨਾਲ ਉਹ ਸਾਹਮਣੇ ਬੈਠ ਕੇ ਗੱਲ ਕਰਦੀ ਸੀ। ਉਹਦਾ ਵਿਸ਼ਵਾਸ ਸੀ ਕਿ ਖ਼ੁਦਮੁਖ਼ਤਾਰ ਹੋ ਕੇ ਉਹ ਇਕੱਲੀ ਰਾਜ ਕਰ ਸਕਦੀ ਹੈ। ਉਹਨੇ ਭਰੇ ਦਰਬਾਰ ਵਿੱਚ ਇਕ ਵਾਰ ਇਹ ਵੀ ਕਿਹਾ ਕਿ, "ਜੇ ਇੰਗਲੈਂਡ ਵਿੱਚ ਅੰਗਰੇਜ਼ ਰਾਜ ਦੀ ਮਾਲਕ ਇਕ ਔਰਤ ਮਲਕਾ ਵਿਕਟੋਰੀਆ ਹੈ, ਤਾਂ ਉਹ ਪੰਜਾਬ ਰਾਜ ਦੀ ਮਹਾਰਾਣੀ ਕਿਉਂ ਨਹੀਂ ਹੋ ਸਕਦੀ।" ਉਹਨੇ ਗੜਬੜੀ ਦੇ ਦਿਨਾਂ ਵਿੱਚ ਵੀ ਅਜੀਤ ਸਿੰਘ ਸੰਧਾਵਾਲੀਏ ਨੂੰ ਚਿੱਠੀ ਦੇ ਕੇ ਗਰਵਨਰ ਜਨਰਲ ਵੱਲ ਭੇਜਿਆ, ਜਿਸ ਵਿੱਚ ਲਿਖਿਆ ਸੀ ਕਿ ਉਹਨੂੰ ਕੰਮ ਚਲਾਊ ਨਹੀਂ, ਸਗੋਂ ਮਹਾਰਾਣੀ ਸਵੀਕਾਰਿਆ ਜਾਏ। ਇਹਨਾਂ ਦਿਨਾਂ ਵਿੱਚ ਹੀ ਉਹਨੇ ਮਰਦਾਵੇਂ ਕੱਪੜੇ ਪਾਣੇ ਤੇ ਛੋਟੀ ਦਸਤਾਰ ਬੰਨ੍ਹਣੀ ਸ਼ੁਰੂ ਕਰ ਦਿੱਤੀ।

ਜਦੋਂ ਸ਼ੇਰ ਸਿੰਘ ਲਾਹੌਰ ਕਿਲ੍ਹੇ 'ਤੇ ਕਾਬਜ਼ ਹੋ ਗਿਆ ਤਾਂ ਰਾਣੀ ਚੰਦ ਕੌਰ ਨੇ ਕਿਲ੍ਹੇ ਵਿੱਚ ਰਹਿਣਾ ਛੱਡ ਕੇ ਕਿਲ੍ਹੇ ਤੋਂ ਬਾਹਰ ਹਵੇਲੀ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ। ਉਹਨੂੰ ਸ਼ੱਕ ਸੀ ਕਿ ਉਹਦੀ ਨੂੰਹ ਦੇ ਹੋਣ ਵਾਲੇ ਬੱਚੇ ਨੂੰ ਵਿਰੋਧੀ ਪਹਿਲੇ ਹੀ ਨਾ ਖ਼ਤਮ ਕਰਵਾ ਦੇਣ। ਉਹਨੂੰ ਆਸ ਸੀ ਕਿ ਉਹ ਕਦੇ ਨਾ ਕਦੇ ਆਪਣੇ ਹੋਣ ਵਾਲੇ ਪੋਤਰੇ ਨੂੰ ਰਾਜ ਦਾ ਮਾਲਕ ਬਣਾ ਸਕੇਗੀ।

ਰਾਣੀ ਚੰਦ ਕੌਰ ਧਾਰਮਿਕ ਰੁਚੀਆਂ ਵਾਲੀ, ਪਰ ਧਰਮ ਨਿਰਪੱਖ ਰਾਣੀ ਸੀ। ਪੁਰਾਣੀਆਂ ਪਰੰਪਰਾਵਾਂ ਅਨੁਸਾਰ ਸਾਧੂ-ਸੰਤਾਂ ਨੂੰ ਬੜਾ ਦਾਨ-ਪੁੰਨ ਕਰਦੀ ਸੀ। ਉਸ ਦੇ ਰਾਜ ਦੀ ਅਸਫਲਤਾ ਦਾ ਦੋਸ਼ ਅਸਲ ਵਿੱਚ ਉਹਨਾਂ ਵਿਸ਼ਵਾਸ ਪਾਤਰਾਂ ਨੂੰ ਜਾਂਦਾ ਹੈ ਜਿਹਨਾਂ ਨੇ ਨਿਜੀ ਸੁਆਰਥਾਂ ਦੇ ਸਾਹਮਣੇ ਰਾਜ ਦੇ ਹਿੱਤਾਂ ਦੀ ਬਲੀ ਦੇ ਦਿੱਤੀ।

ਰਾਣੀ ਚੰਦ ਕੌਰ ਦਾ ਸਮਾਂ ਰਾਜਸੀ ਉਥਲ-ਪੁਥਲ ਦਾ ਸਮਾਂ ਸੀ। ਅਜਿਹੇ ਹਾਲਾਤ ਵਿੱਚ ਰਾਣੀ ਚੰਦ ਕੌਰ ਨੇ ਕਈ ਵਿਰੋਧਾਂ ਦੇ ਬਾਵਜੂਦ ਪੰਜਾਬ ਦੀ ਪਹਿਲੀ ਸੁਤੰਤਰ ਮਹਾਰਾਣੀ ਬਣਨ ਦਾ ਮਾਣ ਹਾਸਿਲ ਕੀਤਾ। ਆਪਣੀ ਹਿੰਮਤ ਲਈ ਉਸ ਨੂੰ ਭਾਵੇਂ ਆਪਣੀ ਜਾਨ ਦੀ ਕੁਰਬਾਨੀ ਦੇਣੀ ਪਈ।

9 ਜੂਨ 1841 ਨੂੰ ਮਹਾਰਾਣੀ ਚੰਦ ਕੌਰ ਅਕਾਲ ਚਲਾਣਾ ਕਰ ਗਈ। ਕਈ ਲੇਖਕਾਂ ਅਨੁਸਾਰ ਉਹਦੀ ਮੌਤ ਕੁਦਰਤੀ ਨਹੀਂ, ਰਾਜਸੀ ਸਾਜ਼ਿਸ਼ਾਂ ਅਧੀਨ ਹੋਈ। ਉਹਦੀ ਨੂੰਹ ਨੇ ਵੀ ਮਰੇ ਹੋਏ ਬੱਚੇ ਨੂੰ ਜਨਮ ਦਿੱਤਾ। ਇਸ ਬਾਰੇ ਵੀ ਵੱਖੋ-ਵੱਖਰੀਆਂ ਰਾਵਾਂ ਹਨ।

ਮਹਾਰਾਣੀ ਚੰਦ ਕੌਰ ਨੇ 7 ਨਵੰਬਰ 1840 ਤੋਂ ਲੈ ਕੇ 17 ਜਨਵਰੀ 1841 ਤੱਕ ਵਿਸ਼ਾਲ ਪੰਜਾਬ 'ਤੇ ਰਾਜ ਕੀਤਾ, ਇਹ ਭਾਵੇਂ ਦੋ ਢਾਈ ਮਹੀਨੇ ਦਾ ਸਮਾਂ ਬਣਦਾ ਹੈ ਪਰ ਇਤਿਹਾਸਕ ਪੱਖ ਤੋਂ ਇਹ ਸਿੱਧ ਹੁੰਦਾ ਹੈ ਕਿ ਜੇ ਸਾਰੇ ਵਜ਼ੀਰ, ਦਰਬਾਰੀ ਤੇ ਜਰਨੈਲ ਇਕ ਮੁੱਠ ਹੋ ਕੇ ਚੰਦ ਕੌਰ ਦਾ ਸਾਥ ਦਿੰਦੇ, ਤਾਂ ਉਹ ਕਾਫੀ ਜ਼ਿਆਦਾ ਸਮਾਂ ਖ਼ਾਲਸਾ ਰਾਜ ਦੀ ਸੇਵਾ ਕਰ ਜਾਂਦੀ।

ਮਹਾਰਾਣੀ ਜਿੰਦ ਕੌਰ (ਜਿੰਦਾਂ)

ਸੀਤਾ ਰਾਮ ਕੋਹਲੀ ਨੇ ਮਹਾਰਾਜਾ ਰਣਜੀਤ ਸਿੰਘ ਦੀ ਜੀਵਨੀ ਤਿਆਰ ਕਰਦਿਆਂ ਲਿਖਿਆ ਹੈ ਕਿ ਸੰਨ 1795 ਤੋਂ ਲੈ ਕੇ 1835 ਤੱਕ 40 ਸਾਲਾਂ ਵਿੱਚ ਉਸਦੀਆਂ 16 ਰਾਣੀਆਂ ਸਨ, ਜਿਨ੍ਹਾਂ ਵਿਚੋਂ 8 ਰਾਣੀਆਂ ਨਾਲ ਉਹਦਾ ਬਕਾਇਦਾ ਵਿਆਹ ਹੋਇਆ ਸੀ ਤੇ 8 ਨੂੰ ਉਹਨੇ ਚਾਦਰਾਂ ਪਾ ਕੇ ਰਾਣੀਆਂ ਬਣਾ ਲਿਆ ਸੀ। ਅੱਠ ਰਾਣੀਆਂ ਵਿਚੋਂ ਸਭ ਤੋਂ ਪਹਿਲਾ ਵਿਆਹ ਉਹਦਾ ਸਦਾ ਕੌਰ ਦੀ ਸਪੁੱਤਰੀ ਮਹਿਤਾਬ ਕੌਰ ਨਾਲ ਹੋਇਆ ਤੇ ਸਭ ਤੋਂ ਅਖ਼ੀਰਲਾ ਵਿਆਹ 1835 ਵਿੱਚ ਰਾਣੀ ਜਿੰਦ ਕੌਰ ਨਾਲ ਹੋਇਆ। ਮਹਾਰਾਣੀ ਜਿੰਦ ਕੌਰ ਨਾਲ ਵਿਆਹ ਸਮੇਂ ਮਹਾਰਾਜਾ ਰਣਜੀਤ ਸਿੰਘ ਦੀ ਉਮਰ 55 ਸਾਲ ਦੀ ਹੋ ਚੁੱਕੀ ਸੀ। ਮਹਾਰਾਜਾ ਰਣਜੀਤ ਸਿੰਘ ਦੀਆਂ ਦਰਜਨ ਤੋਂ ਵਧ ਰਾਣੀਆਂ 19ਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਵਿੱਚ ਹੀ ਅਕਾਲ ਚਲਾਣਾ ਕਰ ਗਈਆਂ ਸਨ।

ਮਹਾਰਾਣੀ ਜਿੰਦ ਕੌਰ ਦੀ ਇਸ ਕਰਕੇ ਵੀ ਇਤਿਹਾਸ ਵਿੱਚ ਵਿਸ਼ੇਸ਼ ਥਾਂ ਹੈ ਕਿ ਉਸ ਦਾ ਨਾਬਾਲਗ ਸਪੁੱਤਰ ਦਲੀਪ ਸਿੰਘ ਸਿੱਖ ਰਾਜ ਦਾ ਆਖ਼ਰੀ ਮਹਾਰਾਜਾ ਸੀ ਤੇ ਮਹਾਰਾਣੀ ਜਿੰਦਾਂ ਉਹਦੀ ਸਰਪ੍ਰਸਤ ਬਣ ਕੇ ਪੰਜਾਬ ਰਾਜ ਦੀ ਅਗਵਾਈ ਕਰਦੀ ਰਹੀ ਸੀ। ਇਤਿਹਾਸ ਵਿੱਚ ਉਹਦਾ ਵਿਸ਼ੇਸ਼ ਵਰਨਣ ਇਸ ਕਰਕੇ ਵੀ ਹੋਇਆ ਕਿ ਪੰਜਾਬ ਦੇ ਅੰਗਰੇਜ਼ਾਂ ਦੇ ਕਬਜ਼ੇ ਵਿਰੁੱਧ ਸੰਘਰਸ਼ ਕਰਦੀ ਰਹੀ। ਅੰਗਰੇਜ਼ਾਂ ਦੇ ਹਰ ਜ਼ੁਲਮ, ਧੱਕੇ ਤੇ ਬੇਇਨਸਾਫ਼ੀ ਵਿਰੁੱਧ ਆਵਾਜ਼ ਉਠਾਉਂਦੀ ਰਹੀ। ਤੇ ਜੋ ਉਸ ਦੇ ਇਸ ਸੁਭਾਅ ਕਰਕੇ ਮੁਸੀਬਤਾਂ ਦੇ ਪਹਾੜ ਉਸ ਉਤੇ ਟੁੱਟ ਪਏ ਤਾਂ ਉਸ ਨੇ ਬਰਦਾਸ਼ਤ ਕੀਤੇ। ਸਿੱਖ ਆਚਰਨ ਦੀ ਉੱਚਤਾ ਉਸਨੇ ਕਾਇਮ ਰੱਖੀ ਕਿ ਗਰਦਨ ਝੁੱਕ ਨਹੀਂ ਸਕਦੀ—ਕੱਟ ਸਕਦੀ ਏ। ਮਹਾਰਾਜਾ ਰਣਜੀਤ ਸਿੰਘ ਦੇ ਕਾਇਮ ਕੀਤੇ ਸਿੱਖ ਰਾਜ ਨੂੰ ਬਚਾਉਣ ਲਈ ਰਾਜਮਹੱਲ ਦੀ ਥਾਂ ਜੇਲ੍ਹ ਵੀ ਗਈ, ਦੇਸ਼ ਨਿਕਾਲਾ ਵੀ ਲਿਆ। ਅਖ਼ੀਰ ਇੰਗਲੈਂਡ ਜਾ ਕੇ ਮਰਨ ਤੋਂ ਪਹਿਲਾਂ ਦਲੀਪ ਸਿੰਘ ਨੂੰ ਤਾਕੀਦ ਕਰ ਗਈ ਕਿ ਮੇਰੀਆਂ ਹੱਡੀਆਂ ਤੇ ਰਾਖ਼ ਅੰਗਰੇਜ਼ਾਂ ਦੀ ਧਰਤੀ 'ਤੇ ਨਾ ਰਹਿਣ, ਸਗੋਂ ਆਪਣੇ ਦੇਸ਼ ਦੀ ਧਰਤੀ ਤੇ ਸਮਾਇਆ ਜਾਏ। ਇਹ ਉਸ ਦੀ ਦੇਸ਼ ਭਗਤੀ ਤੇ ਪਿਆਰ ਦਾ ਪ੍ਰਗਟਾਵਾ ਸੀ।

'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਵਿੱਚ ਭਾਈ ਕਾਨ੍ਹ ਸਿੰਘ ਨਾਭਾ ਨੇ ਰਾਣੀ ਜਿੰਦ ਕੌਰ ਦੇ ਜੀਵਨ ਕਾਲ 'ਤੇ ਝਾਤ ਪਾਂਦਿਆਂ ਲਿਖਿਆ ਹੈ : "ਜਿੰਦ ਕੌਰ ਪਿੰਡ ਚਾੜ੍ਹ ਜ਼ਿਲ੍ਹਾ ਸਿਆਲਕੋਟ, ਤਹਿਸੀਲ ਜ਼ਫ਼ਰਵਾਲ ਨਿਵਾਸ ਸਰਦਾਰ ਮੰਨਾ ਸਿੰਘ ਔਲਖ ਜੱਟ ਦੀ ਪੁੱਤਰੀ, ਮਹਾਰਾਜਾ ਰਣਜੀਤ ਸਿੰਘ ਦੀ ਮਹਾਰਾਣੀ ਅਤੇ ਮਹਾਰਾਜਾ ਦਲੀਪ ਸਿੰਘ ਦੀ ਮਾਤਾ। ਲਾਹੌਰ ਦੇ ਰਾਜ ਪ੍ਰਬੰਧ ਅੰਗਰੇਜ਼ੀ ਸਰਕਾਰ ਦੇ ਹੱਥ ਆਉਣ ਪੁਰ ਕੁਝ ਗਲਤਫਹਿਮੀ ਦੇ

ਕਾਰਣ ਇਸ ਮਹਾਰਾਣੀ ਨੂੰ ਗੌਰਮਿੰਟ ਨੇ ਲਾਹੌਰੋਂ ਲੈ ਜਾ ਕੇ ਪਹਿਲਾਂ ਸ਼ੇਖੂਪੁਰੇ ਨਜ਼ਰਬੰਦ ਰੱਖਿਆ, ਫਿਰ 19 ਅਗਸਤ ਸੰਨ 1849 ਨੂੰ ਚੁਨਾਰ (ਯੂ. ਪੀ., ਜ਼ਿਲ੍ਹਾ ਮਿਰਜ਼ਾਪੁਰ) ਦੇ ਕਿਲ੍ਹੇ ਵਿੱਚ ਕੈਦ ਕੀਤਾ। ਇਥੋਂ ਇਹ ਫ਼ਕੀਰੀ ਭੇਸ ਵਿੱਚ ਕੈਦ ਤੋਂ ਨਿਕਲ ਕੇ ਨੇਪਾਲ ਚਲੀ ਗਈ ਤੇ ਉਥੇ ਸਨਮਾਨ ਸਹਿਤ ਰਹੀ। ਸੰਨ 1861 ਵਿੱਚ ਮਹਾਰਾਣੀ ਜਿੰਦ ਕੌਰ ਆਪਣੇ ਬੇਟੇ ਦੇ ਦਰਸ਼ਨ ਲਈ ਇੰਗਲੈਂਡ ਪਹੁੰਚੀ। ਉਥੇ 1 ਅਗਸਤ ਸੰਨ 1863 ਨੂੰ ਇਸ ਦਾ ਦੇਹਾਂਤ 46 ਵਰ੍ਹੇ ਦੀ ਉਮਰ ਵਿੱਚ ਲੰਡਨ ਵਿਖੇ ਹੋਇਆ। ਲਾਸ਼ ਦਾ ਦਾਹ ਹਿੰਦੁਸਤਾਨ ਵਿੱਚ ਬੰਬਈ ਅਹਾਤੇ ਦੇ ਨਾਸਿਕ ਨਗਰ ਵਿੱਚ ਕੀਤਾ ਗਿਆ। 27 ਮਾਰਚ ਸੰਨ 1924 ਨੂੰ ਮਹਾਰਾਜਾ ਦਲੀਪ ਸਿੰਘ ਦੀ ਸ਼ਹਿਜ਼ਾਦੀ ਬੰਬਾ ਦਲੀਪ ਸਿੰਘ ਨੇ ਨਾਸਿਕ ਤੋਂ ਭਸਮ ਲਿਆ ਕੇ ਲਾਹੌਰ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਸਮਾਧੀ ਪਾਸ ਸਰਦਾਰ ਹਰਬੰਸ ਸਿੰਘ ਰਈਸ ਅਟਾਰੀ ਤੋਂ ਅਰਦਾਸ ਕਰਵਾ ਕੇ ਅਸਥਾਪਨ ਕੀਤੀ।"

ਭਾਈ ਕਾਨ੍ਹ ਸਿੰਘ ਨਾਭਾ ਨੇ ਜਿੰਦ ਕੌਰ ਦੇ ਜਨਮ ਸਾਲ ਤੇ ਬਾਲਪਨ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ। ਹੋਰ ਇਤਿਹਾਸਕ ਰਚਨਾਵਾਂ ਵਿੱਚ ਲਿਖਿਆ ਮਿਲਦਾ ਹੈ ਕਿ ਜਿੰਦ ਕੌਰ ਦਾ ਜਨਮ 1817 ਈ. ਨੂੰ ਪਿੰਡ ਚਾੜ੍ਹ, ਜ਼ਿਲ੍ਹਾ ਸਿਆਲਕੋਟ ਵਿੱਚ ਸ੍ਰ. ਮੰਨਾਂ ਸਿੰਘ (ਅਉਲਖ) ਜੱਟ ਦੇ ਘਰ ਹੋਇਆ। ਇਸ ਨੂੰ ਜਨਮ ਦੇਣ ਵਾਲੀ ਮਾਤਾ ਦਾ ਨਾਂ ਕਿਸੇ ਵੀ ਲੇਖਕ ਨੇ ਬਿਆਨ ਨਹੀਂ ਕੀਤਾ। ਪ੍ਰਸਿੱਧ ਇਤਿਹਾਸਕਾਰ ਪ੍ਰੋ. ਸੀਤਾ ਰਾਮ ਕੋਹਲੀ ਨੇ ਦੂਜੇ ਇਤਿਹਾਸਕਾਰਾਂ ਨਾਲੋਂ ਆਪਣੀ ਵੱਖਰੀ ਰਾਇ ਦਿੱਤੀ ਹੈ। ਕੋਹਲੀ ਆਪਣੀ ਪੁਸਤਕ 'ਮਹਾਰਾਜਾ ਰਣਜੀਤ ਸਿੰਘ' ਦੇ ਪੰਨਾ ਨੰਬਰ 277 'ਤੇ ਮਹਾਰਾਣੀ ਜਿੰਦਾਂ ਦਾ ਜ਼ਿਕਰ ਕਰਦਿਆਂ ਲਿਖਦੇ ਹਨ : "ਰਾਣੀ ਜਿੰਦਾਂ ਪਿੰਡ ਚਾਰ, ਜ਼ਿਲ੍ਹਾ ਅੰਮ੍ਰਿਤਸਰ ਦੇ ਇਕ ਜੱਟ ਮੰਨਾ ਸਿੰਘ ਦੀ ਪੁੱਤਰੀ ਸੀ। ਮੰਨਾ ਸਿੰਘ ਮਹਾਰਾਜ ਦੇ ਕੁੱਤੇਖਾਨੇ ਦਾ ਇੰਚਾਰਜ ਸੀ। ਪਿੱਛੋਂ ਉਹ ਘੋੜਚੜ੍ਹਾ ਫੌਜ ਵਿੱਚ ਨੌਕਰ ਹੋ ਗਿਆ ਸੀ।"

ਪ੍ਰੋ. ਸੀਤਾ ਰਾਮ ਕੋਹਲੀ ਦੀ ਇਸ ਸੂਚਨਾ ਦੀ ਹੋਰ ਇਤਿਹਾਸਕਾਰ ਪ੍ਰੋੜ੍ਹਤਾ ਨਹੀਂ ਕਰਦੇ। ਬਾਕੀ ਸਭ ਇਤਿਹਾਸਕ ਹਵਾਲਿਆਂ ਅਨੁਸਾਰ ਸ੍ਰ. ਮੰਨਾ ਸਿੰਘ ਅਉਲਖ, ਜ਼ਿਲ੍ਹਾ ਸਿਆਲਕੋਟ ਦੇ ਹੀ ਵਸਨੀਕ ਸਨ, ਪਿੰਡ ਵਿੱਚ ਹੀ ਜਿੰਦ ਕੌਰ ਦਾ ਜਨਮ ਹੋਇਆ। ਹੋਰ ਕਿਸੇ ਲੇਖਕ ਨੇ ਜਿੰਦ ਕੌਰ ਦੇ ਬਚਪਨ ਦੇ ਸਮਾਚਾਰਾਂ 'ਤੇ ਰੌਸ਼ਨੀ ਨਹੀਂ ਪਾਈ। ਪਰ ਮਹਾਰਾਣੀ ਜਿੰਦਾਂ ਦੀ ਸਿਆਣਪ, ਪ੍ਰਬੰਧਕ ਸ਼ਕਤੀ ਤੇ ਰਾਜ-ਭਾਗ ਦੀ ਸੰਕਟ ਸਮੇਂ ਅਗਵਾਈ ਤੋਂ ਅਨੁਮਾਨ ਲੱਗਦਾ ਹੈ ਕਿ ਉਹ ਪੜ੍ਹੀ-ਲਿਖੀ ਤੇ ਗਿਆਨਵਾਨ ਸੀ। ਅਤਿ ਸੁੰਦਰ ਤੇ ਪ੍ਰਭਾਵਸ਼ਾਲੀ ਨੈਣ-ਨਕਸ਼ ਹੋਣ ਕਾਰਨ ਉਹ ਇਕ ਸਾਧਾਰਨ ਪੰਜਾਬੀ ਪਰਿਵਾਰ ਵਿੱਚ ਜੰਮ-ਪਲ ਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਮਹੱਲ ਵਿੱਚ ਮਹਾਰਾਣੀ ਬਣਨ ਦੇ ਸਮਰੱਥ ਹੋ ਚੁੱਕੀ ਸੀ। ਉਸ ਦੀਆਂ ਕੁਝ ਅਸਾਧਾਰਨ ਰੁਚੀਆਂ ਤੇ ਯੋਗਤਾ ਸਦਕਾ ਹੀ ਮਹਾਰਾਜਾ ਰਣਜੀਤ ਸਿੰਘ ਨੇ ਸੰਨ 1835 ਈ. ਨੂੰ ਜਿੰਦ ਕੌਰ ਨਾਲ ਵਿਆਹ ਕੀਤਾ।

ਜਿੰਦ ਕੌਰ ਦੀ ਇਹ ਖ਼ੁਸ਼ਕਿਸਮਤੀ ਸੀ ਕਿ ਸੰਨ 1838 ਵਿੱਚ ਉਹਦੀ ਕੁੱਖੋਂ ਮਹਾਰਾਜਾ ਰਣਜੀਤ ਸਿੰਘ ਦਾ ਸਭ ਤੋਂ ਛੋਟਾ ਸਪੁੱਤਰ ਦਲੀਪ ਸਿੰਘ ਪੈਦਾ ਹੋਇਆ। ਜੋ ਸੰਨ 1843 ਵਿੱਚ ਪੰਜਾਬ ਦਾ ਮਹਾਰਾਜਾ ਬਣ ਗਿਆ ਤੇ ਮਹਾਰਾਣੀ ਜਿੰਦ ਕੌਰ ਉਸ ਦੀ ਸਰਪ੍ਰਸਤ ਬਣ ਕੇ ਪੰਜਾਬ ਰਾਜ ਦੀ ਮਹਾਰਾਣੀ ਬਣ ਗਈ। ਸ੍ਰ. ਰੂਪ ਸਿੰਘ ਨੇ ਇਕ ਲੇਖ ਵਿੱਚ ਰਾਣੀ ਜਿੰਦਾਂ ਬਾਰੇ ਲਿਖਿਆ ਹੈ ਕਿ ਜਿੰਦ ਕੌਰ ਇਕ ਅਜਿਹੀ ਮਾਂ ਸੀ ਜਿਸ

ਨੇ ਭਟਕੇ ਹੋਏ ਬੇਟੇ ਨੂੰ ਸਿੱਧੇ ਰਾਹ ਪਾਇਆ ਤੇ ਉਸ ਦਾ ਕਰਤੱਵ ਸਮਝਾਇਆ। ਟਿਊਟਰ ਦੇ ਰੂਪ ਵਿੱਚ ਔਰਤ ਲੇਡੀ ਲੋਗਨ ਦਾ ਕਿਤਨਾ ਕੁ ਅਸਰ ਸੀ, ਉਹ ਦਲੀਪ ਸਿੰਘ ਦੀ ਜੀਵਨੀ ਤੋਂ ਪ੍ਰਗਟ ਹੈ। ਉਸ ਕੋਲੋਂ ਸਿੱਖੀ ਤਕ ਛੁਡਾ ਲਈ। ਪਰ ਜਦੋਂ ਦਲੀਪ ਸਿੰਘ ਮਾਂ ਨੂੰ ਮਿਲਿਆ ਤਾਂ ਸਿੱਖੀ ਦੇ ਗੌਰਵ ਨੂੰ ਜਾਣਿਆ, ਇਹ ਮਾਂ ਦਾ ਹੀ ਪ੍ਰਭਾਵ ਸੀ। ਲੇਡੀ ਲੋਗਨ ਨੇ ਆਪਣੀ ਹਾਰ ਮੰਨਦਿਆਂ ਲਿਖਿਆ ਸੀ, ਐਸੀ ਸੀ ਮਹਾਨ ਸ਼ਖ਼ਸੀਅਤ ਮਹਾਰਾਣੀ ਜਿੰਦਾਂ, ਜਿਸ ਨੇ ਆਪਣੇ ਬੇਟੇ ਨੂੰ ਆਪਣਾ ਫ਼ਰਜ਼ ਪਛਾਣਨ ਲਈ ਕਿਹਾ।

ਸੰਨ 1839 ਨੂੰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਗਈ। 'ਸਿੱਖ ਇਤਿਹਾਸ' ਵਿੱਚ ਪ੍ਰੋ. ਕਰਤਾਰ ਸਿੰਘ ਲਿਖਦੇ ਹਨ ਕਿ ਮਈ ਸੰਨ 1839 ਨੂੰ ਮਹਾਰਾਜਾ ਰਣਜੀਤ ਸਿੰਘ ਨੂੰ ਅਧਰੰਗ ਦਾ ਸਖ਼ਤ ਦੌਰਾ ਪੈ ਗਿਆ। ਲਾਹੌਰ ਤੇ ਅੰਮ੍ਰਿਤਸਰ ਦੇ ਹਕੀਮਾਂ ਨੇ ਜ਼ੋਰ ਲਾਇਆ, ਪਰ ਰੋਗ ਵਧਦਾ ਗਿਆ। ਆਪਣਾ ਅੰਤਮ ਸਮਾਂ ਨੇੜੇ ਆਇਆ ਜਾਣ ਕੇ ਹਜ਼ੂਰੀ ਬਾਗ ਵਿੱਚ ਆਪਣਾ ਅੰਤਮ ਦਰਬਾਰ ਲਾਇਆ। ਆਪ ਬਿਮਾਰੀ ਦੀ ਹਾਲਤ ਵਿੱਚ ਪਾਲਕੀ 'ਚ ਬਹਿ ਕੇ ਦਰਬਾਰ ਵਿੱਚ ਆਏ। ਜਿਸ ਪੰਜਾਬ ਦੇ ਸ਼ੇਰ ਦਾ ਨਾਂ ਸੁਣ ਕੇ ਕਾਬਲ, ਕੰਧਾਰ ਦੀਆਂ ਕੰਧਾਂ ਕੰਬਦੀਆਂ ਸਨ, ਉਹ ਅੱਜ ਨਿਢਾਲ ਹੋਇਆ ਪਾਲਕੀ ਵਿੱਚ ਪਿਆ ਸੀ। ਉਸ ਦੀ ਹਾਲਤ ਵੇਖ ਕੇ ਸਭ ਦੀਆਂ ਅੱਖਾਂ ਤਰ ਹੋ ਗਈਆਂ ਤੇ ਭੁੱਬਾਂ ਨਿਕਲ ਗਈਆਂ।

ਮਹਾਰਾਜਾ ਸਾਹਿਬ ਨੇ ਸੰਬੋਧਨ ਕਰਕੇ ਕਿਹਾ, "ਖ਼ਾਲਸਾ ਜੀ ਮੇਰਾ ਅੰਤ ਸਮਾਂ ਨੇੜੇ ਆ ਗਿਆ ਹੈ, ਹੁਣ ਕੁਝ ਕੁ ਦਿਨਾਂ ਦਾ ਮੇਲਾ ਹੈ, ਪਰ ਭਾਣਾ ਕਰਤਾਰ ਦਾ ਇਸੇ ਤਰ੍ਹਾਂ ਹੈ। ਇਸ ਅਗੇ ਸਿਰ ਝੁਕਾਉਣਾ ਹੀ ਬਣਦਾ ਹੈ। ਮੇਰੀ ਅੰਤਮ ਖ਼ਾਹਸ਼ ਤੇ ਅੰਤਮ ਸੁਨੇਹਾ ਇਹ ਹੈ ਕਿ ਜਿਸ ਤਾਕਤ ਤੇ ਸਲਤਨਤ ਨੂੰ ਆਪ ਅਕਾਲੀ ਜੀ, ਨਲੂਆ ਜੀ ਤੇ ਅਨੇਕਾਂ ਸੂਰਬੀਰਾਂ ਦਾ ਲਹੂ ਡੋਹਲ ਕੇ ਤੁਹਾਡੀ ਸਭ ਦੀ ਕੁਰਬਾਨੀ ਤੇ ਹਿੰਮਤ ਨਾਲ ਕਾਇਮ ਕੀਤਾ ਹੈ, ਉਸ ਨੂੰ ਕਮਜ਼ੋਰ ਤੇ ਨਾਸ ਨਾ ਹੋਣ ਦੇਣਾ। ਗੁਆਂਢੀਆਂ ਦੀ ਫੁੱਟ ਦਾ ਸ਼ਿਕਾਰ ਨਾ ਹੋਣਾ, ਵੈਰੀਆਂ ਦੀਆਂ ਚਾਲਾਂ ਤੋਂ ਸਾਵਧਾਨ ਰਹਿਣਾ। ਆਜ਼ਾਦੀ ਮੈਨੂੰ ਜਾਨ ਤੋਂ ਵੀ ਪਿਆਰੀ ਹੈ। ਮੈਂ ਪੰਜਾਬ ਨੂੰ ਪ੍ਰਦੇਸੀ ਰਾਜ ਦੇ ਜੂਲੇ ਵਿੱਚੋਂ ਕੱਢਿਆ ਹੈ। ਇਸ ਦੀ ਧੌਣ ਤੇ ਮੁੜ ਵਿਦੇਸ਼ੀ ਜੂਲਾ ਨਾ ਪਵਾ ਦੇਣਾ। ਪੰਜਾਬ ਦੀ ਆਜ਼ਾਦੀ ਨੂੰ ਸੰਭਾਲ ਕੇ ਰੱਖਣਾ। ਜੇ ਤੁਸੀਂ ਇਕ ਮੁੱਠ ਤੇ ਇਕ ਜਾਨ ਬਣ ਕੇ ਰਹੋਗੇ ਤਾਂ ਤੁਹਾਡੀ ਵਾ ਵੱਲ ਵੀ ਕੋਈ ਨਹੀਂ ਵੇਖ ਸਕੇਗਾ। ਜੇ ਤੁਸੀਂ ਆਜ਼ਾਦ ਰਹੋਗੇ ਤਾਂ ਮੇਰੀ ਰੂਹ ਨਿਹਾਲ ਰਹੇਗੀ।" ਇਸ ਪਿਛੋਂ ਟਿੱਕਾ ਖੜਕ ਸਿੰਘ ਨੂੰ ਆਪ ਤਿਲਕ ਲਾਇਆ ਤੇ ਆਪਣੀ ਥਾਂ ਪੰਜਾਬ ਦਾ ਮਹਾਰਾਜਾ ਥਾਪ ਦਿੱਤਾ। ਧਿਆਨ ਸਿੰਘ ਡੋਗਰੇ ਨੂੰ ਉਹਦਾ ਪ੍ਰਧਾਨ ਮੰਤਰੀ ਬਣਾਇਆ।

ਇਹਦੇ ਤੁਰਤ ਪਿਛੋਂ ਮਹਾਰਾਜਾ ਰਣਜੀਤ ਸਿੰਘ ਨੂੰ ਅਧਰੰਗ ਦਾ ਇਕ ਹੋਰ ਝਟਕਾ ਆਇਆ ਤੇ 27 ਜੂਨ ਸੰਨ 1839 ਨੂੰ ਪੰਜਾਬ ਦਾ ਇਹ ਸ਼ੇਰ ਮਹਾਰਾਜਾ ਅਕਾਲ ਚਲਾਣਾ ਕਰ ਗਿਆ। ਅਗਲੇ ਦਿਨ 28 ਜੂਨ ਨੂੰ ਗੁਰਦੁਆਰਾ ਡੇਰਾ ਸਾਹਿਬ ਨੇੜੇ ਮਹਾਰਾਜਾ ਰਣਜੀਤ ਸਿੰਘ ਦਾ ਅੰਤਮ ਸਸਕਾਰ ਹੋਇਆ। ਪੰਜਾਬ ਦੇ ਕਈ ਇਤਿਹਾਸਕਾਰ ਨੇ ਲਿਖਿਆ ਹੈ ਕਿ ਰਣਜੀਤ ਸਿੰਘ ਦੀ ਮੌਤ ਨਾਲ ਪੰਜਾਬ ਦਾ ਸੁਹਾਗ ਲੁੱਟਿਆ ਗਿਆ ਤੇ ਪੰਜਾਬ ਰੰਡੀ ਹੋ ਗਈ। ਮਹਾਰਾਣੀ ਜਿੰਦਾਂ 22 ਸਾਲ ਦੀ ਜੁਆਨ ਉਮਰੇ ਵਿਧਵਾ ਹੋ ਗਈ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਪੰਜਾਬ ਰਾਜ ਦਾ ਪਤਨ ਸ਼ੁਰੂ ਹੋ ਗਿਆ। ਸਾਰੇ ਦਰਬਾਰੀ, ਵਜ਼ੀਰ ਤੇ ਫੌਜੀ ਜਰਨੈਲ ਤਿੰਨ ਧੜਿਆਂ ਵਿੱਚ ਵੰਡੇ ਗਏ। ਖ਼ਾਲਸਾ ਰਾਜ

ਦਾ ਹਿਤੈਸ਼ੀ, ਚੜ੍ਹਦੀ ਕਲਾ ਵਿੱਚ ਰਾਜ ਨੂੰ ਰੱਖਣ ਦਾ ਚਾਹਵਾਨ ਤੇ ਕੁਰਬਾਨੀ ਦਾ ਵਰਗ ਘਟ-ਗਿਣਤੀ ਵਿੱਚ ਹੋ ਗਿਆ। ਅਜਿਹੇ ਬਹੁਤੇ ਲੋਕ ਰਣਜੀਤ ਸਿੰਘ ਦੇ ਹੁੰਦਿਆਂ ਹੀ ਅੱਖਾਂ ਮੀਟ ਗਏ ਸਨ। ਦਰਬਾਰੀਆਂ ਦਾ ਦੂਜਾ ਧੜਾ ਰਾਜ ਸ਼ਕਤੀ ਲਈ ਦੂਜਿਆਂ ਨੂੰ ਪਛਾੜ ਕੇ ਅਗੇ ਲੰਘ ਜਾਣ ਲਈ ਸਾਜ਼ਸ਼ਾਂ ਕਰਨ ਲੱਗ ਪਿਆ। ਤੀਜੇ ਧੜੇ ਵਿੱਚ ਉਹ ਲੋਕ ਸਨ ਜੋ ਅੰਗਰੇਜ਼ਾਂ ਨਾਲ ਗੰਢ-ਤਰੁਪ ਕਰਨ ਤੇ ਲਾਹੌਰ ਰਾਜ ਨਾਲ ਗੱਦਾਰੀ ਕਰਨ ਦੇ ਰਾਹ ਤੁਰ ਪਏ। ਇਹ ਖ਼ਾਲਸਾ ਰਾਜ ਦੇ ਗੱਦਾਰ ਉੱਚ ਪਦਵੀਆਂ ਤਕ ਕਾਬਜ਼ ਹੋ ਕੇ ਵਿਦੇਸ਼ੀਆਂ ਦੇ ਏਜੰਟ ਬਣ ਕੇ ਰਾਜ ਨੂੰ ਤਬਾਹ ਕਰਨ ਦੇ ਰਾਹੇ ਪੈ ਗਏ ਸਨ।

ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਆਖ਼ਰੀ ਭਾਸ਼ਣ ਵਿੱਚ ਜੋ ਗੱਲ ਕਹੀ ਤੇ, ਪੰਜਾਬ ਰਾਜ ਦੇ ਭਵਿੱਖ ਬਾਰੇ ਚਿਤਾਵਨੀ ਕਰਾਈ ਸੀ, ਉਸ ਨੂੰ ਵਜ਼ੀਰਾਂ, ਦਰਬਾਰੀਆਂ ਤੇ ਹੋਰ ਮੁਖੀਆਂ ਨੇ ਅਣਸੁਣਿਆ ਕਰ ਦਿੱਤਾ। ਗੱਦਾਰ ਤੇ ਰਾਜ ਸੱਤਾ ਦੇ ਭੁੱਖੇ, ਰਣਜੀਤ ਸਿੰਘ ਦੇ ਹੁੰਦਿਆਂ ਵੀ ਮੌਜੂਦ ਸਨ, ਪਰ ਉਹਦੇ ਹੁੰਦਿਆਂ ਕਿਸੇ ਦੀ ਜੁਰਅੱਤ ਨਹੀਂ ਸੀ ਕਿ ਉਹ ਪੰਜਾਬ ਰਾਜ ਨੂੰ ਤਬਾਹ ਕਰਨ ਦੀਆਂ ਸਾਜ਼ਸ਼ਾਂ ਵਿੱਚ ਸਰਗਰਮ ਹੋਵੇ। ਰਣਜੀਤ ਸਿੰਘ ਦਾ ਕੁੰਡਾ ਸਿਰ ਤੋਂ ਹਟਦਿਆਂ ਹੀ ਸਾਜ਼ਸ਼ੀ ਲੋਕ ਖੁਲ੍ਹ ਕੇ ਸਰਗਰਮ ਹੋਣ ਲੱਗੇ। ਜੇ ਰਣਜੀਤ ਸਿੰਘ ਤੋਂ ਪਿਛੋਂ ਕੋਈ ਸ਼ਕਤੀਸ਼ਾਲੀ ਅਤੇ ਸਿਆਣਾ ਰਾਜ ਦੀ ਵਾਗਡੋਰ ਸੰਭਾਲਦਾ ਤਾਂ ਸ਼ਾਇਦ ਇਤਿਹਾਸ ਕੁਝ ਹੋਰ ਹੀ ਹੁੰਦਾ। ਖੜਕ ਸਿੰਘ ਵੀ ਰੋਹਬ ਵਾਲਾ ਹੁਕਮਰਾਨ ਸਿੱਧ ਨਾ ਹੋਇਆ।

ਅੰਗਰੇਜ਼ ਸਾਰੇ ਭਾਰਤ 'ਤੇ ਕਾਬਜ਼ ਹੋ ਚੁੱਕੇ ਸਨ, ਪਰ ਰਣਜੀਤ ਸਿੰਘ ਦੇ ਹੁੰਦਿਆਂ ਫੌਜੀ ਸ਼ਕਤੀ ਨਾਲ ਪੰਜਾਬ ਨੂੰ ਗੁਲਾਮ ਨਾ ਬਣਾ ਸਕੇ। ਰਣਜੀਤ ਸਿੰਘ ਉਹਨਾਂ ਦੀਆਂ ਅੰਦਰੋਂ ਅੰਦਰੀ ਚਾਲਾਂ ਤੋਂ ਜਾਣੂ ਸੀ। ਜਿਸ ਵੱਲ ਇਸ਼ਾਰਾ ਉਹਨੇ ਅੰਤਮ ਭਾਸ਼ਨ ਵਿੱਚ ਵੀ ਕੀਤਾ। ਮਹਾਰਾਣੀ ਜਿੰਦਾਂ ਇਸ ਰਾਜਨੀਤਿਕ ਸਥਿਤੀ ਨੂੰ ਜਾਣਦੀ ਸੀ, ਪਰ ਉਹਦੀ ਪੇਸ਼ ਨਹੀਂ ਸੀ ਜਾ ਸਕਦੀ, ਕਿਉਂਕਿ ਉਹ ਨਾਬਾਲਗ ਪੁੱਤਰ ਦੀ ਜੁਆਨ ਮਾਂ ਸੀ। ਉਹਦਾ ਰਾਜ ਤੇ ਕਬਜ਼ਾ ਕਰਨ ਦੀ ਖ਼ਾਹਸ਼ ਕਿਸੇ ਤਰ੍ਹਾਂ ਪੂਰੀ ਨਹੀਂ ਸੀ ਹੋ ਸਕਦੀ। ਇਸ ਕਰਕੇ ਉਹ ਚਾਰ ਸਾਲ ਚੁੱਪ ਰਹੀ ਪਰ ਸਥਿਤੀ 'ਤੇ ਕੜੀ ਨਜ਼ਰ ਰੱਖਦੀ ਰਹੀ।

ਟਿੱਕਾ ਖੜਕ ਸਿੰਘ ਦੇ ਮਹਾਰਾਜਾ ਬਣਦਿਆਂ ਤੇ ਰਣਜੀਤ ਸਿਘ ਦੇ ਅੱਖਾਂ ਮੀਟਦਿਆਂ ਹੀ ਗੱਦਾਰਾਂ ਨੇ ਸਾਜ਼ਸ਼ਾਂ ਸ਼ੁਰੂ ਕਰ ਦਿੱਤੀਆਂ। ਇਸ ਬਾਰੇ ਪਿਆਰਾ ਸਿੰਘ ਪਦਮ ਲਿਖਦੇ ਹਨ ਕਿ ਖੜਕ ਸਿੰਘ ਬੜੇ ਸਰਲ ਸੁਭਾਅ ਦਾ ਆਦਮੀ ਸੀ, ਬਹੁਤਾ ਚਤੁਰ ਨੀਤੀਵਾਨ ਨਹੀਂ ਸੀ। ਇਸ ਵੇਲੇ ਲਾਹੌਰ ਦਰਬਾਰ ਵਿੱਚ ਜੰਮੂ ਦੇ ਡੋਗਰੇ ਭਰਾਵਾਂ-ਧਿਆਨ ਸਿੰਘ, ਗੁਲਾਬ ਸਿੰਘ, ਤੇ ਸੁਚੇਤ ਸਿੰਘ ਦਾ ਬਹੁਤ ਜ਼ੋਰ ਸੀ। ਧਿਆਨ ਸਿੰਘ ਤਾਂ ਵਜ਼ੀਰੇ-ਆਜ਼ਮ ਸੀ ਤੇ ਬਹੁਤ ਚਲਾਕ ਤੇ ਕਪਟੀ ਸੀ।

ਮਹਾਰਾਜੇ ਦੇ ਦੇਹਾਂਤ ਬਾਅਦ ਫੌਰਨ ਇਸ ਨੇ ਆਪਣੀਆਂ ਖ਼ੂਨੀ ਸਾਜ਼ਸ਼ਾਂ ਦਾ ਕਾਂਡ ਆਰੰਭ ਦਿੱਤਾ। ਜਿਸ ਨਾਲ ਚਾਲ੍ਹੀ ਸਾਲ ਦੀ ਲੰਮੀ ਘਾਲ ਨਾਲ ਉਸਾਰੀ ਖ਼ਾਲਸਾ ਸਲਤਨਤ ਕੇਵਲ 4-5 ਸਾਲਾਂ ਵਿੱਚ ਹੀ ਮਿੱਟੀ ਵਿੱਚ ਮਿਲਾ ਦਿੱਤੀ। ਸਾਜ਼ਸ਼ ਦਾ ਪਹਿਲਾ ਸ਼ਿਕਾਰ ਚੇਤ ਸਿੰਘ ਬਾਜਵਾ ਬਣਿਆ ਜੋ ਖੜਕ ਸਿੰਘ ਦਾ ਸਭ ਤੋਂ ਵੱਧ ਇਤਬਾਰੀ ਬੰਦਾ ਸੀ। ਡੋਗਰਿਆਂ ਨੂੰ ਸ਼ੱਕ ਪਿਆ ਕਿ ਉਹ ਸਾਨੂੰ ਹਟਾ ਦੇਵੇਗਾ, ਇਸ ਲਈ ਪਹਿਲਾਂ ਉਹਦੇ ਵਿਰੁੱਧ ਪ੍ਰਚਾਰ ਕੀਤਾ ਕਿ ਚੇਤ ਸਿੰਘ ਅੰਗਰੇਜ਼ਾਂ ਨਾਲ ਗੰਢ-ਤੁਪ ਕਰ ਰਿਹਾ ਏ। ਫਿਰ

ਉਹਨਾਂ ਕੰਵਰ ਨੌਨਿਹਾਲ ਸਿੰਘ ਨੂੰ ਸਰਹੱਦੀ ਇਲਾਕੇ ਤੋਂ ਵਾਪਸ ਬੁਲਾਇਆ ਤੇ ਚੇਤ ਸਿੰਘ ਦਾ ਕਤਲ ਕਰਵਾਇਆ। ਇਸੇ ਵੇਲੇ ਖੜਕ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਵਿੱਚ ਵੀ ਗਲਤ ਫਹਿਮੀਆਂ ਪਾ ਦਿੱਤੀਆਂ।

5 ਨਵੰਬਰ 1840 ਨੂੰ ਕੁਝ ਸਮਾਂ ਬਿਮਾਰ ਰਹਿ ਕੇ ਖੜਕ ਸਿੰਘ ਅਕਾਲ ਚਲਾਣਾ ਕਰ ਗਿਆ। ਉਸੇ ਵੇਲੇ ਕੰਵਰ ਨੌਨਿਹਾਲ ਸਿੰਘ ਨੂੰ ਮਹਾਰਾਜਾ ਬਣਾਇਆ ਗਿਆ, ਪਰ ਸਾਜ਼ਸ਼ੀ ਲੋਕ ਜਾਣਦੇ ਸਨ ਕਿ ਕੰਵਰ ਉਹਨਾਂ ਬਾਰੇ ਜਾਣਦਾ ਹੈ ਤੇ ਛੇਤੀ ਗੁੱਠੇ ਲਾ ਦੇਵੇਗਾ। ਇਸ ਕਰਕੇ ਅਗਲੇ ਦਿਨ ਹੀ ਪਿਤਾ ਦਾ ਸਸਕਾਰ ਕਰਕੇ ਮੁੜਦਿਆਂ ਹੀ ਕੰਵਰ ਤੇ ਅਗਲੀ ਡਿਉਢੀ ਦਾ ਛੱਜਾ ਸੁਟ ਕੇ ਜ਼ਖ਼ਮੀ ਕਰ ਦਿੱਤਾ। ਫਿਰ ਜ਼ਖ਼ਮੀ ਕੰਵਰ ਨੂੰ ਬੰਦ ਕਮਰੇ ਵਿੱਚ ਲਿਜਾ ਕੇ ਮਾਰ ਦਿੱਤਾ ਗਿਆ। ਇਹਦੀ ਥਾਂ ਖੜਕ ਸਿੰਘ ਦੀ ਪਤਨੀ ਚੰਦ ਕੌਰ ਨੂੰ ਰਾਜਗੱਦੀ 'ਤੇ ਬਿਠਾਇਆ ਗਿਆ।

ਦੂਜੇ ਪਾਸੇ ਸ਼ੇਰ ਸਿੰਘ ਨੂੰ ਸੁਨੇਹੇ ਭੇਜੇ ਕਿ ਰਾਜ ਦਾ ਹੱਕਦਾਰ ਉਹ ਹੈ। ਉਹਦੇ ਅਤੇ ਚੰਦ ਕੌਰ ਵਿਚਕਾਰ ਝਗੜਾ ਵਧਾਇਆ ਤੇ ਜਦ ਉਹ ਬਟਾਲੇ ਤੋਂ ਫੌਜ ਚਾੜ੍ਹ ਕੇ ਲਾਹੌਰ ਵੱਲ ਤੁਰਿਆ ਤਾਂ ਸਾਜ਼ਸ਼ੀਆਂ ਨੇ ਚੰਦ ਕੌਰ ਦੀ ਥਾਂ ਸ਼ੇਰ ਸਿੰਘ ਨੂੰ ਮਹਾਰਾਜਾ ਬਣਵਾ ਦਿੱਤਾ ਤੇ ਚੰਦ ਕੌਰ ਦਾ ਸਾਰਾ ਖ਼ਜ਼ਾਨਾ ਤੇ ਗਹਿਣੇ ਜੰਮੂ ਵੱਲ ਭਿਜਵਾ ਕੇ ਉਹਨੂੰ ਵੀ ਉਧਰ ਤੋਰ ਦਿੱਤਾ ਤੇ ਫਿਰ ਸ਼ੇਰ ਸਿੰਘ ਨੂੰ ਖ਼ੁਸ਼ ਕਰਨ ਲਈ ਚੰਦ ਕੌਰ ਨੂੰ ਵੀ ਮਰਵਾ ਦਿੱਤਾ। ਸੰਧਾਵਾਲੀਏ, ਚੰਦ ਕੌਰ ਦੇ ਸਮਰਥਕ ਸਨ। ਉਹਨਾਂ 1843 ਨੂੰ ਇਕ ਸਮਾਗਮ ਵਿੱਚ ਗੋਲੀਆਂ ਚਲਾ ਕੇ ਮਹਾਰਾਜਾ ਸ਼ੇਰ ਸਿੰਘ ਨੂੰ ਮਾਰ ਦਿੱਤਾ, ਨਾਲ ਹੀ ਸ਼ੇਰ ਸਿੰਘ ਦੇ ਪੁੱਤਰ ਕੰਵਰ ਪ੍ਰਤਾਪ ਸਿੰਘ ਨੂੰ ਮਾਰ ਕੇ ਲਾਹੌਰ ਦੇ ਕਿਲ੍ਹੇ ਵੱਲ ਆ ਕੇ ਧਿਆਨ ਸਿੰਘ ਡੋਗਰੇ ਨੂੰ ਵੀ ਕਤਲ ਕਰ ਦਿੱਤਾ। ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਚਾਰ ਸਾਲ ਵਿੱਚ ਹੀ ਗ੍ਰਹਿ ਯੁੱਧ ਵਿੱਚ ਉਹਦੀ ਸੰਤਾਨ ਦੇ ਕਈ ਜੀਅ ਖ਼ਤਮ ਹੋ ਗਏ। ਰਾਣੀ ਜਿੰਦ ਕੌਰ ਸਾਰੀ ਸਥਿਤੀ 'ਤੇ ਨਜ਼ਰ ਰੱਖ ਰਹੀ ਸੀ। ਲਾਹੌਰ ਰਾਜ ਦੇ ਵੱਡੇ ਦਰਬਾਰੀਆਂ, ਵਜ਼ੀਰਾਂ ਤੇ ਫੌਜ ਦੇ ਵਜ਼ੀਰਾਂ ਨਾਲ ਸੰਪਰਕ ਕਰਕੇ ਉਹ ਕਾਮਯਾਬ ਹੋਈ ਤੇ ਸੰਨ 1843 ਵਿੱਚ ਉਹਦਾ ਨਾਬਾਲਗ ਸਪੁੱਤਰ ਦਲੀਪ ਸਿੰਘ ਪੰਜਾਬ ਦਾ ਮਹਾਰਾਜਾ ਬਣਾ ਦਿੱਤਾ ਗਿਆ। ਰਾਜ ਦੀ ਪ੍ਰਬੰਧਕ ਕੌਂਸਲ ਨੇ ਦਲੀਪ ਸਿੰਘ ਦੇ ਬਾਲਗ ਹੋਣ ਤੱਕ ਮਹਾਰਾਣੀ ਜਿੰਦ ਕੌਰ ਨੂੰ ਉਹਦੀ ਸਰਪ੍ਰਸਤ ਥਾਪ ਦਿੱਤਾ।

ਦਲੀਪ ਸਿੰਘ ਮਹਾਰਾਜਾ ਰਣਜੀਤ ਸਿੰਘ ਦਾ ਸਭ ਤੋਂ ਛੋਟਾ ਸਪੁੱਤਰ ਸੀ। ਇਸ ਲਈ ਵੱਡੇ ਦੋ ਸਪੁੱਤਰਾਂ ਕਸ਼ਮੀਰਾ ਸਿੰਘ ਤੇ ਪਿਸ਼ੌਰਾ ਸਿੰਘ ਨੇ ਵੀ ਆਪਣਾ ਹੱਕ ਜਤਲਾਇਆ ਤੇ ਸਿਆਲਕੋਟ ਦੇ ਇਲਾਕੇ ਵਿੱਚ ਬਾਗੀ ਹੋ ਬੈਠੇ। ਲਾਹੌਰ ਦਰਬਾਰ ਤੋਂ ਫੌਜਾਂ ਉਧਰ ਭੇਜੀਆਂ ਗਈਆਂ ਤੇ ਉਹ ਨੱਠ ਕੇ ਸਤਲੁਜ ਤੋਂ ਪਾਰ ਅੰਗਰੇਜ਼ੀ ਰਾਜ ਵਿੱਚ ਚਲੇ ਗਏ। ਇਸ ਰਾਜ ਰੌਲੇ ਵਿੱਚ ਹੀਰਾ ਸਿੰਘ, ਸੁਚੇਤ ਸਿੰਘ ਤੇ ਹੋਰ ਕਈ ਦਰਬਾਰੀ ਕਤਲ ਹੋ ਗਏ। ਮਹਾਰਾਣੀ ਜਿੰਦ ਕੌਰ ਨੇ ਮੰਤਰੀ ਮੰਡਲ ਵਿੱਚ ਕਈ ਅਦਲਾ-ਬਦਲੀਆਂ ਕਰ ਦਿੱਤੀਆਂ। ਆਪਣੇ ਭਰਾ ਜਵਾਹਰ ਸਿੰਘ ਨੂੰ ਤੇ ਰਾਜਾ ਗੁਲਾਬ ਸਿੰਘ ਨੂੰ ਵਜ਼ੀਰ ਬਣਾ ਲਿਆ। ਪਰ ਸਾਜ਼ਸ਼ੀਆਂ ਤੇ ਗੱਦਾਰਾਂ ਨੇ ਆਪਣੀਆਂ ਚਾਲਾਂ ਤੇਜ਼ ਕਰ ਦਿੱਤੀਆਂ। ਫੌਜ ਵਿੱਚ ਇਸ ਕਾਰਨ ਅਸੰਤੁਸ਼ਟਤਾ ਵਧਣ ਲੱਗੀ, ਕਿਉਂਕਿ ਫੌਜ ਦੇਸ਼ ਭਗਤ ਤੇ ਰਾਜ ਦੀ ਹਿਤੈਸੀ ਸੀ, ਇਸ ਲਈ ਉਹਨਾਂ ਵਿੱਚ ਗੁੱਸਾ ਵੱਧ ਰਿਹਾ ਸੀ। ਉਹ ਬੁਰਛਾ ਗਰਦੀ ਤੇ ਉਤਰ

ਆਈਆਂ ਸਨ। ਗਲਤ ਅਫ਼ਵਾਹਾਂ ਸਦਕਾ ਜਵਾਹਰ ਸਿੰਘ ਮਾਰਿਆ ਗਿਆ। ਇਸ ਸਮੇਂ ਰਾਣੀ ਜਿੰਦਾਂ ਕੋਲੋਂ ਵੀ ਇਕ ਗਲਤ ਫੈਸਲਾ ਹੋਇਆ ਤੇ ਉਹਨੇ ਲਾਲ ਸਿੰਘ ਨੂੰ ਵਜ਼ੀਰ ਤੇ ਤੇਜਾ ਸਿੰਘ ਨੂੰ ਸਿੱਖ ਫੌਜ ਦਾ ਕਮਾਂਡਰ-ਇਨ-ਚੀਫ਼ ਨਿਯੁਕਤ ਕਰ ਦਿੱਤਾ। ਅੰਗਰੇਜ਼ਾਂ ਵੇਖਿਆ ਕਿ ਹੁਣ ਪੰਜਾਬ ਦੇ ਹਾਲਾਤ ਵਿਗੜੇ ਹੋਏ ਨੇ, ਮਹਾਰਾਜੇ ਦੇ ਪਰਿਵਾਰ ਵਿੱਚ ਫੁੱਟ ਪਈ ਹੋਈ ਏ। ਦੇਸ਼ ਧ੍ਰੋਹੀਆਂ ਤੇ ਗੱਦਾਰਾਂ ਦੀ ਗਿਣਤੀ ਬਹੁਤ ਵੱਧ ਗਈ ਏ। ਉਹ ਵਿਕਾਊ ਹਨ, ਇਸ ਲਈ ਹੁਣ ਲੜਾਈ ਛੇੜ ਕੇ ਪੰਜਾਬ 'ਤੇ ਅੰਗਰੇਜ਼ ਕਾਬਜ਼ ਹੋ ਸਕਦੇ ਹਨ। ਇਸ ਲਈ ਉਹਨਾਂ ਸਤਲੁਜ ਦੇ ਨੇੜੇ ਆਪਣੀਆਂ ਫੌਜਾਂ ਲੈ ਆਂਦੀਆਂ ਤੇ ਅਜਿਹੀਆਂ ਸ਼ਰਾਰਤਾਂ ਸ਼ੁਰੂ ਕੀਤੀਆਂ ਕਿ ਲਾਹੌਰ ਰਾਜ ਦੀਆਂ ਫੌਜਾਂ ਜੰਗ ਸ਼ੁਰੂ ਕਰਨ ਦੀ ਪਹਿਲ ਕਰਨ। ਰਾਣੀ ਅੰਗਰੇਜ਼ਾਂ ਨਾਲ ਯੁੱਧ ਕਰਨ ਦੀ ਵਿਰੋਧਤਾ ਕਰਦੀ ਰਹੀ ਸੀ।

ਜਦੋਂ ਦਰਬਾਰ ਦੇ ਵਕੀਲ ਰਾਏ ਕ੍ਰਿਸ਼ਨ ਚੰਦ ਨੇ ਇਹ ਰਿਪੋਰਟ ਦਿੱਤੀ ਕਿ ਅੰਗਰੇਜ਼, ਖ਼ਾਲਸਾ ਸਰਕਾਰ ਦੇ ਸਤਲੁਜ-ਉਰਾਰ ਦੇ ਇਲਾਕਿਆਂ ਉਤੇ ਕਬਜ਼ਾਂ ਕਰਨਾ ਚਾਹੁੰਦੇ ਹਨ ਤਾਂ ਬਹੁਤ ਜੋਸ਼ ਫੈਲ ਗਿਆ। ਅੰਗਰੇਜ਼ ਵਿਰੋਧੀ ਪਾਰਟੀ ਨੇ ਅੰਗਰੇਜ਼ਾਂ ਵਿਰੁੱਧ ਫੌਜੀ ਕਾਰਵਾਈ ਕਰਨ 'ਤੇ ਜ਼ੋਰ ਦਿੱਤਾ। ਪਰ ਮਹਾਰਾਣੀ ਨੇ ਦਰਬਾਰੀਆਂ ਨੂੰ ਕੋਈ ਇਹੋ ਜਿਹਾ ਕਦਮ ਚੁੱਕਣ ਦੇ ਵਿਰੁੱਧ ਕਰਦਿਆਂ ਹੋਇਆਂ ਕਿਹਾ ਕਿ ਅੰਗਰੇਜ਼ਾਂ ਨਾਲ ਟੱਕਰ ਹੋਣ ਦੀ ਸੂਰਤ ਵਿੱਚ ਮਹਾਰਾਜਾ ਦਲੀਪ ਸਿੰਘ ਦੀ ਸਰਕਾਰ ਨੂੰ ਨੁਕਸਾਨ ਪੁੱਜਣ ਦਾ ਖ਼ਤਰਾ ਹੈ। ਦੀਵਾਨ ਦੀਨਾ ਨਾਥ ਤੇ ਫ਼ਕੀਰ ਅਜ਼ੀਜ਼ਉਦੀਨ ਨੇ ਵੀ ਮਹਾਰਾਣੀ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਕੀਤੀ। ਪਰ ਸਾਜ਼ਸ਼ੀਆਂ ਤੇ ਗੱਦਾਰਾਂ ਦੇ ਕਾਰਨ ਅੰਗਰੇਜ਼ਾਂ ਤੇ ਲਾਹੌਰ ਰਾਜ ਵਿੱਚ ਮਤਭੇਦ ਵਧਦੇ ਗਏ। ਇਸ ਵੇਲੇ ਅੰਗਰੇਜ਼ਾਂ ਨੇ ਵੀ ਅਨੁਮਾਨ ਲਾ ਲਿਆ ਕਿ ਰਾਣੀ ਜਿੰਦ ਕੌਰ ਦੇ ਹੁੰਦਿਆਂ ਪੰਜਾਬ 'ਤੇ ਕਬਜ਼ਾ ਹੋਣਾ ਮੁਸ਼ਕਿਲ ਹੈ। ਪਹਿਲਾਂ ਰਾਜਸੀ ਤੌਰ 'ਤੇ ਰਾਣੀ ਜਿੰਦ ਕੌਰ ਨੂੰ ਕਮਜ਼ੋਰ ਕਰਨਾ ਜ਼ਰੂਰੀ ਹੈ। ਭੀਲੋਵਾਲ ਦੇ ਅਹਿਦਨਾਮੇ ਦੇ ਸਮੇਂ ਅੰਗਰੇਜ਼ਾਂ ਸਭ ਤੋਂ ਪਹਿਲੀ ਸ਼ਰਤ ਇਹ ਰੱਖੀ ਕਿ ਰਾਣੀ ਜਿੰਦਾਂ ਨੂੰ ਰੀਜੈਂਟ ਦੀ ਪਦਵੀ ਤੋਂ ਵਾਂਝਿਆਂ ਕਰ ਦਿੱਤਾ ਜਾਏਗਾ ਅਤੇ ਉਹਦੇ ਹੱਥੋਂ ਸਾਰੀ ਤਾਕਤ ਖੋਹ ਲਈ ਜਾਏਗੀ।

ਲਾਰਡ ਹਾਰਡਿੰਗ ਨੇ ਸਭਰਾਵਾਂ ਦੀ ਲੜਾਈ ਪਿਛੋਂ ਸਮਝੌਤੇ ਦੀਆਂ ਸ਼ਰਤਾਂ ਲਈ ਫਰੇਡਰਿਕ ਕਰੀ ਨੂੰ ਹਦਾਇਤ ਕੀਤੀ ਕਿ ਹਰ ਹਾਲਤ ਵਿੱਚ ਰਾਣੀ ਜਿੰਦਾਂ ਨੂੰ ਤਾਕਤ-ਹੀਣ ਕਰ ਦਿੱਤਾ ਜਾਏ। ਰਾਣੀ ਜਿੰਦ ਕੌਰ ਨੇ ਇਸ ਦੀ ਵਿਰੋਧਤਾ ਕੀਤੀ, ਪਰ ਉਸ ਦੀ ਇਕ ਵੀ ਤਜਵੀਜ਼ ਨਾ ਮੰਨੀ ਗਈ।

10 ਫਰਵਰੀ ਸੰਨ 1846 ਨੂੰ ਸਭਰਾਵਾਂ ਦੀ ਜੰਗ ਵਿੱਚ ਸਿੱਖ ਰਾਜ ਦੀਆਂ ਫੌਜਾਂ ਬੜੀ ਬੀਰਤਾ ਨਾਲ ਲੜੀਆਂ। ਅੰਗਰੇਜ਼ ਘਬਰਾ ਗਏ। ਉਹਨਾਂ ਪੰਜਾਬ ਦੇ ਗੱਦਾਰਾਂ ਤੇਜਾ ਸਿੰਘ ਤੇ ਲਾਲ ਸਿੰਘ ਨੂੰ ਤੁਰਤ ਗੱਦਾਰੀ ਕਰਨ ਲਈ ਜ਼ੋਰ ਦਿੱਤਾ। ਇਹਨਾਂ ਗੱਦਾਰਾਂ ਨੇ ਬਾਰੂਦ ਦੀ ਥਾਂ ਸਰ੍ਹੋਂ ਦੀਆਂ ਬੋਰੀਆਂ ਆਪਣੀ ਫੌਜ ਲਈ ਭੇਜੀਆਂ ਤੇ ਆਪ ਦਰਿਆ ਟੱਪ ਕੇ ਪਿੱਛੇ ਆ ਗਏ। ਦਰਿਆ ਦਾ ਪੁਲ ਤੋੜ ਦਿੱਤਾ। ਰਾਣੀ ਜਿੰਦ ਕੌਰ ਨੂੰ ਕੁਝ ਦਿਨ ਪਹਿਲਾਂ ਹੀ ਭਿਣਕ ਪੈ ਗਈ ਸੀ, ਇਸ ਲਈ ਉਹਨੇ ਨਿਰਾਸ਼ ਹੋ ਕੇ ਘਰ ਬੈਠੇ ਸ਼ਾਮ ਸਿੰਘ ਅਟਾਰੀ ਵਾਲੇ ਨੂੰ ਲਿਖ ਭੇਜਿਆ ਕਿ ਖ਼ਾਲਸਾ ਰਾਜ ਨੂੰ ਬਚਾਉਣ ਲਈ ਤੁਹਾਡੇ ਜਿਹੇ ਦੇਸ਼ ਭਗਤ ਤੁਰਤ ਅਗੇ ਆਉਣ। ਸ੍ਰ. ਸ਼ਾਮ ਸਿੰਘ ਅਟਾਰੀ ਵਾਲਾ ਤੁਰਤ ਜੰਗ ਦੇ ਮੈਦਾਨ ਵਿੱਚ ਪਹੁੰਚ ਗਿਆ। ਫੌਜ ਵਿੱਚ ਜੋਸ਼ ਵਧ ਗਿਆ। ਕਵੀ ਸ਼ਾਹ ਮੁਹੰਮਦ ਦੇ ਕਹਿਣ ਅਨੁਸਾਰ :

ਸਿੰਘਾਂ ਨੇ ਫਰੰਗੀਆਂ ਦੇ, ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।

ਪਰ ਗੱਦਾਰਾਂ ਦੀਆਂ ਕਰਤੂਤਾਂ ਕਾਰਨ ਖ਼ਾਲਸਾ ਫੌਜ ਹਾਰ ਗਈ ਤੇ ਵਿਦੇਸ਼ੀ ਤਾਕਤ ਲਾਹੌਰ 'ਤੇ ਅਮਲੀ ਤੌਰ ਤੇ ਕਾਬਜ਼ ਹੋ ਗਈ।

ਇਸ ਸਮੇਂ ਸਾਜ਼ਸ਼ੀਆਂ ਦੀਆਂ ਗੱਦਾਰੀਆਂ ਤੇ ਪਰਦਾ ਪਾਉਣ ਤੇ ਰਾਣੀ ਜਿੰਦ ਕੌਰ ਨੂੰ ਬਦਨਾਮ ਕਰਨ ਲਈ ਉਹਦੇ ਵਿਰੁੱਧ ਭੰਡੀ ਪ੍ਰਚਾਰ ਕੀਤਾ ਗਿਆ। ਫੌਜ ਨੂੰ ਸਗੋਂ ਜਿੰਦਾਂ ਨੇ ਭੇਜੀ ਸੀ, ਕਿਉਂਕਿ ਉਹ ਸਿੱਖ ਰਾਜ ਤੋਂ ਆਪਣੇ ਭਰਾ ਜਵਾਹਰ ਸਿੰਘ ਦੀ ਮੌਤ ਦਾ ਬਦਲਾ ਲੈਣਾ ਚਾਹੁੰਦੀ ਸੀ। ਇਹ ਪ੍ਰਚਾਰ ਇੰਨੀ ਵੱਡੀ ਪੱਧਰ 'ਤੇ ਹੋਇਆ ਕਿ ਸ਼ਾਹ ਮੁਹੰਮਦ ਵਰਗਾ ਇਨਾਂ ਵੱਡਾ ਕਵੀ ਵੀ ਇਸ ਅਫਵਾਹ ਨੂੰ ਸੱਚ ਮਨ ਬੈਠਾ। ਜੇ ਇਹ ਝੂਠ ਪ੍ਰਚਾਰ ਠੀਕ ਹੁੰਦਾ ਤਾਂ ਅੰਗਰੇਜ਼ ਰਾਣੀ ਜਿੰਦ ਕੌਰ ਤੋਂ ਰਾਜ ਸ਼ਕਤੀ ਖੋਹਣ ਦੀ ਕਾਰਵਾਈ ਤੁਰਤ ਕਿਉਂ ਕਰਦੇ, ਸਗੋਂ ਉਹਨੂੰ ਮਾਣ-ਸਨਮਾਨ ਦਿੰਦੇ।

ਭੀਲੋਵਾਲ ਦੇ ਸਮਝੌਤੇ 'ਤੇ ਜ਼ਬਰਦਸਤੀ ਜਿੰਦ ਕੌਰ ਦੇ ਦਸਤਖ਼ਤ ਕਰਵਾਏ ਗਏ। ਉਹਨੂੰ ਰਾਜ ਦੇ ਪ੍ਰਬੰਧ ਤੋਂ ਹਟਾ ਕੇ ਮਹੱਲਾਂ ਵਿੱਚ ਰਹਿਣ ਦਾ ਆਦੇਸ਼ ਦਿੱਤਾ। ਮਹਾਰਾਣੀ ਨੂੰ ਡੇਢ ਲੱਖ ਰੁਪਿਆ ਸਾਲਾਨਾ ਦੀ ਪੈਨਸ਼ਨ ਲਾਈ ਗਈ। ਪਰ ਰਾਣੀ ਸੰਭਲ ਗਈ ਤੇ ਅੰਗਰੇਜ਼ਾਂ ਨੂੰ ਸਿੱਧਾ ਵੰਗਾਰਨ ਦਾ ਫੌਲਾਦੀ ਫੈਸਲਾ ਕਰ ਲਿਆ। ਇਸ ਫੈਸਲੇ ਤੇ ਅਮਲ ਕਰਨ ਦੇ ਕਾਰਨ ਹੀ ਮਹਾਰਾਣੀ ਨੂੰ ਇਤਿਹਾਸ ਵਿੱਚ ਉੱਘਾ ਸਥਾਨ ਪ੍ਰਾਪਤ ਹੈ। ਜਦ ਅੰਗਰੇਜ਼ਾਂ ਨੇ ਤੇਜਾ ਸਿੰਘ ਨੂੰ ਗੱਦਾਰੀ ਦੇ ਇਨਾਮ ਵਜੋਂ ਰਾਜਾ ਦੀ ਪਦਵੀ ਦੇਣੀ ਚਾਹੀ, ਤਾਂ ਮਹਾਰਾਣੀ ਜਿੰਦਾਂ ਦੇ ਕਹਿਣ ਨਾਲ ਨਾਬਾਲਗ ਮਹਾਰਾਜਾ ਦਲੀਪ ਸਿੰਘ ਨੇ ਇਸ ਫ਼ੈਸਲੇ 'ਤੇ ਦਸਤਖ਼ਤ ਨਾ ਕੀਤੇ। ਅੰਗਰੇਜ਼ਾਂ ਨੇ ਇਸ ਤੋਂ ਖਿਝ ਕੇ ਰਾਣੀ ਜਿੰਦ ਕੌਰ ਤੇ ਹੋਰ ਪਾਬੰਦੀਆਂ ਲਾ ਦਿੱਤੀਆਂ। ਰਾਣੀ ਦੀ ਨਿਗਰਾਨੀ ਵਧਾ ਦਿੱਤੀ ਅਤੇ ਮਾਂ ਪੁੱਤਰ ਦੇ ਮਿਲਣ ਦੀ ਮਨਾਹੀ ਕਰ ਦਿੱਤੀ।

ਰਾਣੀ ਚਾਹੁੰਦੀ ਸੀ ਕਿ ਕਿਸੇ ਤਰ੍ਹਾਂ ਵਿਦੇਸ਼ੀ ਗੁਲਾਮੀ ਵਿੱਚ ਪੰਜਾਬ ਨਾ ਜਾਏ, ਇਸ ਲਈ ਅੰਗਰੇਜ਼ਾਂ ਵਿਰੁੱਧ ਉਭਰੇ ਹਰ ਗੁੱਸੇ ਨੂੰ ਸ਼ਹਿ ਦਿੰਦੀ। ਇਤਿਹਾਸਕਾਰ ਮੰਨਦੇ ਹਨ ਕਿ ਮਹਾਰਾਜ ਸਿੰਘ ਤੇ ਮੁਲਤਾਨ ਦੇ ਮੂਲ ਚੰਦ ਆਦਿ ਨਾਲ ਵੀ ਰਾਣੀ ਜਿੰਦਾਂ ਦੀ ਅਸ਼ੀਰਵਾਦ ਸੀ। ਅੰਗਰੇਜ਼ਾਂ ਦੇ ਸੂਹੀਏ ਦਾ ਤੇ ਪੰਜਾਬ ਦੇ ਗੱਦਾਰਾਂ ਸਦਕਾ ਕੋਈ ਵੀ ਯੁੱਧ ਸਫਲ ਨਾ ਹੋਇਆ। ਅੰਗਰੇਜ਼ਾਂ ਨੇ ਰਾਣੀ ਜਿੰਦਾਂ ਨੂੰ ਪਹਿਲਾਂ ਸ਼ੇਖੂਪੁਰੇ ਦੇ ਕਿਲ੍ਹੇ ਵਿੱਚ ਕੈਦ ਕਰ ਦਿੱਤਾ, ਫਿਰ ਬਨਾਰਸ ਦੇ ਕਿਲ੍ਹੇ ਵਿੱਚ ਕੈਦ ਕਰਕੇ ਪੈਨਸ਼ਨ ਘਟਾ ਕੇ ਇਕ ਹਜ਼ਾਰ ਰੁਪਏ ਮਹੀਨਾ ਕਰ ਦਿੱਤੀ। ਰਾਣੀ ਕੈਦਖ਼ਾਨੇ ਵਿਚੋਂ ਅੰਗਰੇਜ਼ਾਂ ਵਿਰੁੱਧ ਗਵਰਨਰ ਜਨਰਲ ਨੂੰ ਰੋਸ-ਪੱਤਰ ਲਿਖਦੀ ਰਹੀ। ਉਹ ਚਿੱਠੀਆਂ ਇਸ ਗੱਲ ਦੀਆਂ ਪ੍ਰਤੀਕ ਹਨ ਕਿ ਰਾਣੀ ਪੰਜਾਬ ਰਾਜ ਦੀ ਹਿਤੈਸ਼ੀ ਤੇ ਅੰਗਰੇਜ਼ਾਂ ਵਿਰੁੱਧ ਨਫ਼ਰਤ ਰੱਖਦੀ ਸੀ। ਅੰਗਰੇਜ਼ਾਂ ਵਿਰੁੱਧ ਸੰਘਰਸ਼ ਜਾਰੀ ਰੱਖਣ ਲਈ ਦ੍ਰਿੜ੍ਹ ਸੀ। ਜਦ ਉਹਦੇ ਰੋਸ ਪੱਤਰਾਂ ਦਾ ਕੋਈ ਅਸਰ ਨਾਂਹ ਹੁੰਦਾ ਦਿਸਿਆ, ਤਾਂ ਇਕ ਦਿਨ ਨੌਕਰਾਣੀ ਦਾ ਵੇਸ ਧਾਰ ਕੇ ਕਿਲ੍ਹੇ ਵਿਚੋਂ ਨਿਕਲ ਗਈ ਤੇ ਨੇਪਾਲ ਪਹੁੰਚ ਗਈ ਤੇ ਉਥੋਂ ਵੀ ਉਹ ਬਗਾਵਤ ਕਰਵਾਉਣ ਦੇ ਕਈ ਉਪਰਾਲੇ ਕਰਦੀ ਰਹੀ।

ਅੰਗਰੇਜ਼ਾਂ ਨੇ ਸੰਨ 1849 ਵਿੱਚ ਨਾਬਾਲਗ ਮਹਾਰਾਜੇ ਦਲੀਪ ਸਿੰਘ ਨੂੰ ਗੱਦੀ ਤੋਂ ਲਾਹ ਕੇ ਇੰਗਲੈਂਡ ਭੇਜ ਦਿੱਤਾ ਤੇ ਪੰਜਾਬ ਗੁਲਾਮ ਬਣਾ ਲਿਆ। ਮਹਾਰਾਣੀ ਜਿੰਦਾਂ 29

ਅਪ੍ਰੈਲ 1849 ਨੂੰ ਨੇਪਾਲ ਪੁੱਜੀ, ਤਾਂ ਉਹਨੂੰ ਸੂਚਨਾ ਮਿਲੀ ਕਿ ਅੰਗਰੇਜ਼ਾਂ ਨੇ ਪੰਜਾਬ ਨੂੰ ਗੁਲਾਮ ਬਣਾ ਕੇ ਉਸ ਦੇ ਪੁੱਤਰ ਨੂੰ ਦੇਸ਼ ਨਿਕਾਲਾ ਦੇ ਦਿੱਤਾ ਹੈ। ਅੰਗਰੇਜ਼ ਹਾਕਮਾਂ ਨੇ ਉਥੇ ਉਹਨੂੰ ਸੂਚਿਤ ਕੀਤਾ ਕਿ ਅੰਗਰੇਜ਼ ਰਾਜ ਵਿੱਚ ਬਗਾਵਤ ਕਰਾਉਣ ਕਾਰਨ ਉਸ ਨੂੰ ਕੈਦ ਕੀਤਾ ਗਿਆ ਸੀ ਤੇ ਹੁਣ ਕੈਦ ਵਿੱਚੋਂ ਦੌੜ ਕੇ ਅੰਗਰੇਜ਼ ਰਾਜ ਦੀਆਂ ਹੱਦਾਂ ਤੋਂ ਬਾਹਰ ਚਲੇ ਜਾਣ ਕਾਰਨ ਉਸ ਦੀ ਪੈਨਸ਼ਨ ਖ਼ਤਮ ਕਰ ਦਿੱਤੀ ਗਈ ਹੈ। ਨਿੱਜੀ ਜਾਇਦਾਦ ਖ਼ਤਮ ਹੋ ਗਈ ਹੈ। ਅਗੋਂ ਅੰਗਰੇਜ਼ ਰਾਜ ਵਿੱਚ ਦਾਖ਼ਲ ਹੋਣ 'ਤੇ ਪਾਬੰਦੀ ਲਾ ਦਿੱਤੀ ਗਈ ਹੈ। ਮਹਾਰਾਣੀ ਜਿੰਦ ਕੌਰ ਐਨੀਆਂ ਪਾਬੰਦੀਆਂ ਦੇ ਬਾਵਜੂਦ ਪੰਜਾਬ ਤੇ ਬਾਕੀ ਹਿੰਦੁਸਤਾਨ ਦੀਆਂ ਜੇਲ੍ਹਾਂ ਵਿੱਚ ਬੰਦ ਪੁਰਾਣੇ ਰਾਜ ਘਰਾਣਿਆਂ ਨੂੰ ਚਿੱਠੀਆਂ ਭੇਜ ਕੇ ਆਜ਼ਾਦੀ ਲਈ ਉਠ ਖੜੇ ਹੋਣ ਦੀ ਪ੍ਰੇਰਣਾ ਕਰਦੀ ਰਹੀ। ਉਹਨੇ ਦਿਲ ਨਹੀਂ ਹਾਰਿਆ ਤੇ ਸੈਂਕੜੇ ਅਜਿਹੀਆਂ ਚਿੱਠੀਆਂ ਦਾ ਇਤਿਹਾਸਕਾਰਾਂ ਨੂੰ ਪਤਾ ਲੱਗਾ।

ਸੰਨ 1857 ਦੇ ਗਦਰ ਵੇਲੇ ਵੀ ਮਹਾਰਾਣੀ ਜਿੰਦ ਕੌਰ ਨੇਪਾਲ ਵਿੱਚ ਰਹਿੰਦੀ ਹੋਈ ਵੀ ਪੰਜਾਬ ਤੇ ਭਾਰਤ ਦੇ ਦੂਜੇ ਹਿੱਸਿਆਂ ਵਿੱਚ ਅੰਗਰੇਜ਼ਾਂ ਵਿਰੁੱਧ ਬਗਾਵਤ ਕਰਨ ਵਾਲਿਆਂ ਨੂੰ ਹੱਲਾ ਸ਼ੇਰੀ ਦਿੰਦੀ ਰਹੀ। ਇਹ ਉਸ ਦੇ ਤਿੰਨ ਸਾਥੀਆਂ ਦੀ ਗ੍ਰਿਫਤਾਰੀ ਪਿਛੋਂ ਭੇਦ ਖੁੱਲ੍ਹਿਆ। ਉਹਦੇ ਸੁਨੇਹੇ ਲਿਆਉਣ ਤੇ ਲਿਜਾਣ ਵਾਲੇ ਤਿੰਨ ਬੰਦਿਆਂ ਦੇ ਨਾਮ ਚੇਤ ਸਿੰਘ, ਜਵਾਲਾ ਸਿੰਘ ਤੇ ਮੀਆਂ ਮੁੱਲਾਂ ਸਨ। ਇਹ ਤਿੰਨੇ ਮਾਝੇ, ਜ਼ਿਲ੍ਹਾ ਅੰਮ੍ਰਿਤਸਰ ਤੇ ਗੁਰਦਾਸਪੁਰ ਦੇ ਵਸਨੀਕ ਸਨ।

ਅੰਗਰੇਜ਼ ਸਰਕਾਰ ਨੂੰ ਹੁਣ ਯਕੀਨ ਹੋ ਗਿਆ ਕਿ ਮਹਾਰਾਣੀ ਨੂੰ ਬਾਗੀ ਕਾਰਵਾਈਆਂ ਤੋਂ ਰੋਕਣ ਦਾ ਇਕੋ ਇਕ ਤਰੀਕਾ ਹੈ ਕਿ ਉਸ ਦਾ ਧਿਆਨ ਆਪਣੇ ਦੇਸ਼ ਵਲੋਂ ਹਟਾ ਲਿਆ ਜਾਵੇ। ਇਸੇ ਕਰਕੇ ਵਜ਼ੀਰੇ-ਹਿੰਦ ਨੇ ਸੰਨ 1860 ਵਿੱਚ ਮਹਾਰਾਜਾ ਦਲੀਪ ਸਿੰਘ ਨੂੰ ਆਗਿਆ ਦੇ ਦਿੱਤੀ ਕਿ ਆਪਣੀ ਮਾਤਾ ਨਾਲ ਚਿੱਠੀ ਪੱਤਰ ਕਰਕੇ ਉਸ ਨੂੰ ਇੰਗਲੈਂਡ ਲੈ ਆਵੇ। ਮਾਂ-ਪੁੱਤਰ ਦੀ ਮੁਲਾਕਾਤ ਕਲਕੱਤੇ ਵਿੱਚ ਕਰਾਉਣ ਦਾ ਪ੍ਰਬੰਧ ਕੀਤਾ ਗਿਆ। ਦਲੀਪ ਸਿੰਘ ਨੂੰ ਕਲਕੱਤੇ ਲਿਆਂਦਾ ਗਿਆ, ਜਿਥੇ 29 ਦਸੰਬਰ, 1860 ਨੂੰ ਸਰਕਾਰ ਦੀ ਪ੍ਰਵਾਨਗੀ ਪਿਛੋਂ ਅਪ੍ਰੈਲ 1861 ਨੂੰ ਮਹਾਰਾਣੀ ਕਲਕੱਤੇ ਪਹੁੰਚ ਕੇ ਦਲੀਪ ਸਿੰਘ ਨੂੰ ਮਿਲੀ। ਮਹਾਰਾਣੀ ਉਸ ਨੂੰ ਪਤਿਤ ਹੋਣ ਤੇ ਦੂਜਾ ਧਰਮ ਗ੍ਰਹਿਣ ਕਰਨ ਕਰਕੇ ਬਹੁਤ ਨਰਾਜ਼ ਹੋਈ। ਇਸ ਮੁਲਾਕਾਤ ਵਿੱਚ ਮਾਂ ਦਾ ਪ੍ਰਭਾਵ ਪੈਣ 'ਤੇ ਦਲੀਪ ਸਿੰਘ ਨੇ ਦੁਬਾਰਾ ਸਿੰਘ ਸਜਣ ਦਾ ਫੈਸਲਾ ਕਰ ਲਿਆ। ਅਖ਼ੀਰ ਦਲੀਪ ਸਿੰਘ ਨੂੰ ਪੰਜਾਬ ਲਿਆਏ ਬਿਨਾਂ ਜਿੰਦ ਕੌਰ ਸਮੇਤ ਸਮੁੰਦਰੀ ਜਹਾਜ਼ ਵਿੱਚ ਬਿਠਾ ਕੇ 4 ਮਈ 1861 ਨੂੰ ਲੰਡਨ ਭੇਜ ਦਿੱਤਾ ਗਿਆ। ਇਸ ਤੋਂ ਦੋ ਸਾਲ ਬਾਅਦ ਮਹਾਰਾਣੀ ਬੁਢੀ ਉਮਰੇ ਅੱਖਾਂ ਦੀ ਰੌਸ਼ਨੀ ਗੁਆ ਕੇ ਅੰਨ੍ਹੀ ਹੋ ਗਈ ਤੇ ਨਿਰਾਸਤਾ ਨੇ ਮਹਾਰਾਣੀ ਜਿੰਦ ਕੌਰ ਨੂੰ ਬਹੁਤਾ ਸਮਾਂ ਜੀਣ ਨਾ ਦਿੱਤਾ। 1 ਅਗਸਤ ਸੰਨ 1863 ਨੂੰ ਉਹ ਅਕਾਲ ਚਲਾਣਾ ਕਰ ਗਈ। ਮਰਨ ਤੋਂ ਪਹਿਲਾਂ ਉਹ ਵਸੀਅਤ ਕਰ ਗਈ ਕਿ ਮੇਰੀਆਂ ਹੱਡੀਆਂ ਤੇ ਰਾਖ਼ ਇੰਗਲੈਂਡ ਦੀ ਮਿੱਟੀ ਵਿੱਚ ਨਾ ਰਲਣ ਦੇਣੀ ਤੇ ਜੇ ਹੋ ਸਕੇ ਤਾਂ ਮੇਰਾ ਅੰਤਮ ਨਿਵਾਸ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਕੇ ਚਰਨਾਂ ਵਾਲੇ ਪਾਸੇ ਰੱਖਣਾ।

ਮਹਾਰਾਣੀ ਜਿੰਦਾਂ ਦੇ ਅਕਾਲ ਚਲਾਣੇ ਪਿਛੋਂ ਮਹਾਰਾਜਾ ਦਲੀਪ ਸਿੰਘ ਨੂੰ ਉਹਦਾ ਸਸਕਾਰ ਭਾਰਤ ਵਿੱਚ ਕਰਨ ਦੀ ਆਗਿਆ ਮਿਲੀ, ਜਦ ਉਹ ਭਾਰਤ ਆਇਆ ਤਾਂ ਉਹਨੂੰ

ਪੰਜਾਬ ਆਉਣ ਦੀ ਆਗਿਆ ਨਾ ਮਿਲੀ। ਉਸ ਨੇ ਬੰਬਈ ਨੇੜੇ ਨਾਸਿਕ ਵਿੱਖੇ ਨਰਬਦਾ ਨਦੀ ਦੇ ਕੰਢੇ ਮਾਤਾ ਦਾ ਸਸਕਾਰ ਕੀਤਾ। ਰਾਖ ਤੇ ਅਸਥੀਆਂ ਉਥੇ ਹੀ ਸੰਭਾਲ ਕੇ ਰੱਖਣ ਦਾ ਪ੍ਰਬੰਧ ਕੀਤਾ। 27 ਮਾਰਚ 1927 ਵਿੱਚ ਦਲੀਪ ਸਿੰਘ ਦੀ ਸਪੁੱਤਰੀ ਮਿਸ ਬੰਬਾ ਭਾਰਤ ਆਈ। ਆਪਣੀ ਦਾਦੀ ਦੀਆਂ ਅਸਥੀਆਂ ਨਾਸਿਕ ਤੋਂ ਲਿਆ ਕੇ ਲਾਹੌਰ ਵਿੱਚ ਰਣਜੀਤ ਸਿੰਘ ਦੀ ਸਮਾਧ ਕੋਲ ਦਬਾਈਆਂ ਤੇ ਯਾਦਗਾਰ ਬਣਾਈ। ਰਾਣੀ ਜਿੰਦਾਂ ਦੀ ਆਖ਼ਰੀ ਸਫਲਤਾ ਇਹੋ ਸੀ ਕਿ ਉਹ ਦਲੀਪ ਸਿੰਘ ਨੂੰ ਸੱਚਾ ਕੌਮ ਪੂਜਕ ਬਣਾਉਣ ਵਿੱਚ ਸਫਲ ਹੋਈ। ਉਹਨੂੰ ਆਪਣਾ ਧਰਮ ਅਪਨਾਉਣ ਤੇ ਜ਼ੁਲਮ ਵਿਰੁੱਧ ਸੰਘਰਸ਼ ਕਰਨ ਲਈ ਤਿਆਰ ਕਰ ਗਈ।

ਭਾਵੇਂ ਬਹੁਤ ਸਾਰੇ ਇਤਿਹਾਸਕਾਰਾਂ ਨੇ ਮਹਾਰਾਣੀ ਜਿੰਦ ਕੌਰ ਨਾਲ ਇਨਸਾਫ਼ ਨਹੀਂ ਕੀਤਾ, ਪਰ ਵੀਹਵੀਂ ਸਦੀ ਦੇ ਕਈ ਲੇਖਕਾਂ ਨੇ ਉਸ ਦੀ ਸ਼ਖ਼ਸੀਅਤ ਤੇ ਗੁਣਾਂ ਕਰਕੇ ਉਹਦੀ ਪ੍ਰਸੰਸਾ ਕੀਤੀ ਹੈ। ਕੇ. ਕੇ. ਖੁੱਲਰ ਆਪਣੀ ਇਕ ਅੰਗਰੇਜ਼ੀ ਪੁਸਤਕ ਵਿੱਚ ਲਿਖਦਾ ਹੈ ਕਿ : "ਅਸਫਲਤਾਵਾਂ ਅਤੇ ਹੋਣੀ ਦੇ ਚੱਕਰਾਂ ਨੇ ਕਦੇ ਵੀ ਮਹਾਰਾਣੀ ਜਿੰਦਾਂ ਦਾ ਹੌਂਸਲਾ ਨਹੀਂ ਢਾਹਿਆ। ਭਾਰੀ ਬਿਪਤਾਵਾਂ ਤੇ ਮੁਸੀਬਤਾਂ ਦਾ ਉਹਨੇ ਡੱਟ ਕੇ ਮੁਕਾਬਲਾ ਕੀਤਾ। ਹਰ ਹਾਰ ਤੇ ਭਾਂਜ ਨੇ ਉਸ ਨੂੰ ਵਧੇਰੇ ਜੋਸ਼ ਤੇ ਜ਼ੋਰ ਨਾਲ ਯਤਨ ਕਰਨ ਵੱਲ ਪ੍ਰੇਰਿਤ ਕੀਤਾ।"

ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਨੇ 'ਪੰਜਾਬ 'ਚ ਇਕੋ ਮਰਦ ਰਾਣੀ ਜਿੰਦਾਂ' ਨਾਟਕ ਦੇ ਮੁੱਖ ਬੰਦ ਵਿੱਚ ਲਿਖਿਆ ਹੈ : "ਇਹ ਨਾਟਕ ਲਿਖਣ ਦੀ ਪ੍ਰੇਰਨਾ ਮੈਨੂੰ ਰਾਣੀ ਜਿੰਦਾਂ ਦੀ ਇਕ ਗੁਪਤ ਚਿੱਠੀ ਤੋਂ ਮਿਲੀ ਸੀ, ਜੋ ਉਸਨੇ ਸ਼ੇਖ਼ੂਪੁਰੇ ਦੇ ਕਿਲ੍ਹੇ ਦੀ ਕੈਦ ਵਿਚੋਂ ਰਾਜਾ ਸ਼ੇਰ ਸਿੰਘ ਅਟਾਰੀ ਦੇ ਨਾਂ ਲਿਖੀ ਸੀ। ਇਸ ਪੱਤਰ ਤੋਂ ਰਾਣੀ ਜਿੰਦਾਂ ਦਾ ਚਰਿੱਤਰ ਤੇ ਸੁਭਾਅ ਪ੍ਰਗਟ ਹੁੰਦਾ ਹੈ। ਉਸ ਦੀ ਸ਼ਖ਼ਸੀਅਤ ਦੇ ਮੁੱਖ ਗੁਣ ਸਨ—ਦ੍ਰਿੜ੍ਹਤਾ, ਨਿਡਰਤਾ, ਸਵੈਮਾਨ, ਆਤਮ-ਵਿਸ਼ਵਾਸ ਤੇ ਪੰਜਾਬ ਦੀ ਮਿੱਟੀ ਨਾਲ ਅੰਤਾਂ ਦਾ ਮੋਹ। ਇਹ ਚਿੱਠੀ ਅੰਗਰੇਜ਼ਾਂ ਦੀ ਕੁਟਲ ਨੀਤੀ ਨੂੰ ਚੰਗੀ ਤਰ੍ਹਾਂ ਨੰਗਾ ਕਰਦੀ ਹੈ। ਇਹ ਪੱਤਰ ਪੜ੍ਹ ਕੇ ਇਉਂ ਲਗਦਾ ਹੈ ਕਿ ਇਕ ਨਿਪੁੰਨ ਨੀਤੀਵਾਨ ਤੇ ਕਲਮ ਦਾ ਧਨੀ ਆਪਣੇ ਕਿਸ ਜਰਨੈਲ ਦੇ ਕਾਰਨਾਮਿਆਂ ਨੂੰ ਸਲਾਹ ਰਿਹਾ ਹੈ। ਦ੍ਰਿੜ੍ਹਤਾ ਤੇ ਦੇਸ਼ ਭਗਤੀ ਦਾ ਸਬਕ ਵੀ ਸਿਖਾ ਰਿਹਾ ਹੈ।"

ਉਸ ਵੇਲੇ ਦੇ ਅੰਗਰੇਜ਼ ਅਫ਼ਸਰਾਂ—ਲਾਰਡ ਐਲਨਬਰੋ, ਹੈਨਰੀ ਹਾਰਡਿੰਗ, ਹੈਨਰੀ ਲਾਰੰਸ, ਲਾਰਡ ਡਲਹੌਜ਼ੀ, ਲੇਡੀ ਲੋਗਨ ਤੇ ਹੋਰ ਦਰਜਨਾਂ ਵਿਦੇਸ਼ੀ ਹੁਕਮਰਾਨਾਂ ਤੇ ਵਿਦਵਾਨਾਂ ਦੀਆਂ ਰਿਪੋਰਟਾਂ ਤੇ ਲਿਖਤਾਂ ਦਾ ਇਹੀ ਨਿਚੋੜ ਹੈ ਕਿ ਰਾਣੀ ਜਿੰਦਾਂ ਪੰਜਾਬ ਵਿੱਚ ਸਭ ਤੋਂ ਵਧ ਸੂਝ-ਬੂਝ ਰੱਖਣ ਵਾਲੀ, ਦਲੇਰ, ਸਿਰੜੀ ਪਰ ਖ਼ਤਰਨਾਕ ਸਾਜ਼ਸ਼ੀ ਔਰਤ ਸੀ।

ਰਾਣੀ ਸਾਹਿਬ ਕੌਰ

ਪਟਿਆਲੇ ਦੇ ਮਹਾਰਾਜਾ ਆਲਾ ਸਿੰਘ ਦੇ ਸਥਾਪਤ ਰਾਜ ਵਿਚ ਸਾਹਿਬ ਕੌਰ ਉਹ ਪ੍ਰਸਿੱਧ ਸਿੱਖ ਨਾਰੀ ਹੋਈ ਹੈ, ਜਿਸ ਨੇ ਅਤਿ ਔਖੇ ਸਮੇਂ ਰਾਜ ਦੀ ਵਿਗੜੀ ਹਾਲਤ ਠੀਕ ਕਰਨ ਲਈ ਰਾਜ ਪ੍ਰਬੰਧ ਦੀ ਵਾਗਡੋਰ ਸੰਭਾਲੀ ਤੇ ਇਕ ਫੌਜੀ ਜਰਨੈਲ ਵਾਂਗ ਹਰ ਜੰਗ ਵਿੱਚ ਅਗੇ ਹੋ ਕੇ ਕਮਾਨ ਸੰਭਾਲੀ ਤੇ ਦੁਨੀਆਂ ਦੇ ਇਤਿਹਾਸ ਵਿਚ ਉਹਦਾ ਨਾਂ ਸਦਾ ਯਾਦ ਰਹੇਗਾ। ਭਾਵੇਂ ਉਹ ਪਟਿਆਲਾ ਰਾਜਾ ਦੀ ਮਹਾਰਾਣੀ ਤਾਂ ਨਹੀਂ ਸੀ ਪਰ ਆਪਣੇ ਛੋਟੇ ਨਾਬਾਲਗ ਵੀਰ ਦੇ ਰਾਜ ਨੂੰ ਖ਼ੁਦਗਰਜ਼ਾਂ, ਢਾਹ ਲਾਉਣ ਵਾਲੇ ਸਾਜ਼ਸ਼ੀਆਂ ਤੇ ਰਾਜ ਧ੍ਰੋਹੀਆਂ ਨੂੰ ਨੁੱਕਰੇ ਲਾਉਣ ਵਾਲੀ ਪਟਿਆਲਾ ਰਾਜ ਦੀ ਪ੍ਰਧਾਨ ਮੰਤਰੀ ਬਣੀ ਅਤੇ ਕੁਸ਼ਲ ਪ੍ਰਬੰਧਕ ਸਿੱਧ ਹੋਈ। ਇਸ ਬਹਾਦਰ, ਧਰਮੀ, ਲੋਕ ਸੇਵਕ ਤੇ ਰਾਜਸੀ ਸੂਝ-ਬੂਝ ਰੱਖਣ ਵਾਲੀ ਸਿੱਖ ਨਾਰੀ ਦਾ ਜੀਵਨ ਅੰਤ ਦੁਖਦਾਈ ਤੋਂ ਨਿਬੜਿਆ।

18ਵੀਂ ਸਦੀ ਵਿੱਚ ਸਿੱਖਾਂ ਦੀਆਂ ਉੱਘੀਆਂ ਬਾਰਾਂ ਮਿਸਲਾਂ ਵਿਚੋਂ ਇਕ ਮਿਸਲ ਫੂਲਕੀਆਂ ਅਖਵਾਈ। ਜਿਸ ਦੇ ਬਹਾਦਰ ਸਪੂਤਾਂ ਨੇ ਸਤਲੁਜ ਪਾਰ ਦੀਆਂ ਕਈ ਸਿੱਖ ਰਿਆਸਤਾਂ ਨੂੰ ਜਨਮ ਦਿੱਤਾ। ਇਹਨਾਂ ਵਿਚੋਂ ਸਭ ਤੋਂ ਵੱਡਾ ਰਾਜ ਪਟਿਆਲੇ ਦਾ ਸੀ। ਦੂਜੇ ਰਾਜ ਨਾਭਾ, ਜੀਂਦ, ਫ਼ਰੀਦਕੋਟ ਤੇ ਕੈਥਲ ਵੀ ਇਸੇ ਮਿਸਲ ਦੇ ਆਗੂਆਂ, ਸਰਦਾਰਾਂ ਤੇ ਜਰਨੈਲਾਂ ਨੇ ਸਥਾਪਤ ਕੀਤੇ। ਇਸ ਖ਼ਾਨਦਾਨ ਦਾ ਪਿਛੋਕੜ ਜੈਸਲਮੇਰ ਦੇ ਰਾਜਪੂਤਾਂ ਨਾਲ ਸਬੰਧਤ ਹੈ। ਇਹ ਉਥੋਂ ਉੱਠ ਕੇ ਕੁਝ ਬਹਾਦਰ ਯੋਧਿਆਂ ਸਮੇਤ ਪੰਜਾਬ ਦੇ ਮਾਲਵਾ ਖੇਤਰ ਵਿੱਚ ਆ ਟਿੱਕੇ। ਇੱਥੇ ਇਹ ਬਰਾੜ, ਸਿੱਧੂ ਆਦਿਕ ਗੋਤਾਂ ਵਿੱਚ ਵੰਡੇ ਗਏ। ਇਤਿਹਾਸ ਵਿੱਚ ਲਿਖਿਆ ਮਿਲਦਾ ਹੈ ਕਿ ਇਸੇ ਖ਼ਾਨਦਾਨ ਦਾ ਇਕ ਮੁਖੀਆ ਕਾਲਾ ਚੌਧਰੀ ਹੋਇਆ ਹੈ। ਜੋ ਸਤਵੀਂ ਨਾਨਕ-ਜੋਤ ਗੁਰੂ ਹਰਿਗੋਬਿੰਦ ਸਾਹਿਬ ਦਾ ਸ਼ਰਧਾਲੂ ਬਣਿਆ, ਜਦ ਗੁਰੂ ਹਰਿਰਾਇ ਜੀ ਮਾਲਵੇ ਦੇ ਨਗਰ ਮਰਾਝ ਪੁੱਜੇ ਤਾਂ ਚੌਧਰੀ ਕਾਲੇ ਨੇ ਦੂਜਿਆਂ ਨਾਲੋਂ ਵਧ ਪਿਆਰ ਤੇ ਸਤਿਕਾਰ ਨਾਲ ਸੇਵਾ ਕੀਤੀ। ਫਿਰ ਉਹ ਆਪਣੇ ਮਰ ਚੁੱਕੇ ਵੀਰ ਦੀ ਸੰਤਾਨ ਫੂਲ ਤੇ ਸੰਦਲੀ ਨੂੰ ਲੈ ਕੇ ਗੁਰੂ ਸਾਹਿਬ ਦੇ ਹਜ਼ੂਰ ਆਇਆ ਤੇ ਉਹਨਾਂ ਲਈ ਅਸ਼ੀਰਵਾਦ ਮੰਗੀ। ਗੁਰੂ ਜੀ ਨੇ ਫੂਲ ਦੀ ਨਿਮਰਤਾ, ਸ਼ਰਧਾ ਤੇ ਪ੍ਰਭੂ ਤੇ ਵਿਸ਼ਵਾਸ ਨੂੰ ਵੇਖ ਕੇ ਬਚਨ ਕੀਤਾ ਕਿ ਫੂਲ ਬਹੁਤ ਫਲੇ ਫੂਲੇਗਾ, ਇਸ ਦੀ ਸੰਤਾਨ ਦੂਰ-ਦੂਰ ਤੱਕ ਰਾਜ ਕਰੇਗੀ। ਗੁਰੂ ਜੀ ਦਾ ਇਹ ਬਚਨ ਛੇਤੀ ਹੀ ਸੱਚਾ ਸਿੱਧ ਹੋਣਾ ਸ਼ੁਰੂ ਹੋ ਗਿਆ।

ਚੌਧਰੀ ਫੂਲ ਨੇ ਜਵਾਨੀ ਵਿੱਚ ਪੈਰ ਧਰਦਿਆਂ ਗੁਰੂ ਜੀ ਦੀ ਬਖ਼ਸ਼ੀ ਅਸ਼ੀਰਵਾਦ ਸਦਕਾ ਕੁਝ ਹੋਰ ਜੁਆਨਾਂ ਨੂੰ ਨਾਲ ਮਿਲਾ ਕੇ ਰਾਜ ਸ਼ਕਤੀ ਵੱਲ ਕਦਮ ਵਧਾਉਣੇ ਸ਼ੁਰੂ ਕਰ ਦਿੱਤੇ। ਉਹਨੇ ਨਵੇਂ ਨਗਰ ਦੀ ਨੀਂਹ ਰੱਖੀ, ਜੋ ਇਸ ਦੇ ਨਾਂ 'ਤੇ ਹੀ ਫੂਲ ਸ਼ਹਿਰ

ਬਣਿਆ। ਮੁਢਲੇ ਦੌਰ ਵਿੱਚ ਦਸ ਪਿੰਡਾਂ ਦਾ ਪ੍ਰਬੰਧ ਇਹਨੇ ਸੰਭਾਲਿਆ। ਪਿਤਾ ਫੂਲ ਵਾਂਗ ਹੀ ਇਸਦੇ ਦੋ ਬੇਟੇ ਵੀ ਬਹਾਦਰ ਤੇ ਸਿੱਖੀ ਸਿਦਕ ਵਾਲੇ ਸੂਰਮੇ ਨਿਕਲੇ। ਇਹਨਾਂ ਦੋਵੇਂ ਭਰਾ ਚੌਧਰੀ ਤਿਲੋਕਾ ਤੇ ਰਾਮਾ ਸਿੰਘ ਸਜੇ ਤੇ ਦਮਦਮਾ ਸਾਹਿਬ ਜਾ ਕੇ ਦੋਹਾਂ ਨੇ ਦਸਮੇਸ਼ ਪਿਤਾ ਪਾਸੋਂ ਖੰਡੇ ਬਾਟੇ ਦਾ ਪਾਹੁਲ ਛੱਕਿਆ, ਫਿਰ ਆਪਣੀ ਸੈਨਿਕ ਸ਼ਕਤੀ ਵਧਾ ਕੇ ਇਕ ਮਿਸਲ ਬਣਾਈ ਜੋ ਮਿਸਲ ਫੂਲਕੀਆਂ ਅਖਵਾਈ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ : "ਫੂਲ ਵਿੱਚ ਹੀ ਬਾਬਾ ਰਾਮ ਸਿੰਘ ਦੇ ਘਰ ਮਾਈ ਸਾਬੀ ਦੀ ਕੁਖੋਂ ਬਾਬਾ ਆਲਾ ਸਿੰਘ ਦਾ ਜਨਮ ਹੋਇਆ। ਬਾਬਾ ਆਲਾ ਸਿੰਘ ਨੇ ਛੋਟੀ ਉਮਰ ਵਿੱਚ ਹੀ ਆਪਣੇ ਕੁਝ ਗੁਣਾਂ ਦੇ ਬਲ ਲੋਕਾਂ ਦੇ ਦਿਲ 'ਤੇ ਪਿਆਰ ਅਤੇ ਦਬਦਬਾ ਬਿਠਾ ਦਿੱਤਾ ਸੀ। ਜੁਆਨ ਹੁੰਦਿਆਂ ਥੋੜੇ ਸਮੇਂ ਵਿੱਚ ਹੀ ਬਰਨਾਲਾ, ਭਦੌੜ ਤੇ ਪਟਿਆਲਾ ਆਦਿ ਨਗਰ ਵਸਾਏ ਤੇ ਫੂਲਕਿਆਂ ਮਿਸਲ ਦੇ ਹੋਰ ਸਰਦਾਰਾਂ ਨਾਲੋਂ ਵੱਡਾ ਰਾਜ ਸਥਾਪਤ ਕਰਕੇ ਪਹਿਲਾਂ ਸੰਗਰੂਰ ਤੇ ਫਿਰ ਪਟਿਆਲੇ ਨੂੰ ਆਪਣੇ ਰਾਜ ਦੀ ਰਾਜਧਾਨੀ ਬਣਾ ਲਿਆ। ਸਰਹੰਦ ਦੇ ਸੂਬੇ ਜੈਨ ਖ਼ਾਨ ਨੂੰ ਸੰਨ 1763 ਵਿੱਚ ਜਿੱਤ ਕੇ ਸਰਹੰਦ ਦਾ ਇਲਾਕਾ ਆਪਣੇ ਰਾਜ ਨਾਲ ਮਿਲਾਇਆ ਅਤੇ ਸਾਰੇ ਗੁਰਦੁਆਰਿਆਂ ਦੀ ਸੇਵਾ ਕੀਤੀ।"

ਮਹਾਰਾਜਾ ਆਲਾ ਸਿੰਘ ਪੂਰਨ ਗੁਰਸਿੱਖ ਰਹਿਣੀ-ਬਹਿਣੀ ਦਾ ਧਾਰਨੀ ਸੀ। ਜਿਸ ਨੇ ਨਵਾਬ ਕਪੂਰ ਸਿੰਘ ਤੋਂ ਖੰਡੇ ਬਾਟੇ ਦਾ ਅੰਮ੍ਰਿਤਪਾਨ ਕੀਤਾ। ਸੰਨ 1765 ਵਿੱਚ ਬਾਬਾ ਆਲਾ ਸਿੰਘ 22 ਅਗਸਤ ਨੂੰ ਪਟਿਆਲੇ ਵਿੱਚ ਅਕਾਲ ਚਲਾਣਾ ਕਰ ਗਏ। ਬਾਬਾ ਆਲਾ ਸਿੰਘ ਤੋਂ ਪਿਛੋਂ ਉਹਨਾਂ ਦਾ ਪੋਤਰਾ ਅਮਰ ਸਿੰਘ ਪਟਿਆਲੇ ਰਾਜ ਦਾ ਮਹਾਰਾਜਾ ਬਣਿਆ, ਜੋ ਬੇਹੱਦ ਲਾਇਕ ਸੀ, ਜਿਸ ਨੇ ਬਹੁਤ ਸਾਰੇ ਇਲਾਕੇ ਆਪਣੀ ਰਿਆਸਤ ਵਿੱਚ ਮਿਲਾਏ ਤੇ ਰਾਜ ਪ੍ਰਬੰਧ ਸੁਚਾਰੂ ਢੰਗ ਨਾਲ ਚਲਾਇਆ। ਇਹਨਾਂ ਆਪਣਾ ਸਿੱਕਾ ਵੀ ਚਲਾਇਆ। ਫਰਵਰੀ 1781 ਈ. ਵਿੱਚ ਮਹਾਰਾਜਾ ਅਮਰ ਸਿੰਘ ਕੁਝ ਚਿਰ ਬਿਮਾਰ ਰਹਿਣ ਤੋਂ ਬਾਅਦ ਅਕਾਲ ਚਲਾਣਾ ਕਰ ਗਏ। ਅਮਰ ਸਿੰਘ ਦੇ ਘਰ ਇਕ ਪੁੱਤਰੀ ਸਾਹਿਬ ਕੌਰ ਤੇ ਇਕ ਪੁੱਤਰ ਸਾਹਿਬ ਸਿੰਘ ਨੇ ਜਨਮ ਲਿਆ।

ਸਾਹਿਬ ਕੌਰ ਦਾ ਜਨਮ ਸੰਨ 1771 ਈ. ਵਿੱਚ ਮਾਤਾ ਰਾਜ ਕੌਰ ਦੀ ਕੁਖੋਂ ਹੋਇਆ। ਦੋ ਸਾਲ ਪਿਛੋਂ ਇਹਦੇ ਭਰਾ ਸਾਹਿਬ ਸਿੰਘ ਦਾ ਜਨਮ ਸੰਨ 1773 ਈ. ਵਿੱਚ ਹੋਇਆ। ਸਮੇਂ ਦੇ ਰਿਵਾਜ ਅਨੁਸਾਰ ਪੁੱਤਰ ਹੀ ਰਾਜ ਦਾ ਅਧਿਕਾਰੀ ਹੁੰਦਾ ਸੀ, ਇਸ ਲਈ ਪਿਤਾ ਦੇ ਦੇਹਾਂਤ ਤੇ 8 ਸਾਲ ਦਾ ਸਾਹਿਬ ਸਿੰਘ ਪਟਿਆਲਾ ਰਾਜ ਦਾ ਰਾਜਾ ਬਣ ਗਿਆ। ਸਾਹਿਬ ਕੌਰ ਅਤਿ ਸੁੰਦਰ, ਸੁਹਣੇ, ਸੁਡੌਲ ਨੈਣ-ਨਕਸ਼ਾਂ ਤੇ ਸਰੀਰ ਵਾਲੀ ਤੇ ਅਨੇਕਾਂ ਗੁਣਾਂ ਵਾਲੀ ਬਚਪਨ ਵਿੱਚ ਹੀ ਪ੍ਰਤੀਤ ਹੋਣ ਲੱਗ ਪਈ। ਛੋਟੀ ਉਮਰ ਵਿੱਚ ਹੀ ਪੰਜਾਬੀ ਦਾ ਚੋਖਾ ਭਾਸ਼ਾ ਗਿਆਨ ਪ੍ਰਾਪਤ ਕਰਕੇ ਗੁਰਬਾਣੀ ਪੜ੍ਹਨ ਸੁਣਨ ਤੇ ਧਾਰਮਕ ਭਾਵ ਵਾਲੀ ਮੁਟਿਆਰ ਬਣ ਗਈ। ਪਿਤਾ ਅਮਰ ਸਿੰਘ ਵਾਲੇ ਸਾਰੇ ਗੁਣ ਉਹਨੇ ਗ੍ਰਹਿਣ ਕਰ ਲਏ। ਜਦ ਕਿ ਛੋਟੇ ਭਰਾ ਸਾਹਿਬ ਸਿੰਘ ਗੱਦੀ ਦਾ ਮਾਲਕ ਬਣ ਕੇ ਵੀ ਉਹਨਾਂ ਗੁਣਾਂ ਤੋਂ ਕੋਰਾ ਰਿਹਾ। ਸਾਹਿਬ ਕੌਰ ਨੂੰ ਇਹ ਵੇਖ ਕੇ ਦੁੱਖ ਹੁੰਦਾ ਕਿ ਉਹਦਾ ਵੀਰ ਕਮਜ਼ੋਰ, ਨਾਲਾਇਕ ਤੇ ਮਾੜੇ ਸਲਾਹਕਾਰਾਂ ਵਿੱਚ ਘਿਰਿਆ ਹੋਇਆ ਹੈ।

ਸਾਹਿਬ ਕੌਰ ਦਾ ਵਿਆਹ ਕਨ੍ਹੱਈਆ ਮਿਸਲ ਦੇ ਸਰਦਾਰ ਹਕੀਕਤ ਸਿੰਘ ਦੇ ਸਪੁੱਤਰ ਜੈਮਲ ਸਿੰਘ ਨਾਲ ਫਤਹਿਗੜ੍ਹ ਵਿੱਚ ਬੜੀ ਧੂਮਧਾਮ ਨਾਲ ਹੋਇਆ। ਇਸ

ਵਿਆਹ ਵਿੱਚ ਉਸ ਸਮੇਂ ਵੀਹ ਹਜ਼ਾਰ ਬਰਾਤੀ ਪਟਿਆਲੇ ਆਏ। ਉਹਦੇ ਸਹੁਰੇ ਚਲੇ ਜਾਣ ਪਿਛੋਂ ਨਾਬਾਲਗ ਸਾਹਿਬ ਸਿੰਘ ਦੀ ਸਰਪ੍ਰਸਤ ਉਹਦੀ ਦਾਦੀ ਬਣੀ ਤੇ ਰਾਜ ਪ੍ਰਬੰਧ ਚਲਾਉਣ ਲਈ ਦੀਵਾਨ ਨਾਨੂੰ ਮੱਲ ਮੁੱਖ ਦੀਵਾਨ ਬਣ ਗਿਆ। ਨਾਨੂੰ ਮੱਲ ਆਪਹੁਦਰੀਆਂ ਕਰਨ ਲੱਗਾ ਤਾਂ ਕਈ ਸਰਦਾਰ ਬਾਗੀ ਹੋਣ ਲੱਗੇ, ਤਾਂ ਨਾਨੂੰ ਮੱਲ ਨੇ ਬਾਗੀ ਸਰਦਾਰਾਂ ਨੂੰ ਸ਼ਾਂਤ ਕਰਨ ਦੀ ਥਾਂ ਰਾਜ ਦਰਬਾਰ ਵਿੱਚ ਹੁੱਕਾ ਪੀਣਾ ਸ਼ੁਰੂ ਕਰ ਦਿੱਤਾ। ਇਸ ਨਾਲ ਸਿੱਖ ਪਰਜਾ ਤੇ ਸਰਦਾਰ ਉਸ ਦੇ ਸਖ਼ਤ ਵਿਰੋਧੀ ਹੋ ਗਏ। ਦੋ ਸਾਲ ਮੀਂਹ ਨਾ ਪੈਣ ਕਰਕੇ ਕਾਲ ਪੈ ਗਿਆ। ਨਾਨੂੰ ਮੱਲ ਨੇ ਕਾਲ ਮਾਰੇ ਲੋਕਾਂ ਦੀ ਮਦਦ ਕਰਨ ਦੀ ਥਾਂ ਉਹਨਾਂ ਤੋਂ ਕਰ (ਟੈਕਸ) ਵਸੂਲਣ ਲਈ ਸਖ਼ਤੀ ਕਰਨ ਲੱਗ ਪਿਆ। ਪਰਜਾ ਵਿੱਚ ਹਾ-ਹਾਕਾਰ ਮੱਚ ਗਈ। ਰਾਜ ਪ੍ਰਬੰਧ ਬਹੁਤ ਢਿੱਲਾ ਪੈ ਗਿਆ। ਸਥਿਤੀ ਬੇਕਾਬੂ ਹੁੰਦੀ ਵੇਖ ਕੇ ਆਪਣੀ ਵੱਡੀ ਭੈਣ ਸਾਹਿਬ ਕੌਰ ਨੂੰ ਸਾਹਿਬ ਸਿੰਘ ਨੇ ਸਹਾਇਤਾ ਲਈ ਬੁਲਾਇਆ। ਸਾਹਿਬ ਕੌਰ ਆਪਣੇ ਸਹੁਰੇ ਘਰ ਇਕ ਪਾਸੇ ਸਫਲਤਾ ਪੂਰਵਕ ਗ੍ਰਹਿਸਥੀ ਜੀਵਨ ਬਿਤਾ ਰਹੀ ਸੀ ਤੇ ਦੂਜੇ ਪਾਸੇ ਪਤੀ ਨਾਲ ਇਲਾਕੇ ਦੀ ਸੁੱਖ-ਸ਼ਾਂਤੀ ਲਈ ਉਦਮ ਕਰ ਰਹੀ ਸੀ। ਪਤੀ ਨਹੀਂ ਸੀ ਚਾਹੁੰਦਾ ਕਿ ਉਹ ਅਣਸੁਖਾਵੇਂ ਹਾਲਾਤ ਵਿੱਚ ਪਟਿਆਲੇ ਜਾਏ। ਪਰ ਉਹ ਪਿਉ ਦਾਦੇ ਦੀ ਘਾਲਣਾ ਨਾਲ ਸਥਾਪਤ ਹੋਈ ਸਿੱਖ ਰਿਆਸਤ ਦੀ ਦੁਰਦਸ਼ਾ ਹੁੰਦੀ ਵੇਖ ਕੇ ਬਰਦਾਸ਼ਤ ਨਾ ਕਰ ਸਕੀ ਤੇ ਝੱਟ ਪਟਿਆਲੇ ਪਹੁੰਚ ਗਈ।

ਸਾਹਿਬ ਕੌਰ ਨੇ ਆ ਕੇ ਦੇਖਿਆ ਕਿ ਪਟਿਆਲਾ ਰਾਜ-ਦਰਬਾਰ ਵਿੱਚ ਅਤਿ ਧੜੇ ਬਾਜ਼ੀ ਤੇ ਆਪੋ-ਧਾਪੀ ਪਈ ਹੋਈ ਹੈ। ਮਰਹੱਟੇ ਪਟਿਆਲੇ ਰਾਜ 'ਤੇ ਕਬਜ਼ਾ ਕਰਨ ਲਈ ਤੁੱਲੇ ਹੋਏ ਸਨ, ਤੇ ਉਹਨਾਂ ਨੇ ਬਦਅਮਨੀ ਫੈਲਾਉਣ ਕਾਰਨ ਰਾਜ ਦਾ ਖ਼ਜ਼ਾਨਾ ਖ਼ਾਲੀ ਹੋ ਚੁੱਕਾ ਸੀ। ਸਾਹਿਬ ਕੌਰ ਆਪਣੀ ਫੌਜੀ ਤਾਕਤ ਤੇ ਕੁਝ ਸਿਆਣੇ ਸਲਾਹਕਾਰਾਂ ਨੂੰ ਨਾਲ ਲਿਆਈ ਸੀ। ਰਾਜਾ ਸਾਹਿਬ ਸਿੰਘ ਨੇ ਆਪਣੀ ਵੱਡੀ ਭੈਣ ਸਾਹਿਬ ਕੌਰ ਨੂੰ ਰਾਜ ਪ੍ਰਬੰਧ ਚਲਾਉਣ ਲਈ ਪ੍ਰਧਾਨ ਮੰਤਰੀ ਬਣਨ ਦੀ ਪੇਸ਼ਕਸ਼ ਕੀਤੀ। ਸਾਹਿਬ ਕੌਰ ਨੇ ਇਹ ਸ਼ਰਤਾਂ ਮੰਨਵਾ ਕੇ ਪਟਿਆਲਾ ਰਾਜ ਦਾ ਇਹ ਅਹੁੱਦਾ ਸੰਭਾਲਿਆ। (1) ਮੰਤਰੀ ਮੰਡਲ ਆਪਣੀ ਮਰਜ਼ੀ ਨਾਲ ਪੁਨਰ ਗਠਨ ਕਰੇਗੀ, (2) ਨਾ ਅਹਿਲ ਤੇ ਕਰੱਪਟ ਅਫ਼ਸਰਾਂ, ਸਰਦਾਰਾਂ ਤੇ ਅਧਿਕਾਰੀਆਂ ਨੂੰ ਬਦਲਣ ਜਾਂ ਹਟਾਉਣ ਦਾ ਉਹਨੂੰ ਅਧਿਕਾਰ ਹੋਵੇਗਾ, (3) ਰਾਜਾ ਸਾਹਿਬ ਸਿੰਘ ਪ੍ਰਬੰਧ ਸੁਧਾਰਨ ਵਿੱਚ ਸੁਝਾਅ ਤਾਂ ਦੇਣਗੇ ਪਰ ਉਹਦੇ ਨਿਰਣਿਆਂ ਨੂੰ ਕਿਸੇ ਦਬਾਅ ਹੇਠ ਬਦਲਣ ਦਾ ਯਤਨ ਨਹੀਂ ਕਰਨਗੇ, (4) ਫੌਜ ਸ਼ਕਤੀਸ਼ਾਲੀ ਬਣਾਉਣ ਲਈ ਉਹ ਜੋ ਕਦਮ ਚੁੱਕੇਗੀ, ਉਸ ਨੂੰ ਰਾਜ ਦਰਬਾਰ ਦਾ ਸਹਿਯੋਗ ਮਿਲੇਗਾ, ਉਹ ਚਾਹੇ ਤਾਂ ਆਪ ਸੈਨਾ ਦੀ ਸੈਨਾਪਤੀ ਬਣੇ ਜਾਂ ਭਰੋਸੇ ਯੋਗ ਵਿਅਕਤੀ ਨੂੰ ਫੌਜ ਦਾ ਮੁੱਖੀ ਥਾਪੇ।

ਸੰਨ 1793 ਵਿੱਚ ਪਟਿਆਲੇ ਰਾਜ ਦਾ ਸਾਰਾ ਕੰਮ-ਕਾਰ ਆਪਣੇ ਹੱਥ ਲੈਂਦਿਆਂ ਪਹਿਲਾਂ ਕੁਝ ਨਿਯੁਕਤੀਆਂ ਕੀਤੀਆਂ। ਆਪਣੇ ਨਾਲ ਲਿਆਂਦੇ ਸ੍ਰ. ਤਾਰਾ ਸਿੰਘ ਨੂੰ ਉਪ-ਮੰਤਰੀ, ਨਾਨੂੰ ਮੱਲ ਦੇ ਭਤੀਜੇ ਦੀਵਾਨ ਚੰਦ ਨੂੰ ਰਾਜ ਦਾ ਦੀਵਾਨ ਤੇ ਇਲਾਹੀ ਬਖ਼ਸ਼ ਦੇ ਕਤਲ ਸਮੇਂ ਜ਼ਖ਼ਮੀ ਹੋਏ ਕਿਸ਼ਨ ਚੰਦ ਨੂੰ ਮੀਰ ਮੁਨਸ਼ੀ ਬਣਾਇਆ। ਰਾਜਾ ਸਾਹਿਬ ਸਿੰਘ ਨੇ ਦਰਬਾਰ ਲਾਇਆ ਤੇ ਉਸ ਵਿੱਚ ਸਾਹਿਬ ਕੌਰ ਨੇ ਬੜੀ ਦ੍ਰਿੜ੍ਹਤਾ ਨਾਲ ਐਲਾਨ ਕੀਤਾ ਕਿ : "ਗੁਰੂ ਦੀ ਕ੍ਰਿਪਾ ਤੇ ਤੁਹਾਡੇ ਸਹਿਯੋਗ ਨਾਲ ਮੈਂ ਜਿੱਥੇ ਅੰਦਰੂਨੀ ਤੇ ਬੈਰੂਨੀ ਹਮਲਿਆਂ ਦਾ ਟਾਕਰਾ ਕਰਾਂਗੀ, ਲੋਕਾਂ ਦੀ ਮਾੜੀ ਆਰਥਕ ਹਾਲਤ ਤੇ ਸਮੱਸਿਆਵਾਂ ਨੂੰ ਸੁਲਝਾਉਣ

ਲਈ ਤੁਰਤ ਕਾਰਵਾਈ ਕਰਾਂਗੀ।" ਇਤਿਹਾਸਕਾਰ ਲਿਖਦੇ ਹਨ ਕਿ ਰਾਣੀ ਸਾਹਿਬ ਕੌਰ ਦੇ ਇਸ ਭਾਸ਼ਣ ਨਾਲ ਹਰ ਪਾਸੇ ਨਿਰਾਸ਼ਾ ਦੀ ਥਾਂ ਆਸ਼ਾ ਦਾ ਮਾਹੌਲ ਬਣ ਗਿਆ। ਸਾਜ਼ਸ਼ੀ ਠੰਡੇ ਪੈ ਗਏ, ਸਹਿਯੋਗੀਆਂ ਵਿੱਚ ਚੜ੍ਹਦੀ ਕਲਾ ਆ ਗਈ।

ਇਸ ਭਾਸ਼ਣ ਤੋਂ ਤੁਰੰਤ ਪਿਛੋਂ ਰਾਣੀ ਸਾਹਿਬ ਕੌਰ ਨੇ ਸਾਰੇ ਵੱਡੇ ਵੱਡੇ ਅਧਿਕਾਰੀਆਂ ਦੀ ਇਕੱਤਰਤਾ ਬੁਲਾਈ ਤੇ ਉਹਦੇ ਵਿੱਚ ਸਾਫ਼ ਕਿਹਾ ਕਿ, "ਮੈਂ ਅਯੋਗ ਪ੍ਰਬੰਧਕਾਂ, ਹੇਰਾ-ਫੇਰੀ ਕਰਨ ਵਾਲੇ ਤੇ ਰਾਜ ਪ੍ਰਬੰਧ ਨੂੰ ਕਮਜ਼ੋਰ ਕਰਨ ਵਾਲਿਆਂ ਨੂੰ ਨਹੀਂ ਬਖਸ਼ਣਾ। ਰਾਜ ਪ੍ਰਬੰਧ ਠੀਕ ਕਰਨ ਲਈ ਜੇ ਮੈਨੂੰ ਆਪਣੇ ਸੁਆਸਾਂ ਦੀ ਆਹੂਤੀ ਦੇਣੀ ਪਵੇ ਤਾਂ ਉਸ ਤੋਂ ਵੀ ਸੰਕੋਚ ਨਹੀਂ ਕਰਾਂਗੀ। ਜੋ ਜ਼ਿੰਮੇਵਾਰੀ ਨਾਲ ਕੰਮ-ਕਾਜ ਚਲਾਉਣਗੇ ਉਹਨਾਂ ਦਾ ਰਾਜ ਪ੍ਰਬੰਧ ਵਿੱਚ ਸਤਿਕਾਰ ਵਧਾਵਾਂਗੀ।" ਮਹੀਨੇ ਵਿੱਚ ਹੀ ਉਸ ਨੇ ਰਾਜ ਪ੍ਰਬੰਧ ਸੁਧਾਰਨ ਲਈ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ। ਵੱਡੇ ਤੋਂ ਵੱਡੇ ਅਯੋਗ ਅਧਿਕਾਰੀਆਂ ਨੂੰ ਹਟਾਉਣਾ ਸ਼ੁਰੂ ਕਰ ਦਿੱਤਾ। ਦੀਵਾਨ ਨੂੰ ਜਦ ਆਪਣੇ ਕੰਮ ਵਿੱਚ ਲਾਪਰਵਾਹ ਤੇ ਸੁਸਤ ਵੇਖਿਆ ਤਾਂ ਉਹਨੂੰ ਅਹੁਦੇ ਤੋਂ ਹਟਾ ਕੇ ਗੁਰਦਿਆਲ ਸਿੰਘ ਨੂੰ ਦੀਵਾਨ ਲਾ ਦਿੱਤਾ। ਇਸੇ ਤਰ੍ਹਾਂ ਹਿਸਾਬ-ਕਿਤਾਬ ਠੀਕ ਨਾ ਰੱਖਣ ਵਾਲੇ ਅਫ਼ਸਰਾਂ ਨੂੰ ਹਟਾ ਕੇ ਉਹਨਾਂ ਦੀ ਜਗ੍ਹਾ ਹੋਰ ਲੈ ਆਂਦੇ। ਇਉਂ ਛੇਤੀ ਹੀ ਢਿੱਲਾ ਤੇ ਕੁਰਾਹੇ ਪਿਆ ਰਾਜ-ਪ੍ਰਬੰਧ ਸੁਚੱਜੇ ਢੰਗ ਨਾਲ ਚਲਣ ਲੱਗ ਪਿਆ।

ਰਾਣੀ ਸਾਹਿਬ ਕੌਰ ਦੇ ਪਟਿਆਲੇ ਆਉਣ ਤੋਂ ਸਾਲ ਕੁ ਪਿਛੋਂ ਉਹਨੂੰ ਖ਼ਬਰ ਮਿਲੀ ਕਿ ਉਹਦੇ ਸਹੁਰੇ ਘਰਾਣੇ ਵਿੱਚ ਗ੍ਰਿਹਿ-ਯੁੱਧ ਦੀ ਸਥਿਤੀ ਬਣ ਗਈ ਹੈ ਅਤੇ ਉਹਦੇ ਪਤੀ ਜੈਮਲ ਸਿੰਘ ਦੇ ਚਾਚੇ ਦੇ ਪੁੱਤਰ ਨੇ ਉਹਨਾਂ ਦਾ ਇਲਾਕਾ ਖੋਹ ਕੇ ਉਸ ਦੇ ਪਤੀ ਜੈਮਲ ਸਿੰਘ ਨੂੰ ਕੈਦ ਕਰ ਲਿਆ ਹੈ। ਰਾਣੀ ਸਾਹਿਬ ਕੌਰ ਨੇ ਆਪਣੇ ਵੀਰ ਸਾਹਿਬ ਸਿੰਘ ਤੋਂ ਆਗਿਆ ਲੈ ਕੇ ਫਿਰ ਸ਼ਕਤੀਸ਼ਾਲੀ ਫੌਜ ਲੈ ਕੇ ਚੜ੍ਹਾਈ ਕਰ ਦਿੱਤੀ। ਕਈ ਦਿਨ ਫੌਜੀ ਝੜਪਾਂ ਤੋਂ ਪਿਛੋਂ ਪਤੀ ਨੂੰ ਆਜ਼ਾਦ ਕਰਾ ਲਿਆ। ਉਹਦੇ ਵਿਰੋਧੀਆਂ ਨੂੰ ਸੋਧ ਕੇ ਹੋਰ ਸਾਰੇ ਪ੍ਰਬੰਧ ਠੀਕ ਕਰਕੇ ਮੁੜ ਪਟਿਆਲੇ ਰਾਜ ਦੀ ਸੇਵਾ ਲਈ ਪਹੁੰਚ ਗਈ।

ਸੰਨ 1794 ਵਿੱਚ ਮਰਹੱਟੇ ਸਰਦਾਰ ਲਛਮਨ ਰਾਓ ਤੇ ਅੰਟਾ ਰਾਓ ਖ਼ਰਾਜ ਵਸੂਲ ਕਰਨ ਲਈ ਜਮਨਾ ਪਾਰ ਆ ਚੜ੍ਹੇ। ਥਾਨੇਸਰ ਤੇ ਪੱਛਮੀ ਉੱਤਰ ਪ੍ਰਦੇਸ਼ ਵਿਚੋਂ ਲੰਘਦੇ, ਉਹ ਪਟਿਆਲੇ ਵੱਲ ਵਧ ਰਹੇ ਸਨ। ਉਹਨਾਂ ਦਾ ਵਿਚਾਰ ਸੀ ਕਿ ਪਟਿਆਲੇ ਦੀ ਰਾਣੀ ਸਾਹਿਬ ਕੌਰ ਇਸਤਰੀ ਹੋਣ ਕਾਰਣ ਛੇਤੀ ਉਹਨਾਂ ਦੀ ਈਨ ਮੰਨ ਲਏਗੀ। ਜਦ ਰਾਣੀ ਨੂੰ ਪਤਾ ਲੱਗਾ ਤਾਂ ਉਸ ਨੇ ਸਾਰੀਆਂ ਨੇੜੇ ਦੀਆਂ ਸਿੱਖ ਰਿਆਸਤਾਂ ਨਾਭਾ, ਜੀਂਦ ਦੇ ਮੁਖੀਆਂ ਦੀ ਇਕੱਤਰਤਾ ਬੁਲਾ ਕੇ ਮਰਹੱਟਿਆਂ ਦਾ ਮੁਕਾਬਲਾ ਕਰਨ ਦੀ ਯੋਜਨਾ ਬਣਾਈ। ਸਾਹਿਬ ਕੌਰ ਨੇ ਸਾਰੇ ਸਿੱਖ ਰਾਜਿਆਂ ਦੀ ਸਾਂਝੀ ਫੌਜੀ ਸ਼ਕਤੀ ਦੀ ਕਮਾਨ ਸੰਭਾਲੀ ਤੇ ਅੰਬਾਲੇ ਨੇੜੇ ਮਰਹੱਟਿਆਂ ਦੇ ਟਾਕਰੇ ਲਈ ਪਹੁੰਚ ਗਈ। ਇਤਿਹਾਸਕਾਰ ਲਿਖਦੇ ਹਨ ਕਿ ਮਰਹੱਟਾ ਫੌਜ ਗਿਣਤੀ ਵਿਚ ਸਾਹਿਬ ਕੌਰ ਦੀ ਫੌਜ ਨਾਲੋਂ ਚਾਰ ਗੁਣਾਂ ਸੀ। ਉਂਜ ਵੀ ਉਹ ਫੌਜ ਕੁਝ ਅੰਗਰੇਜ਼ ਅਫ਼ਸਰਾਂ ਦੀ ਕਵਾਇਤ ਸਿਖਲਾਈ ਫੌਜ ਸੀ। ਸਾਰਾ ਦਿਨ ਘਮਸਾਨ ਦਾ ਯੁੱਧ ਹੋਇਆ, ਜਿਸ ਪਿਛੋਂ ਕੁਝ ਸਿੱਖ ਸਰਦਾਰ ਜੰਗ ਤੋਂ ਪਿਛੇ ਹੱਟਣ ਲਈ ਸੋਚਣ ਲੱਗੇ।

ਗਿਆਨੀ ਗਿਆਨ ਸਿੰਘ ਅਨੁਸਾਰ ਸਾਹਿਬ ਕੌਰ ਮਰਦਾਵੀਂ ਪੁਸ਼ਾਕ ਪਾ ਕੇ ਆਪਣੀ ਫੌਜ ਨੂੰ ਹੱਲਾਸ਼ੇਰੀ ਦੇਂਦੀ ਰਹੀ। ਆਪ ਅੱਗੇ ਹੋ ਕੇ ਰਣਖੇਤਰ ਵਿੱਚ ਆ ਗਈ। ਪੰਥ ਪ੍ਰਕਾਸ਼ ਵਿੱਚ ਰਾਣੀ ਸਾਹਿਬ ਕੌਰ ਦੇ ਯੁੱਧ ਖੇਤਰ ਵਿੱਚ ਆਪਣੇ ਫੌਜੀਆਂ ਨੂੰ ਜੋ ਜੋਸ਼ੀਲਾ ਭਾਸ਼ਣ

ਦਿੱਤਾ ਉਸ ਅਨੁਸਾਰ ਉਹਨੇ ਕਿਹਾ, "ਐ ਬਹਾਦਰੋ ਆਪਣੀਆਂ ਦਾੜ੍ਹੀਆਂ ਦੀ ਲਾਜ ਰੱਖੋ। ਸਿੰਘ ਹੋ ਕੇ ਸਿਆਰ (ਗਿੱਦੜ) ਨਾ ਬਣੋਂ, ਮਰਦਾਂ ਦਾ ਕੰਮ ਪਿਛੇ ਹਟਣਾ ਨਹੀਂ। ਜੇ ਤੁਸੀ ਕਾਇਰ ਹੋ ਤਾਂ ਮੈਦਾਨ ਛੱਡ ਕੇ ਜਾ ਸਕਦੇ ਹੋ। ਮੈਨੂੰ ਪ੍ਰਾਣਾਂ ਨਾਲ ਕੋਈ ਮੋਹ ਨਹੀਂ। ਜਿਤਨੀ ਦੇਰ ਤੱਕ ਪ੍ਰਾਣ ਹਨ ਮੈਂ ਵੈਰੀਆਂ ਨਾਲ ਲੜ ਮਰਾਂਗੀ।" ਉਹਦੇ ਇਸ ਜੋਸ਼ੀਲੇ ਭਾਸ਼ਣ ਨੇ ਫੌਜ ਵਿੱਚ ਅਥਾਹ ਜੋਸ਼ ਭਰ ਦਿੱਤਾ। ਦੂਜੇ ਦਿਨ ਘਮਸਾਨ ਯੁੱਧ ਸਮੇਂ ਮਰਹੱਟਾ ਫੌਜ ਦੇ ਇਕ ਮੁਖੀ ਨੇ ਰਾਣੀ ਸਾਹਿਬ ਕੌਰ ਨੂੰ ਲਲਕਾਰਿਆ ਕਿ ਉਹ ਉਸ ਨਾਲ ਯੁੱਧ ਕਰਕੇ ਹਾਰ-ਜਿੱਤ ਦਾ ਫੈਸਲਾ ਕਰ ਲਵੇ। ਰਾਣੀ ਸਾਹਿਬ ਕੌਰ ਨੇ ਉਸ ਦਾ ਚੈਲੰਜ ਪ੍ਰਵਾਨ ਕਰ ਲਿਆ। ਕ੍ਰਿਪਾਨ ਸੂਤ ਕੇ ਯੁੱਧ ਖੇਤਰ ਵਿੱਚ ਅਗੇ ਹੋ ਕੇ ਲਲਕਾਰਨ ਵਾਲੇ ਮਹੱਰਟਾ ਸਰਦਾਰ ਨੂੰ ਲਲਕਾਰਨ ਲੱਗੀ। ਮਰਹੱਟਾ ਫੌਜ ਔਰਤ ਦੀ ਇਸ ਦਲੇਰੀ ਨੂੰ ਵੇਖ ਕੇ ਹੈਰਾਨ ਰਹਿ ਗਈ। ਰਾਣੀ ਸਾਹਿਬ ਕੌਰ ਨੇ ਮਰਹੱਟੇ ਸਰਦਾਰ ਦੇ ਦੋ ਵਾਰ ਰੋਕ ਕੇ ਬੋਲੇ ਸੋ ਨਿਹਾਲ ਦਾ ਜੈਕਾਰਾ ਲਾਂਦਿਆਂ ਅਜਿਹਾ ਵਾਰ ਕੀਤਾ ਕਿ ਉਹ ਸਖ਼ਤ ਜ਼ਖ਼ਮੀ ਲਹੂ-ਲੁਹਾਨ ਹੋ ਕੇ ਘੋੜੇ ਤੋਂ ਲੁੜਕ ਗਿਆ। ਪਿਛੇ ਦੌੜਦੇ ਘੋੜੇ ਦੇ ਰਕਾਬ ਵਿੱਚ ਪੈਰ ਫਸ ਜਾਣ ਕਾਰਨ ਘਸੀਟ ਘਸੀਟ ਕੇ ਮਰ ਗਿਆ। ਮਰਹੱਟਿਆ ਵਿੱਚ ਅਜਿਹੀ ਨਿਰਾਸ਼ਾ ਆਈ ਕਿ ਉਹ ਯੁੱਧ ਦੇ ਮੈਦਾਨ ਵਿੱਚੋਂ ਪਿਛੇ ਨੂੰ ਭੱਜ ਨੱਸੇ।

ਪਟਿਆਲਾ ਫੌਜ ਦੀ ਇਸ ਯੁੱਧ ਵੱਚ ਫਤਹਿ ਹੋਈ। ਮਰਹੱਟਿਆਂ ਦਾ ਚੋਖਾ ਜਾਨੀ ਨੁਕਸਾਨ ਵੀ ਹੋਇਆ। ਖ਼ਜ਼ਾਨਾ ਤੇ ਹਥਿਆਰ ਵੀ ਸਾਹਿਬ ਕੌਰ ਦੀ ਫੌਜ ਹੱਥ ਆ ਗਏ। ਸਾਹਿਬ ਕੌਰ ਜੇਤੂ ਫੌਜ ਸਮੇਤ ਪਟਿਆਲੇ ਆਈ, ਤਾਂ ਸ਼ਾਹੀ ਦਰਬਾਰ ਲਾ ਕੇ ਬਹਾਦਰ ਸੈਨਿਕਾਂ ਨੂੰ ਇਨਾਮ ਦਿੱਤੇ, ਜਾਗੀਰਾਂ ਬਖ਼ਸ਼ੀਆਂ। ਉਹਨਾਂ ਦੀ ਬੀਰਤਾ ਦੀ ਪ੍ਰਸੰਸਾ ਕੀਤੀ।

ਸਾਹਿਬ ਕੌਰ ਫੌਜੀ ਕਾਰਵਾਈਆਂ ਵਿੱਚ ਤੇ ਪਟਿਆਲੇ ਦੇ ਰਾਜ-ਪ੍ਰਬੰਧ ਸੁਧਾਰਨ ਵਿੱਚ ਜਦ ਸਫਲ ਹੋ ਗਈ ਤਾਂ ਉਹਨੇ ਪਟਿਆਲੇ ਤੋਂ ਬਾਹਰ ਦੂਜਿਆਂ ਦੇ ਝਗੜਿਆਂ ਦੇ ਨਿਪਟਾਰੇ ਵਿੱਚ ਵੀ ਯੋਗਦਾਨ ਪਾਉਣਾ ਸ਼ੁਰੂ ਕਰ ਕੀਤਾ। ਜਦ ਸਾਹਿਬ ਸਿੰਘ ਬੇਦੀ ਅਤੇ ਨਵਾਬ ਮਲੇਰ ਕੋਟਲਾ ਵਿੱਚ ਤਨਾਅ ਵਧਿਆ ਤੇ ਲੜਾਈ ਤੱਕ ਨੌਬਤ ਆਉਣ ਲੱਗੀ ਤਾਂ ਸਾਹਿਬ ਕੌਰ ਨੇ ਵਿਚਕਾਰ ਪੈ ਕੇ ਸਮਝੌਤਾ ਕਰਾ ਦਿੱਤਾ। ਇਸ ਤਰ੍ਹਾਂ ਨਾਹਨ ਦੇ ਰਾਜਾ ਕੀਰਤ ਪ੍ਰਕਾਸ਼ ਦੇ ਚਲਾਣੇ ਪਿਛੋਂ ਜਦ ਉਹਦਾ ਪੁੱਤਰ ਕਰਮ ਪ੍ਰਕਾਸ਼ ਰਾਜ ਗੱਦੀ ਦਾ ਮਾਲਕ ਬਣਿਆ ਤਾਂ ਦਰਬਾਰੀਆਂ ਨੇ ਬਗਾਵਤ ਕਰ ਦਿੱਤੀ। ਰਾਜ ਪਲਟੇ ਦਾ ਖ਼ਤਰਾ ਵਧਣ ਤੇ ਰਾਜਾ ਕਰਮ ਪ੍ਰਕਾਸ਼ ਨੇ ਪਟਿਆਲੇ ਦੇ ਰਾਜਾ ਸਾਹਿਬ ਸਿੰਘ ਪਾਸ ਸਹਾਇਤਾ ਲਈ ਬੇਨਤੀ ਕੀਤੀ। ਉਸ ਵੇਲੇ ਸਾਹਿਬ ਕੌਰ ਫੌਜ ਲੈ ਕੇ ਨਾਹਨ ਪਹੁੰਚੀ ਤੇ ਬਾਗੀਆਂ ਵਿਰੁੱਧ ਫੌਜੀ ਕਾਰਵਾਈ ਸ਼ੁਰੂ ਕਰ ਦਿੱਤੀ। ਚਾਰ ਮਹੀਨੇ ਵਿੱਚ ਸਭ ਬਾਗੀਆਂ ਨੂੰ ਸੋਧ ਦਿੱਤਾ ਜਾਂ ਰਾਜੇ ਕੋਲ ਬਾਗੀਆਂ ਨੂੰ ਈਨ ਮੰਨਵਾ ਦਿੱਤੀ। ਇਸ ਦਾ ਅਸਰ ਪੰਜਾਬ ਦੇ ਮੈਦਾਨੀ ਇਲਾਕਿਆਂ ਵਾਂਗ ਪਹਾੜੀ ਰਿਆਸਤਾਂ ਵਿੱਚ ਵੀ ਸਾਹਿਬ ਕੌਰ ਦੀ ਸੂਝ ਬੂਝ ਸ਼ਕਤੀ ਤੇ ਪ੍ਰਬੰਧਕ ਯੋਗਤਾ ਦਾ ਡੰਕਾ ਵੱਜ ਗਿਆ।

ਇਤਿਹਾਸਕਾਰ ਹਰੀ ਰਾਮ ਗੁਪਤਾ ਅਨੁਸਾਰ ਸੰਨ 1796 ਵਿੱਚ ਕੁੰਭ ਦੇ ਮੇਲੇ ਤੇ ਹਰਿਦੁਆਰ ਵਿੱਚ ਬੈਰਾਗੀ ਤੇ ਗੁਸਾਈਂ ਧੜੇ ਉਦਾਸੀਆਂ ਅਤੇ ਸਿੱਖਾਂ ਵਿਰੁੱਧ ਦੰਗਿਆਂ ਤੇ ਉਤਰ ਆਏ। ਉਦਾਸੀਆਂ ਦੇ ਤੰਬੂ ਉਖੇੜ ਦਿੱਤੇ ਤੇ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬੀੜ ਦਾ ਅਪਮਾਨ ਕੀਤਾ। ਇਸ ਤਰ੍ਹਾਂ ਉਦਾਸੀਆਂ ਨੂੰ ਹਰਿਦੁਆਰ ਵਿਚੋਂ ਮਾਰ ਭਜਾਉਣ ਦਾ ਯਤਨ ਹੋਣ ਲੱਗਾ। ਉਦਾਸੀਆਂ ਨੇ ਨੇੜੇ ਦੇ ਸਿੱਖ ਰਾਜਾਂ ਨੂੰ ਸਹਾਇਤਾ ਲਈ ਸੁਨੇਹੇ

ਭੇਜੇ। ਰਾਣੀ ਸਾਹਿਬ ਕੌਰ ਪਟਿਆਲੇ ਤੋਂ ਇਕ ਤਕੜੀ ਫੌਜ ਲੈ ਕੇ ਹਰਿਦੁਆਰ ਪਹੁੰਚੀ ਤੇ ਉਦਾਸੀਆਂ ਵਿਰੁੱਧ ਫਸਾਦ ਕਰਨ ਵਾਲੇ ਫਸਾਦੀਆਂ ਦੀ ਸੁਧਾਈ ਸ਼ੁਰੂ ਕਰ ਦਿੱਤੀ, ਜਿਨ੍ਹਾਂ ਨੇ ਮੁਕਾਬਲਾ ਕੀਤਾ ਉਹਨਾਂ ਨੂੰ ਮਾਰ ਮੁਕਾਇਆ। ਇਤਿਹਾਸਕਾਰਾਂ ਅਨੁਸਾਰ 400 ਗੁਸਾਈਂ ਇਸ ਟੱਕਰ ਵਿੱਚ ਮਾਰੇ ਗਏ ਤੇ ਬਾਕੀ ਨੱਸ ਗਏ। ਰਾਣੀ ਸਾਹਿਬ ਕੌਰ ਨੇ ਹਰਿਦੁਆਰ ਵਿੱਚ ਉਦਾਸੀਆਂ ਦਾ ਜਲੂਸ ਕਢਵਾਇਆ ਤੇ ਇਹ ਪ੍ਰਭਾਵ ਪੈਦਾ ਕੀਤਾ ਕਿ ਉਦਾਸੀਆਂ ਤੇ ਸਿੱਖਾਂ ਵਿਰੁੱਧ ਸਾਜ਼ਸ਼ਾਂ ਕਰਨ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਏਗਾ। ਇਸ ਸਫਲਤਾ ਪਿਛੋਂ ਰਾਣੀ ਸਾਹਿਬ ਕੌਰ ਫੌਜੀ ਦਸਤਿਆਂ ਸਮੇਤ ਪਟਿਆਲੇ ਪਰਤ ਆਈ।


ਆਇਰਲੈਂਡ ਦੀ ਅੰਗਰੇਜ਼ੀ ਫੌਜ ਦਾ ਅਫ਼ਸਰ ਭਾਰਤ ਆ ਕੇ ਇਥੇ ਸੁਤੰਤਰ ਰਾਜ ਸਥਾਪਤ ਕਰਨਾ ਚਾਹੁੰਦਾ ਸੀ। ਇਸ ਲਈ ਕਦੇ ਮਰਹੱਟਿਆਂ ਤੇ ਕਦੇ ਰਾਜਪੁਤਾਨੇ ਦੇ ਰਾਜਿਆਂ ਦੀ ਫੌਜ ਨਾਲ ਰਹਿਣ ਪਿਛੋਂ ਉਸ ਨੇ ਨਾਰਨੌਲ ਵਿੱਚ ਆਪਣਾ ਵੱਖਰਾ ਰਾਜ ਸਥਾਪਤ ਕਰ ਲਿਆ। ਫਿਰ ਉਸ ਅੱਗੇ ਵਧਣ ਦੀ ਨੀਯਤ ਨਾਲ ਜੀਂਦ ਦੇ ਰਾਜ 'ਤੇ ਚੜ੍ਹਾਈ ਕਰਨ ਲਈ ਛੇੜਛਾੜ ਸ਼ੁਰੂ ਕੀਤੀ। ਜੀਂਦ ਦੇ ਫੂਲਕੀਆਂ ਰਾਜੇ ਨੇ ਦੂਜੇ ਸਰਦਾਰਾਂ ਤੋਂ ਫੌਜੀ ਮਦਦ ਮੰਗੀ। ਪਟਿਆਲੇ ਦਾ ਰਾਜਾ ਸਾਹਿਬ ਸਿੰਘ ਉਹਨੂੰ ਫੌਜੀ ਮਦਦ ਦੇਣ ਦੇ ਹੱਕ ਵਿੱਚ ਨਹੀਂ ਸੀ। ਪਰ ਰਾਣੀ ਸਾਹਿਬ ਕੌਰ ਉਹਦੀ ਪ੍ਰਵਾਹ ਕੀਤੇ ਬਿਨਾਂ ਪਟਿਆਲੇ ਦੀ ਫੌਜ ਲੈ ਕੇ ਜੀਂਦ ਰਾਜ ਵਿੱਚ ਪਹੁੰਚ ਗਈ। ਤਿੰਨ ਮਹੀਨੇ ਦੇ ਟਕਰਾਉ ਪਿਛੋਂ ਟਾਮਸਨ ਇਕ ਸਮਝੌਤੇ ਅਧੀਨ ਸਿੱਖ ਰਿਆਸਤਾਂ ਦੀਆਂ ਹੱਦਾਂ ਤੋਂ ਪਰ੍ਹੇ ਚਲਾ ਗਿਆ। ਉਸ ਨਾਲ ਸੰਧੀ ਹੋਣ ਸਮੇਂ ਵੀ ਰਾਣੀ ਸਾਹਿਬ ਕੌਰ ਨੇ ਦਸਤਖ਼ਤ ਕੀਤੇ, ਇਸ ਦੇ ਫਲਸਰੂਪ ਰਾਜਾ ਸਾਹਿਬ ਸਿੰਘ ਤੇ ਉਸ ਦੀ ਭੈਣ ਰਾਣੀ ਸਾਹਿਬ ਕੌਰ ਵਿਚਕਾਰ ਮਤਭੇਦ ਤੇ ਦੂਰੀ ਵੱਧ ਗਈ।

ਰਾਣੀ ਸਾਹਿਬ ਕੌਰ ਨੇ ਆਪਣੀ ਸਿਆਣਪ, ਬੀਰਤਾ ਤੇ ਸੂਝ-ਬੂਝ ਨਾਲ ਸਾਰੇ ਬਾਹਰਲੇ ਝਗੜੇ ਮੁਕਾ ਲਏ। ਕਈ ਹੋਰ ਇਲਾਕੇ ਜਿੱਤ ਕੇ ਪਟਿਆਲਾ ਰਾਜ ਵਿੱਚ ਮਿਲਾਏ। ਰਿਆਸਤ ਦੇ ਰਾਜ ਪ੍ਰਬੰਧ ਨੂੰ ਤੱਕੜੇ ਕੀਤਾ। ਨਿਜ-ਸਵਾਰਥੀਆਂ, ਕੁਰਪੱਟ ਅਫ਼ਸਰਾਂ ਤੇ ਆਪਹੁਦਰੀਆਂ ਮਚਾਉਣ ਵਾਲਿਆਂ ਨੂੰ ਉਦੋਂ ਮੌਕਾ ਮਿਲ ਗਿਆ, ਜਦੋਂ ਰਾਜਾ ਸਾਹਿਬ ਸਿੰਘ ਤੇ ਰਾਣੀ ਸਾਹਿਬ ਕੌਰ ਵਿਚਕਾਰ ਮਤਭੇਦ ਹੋ ਗਿਆ। ਉਹਨਾਂ ਕੰਨਾਂ ਦੇ ਕੱਚੇ ਰਾਜੇ ਤੇ ਰਾਣੀ ਸਾਹਿਬ ਕੌਰ ਵਿਰੁੱਧ ਕੰਨ ਭਰਨੇ ਸ਼ੁਰੂ ਕਰ ਦਿੱਤੇ। ਇਹਨਾਂ ਦੋ ਸ਼ਕਤੀਆਂ ਤੋਂ ਬਿਨਾਂ ਰਾਜਾ ਸਾਹਿਬ ਸਿੰਘ ਦੀ ਪਤਨੀ ਆਸ ਕੌਰ ਤੇ ਭਤੀਜੇ ਨੇ ਭੂਆ ਰਾਣੀ ਸਾਹਿਬ ਕੌਰ ਦੀ ਤਾਕਤ ਖੋਹਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ। ਰਾਣੀ ਸਾਹਿਬ ਕੌਰ ਨੂੰ ਰਾਜ ਵਲੋਂ ਜੋ ਜਾਗੀਰ ਮਿਲੀ ਸੀ, ਉਸ ਵਿੱਚ ਉਹਨੇ ਭੇਰੀਆਂ 'ਚ ਕਿਲ੍ਹਾ ਉਸਾਰਿਆਂ ਤੇ ਨਾਂ ਉਭੇਵਾਲ ਰੱਖਿਆ।

ਤਿੰਨ ਪਾਸਿਆਂ ਤੋਂ ਦੂਸ਼ਨਬਾਜ਼ੀ ਤੇ ਝੂਠੇ ਇਲਜ਼ਾਮ ਲਗਣ 'ਤੇ ਰਾਣੀ ਸਾਹਿਬ ਕੌਰ ਦਾ ਦਿਲ ਟੁੱਟ ਗਿਆ। ਉਹ ਪਟਿਆਲੇ ਤੋਂ ਨਿਰਾਸ਼ ਹੋ ਕੇ ਆਪਣੇ ਕਿਲ੍ਹੇ ਵਿੱਚ ਚਲੀ ਗਈ। ਰਾਜਾ ਸਾਹਿਬ ਸਿੰਘ ਨੇ ਉਸ ਤੇ ਹਮਲੇ ਲਈ ਇਕ ਵਾਰ ਫੌਜ ਵੀ ਭੇਜੀ। ਪਰ ਫਿਰ ਸਮਝੌਤਾ ਕਰਕੇ ਪਟਿਆਲੇ ਲਿਆਉਂਦਿਆਂ ਰਾਹ ਵਿੱਚ ਉਸ ਨੂੰ ਕੈਦ ਕਰ ਲਿਆ। ਰਾਣੀ ਬੜੀ ਹੁਸ਼ਿਆਰੀ ਨਾਲ ਕੈਦ ਵਿੱਚੋਂ ਨਿਕਲ ਕੇ ਆਪਣੇ ਕਿਲ੍ਹੇ ਉਭੇਵਾਲ ਜਾ ਪਹੁੰਚੀ ਅਤੇ ਅਤਿ ਨਿਰਾਸਤਾ ਵਿੱਚ ਕੁਝ ਸਮੇਂ ਬਾਅਦ ਸੰਨ 1799 ਵਿੱਚ ਅਕਾਲ ਚਲਾਣਾ ਕਰ ਗਈ। ਇਹ ਸਾਰੇ ਮੰਨਦੇ ਹਨ ਕਿ ਉਹ ਕੁਸ਼ਲ ਪ੍ਰਬੰਧਕ, ਨੀਤੀ-ਨਿਪੁੰਨ ਪ੍ਰਸ਼ਾਸਕ, ਨਿਸ਼ਕਾਮ ਸੇਵਾ ਕਰਨ ਵਾਲੀ, ਨਿਰ-ਅਭਿਮਾਨੀ ਤੇ ਗੁਰਬਾਣੀ ਦੀ ਪ੍ਰੇਮੀ ਅਤੇ ਬਹੁਪੱਖੀ ਵਿਅਕਤਿਤਵ ਵਾਲੀ ਸੀ।

ਭਾਗ ਤੀਜਾ

ਅਜ਼ਾਦੀ ਤੋਂ ਪਹਿਲਾਂ ਦੀਆਂ ਸਿੱਖ ਨਾਰੀਆਂ



ਇਤਿਹਾਸਕ ਸਿੱਖ ਨਾਰੀਆਂ

ਡਾ. ਗਿਆਨੀ ਭਜਨ ਸਿੰਘ

ਗਿਆਨੀ ਪ੍ਰੀਤਮ ਕੌਰ

ਅਕਾਲੀ ਲਹਿਰ ਸਮੇਂ ਸਿੱਖ ਨਾਰੀਆਂ ਦਾ ਵਿਸ਼ੇਸ਼ ਯੋਗਦਾਨ

ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਸਿੱਖੀ ਦੇ ਵਿਰੋਧੀਆਂ ਨੇ ਇਕ ਭੰਡੀ ਪ੍ਰਚਾਰ ਸ਼ੁਰੂ ਕੀਤਾ ਕਿ ਸਿੱਖ ਤਾਂ ਅੰਗਰੇਜ਼-ਪ੍ਰਸਤ ਹੋ ਗਏ ਹਨ ਤੇ ਸਿੱਖ ਔਰਤਾਂ ਵਿੱਚ ਪਹਿਲਾਂ ਵਾਲੀ ਪ੍ਰਭੂ ਭਗਤੀ, ਸੇਵਾ ਦਾ ਜਜ਼ਬਾ ਤੇ ਕੁਰਬਾਨੀ ਦਾ ਜੋਸ਼ ਖ਼ਤਮ ਹੋ ਗਿਆ ਹੈ। ਦੂਜੇ ਦਹਾਕੇ ਵਿੱਚ ਬਜਬਜ ਘਾਟ ਦੇ ਸਾਕੇ ਤੇ ਗਦਰੀ ਬਾਬਿਆਂ ਦੇ ਸੰਘਰਸ਼ ਸਮੇਂ ਜਿੱਥੇ ਸਿੱਖ ਨੌਜਵਾਨਾਂ ਦੀ ਦੇਸ਼ ਭਗਤੀ ਦੇ ਦ੍ਰਿਸ਼ ਸਾਹਮਣੇ ਆਏ, ਉਥੇ ਸਿੱਖ ਨਾਰੀਆਂ ਦੇ ਸਹਿਯੋਗ ਦੀਆਂ ਵੀ ਕਈ ਘਟਨਾਵਾਂ ਇਤਿਹਾਸ ਵਿੱਚ ਸੰਕੇਤ ਮਾਤਰ ਦੇਖਣ ਵਿੱਚ ਆਉਂਦੀਆਂ ਹਨ।

ਗਦਰੀ ਬਾਬਿਆਂ ਨੂੰ ਛੁਪਾਉਣ, ਲੰਗਰ ਪਾਣੀ ਦੀ ਸੇਵਾ ਕਰਨ ਤੇ ਉਹਨਾਂ ਦੇ ਸੁਨੇਹੇ ਦੂਜੀਆਂ ਥਾਵਾਂ 'ਤੇ ਪਹੁੰਚਾਉਣ ਦਾ ਕਾਰਜ ਦੇਸ਼-ਭਗਤ ਨਾਰੀਆਂ ਨੇ ਬੜੀ ਸੁਚੱਜਤਾ ਨਾਲ ਨਿਭਾਇਆ। ਪਹਿਲੇ ਸੰਸਾਰ ਯੁੱਧ ਪਿਛੋਂ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਸਮੇਂ ਵੀ ਔਰਤਾਂ ਮਰਦਾਂ ਦਾ ਸਾਥ ਦੇਂਦੀਆਂ ਰਹੀਆਂ, ਪਰ ਗੁਰਦੁਆਰਾ ਸੁਧਾਰ ਲਹਿਰ ਤੇ ਅਕਾਲੀ ਲਹਿਰ ਵਿੱਚ ਤਾਂ ਸਾਡੇ ਨਾਰੀ ਸੰਸਾਰ ਨੇ ਬਹੁਤ ਹੀ ਮਹੱਤਵ ਪੂਰਨ ਕੰਮ ਕੀਤੇ, ਪਰ ਮਰਦ ਪ੍ਰਧਾਨ ਸਮਾਜ ਨੇ ਔਰਤਾਂ ਦੀ ਇਸ ਕੀਰਤੀ ਦਾ ਬਹੁਤਾ ਚਰਚਾ ਨਹੀਂ ਕੀਤਾ।

ਪ੍ਰਿੰਸੀਪਲ ਗੰਗਾ ਸਿਘ ਨੇ ਸੰਨ 1936 ਦੇ 'ਅਮ੍ਰਿਤ' ਮਾਸਿਕ ਪੱਤਰ ਵਿੱਚ ਲਿਖਿਆ ਸੀ ਕਿ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਔਰਤਾਂ ਨੇ ਕਈ ਮਹੱਤਵ ਪੂਰਨ ਉਪਰਾਲੇ ਕੀਤੇ। ਜਿਸ ਦੀ ਵਿਸ਼ੇਸ਼ ਅਗਵਾਈ ਕਰਤਾਰ ਕੌਰ, ਸਤਿਨਾਮ ਕੌਰ ਤੇ ਸੁਰਜੀਤ ਕੌਰ ਨੇ ਕੀਤੀ। ਉਹ ਪਹਿਲਾਂ ਕਟੜਾ ਕਰਮ ਸਿੰਘ ਦੇ ਨਾਲ ਸੱਤੋ ਵਾਲੀ ਗਲੀ ਵਿੱਚ ਸ਼ਹੀਦ ਭਾਈ ਮਨੀ ਸਿੰਘ ਦੀ ਸਥਾਪਿਤ ਕੀਤੀ ਗੁਰਮਤਿ ਟਕਸਾਲ ਵਿੱਚ ਇਕੱਠੀਆਂ ਹੋਈਆਂ ਤੇ ਉਹਨਾਂ ਨਿਰਣਾ ਲਿਆ ਕਿ ਉਹ ਔਰਤਾਂ ਨੂੰ ਜੱਥੇਬੰਦ ਕਰਕੇ ਮੋਰਚੇ ਵਿੱਚ ਸੇਵਾ ਸੰਭਾਲ ਦਾ ਉਪਰਾਲਾ ਕਰਨਗੀਆਂ। ਗੁਰਦੁਆਰਾ ਸ਼ਹੀਦਾਂ ਚਾਟੀਵਿੰਡ ਵਿੱਚ ਉਹਨਾਂ ਇਸਤ੍ਰੀ ਸਤਿਸੰਗ ਸਥਾਪਿਤ ਕੀਤਾ। ਰੋਜ਼ਾਨਾ ਸੁਖਮਨੀ ਸਾਹਿਬ ਦਾ ਪਾਠ ਤੇ ਛੁੱਟੀ ਵਾਲੇ ਦਿਨ ਚੁਪਹਿਰੇ ਕੱਟਣ ਦੀ ਪਰੰਪਰਾ ਸ਼ੁਰੂ ਕੀਤੀ। ਇਸ ਤਰ੍ਹਾਂ ਉਹ ਪੰਜਾਹ-ਸੱਠ ਔਰਤਾਂ ਦਾ ਜੱਥਾ ਬਣ ਗਿਆ। ਇਹਨਾਂ ਨੇ ਤਿੰਨ ਤਰ੍ਹਾਂ ਦੀ ਸੇਵਾ ਸੰਭਾਲੀ। ਇਕ ਤਾਂ ਘਰੋਂ ਘਰੀਂ ਲੰਗਰ ਤਿਆਰ ਕਰਕੇ ਜੱਥਿਆਂ ਨੂੰ ਪਹੁੰਚਾਉਣਾ ਸ਼ੁਰੂ ਕੀਤਾ, ਦੂਜਾ, ਜਦ ਜੱਥਿਆਂ 'ਤੇ ਲਾਠੀਚਾਰਜ ਹੁੰਦਾ ਤੇ ਸਿੰਘ ਜ਼ਖ਼ਮੀ ਹੋ ਕੇ ਡਿਗ ਪੈਂਦੇ, ਤਾਂ ਇਨ੍ਹਾਂ ਨਾਰੀਆਂ ਨੇ ਭਾਈ ਘਨ੍ਹਈਆ ਦਲ ਬਣਾ ਕੇ ਜ਼ਖ਼ਮੀਆਂ ਦੀ ਸੇਵਾ-ਸੰਭਾਲ ਤੇ ਮਰਹੱਮ ਪੱਟੀ ਦਾ ਕੰਮ ਆਪਣੇ ਹੱਥ ਲਿਆ ਤੇ ਤੀਜਾ, ਉਸ ਵੇਲੇ

ਦੀ ਲੀਡਰਸ਼ਿਪ ਨੂੰ ਬੇਨਤੀ ਕੀਤੀ ਕਿ ਬੀਬੀਆਂ ਦੇ ਜੱਥੇ ਵੀ ਭੇਜਣ ਦੀ ਆਗਿਆ ਦਿੱਤੀ ਜਾਏ ਤਾਂ ਕਿ ਅਸੀਂ ਇਸ ਮੋਰਚੇ ਲਈ ਕੁਰਬਾਨੀ ਕਰ ਸਕੀਏ। ਪ੍ਰਿੰਸੀਪਲ ਗੰਗਾ ਸਿੰਘ ਅਨੁਸਾਰ ਔਰਤਾਂ ਦੇ ਜੱਥੇ ਭੇਜਣ ਦੀ ਆਗਿਆ ਤਾਂ ਨਾ ਮਿਲੀ ਪਰ ਔਰਤਾਂ ਵਿੱਚ ਜੋਸ਼, ਜਜ਼ਬਾ ਤੇ ਕੁਰਬਾਨੀ ਦੀ ਭਾਵਨਾ ਇਤਨੀ ਪ੍ਰਬਲ ਹੋ ਚੁੱਕੀ ਸੀ ਕਿ ਕਈ ਔਰਤਾਂ ਬਦੋਬੰਦੀ ਜੱਥੇ ਨਾਲ ਸਤਿਨਾਮ-ਵਾਹਿਗੁਰੂ ਦਾ ਉਚਾਰਣ ਕਰਦੀਆਂ ਚੱਲ ਪੈਂਦੀਆਂ। ਕਈ ਸਖ਼ਤ ਜ਼ਖ਼ਮੀ ਵੀ ਹੋਈਆਂ।

ਦੂਜੀ ਘਟਨਾ ਪੰਜਾ ਸਾਹਿਬ ਵਿੱਚ ਰੇਲਗੱਡੀ ਰੋਕ ਕੇ ਵਾਪਰੇ ਸ਼ਹੀਦੀ ਸਾਕੇ ਦੀ ਹੈ। ਜਿਸ ਵਿੱਚ ਪ੍ਰਤਾਪ ਸਿੰਘ ਤੇ ਕਰਮ ਸਿੰਘ ਸ਼ਹੀਦ ਹੋਏ। ਇਸ ਰੇਲਗੱਡੀ ਰੋਕਣ ਦੀ ਘਟਨਾ ਵਿੱਚ ਔਰਤਾਂ ਨੇ ਕੁਰਬਾਨੀ ਦਾ ਜਜ਼ਬਾ ਦਿਖਾਇਆ ਤੇ ਮਰਦਾਂ ਦੇ ਨਾਲ ਪਟੜੀ 'ਤੇ ਬੈਠੀਆਂ। ਜੇ ਰੇਲਗੱਡੀ ਨਾ ਰੁਕਦੀ ਤਾਂ ਸ਼ਾਇਦ ਦਰਜਨਾਂ ਨਾਰੀਆਂ ਵੀ ਸ਼ਹੀਦ ਹੋ ਜਾਂਦੀਆਂ।

ਸ਼ਹੀਦ ਪ੍ਰਤਾਪ ਸਿੰਘ ਦੀ ਨੌਜਵਾਨ ਧਰਮ ਪਤਨੀ ਬੀਬੀ ਹਰਨਾਮ ਕੌਰ ਨੇ ਸੰਨ 1962 ਵਿੱਚ ਫਗਵਾੜਾ ਗੇਟ ਜਲੰਧਰ ਰਹਿੰਦਿਆਂ ਇਕ ਇੰਟਰਵਿਊ ਵਿੱਚ ਦੱਸਿਆ ਕਿ ਜਦੋਂ ਅਕਾਲੀ ਕੈਦੀਆਂ ਦੀ ਰੇਲਗੱਡੀ ਅਟਕ ਜੇਲ੍ਹ ਵੱਲ ਜਾਂਦੀ ਦੀ ਖ਼ਬਰ ਪਹੁੰਚੀ ਤਾਂ ਅਨੇਕਾਂ ਸਿੱਖ ਨਾਰੀਆਂ ਗੁਰਦੁਆਰਾ ਪੰਜਾ ਸਾਹਿਬ ਵਿੱਚ ਸਾਰੀ ਰਾਤ ਲੰਗਰ ਤਿਆਰ ਕਰਦੀਆਂ ਰਹੀਆਂ ਤੇ ਜਦ ਇਹ ਸੂਚਨਾ ਮਿਲੀ ਕਿ ਅੰਗਰੇਜ਼ ਸਰਕਾਰ ਪੰਜਾ ਸਾਹਿਬ ਵਿੱਚ ਰੇਲਗੱਡੀ ਨਹੀਂ ਰੋਕੇਗੀ, ਤਾਂ ਸਿੰਘਾਂ ਨੇ ਅਰਦਾਸ ਕੀਤੀ ਤੇ ਰੇਲਗੱਡੀ ਰੋਕ ਕੇ ਸੰਗਤ ਨੂੰ ਲੰਗਰ ਛਕਾਇਆ ਜਾਏ। ਲੰਗਰ ਲੈ ਕੇ ਮਰਦ ਤੇ ਔਰਤਾਂ ਸਟੇਸ਼ਨ 'ਤੇ ਆ ਗਏ। ਜਦ ਗੱਡੀ ਦਾ ਸਿਗਨਲ ਹੋਇਆ ਤੇ ਇਹ ਪਤਾ ਲੱਗਾ ਕਿ ਰੇਲਗੱਡੀ ਨਹੀਂ ਰੁਕ ਰਹੀ ਤਾਂ ਅਨੇਕਾਂ ਮਰਦ ਰੇਲ ਪਟੜੀ 'ਤੇ ਬੈਠ ਗਏ ਤੇ ਨਾਲ ਹੀ ਸਿੱਖ ਬੀਬੀਆਂ ਵੀ ਰੇਲ ਪਟੜੀ 'ਤੇ ਬੈਠ ਗਈਆਂ ਤਾਂ ਕਿ ਜੇ ਰੇਲਗੱਡੀ ਨਾ ਰੁਕੇ ਤਾਂ ਉਹ ਸ਼ਹੀਦ ਹੋ ਜਾਣ।

ਬੀਬੀ ਹਰਨਾਮ ਕੌਰ ਦੇ ਦਸਣ ਅਨੁਸਾਰ ਉਹ ਆਪਣੇ ਪਤੀ ਤੋਂ ਪੰਜ ਸੱਤ ਬੰਦੇ ਛੱਡ ਕੇ ਰੇਲ ਪਟੜੀ 'ਤੇ ਬੈਠੀ ਹੋਈ ਸੀ, ਉਹਦੇ ਨਾਲ ਹੋਰ ਕਈ ਬੀਬੀਆਂ ਵੀ ਰੇਲ ਪਟੜੀ 'ਤੇ ਬੈਠੀਆਂ ਹੋਈਆਂ ਸਨ, ਪਰ ਜਦੋਂ ਰੇਲਗੱਡੀ ਆਈ ਤਾਂ ਪ੍ਰਤਾਪ ਸਿੰਘ ਤੇ ਕਰਮ ਸਿੰਘ ਨੂੰ ਲਤਾੜ ਕੇ ਇੰਜਣ ਅੱਗੇ ਲੰਘਣ ਲੱਗਾ ਤਾਂ ਅਚਾਨਕ ਗੱਡੀ ਨੂੰ ਬਰੇਕ ਲੱਗ ਗਈ ਤੇ ਬੀਬੀ ਹਰਨਾਮ ਕੌਰ ਤੱਕ ਇੰਜਣ ਨਾ ਆ ਸਕਿਆ। ਹਰਨਾਮ ਕੌਰ ਗਰਭਵਤੀ ਸੀ ਤੇ ਪਤੀ ਦੇ ਸ਼ਹੀਦ ਹੋਣ ਪਿਛੋਂ ਉਹਨੇ ਆਪਣੀ ਬੱਚੀ ਜੁਗਿੰਦਰ ਕੌਰ ਨੂੰ ਜਨਮ ਦਿੱਤਾ।

ਇਸੇ ਤਰ੍ਹਾਂ ਜੈਤੋ ਦੇ ਮੋਰਚੇ ਵਿੱਚ ਜਿੱਥੇ ਸਿੱਖਾਂ ਨੇ ਸ਼ਾਂਤਮਈ ਰਹਿ ਕੇ ਵਿਦੇਸ਼ੀ ਹਾਕਮਾਂ ਦੇ ਜ਼ੁਲਮਾਂ ਦਾ ਟਾਕਰਾ ਕੀਤਾ, ਉਥੇ ਸਿੱਖ ਨਾਰੀਆਂ ਦੁਆਰਾ ਇਸ ਪੰਥਕ ਸੰਘਰਸ਼ ਵਿੱਚ ਬੜੀ ਵੀਰਤਾ, ਸਹਿਨਸ਼ੀਲਤਾ ਤੇ ਆਪਾ ਵਾਰਨ ਦੀਆਂ ਅਨੇਕਾਂ ਘਟਨਾਵਾਂ ਵੀ ਸਾਹਮਣੇ ਆਈਆਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਤ 'ਸਿੱਖ ਇਤਿਹਾਸ' (ਭਾਗ ਦੂਜਾ) ਵਿੱਚ ਇੰਜ ਜ਼ਿਕਰ ਕੀਤਾ ਗਿਆ ਹੈ : "ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਚਲਿਆ ਪੰਜ ਸੌ ਦਾ ਸ਼ਹੀਦੀ ਜੱਥਾ ਜਦ ਨਾਭੇ ਦੀ ਸਰਹੱਦ 'ਤੇ ਪਹੁਚਿਆ ਤਾਂ ਅੰਗਰੇਜ਼ ਅਫ਼ਸਰ ਨੇ ਹੁਕਮ ਸੁਣਾਇਆ ਕਿ ਤੁਸੀਂ ਅੱਗੇ ਨਹੀਂ ਜਾ ਸਕਦੇ। ਕਿਸੇ ਨੇ ਵੀ ਹੁਕਮ ਦੀ ਪ੍ਰਵਾਹ ਨਹੀਂ ਕੀਤੀ। ਜੱਥਾ ਅੱਗੇ ਤੁਰਦਾ ਗਿਆ। ਫ਼ਿਰ ਰਸਾਲੇ ਦੇ ਸਿਪਾਹੀਆਂ ਨੇ ਬੰਦੂਕਾਂ ਦੇ

ਫਾਇਰ ਕੀਤੇ, ਮਸ਼ੀਨਗੰਨ ਵੀ ਚਲਾਈ ਗਈ। ਫੱਟੜ ਹੋ ਕੇ, ਸ਼ਹੀਦ ਹੋ ਕੇ ਸਿੰਘ ਧੜਾ-ਧੜ ਡਿੱਗਣ ਲੱਗ ਪਏ। ਜੱਥਾ ਪੂਰਨ ਸ਼ਾਂਤਮਈ ਤੇ ਸਹਿਜ ਅਵਸਥਾ ਵਿੱਚ ਅੱਗੇ ਵਧਦਾ ਗਿਆ। ਜੱਥੇ ਦੇ ਨਾਲ ਬਹੁਤ ਸਾਰੀ ਸੰਗਤ ਵੀ ਅਗਾਂਹ ਵਧੀ। ਉਸ ਵਿੱਚ ਵੀ ਕਈ ਫੱਟੜ ਤੇ ਸ਼ਹੀਦ ਹੋਏ। ਇਕ ਬੀਬੀ ਦੇ ਕੁਛੜ ਚੁੱਕੇ ਦੁੱਧ ਚੁੰਘਦੇ ਬੱਚੇ ਨੂੰ ਗੋਲੀ ਲੱਗੀ ਤੇ ਉਹ ਸ਼ਹੀਦ ਹੋ ਗਿਆ। ਉਸ ਗੁਰੂ ਪਿਆਰੀ ਬੀਬੀ ਨੇ ਕਮਾਲ ਦੇ ਜੇਰੇ ਤੇ ਧੀਰਜ ਨਾਲ ਆਪਣੇ ਜਿਗਰ ਦੇ ਟੋਟੇ, ਜਿੰਦ ਨਾਲੋਂ ਪਿਆਰੇ ਪੁੱਤਰ ਨੂੰ ਰੇਤ ਉਪਰ ਰੱਖ ਦਿੱਤਾ ਤੇ ਆਪ ਜੱਥੇ ਨਾਲ ਦੌੜ ਗਈ।"

ਇਸੇ ਤਰ੍ਹਾਂ 'ਸਿੱਖ ਇਤਿਹਾਸ' ਵਿੱਚ ਅਗੇ ਚਲ ਕੇ ਇਕ ਸਿੱਖ ਬੀਬੀ ਦੀ ਦਲੇਰੀ ਤੇ ਪੰਥ ਪਿਆਰ ਤੇ ਸ਼ਹੀਦੀ ਜੱਥਿਆਂ ਨੂੰ ਸਹਿਯੋਗ ਦੇਣ ਤੇ ਸਰਕਾਰ ਵਲੋਂ ਕਰੜੀ ਸਜ਼ਾ ਦੇਣ ਦਾ ਜ਼ਿਕਰ ਵੀ ਆਇਆ ਹੈ। ਪ੍ਰੋ. ਕਰਤਾਰ ਸਿੰਘ ਨੇ ਇਹਨਾਂ ਸ਼ਬਦਾਂ ਨਾਲ 'ਸਿੱਖ ਇਤਿਹਾਸ' (ਭਾਗ ਦੂਜਾ) ਵਿੱਚ ਚਰਚਾ ਕੀਤਾ ਹੈ : "ਇਹ ਜੱਥਾ ਗ੍ਰਿਫਤਾਰ ਕੀਤਾ ਗਿਆ। ਜੱਥੇਦਾਰ ਤੇ ਇਕ ਹੋਰ ਸਿੰਘ ਨੂੰ ਸੱਤ-ਸੱਤ ਸਾਲ ਦੀ ਕੈਦ ਦੀ ਸਜ਼ਾ ਹੋਈ। ਦੋ ਹੋਰ ਸਿੰਘਾਂ ਤੇ ਇਕ ਮਾਈ ਨੂੰ ਜੱਥੇ ਦੀ ਸੇਵਾ ਕਰਨ ਦੇ ਦੋਸ਼ ਵਿੱਚ ਦਸ-ਦਸ ਸਾਲ ਦੀ ਕੈਦ ਕੀਤੀ ਗਈ।"

ਸਿੱਖ ਮਿਸ਼ਨਰੀ ਕਾਲਜ (ਰਜਿ.) ਵਲੋਂ ਪ੍ਰਕਾਸ਼ਤ 'ਮੋਰਚਾ ਗੰਗਸਰ ਜੈਤੋ' ਵਿੱਚ ਸਿੱਖਾਂ ਸਿੰਘਣੀਆਂ ਤੇ ਬੁੰਜਗੀਆਂ ਦੀ ਕੁਰਬਾਨੀ ਦਾ ਜ਼ਿਕਰ ਕਰਦਿਆਂ ਕਿਤਾਬਚੇ ਵਿੱਚ ਲਿਖਿਆ ਹੈ : "ਪੰਜ ਸੌ ਦਾ ਦੂਜਾ ਜੱਥਾ ਆਪਣੇ ਪ੍ਰੋਗਰਾਮ ਅਨੁਸਾਰ ਲਗਪਗ ਚਾਲ੍ਹੀ ਹਜ਼ਾਰ ਦੀ ਇਕੱਠੀ ਹੋਈ ਸੰਗਤ ਨੂੰ ਵਾਹਿਗੁਰੂ ਜੀ ਕੀ ਫਤਹਿ ਬੁਲਾਉਂਦਾ ਹੋਇਆ, ਗੰਗਸਰ ਦੇ ਰਾਹੇ ਪੈ ਗਿਆ ਤੇ ਤੁਰਨ ਤੋਂ ਪਹਿਲਾਂ ਕਿੰਨੀਆਂ ਮਾਵਾਂ ਨੇ, ਪਤਨੀਆਂ ਨੇ ਆਪਣੇ ਪੁੱਤਰਾਂ, ਵੀਰਾਂ ਤੇ ਪਤੀਆਂ ਦੇ ਗਲ ਵਿੱਚ ਹਾਰ ਪਾਏ ਤੇ ਕਿਹਾ ਖ਼ੁਸ਼ੀ ਖ਼ੁਸ਼ੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਨੂੰ ਬਹਾਲ ਕਰੋ, ਜੇ ਲੋੜ ਪਵੇ ਤਾਂ ਇਸ ਲਈ ਜਾਨ ਵਾਰ ਦੇਣ। ਇਕ ਮਾਂ ਦਾ ਵੱਡਾ ਪੁੱਤਰ ਪਹਿਲੇ ਜੱਥੇ ਵਿੱਚ ਸ਼ਹੀਦੀ ਪਾ ਗਿਆ ਸੀ, ਉਸ ਨੇ ਦੂਜੇ ਪੁੱਤਰ ਨੂੰ ਹਾਰ ਪਹਿਨਾਂਦੇ ਹੋਏ ਕਿਹਾ, "ਮੈਂ ਵੱਡੇ ਭਾਗਾਂ ਵਾਲੀ ਹੋਵਾਂਗੀ ਜੇ ਮੇਰਾ ਦੂਜਾ ਪੁੱਤਰ ਵੀ ਗੁਰੂ ਲੇਖੇ ਲੱਗ ਜਾਵੇ।" ਅਗੇ ਚੱਲ ਕੇ ਇਸੇ ਕਿਤਾਬਚੇ ਵਿੱਚ ਦੱਸਿਆ ਗਿਆ ਹੈ ਕਿ ਜਦ ਸ਼ਹੀਦੀ ਜੱਥਾ ਹਜ਼ਾਰਾਂ ਸਿੱਖ ਸੰਗਤਾਂ ਨਰ-ਨਾਰੀਆਂ ਸਮੇਤ ਗੰਗਸਰ ਵੱਲ ਵਧਿਆ ਤਾਂ ਹਾਕਮਾਂ ਨੇ ਪਹਿਲਾਂ ਲਾਠੀਚਾਰਜ ਕੀਤਾ, ਕੁਝ ਗੋਲੀਆਂ ਵੀ ਚਲਾਈਆਂ ਤੇ ਫਿਰ ਘੋੜਸਵਾਰ ਪੁਲਸੀਏ ਇਹਨਾਂ 'ਤੇ ਟੁੱਟ ਪਏ। ਸ਼ਹੀਦੀ ਜੱਥੇ ਦੇ 22 ਸਿੰਘ ਥਾਂ 'ਤੇ ਹੀ ਸ਼ਹੀਦ ਹੋ ਗਏ ਤੇ ਘੋੜਿਆਂ ਦੀਆਂ ਟਾਪਾਂ ਥੱਲੇ ਆ ਕੇ ਅਣਗਿਣਤ ਔਰਤਾਂ ਤੇ ਬੱਚੇ ਵੀ ਸ਼ਹੀਦ ਹੋਏ ਤੇ ਹੋਰ ਕਈ ਜ਼ਖ਼ਮੀ ਹੋਏ। ਪੰਥਕ ਦਰਦੀਆਂ ਨੇ ਅਕਹਿ ਤੇ ਅਸਹਿ ਕਸ਼ਟ ਸਹਾਰੇ ਪਰ ਇਤਿਹਾਸ ਦੇ ਸਿੱਖ ਲਿਖਾਰੀਆਂ ਨੇ ਵੇਰਵੇ ਸਹਿਤ ਰਿਕਾਰਡ ਤਿਆਰ ਨਹੀਂ ਕੀਤਾ।

ਸੰਨ 1975 ਦੀ ਗੱਲ ਹੈ ਸ਼੍ਰੋਮਣੀ ਕਮੇਟੀ ਦੇ ਇਤਿਹਾਸ ਖੋਜ ਕੇਂਦਰ, ਅੰਮ੍ਰਿਤਸਰ ਦੇ ਮੁਖੀ ਸ਼ਮਸ਼ੇਰ ਸਿੰਘ ਅਸ਼ੋਕ ਦਿੱਲੀ ਆਏ ਤੇ ਤਿੰਨ-ਚਾਰ ਦਿਨ ਇੱਥੇ ਠਹਿਰੇ। ਉਹਨਾਂ ਦੀ ਖੋਜ ਪੜਤਾਲ ਦੇ ਕਾਰਜ ਲਈ ਦਿੱਲੀ ਗੁਰਦੁਆਰਾ ਕਮੇਟੀ ਨੇ ਮੈਨੂੰ ਉਹਨਾਂ ਨਾਲ ਖੋਜ ਕਰਨ ਲਈ ਸੱਦਾ ਦਿੱਤਾ। ਮੈਂ ਉਹਨਾਂ ਨੂੰ ਕਿਹਾ ਕਿ "ਤੁਸੀਂ ਮਾਲਵੇ ਦੇ ਵਸਨੀਕ ਹੋ, ਜੈਤੋ ਦੇ ਮੋਰਚੇ ਸਮੇਂ ਜਿਹਨਾਂ ਸਿੱਖ ਬੀਬੀਆਂ ਨੇ ਅਸਾਧਾਰਨ ਕੰਮ ਕੀਤਾ, ਉਹਨਾਂ ਦੇ

ਨਾਂ ਤੇ ਵੇਰਵੇ ਕਿਤੋਂ ਨਹੀਂ ਮਿਲੇ, ਉਹ ਲੱਭਣੇ ਚਾਹੀਦੇ ਹਨ।" ਤਾਂ ਉਹਨਾਂ ਵਚਨ ਕੀਤਾ ਕਿ ਉਹ ਇਸ ਬਾਰੇ ਸਮਾਂ ਕੱਢ ਕੇ ਜ਼ਰੂਰ ਖੋਜ ਕਰਨਗੇ। ਫਿਰ ਉਹਨਾਂ ਪੰਜ ਮਹੀਨੇ ਪਿਛੋਂ ਸੂਚਿਤ ਕੀਤਾ ਕਿ 10 ਸਾਲ ਦੀ ਸਜ਼ਾ ਪਾਉਣ ਵਾਲੀ ਮਾਈ (ਔਰਤ) ਦਾ ਨਾਂ ਸਰਕਾਰੀ ਰਿਕਾਰਡ ਵਿੱਚੋਂ ਬਲਵੰਤ ਕੌਰ ਉਰਫ਼ ਬੰਤੋ ਲਿਖਿਆ ਮਿਲ ਗਿਆ ਹੈ। ਜਿਸ ਬੀਬੀ ਦਾ ਦੁੱਧ ਚੁੰਘਦਾ ਬੱਚਾ ਗੋਲੀ ਲੱਗਣ ਨਾਲ ਸ਼ਹੀਦ ਹੋਇਆ, ਉਹਦਾ ਨਾਂ ਕੁਝ ਬਜ਼ੁਰਗਾਂ ਨੇ ਦਰਸ਼ਨਾਂ ਦੱਸਿਆ ਹੈ ਪਰ ਇਹ ਅਜੇ ਤੱਕ ਵੇਰਵਾ ਨਹੀਂ ਮਿਲਿਆ ਕਿ ਇਹ ਕਿੱਥੋਂ ਦੀਆਂ ਰਹਿਣ ਵਾਲੀਆਂ ਸਨ। ਤੇ ਇਹਨਾਂ ਦੋਹਾਂ ਦੇ ਪਰਿਵਾਰਕ ਪਿਛੋਕੜ ਬਾਰੇ ਵੀ ਜਾਣਕਾਰੀ ਮਿਲਣੀ ਮੁਸ਼ਕਲ ਹੋ ਗਈ ਹੈ। •

ਪ੍ਰੋ. ਕਰਤਾਰ ਸਿੰਘ ਦੇ 'ਸਿੱਖ ਇਤਿਹਾਸ' ਲਿਖਣ ਸਮੇਂ ਤੱਕ ਵੀ ਇਹ ਨਾਮ ਸਾਹਮਣੇ ਨਹੀਂ ਸਨ ਆਏ। ਅਸ਼ੋਕ ਜੀ ਇਸ ਖੋਜ ਵਿੱਚ ਲਗੇ ਪਰ ਉਹ ਵੇਰਵੇ ਇਕੱਤਰ ਕਰਨ ਤੋਂ ਪਹਿਲਾਂ ਅਕਾਲ ਚਲਾਣਾ ਕਰ ਗਏ।

ਮਾਤਾ ਕਿਸ਼ਨ ਕੌਰ ਕਾਂਉਕੇ

ਅਕਾਲੀ ਲਹਿਰ ਦੇ ਇਤਿਹਾਸ ਦੀ ਹੀਰੇ ਮਾਤਾ ਕਿਸ਼ਨਕੌਰ ਕਾਂਉਕੇ ਨੂੰ ਮੰਨਿਆ ਜਾਂਦਾ ਹੈ ਜਿਸ ਨੇ ਹਰ ਮੋਰਚੇ ਵਿੱਚ ਨਾ ਕੇਵਲ ਅੱਗੇ ਵੱਧ ਕੇ ਹਿੱਸਾ ਲਿਆ ਸਗੋਂ ਪੰਥਕ ਜਜ਼ਬੇ ਭਰਪੂਰ ਬੀਬੀ ਨੇ ਸ਼ਾਂਤਮਈ ਸਿੰਘਾਂ ਤੇ ਅਤਿਆਚਾਰ ਕਰਨ ਵਾਲੇ ਵੱਡੇ ਪੁਲਸ ਅਫ਼ਸਰਾਂ ਨੂੰ ਸਾਹਮਣੇ ਜਾ ਕੇ ਥੱਪੜ ਵੀ ਮਾਰੇ। ਜੇ ਅੰਗਰੇਜ਼ ਅਫ਼ਸਰਾਂ ਨੇ ਗ੍ਰਿਫਤਾਰ ਕਰਕੇ ਜੇਲ੍ਹ ਵਿੱਚ ਡੱਕ ਦਿੱਤਾ ਤਾਂ ਵੀ ਬੜੀ ਦ੍ਰਿੜ੍ਹਤਾ ਨਾਲ ਅਦਾਲਤਾਂ ਵਿੱਚ ਸਪੱਸ਼ਟ ਬਿਆਨ ਦਿੱਤੇ ਕਿ ਉਹ ਪੰਥ ਨਾਲ ਵਧੀਕੀ ਕਰਨ ਵਾਲਿਆਂ ਨੂੰ ਮਾਫ਼ ਨਹੀਂ ਕਰ ਸਕਦੀ। ਉਹ ਆਪਣੀ ਸਮਰੱਥਾ ਅਨੁਸਾਰ ਜ਼ਰੂਰ ਟਕਰਾਏਗੀ। ਉਹ ਹਰ ਵੇਲੇ ਗੁਰੂ ਤੇਗ ਬਹਾਦਰ ਜੀ ਦੇ ਉਸ ਸਲੋਕ ਨੂੰ ਗੁਣਗੁਣਾਉਂਦੀ ਰਹਿੰਦੀ ਜਿਸ ਵਿੱਚ ਉਹ ਸੰਦੇਸ਼ ਉਹਦੇ ਜੀਵਨ ਦਾ ਨਿਸ਼ਾਨਾ ਬਣ ਚੁੱਕਿਆ ਸੀ ਕਿ ਨਾ ਕਿਸੇ ਨੂੰ ਡਰਾਓ ਤੇ ਨਾ ਕਿਸੇ ਦਾ ਡਰ ਮੰਨੋ। ਮਾਤਾ ਕਿਸ਼ਨ ਕੌਰ ਦਾ ਜੀਵਨ ਆਦਰਸ਼ਕ ਸਿੱਖ ਨਾਰੀਆਂ ਵਾਲਾਸੀ ਤੇ ਜਵੀਨ ਦਾ ਕੁਝ ਸਮਾਂ ਉਹ ਨਿਹੰਗ ਬਾਣੇ ਵਿੱਚ ਰਹਿ ਕੇ ਪੰਥਕ ਸੇਵਾ ਵਿੱਚ ਸਰਗਰਮ ਰਹੀ। ਮਹੰਤਾਂ ਵਿਰੁੱਧ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਕਬਜ਼ਾ ਛੁਡਾਉਣ ਤੋਂ ਲੈ ਕੇ ਜੈਤੋ ਦੇ ਮੋਰਚੇ ਤਕ ਸ਼ਾਇਦ ਹੀ ਕੋਈ ਪੰਥਕ ਮੋਰਚਾ ਹੋਏਗਾ ਜਿਸ ਵਿੱਚ ਮਾਤਾ ਕਿਸ਼ਨ ਕੌਰ ਨਾ ਪਹੁੰਚੀ ਹੋਵੇ। ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਸ ਸਪੁੱਤਰੀ ਦੇ ਜੀਵਨ ਅਤੇ ਸੰਘਰਸ਼ ਤੇ ਉਘੇ ਸਿੱਖ ਵਿਦਵਾਨ ਸ੍ਰ. ਸ਼ਮਸ਼ੇਰ ਸਿੰਘ ਅਸ਼ੋਕ ਨੇ ਇਕ ਪੁਸਤਕ ਵਿੱਚ ਸਾਰੇ ਵੇਰਵੇ ਨੂੰ ਵਰਣਨ ਕੀਤਾ ਹੈ।

ਮਾਤਾ ਕਿਸ਼ਨ ਕੌਰ ਦਾ ਜਨਮ ੧੮੫੬ ਨੂੰ ਪਿੰਡ ਲੋਹਗੜ੍ਹ, ਜ਼ਿਲ੍ਹਾ ਲੁਧਿਆਣਾ ਵਿੱਚ ਸ੍ਰ. ਸੂਬਾ ਸਿੰਘ ਦੇ ਘਰ ਮਾਤਾ ਸੋਭਾ ਕੌਰ ਦੀ ਕੁਖੋਂ ਹੋਇਆ। ਦੇਸ਼ ਵਿੱਚ ਨਵਾਂ ਨਵਾਂ ਅੰਗਰੇਜ਼ੀ ਰਾਜ ਹੋਇਆ ਸੀ ਤੇ ਸਿੱਖ ਰਾਜ ਦੇ ਅੰਤ ਨੂੰ ਬਹੁਤੇ ਸਾਲ ਨਹੀ ਸਨ ਹੋਏ। ਸ੍ਰ. ਸੂਬਾ ਸਿੰਘ ਸੁਨਿਆਰਾ ਨਾਲ ਸੰਬੰਧ ਰਖਦੇ ਸਨ ਤੇ ਕੁਝ ਸਾਲ ਕੰਮ-ਕਾਜ ਦੇ ਸੰਬੰਧ ਵਿੱਚ ਆਪ ਪਿੰਡ ਛੱਡ ਕੇ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਪਿੰਡ ਦਾਉਧਰ ਜਾ ਵੱਸੇ। ਉਸ ਪਿੰਡ ਵਿੱਚ ਗੁਰਦੁਆਰੇ ਅੰਦਰ ਸਿੱਖ ਬੱਚੇ ਬੱਚੀਆਂ ਨੂੰ ਪੰਜਾਬੀ ਪੜ੍ਹਾਉਣ, ਸਿੱਖ ਧਰਮ ਤੇ ਇਤਿਹਾਸ ਬਾਰੇ ਜਾਣਕਾਰੀ ਦੇਣ ਦਾ ਯੋਗ ਪ੍ਰਬੰਧ ਸੀ। ਜਿਸ ਦਾ ਪੂਰਾ ਲਾਭ ਬੱਚੀ ਕਿਸ਼ਨ ਕੌਰ ਨੇ ਉਠਾਇਆ। ਪੰਜਾਬੀ ਪੜ੍ਹਨ ਤੋਂ ਬਾਅਦ ਗੁਰਬਾਣੀ ਤੇ ਸਿੱਖ ਇਤਿਹਾਸ ਦੀ ਡੂੰਘੀ ਵਾਕਫ਼ੀਅਤ ਯੁਵਕ ਅਵਸਥਾ ਤੱਕ ਪ੍ਰਾਪਤ ਕਰਦੀ ਰਹੀ। ਸੰਨ 1875 ਵਿੱਚ ਕਿਸ਼ਨ ਕੌਰ ਦਾ ਵਿਆਹ ਪਿੰਡ ਕਾਂਉਕੇ ਦੇ ਸ੍ਰ. ਹਰਨਾਮ ਸਿੰਘ ਨਾਲ ਹੋ ਗਿਆ। ਸ੍ਰ. ਹਰਨਾਮ ਸਿੰਘ ਜੀ ਪਹਿਲਾਂ ਪਿੰਡ ਰਹੇ ਤੇ ਫਿਰ (ਸਖਰ) ਸਿੰਧ ਪਹੁੰਚ ਕੇ ਅੰਗਰੇਜ਼ੀ ਰਸਾਲੇ ਵਿੱਚ ਭਰਤੀ

ਹੋ ਗਏ। ਪਰ (ਮਾਤਾ) ਕਿਸ਼ਨ ਕੌਰ ਜੀ ਪਿੰਡ ਵਿੱਚ ਰਹੀ ਤੇ ਆਪਣੀ ਜ਼ਮੀਨ-ਜਾਇਦਾਦ ਦੀ ਸੰਭਾਲ ਕਰਦੇ ਰਹੇ। ਕਿਸ਼ਨ ਕੌਰ ਦੇ ਘਰ ਦੋ ਲੜਕੇ ਪੈਦਾ ਹੋਏ, ਪਰ ਉਹ ਛੇਤੀ ਹੀ ਬਾਲ ਅਵਸਥਾ ਵਿੱਚ ਹੀ ਚਲਾਣਾ ਕਰ ਗਏ। ਫਿਰ ਉਸ ਤੋਂ ਬਾਅਦ ਇਹਦੀ ਕੋਈ ਸੰਤਾਨ ਨਾ ਹੋਣ ਤੇ ਆਪਣੇ ਭਤੀਜੇ ਖਜਾਨ ਸਿੰਘ ਨੂੰ ਲੈ-ਪਾਲਕ ਪੁੱਤਰ ਬਣਾ ਲਿਆ ਅਤੇ ਉਹਨੇ ਮਾਤਾ ਕਿਸ਼ਨ ਕੌਰ ਦਾ ਸਾਰੇ ਜੀਵਨ ਵਿੱਚ ਪੂਰਾ ਪੂਰਾ ਸਾਥ ਦਿੱਤਾ।

ਸ੍ਰ. ਹਰਨਾਮ ਸਿੰਘ ਆਪਣੇ ਛੋਟੇ ਭਰਾ ਨਾਲ ਬਰਮਾ ਜਾ ਕੇ ਭਰਤੀ ਹੋ ਗਏ। ਉਥੇ ਹੀ ਕੁਝ ਚਿਰ ਬਾਅਦ ਉਹ ਚਲਾਣਾ ਕਰ ਗਏ। ਪਿੰਡ ਕਾਂਉਕੇ ਵਿੱਚ ਰਹਿੰਦਿਆਂ ਜੇਠ ਨੇ ਜ਼ਮੀਨ-ਜਾਇਦਾਦ ਦੇ ਕਈ ਝਗੜੇ ਤੇ ਪਰਿਵਾਰਿਕ ਤਨਾਉ ਪੈਦਾ ਕੀਤਾ, ਪਰ ਕਿਸ਼ਨ ਕੌਰ ਨੇ ਬੜੀ ਹਿੰਮਤ ਨਾਲ ਸਾਰੇ ਸੰਕਟ ਦੂਰ ਕੀਤੇ। ਪੂਰੀ ਚੜ੍ਹਦੀ ਕਲਾ ਵਿੱਚ ਰਹਿੰਦਿਆਂ ਸਿੱਖੀ ਜੀਵਨ ਨੂੰ ਅਮਲੀ ਜੀਵਨ ਵਿੱਚ ਅਪਨਾਇਆ। ਘਰੋਗੀ ਜ਼ਿੰਮੇਵਾਰੀਆਂ ਦੇ ਨਾਲ ਨਾਲ ਗੁਰਮਤਿ ਗਿਆਨ ਵਿੱਚ ਬਲਵਾਨ ਹੁੰਦੀ ਗਈ ਤੇ ਪੰਥਕ ਸਰਗਰਮੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲੱਗ ਪਈ।

1903 ਵਿੱਚ ਬੀਬੀ ਕਿਸ਼ਨ ਕੌਰ ਸ੍ਰੀ ਹਜ਼ੂਰ ਸਾਹਿਬ ਅਬਿਚਲ ਨਗਰ ਨਾਂਦੇੜ ਦੇ ਦਰਸ਼ਨ ਲਈ ਗਈ ਅਤੇ ਉਥੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਨੀਲੀ ਕੇਸਕੀ (ਛੋਟੀ ਦਸਤਾਰ) ਸਿਰ ਤੇ ਸਜਾ ਲਈ, ਉਸ ਉਪਰ ਨੀਲਾ ਦੁਪੱਟਾ ਸਜਾਣਾ ਸ਼ੁਰੂ ਕਰ ਦਿੱਤਾ। ਪੂਰੇ ਨਿਹੰਗਾਂ ਵਾਲਾ ਬਾਣਾ ਅਪਨਾ ਲਿਆ ਤੇ ਇਸੇ ਰੂਪ ਵਿੱਚ ਆਪਣਾ ਜੀਵਨ ਬਿਤਾਉਣਾ ਸ਼ੁਰੂ ਕਰ ਦਿੱਤਾ। ਵਾਪਸ ਪਿੰਡ ਕਾਂਉਕੇ ਆ ਕੇ ਗੁਰਦੁਆਰਾ ੬ਵੀ ਪਾਤਸ਼ਾਹੀ ਦੀ ਸੇਵਾ-ਸੰਭਾਲ ਵਿੱਚ ਮਾਤਾ ਕਿਸ਼ਨ ਕੌਰ ਜੁਟ ਗਈ। ਭਾਈ ਰਣਧੀਰ ਸਿੰਘ ਜੀ ਦਾ ਜੱਥਾ ਇਹਨਾਂ ਨੂੰ ਹਰ ਸਮੇਂ ਪੰਥਕ ਸੇਵਾ ਲਈ ਉਤਸ਼ਾਹਿਤ ਕਰਦਾ ਰਿਹਾ।

ਮਾਤਾ ਕਿਸ਼ਨ ਕੌਰ ਆਪਣੇ ਪਿੰਡ ਤੋਂ ਕਈ ਵਾਰ ਲੁਧਿਆਣੇ ਆਏ। ਜਲੰਧਰ, ਅੰਮ੍ਰਿਤਸਰ ਹੁੰਦੇ ਗੁਰਧਾਮਾਂ ਦੀ ਯਾਤਰਾ ਤੇ ਪੰਥਕ ਸਰਗਰਮੀਆਂ ਵਿੱਚ ਹਿੱਸਾ ਲੈਂਦੇ ਰਹੇ। 1920 ਵਿੱਚ ਆਪ ਉਸ ਸਮੇਂ ਆਪਣੇ ਪੁੱਤਰ ਖਜਾਨ ਸਿੰਘ ਸਮੇਤ ਅੰਮ੍ਰਿਤਸਰ ਠਹਿਰੇ ਹੋਏ ਸਨ, ਜਦੋਂ ਅਕਾਲੀ ਲਹਿਰ ਅਥਵਾ ਗੁਰਦੁਆਰਾ ਸੁਧਾਰ ਦੇ ਮੋਰਚਿਆਂ ਦਾ ਆਰੰਭ ਹੋਇਆ। ਸਭ ਤੋਂ ਪਹਿਲਾਂ ਮਹੰਤਾਂ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਕਬਜ਼ਾ ਲੈਣ ਲਈ ਜੋ ਜਥਾ ਜਲ੍ਹਿਆਂਵਾਲੇ ਬਾਗ ਤੋਂ ਚਲਿਆ ਉਸ ਵਿੱਚ ਮਾਤਾ ਕਿਸ਼ਨ ਕੌਰ ਵੀ ਸ਼ਾਮਲ ਸੀ। ਸ੍ਰੀ ਅਕਾਲ ਤਖ਼ਤ ਦੇ ਪੁਜਾਰੀਆਂ ਨੂੰ ਮਾਤਾ ਕਿਸ਼ਨ ਕੌਰ ਨੇ ਵੀ ਲਲਕਾਰਿਆ ਤੇ ਇਸ ਗਰਜ ਭਰੀ ਅਵਾਜ਼ ਨੇ ਮਹੰਤਾਂ ਨੂੰ ਭਜਾਉਣ ਵਿੱਚ ਯੋਗਦਾਨ ਪਾਇਆ। 1922 ਵਿੱਚ ਜਦੋਂ ਗੁਰੂ ਕੇ ਬਾਗ ਦਾ ਮੋਰਚਾ ਸ਼ੁਰੂ ਹੋਇਆ ਤਾਂ ਕਿਸ਼ਨ ਕੌਰ ਆਪਣਾ ਜੱਥਾ ਲੈ ਕੇ ਅੰਮ੍ਰਿਤਸਰ ਪਹੁੰਚ ਗਈ ਤੇ ਜ਼ਖ਼ਮੀ ਸਿੰਘਾਂ ਦੀ ਸੇਵਾ ਸੰਭਾਲ ਤੇ ਮਲ੍ਹਮ ਪੱਟੀ ਵਿੱਚ ਲੱਗ ਗਈ। ਅੰਮ੍ਰਿਤਸਰ ਦੀਆਂ ਕਈ ਹੋਰ ਸਿੰਘਣੀਆਂ ਵੀ ਨਾਲ ਆ ਸ਼ਾਮਲ ਹੋਈਆਂ। ਇਸ ਦੇ ਸਾਹਮਣੇ ਜਦ ਸ਼ਾਂਤਮਈ ਸਿੰਘਾਂ ਤੇ ਪੁਲਸ ਅਤਿਆਚਾਰ ਤੇ ਤਸ਼ੱਦਦ ਹੋਇਆ ਤਾਂ ਕਿਸ਼ਨ ਕੌਰ ਬੜੀ ਦਲੇਰੀ ਨਾਲ ਪੁਲਸ ਅਫ਼ਸਰ ਤਕ ਪਹੁੰਚੀ ਤੇ ਉਸ ਨੂੰ ਇਤਨੇ ਜ਼ੋਰ ਨਾਲ ਚਪੇੜ ਮਾਰੀ ਕਿ ਉਹ ਚੱਕਰ ਖਾ ਕੇ ਡਿੱਗ ਪਿਆ। ਪੁਲਸੀਆਂ ਨੂੰ ਇਹ ਆਸ ਹੀ ਨਹੀਂ ਸੀ ਕਿ ਇਹ ਸਿੰਘਣੀ ਨੇੜੇ ਹੋ ਕੇ ਅਜਿਹਾ ਕਦਮ ਚੁੱਕ ਸਕਦੀ ਹੈ। ਬੀ. ਟੀ. ਨੂੰ ਜਦ ਉਠਾਇਆ ਗਿਆ ਤਾਂ ਦੂਜੇ ਪੁਲਸੀਆਂ ਨੇ ਮਾਤਾ ਕਿਸ਼ਨ ਕੌਰ ਨੂੰ ਫੜਨ ਦਾ ਯਤਨ ਕੀਤਾ

ਤਾਂ ਬੀ. ਟੀ. ਨੇ ਕਿਹਾ ਇਸ ਗੱਲ ਨੂੰ ਇਥੇ ਹੀ ਠੱਪ ਦਿਉ, ਤੇ ਹੋਰ ਬਦਨਾਮੀ ਦਾ ਕਾਰਨ ਨਾ ਬਣਨ ਦਿਉ।

ਨਾਭਾ ਐਜੀਟੇਸ਼ਨ ਤੇ ਜੈਤੋ ਦੇ ਮੋਰਚੇ ਵਿੱਚ ਕਿਸ਼ਨ ਕੌਰ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਤੇ ਸਿੱਖ ਬੀਬੀਆਂ ਨੂੰ ਜਾਗਰੂਕ ਕਰਕੇ ਕੁਰਬਾਨੀ ਕਰਨ ਲਈ ਪ੍ਰੇਰਿਆ। ਜਦੋਂ ਸ਼੍ਰੋਮਣੀ ਗੁਰਦੁਆਰਾ ਕਮੇਟੀ ਨੇ ਜੈਤੋ ਦੇ ਮੋਰਚੇ ਲਈ ਸ਼ਹੀਦੀ ਜੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਭੇਜਣੇ ਸ਼ੁਰੂ ਕੀਤੇ ਤਾਂ ਕਿਸ਼ਨ ਕੌਰ ਪਹਿਲੇ ਸ਼ਹੀਦੀ ਜੱਥੇ ਨਾਲ ਕੁਰਬਾਨੀ ਕਰਨ ਲਈ ਸ਼ਾਮਲ ਹੋਈ। ਬਰਗਾੜੀ ਪੁੱਜ ਕੇ ਨਾਭਾ ਪੁਲਸ ਦਾ ਭੇਦ ਲੈਣ ਲਈ ਜੈਨ ਸਾਧਣੀ ਦਾ ਭੇਸ ਬਦਲਿਆ। ਜਦ ਨਾਭਾ ਪੁਲਸ ਦੇ ਨੇੜੇ ਪੁਜੀ ਤਾਂ ਉਸੇ ਦਿਨ ਜੈਤੋ ਪੁਜਣ ਤੇ ਜਿਸ ਜੱਥੇ ਉਤੇ ਨਾਭੇ ਪੁਲਸ ਵਲੋਂ ਗੋਲੀ ਚੱਲੀ ਤੇ ਅਨੇਕਾਂ ਸਿੰਘ ਮਾਰੇ ਗਏ ਤੇ ਫਟੜ ਹੋ ਗਏ ਤਾਂ ਮਾਤਾ ਕਿਸ਼ਨ ਕੌਰ ਦੇ ਗੁੱਝੇ ਢੰਗ ਨਾਲ ਇਧਰ-ਉਧਰ ਫਿਰ ਕੇ ਜੈਤੋ ਦੇ ਅਤਿਆਚਾਰਾਂ ਦੇ ਭੇਦ ਤੇ ਪੁਲਸ ਕਾਰਵਾਈਆਂ ਜੋ ਉਹਨਾਂ ਪੜਦਾ ਪਾਉਣ ਲਈ ਕੀਤੀਆਂ ਸੀ, ਉਹ ਉਜਾਗਰ ਹੋ ਗਈਆਂ। ਜੈਤੋ ਕਿਲੇ ਦੇ ਸਿੱਖ ਕੈਦੀਆਂ ਬਾਹਰੋਂ ਅੰਦਰ ਤੇ ਅੰਦਰੋਂ ਬਾਹਰ ਸੁਖ ਸੁਨੇਹਾ ਦੇ ਸਮਾਚਾਰ (ਦੇਣ ਕਾਰਣ) ਅੰਮ੍ਰਿਤਸਰ ਭੇਜਣ ਕਰਕੇ ਮਾਤਾ ਕਿਸ਼ਨ ਕੌਰ ਗ੍ਰਿਫਤਾਰ ਕਰ ਲਈ ਗਈ। ਸਰਕਾਰ ਵਿਰੁੱਧ ਬਗਾਵਤ ਤੇ ਦੇਸ਼ ਧ੍ਰੋਹ ਦੇ ਦੋਸ਼ ਵਿੱਚ ਚਾਰ ਸਾਲ ਦੀ ਕੈਦ ਹੋ ਗਈ।

ਜਦ 1926 ਵਿੱਚ ਮੋਰਚਾ ਖ਼ਤਮ ਹੋਣ ਤੇ ਸਾਰੇ ਅਕਾਲੀ ਕੈਦੀ ਰਿਹਾ ਕਰ ਦਿੱਤੇ ਗਏ। ਪਰ ਜਿਨ੍ਹਾਂ ਨੂੰ ਸਜ਼ਾਵਾਂ ਹੋਚੁਕੀਆਂ ਸਨ, ਉਹ ਰਿਹਾ ਨਾ ਕੀਤੇ ਏ। ਮਾਤਾ ਕਿਸ਼ਨ ਕੌਰ ਜੀ ਵੀ ਪੂਰੀ ਕੈਦ ਕੱਟ ਕੇ 1928 ਵਿੱਚ ਰਿਹਾ ਹੋਈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਨਾਂ ਨੂੰ ਸਿਰੋਪਾਓ ਮਿਲਿਆ। ਕੁਰਬਾਨੀ ਦੀ ਪ੍ਰਸੰਸਾ ਹੋਈ। ਸ਼੍ਰੋਮਣੀ ਕਮੇਟੀ ਵਲੋਂ ੧੫ ਰੁਪਏ ਮਾਸਿਕ ਪੈਨਸ਼ਨ ਲਾਈ ਗਈ ਅਤੇ ਪੰਥ ਵਜੋਂ 'ਮਾਤਾ' ਦਾ ਸਨਮਾਨ ਮਿਲਿਆ। ਇਲਾਕਾ ਲੁਧਿਆਣਾ ਵਿੱਚ ਕਿਸ਼ਨ ਕੌਰ ਨੂੰ 'ਮਾਤਾ' ਕਹਿ ਕੇ ਹਰ ਕੋਈ ਬੁਲਾਉਣ ਤੇ ਸਤਿਕਾਰਨ ਲੱਗਾ। ਲੁਧਿਆਣੇ ਤੋਂ ਜਗਰਾਉਂ ਤਕ ਹਰ ਪਿੰਡ ਵਿੱਚ ਮਾਤਾ ਕਿਸ਼ਨ ਕੌਰ ਦਾ ਸਨਮਾਨ ਸਮਾਰੋਹ ਹੋਇਆ ਤਾਂ ਸੁਆਗਤੀ ਐਡਰਸ ਪੜ੍ਹੇ ਗਏ। ਇਸ ਪਿਛੋਂ ਮਾਤਾ ਜੀ ਪਿੰਡ ਕਾਂਉਕੇ ਵਿੱਚ ਹੀ ਰਹੇ। ਉਸ ਇਤਿਹਾਸਕ ਗੁਰਦੁਆਰੇ ਦੀ ਸੇਵਾ ਸੰਭਾਲ ਵਿੱਚ ਹੀ ਆਪਣਾ ਜੀਵਨ ਬਿਤਾਇਆ। ਨਿਰੰਤਰ ਗੁਰਦੁਆਰੇ ਵਿੱਚ ਹਰ ਸੇਵਾ ਕਰਦੇ ਤੇ ਨਗਰ ਦੇ ਬੱਚੇ ਬੱਚੀਆਂ ਨੂੰ ਗੁਰਮਤਿ ਦੇ ਗਾਡੀ ਰਾਹ ਬਨਾਉਣ ਲਈ ਆਪਣਾ ਖੁਲ੍ਹਾ ਸਮਾਂ ਲਗਾਉਂਦੇ ਰਹੇ। ਮਾਤਾ ਜੀ ਦੇ ਨਾਲ ਹੀ ਉਹਨਾਂ ਦਾ ਸਪੁੱਤਰ ਖਜਾਨ ਸਿੰਘ ਵੀ ਇਸ ਸੇਵਾ ਵਿੱਚ ਜੁੱਟਿਆ ਰਿਹਾ। ਅਖੀਰ 1952 ਵਿੱਚ ਮਾਤਾ ਕਿਸ਼ਨ ਕੌਰ ਅਕਾਲ ਚਲਾਣਾ ਕਰ ਗਈ। 94 ਸਾਲ ਦੀ ਇਸ ਆਯੂ ਵਿੱਚ ਵੱਧ ਤੋਂ ਵੱਧ ਸਮਾਂ ਗੁਰਮਤਿ ਦੇ ਪਰਚਾਰ ਤੇ ਪੰਥਕ ਸੰਘਰਸ਼ ਵਿੱਚ ਲਾਇਆ। ਇਸ ਮਾਤਾ ਦੀ ਸੰਗਤ ਨਾਲ ਸੈਂਕੜੇ ਨਾਰੀਆਂ ਉਤਸ਼ਾਹ ਨਾਲ ਗੁਰਮਤਿ ਨਾਲ ਜੁੜੀਆਂ।

1947 ਦਾ ਘਲੂਘਾਰਾ ਤੇ ਸਿੱਖ ਨਾਰੀਆਂ

ਸਾਡੇ ਦੇਸ਼ ਦੇ ਇਤਿਹਾਸ ਵਿੱਚ 1947 ਦੇ ਸਾਲ ਵਿੱਚ ਜਿੱਥੇ ਵਿਦੇਸ਼ੀ ਹਾਕਮ ਅੰਗਰੇਜ਼ਾਂ ਤੋਂ ਦੇਸ਼ ਨੂੰ ਆਜ਼ਾਦੀ ਮਿਲੀ ਉਥੇ ਦੇਸ਼ ਦੀ ਦੋ ਟੁਕੜਿਆਂ ਵਿੱਚ ਵੰਡ ਹੋਈ ਤੇ ਪਾਕਿਸਤਾਨ ਦਾ ਜਨਮ ਹੋਇਆ। ਉਥੇ ਇਹ ਸਿੱਖ ਕੌਮ ਲਈ ਤੀਜੇ ਘਲੂਘਾਰੇ ਦਾ ਸਾਲ ਸਾਬਤ ਹੋਇਆ। ਕਈ ਲੱਖ ਸਿੱਖ-ਹਿੰਦੂ ਪਰਿਵਾਰਾਂ ਨੂੰ ਆਪਣੇ ਘਰ-ਬਾਰ, ਜ਼ਮੀਨਾਂ, ਜਾਇਦਾਦਾਂ ਛੱਡਣੀਆਂ ਪਈਆਂ ਅਤੇ ਆਬਾਦੀ ਦੇ ਇਸ ਤਬਾਦਲੇ ਵਿੱਚ ਸਭ ਤੋਂ ਵਧ ਨੁਕਸਾਨ ਸਿੱਖ ਕੌਮ ਦਾ ਹੋਇਆ। ਅਣਗਿਣਤ ਸਿੱਖ ਮਰਦਾਂ ਤੇ ਔਰਤਾਂ ਨੂੰ ਆਪਣੀਆਂ ਜਾਨਾਂ ਵੀ ਵਾਰਨੀਆਂ ਪਈਆਂ। ਗੁਰੂ ਸਾਹਿਬਾਨ ਦੀ ਬਖ਼ਸ਼ੀ ਚੜ੍ਹਦੀ ਕਲਾ, ਸਵੈ-ਭਰੋਸੇ ਤੇ ਧਰਮ ਵਿਸ਼ਵਾਸ ਦੀ ਦ੍ਰਿੜ੍ਹਤਾ ਸਦਕਾ ਕੁਰਬਾਨੀਆਂ ਕਰਨੀਆਂ ਪਈਆਂ। ਭਾਵੇਂ ਕੁਝ ਥਾਵਾਂ 'ਤੇ ਸਿੱਖ ਔਰਤਾਂ ਫਿਰਕੂ ਜਨੂੰਨੀਆਂ ਦੇ ਕਬਜ਼ੇ ਵਿੱਚ ਚਲੀਆਂ ਗਈਆਂ, ਜਿਨ੍ਹਾਂ ਨੂੰ ਆਪਣਾ ਧਰਮ ਈਮਾਨ ਛੱਡਣਾ ਪਿਆ। ਪਰ ਬਹੁਤੀਆਂ ਘਟਨਾਵਾਂ ਵਿੱਚ ਸਿੱਖ ਔਰਤਾਂ ਅਧਖੜ ਉਮਰ ਦੀਆਂ ਤੇ ਮੁਟਿਆਰਾਂ ਨੇ ਜਿੱਥੇ ਵਾਹ ਚੱਲੀ ਬੀਰਤਾ ਦਿਖਾਈ ਤੇ ਲੜ ਕੇ ਮੁਕਾਬਲਾ ਕਰਦਿਆਂ ਸ਼ਹੀਦ ਹੋ ਗਈਆਂ। ਕਈ ਥਾਂ ਬਹੁ-ਗਿਣਤੀ ਵਿੱਚ ਆਏ ਜਨੂੰਨੀ ਫ਼ਿਰਕੂ ਮੁਸਲਮਾਨਾਂ ਤੋਂ ਆਪਣਾ ਧਰਮ-ਕਰਮ ਬਚਾਉਂਦਿਆਂ ਖੂਹਾਂ ਵਿੱਚ ਛਾਲਾਂ ਮਾਰ ਕੇ ਮਰ ਗਈਆਂ। ਜਿਊਂਦਿਆਂ ਧਰਮ ਦੇ ਵੈਰੀਆਂ ਦੇ ਹੱਥ ਨਾ ਆਈਆਂ। ਆਪਾ ਵਾਰਨ ਤੇ ਮੌਤ ਨੂੰ ਗਲਵਕੜੀ ਪਾਉਣ ਦੀਆਂ ਅਜਿਹੀਆਂ ਕਈ ਘਟਨਾਵਾਂ ਇਤਿਹਾਸਕਾਰਾਂ ਦੀਆਂ ਲਿਖਤਾਂ ਵਿਚੋਂ ਦੇਖੀਆਂ ਜਾ ਸਕਦੀਆਂ ਹਨ। ਉੱਘੇ ਇਤਿਹਾਸਕਾਰ ਗਿ. ਕ੍ਰਿਪਾਲ ਸਿੰਘ ਨੇ ਅਜਿਹੀਆਂ ਕਈ ਘਟਨਾਵਾਂ ਦਾ ਵਰਨਣ ਆਪਣੀਆਂ ਰਚਨਾਵਾਂ ਵਿੱਚ ਕੀਤਾ ਹੈ।

ਦੇਸ਼ ਦੀ ਵੰਡ ਸਮੇਂ ਦਾ ਇਹ ਘਲੂਘਾਰਾ ਮਾਰਚ ਵਿੱਚ ਸ਼ੁਰੂ ਹੋਇਆ, ਜਦੋਂ ਪੋਠੋਹਾਰ ਦੇ ਜ਼ਿਲ੍ਹਾ ਰਾਵਲਪਿੰਡੀ ਵਿੱਚ ਅੰਗਰੇਜ਼ਾਂ ਦੀ ਲਾਈ ਅੱਗ ਦੇ ਅਸਰ ਹੇਠ ਫ਼ਿਰਕੂ ਜਨੂੰਨੀ ਮੁਸਲਮਾਨਾਂ ਨੇ ਸਮੂਹਕ ਤੌਰ ਤੇ ਹਿੰਦੂਆਂ, ਸਿੱਖਾਂ ਦੇ ਪਿੰਡਾਂ ਤੇ ਕਸਬਿਆਂ ਵਿੱਚ ਲੁੱਟਮਾਰ ਕਰਨੀ ਤੇ ਗੈਰ ਮੁਸਲਮਾਨਾਂ ਨੂੰ ਕਤਲ ਕਰਨਾ ਤੇ ਉਹਨਾਂ ਦੇ ਘਰਾਂ ਨੂੰ ਅੱਗਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। 'ਸਾਡੇ ਸ਼ਹੀਦ' ਪੁਸਤਕ ਵਿੱਚ ਲਿਖਿਆ ਹੈ : "ਪੰਜਾਬ ਵਿੱਚ ਇਹ ਫ਼ਸਾਦ ਮਾਰਚ ਦੇ ਮਹੀਨੇ ਸਭ ਤੋਂ ਪਹਿਲਾਂ ਰਾਵਲਪਿੰਡੀ ਜ਼ਿਲ੍ਹੇ ਵਿੱਚ ਸ਼ੁਰੂ ਹੋਏ। ਥੋਹਾ ਖਾਲਸਾ, ਸਈਅਦ, ਕਹੂਟਾ, ਭਾਗਪੁਰ, ਪੰਜ ਗਿਰਾਂ, ਬੇਵਲ, ਬਸਾਲੀ, ਹਰਨਾਲ, ਚੋਹਾ ਖਾਲਸਾ, ਵਹਾਲੀ, ਅਡਿਆਲਾ ਤੇ ਮਥਰਾ ਆਦਿ ਵਿੱਚ ਹਿੰਦੂਆਂ ਸਿੱਖਾਂ ਦੇ ਘਰ ਸਾੜੇ ਗਏ ਤੇ ਜਿਹੜਾ ਹੱਥ ਆਇਆ ਉਹਨੂੰ ਮਾਰ ਦਿੱਤਾ ਗਿਆ। ਥੋਹਾ ਖਾਲਸਾ ਵਿੱਚ ਇਸ ਸਮੇਂ ਸਭ ਤੋਂ ਜ਼ਿਆਦਾ ਦਿਲ-ਕੰਬਾਊ ਘਟਨਾ ਵਾਪਰੀ। ਇਥੇ ਜਦ ਇਸ ਹਮਲੇ ਦੀ ਖ਼ਬਰ ਮਿਲੀ ਤਾਂ 1200

ਮਰਦ ਤੀਵੀਆਂ ਤੇ ਬੱਚੇ ਇਕ ਹਵੇਲੀ ਵਿੱਚ ਇਕੱਠੇ ਹੋ ਗਏ। ਮੁਸਲਿਮ ਲੀਗੀਆਂ ਨੇ ਬਹੁਤ ਵੱਡਾ ਹਮਲਾ ਕੀਤਾ। 167 ਸਿੰਘਾਂ ਨੇ ਬੰਦੂਕਾਂ ਨਾਲ ਕਈ ਘੰਟੇ ਮੁਕਾਬਲਾ ਕੀਤਾ ਤੇ ਰਾਤ ਨੂੰ ਹਮਲਾ ਕਰਨ ਵਾਲਿਆਂ ਨੂੰ ਭੱਜਾ ਦਿੱਤਾ। ਦੂਜੇ ਦਿਨ ਫਿਰ ਹਮਲਾ ਹੋਇਆ, ਜਿਸ ਵਿੱਚ ਸ੍ਰ. ਪ੍ਰਤਾਪ ਸਿੰਘ, ਸ੍ਰ. ਭਗਤ ਸਿੰਘ ਧੀਰ ਆਦਿ ਸ਼ਹੀਦ ਹੋ ਗਏ। ਇਸ ਤਰ੍ਹਾਂ ਚਾਰ ਦਿਨ ਇਕਾ-ਦੁਕਾ ਹਮਲੇ ਹੁੰਦੇ ਰਹੇ। ਪਿੰਡ ਦੀਆਂ 90 ਬੀਬੀਆਂ ਇਕ ਖੂਹ 'ਤੇ ਇਕੱਠੀਆਂ ਹੋ ਗਈਆਂ। ਜਦ ਉਹਨਾਂ ਨੂੰ ਹਜ਼ਾਰਾਂ ਜਰਵਾਣੇ ਘੇਰ ਕੇ ਫੜਨ ਲੱਗੇ ਤਾਂ ਸਭ ਨੇ ਖੂਹ ਵਿੱਚ ਛਾਲਾਂ ਮਾਰ ਦਿੱਤੀਆਂ। ਇਸ ਤਰ੍ਹਾਂ ਆਪਣਾ ਧਰਮ, ਇੱਜ਼ਤ ਬਚਾ ਕੇ ਸ਼ਹੀਦ ਹੋ ਗਈਆਂ। ਖੂਹ ਲਾਸ਼ਾਂ ਨਾਲ ਭਰ ਗਿਆ। ਮਗਰੋਂ ਸਿੰਘਾਂ ਨੇ ਇਨ੍ਹਾਂ 90 ਔਰਤਾਂ ਵਿਚੋਂ ਤਿੰਨ ਜਿਊਂਦੀਆਂ ਔਰਤਾਂ ਕੱਢੀਆਂ। ਇਸ ਪਿੰਡ ਵਿੱਚ ਸਿਰਫ 400 ਆਦਮੀ ਬਚ ਕੇ ਨਿਕਲ ਸਕੇ। ਇੱਥੇ ਜਦ ਹਮਲਾ ਹੋਇਆ ਸੀ ਤਾਂ ਤਿੰਨ ਦਿਨ ਸਿੰਘ ਮੋਰਚੇ ਬਣਾ ਕੇ ਲੜਦੇ ਰਹੇ। ਜਦ ਔਰਤਾਂ ਦੀ ਇੱਜ਼ਤ ਨੂੰ ਖ਼ਤਰਾ ਹੋ ਗਿਆ ਤਾਂ ਵੱਡੀ ਸਾਰੀ ਚਿਤਾ ਬਣਾ ਕੇ ਗੁਰਦੁਆਰੇ ਦੇ ਵਿਹੜੇ ਵਿੱਚ ਕੰਧ ਉਤੋਂ ਛਾਲਾਂ ਮਾਰ ਕੇ ਗੈਲਰੀ ਵਿੱਚ ਹੀ ਸ਼ਹੀਦ ਹੋ ਗਈਆਂ।

ਇਸੇ ਤਰ੍ਹਾਂ ਵਹਾਲੀ, ਤਹਿਸੀਲ ਕਹੂਟਾ ਦੇ ਗੁਰਦੁਆਰੇ ਵਿੱਚ ਸਿੱਖ ਪਰਿਵਾਰ ਇਕੱਠੇ ਹੋਏ, ਜਿਨ੍ਹਾਂ ਉਤੇ ਹਜ਼ਾਰਾਂ ਦੀ ਗਿਣਤੀ ਵਿੱਚ ਮੁਸਲਮਾਨ ਫਸਾਦੀਆਂ ਨੇ ਹਮਲਾ ਕੀਤਾ। ਸਿੰਘਾਂ ਨੇ ਅਰਦਾਸਾ ਸੋਧਿਆ ਕਿ, "ਅਸੀਂ ਲੜਦੇ-ਲੜਦੇ ਸ਼ਹੀਦ ਹੋਣਾ ਪਸੰਦ ਕਰਾਂਗੇ, ਪਰ ਦੁਸ਼ਮਣ ਦੇ ਹੱਥ ਨਹੀਂ ਆਵਾਂਗੇ।" ਪੰਜ-ਪੰਜ ਸਿੰਘ ਕ੍ਰਿਪਾਨਾਂ ਤੇ ਬਰਛੇ ਲੈ ਕੇ ਗੁਰਦੁਆਰੇ ਤੋਂ ਬਾਹਰ ਨਿਕਲਦੇ ਤੇ ਵੈਰੀਆਂ ਦੇ ਹਮਲੇ ਨੂੰ ਪਛਾੜਦੇ ਸ਼ਹੀਦ ਹੁੰਦੇ ਗਏ। ਜਦ ਥੋੜ੍ਹੇ ਜਿਹੇ ਸਿੰਘ ਬਾਕੀ ਰਹਿ ਗਏ ਤਾਂ ਔਰਤਾਂ ਨੇ ਕਿਹਾ ਕਿ, "ਅਸੀਂ ਫਸਾਦੀਆਂ ਹੱਥ ਆਉਣ ਨਾਲੋਂ ਆਪਣੇ ਮਰਦਾਂ ਹੱਥੋਂ ਮਰਨਾ ਬਿਹਤਰ ਸਮਝਦੀਆਂ ਹਾਂ। ਸਾਨੂੰ ਤੁਸੀਂ ਆਪ ਕਤਲ ਕਰੋ।" ਇੱਥੇ ਇਕੱਠੀਆਂ ਹੋਈਆਂ ਆਪਣੀਆਂ ਔਰਤਾਂ ਨੂੰ ਸਿੰਘਾਂ ਨੇ ਆਪ ਕਤਲ ਕੀਤਾ ਤਾਂ ਕਿ ਉਹਨਾਂ ਦਾ ਧਰਮ ਅੰਤਮ ਸਵਾਸਾਂ ਤੱਕ ਨਾਲ ਨਿਭੇ। ਇਤਿਹਾਸਕਾਰਾਂ ਨੇ ਇਹਨਾਂ ਮਰਦਾਂ ਦੇ ਨਾਂ ਗਿਆਨ ਸਿੰਘ, ਹਰਬੰਸ ਸਿੰਘ ਗਾਂਧੀ, ਤੇ ਲਾਭ ਸਿੰਘ ਲਿਖੇ ਹਨ, ਜਿਨ੍ਹਾਂ ਨੇ ਆਪਣੇ ਹੱਥੀਂ ਆਪਣੇ ਪਰਿਵਾਰ ਦੀਆਂ ਨਾਰੀਆਂ ਨੂੰ ਸ਼ਹੀਦ ਕੀਤਾ ਤੇ ਫਿਰ ਜੈਕਾਰੇ ਛੱਡਦੇ ਹਮਲਾਵਰਾਂ 'ਤੇ ਟੁੱਟ ਪਏ। ਕਈ ਕਈ ਦੁਸ਼ਟਾਂ ਨੂੰ ਪਾਰ ਬੁਲਾਉਂਦੇ ਆਪ ਵੀ ਸ਼ਹੀਦੀਆਂ ਪਾ ਗਏ।

ਕੁਝ ਥਾਵਾਂ 'ਤੇ ਅੰਮ੍ਰਿਤਧਾਰੀ ਬੀਬੀਆਂ, ਧਾੜਵੀਆਂ ਦੇ ਟਾਕਰੇ 'ਤੇ ਕ੍ਰਿਪਾਨਾਂ ਲੈ ਕੇ ਮੈਦਾਨ ਵਿੱਚ ਨਿਤਰੀਆਂ ਤੇ ਕਈਆਂ ਨੂੰ ਮਾਰ ਕੇ ਸ਼ਹੀਦ ਹੋਈਆਂ। ਇਹਨਾਂ ਵਿਚੋਂ ਇਕ ਅੱਠ ਸਾਲ ਦੀ ਬੱਚੀ ਨੇ ਕਮਾਲ ਦੀ ਬੀਰਤਾ ਦਿਖਾਈ। ਉਹ ਕ੍ਰਿਪਾਨ ਲੈ ਕੇ ਜੈਕਾਰਾ ਛੱਡਦੀ ਜਦ ਗੁਰਦੁਆਰੇ ਦੇ ਅੰਦਰੋਂ ਬਾਹਰ ਨਿਕਲੀ ਤਾਂ ਧਾੜਵੀ ਉਹਦੀ ਬੀਰਤਾ ਵੇਖ ਕੇ ਘਬਰਾਏ। ਉਹਨੂੰ ਉੱਚੀ ਅਵਾਜ਼ ਵਿੱਚ ਕਿਹਾ ਕਿ, "ਤੂੰ ਤਲਵਾਰ ਸੁੱਟ ਦੇ, ਤੈਨੂੰ ਚੋਖੇ ਸੁੱਖ ਆਰਾਮ ਦੇ ਸਾਧਨ ਦੇਵਾਂਗੇ।" ਪਰ ਉਹ ਲੜਦੀ ਲੜਦੀ ਸ਼ਹੀਦ ਹੋ ਗਈ। ਅਸੀਂ ਉਸ ਬੱਚੀ ਦਾ ਨਾਂ ਇਤਿਹਾਸਕ ਲਿਖਤਾਂ ਵਿਚੋਂ ਲੱਭਣ ਦਾ ਯਤਨ ਕੀਤਾ ਤਾਂ ਪਤਾ ਲੱਗਾ ਕਿ ਉਸ ਦਾ ਨਾਂ ਇੰਦਰ ਕੌਰ ਸੀ। ਇਸੇ ਤਰ੍ਹਾਂ ਕੁਝ ਹੋਰ ਥਾਵਾਂ 'ਤੇ ਸਿੰਘਣੀਆਂ ਨੇ ਬੀਰਤਾ ਦਿਖਾਈ। ਕੁਝ ਥਾਵਾਂ 'ਤੇ ਜਦ ਸਿੱਖ ਮੁਟਿਆਰਾਂ, ਧਾੜਵੀਆਂ ਨੇ ਫੜ ਲਈਆਂ ਤੇ ਉਹਨਾਂ

ਨੂੰ ਆਪਣਾ ਧਰਮ ਬਦਲਣ ਲਈ ਕਿਹਾ ਤਾਂ ਉਹਨਾਂ ਇਨਕਾਰ ਕੀਤਾ, ਇਸ 'ਤੇ ਧਾੜਵੀਆਂ ਨੇ ਉਹਨਾਂ ਨੂੰ ਕਤਲ ਕਰ ਦਿੱਤਾ ਤੇ ਕਈਆਂ ਨੂੰ ਜਿਊਂਦਿਆਂ ਸੜਦੇ ਮਕਾਨਾਂ ਵਿੱਚ ਸੁੱਟ ਕੇ ਜਿੰਦਾ ਸਾੜ ਦਿੱਤਾ।

ਗੁਜ਼ਰਖ਼ਾਨ ਨੇੜੇ ਇਕ ਪਿੰਡ ਦੀ ਗੁਰਸਿੱਖ ਨੌਜਵਾਨ ਲੜਕੀ ਦੀ ਬੀਰਤਾ ਦੀ ਕਹਾਣੀ ਸਾਨੂੰ ਜਲੰਧਰ ਵਿੱਚ ਮਾਸਟਰ ਰੋਸ਼ਨ ਸਿੰਘ ਨੇ ਸੁਣਾਈ। ਉਹਨੇ ਫ਼ੈਸਲਾ ਕੀਤਾ ਕਿ ਕਿਸੇ ਤਰ੍ਹਾਂ ਗੁਜ਼ਰਖ਼ਾਨ ਪਹੁੰਚ ਕੇ ਫੌਜੀ ਦਸਤੇ ਨੂੰ ਸੂਚਿਤ ਕੀਤਾ ਜਾਏ, ਉਹਨੇ ਆਪਣੀ ਕਿਸੇ ਮੁਸਲਮਾਨ ਸਹੇਲੀ ਤੋਂ ਬੁਰਕਾ ਲਿਆ ਤੇ ਉਸ ਵਿੱਚ ਤਿੰਨ ਫੁੱਟੀ ਕ੍ਰਿਪਾਨ ਲੁਕਾ ਕੇ ਉਹ ਗੁਜ਼ਰਖ਼ਾਨ ਵੱਲ ਪੈਦਲ ਤੁਰ ਪਈ। ਰਸਤੇ ਵਿੱਚ ਉਹਨੂੰ ਚਾਰ ਬਦਮਾਸ਼ ਘੇਰਨ ਲੱਗੇ। ਇਕ ਉਸ ਦਾ ਰਸਤਾ ਰੋਕ ਕੇ ਖੜਾ ਹੋ ਗਿਆ। ਗੁਰਸਿਖ ਨਾਰੀ ਨੇ ਆਪਣੀ ਸੋਨੇ ਦੀ ਛਾਪ (ਮੁੰਦਰੀ) ਲਾਹ ਕੇ ਸੁੱਟੀ, ਜਦ ਉਹ ਝੁਕ ਕੇ ਮੁੰਦਰੀ ਚੁੱਕਣ ਲੱਗਾ ਤਾਂ ਗੁਰੂ ਪੁੱਤਰੀ ਨੇ ਮਿਆਨ ਵਿੱਚੋਂ ਕ੍ਰਿਪਾਨ ਕੱਢ ਕੇ ਉਹਦੀ ਧੌਣ ਤੇ ਵਾਰ ਕੀਤਾ ਤਾਂ ਉਹ ਉਥੇ ਹੀ ਢੇਰੀ ਹੋ ਗਿਆ। ਫਿਰ ਉਹਨੇ ਛੁਰੇ ਲੈ ਕੇ ਆਪਣੇ ਵੱਲ ਵਧ ਰਹੇ ਦੋ ਹੋਰ ਧਾੜਵੀਆਂ ਨੂੰ ਮੌਤ ਦੇ ਘਾਟ ਉਤਾਰਿਆ। ਪਰ ਚੌਥਾ ਧਾੜਵੀ ਛੁਰਾ ਮਾਰਨ ਵਿੱਚ ਸਫਲ ਹੋ ਗਿਆ ਤੇ ਇਹ ਬੀਬੀ ਸ਼ਹੀਦ ਹੋ ਗਈ। ਮਾਸਟਰ ਰੋਸ਼ਨ ਸਿੰਘ ਦੇ ਦਸਣ ਅਨੁਸਾਰ ਇਹਦੀ ਬੀਰਤਾ ਦੀ ਚਰਚਾ ਗੁਜ਼ਰਖ਼ਾਨ ਵਿੱਚ ਹੀ ਸੁਣੀ ਸੀ।


ਇਸੇ ਤਰ੍ਹਾਂ ਜਦ ਪਾਕਿਸਤਾਨ ਬਣਨ ਪਿਛੋਂ ਅਬਾਦੀ ਦਾ ਤਬਾਦਲਾ ਸ਼ੁਰੂ ਹੋਇਆ ਤਾਂ ਬਾਰ ਦੇ ਇਲਾਕੇ ਵਿਚੋਂ ਹਿੰਦੂ, ਸਿੱਖਾਂ ਦੇ ਕਾਫਲੇ ਭਾਰਤ ਵੱਲ ਤੁਰੇ ਤਾਂ ਕਈ ਗੁਰਸਿੱਖ ਨਾਰੀਆਂ ਨੇ ਆਦਰਸ਼ਕ ਜੀਵਨ ਦੇ ਦ੍ਰਿਸ਼ ਪੇਸ਼ ਕੀਤੇ। ਲਾਇਲਪੁਰ ਜ਼ਿਲ੍ਹੇ ਦਾ ਵੱਡਾ ਕਾਫ਼ਲਾ ਬਣਿਆ, ਜਿਸ ਵਿੱਚ ਆਸੇ ਪਾਸੇ ਦੇ ਪਿੰਡਾਂ ਦੇ ਕਿਸਾਨ ਸਿੱਖ ਪਰਿਵਾਰ ਕਾਫ਼ਲੇ ਨਾਲ ਰਲਦੇ ਗਏ। ਜੜ੍ਹਾਂ ਵਾਲੇ ਨੇੜੇ ਇਕ ਗੁਰਸਿੱਖ ਪਰਿਵਾਰ ਦੀ ਮੁਟਿਆਰ ਨੇ ਕਾਫ਼ਲੇ ਦੇ ਨਾਲ ਮਿਲਣ ਵਾਲੇ ਪੰਜਾਹ ਪਰਿਵਾਰਾਂ ਦੀ ਜਾਨ ਬਚਾਈ। ਜਦ ਉਹ ਪਰਿਵਾਰ ਜੜ੍ਹਾਂਵਾਲੇ ਵੱਲ ਆ ਰਹੇ ਸਨ ਤਾਂ ਨਵਾਬ ਮਮਦੋਟ ਦੇ ਧਾੜਵੀਆਂ ਨੇ ਮਸ਼ੀਨਗੰਨ ਬੀੜ ਕੇ ਤਬਾਹੀ ਮਚਾਉਣੀ ਸ਼ੁਰੂ ਕਰ ਦਿੱਤੀ। ਇਹਨਾਂ ਪਰਿਵਾਰਾਂ ਪਾਸ ਇਕ ਦੁਨਾਲੀ ਬੰਦੂਕ ਸੀ ਜੋ ਇਹ ਲੜਕੀ ਲੈ ਕੇ ਗੰਨੇ ਦੇ ਖੇਤ ਓਹਲਿਓਂ ਧਾੜਵੀਆਂ ਦੇ ਪਿਛਲੇ ਪਾਸੇ ਪਹੁੰਚ ਗਈ ਤੇ ਮਸ਼ੀਨਗੰਨ ਚਲਾ ਰਹੇ ਧਾੜਵੀ ਦਾ ਨਿਸ਼ਾਨਾ ਬੰਨ੍ਹ ਕੇ ਫਾਇਰ ਕੀਤਾ, ਤੇ ਉਹ ਧਾੜਵੀ ਡਿੱਗ ਪਿਆ। ਉਸ ਦੇ ਸਾਥੀ ਘਬਰਾ ਗਏ ਤੇ ਲੱਭਣ ਤੇ ਵੇਖਣ ਲੱਗ ਪਏ ਕਿ ਕਿਹੜੇ ਪਾਸਿਓਂ ਗੋਲੀ ਚਲੀ ਹੈ। ਉਹ ਗੁਰਸਿੱਖ ਬੀਬੀ ਉਹਨਾਂ ਦਾ ਮੁਕਾਬਲਾ ਕਰਦੇ ਕਰਦੇ ਸ਼ਹੀਦ ਹੋ ਗਈ। ਉਹਦੇ ਪਿੰਡ ਵਾਸੀਆਂ ਹਿੰਦੂਆਂ, ਸਿੱਖਾਂ ਨੂੰ ਆਪਣਾ ਸਫ਼ਰ ਤੇਜ਼ੀ ਨਾਲ ਮੁਕਾ ਕੇ ਜੜ੍ਹਾਂਵਾਲੇ ਪਹੁੰਚਣ ਦਾ ਸਮਾਂ ਮਿਲ ਗਿਆ। ਇਹ ਗੁਰਸਿੱਖ ਬੀਬੀ ਚੱਕ ਨੰਬਰ 29 ਦੀ ਦਸੀ ਜਾਂਦੀ ਹੈ।

ਇਸ ਕਾਫ਼ਲੇ ਵਿੱਚ ਸੇਵਾ ਕਰਨ ਵਾਲੀਆਂ ਕਈ ਸਿੱਖ ਬੀਬੀਆਂ ਦਾ ਜ਼ਿਕਰ ਅਖੀਂ ਵੇਖਣ ਵਾਲਿਆਂ ਨੇ ਬਿਆਨ ਕੀਤਾ ਹੈ। ਜਿਥੇ ਕਈ ਨਾਰੀਆਂ ਘਬਰਾਈਆਂ ਤੇ ਕੰਬਦੀਆਂ ਸਨ, ਉਥੇ ਕੁਝ ਸਤਿਨਾਮ-ਵਾਹਿਗੁਰੂ ਦਾ ਜਾਪ ਕਰਦੀਆਂ, ਦੂਜਿਆਂ ਦੀ ਸਹਾਇਤਾ ਲਈ ਦਿਨ ਰਾਤ ਤਤਪਰ ਰਹਿੰਦੀਆਂ। ਸ਼ਾਮ ਨੂੰ ਜਿਥੇ ਕਾਫ਼ਲਾ ਰੁਕਦਾ, ਉਥੇ ਚੁਲ੍ਹੇ ਬਾਲ ਕੇ ਜਿੱਥੇ ਆਪਣੇ ਪਰਿਵਾਰਾਂ ਲਈ ਰੋਟੀ ਤਿਆਰ ਕਰਦੀਆਂ, ਉਥੇ ਉਹ ਉਹਨਾਂ ਪਰਿਵਾਰਾਂ ਨੂੰ ਵੀ

ਇਕ-ਇਕ ਰੋਟੀ ਦਿੰਦੀਆਂ, ਜਿਨ੍ਹਾਂ ਪਾਸ ਨਾ ਆਪਣੇ ਗੱਡੇ ਸਨ ਤੇ ਨਾ ਹੀ ਖਾਣ-ਪੀਣ ਦਾ ਕੋਈ ਸਾਮਾਨ। ਜਦ ਕਾਫ਼ਲੇ ਵਿੱਚ ਇਕ ਵਾਰੀ ਹੈਜ਼ੇ ਦਾ ਰੋਗ ਫੈਲਿਆ ਤਾਂ ਇਹਨਾਂ ਸਿੱਖ ਨਾਰੀਆਂ ਨੇ ਰੋਗੀਆਂ ਲਈ ਪਿਆਜ਼ ਵੰਡੇ ਤੇ ਆਖਿਆ ਕਿ ਜਿਸ ਬੱਚੀ-ਬੱਚੇ ਨੂੰ ਹੈਜ਼ਾ ਹੋਇਆ ਸੀ, ਉਹਨੂੰ ਹੌਲੀ ਹੌਲੀ ਪਿਆਜ਼ ਦੀ ਇਕ ਛਿਲੜ ਦਿਓ। ਦਵਾਈ ਦੀ ਅਣਹੋਂਦ ਉਤੇ ਪਿਆਜ਼ ਦਾ ਗੁਣ ਇਹਨਾਂ ਬੀਬੀਆਂ ਨੇ ਵਿਖਾਇਆ।

ਬੰਗਾਲ ਵਿਸ਼ੇਸ਼ ਕਰਕੇ ਕਲਕੱਤੇ ਵਿੱਚ ਜੋ ਫ਼ਿਰਕੂ ਫ਼ਸਾਦ ਭੜਕੇ ਤੇ ਜਿਸ ਤਰ੍ਹਾਂ ਹਿੰਦੂ ਮੁਸਲਮਾਨਾਂ ਵਿਚਕਾਰ ਗੜਬੜ ਵਧੀ ਤਾਂ ਸਿੱਖਾਂ ਨੇ ਦੋਹਾਂ ਵਰਗਾਂ ਵਿਚਕਾਰ ਮਾਨਵੀ ਸੇਵਾ ਦਾ ਆਦਰਸ਼ਕ ਨਮੂਨਾ ਪੇਸ਼ ਕੀਤਾ। ਉਸ ਵੇਲੇ ਮੁਸਲਮਾਨ ਤੇ ਹਿੰਦੂ ਸਟੇਸ਼ਨ ਤੋਂ ਉਤਰ ਕੇ ਕਿਸੇ ਦੂਜੀ ਜਾਤੀ ਦੀ ਟੈਕਸੀ ਵਿੱਚ ਨਾ ਚੜ੍ਹਦੇ, ਸਗੋਂ ਸਿੱਖ ਟੈਕਸੀ ਵਾਲਿਆਂ 'ਤੇ ਭਰੋਸਾ ਕਰਕੇ ਉਹਨਾਂ ਨਾਲ ਸਫ਼ਰ ਕਰਦੇ ਅਤੇ ਭਰੋਸਾ ਕਰਦੇ ਸਨ ਕਿ ਸਿੱਖ ਉਹਨਾਂ ਦੀ ਜਾਨ-ਮਾਲ ਦੀ ਸੁਰਖਿਆ ਕਰਨਗੇ। ਇਸ ਸਮੇਂ ਗੁਰਦੁਆਰਾ ਬੜੀ ਸਿੱਖ ਸੰਗਤ ਸੀ। ਇਕ ਪਾਸੇ ਹਿੰਦੂ ਤੇ ਦੂਜੇ ਪਾਸੇ ਮੁਸਲਮਾਨ ਪਰਿਵਾਰਾਂ ਦੇ ਲੋਕ ਡਰਦੇ ਮਾਰੇ ਘਰ-ਬਾਰ ਛੱਡ ਕੇ ਗੁਰਦੁਆਰੇ ਵਿੱਚ ਰਹਿ ਰਹੇ ਸਨ। ਗੁਰਦੁਆਰੇ ਵਿੱਚ 24 ਘੰਟੇ ਲੰਗਰ ਤਿਆਰ ਹੋ ਰਿਹਾ ਸੀ। ਇਹ ਸੇਵਾ ਸਿੱਖ ਬੀਬੀਆਂ ਨਿਰੰਤਰ ਨਿਭਾ ਰਹੀਆਂ ਸਨ। ਸਿੱਖ ਨਾਰੀਆਂ ਦੀ ਇਸ ਅਦੁੱਤੀ ਸੇਵਾ ਦੀ ਕਈ ਮੁਸਲਮਾਨ ਅਫ਼ਸਰਾਂ ਨੇ ਵੀ ਤਾਰੀਫ਼ ਕੀਤੀ ਹੈ। ਇਹ ਉਤਸ਼ਾਹ ਸਾਂਝੀਵਾਲਤਾ ਦੇ ਉਪਦੇਸ਼ ਦੇ ਫਲਸਰੂਪ ਸੀ। ਲੰਗਰ ਬਣਾਉਂਦੀਆਂ ਸਿੱਖ ਬੀਬੀਆਂ ਪੜ੍ਹ ਰਹੀਆਂ ਸਨ :

"ਸਭੇ ਸਾਝੀਵਾਲ ਸਦਾਇਨ ਕੋਈ ਨਾ ਦਿਸੈ ਬਾਹਰਾ ਜੀਉ॥




ਇਤਿਹਾਸਕ ਸਿੱਖ ਨਾਰੀਆਂ

ਡਾ. ਗਿਆਨੀ ਭਜਨ ਸਿੰਘ
ਗਿਆਨੀ ਪ੍ਰੀਤਮ ਕੌਰ

ਭਾਗ ਚੌਥਾ

ਅਜ਼ਾਦੀ ਤੋਂ ਮਗਰੋਂ ਦੀਆਂ ਸਿੱਖ ਨਾਰੀਆਂ

ਇਤਿਹਾਸਕ ਸਿੱਖ ਨਾਰੀਆਂ



ਡਾ. ਗਿਆਨੀ ਭਜਨ ਸਿੰਘ

ਗਿਆਨੀ ਪ੍ਰੀਤਮ ਕੌਰ

ਸੁਤੰਤਰ ਦੇਸ਼ ਵਿੱਚ ਸਿੱਖ ਨਾਰੀਆਂ ਦਾ ਯੋਗਦਾਨ

15 ਅਗਸਤ 1947 ਨੂੰ ਦੇਸ਼ ਆਜ਼ਾਦ ਹੋਇਆ। ਭਿਆਨਕ ਫ਼ਸਾਦਾਂ ਪਿਛੋਂ ਦੇਸ਼ ਦੀ ਵੰਡ ਹੋਣ ਕਾਰਨ ਲੱਖਾਂ ਸਿੱਖ ਪਰਿਵਾਰ, ਪੱਛਮੀ ਪੰਜਾਬ ਫਰੰਟੀਅਰ, ਬਲੋਚਿਸਤਾਨ ਤੇ ਸਿੰਧ ਤੋਂ ਜਾਨਾਂ ਬਚਾ ਕੇ ਅਜ਼ਾਦ ਭਾਰਤ ਵਿੱਚ ਆਏ। ਅਣਗਿਣਤ ਨਰ-ਨਾਰੀਆਂ ਵਿਧਵਾ ਹੋਈਆਂ, ਭੈਣਾਂ ਦੇ ਭਰਾ ਕਤਲ ਹੋਏ। ਅਨੇਕਾਂ ਮਾਵਾਂ ਦੇ ਪੁੱਤਰ-ਧੀਆਂ ਸਦਾ ਲਈ ਉਹਨਾਂ ਤੋਂ ਵਿਛੜ ਗਏ। ਦੇਸ਼ ਦੀ ਵੰਡ ਪਿਛੋਂ ਇਕ ਤੇ ਪਰਿਵਾਰਾਂ ਵਿੱਚ ਹੋਏ ਵਿਛੋੜੇ ਦਾ ਦੁੱਖ ਸੀ ਤੇ ਦੂਜਾ ਮੁੜ ਵਸੇਬੇ ਦੀ ਚਿੰਤਾ। ਭਾਵੇਂ ਆਜ਼ਾਦ ਭਾਰਤ ਦੀ ਸਰਕਾਰ ਨੇ ਸ਼ਰਨਾਰਥੀਆਂ ਦੇ ਮੁੜ ਵਸੇਬੇ ਲਈ ਕਈ ਯਤਨ ਕੀਤੇ, ਪਰ ਲੱਖਾਂ ਲੋਕਾਂ ਦੇ ਕੁਲੀ, ਗੁਲੀ ਤੇ ਜੁਲੀ ਦਾ ਪ੍ਰਬੰਧ ਕਰਨਾ ਕੋਈ ਅਸਾਨ ਸਮੱਸਿਆ ਨਹੀਂ ਸੀ। ਕਈ ਲਿਖਾਰੀਆਂ ਨੇ ਉਸ ਸਮੇਂ ਬੰਗਾਲ, ਬਿਹਾਰ ਤੇ ਹੋਰ ਕਈ ਥਾਵਾਂ ਨਾਲ ਟਾਕਰਾ ਕਰਦਿਆਂ ਵੇਖਿਆ ਸੀ ਕਿ ਜਿੱਥੇ ਹੋਰ ਰਾਜ ਉਜੜੇ ਤੇ ਤਬਾਹ ਹੋਏ ਲੋਕ, ਸਾਲਾਂ ਬੱਧੀ ਮੰਗਤੇ ਬਣ ਕੇ ਬੱਸਾਂ ਤੇ ਰੇਲਾਂ ਵਿੱਚ ਮੰਗਦੇ ਫਿਰਦੇ ਸਨ, ਉਥੇ ਪੰਜਾਬ ਤੋਂ ਆਏ ਸ਼ਰਨਾਰਥੀ ਤੇ ਵਿਸ਼ੇਸ਼ ਕਰਕੇ ਸਿੱਖਾਂ ਨੂੰ ਸ਼ਾਇਦ ਹੀ ਮੰਗਤੇ ਬਣ ਕੇ ਖ਼ੈਰਾਤ ਮੰਗਦਿਆਂ ਵੇਖਿਆ ਗਿਆ ਹੋਵੇ। ਹੋਰ ਰਾਜਾਂ ਦੀਆਂ ਨਾਰੀਆਂ ਜਿਥੇ ਮੰਗਦੀਆਂ ਦੇਖੀਆਂ ਗਈਆਂ ਤੇ ਆਪਣੀ ਨਾਰੀਪਨ ਨੂੰ ਵੇਚਦੀਆਂ ਫਿਰਦੀਆਂ ਸਨ, ਉਥੇ ਵਧੇਰੇ ਸਿੱਖ ਨਾਰੀਆਂ ਨੇ ਹਿੰਮਤ ਦੇ ਦਲੇਰੀ ਨਾਲ ਸੰਕਟ ਤੇ ਸਥਿਤੀ ਦਾ ਟਾਕਰਾ ਕੀਤਾ। ਕੌਮ ਦੀ ਸ਼ਾਨ ਨੂੰ ਦਾਗ ਨਹੀਂ ਲਗਣ ਦਿੱਤਾ।

ਪੁਨਰਵਾਸ ਦੀਆਂ ਸਮੱਸਿਆਵਾਂ ਦਾ ਬਹੁਗਿਣਤੀ ਸਿੱਖ ਨਾਰੀਆਂ ਨੇ ਹਿੰਮਤ, ਮਿਹਨਤ ਤੇ ਦਸਾਂ ਨੌਹਾਂ ਦੀ ਕਿਰਤ ਕਰਕੇ ਮੁੜ ਆਪਣੇ ਪੈਰਾਂ ਤੇ ਖੜੇ ਹੋਣ ਵਿੱਚ ਪਰਿਵਾਰਾ ਦੇ ਮੁਖੀਆਂ ਮਰਦਾਂ ਨੂੰ ਸਹਿਯੋਗ ਦਿੱਤਾ। ਪਰਿਵਾਰਾਂ ਨੂੰ ਢਹਿੰਦੀ ਕਲਾਂ ਵੱਲ ਜਾਣ ਤੋਂ ਰੋਕਿਆ ਤੇ ਜ਼ਿੰਦਗੀ ਦੀ ਨਵ-ਉਸਾਰੀ ਲਈ ਉਤਸ਼ਾਹ ਵਧਾਇਆ। ਅਤਿ ਸੰਕਟ ਤੇ ਬਰਬਾਦੀ ਸਮੇਂ ਵੀ ਸਿੱਖ ਨਾਰੀਆਂ ਗੁਰੂ ਸਾਹਿਬ ਦੀ ਬਖ਼ਸ਼ੀ ਗੁਰਬਾਣੀ ਦੀਆਂ ਇਹ ਤੁਕਾਂ ਅਸੀਂ ਆਪ ਕਈ ਪੜ੍ਹਦੀਆਂ ਸੁਣੀਆਂ ਹਨ :

"ਤੇਰਾ ਭਾਣਾ ਮੀਠਾ ਲਾਗੈ, ਨਾਮ ਪਦਾਰਥ ਨਾਨਕ ਮਾਂਗੈ॥
ਜੇ ਦੁਖ ਦੇਇ ਤਾ ਤੁਝੈ ਅਰਾਧੀ, ਸੁਖ ਭੀ ਤੁਧੈ ਧਿਆਈ॥

ਗੁਰਸਿੱਖ ਪਰਿਵਾਰਾਂ ਦੀਆਂ ਨਾਰੀਆਂ ਦਿਨ ਵਿੱਚ ਜਿਤਨਾ ਸਮਾਂ ਵੀ ਮਿਲਦਾ, ਗੁਰਬਾਣੀ ਦਾ ਪਾਠ ਕਰਦੀਆਂ। ਸਵੇਰੇ-ਸ਼ਾਮ ਅਕਾਲਪੁਰਖ ਪਾਸ ਅਰਦਾਸ ਕਰਦੀਆਂ ਕਿ, "ਹੇ ਪ੍ਰਭੂ ! ਸਾਡੇ ਤੇ ਕ੍ਰਿਪਾ ਕਰ ਤੇ ਹਿੰਮਤ ਦੀ ਬਖ਼ਸ਼ਿਸ਼ ਕਰੋ ਕਿ ਅਸੀਂ ਜੀਵਨ ਵਿੱਚ ਆਈਆਂ ਚੁਣੌਤੀਆਂ ਦਾ ਟਾਕਰਾ ਕਰ ਸਕੀਏ। ਇਸ ਸਥਿਤੀ ਵਿਚੋਂ ਨਿਕਲ ਸਕੀਏ।"

ਹਿਰਦੇ ਵਿਚੋਂ ਨਿਕਲੀਆਂ ਅਜਿਹੀਆਂ ਅਰਦਾਸਾਂ ਰੰਗ ਲਿਆਈਆਂ ਤੇ ਸਿੰਘ ਅਤੇ ਸਿੰਘਣੀਆਂ ਸਤਿਗੁਰੂ ਪ੍ਰਤੀ ਵਿਸ਼ਵਾਸ ਨਾਲ ਵਿਕਾਸ ਦੇ ਰਾਹ ਪਏ। ਉਖੜੇ ਜੀਵਨ ਬੂਟੇ ਫਿਰ ਜੜ੍ਹਾਂ ਫੜਨ ਲੱਗ ਪਏ।

ਕੁਝ ਹੀ ਸਾਲਾਂ ਵਿੱਚ ਜੀਵਨ ਦੇ ਹਰ ਖੇਤਰ ਸਮਾਜਿਕ, ਧਾਰਮਿਕ, ਰਾਜਨੀਤਿਕ, ਸਾਹਿਤਕ, ਖੇਡਾਂ, ਵਿਦਿਅਕ ਤੇ ਵਿਗਿਆਨਕ ਖੇਤਰਾਂ ਵਿੱਚ ਸਿੱਖ ਨਾਰੀਆਂ ਨੇ ਕਈ ਮੀਲ ਪੱਥਰ ਗੱਡੇ। ਅੱਜ ਸਿੱਖ ਕੌਮ , ਸਿੱਖ ਇਸਤ੍ਰੀਆਂ ਦੀਆਂ ਇਹਨਾਂ ਪ੍ਰਾਪਤੀਆਂ 'ਤੇ ਮਾਣ ਕਰ ਸਕਦੀ ਹੈ ਤੇ ਕਹਿ ਸਕਦੇ ਹਾਂ ਕਿ ਕਿਸੇ ਖੇਤਰ ਵਿੱਚ ਵੀ ਸਿੱਖ ਨਾਰੀ ਪਿਛੜੀ ਹੋਈ ਨਹੀਂ। ਖ਼ਾਲਸਾ ਪੰਥ ਦੇ ਨੇਤਾਵਾਂ ਤੇ ਪੰਥਕ ਜੱਥੇਬੰਦੀਆਂ ਨੇ ਸਿੱਖ ਨਾਰੀਆਂ ਦੀਆਂ ਇਹਨਾਂ ਪ੍ਰਾਪਤੀਆਂ ਦਾ ਨਾਂਹ ਤਾਂ ਕੋਈ ਲਿਖਤੀ ਰੂਪ ਵਿੱਚ ਰਿਕਾਰਡ ਬਣਾਇਆ ਹੈ ਅਤੇ ਨਾ ਇਸ ਇਤਿਹਾਸ ਨੂੰ ਲਿਖਤੀ ਰੂਪ ਵਿੱਚ ਸਾਹਮਣੇ ਲਿਆਂਦਾ ਹੈ।

ਸੁਤੰਤਰ ਭਾਰਤ ਦਾ ਸੰਵਿਧਾਨ 1950 ਵਿੱਚ ਬਣ ਕੇ ਲਾਗੂ ਹੋਇਆ, ਜਿਸ ਵਿਚ ਨਰ ਤੇ ਨਾਰੀਆਂ ਨੂੰ ਸਮਾਨਤਾ ਪ੍ਰਦਾਨ ਕੀਤੀ ਗਈ ਅਤੇ ਲੋਕਤੰਤਰ ਵਿੱਚ ਹਰ ਪਦਵੀ ਲਈ ਮਰਦਾਂ ਦੇ ਬਰਾਬਰ ਔਰਤਾਂ ਨੂੰ ਚੋਣਾਂ ਲੜਨ ਤੇ ਰਾਜਨੀਤਕ ਸ਼ਕਤੀ ਪ੍ਰਾਪਤ ਕਰਨ ਦਾ ਅਧਿਕਾਰ ਮਿਲਿਆ, ਤਾਂ ਸਿੱਖ ਨਾਰੀਆਂ ਨੇ ਅੱਗੇ ਵਧ ਕੇ ਰਾਜਨੀਤਿਕ ਚੁਣੌਤੀਆਂ ਦਾ ਟਾਕਰਾ ਕਰਦਿਆਂ ਕਈ ਸਥਾਨ ਵੀ ਪ੍ਰਾਪਤ ਕੀਤੇ। ਜਿਨ੍ਹਾਂ ਵਿਚੋਂ ਕੁਝ ਕੁ ਦਾ ਇਥੇ ਵਰਨਣ ਕਰਨਾ ਜ਼ਰੂਰੀ ਸਮਝਦੇ ਹਾਂ।

ਸ੍ਰ. ਗਿਆਨ ਸਿੰਘ ਰਾੜੇ ਵਾਲਾ ਦੀ ਸਪੁੱਤਰੀ ਨਿਰਲੇਪ ਕੌਰ, ਜੋ ਆਪਣੀ ਯੁਵਕ ਅਵਸਥਾ ਵਿੱਚ ਸੁੰਦਰਤਾ ਮੁਕਾਬਲਿਆਂ ਵਿੱਚ ਆ ਕੇ ਮਿਸ ਸ਼ਿਮਲਾ ਚੁਣੀ ਗਈ ਸੀ, ਉਹ ਜਦ ਰਾਜਨੀਤਿਕ ਖੇਤਰ ਵਿੱਚ ਦਾਖ਼ਲ ਹੋਈ ਤਾਂ ਅਕਾਲੀ ਦਲ ਦੇ ਟਿਕਟ 'ਤੇ ਪੰਜਾਬ ਦੇ ਸੰਗਰੂਰ ਹਲਕੇ ਤੋਂ ਆਪਣੇ ਸਹੁਰੇ ਸ੍ਰ. ਬਹਾਦਰ ਰਣਜੀਤ ਸਿੰਘ ਨੂੰ ਹਰਾ ਕੇ ਲੋਕ ਸਭਾ ਦੀ ਮੈਂਬਰ ਬਣੀ। ਸ੍ਰ. ਬਹਾਦਰ ਰਣਜੀਤ ਸਿੰਘ ਉਦੋਂ ਕਾਂਗਰਸ ਟਿਕਟ ਤੇ ਉਮੀਦਵਾਰ ਸਨ। ਫਿਰ ਇਹੀ ਨਿਰਲੇਪ ਕੌਰ ਦਿੱਲੀ ਗੁਰਦੁਆਰਾ ਕਮੇਟੀ ਦੀ ਚੋਣ ਜਿੱਤ ਕੇ, ਦਿੱਲੀ ਗੁਰਦੁਆਰਾ ਕਮੇਟੀ ਦੀ ਮੈਂਬਰ ਵੀ ਬਣੀ।

ਇਸੇ ਤਰ੍ਹਾਂ ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ ਦੀ ਸਪੁੱਤਰੀ ਰਾਜਿੰਦਰ ਕੌਰ ਪੰਜਾਬ ਵਿਧਾਨ ਸਭਾ ਵਲੋਂ 6 ਸਾਲ ਲਈ ਰਾਜ ਸਭਾ ਦੀ ਮੈਂਬਰ ਬਣ ਕੇ ਪਾਰਲੀਮੈਂਟ ਵਿੱਚ ਪੰਜਾਬ ਦੀ ਪ੍ਰਤੀਨਿਧਤਾ ਕਰਦੀ ਰਹੀ। ਬੀਬੀ ਰਾਜਿੰਦਰ ਕੌਰ, ਮਾਸਟਰ ਤਾਰਾ ਸਿੰਘ ਜੀ ਦੇ ਚਲਾਏ ਮਾਸਿਕ ਪੱਤਰ 'ਸੰਤ ਸਿਪਾਹੀ' ਦੀ ਬਹੁਤ ਸਾਲ ਐਡੀਟਰ ਵੀ ਰਹੀ। 1967 ਵਿੱਚ ਮਾਸਟਰ ਜੀ ਦੇ ਅਕਾਲ ਚਲਾਣੇ ਪਿਛੋਂ ਉਸ ਟਰੱਸਟ ਦੀ ਚੇਅਰਮੈਨ ਵੀ ਸੀ, ਜੋ ਦੋ ਰੋਜ਼ਾਨਾ ਅਖ਼ਬਾਰ 'ਪ੍ਰਭਾਤ' (ਉਰਦੂ 'ਚ) ਤੇ 'ਜੱਥੇਦਾਰ' (ਪੰਜਾਬੀ 'ਚ) ਚਲਾ ਰਿਹਾ ਸੀ। ਪਰ ਕਈ ਆਰਥਕ ਤੇ ਪ੍ਰਬੰਧਕ ਤਰੁੱਟੀਆਂ ਕਾਰਨ ਟਰੱਸਟ ਨੇ ਇਹ ਦੋਵੇਂ ਅਖ਼ਬਾਰ ਛੇਤੀ ਬੰਦ ਕਰ ਦਿੱਤੇ ਜਾਂ ਫਿਰ ਹੋਰਨਾਂ ਨੂੰ ਸੌਂਪ ਦਿੱਤੇ। ਇਹੀ ਬੀਬੀ ਰਾਜਿੰਦਰ ਕੌਰ ਪੰਜਾਬ ਵਿੱਚ ਉਭਾਰੇ ਗਏ ਅਤਿਵਾਦ ਦਾ ਸ਼ਿਕਾਰ ਹੋ ਗਈ। ਰਾਜਿੰਦਰ ਕੌਰ ਦਿੱਲੀ ਗੁਰਦੁਆਰਾ ਕਮੇਟੀ ਤੇ ਨਵੀਂ ਦਿੱਲੀ ਮਿਊਂਸਿਪਲ ਕਮੇਟੀ ਦੀ ਮੈਂਬਰ ਵੀ ਰਹੀ।

ਇਸੇ ਤਰ੍ਹਾਂ ਸੁਖਬੰਸ ਕੌਰ ਕਾਂਗਰਸ ਪਾਰਟੀ ਵਲੋਂ ਗੁਰਦਾਸਪੁਰ ਦੇ ਪਾਰਲੀਮੈਂਟਰੀ ਹਲਕੇ ਤੋਂ ਤਿੰਨ ਵਾਰ ਲੋਕ ਸਭਾ ਲਈ ਚੁਣੀ ਗਈ। ਇਹ ਪ੍ਰਸਿੱਧ (ਆਈ. ਜੀ.)

ਇਨਸਪੈਕਟਰ ਜਨਰਲ ਪੁਲੀਸ ਦੀ ਧਰਮ ਪਤਨੀ ਹੈ। ਆਪਣੇ ਰਾਜਨੀਤਿਕ ਜੀਵਨ ਵਿੱਚ ਇਹ ਇਕ ਲੋਕ ਸਭਾ ਦੀ ਚੋਣ ਹਾਰੀ, ਪਰ ਚੜ੍ਹਦੀ ਕਲਾ ਨਾਲ ਆਪਣੇ ਚੋਣ ਖੇਤਰ ਵਿੱਚ ਲੋਕ ਸੇਵਾ ਦੇ ਕੰਮ ਵਿੱਚ ਸਰਗਰਮ ਰਹੀ। ਇਕ ਵਾਰ ਕੁਝ ਸਮੇਂ ਲਈ ਕੇਂਦਰੀ ਮੰਤਰੀ ਮੰਡਲ ਵਿੱਚ ਵੀ ਕੁਝ ਸਮਾਂ ਦੇਸ਼ ਦੀ ਸੇਵਾ ਕਰਨ ਦਾ ਅਵਸਰ ਮਿਲਿਆ।

ਇਸੇ ਤਰ੍ਹਾਂ ਵਰਤਮਾਨ ਲੋਕ ਸਭਾ ਵਿੱਚ ਮਹਾਰਾਣੀ ਪਰਨਮੀਤ ਕੌਰ ਪਟਿਆਲੇ ਦੇ ਚੋਣ ਖੇਤਰ ਤੋਂ ਪਾਰਲੀਮੈਂਟ ਦੀ ਮੈਂਬਰ ਚੁਣ ਕੇ ਆਈ ਹੈ। ਇਸ ਤਰ੍ਹਾਂ ਰਾਜਨੀਤਕ ਖੇਤਰ ਵਿੱਚ ਸਿੱਖ ਨਾਰੀਆਂ ਅਕਾਲੀ ਦਲ ਤੇ ਕਾਂਗਰਸ ਦੋਹਾਂ ਵਲੋਂ ਚੁਣ ਕੇ ਆਉਂਦੀਆਂ ਰਹੀਆਂ ਹਨ। ਪੰਜਾਬ ਵਿੱਚ ਇਕ ਵਾਰ ਸਰਦਾਰਨੀ ਰਾਜਿੰਦਰ ਕੌਰ ਭੱਠਲ, ਪੰਜਾਬ ਦੀ ਮੁੱਖ ਮੰਤਰੀ ਵੀ ਬਣੀ। ਉਹਦੇ ਰਾਜ ਕਾਲ ਵਿੱਚ ਕਈ ਚੰਗੇ ਕਾਰਜ ਹੋਏ। ਅੱਜ ਵੀ ਉਹ ਪੰਜਾਬ ਵਿਧਾਨ ਸਭਾ ਦੀ ਮੈਂਬਰ ਹੀ ਨਹੀਂ, ਸਗੋਂ ਪੰਜਾਬ ਮੰਤਰੀ ਮੰਡਲ ਵਿੱਚ ਵੀ ਸ਼ਾਮਲ ਹੈ। ਕਾਂਗਰਸ ਪਾਰਟੀ ਦੇ ਮੁੱਖੀ ਨੇਤਾਵਾਂ ਵਿੱਚ ਗਿਣੀ ਜਾਂਦੀ ਹੈ। ਉਹ ਮੁੱਖ ਮੰਤਰੀ ਬਣਨ ਦੀ ਦਾਵੇਦਾਰ ਸੀ, ਪਰ ਕਾਂਗਰਸ ਹਾਈ ਕਮਾਂਡ ਦੇ ਫ਼ੈਸਲੇ ਅਨੁਸਾਰ ਉਹਨੂੰ ਮੰਤਰੀ ਪਦ ਦਾ ਅਹੁੱਦਾ ਹੀ ਸਵੀਕਾਰ ਕਰਨਾ ਪਿਆ।

ਪੰਜਾਬ ਮੰਤਰੀ ਮੰਡਲ ਵਿੱਚ ਇਕ ਦਰਜਨ ਤੋਂ ਵਧ ਸਰਦਾਰਨੀਆਂ ਮੰਤਰੀ ਪਦ ਤੇ ਸੁਸ਼ੋਭਿਤ ਰਹੀਆਂ ਹਨ। ਪਿਛਲੇ ਬਾਦਲ ਮੰਤਰੀ ਮੰਡਲ ਵਿੱਚ ਤਿੰਨ ਵਿਸ਼ੇਸ਼ ਸਿੰਘਣੀਆਂ ਨੇ ਮੰਤਰੀ ਮੰਡਲ ਵਿੱਚ ਨਾਮਣਾ ਖੱਟਿਆ। ਇਹਨਾਂ ਵਿੱਚ ਵਿਸ਼ੇਸ਼ ਨਾਮ ਉਪਿੰਦਰਜੀਤ ਕੌਰ ਦਾ ਹੈ। ਜੋ ਸ੍ਰ. ਆਤਮਾ ਸਿੰਘ (ਸਵਰਗਵਾਸੀ) ਜੀ ਦੀ ਸਪੁੱਤਰੀ ਹੈ। ਹਲਕਾ ਸੁਲਤਾਨਪੁਰ ਲੋਧੀ ਤੋਂ ਪੰਜਾਬ ਵਿਧਾਨ ਸਭਾ ਲਈ ਚੁਣ ਕੇ ਆਈ ਅਤੇ ਮੰਤਰੀ ਪਦ ਸੰਭਾਲਿਆ। ਇਸੇ ਤਰ੍ਹਾਂ ਸਤਵੰਤ ਕੌਰ ਸਿੱਧੂ, ਜਾਗੀਰ ਕੌਰ ਤੇ ਮਹਿੰਦਰ ਕੌਰ ਸ਼ਾਮ ਚੁਰਾਸੀ ਵੀ ਪੰਜਾਬ ਵਜ਼ਾਰਤ ਵਿੱਚ ਮੰਤਰੀ ਰਹੀਆਂ। ਪੰਜਾਬ ਵਿੱਚ ਕਾਂਗਰਸ ਰਾਜ ਹੋਵੇ ਜਾਂ ਅਕਾਲੀ ਪਾਰਟੀ ਦਾ, ਹਰ ਮੰਤਰੀ ਮੰਡਲ ਵਿੱਚ ਸਿੱਖ ਨਾਰੀਆਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸੇ ਤਰ੍ਹਾਂ ਲੋਕਤੰਤਰ ਵਿੱਚ ਸਿੰਘਣੀਆਂ ਪੰਚ, ਸਰਪੰਚ ਤੇ ਜ਼ਿਲ੍ਹਾ ਪਰਿਸ਼ਦਾਂ ਵਿੱਚ ਵੀ ਮੁੱਖ ਸੇਵਾ ਨਿਭਾਉਂਦੀਆਂ ਰਹੀਆਂ ਹਨ। ਕਈ ਸਰਦਾਰਨੀਆਂ ਆਈ. ਏ. ਐਸ., ਪੀ. ਸੀ. ਐਸ. ਬਣ ਕੇ ਵੱਖ ਵੱਖ ਵਿਭਾਗਾਂ ਵਿੱਚ ਜਾਂ ਡਾਇਰੈਕਟਰ ਦੇ ਅਹੁਦੇ 'ਤੇ ਕੰਮ ਕਰ ਰਹੀਆਂ ਹਨ।

ਸਰਦਾਰਨੀ ਲਖਵਿੰਦਰ ਕੌਰ ਗਰਚਾ, ਪੰਜਾਬ ਦੀ ਪਹਿਲੀ ਨਾਰੀ ਹੈ ਜੋ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਆਫ਼ੀਸਰ ਆਨ ਸਪੈਸ਼ਲ ਡਿਊਟੀ ਨਿਯੁਕਤ ਹੋਈ ਹੈ। ਇਸ ਤੋਂ ਪਹਿਲਾਂ ਕਦੀ ਕਿਸੇ ਮੁੱਖ ਮੰਤਰੀ ਨੇ ਇਹ ਉੱਚ ਪਦਵੀ ਕਿਸੇ ਨਾਰੀ ਨੂੰ ਨਹੀਂ ਦਿੱਤੀ। ਲਖਵਿੰਦਰ ਕੌਰ ਗਰਚਾ ਦਾ ਜਨਮ 1953 ਵਿੱਚ ਮੰਡੀ ਅਹਿਮਦ ਗੜ੍ਹ ਦੇ ਉਘੇ ਸਿੱਖ ਘਰਾਣੇ ਵਿੱਚ ਹੋਇਆ। 1968 ਵਿੱਚ ਕੈਪਟਨ ਬੀ. ਐਸ. ਗਰਚਾ ਨਾਲ ਸ਼ਾਦੀ ਹੋਈ। ਵਿਆਹ ਪਿਛੋਂ ਵੀ ਇਸ ਨੇ ਆਪਣੀ ਕਾਲਜ ਦੀ ਪੜ੍ਹਾਈ ਜਾਰੀ ਰੱਖੀ। ਸਕੂਲ ਤੇ ਕਾਲਜ ਵਿੱਚ ਵੀ ਇਹ ਵਿਦਿਆਰਥੀ ਜੱਥੇਬੰਦੀਆਂ ਵਿੱਚ ਸਰਗਰਮ ਰਹੀ। ਇਹਦੀ ਰਾਜਨੀਤਿਕ ਜੀਵਨ ਵਿੱਚ ਮੁੱਢ ਤੋਂ ਹੀ ਵਧੇਰੇ ਦਿਲਚਸਪੀ ਰਹੀ। ਸੰਨ 1986 ਵਿੱਚ ਮੁਹਾਲੀ ਵਿੱਚ ਆਪਣਾ ਕਾਰੋਬਾਰ ਸ਼ੁਰੂ ਕੀਤਾ। ਸੰਨ 1990 ਵਿੱਚ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਈ ਅਤੇ ਮੁਹਾਲੀ ਮਿਉਂਸਿਪਲ ਕਮੇਟੀ ਦੀ ਮੈਂਬਰ ਚੁਣੀ ਗਈ। ਕੈਪਟਨ ਅਮਰਿੰਦਰ

ਸਿੰਘ ਜਦੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਬਣੇ, ਤਾਂ ਇਹਨਾਂ ਨੂੰ ਪੰਜਾਬ ਕਾਂਗਰਸ ਦਾ ਜੱਥੇ ਬੰਦਕ ਸਕੱਤਰ ਨਿਯੁਕਤ ਕੀਤਾ। ਆਪਣੇ ਕੰਮ ਕਰਨ ਦੀ ਲਗਨ ਤੇ ਪਾਰਟੀ ਲਈ ਉੱਦਮ ਕਾਰਨ ਸੰਨ 1999 ਵਿੱਚ ਪੰਜਾਬ ਕਾਂਗਰਸ ਦੀ ਜਨਰਲ ਸਕੱਤਰ ਨਿਯੁਕਤ ਹੋਈ। ਜਿਮਨੀ ਚੋਣਾਂ ਤੇ ਸੰਨ 2002 ਦੀਆਂ ਜਨਰਲ ਚੋਣਾਂ ਵਿੱਚ ਵਧੀਆ ਕੰਮ ਕਰਨ ਕਾਰਨ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਪਦ ਸੰਭਾਲਿਆ ਤੇ ਲਖਵਿੰਦਰ ਕੌਰ ਗਰਚਾ ਨੂੰ ਆਪਣਾ OS.D ਲਾਇਆ। ਇਹ ਮੁੱਖ ਮੰਤਰੀ ਦੇ ਕਾਰਜ ਖੇਤਰ ਵਿੱਚ ਮਹੱਤਵ ਪੂਰਨ ਪਦਵੀ ਹੈ। ਇਸ ਤੋਂ ਪਹਿਲਾਂ ਵੱਡੇ ਵੱਡੇ ਆਈ. ਏ. ਐਸ. ਜਾਂ ਵਿਸ਼ੇਸ਼ ਰਾਜਸੀ ਆਗੂ ਹੀ ਇਸ ਪਦਵੀ 'ਤੇ ਲਾਏ ਗਏ।

ਖੇਡਾਂ ਦੇ ਪਿੜ ਵਿੱਚ ਸਿੱਖ ਬੱਚੀਆਂ ਨੇ ਕਾਫੀ ਨਾਂ ਖੱਟਿਆ ਹੈ। ਭਾਰਤ ਦੀ ਨਾਰੀ ਹਾਕੀ ਟੀਮ ਵਿੱਚ ਕਈ ਸਿੱਖ ਬੱਚੀਆਂ ਕੌਮਾਂਤਰੀ ਮੁਕਾਬਲਿਆਂ ਲਈ ਗਈਆਂ। ਜਿਮਨਾਸਟਿਕ ਦੇ ਕਈ ਇਨਾਮ ਜਿੱਤੇ। ਏਸ਼ਿਆਈ ਖੇਡਾਂ ਵਿੱਚ ਵੀ ਗੋਲਡ ਮੈਡਲ ਜਿੱਤਣ ਵਾਲੀ ਸਿੱਖ ਮੁਟਿਆਰ ਸੀ। ਪੁਲਿਸ ਵਿੱਚ ਵੀ ਕਈ ਉੱਚ ਪਦਵੀਆਂ 'ਤੇ ਸਿੱਖ ਮੁਟਿਆਰਾਂ ਨੇ ਨਾਮਣਾ ਖੱਟਿਆ ਹੈ। ਫਾਇਰ ਫਾਈਟਿੰਗ ਤੇ ਸੁਰੱਖਿਆ ਦੀ ਟ੍ਰੇਨਿੰਗ ਲੈ ਕੇ ਸਿੱਖ ਨਾਰੀਆਂ ਨੇ ਟਰੱਕ ਚਲਾਉਣ ਤੋਂ ਇਲਾਵਾ ਯੁੱਧ ਦੇ ਮੈਦਾਨ ਵਿੱਚ ਫੌਜੀ ਸੇਵਾ ਵਿੱਚ ਵੀ ਸਿੱਖ ਨਾਰੀਆਂ ਪਿਛੇ ਨਹੀਂ ਰਹੀਆਂ।

ਬੀਬੀ ਜਾਗੀਰ ਕੌਰ ਪਹਿਲੀ ਸਿੱਖ ਨਾਰੀ ਹੈ, ਜੋ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੀ ਪ੍ਰਧਾਨ ਚੁਣੀ ਗਈ। ਇਸ ਤੋਂ ਪਹਿਲਾਂ ਕਦੀ ਵੀ ਕੋਈ ਸਿੰਘਣੀ ਇਸ ਅਹੁਦੇ ਲਈ ਨਹੀਂ ਚੁਣੀ ਗਈ। ਬੀਬੀ ਜਾਗੀਰ ਕੌਰ ਜ਼ਿਲ੍ਹਾ ਕਪੂਰਥਲਾ ਦੇ ਹਲਕਾ ਭੁਲੱਥ ਤੋਂ ਪਹਿਲੀ ਵਾਰ ਸੰਨ 1997 ਵਿੱਚ ਪੰਜਾਬ ਵਿਧਾਨ ਸਭਾ ਲਈ ਚੁਣੀ ਗਈ। ਪੰਜਾਬ ਵਿਧਾਨ ਸਭਾ ਦੀ ਮੈਂਬਰ ਬਣੀ ਤੇ ਸ੍ਰ. ਪ੍ਰਕਾਸ਼ ਸਿੰਘ ਬਾਦਲ ਦੇ ਮੰਤਰੀ ਮੰਡਲ ਵਿੱਚ ਆ ਗਈ। ਇਕ ਸਾਲ ਪਿਛੋਂ ਮੰਤਰੀ ਮੰਡਲ ਤੋਂ ਅਸਤੀਫਾ ਦੇ ਕੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੀ ਪ੍ਰਧਾਨ ਬਣ ਗਈ। ਮਰਦ ਪ੍ਰਧਾਨ ਸਮਾਜ ਵਿੱਚ ਉਸ ਦੀ ਬੜੀ ਵਿਰੋਧਤਾ ਸ਼ੁਰੂ ਹੋ ਗਈ। ਕਿਸੇ ਪਰਿਵਾਰਕ ਝਗੜੇ ਝਮੇਲੇ ਵਿੱਚ, ਉਹ ਪਹਿਲਾਂ ਤਾਂ ਡੱਟੀ ਰਹੀ, ਫਿਰ ਅਖ਼ੀਰ ਸ਼੍ਰੋਮਣੀ ਕਮੇਟੀ ਦੀ ਸਾਲਾਨਾ ਚੋਣ ਵੇਲੇ ਉਹਨੇ ਤਿਆਗ ਪੱਤਰ ਦੇ ਦਿੱਤਾ। ਸੰਨ 2002 ਦੀਆਂ ਚੋਣਾਂ ਵਿੱਚ ਉਹ ਆਪਣੇ ਹਲਕਾ ਭੁਲੱਥ ਤੋਂ ਫਿਰ ਵਿਧਾਨ ਸਭਾ ਦੀ ਮੈਂਬਰ ਚੁਣੀ ਗਈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਇਤਿਹਾਸ ਵਿੱਚ ਦੂਜੀ ਵਰਨਣ ਯੋਗ ਸਿੱਖ ਨਾਰੀ ਕਿਰਨਜੋਤ ਕੌਰ ਹੈ, ਜੋ ਪਹਿਲਾਂ ਅੰਮ੍ਰਿਤਸਰ ਸ਼ਹਿਰ ਦੇ ਹਲਕੇ ਤੋਂ ਚੋਣ ਲੜ ਕੇ ਸ਼੍ਰੋਮਣੀ ਕਮੇਟੀ ਦੀ ਮੈਂਬਰ ਬਣੀ ਅਤੇ ਫਿਰ ਜਨਰਲ ਸਕੱਤਰ ਚੁਣੀ ਗਈ। ਸ਼੍ਰੋਮਣੀ ਕਮੇਟੀ ਦੀ ਜਨਰਲ ਸਕੱਤਰ ਬਣਨ ਵਾਲੀ ਇਹ ਪਹਿਲੀ ਨਾਰੀ ਹੈ। ਬੀਬੀ ਕਿਰਨਜੋਤ ਕੌਰ ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ ਦੀ ਦੋਹਤਰੀ ਤੇ ਬੀਬੀ ਰਾਜਿੰਦਰ ਕੌਰ ਸਾਬਕਾ ਮੈਂਬਰ ਰਾਜ ਸਭਾ ਦੀ ਸੁਘੜ ਸਿਆਣੀ ਸਪੁੱਤਰੀ ਹੈ। ਇਹ ਮਾਸਟਰ ਤਾਰਾ ਸਿੰਘ ਜੀ ਦੇ ਸ਼ੁਰੂ ਕੀਤੇ ਮਾਸਿਕ ਪੱਤਰ 'ਸੰਤ ਸਿਪਾਹੀ' ਦੀ ਸੰਪਾਦਿਕਾ ਵੀ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਜਿਥੇ ਕਦੇ ਨਿਰਲੇਪ ਕੌਰ

ਅਤੇ ਰਾਜਿੰਦਰ ਕੌਰ ਮੈਂਬਰ ਰਹੀਆਂ ਹਨ, ਉਥੇ ਅੱਜ ਕਲ੍ਹ ਸਿੱਖ ਨਾਰੀਆਂ ਦੀ ਦਲਜੀਤ ਕੌਰ ਪ੍ਰਤੀਨਿਧਤਾ ਕਰ ਰਹੀ ਹੈ। ਜੋ ਹਲਕਾ ਮੋਤੀ ਬਾਗ ਤੋਂ ਚੋਣ ਜਿੱਤ ਕੇ ਮੈਂਬਰ ਬਣੀ ਹੈ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਕਾਸ ਕਾਰਜਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਂਦੀ ਹੈ। ਵਿਦਿਆ, ਗੁਰਮਤਿ, ਸੰਗੀਤ ਤੇ ਧਾਰਮਕ ਕਾਰਜਾਂ ਵਿੱਚ ਸਰਗਰਮ ਰਹਿਣ ਕਾਰਨ ਕੁਝ ਸਮਾਂ ਗੁਰਮਤਿ ਕਾਲਜ ਆਦਿ ਖੇਤਰਾਂ ਦੀ ਚੇਅਰਮੈਨ ਵੀ ਰਹੀ। ਇਸੇ ਤਰ੍ਹਾਂ ਦੇਸ਼ ਵਿੱਚ ਕਈ ਸਿੰਘ ਸਭਾਵਾਂ ਦੀ ਪ੍ਰਧਾਨਗੀ ਵੀ ਬੜੀ ਸਫਲਤਾ ਪੂਰਵਕ ਨਿਭਾਈ ਹੈ।

ਵਿਦਿਆ ਦੇ ਖੇਤਰ ਵਿੱਚ ਕਈ ਸਿੱਖ ਨਾਰੀਆਂ ਨੇ ਨਾਮਣਾ ਖੱਟਿਆ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਵਾਇਸ ਚਾਂਸਲਰ ਸਰਦਾਰਨੀ ਇੰਦਰਜੀਤ ਕੌਰ ਰਹੀ। ਪੰਜਾਬ ਦੀਆਂ ਯੂਨੀਵਰਸਿਟੀਆਂ ਵਿੱਚ ਵਾਇਸ ਚਾਂਸਲਰ ਰਹਿਣ ਵਾਲੀ ਇਹ ਇਕੋ ਇਕ ਨਾਰੀ ਸੀ। ਇਹ ਪਹਿਲਾਂ ਇਕ ਕਾਲਜ ਦੀ ਪ੍ਰਿੰਸੀਪਲ ਸੀ। ਸਫਲ ਪ੍ਰਬੰਧਕ ਹੋਣ ਕਾਰਨ ਇਹਨੂੰ ਪੰਜਾਬੀ ਯੂਨੀਵਰਸਿਟੀ ਦਾ ਵਾਇਸ ਚਾਂਸਲਰ ਬਣਾਇਆ ਗਿਆ। ਇਹੀ ਇੰਦਰਜੀਤ ਕੌਰ ਪੰਜਾਬੀ ਦੇ ਪੱਤਰਕਾਰ ਤੇ ਉੱਘੇ ਲੇਖਕ ਗਿਆਨੀ ਗੁਰਦਿੱਤ ਸਿੰਘ ਦੀ ਧਰਮ ਪਤਨੀ ਸੀ।

ਭਗਤ ਪੂਰਨ ਸਿੰਘ ਦੇ ਅਰੰਭੇ ਅਲੌਕਿਕ ਮਾਨਵ ਸੇਵਾ ਦੇ ਕਾਰਜ ਵਿੱਚ ਹੁਣ ਅੱਜ ਕੱਲ ਭਗਤ ਜੀ ਦੀ ਥਾਂ ਸੇਵਾ ਦਾ ਸਾਰਾ ਕਾਰਜ ਡਾ. ਇੰਦਰਜੀਤ ਕੌਰ ਨਿਭਾ ਰਹੀ ਹੈ। ਭਿਆਨਕ ਰੋਗ ਵਿੱਚ ਗ੍ਰਸੇ ਨਰ-ਨਾਰੀਆਂ, ਮਾਨਸਿਕ ਸੰਤੁਲਨ ਗੁਆ ਚੁੱਕੇ ਮਰਦ ਤੇ ਔਰਤਾਂ, ਪਿੰਗਲੇ ਤੇ ਅਪਾਹਜ ਲੋਕਾਂ ਦੀ ਸੇਵਾ ਕਰਨੀ ਕਿਤਨੀ ਕਠਿਨ ਹੈ, ਪਰ ਇਸ ਸੇਵਾ ਵਿੱਚ ਦਿਨ-ਰਾਤ ਜੁੱਟੀ ਡਾ. ਇੰਦਰਜੀਤ ਕੌਰ ਬੜੇ ਠਰੰਮੇ ਸ਼ਾਂਤੀ ਤੇ ਪਿਆਰ ਨਾਲ ਪਿੰਗਲਵਾੜੇ ਵਿੱਚ ਦਾਖ਼ਲ ਮਰਦ, ਔਰਤਾਂ ਤੇ ਬੱਚਿਆਂ ਦੀ ਸੇਵਾ ਵਿੱਚ ਆਪਣਾ ਜੀਵਨ ਲਾ ਰਹੀ ਹੈ। ਮਦਰ ਟਰੇਸਾ ਵਾਂਗ ਇਹ ਵੀ ਦੇਸ਼ ਦੇ ਦੁਖੀ ਵਰਗ ਦੀ ਮਹਾਨ ਸੇਵਾ ਕਰ ਰਹੀ ਹੈ।

ਪੰਜਾਬ ਦੇ ਦਿੱਲੀ ਦੇ ਇਕ ਦਰਜਨ ਤੋਂ ਵਧੇਰੇ ਕਾਲਜਾਂ ਵਿੱਚ ਸਿੱਖ ਨਾਰੀਆਂ ਪ੍ਰਿੰਸੀਪਲ ਲੱਗੀਆਂ ਹੋਈਆਂ ਹਨ। ਉਹ ਜਿੱਥੇ ਸਫਲ ਪ੍ਰਬੰਧਕ ਹਨ, ਉਥੇ ਵਿਦਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਵੀ ਯਤਨਸ਼ੀਲ ਹਨ। ਦਿੱਲੀ ਵਿੱਚ ਹੀ ਜਿੱਥੇ ਪ੍ਰਿੰਸੀਪਲ ਮਹਿੰਦਰ ਕੌਰ ਗਿੱਲ ਮਾਤਾ ਸੁੰਦਰੀ ਕਾਲਜ ਦੀ ਵੀਹ ਸਾਲ ਪ੍ਰਿੰਸੀਪਲ ਰਹੀ ਹੈ, ਉਥੇ ਹੁਣ ਸ੍ਰੀਮਤੀ ਡਾ. ਸਤਨਾਮ ਕੌਰ ਪ੍ਰਿੰਸੀਪਲ ਨਿਯੁਕਤ ਹੈ। ਡਾ. ਤਜਿੰਦਰ ਕੌਰ ਭਗਤ ਸਿੰਘ ਕਾਲਜ ਵਿੱਚ ਪ੍ਰਿੰਸੀਪਲ ਹੈ। ਸ਼ਾਮ ਪ੍ਰਸ਼ਾਦ ਮੁਕਰਜੀ ਕਾਲਜ ਦੀ ਪ੍ਰਿੰਸੀਪਲ ਸੁਰਜੀਤ ਕੌਰ ਜੌਲੀ ਹੈ। ਮਹਿੰਦਰ ਕੌਰ ਗਿੱਲ ਦੀਆਂ ਵਰਨਣ ਯੋਗ ਵਿਸ਼ੇਸ਼ ਰਚਨਾਵਾਂ ਦੇ ਨਾਂ ਹਨ। 'ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ-ਕਲਾ', 'ਗੁਰਮਤਿ ਸੋਝੀ', 'ਬਾਣੀ ਸਾਰ', 'ਬਾਣੀ ਦਾ ਰੂਪ ਪ੍ਰਬੰਧ', 'ਗੁਰੂ ਮਹਿਲ ਗਾਥਾ', 'ਮਾਤਾ ਸੁੰਦਰੀ ਜੀ', 'ਦਸਮ ਗੁਰੂ ਦਾ ਰਚਨਾ ਸੰਸਾਰ'।

ਪੰਜਾਬੀ ਸਾਹਿਤ ਦੇ ਵੱਖ-ਵੱਖ ਰੂਪਾਂ ਵਿੱਚ ਕਵਿਤਾ, ਨਾਵਲ, ਨਾਟਕ, ਕਹਾਣੀਆਂ ਲਿਖਣ ਵਾਲੀਆਂ ਇਕ ਦਰਜਨ ਤੋਂ ਵਧੇਰੇ ਸਿੱਖ ਨਾਰੀਆਂ ਰਚਨਾ ਸੰਸਾਰ ਵਿੱਚ ਉੱਘਾ ਸਥਾਨ ਪ੍ਰਾਪਤ ਕਰ ਚੁੱਕੀਆਂ ਹਨ। ਪਰ ਗੁਰਮਤਿ, ਸਿੱਖ ਇਤਿਹਾਸ ਤੇ ਸਿੱਖ ਸਭਿਆਚਾਰ ਬਾਰੇ ਲਿਖਣ ਵਾਲੀਆਂ ਬਹੁਤ ਘੱਟ ਸਿੱਖ ਨਾਰੀਆਂ ਹਨ। ਇਹਨਾਂ ਵਿੱਚ ਇਕ ਉੱਘਾ ਨਾਂ

ਡਾ. ਮਹਿੰਦਰ ਕੌਰ ਗਿੱਲ ਦਾ ਹੈ। ਜੋ ਪਿਛਲੇ 45 ਸਾਲਾਂ ਵਿੱਚ 100 ਤੋਂ ਵੱਧ ਪੁਸਤਕਾਂ ਦੀ ਸੰਪਾਦਿਕਾ ਤੇ ਲੇਖਿਕਾ ਹੈ। ਇਹਨੇ ਭਾਵੇਂ ਪੰਜਾਬੀ ਕਵਿਤਾ ਤੇ ਵਿਹਾਰਿਕ ਪੰਜਾਬੀ ਆਦਿ ਬਾਰੇ ਵੀ ਕੁਝ ਰਚਨਾਵਾਂ ਦਿੱਤੀਆਂ ਹਨ, ਪਰ ਇਸ ਦਾ ਬਹੁਤਾ ਕਾਰਜ ਖੇਤਰ ਗੁਰਬਾਣੀ ਦੀ ਵਿਆਖਿਆ ਹੈ। ਗੁਰਮਤਿ ਵਿਆਕਰਣ ਤੇ ਸਿੱਖ ਇਤਿਹਾਸ ਹੈ। ਮਾਤਾ ਸੁੰਦਰੀ ਕਾਲਜ ਦੀ ਪ੍ਰਿੰਸੀਪਲ ਹੁੰਦਿਆਂ ਕਈ ਚਿਰ ਇਹ ਹਰ ਸਾਲ ਸਿੱਖ ਇਤਿਹਾਸ ਤੇ ਸਿੱਖ ਸਭਿਆਚਾਰ ਬਾਰੇ ਤਿੰਨ-ਚਾਰ ਸੈਮੀਨਾਰ ਕਰਵਾਉਂਦੀ ਰਹੀ। ਜਿਤਨੇ ਵੀ ਖੋਜ ਪੱਤਰ ਇਹਨਾਂ ਸੈਮੀਨਾਰਾਂ ਵਿੱਚ ਪੜ੍ਹੇ ਜਾਂਦੇ ਰਹੇ, ਉਨ੍ਹਾਂ ਨੂੰ ਸੰਪਾਦਿਤ ਕਰਕੇ ਪੁਸਤਕ ਰੂਪ ਵਿੱਚ ਛਪਵਾਉਂਦੀ ਰਹੀ। ਸਿੱਖ ਸ਼ਹੀਦਾਂ, ਸਿੱਖ ਜਰਨੈਲਾਂ, ਸਿੱਖ ਮਿਸਲਾਂ ਤੇ ਆਗੂਆਂ ਤੇ ਸਿੱਖ ਵਿਦਵਾਨਾਂ ਬਾਰੇ ਜੋ ਸੈਮੀਨਾਰ ਕਰਵਾਏ, ਉਹਨਾਂ ਦੇ ਲੰਮੇ ਮੁੱਖਬੰਦ ਲਿਖ ਕੇ ਸਿੱਖ ਸਾਹਿਤ ਦਾ ਬਹੁਤ ਸਾਰਾ ਭੰਡਾਰ ਭਰਿਆ। ਡਾ. ਮਹਿੰਦਰ ਕੌਰ ਗਿੱਲ ਦੇ ਇਸ ਉੱਦਮ ਨਾਲ ਕਈ ਹੋਰ ਸਿੱਖ ਨਾਰੀਆਂ ਵੀ ਇਸ ਪਾਸੇ ਰੁਚਿਤ ਹੋਈਆਂ ਤੇ ਉਹਨਾਂ ਨੇ ਸਿੱਖ ਧਰਮ, ਸਿੱਖ ਇਤਿਹਾਸ ਤੇ ਸਿੱਖ ਰਹਿਣੀ-ਬਹਿਣੀ ਬਾਰੇ ਖੋਜ ਭਰਪੂਰ ਪੇਪਰ ਪੜ੍ਹਨੇ ਸ਼ੁਰੂ ਕੀਤੇ।

ਦਿੱਲੀ ਵਿੱਚ ਅਜਿਹੀਆਂ ਸਿੱਖ ਇਸਤ੍ਰੀਆਂ ਵਿੱਚੋਂ ਪ੍ਰਿੰਸੀਪਲ ਸੁਰਜੀਤ ਕੌਰ ਜਾਲੀ (ਸ਼ਾਮਾ ਪ੍ਰਸ਼ਾਦਿ ਮੁਕਰਜੀ ਕਾਲਜ) ਡਾ. ਹਰਬੰਸ ਕੌਰ, ਡਾ. ਤਜਿੰਦਰ ਕੌਰ, ਡਾ. ਹਰਜਿੰਦਰ ਕੌਰ (ਮਾਤਾ ਸੁੰਦਰੀ ਕਾਲਜ) ਅਤੇ ਡਾ. ਇਕਬਾਲ ਕੌਰ ਦੇ ਨਾਂ ਵਿਸ਼ੇਸ਼ ਹਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਵਿੱਚ ਡਾ. ਗੁਰਨਾਮ ਕੌਰ ਨੇ ਗੁਰਮਤਿ ਸਾਹਿਤ 'ਤੇ ਚੋਖਾ ਕੰਮ ਕੀਤਾ ਹੈ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਡਾ. ਮਦਨਜੀਤ ਕੌਰ ਨੇ ਇਤਿਹਾਸ ਵਿਭਾਗ ਦੀ ਮੁਖੀ ਹੁੰਦਿਆਂ, ਸਿੱਖ ਇਤਿਹਾਸ ਬਾਰੇ ਕਈ ਉੱਘੀਆਂ ਰਚਨਾਵਾਂ ਲਿਖੀਆਂ ਹਨ। ਇਸੇ ਤਰ੍ਹਾਂ ਦਿੱਲੀ ਯੂਨੀਵਰਸਿਟੀ ਵਿੱਚ ਹਿਸਾਬ (ਮੈਥ) ਵਿਭਾਗ ਦੀ ਮੁਖੀ ਅਜੀਤ ਇਕਬਾਲ ਕੌਰ ਨੇ ਚੜ੍ਹਦੀ ਕਲਾ ਨਾਲ ਕੰਮ ਕੀਤਾ ਹੈ। ਜਗਜੀਤ ਕੌਰ ਜਲੰਧਰ ਤੇ ਦਲਜੀਤ ਕੌਰ ਜਮਨਾ ਨਗਰ ਨੇ ਵੀ ਸਿੱਖ ਇਤਿਹਾਸ ਬਾਰੇ ਕਈ ਰਚਨਾਵਾਂ ਕੌਮ ਦੀ ਝੋਲੀ ਵਿੱਚ ਪਾਈਆਂ।

ਦਰਜਨਾਂ ਸਿੱਖ ਨਾਰੀਆਂ ਐਲ. ਐਲ. ਬੀ. ਕਰਨ ਤੋਂ ਪਿਛੋਂ ਵਕਾਲਤ ਦੇ ਖੇਤਰ ਵਿੱਚ ਆ ਚੁੱਕੀਆਂ ਹਨ। ਫਿਰ ਜੁਡੀਸ਼ਰੀ ਦੇ ਪਿੜ ਵਿੱਚ ਵੀ ਨਾਮਣਾ ਖੱਟ ਚੁਕੀਆਂ ਹਨ। ਪੰਜਾਬ ਤੇ ਹਰਿਆਣਾ ਹਾਈਕੋਰਟ, ਦਿੱਲੀ ਹਾਈ ਕੋਰਟ ਤੇ ਇਲਾਹਾਬਾਦ ਹਾਈ ਕੋਰਟ ਵਿੱਚ ਵੀ ਕਈ ਸਿੱਖ ਨਾਰੀਆਂ ਮੱਧ ਸ਼੍ਰੇਣੀ ਦੇ ਮੁਕਾਬਲੇ ਤੇ ਕਾਨੂੰਨੀ ਲੜਾਈ ਲੜ ਰਹੀਆਂ ਹਨ। ਸਾਡੀ ਜਾਣਕਾਰੀ ਅਨੁਸਾਰ ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਜੱਜ ਸਰਦਾਰਨੀ ਬਖ਼ਸ਼ੀਸ਼ ਕੌਰ ਕੁਝ ਮਹੀਨੇ ਹੋਏ ਹੁਣ ਸੇਵਾ ਮੁਕਤ ਹੋਈ ਹੈ। ਹਾਈਕੋਰਟ ਦੇ ਵਕੀਲਾਂ ਨੇ ਦੱਸਿਆ ਹੈ ਕਿ ਜਸਟਿਸ ਬਖ਼ਸ਼ੀਸ਼ ਕੌਰ ਦੇ ਕਈ ਫੈਸਲੇ ਮਹੱਤਵ ਪੂਰਨ ਤੇ ਇਤਿਹਾਸਕ ਪ੍ਰਸਿੱਧ ਹਨ।

ਜਿਥੋਂ ਤੱਕ ਵਪਾਰ ਦਾ ਸਬੰਧ ਹੈ, ਇਸ ਖੇਤਰ ਵਿੱਚ ਵੀ ਕਈ ਸਿੱਖ ਨਾਰੀਆਂ ਦੇਸ਼ ਦੇ ਅੰਦਰ ਤੇ ਬਾਹਰ ਇਮਪੋਰਟ ਤੇ ਐਕਸਪੋਰਟ ਦੇ ਕੰਮ ਵਿੱਚ ਬਹੁਤ ਜ਼ਿਆਦਾ ਕਮਾਈ ਦੇ ਉਪਰਾਲੇ ਵਿੱਚ ਕਾਮਯਾਬ ਹੋਈਆਂ ਹਨ। ਖ਼ਾਸ ਕਰਕੇ ਰੈਡੀਮੇਡ ਕਪੜੇ, ਚਮੜੇ ਦੇ ਵਿਸ਼ੇਸ਼ ਡਿਜ਼ਾਇਨ ਦੇ ਪਰਸ, ਬੈਗ ਤੇ ਅਨੇਕਾਂ ਪ੍ਰਕਾਰ ਦੀਆਂ ਮਾਲਾ, ਗਾਨੀਆਂ, ਚੈਨਾਂ ਆਦਿ ਤੇ ਜਿਊਲਰੀ ਦੀਆਂ ਤੇ ਹੋਰ ਚੀਜ਼ਾਂ ਰਾਹੀਂ ਵੀ ਯੂਰਪ ਤੇ ਦੂਜੇ

ਪੱਛਮੀ ਦੇਸ਼ਾਂ ਦੀਆਂ ਮੰਡੀਆਂ ਵਿੱਚ ਸਫਲਤਾ ਪੂਰਵਕ ਧਨ ਕਮਾਉਣ ਲਈ ਉਪਰਾਲੇ ਕਰ ਰਹੀਆਂ ਹਨ।

1984 ਦੇ ਸਿੱਖ ਵਿਰੋਧੀ ਦੰਗਿਆਂ ਨੇ ਸਿੱਖ ਔਰਤਾਂ ਦਾ ਚੋਖਾ ਜਾਨੀ-ਮਾਲੀ ਨੁਕਸਾਨ ਕੀਤਾ ਹੈ। ਹਜ਼ਾਰਾਂ ਭੈਣਾਂ ਤੇ ਵੀਰ ਮਾਵਾਂ ਦੇ ਪੁੱਤਰ ਤੇ ਸੁਹਾਗਣਾਂ ਦੇ ਸੁਹਾਗ ਸਿੱਖ ਵਿਰੋਧੀ ਦੰਗਿਆਂ ਦਾ ਸ਼ਿਕਾਰ ਬਣੇ, ਪਰ ਜਿਸ ਹਿੰਮਤ ਨਾਲ ਇਸ ਸੰਕਟ ਤੋਂ ਸਿੱਖ ਨਾਰੀਆਂ ਨਿਕਲੀਆਂ ਹਨ, ਉਹ ਵੀ ਦੁਨੀਆਂ ਭਰ ਦੇ ਨਾਰੀ ਸੰਸਾਰ ਲਈ ਇਕ ਮਿਸਾਲ ਹੈ। ਇਥੇ ਅਸੀਂ ਦੋ ਮਿਸਾਲਾਂ ਦਿੱਲੀ ਦੀਆਂ ਦਿੰਦੇ ਹਾਂ : ਸਮਰਾਟ ਇਨਕਲੇਵ ਵਿੱਚ ਇਕ ਸਿੱਖ ਫੌਜੀ ਦੇ ਘਰ ਨੂੰ ਲੁੱਟਣ ਲਈ ਸੈਂਕੜੇ ਗੈਰ ਸਿੱਖ ਹਥਿਆਰਬੰਦ ਹੋ ਕੇ ਆ ਚੜ੍ਹੇ, ਪਰ ਉਸ ਫੌਜੀ ਦੀ ਸਪੁੱਤਰੀ ਨੇ ਕਈ ਘੰਟੇ ਬੰਦੂਕ ਨਾਲ ਉਹਨਾਂ ਹਮਲਾਵਰਾਂ ਨੂੰ ਨੇੜੇ ਨਾ ਆਉਣ ਦਿੱਤਾ। ਅਖ਼ੀਰ ਪੁਲਸ ਨੇ ਆ ਕੇ ਉਹਨਾਂ ਫਸਾਦੀਆਂ ਦੇ ਮੁਕਾਬਲੇ ਤੇ ਇਸ ਮੁਟਿਆਰ ਦੀ ਬੰਦੂਕ ਖੋਹੀ। ਗੁਰਦੁਆਰਾ ਸੀਸ ਗੰਜ ਦੇ ਸਾਬਕਾ ਹੈਡ ਗ੍ਰੰਥੀ ਗਿਆਨੀ ਰਣਜੀਤ ਸਿੰਘ ਦੇ ਸ਼ਕਰਪੁਰ ਵਿੱਚ ਨਿਵਾਸ ਅਸਥਾਨ 'ਤੇ ਫਸਾਦੀਆਂ ਨੇ ਹਮਲਾ ਕਰਕੇ ਉਹਦੇ ਤਿੰਨ ਜੁਆਨ ਪੁੱਤਰਾਂ ਨੂੰ ਗਲੀ ਵਿੱਚ ਬੁਲਾ ਕੇ ਘਰ ਦੇ ਦਰਵਾਜ਼ੇ ਦੇ ਬਾਹਰ ਕਤਲ ਕੀਤਾ। ਕੋਈ ਮਹੱਲਾ ਨਿਵਾਸੀ ਸਹਾਇਤਾ ਲਈ ਨਾ ਨਿਕਲ ਸਕਿਆ। ਸਰਦਾਰਨੀਆਂ ਨੇ ਤਿੰਨ ਪੁੱਤਰਾਂ ਦੀਆਂ ਲਾਸ਼ਾਂ ਵਿਹੜੇ ਵਿੱਚ ਧੂਹ ਕੇ ਲਿਆਂਦੀਆਂ ਤੇ ਘਰ ਦਾ ਸਾਰਾ ਲੱਕੜੀ ਦਾ ਸਾਮਾਨ ਕੱਠਾ ਕਰ ਕੇ ਵਿਹੜੇ ਵਿੱਚ ਹੀ ਬੱਚਿਆਂ ਦਾ ਸਸਕਾਰ ਕੀਤਾ। ਇਸ ਅਤਿ ਔਖੀ ਘੜੀ ਵੇਲੇ ਮਾਂ ਦਾ ਜੁਆਨ ਪੁੱਤਰਾਂ ਦੀਆਂ ਲਾਸ਼ਾਂ ਦਾ ਇਕੱਠਿਆਂ ਸਸਕਾਰ ਕਰਨਾ ਸਬਰ ਸੰਤੋਖ ਦੀ ਮਿਸਾਲ ਹੈ।

ਗੁਰਮਤਿ ਸਿਧਾਂਤ ਤੇ ਨਰੋਈ ਜੀਵਨ ਜਾਚ ਸਿਖਾਉਣ ਵਾਲੇ ਗੁਰੂ ਨਾਨਕ ਸਾਹਿਬ ਨੇ ਜਿਥੇ ਮਰਦਾਂ ਤੇ ਔਰਤਾਂ ਦੀ ਬਰਾਬਰੀ ਦਰਸਾਈ ਤੇ ਸੰਗਤ ਵਿੱਚ ਔਰਤਾਂ ਨੂੰ ਮਰਦਾਂ ਦੇ ਬਰਾਬਰ ਬੈਠਣ ਤੇ ਹਰ ਕਾਰਜ ਵਿੱਚ ਹਿੱਸਾ ਲੈਣ ਦੀ ਸਿੱਖਿਆ ਦਿੱਤੀ, ਉਥੇ ਮਰਦਾਂ ਦੇ ਨਾਲ ਔਰਤਾਂ ਨੂੰ ਵੀ ਕੀਰਤਨ ਕਰਨ ਦੀ ਖੁਲ੍ਹ ਦਿੱਤੀ। ਜਿਸ ਦੇ ਫਲਸਰੂਪ ਸਿੱਖ ਇਤਿਹਾਸ ਵਿੱਚ ਪੰਜ ਸੌ ਸਾਲ ਤੋਂ ਸਿੱਖ ਨਾਰੀਆਂ ਵੀ ਹਰ ਥਾਂ ਤੇ ਹਰ ਪੰਥਕ ਇਕੱਠ ਵਿੱਚ ਕੀਰਤਨ ਕਰ ਸਕਦੀਆਂ ਹਨ। ਸਿੰਘ ਸਭਾ ਲਹਿਰ ਦੇ ਜ਼ੋਰ ਫੜਨ ਨਾਲ ਤਾਂ ਸਿੱਖ ਬੀਬੀਆਂ ਦੇ ਜੱਥੇ ਹਰ ਸ਼ਹਿਰ ਤੇ ਹਰ ਗੁਰਦੁਆਰੇ ਵਿੱਚ ਕੀਰਤਨ ਕਰ ਰਹੇ ਹਨ। ਜੇ ਅਸੀਂ ਇਕੱਲੇ ਦਿੱਲੀ ਦੀ ਗੱਲ ਕਰੀਏ ਤਾਂ 100 ਤੋਂ ਵੱਧ ਗੁਰਦੁਆਰਿਆਂ ਵਿੱਚ ਸਿੱਖ ਨਾਰੀਆਂ ਦਾ ਕੀਰਤਨ ਪ੍ਰਵਾਹ ਦਾ ਹਫਤੇਵਾਰ ਦਿਨ ਨਿਸਚਿਤ ਹੈ। ਫਿਰ ਬੀਬੀਆਂ ਦੇ ਜੱਥੇ ਦੇਸ਼ ਦੇ ਦੂਜੇ ਸ਼ਹਿਰਾਂ ਵਿੱਚ ਜਾ ਕੇ ਕਈ-ਕਈ ਹਫ਼ਤੇ ਕੀਰਤਨ ਕਰਨ ਦੀ ਸੇਵਾ ਕਰ ਰਹੇ ਹਨ। ਹੁਣ ਤਾਂ ਹਰ ਖਾਲਸਾ ਕਾਲਜ ਤੇ ਸਿੱਖ ਸਕੂਲਾਂ ਵਿੱਚ ਵੀ ਸਿੱਖ ਵਿਦਿਆਰਥਣਾਂ ਦੇ ਜੱਥੇ ਕੀਰਤਨ ਮੁਕਾਬਲਿਆਂ ਵਿੱਚ ਵੀ ਹਿੱਸਾ ਲੈ ਰਹੇ ਹਨ।

ਭਾਈ ਰਣਧੀਰ ਸਿੰਘ ਰੈਣ ਸਬਾਈ ਕੀਰਤਨ ਵਿੱਚ ਵੀ ਸਿੱਖ ਬੀਬੀਆਂ ਦੇ ਜੱਥੇ ਹਾਜ਼ਰੀ ਭਰਦੇ ਹਨ। ਦੇਸ਼ ਭਰ ਵਿੱਚ ਪਹੁੰਚਣ ਵਾਲੇ ਜੱਥਿਆਂ ਵਿੱਚ ਬੀਬੀ ਬਲਜੀਤ ਕੌਰ ਖਾਲਸਾ, ਤਲਵਾੜੇ ਵਾਲਿਆਂ ਦਾ ਜੱਥਾ ਪ੍ਰਸਿੱਧ ਹੈ। ਜਿਨ੍ਹਾਂ ਹੁਣ ਜਲੰਧਰ ਕੇਂਦਰ ਸਥਾਨ ਬਣਾ ਲਿਆ ਹੈ। ਹੁਣ ਤਾਂ ਬਹੁਤ ਸਾਰੇ ਸਿੱਖੀ ਦੇ ਰੰਗ ਵਿੱਚ ਰੰਗੇ


ਪਰਿਵਾਰਾਂ ਦੀਆਂ ਬੱਚੀਆਂ ਵੀ ਕੀਰਤਨ ਸਿੱਖਣ ਅਤੇ ਕੀਰਤਨ ਕਰਨ ਵਿੱਚ ਰੁਚਿਤ ਹੋ ਰਹੀਆਂ ਹਨ।

ਪੰਜਾਬ ਵਿੱਚ 50 ਸਾਲ ਪਹਿਲਾਂ ਕੇਵਲ ਮਰਦਾਂ ਦੇ ਢਾਡੀ ਜੱਥੇ ਹੀ ਗੁਰਬਾਣੀ ਤੇ ਸਿੱਖ ਇਤਿਹਾਸ ਦੀਆਂ ਵਾਰਾਂ ਗਾਇਆ ਕਰਦੇ ਸਨ, ਪਰ ਪੰਜਾਬ ਦੀ ਖਾੜਕੂ ਲਹਿਰ ਸਮੇਂ ਸਿੱਖ ਬੀਬੀਆਂ ਨੇ ਵੀ ਸਿੱਖ ਇਤਿਹਾਸ ਦੀਆਂ ਵਾਰਾਂ ਬੜੀ ਉੱਚੀ ਰਸ-ਭਿੰਨੀ ਆਵਾਜ਼ ਵਿੱਚ ਗਾਈਆਂ, ਤੇ ਇਹਨਾਂ ਦੇ ਬੀਰ-ਰਸ ਉਪਜਾਊ ਢਾਡੀ ਜੱਥੇ ਪ੍ਰਸਿੱਧ ਹੋਏ। ਸਭ ਤੋਂ ਪਹਿਲਾਂ ਨਾਭੇ ਦੀਆਂ ਸਿੱਖ ਬੀਬੀਆਂ ਦਾ ਢਾਡੀ ਜੱਥਾ ਇਸ ਖੇਤਰ ਵਿੱਚ ਅਤਿ ਸਫਲ ਹੋਇਆ। ਹੁਣ ਉਹਨਾਂ ਤੋਂ ਪਿਛੋਂ ਦੋ-ਤਿੰਨ ਹੋਰ ਸਿੱਖ ਬੀਬੀਆਂ ਦੇ ਢਾਡੀ ਜੱਥੇ ਇਸ ਪਿੜ ਵਿੱਚ ਲੱਖਾਂ ਦੀ ਹਾਜ਼ਰੀ ਵਿੱਚ ਖ਼ੂਨ ਗਰਮਾਊ ਵਾਰਾਂ ਗਾ ਰਹੇ ਹਨ। ਇਹਨਾਂ ਢਾਡੀ ਬੀਬੀਆਂ ਦੇ ਕੀਰਤਨ ਦੀਆਂ ਦੇਸ਼ ਭਰ ਵਿੱਚ ਧੁੰਮਾਂ ਪਈਆਂ ਹੋਈਆਂ ਹਨ। ਦੇਸ਼ ਵਿੱਚ ਕਈ ਸੰਤਾਂ ਦੇ ਡੇਰੇ ਸਿੱਖ ਬੀਬੀਆਂ ਦੇ ਕੀਰਤਨ ਸਿਖਲਾਈ ਦਾ ਪ੍ਰਬੰਧ ਕਰ ਰਹੇ ਹਨ।

ਗੁਰਿੰਦਰ ਕੌਰ

ਮਹਾਨ ਸਿੱਖ ਵਿਦਵਾਨ ਤੇ ਵੀਹਵੀਂ ਸਦੀ ਦੇ ਬੁੱਧੀਜੀਵੀ ਪ੍ਰੋ. ਹਰਬੰਸ ਸਿੰਘ ਨੇ ਜਿੱਥੇ ਆਪਣਾ ਸਾਰਾ ਜੀਵਨ ਖਾਲਸਾ ਪੰਥ ਦੀ ਕਲਮੀ ਸੇਵਾ ਤੇ ਚੜ੍ਹਦੀ ਕਲਾ ਲਈ ਲਾ ਦਿੱਤਾ ਸੀ। ਉਥੇ ਆਪਣੀ ਸੰਤਾਨ ਨੂੰ ਵੀ ਪਹਿਲਾਂ ਗੁਰਮਤਿ ਅਨੁਸਾਰ ਆਪਣਾ ਜੀਵਨ ਢਾਲਣ ਤੇ ਸਿੱਖੀ ਜੀਵਨ ਵਿੱਚ ਪਰਪੱਕ ਹੋਣ ਤੋਂ ਪਿਛੋਂ ਸਮੁੱਚੀ ਮਾਨਵ ਜਾਤੀ ਨੂੰ ਸਿੱਖ ਆਦਰਸ਼ਕ ਜੀਵਨ ਦੀ ਵਿਸ਼ੇਸ਼ਤਾ ਸਮਝਾਉਣ ਦੀ ਗੁੜ੍ਹਤੀ ਦਿੱਤੀ। ਸਿੱਖੀ ਜੀਵਨ ਜਾਚ ਨੂੰ ਪ੍ਰਚਾਰਨ ਤੇ ਪ੍ਰਸਾਰਨ ਦੇ ਪਾਸੇ ਲਾਇਆ। ਪ੍ਰੋ. ਹਰਬੰਸ ਸਿੰਘ ਦੇ ਇਕ ਸਪੁੱਤਰ ਤੇ ਇਕ ਸਪੁੱਤਰੀ ਹਨ, ਜੋ ਦੇਸ਼ ਵਿੱਚ ਉੱਚ ਵਿਦਿਆ ਪ੍ਰਾਪਤ ਕਰਨ ਪਿਛੋਂ, ਯੂਨੀਵਰਸਿਟੀਆਂ ਵਿੱਚ ਚੰਗੀ ਪੁਜੀਸ਼ਨ ਲੈਣ ਪਿਛੋਂ ਅਮਰੀਕਾ ਚਲੇ ਗਏ। ਪਿਤਾ ਨੇ ਉਹਨਾਂ ਨੂੰ ਪੱਕੀ ਕੀਤੀ ਕਿ ਵਿਦੇਸ਼ਾਂ ਵਿੱਚ ਜਾ ਕੇ ਜਿੱਥੇ ਉਹ ਉਪਜੀਵਕਾ ਲਈ ਘਾਲ ਕਮਾਈ ਕਰਨ, ਉਥੇ ਸਿੱਖ ਧਰਮ ਤੇ ਪ੍ਰਸਾਰ ਤੇ ਪ੍ਰਚਾਰ ਵੱਲ ਵੀ ਵੱਧ ਤੋਂ ਵੱਧ ਸਮਾਂ ਕੱਢਣ।

ਪ੍ਰੋ. ਹਰਬੰਸ ਸਿੰਘ ਦੇ ਸਪੁੱਤਰ ਸ੍ਰ. ਨਰਪਇੰਦਰ ਸਿੰਘ ਨੇ ਅੰਗਰੇਜ਼ੀ ਵਿੱਚ ਇਕ ਪੁਸਤਕ ਲਿਖੀ ਹੈ ਜਿਸ ਦਾ ਨਾਂ ਹੈ 'ਸਿੱਖ ਏਥਿਕਸ' ਆਪਣੀ ਰਹਿਣੀ-ਬਹਿਣੀ ਵਿੱਚ ਵੀ ਉਹ ਸਿੱਖ ਸਭਿਆਚਾਰ ਦਾ ਪ੍ਰਭਾਵ ਦੂਜਿਆਂ ਤੇ ਪਾਉਂਦੇ ਹਨ। ਉਹਦੀ ਭੈਣ ਗੁਰਿੰਦਰ ਕੌਰ ਨੇ ਆਪਣੇ ਘਰ ਦੀ ਜ਼ਿੰਮੇਵਾਰੀਆਂ ਤੇ ਆਰਥਕ ਹਾਲਾਤ ਹੋਰ ਮਜਬੂਤ ਕਰਨ ਦੇ ਨਾਲ ਨਾਲ ਸਿੱਖ ਧਰਮ ਲਈ ਆਪਣੀ ਕਲਮ ਚਲਾਉਣ ਲਈ ਵੀ ਵਕਤ ਕਢਿਆ ਹੈ। ਸਿੱਖ ਧਰਮ, ਸਿੱਖ ਇਤਿਹਾਸ ਤੇ ਸਿੱਖ ਸਭਿਆਚਾਰ ਬਾਰੇ ਤਿੰਨ ਪੁਸਤਕਾਂ ਅੰਗਰੇਜ਼ੀ ਵਿੱਚ ਲਿਖ ਚੁਕੀ ਹੈ ਤੇ ਇਸ ਪਾਸੇ ਉਹਦਾ ਕਲਮੀ ਸਫ਼ਰ ਜਾਰੀ ਹੈ। ਇਸ ਤੋਂ ਛੁਟ ਉਸ ਨੇ ਗੁਰੂ ਗ੍ਰੰਥ ਸਾਹਿਬ ਦੀਆਂ ਕਈ ਬਾਣੀਆਂ ਦਾ ਅੰਗਰੇਜ਼ੀ ਵਿੱਚ ਅਨੁਵਾਦ ਵੀ ਕੀਤਾ ਹੈ। ਜੋ ਉਥੋਂ ਦੇ ਕਈ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਹੋਇਆ ਹੈ। ਅਮਰੀਕਾ ਦੇ ਅਨੇਕਾਂ ਬੁਧੀਜੀਵੀਆਂ ਨੇ ਉਸਦੇ ਇਸ ਉੱਦਮ ਦੀ ਸ਼ਲਾਘਾ ਕੀਤੀ ਹੈ। ਅੱਜਕਲ੍ਹ ਉਸ ਦੇ ਸਿੱਖ ਧਰਮ ਤੇ ਇਤਿਹਾਸ ਬਾਰੇ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿੱਚ ਲੇਕਚਰ ਆਯੋਜਤ ਹੋ ਰਹੇ ਹਨ। ਬੀਬੀ ਗੁਰਿੰਦਰ ਕੌਰ ਗੁਰਮਤਿ ਸੰਦੇਸ਼ ਤੇ ਉਸ ਦੀ ਵਿਸ਼ੇਸ਼ਤਾ ਬਾਰੇ ਯੂਨੀਵਰਸਿਟੀਆਂ ਵਿੱਚ ਅਮਰੀਕਨਾਂ ਦੀ ਬੋਲ ਰਾਹੀਂ ਪ੍ਰਚਾਰਨ ਲਈ ਵਚਨਬੱਧ ਹੈ। ਭਾਵੇਂ ਉਹ ਪੱਕੇ ਤੌਰ ਤੇ ਅਮਰੀਕਾ ਦੇ ਵਸਨੀਕ ਬਣ ਚੁੱਕੇ ਹਨ, ਪਰ ਗੁਰਮਤਿ ਦੀ ਮਾਨਵਤਾ ਨੂੰ ਦੇਣ ਬਾਰੇ ਜਿਸ ਸਰਗਰਮੀ ਨਾਲ ਜੁੱਟੇ ਹੋਏ ਹਨ, ਸ਼ਾਇਦ ਹੋਰ ਕੋਈ ਸਿੱਖ ਵਿਦਵਾਨ ਵੀ ਇਸ ਪਾਸੇ ਇਤਨਾਂ ਜ਼ਿਆਦਾ ਸਰਗਰਮ ਨਹੀਂ। ਯੋਗੀ ਹਰਭਜਨ ਸਿੰਘ ਦੀਆਂ ਅਮਰੀਕਨ ਸਿਸ਼ ਬਣੀਆਂ ਮੁਟਿਆਰਾਂ ਵੀ ਗੁਰਿੰਦਰ ਕੌਰ ਤੋਂ ਬੜੀਆਂ ਪ੍ਰਭਾਵਿਤ ਹੋ ਰਹੀਆਂ ਹਨ।



ਇਤਿਹਾਸਕ ਸਿੱਖ ਨਾਰੀਆਂ

ਡਾ. ਗਿਆਨੀ ਭਜਨ ਸਿੰਘ

ਗਿਆਨੀ ਪ੍ਰੀਤਮ ਕੌਰ

ਸਹਾਇਕ ਪੁਸਤਕਾਂ ਦੀ ਸੂਚੀ

1. "ਮਾਤਾ ਮਨਸਾ ਦੇਵੀ"—ਗਿਆਨੀ ਭਜਨ ਸਿੰਘ (ਮਾਤਾ ਸੁੰਦਰੀ ਕਾਲਜ, ਨਵੀਂ ਦਿੱਲੀ ਵਿੱਚ ਪੜ੍ਹੇ ਪੇਪਰ ਚੋਂ)।
2. "ਸਾਡੇ ਸ਼ਹੀਦ", "ਸੁਤੰਤਰ ਸੰਗਰਾਮ ਤੇ ਪੰਜਾਬ"—ਗਿਆਨੀ ਭਜਨ ਸਿੰਘ।
3. "ਸਾਡਾ ਇਤਿਹਾਸ"—ਪ੍ਰਿੰ. ਸਤਿਬੀਰ ਸਿੰਘ (ਭਾਗ ਪਹਿਲਾ ਤੇ ਦੂਜਾ)।
4. "ਸਿੱਖ ਇਤਿਹਾਸ ਦੇ ਖ਼ੂਨੀ ਪੱਤਰੇ"—ਪਿਆਰਾ ਸਿੰਘ ਦਾਤਾ।
5. "ਵਾਰਕਾਰ ਗੁਰੂ ਅਮਰਦਾਸ ਜੀ"—ਡਾ. ਧਰਮਜੀਤ ਸਿੰਘ।
6. "ਸੰਖੇਪ ਸਿੱਖ ਇਤਿਹਾਸ"—ਪਿਆਰਾ ਸਿੰਘ ਪਦਮ।
7. "ਬੰਸਾਵਲੀਨਾਮਾ"—ਕੇਸਰ ਸਿੰਘ ਛਿੱਬਰ।
8. "ਸਿਖ ਸ਼ਹੀਦ"—ਪਿਆਰਾ ਸਿੰਘ ਦਾਤਾ।
9. "ਮਹਾਨ ਕੋਸ਼"—ਭਾਈ ਕਾਨ੍ਹ ਸਿੰਘ ਨਾਭਾ।
10. "ਗੁਰੂ ਅਮਰਦਾਸ"—ਦਲੀਪ ਸਿੰਘ ਦਲੀਪ।
11. "ਪਰਬਤੁ ਮੇਰਾਣ"—ਪ੍ਰਿੰ. ਸਤਿਬੀਰ ਸਿੰਘ।
12. "ਅਮਰ ਕਵੀ ਗੁਰੂ ਅਮਰਦਾਸ"—ਬਲਬੀਰ ਸਿੰਘ ਦਿਲ।
13. "ਮਨਸਾ ਦੇਵੀ"—ਗਿਆਨੀ ਭਜਨ ਸਿੰਘ (ਪ੍ਰਕਾਸ਼ਿਤ ਕਿਤਾਬਚਾ, 1995)
14. "ਮਹਿਮਾ ਪ੍ਰਕਾਸ਼"—ਸਰੂਪ ਦਾਸ ਭੱਲਾ।
15. "ਪੰਥ ਪ੍ਰਕਾਸ਼"—ਗਿਆਨੀ ਗਿਆਨ ਸਿੰਘ।
16. "ਸੂਰਜ ਪ੍ਰਕਾਸ਼ ਗ੍ਰੰਥ"—ਭਾਈ ਸੰਤੋਖ ਸਿੰਘ।
17. "ਬੰਦਾ ਸਿੰਘ ਬਹਾਦਰ"—ਪਿਆਰਾ ਸਿੰਘ ਦਾਤਾ।
18. "ਪੁਰਾਤਨ ਇਤਿਹਾਸਕ ਜੀਵਨੀਆਂ"—ਪ੍ਰੋ. ਸਤਿਬੀਰ ਸਿੰਘ।
19. "ਗੁਰੂ ਮਹਿਲ ਗਾਥਾ"—ਡਾ. ਮਹਿੰਦਰ ਕੌਰ ਗਿੱਲ।
20. "ਸਿੱਖ ਇਤਿਹਾਸ" (ਭਾਗ ਪਹਿਲਾ ਤੇ ਦੂਜਾ)—ਪ੍ਰੋ. ਕਰਤਾਰ ਸਿੰਘ।
21. "ਸਭ ਤੋਂ ਵਡਾ ਸਤਿਗੁਰ ਨਾਨਕ"—ਪਿਆਰਾ ਸਿੰਘ ਦਾਤਾ।
22. "ਸੰਖੇਪ ਸਿੱਖ ਇਤਿਹਾਸ"—ਪਿਆਰਾ ਸਿੰਘ ਪਦਮ।
23. "ਗੁਰ ਇਤਿਹਾਸ", ਪਿਆਰਾ ਸਿੰਘ ਪਦਮ।
24. "ਗੁਰ ਭਾਰੀ" ਤੇ "ਸਾਡਾ ਇਤਿਹਾਸ"—ਸਤਿਬੀਰ ਸਿੰਘ।
25. "ਇਨਕਲਾਬੀ ਯੋਧਾ"—ਪਿਆਰਾ ਸਿੰਘ ਦਾਤਾ।
26. "ਧੰਨ-ਸੁ ਮਾਤਾ"—ਜਸਵੰਤ ਸਿੰਘ ਵਿਰਦੀ।
27. "ਸ੍ਰੀ ਗੁਰਦੁਆਰਾ ਦਰਸ਼ਨ"—ਗਿਆਨੀ ਠਾਕਰ ਸਿੰਘ।
28. "ਗੁਰ ਬਿਲਾਸ ਪਾਤਸ਼ਾਹੀ ਛੇਵੀਂ"—ਭਗਤ ਸਿੰਘ।

29. 'ਗੁਰੂ ਤੇਗ ਬਹਾਦਰ"—ਗਿਆਨੀ ਭਜਨ ਸਿੰਘ।
30. "ਅਸ਼ਟਮ ਬਲਬੀਰਾ"—ਪ੍ਰੋ. ਸਤਿਬੀਰ ਸਿੰਘ।
31. "ਕਲਗੀਧਰ ਚਮਤਕਾਰ"—ਭਾਈ ਵੀਰ ਸਿੰਘ,
32. "ਸਿੱਖ ਇਤਿਹਾਸ" (ਭਾਗ ਪਹਿਲਾ), ਪ੍ਰੋ. ਕਰਤਾਰ ਸਿੰਘ,
33. "ਸ੍ਰੀ ਗੁਰੂ ਸੋਭਾ"—ਸੈਨਾਪਤੀ।
34. "ਸ੍ਰੀ ਸਰਬਲੋਹ ਗ੍ਰੰਥ"—ਸੁਖਾ ਸਿੰਘ ਪਟਨਾ ਸਾਹਿਬ।
35. "ਗੁਰੂ ਮਹਿਲ ਤੇ ਹੋਰ ਬੀਬੀਆਂ"—ਸੰਪਾਦਕ ਮਹਿੰਦਰ ਕੌਰ ਗਿੱਲ।
36. "ਗੁਰੂ ਪ੍ਰਤਾਪ ਸੂਰਜ ਗ੍ਰੰਥ"—ਸੰਤੋਖ ਸਿੰਘ।
37. "ਗੁਰੂ ਪੰਥ ਪ੍ਰਕਾਸ਼"—ਰਤਨ ਸਿੰਘ ਭੰਗੂ।
38. "ਪੰਥ ਪ੍ਰਕਾਸ਼ਤ ਤ੍ਵਾਰੀਖ ਗੁਰੂ ਖਾਲਸਾ"—ਗਿਆਨੀ ਗਿਆਨ ਸਿੰਘ।
39. "ਪੁਰਾਤਨ ਜਨਮ ਸਾਖੀ" ਤੇ "ਭਾਈ ਬਾਲੇ ਵਾਲੀ ਜਨਮ ਸਾਖੀ"।
40. "ਗੁਰੂ ਨਾਨਕ ਚਮਤਕਾਰ" ਤੇ "ਕਲਗੀਧਰ ਚਮਤਕਾਰ"—ਭਾਈ ਵੀਰ ਸਿੰਘ।
41. "ਪੰਜਾਬ ਦਾ ਇਤਿਹਾਸ"—ਪ੍ਰਿਥੀਪਾਲ ਸਿੰਘ ਕਪੂਰ ਤੇ ਜੁਗਿੰਦਰ ਸਿੰਘ।
42. "ਜੰਗਨਾਮਾ ਸ਼ਾਹ ਮੁਹੰਮਦ"।
43. "ਤਵਾਰੀਖ ਗੁਰੂ ਖਾਲਸਾ ਪੰਥ"—ਗਿਆਨੀ ਲਾਲ ਸਿੰਘ ਸੰਗਰੂਰ।
44. "ਗੁਰਦੁਆਰੇ ਦਰਸ਼ਨ"—ਗਿਆਨੀ ਠਾਕਰ ਸਿੰਘ।
45. "ਅਸ਼ਟ ਗੁਰ ਚਮਤਕਾਰ"—ਭਾਈ ਵੀਰ ਸਿੰਘ।
46. "ਮਾਤਾ ਸਾਹਿਬ ਕੌਰ"—ਗਿਆਨੀ ਹਰੀ ਸਿੰਘ।
47. "ਅਨੂਪ ਕੌਰ"—ਹਰਨਾਮ ਦਾਸ ਸਹਿਰਾਈ।
48. "ਗੁਰਮਤਿ ਲੈਚਕਰ"—ਗਿਆਨੀ ਪ੍ਰਤਾਪ ਸਿੰਘ।
49. "ਅਕਾਲੀ ਲਹਿਰ"—ਗਿਆਨੀ ਪ੍ਰਤਾਪ ਸਿੰਘ।
50. "ਸਿਖ ਰਾਜ ਦਾ ਅੰਤ"—ਸ਼ਮਸ਼ੇਰ ਸਿੰਘ ਅਸ਼ੋਕ।
51. "ਪੰਜਾਬ ਵਿਚ ਇਕੋ ਮਰਦ ਰਾਣੀ ਜਿੰਦਾਂ"—ਹਰਚਰਨ ਸਿੰਘ।
52. "ਮਾਤਾ ਸੁੰਦਰੀ ਜੀ" ਤੇ ਹੋਰ ਸੰਪਾਦਕ ਪੁਸਤਕਾਂ—ਡਾ. ਮਹਿੰਦਰ ਕੌਰ ਗਿੱਲ।
53. "ਖੋਜ-ਪੱਤਰ"—ਹਰਬੰਸ ਸਿੰਘ ਚਾਵਲਾ

ਅਖ਼ਬਾਰਾਂ :

"ਰੋਜ਼ਾਨਾ ਅਜੀਤ", "ਪੰਜਾਬੀ ਟ੍ਰਿਬਿਊਨ", "ਰੋਜ਼ਾਨਾ ਚੜ੍ਹਦੀ ਕਲਾ (ਪਟਿਆਲਾ)"।

ਮਾਸਿਕ ਪੱਤ੍ਰਿਕਾਵਾਂ :

"ਅੰਮ੍ਰਿਤ", "ਸੰਤ ਸਿਪਾਹੀ", "ਪੰਜਾਬੀ ਡਾਇਜੈਸਟ", "ਮਹਿਰਮ"।
'ਮਾਤਾ ਗੁਜਰੀ ਜੀ'—(ਲੇਖ-ਘਰ ਸ਼ਿੰਗਾਰ ਪੱਤਰ), ਸ੍ਰ. ਰੂਪ ਸਿੰਘ।
"ਮਾਤਾ ਗੁਜਰੀ ਜੀ"—(ਲੇਖ-ਸੀਸ ਗੰਜ ਮਾਸਿਕ ਪੱਤਰ)

ਡਾ. ਗਿਆਨੀ ਭਜਨ ਸਿੰਘ

ਨਾਮ : ਭਜਨ ਸਿੰਘ

ਜਨਮ ਮਿਤੀ : 14 ਫਰਵਰੀ, 1934

ਵਿਦਿਅਕ ਯੋਗਤਾ : ਐੱਮ. ਏ. ਪੰਜਾਬੀ ਪੀ. ਐਚ. ਡੀ.

ਪਿਤਾ ਜੀ ਮਾਤਾ ਜੀ ਦਾ ਨਾਮ : ਸ੍ਰ. ਰਵੇਲ ਸਿੰਘ, ਸ੍ਰੀਮਤੀ ਨੰਦ ਕੌਰ

ਜਨਮ ਸਥਾਨ : ਪਿੰਨਨਵਾਲ, ਜ਼ਿਲ੍ਹਾ ਜੇਹਲਮ, ਪਾਕਿਸਤਾਨ

ਪਤਨੀ : ਸਰਦਾਰਨੀ ਪ੍ਰੀਤਮ ਕੌਰ

ਸੰਤਾਨ : ਸਪੁੱਤਰ—ਸਤਿੰਦਰ ਪਾਲ ਸਿੰਘ (ਐੱਸ. ਪੀ. ਸਿੰਘ)
ਸਪੁੱਤਰੀਆਂ—ਅਨੁਮੀਤ ਕੌਰ, ਅਰਵਿੰਦਰ ਕੌਰ

ਵਰਤਮਾਨ ਪਤਾ : ਏ-1/8, ਵਰੁਣ ਅਪਾਰਟਮੈਂਟ, ਸੈਕਟਰ 9, ਰੋਹਿਣੀ, ਦਿੱਲੀ-110085 ਫੋਨ : 27564098

ਕਿੱਤਿਆਂ ਦਾ ਵੇਰਵਾ : ਪੱਤਰਕਾਰੀ, ਸਾਹਿਤਕਾਰੀ ਤੇ ਅਧਿਆਪਨ

1. 1950 ਤੋਂ 1981 ਤੱਕ ਰੋਜ਼ਾਨਾ ਅਖ਼ਬਾਰਾਂ, ਖਾਲਸਾ ਸੇਵਕ ਫਗਵਾੜਾ, ਪੰਥ ਸੇਵਕ ਜਲੰਧਰ, ਰੋਜ਼ਾਨਾ ਅਕਾਲੀ ਜਲੰਧਰ, ਰੋਜ਼ਾਨਾ ਜਥੇਦਾਰ ਦਿੱਲੀ ਅਤੇ ਜਲੰਧਰ, ਰੋਜ਼ਾਨਾ ਅੰਮ੍ਰਿਤ ਪੱਤਰਕਾ ਦਿੱਲੀ, ਰੋਜ਼ਾਨਾ ਪੰਥਕ ਸਮਾਚਾਰ ਦਿੱਲੀ, ਰੋਜ਼ਾਨਾ ਕੌਮੀ ਦਰਦ ਜਲੰਧਰ ਦਾ ਸੰਪਾਦਕਅਤੇ ਮੁੱਖ ਸੰਪਾਦਕ ਰਿਹਾ। ਨਾਲ ਨਾਲ ਬਹੁਤ ਸਾਰੇ ਪੰਜਾਬੀ ਸਪਤਾਹਿਕਾ ਤੇ ਮਾਸਿਕ ਪੱਤਰਾਂ ਲਈ ਵੀ ਇਤਿਹਾਸ, ਰਾਜਨੀਤਕ ਤੇ ਸਮਾਜਿਕ ਤੇ ਚਲਦੇ ਮਾਮਲਿਆਂ ਤੇ ਲਿਖਦਾ ਰਿਹਾ। ਸੁਤੰਤਰ ਪੱਤਰਕਾਰ ਵਜੋਂ ਅੱਜ ਵੀ ਲਗਭਗ ਸਾਰੇ ਪੰਜਾਬੀ ਪੱਤਰਾਂ ਵਿੱਚ ਰਚਨਾਵਾਂ ਛਪ ਰਹੀਆਂ ਹਨ।
2. 1981 ਤੋਂ 1999 ਤੱਕ ਖਾਲਸਾ ਕਾਲਜ ਦਿੱਲੀ ਵਿੱਚ ਸੀਨੀਅਰ ਅਧਿਆਪਕ ਵਜੋਂ ਕੰਮ ਕੀਤਾ।
3. ਪੰਜ ਸਾਲ ਦਿੱਲੀ ਗੁਰਦੁਆਰਾ ਕਮੇਟੀ ਦੇ ਸੂਚਨਾ ਅਧਿਕਾਰੀ ਤੇ ਡਾਇਰੈਕਟਰ ਲੋਕ ਸੰਪਰਕ ਵਿਭਾਗ ਦੀ ਸੇਵਾ ਵੀ ਨਿਭਾਈ।

ਇਤਿਹਾਸਕ ਨਾਵਲ (25) : ਯਾਰੜੇ ਦਾ ਸਥਰ, ਗਗਨ ਦਮਾਮਾ ਬਾਜਿਓ, ਮਰਜੀਵੜਾ, ਸੂਰਾ ਸੋ, ਬਲੀਦਾਨ, ਸੂਹੀਆ, ਭੱਠ ਖੇੜਿਆਂ ਦਾ ਰਹਿਣਾ, ਗੁਸਾਈ ਦਾ ਪਹਿਲਵਾਨੜਾ, ਖੰਜਰ ਪਿਆਲਾ, ਪਗੜੀਵਾਲਾ, ਸੂਰਮੇ ਦੀ ਲਲਕਾਰ, ਚੜ੍ਹਦੀ ਕਲਾ, ਅਨੋਖਾ ਸੰਤ ਸਿਪਾਹੀ, ਖੰਡੇ ਦੀ ਧਾਰ, ਅਨੋਖਾ ਸੂਹੀਆ, ਸ਼ਹੀਦੀ ਲਲਕਾਰ, ਸਾਝਾਂ ਰਾਜ, ਲੋਹ ਟੱਕਰ, ਨਿਰਭਉ, ਤਲਵਾਰ ਦੀ ਛਾਵੇਂ, ਕਰਕ ਕਲੇਜੇ ਮਾਹਿ, ਅਸੀਂ ਦੂਣ ਸਵਾਏ ਹੋਏ, ਬਾਬਾ ਵਡਭਾਗ ਸਿੰਘ, ਕਾਲੀ ਕੰਬਲੀ ਵਾਲਾ, ਬੱਬਰ ਗੱਜਿਆ।

ਸਮਾਜਿਕ ਨਾਵਲ : ਕੰਧ ਉਹਲੇ, ਪੀਢੀ ਗੰਢ, ਵਤ ਕੁਆਰੀ ਨਾ ਥੀਐ, ਜਨਮ ਦਿਨ, ਪਹਿਲਾ ਪਿਆਰ, ਓਨੀਅਨਜਾਨ ਅਨੁਵਾਦ।

ਨਾਵਲਿਟ : ਇਕ ਸਾਲ, ਰਿਕਸ਼ੇਵਾਲਾ, ਰਿਸ਼ਤਾ, ਪਗੜੀ ਵਾਲਾ, ਪਗਡੰਡੀ।

ਇਤਿਹਾਸਕ ਜੀਵਨੀਆਂ : ਸਾਡੇ ਸ਼ਹੀਦ, ਸਾਡੇ ਜਰਨੈਲ, ਜਗਤ ਗੁਰ ਬਾਬਾ, ਅਮਰ ਕਹਾਣੀ ਮਹਾਰਾਜਾ ਰਣਜੀਤ ਸਿੰਘ, ਗੁਰੂ ਅਮਰਦਾਸ, ਗੁਰੂ ਤੇਗ ਬਹਾਦਰ, ਬੰਦਾ ਸਿੰਘ ਬਹਾਦਰ, ਸਾਡੇ ਗੁਰੂ ਸਾਹਿਬਾਨ, ਇਤਿਹਾਸਕ ਨਾਰੀਆਂ।

ਹਿੰਦੀ ਰਚਨਾਵਾਂ : ਦੀਵਾਰ ਕੇ ਪੀਛੇ, ਬਾਬਾ ਬਘੇਲ ਸਿੰਘ, ਮਹਾਰਾਜਾ ਰਣਜੀਤ ਸਿੰਘ, ਮਾਝੇ ਦੇ ਇਤਿਹਾਸਕ ਗੁਰਦੁਆਰੇ

ਇਤਿਹਾਸ : ਭਾਰਤ ਪਾਕਿਸਤਾਨ ਜੰਗ, ਸ੍ਰੀ ਹਰਿਮੰਦਰ ਸਾਹਿਬ, ਅਜ਼ਾਦੀ ਸੰਗਰਾਮ ਤੇ ਪੰਜਾਬ ਦੇ ਸ਼ਹੀਦ, ਦਿੱਲੀ ਦਾ ਸਿੱਖ ਇਤਿਹਾਸ, ਗੁਰਦੁਆਰਾ ਸੀਸ ਗੰਜ ਦਾ ਇਤਿਹਾਸ, ਮਾਝੇ ਦੇ ਇਤਿਹਾਸਕ ਗੁਰਦੁਆਰੇ, ਮਾਲਵੇ ਦੇ ਇਤਿਹਾਸਕ ਗੁਰਦੁਆਰੇ, ਦੁਆਬੇ ਦੇ ਇਤਿਹਾਸਕ ਗੁਰਦੁਆਰੇ, ਹਿਮਾਚਲ ਦੇ ਇਤਿਹਾਸਕ ਗੁਰਦੁਆਰੇ, ਨਾਦੇੜ ਦੇ ਇਤਿਹਾਸਕ ਗੁਰਦੁਆਰੇ, ਅਨੋਖਾ ਇਤਿਹਾਸ, ਪ੍ਰਥਮ ਪੰਜ ਪਿਆਰੇ, ਚਾਰ ਘੱਲੂਘਾਰੇ, ਜੀਭਾ ਬੋਲਦੀ ਰਹੀ।

ਸਫ਼ਰਨਾਮੇ : ਮੇਰੀ ਵਿਦੇਸ਼ੀ ਯਾਤਰਾ, ਮੇਰੀ ਦੱਖਣ ਯਾਤਰਾ।

ਸਾਹਿਤਕ ਅਧਿਐਨ : ਅਧਿਆਤਮਕ ਵਾਰਾਂ, ਬਾਵਨ ਅੱਖਰੀ।

ਪੱਤਰਕਾਰੀ ਬਾਰੇ ਪੁਸਤਕਾਂ : ਪੰਜਾਬੀ ਪੱਤਰਕਾਰੀ ਦਾ ਵਿਕਾਸ, ਪੰਜਾਬੀ ਪੱਤਰਕਾਰੀ : ਇਕ ਸਰਵੇਖਣ, ਪੰਜਾਬੀ ਪੱਤਰਕਾਰੀ ਵਿਚਾਰ ਪ੍ਰਵਾਹ।

ਬਾਲ ਸਾਹਿਤ : ਨਵੀਂ ਪਨੀਰੀ, ਗੁਰੂ ਨਾਨਕ ਦੇਵ ਜੀ ਦੀ ਸਚਿੱਤਰ ਜੀਵਨੀ (ਤਿੰਨ ਭਾਗਾਂ ਵਿਚ), ਨਵੀਂ ਪਨੀਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਚਿੱਤਰ ਜੀਵਨੀ (ਦੋ ਭਾਗਾਂ ਵਿਚ), ਹੇਮਕੁੰਟ ਪ੍ਰਬਤ ਹੈ ਜਹਾਂ (ਸਚਿੱਤਰ), ਸਾਡਾ ਇਤਿਹਾਸ।

ਫ਼ਿਲਮਾਂ ਤੇ ਡਾਕੂਮੈਂਟਰੀਆਂ : ਸਵਾ ਲਾਖ ਸੇ ਏਕ ਲੜਾਊਂ, ਗੁਰੂ ਨਾਨਕ ਪ੍ਰਕਾਸ਼, ਹਿੰਦ ਦੀ ਚਾਦਰ, ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ, ਦਿੱਲੀ ਦੇ ਇਤਿਹਾਸਕ ਗੁਰਦੁਆਰੇ, ਕਲਿਤਾਰਨ ਗੁਰੂ ਨਾਨਕ ਆਇਆ।

ਮਾਨ ਸਨਮਾਨ :

1968	—	ਪੰਜਾਬ ਦਾ ਸਭਿਆਚਾਰਕ ਸਨਮਾਨ
1981	—	ਸ਼ਰੋਮਣੀ ਪੰਜਾਬੀ ਪੱਤਰਕਾਰ ਪੰਜਾਬ
1986	—	ਸ਼ਰੋਮਣੀ ਪੰਜਾਬੀ ਪੱਤਰਕਾਰ ਦਿੱਲੀ ਸਟੇਟ
1988	—	ਦਿੱਲੀ ਸਟੇਟ ਦਾ ਪੰਜਾਬੀ ਦੇ ਵਿਕਾਸ ਦਾ ਸਨਮਾਨ
1988	—	ਆਨਰੇਰੀ ਸਿਟੀਜ਼ਨਸ਼ਿਪ ਸੂ ਸਿਟੀ ਆਇਓਵਾ ਅਮਰੀਕਾ
1994	—	ਆਨਰੇਰੀ ਜਿੰਨਜ਼ਾਰੋ ਅਮਰੀਕਨ ਸਨਮਾਨ
1995-96	—	ਪਰਮ ਸਾਹਿਤ ਸਤਿਕਾਰ ਸਨਮਾਨ ਦਿੱਲੀ ਸਟੇਟ
1996	—	ਭਾਸ਼ਾ ਵਿਭਾਗ ਪੰਜਾਬ ਦਾ ਨਾਨਕ ਸਿੰਘ ਪੁਰਸਕਾਰ
1997	—	'ਅਸੀਂ ਦੂਣ ਸਵਾਏ ਹੋਏ' ਨਾਵਲ ਤੇ ਸ਼ਰੋਮਣੀ ਲਿਖਾਰੀ ਬੋਰਡ ਲੁਧਿਆਣਾ ਵਲੋਂ ਸਨਮਾਨ

2002 -- ਦਿੱਲੀ ਗੁਰਦੁਆਰਾ ਕਮੇਟੀ ਵਲੋਂ ਸਨਮਾਨ

20-4-2002 -- ਇੰਨਟ੍ਰਨੈਸ਼ਨਲ ਕਾਊਨਸਿਲ ਆਫ਼ ਪੰਜਾਬੀਜ਼ ਦਾ ਸਨਮਾਨ

ਸਭਾ ਸੋਸਾਇਟੀਆਂ ਜਿਨ੍ਹਾਂ ਦਾ ਅਹੁਦੇਦਾਰ ਜਾਂ ਮੈਂਬਰ :

ਕੇਂਦਰੀ ਪੰਜਾਬੀ ਲੇਖਕ ਸਭਾ ਦੀ ਮੁੱਢਲੀ ਕਾਨਫਰੰਸ ਦਾ ਸੁਆਗਤੀ ਮੈਂਬਰ ਜਨਰਲ ਸਕੱਤਰ

-- ਜਲੰਧਰ ਪੰਜਾਬੀ ਲੇਖਕ ਸਭਾ ਪ੍ਰਧਾਨ ਦੋ ਸਾਲ ਤੇ ਪਹਿਲੋ ਦੋ ਸਾਲ ਸਕੱਤਰ

— ਪੰਜਾਬ ਵਰਕਿੰਗ ਜਰਨਲਿਸਟ ਐਸੋਸੀਏਸ਼ਨ ਦਾ ਪ੍ਰਧਾਨ ਦੋ ਸਾਲ ਅਤੇ 8 ਸਾਲ ਐ. ਮੈਂਬਰ

— ਪੰਜਾਬੀ ਅਕਾਦਮੀ ਲੁਧਿਆਣਾ ਦਾ ਮੈਂਬਰ

— ਪ੍ਰੈਸ ਐਡਵਾਇਜ਼ਰੀ ਕਮੇਟੀ ਪੰਜਾਬ ਦਾ ਮੈਂਬਰ—4 ਸਾਲ

— ਪੰਜਾਬੀ ਅਕਾਦਮੀ ਦਿੱਲੀ ਦਾ ਪਹਿਲਾ ਮੈਂਬਰ ਜੋ 6 ਸਾਲ ਤੱਕ ਲਗਾਤਾਰ ਰਿਹਾ

— ਆਲ ਇੰਡੀਆ ਪੰਜਾਬੀ ਜਰਨਲਿਸਟ ਫ਼ੈਡਰੇਸ਼ਨ ਦਾ ਪ੍ਰਧਾਨ

— ਸਿੱਖ ਵਿਦਿਅਕ ਕਾਨਫਰਸੰ ਮੰਡੀ ਗੁਨਿਆਣਾ ਕਮੇਟੀ ਸਿੱਖ ਐਡਟੋਰੀਅਮ ਫੋਰਮ ਦਾ ਪ੍ਰਧਾਨ ਚੁਣਿਆਂ ਗਿਆ

— ਪੰਜਾਬੀ ਵਿਕਾਸ ਕਮੇਟੀ ਦਿੱਲੀ ਲੇਖਕ ਸਭਾ ਦੇ ਮੈਂਬਰ

— ਪੰਜਾਬੀ ਸਮਾਚਾਰ ਸੇਵਾ ਸੁਸਾਇਟੀ ਜਨਰਲ ਸਕੱਤਰ (1985-86)

— ਜਨਰਲ ਸਕੱਤਰ ਸਰਬ ਹਿੰਦ ਪੰਜਾਬੀ ਕਮੇਟੀ (1976-81)

— ਜਨਰਲ ਸੈਕਟਰੀ ਮਾਰਕੋ ਰੀਸਰਚ ਫਾਊਂਡੇਸ਼ਨ ਦਿੱਲੀ (1991-96)

— ਮੈਂਬਰ ਗਵਰਨਿੰਗ ਕੌਂਸਲ ਪੰਜਾਬੀ ਅਕਾਦਮੀ ਦਿੱਲੀ (1997 ਤੋਂ 1999 ਤੱਕ)

